# PUNJAB VIDHAN SABHA

## DEBATES

*Tuesday, the 28th August, 2018*

**Vol. V- No. 3**

OFFICIAL REPORT

CONTENTS


| | Page |
|---|---|
| Starred Questions and Answers | (3) 1 |
| Censure Motion | (3) 28 |
| Starred Questions and Answers *(Resumption)* | (3) 31 |
| Written Answers to Starred Questions laid on the Table of the House under rule 38 | (3) 35 |
| Unstarred Questions and Answers | (3) 41 |
| Matters raised during Zero Hour and statements made by the Chief Minister thereon | (3) 53 |
| Motion regarding constitution of a Committee of the House | (3) 59 |
| Matters raised during Zero Hour and statements made by the Chief Minister thereon *(Resumption)* | (3) 62 |



**Punjab Vidhan Sabha Secretariat, Chandigarh**

Price : Rs._________.

| | |
|---|---|
| Calling Attention Notices Under Rule 66 | (3) 64 |
| Welcome Announcement by the Speaker | (3) 69 |
| Calling Attention Notices Under Rule 66 *(Resumption)* | (3) 69 |
| Walk out | (3) 70 |
| Calling Attention Notices Under Rule 66 *(Resumption)* | (3) 70 |
| Censure Motion regarding condemning the desecration committed by Members of SAD/BJP for showing total disrespect for the Holy Scriptures | (3) 72 |
| Calling Attention Notices Under Rule 66 *(Resumption)* | (3) 73 |
| Motion under Rule 16 | (3) 76 |
| Papers laid on the Table of the House | (3) 77 |
| Legislative Business | |
| (1) The Indian Penal Code (Punjab Amendment) Bill, 2016 | (3) 78 |
| (2) The Code of Criminal Procedure (Punjab Amendment) Bill, 2016 | (3) 79 |
| (3) The Punjab Protection of Interests of Depositors (In Financial Establishments) Bill, 2015 | (3) 80 |
| (4) The Punjab State Higher Education Council Bill, 2018 | (3) 80 |
| (5) The Punjab Protection of Interests of Depositors (In Financial Establishments) Bill, 2018 | (3) 82 |
| (6) The Salary and Allowances of the Leader of Opposition in Legislative Assembly (Second Amendment) Bill, 2018 | (3) 86 |
| (7) The Indian Penal Code (Punjab Amendment) Bill, 2018 | (3) 89 |
| (8) The Code of Criminal Procedure (Punjab Amendment) Bill, 2018 | (3) 93 |

(9) The Punjab Police (Second Amendment) Bill, 2018 — (3) 105

Discussion on the Report of Justice (Retd.) Shri Ranjit Singh Commission of Enquiry alongwith Action Taken Report thereon — (3) 112

Short Adjournment of the House — (3) 117

Discussion on the Report of Justice (Retd.) Shri Ranjit Singh Commission of Enquiry alongwith Action Taken Report thereon *(Resumption)* — (3) 117

Extension of time of the Sitting of the House — (3) 150

Discussion on the Report of Justice (Retd.) Shri Ranjit Singh Commission of Enquiry alongwith Action Taken Report thereon *(Resumption)* — (3) 151

Censure Motion regarding condemning the Mock Assembly — (3) 203

Discussion on the Report of Justice (Retd.) Shri Ranjit Singh Commission of Enquiry alongwith Action Taken Report thereon *(Resumption)* — (3) 205

Privilege Motion against the Shiromani Gurudwara Prabhandhak Committee for rejecting the Report of Justice Ranjit Singh Commission in its meeting even before the presentation of the said Report in the House — (3) 245

Discussion on the Report of Justice (Retd.) Shri Ranjit Singh Commission of Enquiry alongwith Action Taken Report thereon *(Resumption)* — (3) 247

Censure Motion reg. the conduct of Prime Minister, Chief Minister and Deputy Chief Minister in ignoring the interests of Punjab State by not taking proper action in Bargari and Behbal Kalan incidents. — (3) 272

Discussion on the Report of Justice (Retd.) Shri Ranjit Singh Commission of Enquiry alongwith Action Taken Report thereon *(Resumption)* — (3) 273

| | |
|---|---|
| Official Resolution reg. withdrawing of cases from C.B.I. relating to police firing and sacrilege incidents and getting investigated through Special Investigation Team | (3) 278 |
| Discussion on the Report of Justice (Retd.) Shri Ranjit Singh Commission of Enquiry alongwith Action Taken Report thereon *(Resumption)* | (3) 280 |

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ | ਪ੍ਰਸ਼ਾਸਕੀ ਸੁਧਾਰ, ਖੇਤੀਬਾੜੀ ਅਤੇ ਕਿਸਾਨ ਭਲਾਈ, ਬਾਗਬਾਨੀ, ਭੂਮੀ ਤੇ ਜਲ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ, ਕਰ ਤੇ ਆਬਕਾਰੀ, ਆਮ ਪ੍ਰਸ਼ਾਸਨ, ਗ੍ਰਹਿ ਮਾਮਲੇ ਤੇ ਨਿਆਂ, ਪ੍ਰਾਹੁਣਾਚਾਰੀ, ਨਿਵੇਸ਼ ਪ੍ਰੋਤਸਾਹਨ ਤੇ ਸੂਚਨਾ ਤੇ ਲੋਕ ਸੰਪਰਕ, ਕਨੂੰਨੀ ਤੇ ਵਿਧਾਨਕ ਮਾਮਲੇ, ਪਰਸੋਨਲ, ਵਾਤਾਵਰਨ, ਚੌਕਸੀ, ਜੰਗਲੀ ਜੀਵ, ਪ੍ਰਵਾਸੀ ਭਾਰਤੀ ਮਾਮਲੇ, ਫੂਡ ਪ੍ਰੋਸੈਸਿੰਗ |
| | Captain Amarinder Singh<br>Chief Minister | Administrative Reforms, Agriculture and Famers' Welfare, Horticulture, Conservation of Land and Water, Civil Aviation, Defence Services Welfare, Excise & Taxation, General Administration, Home Affairs and Justice, Hospitality, Investment Promotion, Information & Public Relations, Legal & Legislative Affairs, Personnel, Environment, Vigilance, Wildlife, NRI Affairs, Food Processing |
| 2. | ਸ਼੍ਰੀ ਬ੍ਰਹਮ ਮਹਿੰਦਰਾ | ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ, ਸੰਸਦੀ ਮਾਮਲੇ, ਚੋਣਾਂ, ਸ਼ਿਕਾਇਤ ਨਿਵਾਰਨ ਮੰਤਰੀ |
| | Shri Brahm Mohindra | Health & Family Welfare, Medical Education & Research , Parliamentary Affairs, Elections, Removal of Grievances Minister |

| | | |
|---|---|---|
| 3. | ਸਰਦਾਰ ਨਵਜੋਤ ਸਿੰਘ ਸਿੱਧੂ<br>Sardar Navjot Singh Sidhu | ਸਥਾਨਕ ਸਰਕਾਰ, ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ<br>Local Government, Tourism and Cultural Affairs Minister |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਪ੍ਰਸ਼ਾਸਨ ਸੁਧਾਰ ਮੰਤਰੀ<br>Finance, Planning, Programme Implementation, Governance Reforms Minister |
| 5. | ਸਰਦਾਰ ਸਾਧੂ ਸਿੰਘ<br>Sardar Sadhu Singh | ਜੰਗਲਾਤ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ, ਛਪਾਈ ਤੇ ਲਿਖਣ ਸਮੱਗਰੀ ਮੰਤਰੀ<br>Forests,Welfare of SCs & BCs, Printing & Stationery Minister |
| 6. | ਸ਼੍ਰੀ ਓਮ ਪ੍ਰਕਾਸ਼ ਸੋਨੀ<br>Shri Om Parkash Soni | ਸਕੂਲ ਸਿੱਖਿਆ, ਆਜ਼ਾਦੀ ਘੁਲਾਟੀਏ ਮੰਤਰੀ<br>School Education , Freedom Fighters Minister |
| 7. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ<br>Rural Development & Panchayats, Housing & Urban Development Minister |
| 8. | ਰਾਣਾ ਗੁਰਮੀਤ ਸਿੰਘ ਸੋਢੀ<br>Rana Gurmeet Singh Sodhi | ਖੇਡਾਂ ਅਤੇ ਯੁਵਕ ਮਾਮਲੇ ਮੰਤਰੀ<br>Sports and Youth Affairs Minister |

| | | |
|---|---|---|
| 9. | ਸਰਦਾਰ ਚਰਨਜੀਤ ਸਿੰਘ ਚੰਨੀ | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ, ਸਾਇੰਸ ਤੇ ਤਕਨਾਲੋਜੀ ਮੰਤਰੀ |
| | Sardar Charanjit Singh Channi | Technical Education and Industrial Training, Employment Generation, Science & Technology Minister |
| 10. | ਸ਼੍ਰੀਮਤੀ ਅਰੁਨਾ ਚੌਧਰੀ | ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ, ਟਰਾਂਸਪੋਰਟ ਮੰਤਰੀ |
| | Smt. Aruna Chaudhary | Social Security, Women & Child Development, Transport Minister |
| 11. | ਸ਼੍ਰੀਮਤੀ ਰਜ਼ੀਆ ਸੁਲਤਾਨਾ | ਉਚੇਰੀ ਸਿੱਖਿਆ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |
| | Smt. Razia Sultana | Higher Education, Water Supply & Sanitation Minister |
| 12. | ਸਰਦਾਰ ਸੁਖਜਿੰਦਰ ਸਿੰਘ ਰੰਧਾਵਾ | ਸਹਿਕਾਰਤਾ, ਜੇਲ੍ਹਾਂ ਮੰਤਰੀ |
| | Sardar Sukhjinder Singh Randhawa | Cooperation, Jails Minister |
| 13. | ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ | ਮਾਲ, ਪੁਨਰਵਾਸ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ ਮੰਤਰੀ |
| | Sardar Sukhbinder Singh Sarkaria | Revenue, Rehabilitation and Disaster Management, Water Resources, Mines & Geology Minister |
| 14. | ਸਰਦਾਰ ਗੁਰਪ੍ਰੀਤ ਸਿੰਘ ਕਾਂਗੜ | ਊਰਜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| | Sardar Gurpreet Singh Kangar | Power, New and Renewable Energy Sources Minister |

| | |
|---|---|
| 15. ਸਰਦਾਰ ਬਲਬੀਰ ਸਿੰਘ ਸਿੱਧੂ<br>Sardar Balbir Singh Sidhu | ਪਸ਼ੂ ਪਾਲਣ, ਡੇਅਰੀ ਵਿਕਾਸ, ਕਿਰਤ ਮੰਤਰੀ<br>Animal Husbandry, Dairy Development, Labour Minister |
| 16. ਸ਼੍ਰੀ ਵਿਜੈ ਇੰਦਰ ਸਿੰਗਲਾ<br>Shri Vijay Inder Singla | ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ<br>Public Works, Information Technology Minister |
| 17. ਸ਼੍ਰੀ ਸੁੰਦਰ ਸ਼ਾਮ ਅਰੋੜਾ<br>Shri Sunder Sham Arora | ਉਦਯੋਗ ਤੇ ਕਮਰਸ ਮੰਤਰੀ<br>Industries & Commerce Minister |
| 18. ਸ਼੍ਰੀ ਭਾਰਤ ਭੂਸ਼ਣ ਆਸ਼ੂ<br>Shri Bharat Bhushan Ashu | ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ<br>Food & Civil Supplies and Consumer Affairs Minister |

# PUNJAB VIDHAN SABHA

***Tuesday, the 28th August, 2018***

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Rana Kanwar Pal Singh) in the Chair.*

-----

## STARRED QUESTIONS AND ANSWERS

### ਦਿੜ੍ਹਬਾ ਪੀ.ਐਚ.ਸੀ. ਵਿੱਚ ਟਰੋਮਾ ਸੈਂਟਰ ਖੋਲ੍ਹਣਾ

***1436. ਸਰਦਾਰ ਹਰਪਾਲ ਸਿੰਘ ਚੀਮਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੈਸ਼ਨਲ ਹਾਈਵੇ-71 ਤੇ ਪੈਂਦੇ ਨੋਟੀਫਾਈਡ ਏਰੀਆ ਦਿੜ੍ਹਬਾ ਮਿੰਨੀ ਪੀ.ਐਚ.ਸੀ. ਵਿੱਚ ਟਰੋਮਾ ਸੈਂਟਰ ਖੋਲ੍ਹੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**Shri Brahm Mohindra :** Sir, there is no proposal of establishment of Trauma Centers at CHC at Dirba which is situated at Sangrur District. According to guidelines distance between two Trauma Centers, must be 100 kms. District Hospital, Sangrur is already proposed for establishment of Trauma center, which is only 25 kms from Dirba. Mini PHC, Dirba has been upgraded into CHC.

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, 25 ਕਿਲੋਮੀਟਰ ਗੱਲ ਠੀਕ ਹੈ ਪਰ ਪਾਤੜਾਂ, ਖਨੌਰੀ, ਦਿੜ੍ਹਬਾ ਵਿੱਚ 100 ਕਿਲੋਮੀਟਰ ਦੇ ਦਾਇਰੇ ਅੰਦਰ ਕੋਈ ਵੀ ਟਰੋਮਾ ਸੈਂਟਰ ਨਹੀਂ ਹੈ। ਉਥੇ ਇੱਕ ਟਰੋਮਾ ਸੈਂਟਰ ਹੈ ਪਰ ਉਹ ਸਾਈਡ ਤੇ ਪੈਂਦਾ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਨੈਸ਼ਨਲ ਹਾਈਵੇ-71 ਹੋਣ ਕਾਰਨ ਜਿਹੜੇ ਟਰੋਮਾ ਸੈਂਟਰ ਹਨ, ਉਹ ਵੀ ਦੂਰ ਹਨ। ਸਰ, ਕਾਈਂਡਲੀ ਉੱਥੇ ਟਰੋਮਾ ਸੈਂਟਰ ਜ਼ਰੂਰ ਪ੍ਰੋਵਾਈਡ ਕਰਵਾਓ।

**ਮੰਤਰੀ:** ਸਪੀਕਰ ਸਾਹਿਬ, ਸਾਡੀ ਸਰਕਾਰ ਦੀ ਪ੍ਰਪੋਜ਼ਲ ਹੈ ਕਿ ਪੰਜਾਬ ਦੇ ਜਿੰਨੇ ਨੈਸ਼ਨਲ ਹਾਈਵੇਜ਼, ਸਟੇਟ ਹਾਈਵੇਜ਼ ਅਤੇ ਡਿਸਟ੍ਰਿਕਟ ਹਾਈਵੇਜ਼ ਹਨ, ਅਸੀਂ ਉਨ੍ਹਾਂ ਵਾਸਤੇ ਟਰੋਮਾ ਸੈਂਟਰ ਖੋਲ੍ਹਣੇ ਹਨ। ਸਰਕਾਰ ਦੀ ਇਹ ਪ੍ਰਪੋਜ਼ਲ ਹੈ ਕਿ ਜਿੰਨੀਆਂ ਐਕਸੀਡੈਂਟ ਵਾਲੀਆਂ ਥਾਵਾਂ ਹਨ, ਉਨ੍ਹਾਂ ਦੇ ਨੇੜੇ ਟਰੋਮਾ ਸੈਂਟਰ ਖੋਲ੍ਹਣੇ ਹਨ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਕੀ ਦਿੜ੍ਹਬਾ ਅਤੇ ਪਾਤੜਾਂ ਉਸ ਵਿੱਚ ਸ਼ਾਮਲ ਹਨ?

**ਮੰਤਰੀ :** ਉਸ ਦੇ ਬਾਰੇ ਦੱਸਿਆ ਹੈ ਕਿ ਨਾਰਮਜ਼ ਦੇ ਵਿੱਚ ਇਹ ਨਹੀਂ ਆਉਂਦਾ ਪਰ ਜੇ ਕੋਈ ਐਸੀ ਸਿਚੂਏਸ਼ਨ ਬਣ ਗਈ, ਉਸ ਵੇਲੇ ਸਟੱਡੀ ਕਰ ਲਵਾਂਗੇ। ਜਿਵੇਂ ਪਿਛਲੀ ਸਰਕਾਰ ਤੋਂ ਸਾਨੂੰ ਡਾਕਟਰਜ਼ ਦੀ ਘਾਟ ਮਿਲੀ ਹੈ, ਉਹ ਹੁਣ ਪੂਰੀ ਹੋਣੀ ਹੈ।

-----

## ਨਗਰ ਨਿਗਮ ਵਿੱਚ ਨਕਸ਼ੇ ਪਾਸ ਕਰਾਉਣ ਦੀ ਪ੍ਰਕ੍ਰਿਆ ਬਾਰੇ

***1389. ਸ਼੍ਰੀ ਰਜਿੰਦਰ ਬੇਰੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਨਿਗਮ ਵਿੱਚ ਰੈਜ਼ੀਡੈਂਸ਼ੀਅਲ ਅਤੇ ਕਮਰਸ਼ੀਅਲ ਨਕਸ਼ੇ ਪਾਸ ਕਰਵਾਉਣ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ ਅਤੇ ਲੋਕ ਬਹੁਤ ਪਰੇਸ਼ਾਨ ਹੁੰਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਨਕਸ਼ੇ ਪਾਸ ਕਰਨ ਦੀ ਪ੍ਰਕ੍ਰਿਆ ਵਿੱਚ ਸੁਧਾਰ ਲਈ ਕੋਈ ਉਪਰਾਲਾ ਕੀਤਾ ਜਾ ਰਿਹਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** ਮਾਨਯੋਗ ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਮਿਊਂਸਿਪਲ ਕਾਰਪੋਰੇਸ਼ਨ ਐਕਟ, 1976 ਅੰਦਰ ਰਿਹਾਇਸ਼ੀ/ਕਾਰੋਬਾਰੀ ਨਕਸ਼ੇ ਸਬੰਧੀ ਅੰਤਿਮ ਫੈਸਲਾ ਲੈਣ ਦੀ ਸਮਾਂ ਸੀਮਾ 60 ਦਿਨ ਨਿਰਧਾਰਤ ਹੈ। ਨਕਸ਼ੇ ਪ੍ਰਵਾਨਗੀ ਦੀ ਪ੍ਰਕ੍ਰਿਆ ਵਿੱਚ ਸੁਧਾਰ ਕਰਨ ਲਈ ਸਥਾਨਕ ਸਰਕਾਰ ਵਿਭਾਗ ਵੱਲੋਂ ਮਿਊਂਸਿਪਲ ਖੇਤਰਾਂ ਵਿੱਚ online building plan approval system ਲਾਗੂ ਕਰਨ ਦਾ ਫੈਸਲਾ ਕੀਤਾ ਹੈ ਜੋ ਕਿ ਮਿਤੀ 15.08.2018 ਨੂੰ ਰੋਲ-ਆਊਟ ਕਰ ਦਿੱਤਾ ਗਿਆ ਹੈ। ਇਸ ਅਧੀਨ ਫ਼ੀਸਾਂ ਆਰਕੀਟੈਕਟ/ਪ੍ਰੋਫੈਸ਼ਨਲ ਵੱਲੋਂ ਘਰ ਬੈਠੇ 24 × 7 ਦਸਤਾਵੇਜ਼ ਅਤੇ ਨਕਸ਼ੇ ਆਨ-ਲਾਈਨ ਜਮ੍ਹਾਂ ਹੋ ਸਕਣਗੇ। ਘਰ ਬੈਠੇ ਬੰਦਾ ਨਕਸ਼ਾ ਲੈ ਸਕੇਗਾ। ਵੱਖ-ਵੱਖ ਦਫ਼ਤਰੀ ਪੱਧਰ ਤੇ ਕਾਰਜ ਕਰਨ ਲਈ ਸਾਫਟਵੇਅਰ ਵਿੱਚ ਸਮਾਂ ਸੀਮਾ ਨਿਰਧਾਰਤ ਕੀਤੀ ਗਈ ਹੈ ਅਤੇ ਇਹ ਸਮਾਂ ਸੀਮਾ ਖਤਮ ਹੋਣ ਤੇ ਉਸ ਦਫ਼ਤਰੀ ਪੱਧਰ ਤੇ ਕਲੀਅਰ ਸਮਝਿਆ ਜਾਵੇਗਾ। ਜਿੰਨੇ ਦਿਨਾਂ ਦੀ ਵਿਧੀ ਹੋਵੇਗੀ, ਜੇ ਓਨੇ ਦਿਨਾਂ ਦੇ ਵਿੱਚ ਨਕਸ਼ਾ ਡਿਪਾਰਟਮੈਂਟ ਕਲੀਅਰ ਨਹੀਂ ਕਰਦਾ ਤਾਂ It will be deemed to be passed. ਇਹ ਨਕਸ਼ਾ ਰੁਕ ਨਹੀਂ ਸਕਣਾ। ਨਕਸ਼ੇ ਸਕਰੂਟਨੀ ਸਾਫਟਵੇਅਰ ਵਲੋਂ ਆਨ-ਲਾਈਨ ਘੋਖੇ ਜਾਣਗੇ ਅਤੇ ਨਕਸ਼ਿਆਂ ਦੇ ਪਰਮਿਟ ਵੀ ਲੋਕਾਂ ਨੂੰ ਆਨ-ਲਾਈਨ ਜਾਰੀ ਹੋਣਗੇ। ਅਸੀਂ ਤਾਂ ਇੱਥੋਂ ਤੱਕ ਸੋਚ ਰਹੇ ਹਾਂ ਕਿ ਸੀ.ਐਲ.ਯੂ, ਜਿਹੜੇ ਫਸਾਦ ਦੀ ਜੜ੍ਹ ਹਨ, ਕੁਰੱਪਸ਼ਨ ਦੀ ਜੜ੍ਹ ਹਨ, ਉਹ ਵੀ ਅਗਲੇ ਤਿੰਨ ਮਹੀਨਿਆਂ ਵਿੱਚ ਆਨਲਾਈਨ ਜਾਰੀ ਹੋਣਗੇ।

ਇਸ ਨਾਲ ਨਕਸ਼ਾ ਪ੍ਰਵਾਨ ਹੋਣ ਦਾ ਸਮਾਂ ਘੱਟ ਜਾਵੇਗਾ ਅਤੇ ਆਮ ਜਨਤਾ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਦਫ਼ਤਰ ਜਾਣ ਦੀ ਲੋੜ ਨਹੀਂ ਰਹੇਗੀ। ਲੋਕਾਂ ਦੀ ਸਹੂਲਤ ਲਈ ਹਾਲ ਦੀ ਘੜੀ ਮਿਤੀ 30.09.2018 ਤੱਕ ਆਨਲਾਈਨ ਅਤੇ ਆਫ਼-ਲਾਈਨ ਮੋਡ ਲਾਗੂ ਰਹੇਗਾ ਲੇਕਿਨ 45 ਦਿਨਾਂ ਤੋਂ ਬਾਅਦ ਸਿਰਫ਼ ਆਨਲਾਈਨ ਨਕਸ਼ੇ ਹੋਣਗੇ। ਇਹ ਉਸ ਗੱਲ ਦਾ ਪ੍ਰਤੀਕ ਹੈ, ਜਿਹੜੀ ਸਰਕਾਰ ਬਣਨ ਤੋਂ 6 ਮਹੀਨੇ ਬਾਅਦ ਅਸੀਂ ਕਹੀ ਸੀ : ਕੈਪਟਨ ਸਰਕਾਰ, ਲੋਕਾਂ ਦੇ ਦੁਆਰ।

**ਸ਼੍ਰੀ ਰਜਿੰਦਰ ਬੇਰੀ:** ਸਪੀਕਰ ਸਾਹਿਬ, ਜੋ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ, ਉਹ ਵਾਕਿਆ ਹੀ ਸ਼ਲਾਘਾਯੋਗ ਹੈ ਕਿਉਂਕਿ ਨਕਸ਼ਿਆਂ ਲਈ ਜਦੋਂ ਅਪਲਾਈ ਕੀਤਾ ਜਾਂਦਾ ਸੀ ਤਾਂ ਲੋਕਾਂ ਨੂੰ ਬਹੁਤ ਖੱਜਲ-ਖੁਆਰੀ ਹੁੰਦੀ ਸੀ। ਮੇਰੀ ਇੱਕ ਹੋਰ ਰਿਕੁਐਸਟ ਹੈ ਕਿ ਜਿਹੜਾ ਅਪਰੂਵਡ ਆਰਕੀਟੈਕਟ ਨਕਸ਼ਾ ਅਪਰੂਵ ਕਰਦਾ ਹੈ, ਜਦੋਂ ਬਿਲਡਿੰਗ ਬਣਦੀ ਹੈ ਤਾਂ ਕੀ ਉਸ ਦੀ ਵੀ ਜ਼ਿੰਮੇਵਾਰੀ ਹੋਵੇਗੀ?

**ਮੰਤਰੀ:** ਬਿਲਕੁਲ ਉਸ ਦੀ ਜ਼ਿੰਮੇਵਾਰੀ ਹੋਵੇਗੀ ਲੇਕਿਨ ਕੁਝ ਅਰਸਾ ਦੇਖਿਆ ਜਾਏਗਾ। ਕਰੀਬ-ਕਰੀਬ ਡੇਢ ਮਹੀਨਾ ਇਹ ਦੇਖਿਆ ਜਾਵੇਗਾ ਕਿ ਪੂਰੀ ਤਰ੍ਹਾਂ ਆਨਲਾਈਨ ਇਹ ਕਰ ਸਕਦੇ ਹਾਂ। ਮੇਰੇ ਹਿਸਾਬ ਨਾਲ 45-50 ਦਿਨਾਂ ਵਿੱਚ ਆਨਲਾਈਨ ਕਰ ਦੇਵਾਂਗੇ ਤੇ ਜਿਸ ਦਿਨ ਆਨਲਾਈਨ ਹੋਇਆ, ਆਟੋਮੈਟਕਲੀ ਆਰਕੀਟੈਕਟ ਦੀ ਜ਼ਿੰਮੇਵਾਰੀ ਵੀ ਤੈਅ ਹੋਵੇਗੀ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, thank you very much. ਸਰ, ਮੈਂ ਮੰਤਰੀ ਜੀ ਦੇ ਉਪਰਾਲਿਆਂ ਦੀ ਸ਼ਲਾਘਾ ਅਤੇ ਤਾਰੀਫ਼ ਕਰਦਾ ਹਾਂ ਪਰ ਮੈਂ ਇਸ ਵਿੱਚ ਇੱਕ ਚੀਜ਼ ਐਡ ਕਰਨਾ ਚਾਹਾਂਗਾ। ਮੇਰਾ ਸਵਾਲ ਵੀ ਹੈ ਕਿ ਕੀ ਸਿਰਫ਼ ਆਨਲਾਈਨ ਕਰਨਾ ਹਰ ਮਸਲੇ ਦਾ ਹੱਲ ਹੈ? ਕੱਲ੍ਹ ਦੇ ਟ੍ਰਿਬਿਊਨ ਅਖਬਾਰ ਵਿੱਚ ਆਇਆ ਹੈ ਕਿ "Online registry fails to end graft" ਪਹਿਲਾਂ ਇਹ ਆਫ਼ਲਾਈਨ ਸੀ, ਹੁਣ ਆਨਲਾਈਨ ਹੋ ਗਿਆ ਹੈ। ਇਕੱਲੀ-ਇਕੱਲੀ ਚੀਜ਼ ਦੇ ਰੇਟ ਵੀ ਦਿੱਤੇ ਹੋਏ ਹਨ। ਮੈਂ ਇਹ ਕਹਿਣਾ ਚਾਹਾਂਗਾ ਕਿ ਇਸ ਪ੍ਰਾਸੈਸ ਦੇ ਵਿੱਚ ਜਿੱਥੋਂ ਤੱਕ ਮੈਨੂੰ ਪਤਾ ਲੱਗਿਆ ਉਹ ਇਹ ਹੈ ਕਿ ਜਦੋਂ ਬਿਲਡਿੰਗ ਬਣ ਗਈ, ਜਿਹੜਾ ਇੰਸਪੈਕਟਰ ਹੈ, ਉਹ ਹੀ ਉਥੇ ਜਾ ਕੇ ਬਿਲਡਿੰਗ ਦੀ ਫੋਟੋ ਖਿੱਚ ਕੇ ਲਿਆਵੇਗਾ ਅਤੇ ਫਿਰ ਅਪਲੋਡ ਹੋਵੇਗੀ ਤੇ ਫਿਰ ਜਾ ਕੇ ਇਹ ਸਾਰਾ ਪ੍ਰਾਸੱਸ ਕੰਪਲੀਟ ਹੋਵੇਗਾ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇੱਕ ਸੀ.ਏ. ਦੀ ਬਣਾਈ ਹੋਈ ਇਨਕਮ ਟੈਕਸ ਰਿਪੋਰਟ ਨੂੰ ਗੌਰਮਿੰਟ ਆਫ਼ ਇੰਡੀਆ ਮੰਨਦੀ ਹੈ, ਇਨਕਮ ਟੈਕਸ ਮੰਨਦਾ ਹੈ। ਇਸੇ ਤਰ੍ਹਾਂ ਜਿਹੜੇ empanelled architects ਜਿਹੜੇ ਤੁਸੀਂ ਇੰਪੈਨਲ ਕਰ ਲਏ, ਉਨ੍ਹਾਂ ਨੂੰ ਹੀ ਆਥੋਰਾਈਜ਼ ਕੀਤਾ ਜਾਵੇ, ਉਸ ਤੋਂ ਬਾਅਦ ਤੁਸੀਂ ਉੱਥੇ ਚੈਕਿੰਗ ਕਰੋ। That is your prerogative. ਇਹ ਗੌਰਮਿੰਟ ਦਾ prerogative ਹੈ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ, no discussion.

**ਸ਼੍ਰੀ ਅਮਨ ਅਰੋੜਾ:** ਸਰ, ਸਵਾਲ ਹੀ ਪੁੱਛ ਰਿਹਾ ਹਾਂ ਜੀ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਨਹੀਂ ਪੁੱਛ ਰਹੇ। ਤੁਸੀਂ ਮੰਤਰੀ ਜੀ ਤੋਂ ਜਾਣਨਾ ਕੀ ਚਾਹੁੰਦੇ ਹੋ ? ਤੁਸੀਂ ਜਾਣਕਾਰੀ ਕੀ ਲੈਣੀ ਚਾਹੁੰਦੇ ਹੋ?

**ਸ਼੍ਰੀ ਅਮਨ ਅਰੋੜਾ:** ਸਰ, ਮੈਂ ਇਹ ਜਾਣਕਾਰੀ ਲੈਣਾ ਚਾਹੁੰਦਾ ਹਾਂ ਕਿ ਜਿਵੇਂ ਸੀ.ਏ. ਦੀ ਬਣਾਈ ਹੋਈ ਇਕ ਰਿਪੋਰਟ ਗੌਰਮਿੰਟ ਆਫ਼ ਇੰਡੀਆ ਮੰਨਦੀ ਹੈ ਤਾਂ ਜਿਹੜਾ ਇੰਪੈਨਲਡ ਆਰਕੀਟੈਕਟ ਦਾ ਨਕਸ਼ਾ ਹੈ, ਉਸ ਨੂੰ ਸਰਕਾਰ ਕਿਉਂ ਨਹੀਂ ਮੰਨ ਸਕਦੀ? ਦੂਜਾ, ਜਿਹੜੇ ਕਮਰਸ਼ੀਅਲ ਨਕਸ਼ੇ ਪਾਸ ਹੁੰਦੇ ਹਨ, ਉਹ 500 ਗਜ਼ ਦੇ ਟੈਕਨੀਕਲ ਅਪਰੂਵਲ ਲਈ ਇੱਥੇ ਆਉਂਦੇ ਹਨ, ਜਿਹੜਾ ਕੁਰੱਪਸ਼ਨ ਦਾ ਗੜ੍ਹ ਹੈ। ਸਰ, ਮੇਰੀ ਇਹ ਰਿਕੁਐਸਟ ਹੈ ਕਿ ਜਿਵੇਂ ਤੁਸੀਂ ਰੈਜ਼ੀਡੈਂਸ਼ੀਅਲ ਦਾ below 500 yard ਕਰ ਦਿੱਤਾ ਹੈ ਉਸੇ ਤਰ੍ਹਾਂ ਕਮਰਸ਼ੀਅਲ ਨੂੰ ਵੀ ਤੁਸੀਂ ਇਸ ਵਿੱਚ ਕਰ ਦਿਓ ਤੇ ਜਿਹੜੇ ਇੰਪੈਨਲਡ ਆਰਕੀਟੈਕਟਸ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਕਰ ਦਿਓ ਜਿਹੜਾ prerogative ਹੈ, that again is yours. ਤੁਸੀਂ ਸਰਪ੍ਰਾਈਜ਼ ਚੈੱਕਸ ਕਰੋ। Who stops you? That is my request. Thank you.

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਜਿਨ੍ਹਾਂ ਨੇ ਬੜਾ ਅੱਛਾ ਅਤੇ ਵਾਜਬ ਸਵਾਲ ਕੀਤਾ ਹੈ, ਇਹ ਦੱਸਣਾ ਚਾਹੁੰਦਾ ਹਾਂ ਕਿ ਰਜਿਸਟਰੀਆਂ ਦਾ ਇੱਕ ਅੱਡ ਡਿਪਾਰਟਮੈਂਟ ਹੈ। ਜੋ ਆਨਲਾਈਨ ਨਕਸ਼ੇ ਹਨ, ਇਹ ਇੱਕ ਅੱਡ ਡਿਪਾਰਟਮੈਂਟ ਹੈ। ਅਸੀਂ ਹੌਲੀ-ਹੌਲੀ ਕਰ ਰਹੇ ਹਾਂ ਕਿਉਂਕਿ ਇਹ 2007 ਵਿੱਚ ਹਦਾਇਤ ਆਈ ਹੈ। ਕਈ ਸਟੇਟ ਸਾਡੇ ਤੋਂ ਬਹੁਤ ਅੱਗੇ ਲੰਘ ਚੁੱਕੇ ਹਨ, ਕਰੀਬ-ਕਰੀਬ ਦਸ ਸਟੇਟਾਂ ਅਜਿਹੀਆਂ ਹਨ, ਜਿਨ੍ਹਾਂ ਨੇ ਸਾਰਾ ਕੁਝ ਹੀ ਆਨਲਾਈਨ ਕਰ ਦਿੱਤਾ ਹੈ। ਖਾਸ ਤੌਰ ਉੱਤੇ ਆਂਧਰਾ ਪ੍ਰਦੇਸ਼ ਵਰਗੇ, ਜਿਨ੍ਹਾਂ ਨੇ ਟੋਟਲੀ ਵਰਕਿੰਗ ਆਨਲਾਈਨ ਕਰ ਦਿੱਤੀ ਹੈ, ਜਦੋਂ ਟੈਕਸ ਪੇਅਰਜ਼ ਦਾ ਟੈਕਸ ਰਿਸੀਵਰ ਨਾਲ ਕੋਈ ਰਾਬਤਾ ਨਹੀਂ ਹੋਵੇਗਾ ਤਾਂ 90 ਪਰਸੈਂਟ ਕੁਰੱਪਸ਼ਨ ਘੱਟ ਜਾਵੇਗੀ, ਬਹੁਤਿਆਂ ਦੀਆਂ ਦੁਕਾਨਾਂ ਬੰਦ ਹੋ ਜਾਣਗੀਆਂ। ਇਸ ਕਰਕੇ ਜੋ ਮੈਂਬਰ ਸਾਹਿਬ ਨੇ ਕਿਹਾ ਹੈ, ਅਸੀਂ ਇਸ ਦਿਸ਼ਾ ਵੱਲ ਵੱਧ ਰਹੇ ਹਾਂ:-

धीरे धीरे रे मना, धीरे सब कुछ होए, माली सींचे सौ घड़ा ऋतु आए फल होए।

बीज बोया है, पेड़ बनेगा और फल भी मिलेगा।

**Mr. Speaker :** Thank you. ਅਗਲਾ ਪ੍ਰਸ਼ਨ, ਸ਼੍ਰੀ ਸੋਮ ਪ੍ਰਕਾਸ਼ ਜੀ।

-----

## ਸ਼ਹਿਰਾਂ ਅਤੇ ਪਿੰਡਾਂ ਵਿੱਚ ਚੱਲ ਰਹੇ ਸੇਵਾ ਕੇਂਦਰਾਂ ਨੂੰ ਰੋਜ਼ ਚਾਲੂ ਰੱਖਣਾ

***1484. ਸ਼੍ਰੀ ਸੋਮ ਪ੍ਰਕਾਸ਼ :** ਕੀ ਪ੍ਰਸ਼ਾਸਨਿਕ ਸੁਧਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ਹਿਰਾਂ ਅਤੇ ਪਿੰਡਾਂ ਵਿੱਚ ਚੱਲ ਰਹੇ ਸੇਵਾ ਕੇਂਦਰ ਲਗਾਤਾਰ ਹਰ ਰੋਜ਼ ਚਾਲੂ ਰੱਖਣ ਲਈ ਸਰਕਾਰ ਕੋਈ ਪ੍ਰਬੰਧ ਕਰ ਰਹੀ ਹੈ ਅਤੇ ਕੀ ਸੇਵਾ ਕੇਂਦਰਾਂ ਦੇ ਬਿਲਾਂ ਦੀ ਅਦਾਇਗੀ ਰੈਗੂਲਰ ਤੌਰ ਤੇ ਕੀਤੀ ਜਾ ਰਹੀ ਹੈ?

**ਸਰਦਾਰ ਮਨਪ੍ਰੀਤ ਸਿੰਘ ਬਾਦਲ:** ਹਾਂ ਜੀ। ਸੇਵਾ ਕੇਂਦਰਾਂ ਦੇ ਬਿਲਾਂ ਦੀ ਅਦਾਇਗੀ ਸਰਵਿਸ ਓਪਰੇਟਰ ਵੱਲੋਂ ਹੀ ਕੀਤੀ ਜਾਣੀ ਹੈ।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਇਨ੍ਹਾਂ ਨੇ ਜੋ ਕਿਹਾ ਹੈ ਪਰ ਹਾਲੇ ਤਾਂ ਸੇਵਾ ਕੇਂਦਰਾਂ ਦੀ ਬਿਜਲੀ ਦੇ ਬਿਲ, ਜਿਨ੍ਹਾਂ ਦੇ ਕੁਨੈਕਸ਼ਨ ਕੱਟੇ ਹੋਏ ਹਨ, ਬਹੁਤ ਸਾਰੇ ਕੇਂਦਰ ਜਿਹੜੇ ਹਨ ਉਹ ਜੈਨਰੇਟਰ ਤੇ ਚੱਲਦੇ ਹਨ। ਜੈਨਰੇਟਰਾਂ ਤੇ ਹਫ਼ਤੇ ਦਾ 500 ਰੁਪਏ ਦਾ ਤੇਲ ਖਰਚਾ ਆਉਂਦਾ ਹੈ, ਉਹ ਦੋ ਕੁ ਦਿਨ ਚੱਲਦਾ ਹੈ, ਬਾਕੀ ਜਿਸ ਨੇ ਸਰਟੀਫਿਕੇਟ ਲੈਣਾ ਹੁੰਦਾ ਹੈ, ਮੈਰਿਜ ਸਰਟੀਫਿਕੇਟ ਜਾਂ ਡੈੱਥ ਸਰਟੀਫਿਕੇਟ ਲੈਣ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੇਲ ਪੁਆ ਦਿਓ ਤਾਂ ਚਲਾਵਾਂਗੇ। ਇਹ ਹਾਲੇ ਤਾਂ ਬਿਲਕੁਲ ਨਾ ਚੱਲਣ ਵਾਲੀ ਗੱਲ ਹੈ। ਜੇਕਰ ਸਰਕਾਰ ਇਨ੍ਹਾਂ ਨੂੰ ਚਲਾਉਣਾ ਚਾਹੁੰਦੀ ਹੈ, ਕੀ ਉਹ ਇਸ ਨੂੰ ਠੀਕ ਢੰਗ ਨਾਲ ਚਲਾਉਣਗੇ, ਬਿਜਲੀ ਦੇ ਕੁਨੈਕਸ਼ਨ ਲਗਾਉਣਗੇ? ਸਾਡੇ ਫਗਵਾੜਾ ਦੇ ਸੇਵਾ ਕੇਂਦਰ ਦਾ ਕੁਨੈਕਸ਼ਨ ਕੱਟਿਆ ਹੋਇਆ ਹੈ ਅਤੇ ਜੈਨਰੇਟਰ ਵਿੱਚ ਤੇਲ ਉਹ ਨਹੀਂ ਪਾਉਂਦੇ ਜਿਸ ਕਾਰਨ ਲੋਕਾਂ ਨੂੰ ਬਹੁਤ ਅਸੁਵਿਧਾ ਹੁੰਦੀ ਹੈ। ਕੀ ਮੰਤਰੀ ਜੀ ਇਸ ਦਾ ਕੋਈ ਪ੍ਰਬੰਧ ਕਰਨਗੇ ?

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਸਭ ਤੋਂ ਪਹਿਲਾਂ ਮਾਨਯੋਗ ਮੈਂਬਰ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦੇਣੀ ਚਾਹੁੰਦੀ ਹਾਂ ਕਿ ਇਨ੍ਹਾਂ ਨੇ ਬੜਾ ਅਹਿਮ ਸਵਾਲ ਪੁੱਛਿਆ ਹੈ ਔਰ ਇਹ ਬੜਾ ਵਾਜਬ ਸਵਾਲ ਹੈ। ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਨੇ ਜਾਣ ਤੋਂ ਪਹਿਲਾਂ ਇੱਕ ਕੰਪਨੀ ਨਾਲ ਕੰਟਰੈਕਟ ਕੀਤਾ ਸੀ ਕਿ 2139 ਸੇਵਾ ਕੇਂਦਰ ਪੰਜਾਬ ਵਿੱਚ ਖੋਲ੍ਹਣੇ ਹਨ ਅਤੇ ਉਸ ਕੰਪਨੀ ਨਾਲ ਇਹ ਵੀ ਮੁਆਹਿਦਾ ਕਰ ਲਿਆ ਕਿ ਪੰਜਾਬ ਸਰਕਾਰ ਤੁਹਾਨੂੰ 5 ਸਾਲਾਂ ਦੇ ਵਿੱਚ 1400 ਕਰੋੜ ਰੁਪਏ ਦੇਵੇਗੀ ਅਤੇ 264 ਕਰੋੜ ਰੁਪਿਆ ਹਰ ਸਾਲ ਤੁਹਾਨੂੰ ਦੇਵੇਗੀ। ਜਿਸ ਵੇਲੇ ਕੈਪਟਨ ਅਮਰਿੰਦਰ ਸਿੰਘ ਜੀ ਦੇ ਸਰਕਾਰ ਆਈ ਅਤੇ ਅਸੀਂ ਉਹ Contract ਪੜ੍ਹਿਆ ਤਾਂ ਅਸੀਂ ਉਸ ਕੰਪਨੀ ਦਾ ਕਾਂਟਰੈਕਟ ਕੈਂਸਲ ਕਰ ਦਿੱਤਾ ਅਤੇ ਫਿਰ ਦੁਬਾਰਾ ਕਾਂਟਰੈਕਟ ਦਿੱਤਾ। ਫਿਰ ਉਸੇ ਕੰਪਨੀ ਨੇ ਸਾਡੇ ਨਾਲ ਵਾਅਦਾ ਕੀਤਾ ਕਿ 1400 ਕਰੋੜ ਰੁਪਿਆ ਤਾਂ ਅਸੀਂ ਨਹੀਂ ਲੈਣਾ ਸਗੋਂ ਉਹ ਸਾਨੂੰ 5 ਸਾਲਾਂ ਵਿੱਚ 250 ਕਰੋੜ ਰੁਪਏ ਦੇਣਗੇ।

[ ਪ੍ਰਸ਼ਾਸਨਿਕ ਸੁਧਾਰ ਮੰਤਰੀ ]

ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਕਾਂਟਰੈਕਟ ਕੀਤਾ ਸੀ ਉਸ ਵਿੱਚ ਇਹ ਵੀ ਸੀ ਕਿ ਬਿਜਲੀ ਦਾ ਬਿਲ ਵੀ ਪੰਜਾਬ ਸਰਕਾਰ ਦੇ ਪੱਲਿਓਂ ਜਾਣਾ ਸੀ ਅਤੇ ਇੰਟਰਨੈੱਟ ਦਾ ਬਿਲ ਵੀ ਪੰਜਾਬ ਸਰਕਾਰ ਨੇ ਦੇਣਾ ਸੀ। ਨਵੇਂ ਸਿਰਿਓਂ ਕਾਂਟਰੈਕਟ ਹੋ ਚੁੱਕਿਆ ਹੈ। ਸੇਵਾ ਕੇਂਦਰ ਚੱਲਣਗੇ। ਬਿਜਲੀ ਦਾ ਬਿਲ ਵੀ ਉਹੀ ਦੇਣਗੇ, ਇੰਟਰਨੈੱਟ ਦਾ ਵੀ ਬਿਲ ਦੇਣਗੇ ਅਤੇ ਜਿਹੜੀਆਂ ਪਹਿਲਾਂ ਸਿਰਫ਼ 53 ਸਰਵਿਸਿਜ਼ ਮਿਲਦੀਆਂ ਸਨ, ਸਪੀਕਰ ਸਾਹਿਬ, ਨਵੇਂ ਕਾਂਟਰੈਕਟ ਵਿੱਚ 100 ਸਰਵਿਸਿਜ਼ ਕਰ ਦਿੱਤੀਆਂ ਹਨ ਅਤੇ ਅਗਲੇ 4 ਸਾਲਾਂ ਵਿੱਚ ਇਸ ਨੂੰ ਅਸੀਂ 550 ਸਰਵਿਸਿਜ਼ ਤੇ ਲੈ ਕੇ ਜਾਵਾਂਗੇ। ਸਪੀਕਰ ਸਾਹਿਬ, ਜਿਹੜਾ ਇਹ 1400 ਕਰੋੜ ਦਾ ਕਾਂਟਰੈਕਟ ਹੈ। ਮੈਨੂੰ ਇਸ ਦੇ ਵਿੱਚ ਕੁਰੱਪਸ਼ਨ ਦੀ ਬੂਅ ਆਉਂਦੀ ਹੈ। ਇਸ ਦੇ ਨਾਲ 2100 kiosk ਵੀ ਖੁੱਲ੍ਹਿਆ ਹੈ। 8-9 ਲੱਖ ਰੁਪਏ ਦਾ ਕਮਰਾ ਵੀ ਖੁੱਲ੍ਹਿਆ ਹੈ। ਸਪੀਕਰ ਸਾਹਿਬ, ਅਸੀਂ ਕਾਂਟਰੈਕਟ ਖਤਮ ਕਰਕੇ ਪੰਜਾਬ ਸਰਕਾਰ ਦਾ 900 ਕਰੋੜ ਰੁਪਿਆ ਬਚਾ ਲਿਆ ਹੈ। ਮੂੰਹ ਦੇ ਨਾਲ ਹੀ ਕਹਿ ਦੇਣਾ ਕਿ 900 ਕਰੋੜ ਰੁਪਿਆ ਬਚਾ ਲਿਆ ਪਰ ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ ਕਿ ਜਿੰਨੇ ਵੀ ਸਾਡੇ ਸੇਵਾ ਕੇਂਦਰ ਹਨ, ਇਨ੍ਹਾਂ ਵਿੱਚ ਸਰਵਿਸਿਜ਼ ਵੀ ਵਧਣਗੀਆਂ ਔਰ ਕੰਮ ਵੀ ਸੁਥਰੇ ਢੰਗ ਦੇ ਨਾਲ ਚੱਲੇਗਾ।

**ਸ਼੍ਰੀ ਸੋਮ ਪ੍ਰਕਾਸ਼ :** ਸਰ, ਮੈਂ ਇਹ ਬੇਨਤੀ ਕੀਤੀ ਸੀ ਕਿ ਇਹ ਜਿਹੜੀ ਕੁਰੱਪਸ਼ਨ ਦੀ ਗੱਲ ਕਰਦੇ ਹਨ ਉਸ ਦੀ ਜਾਂਚ ਕਰਨ। ਮੇਰਾ ਸਵਾਲ ਸਿਰਫ਼ ਇਹ ਸੀ ਕਿ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਚਲਾਵਾਂਗੇ ਪਰ 8 ਮਹੀਨਿਆਂ ਤੋਂ ਇਨ੍ਹਾਂ ਨੂੰ ਤਨਖਾਹ ਨਹੀਂ ਮਿਲੀ।

**ਮਾਨਯੋਗ ਸਪੀਕਰ:** ਸੋਮ ਪ੍ਰਕਾਸ਼ ਜੀ, ਇਹ ਐਸ਼ੋਰੈਂਸ ਆ ਗਈ। ਇਸ ਮੁੱਦੇ ਤੇ ਐਸ਼ੋਰੈਂਸ ਆ ਗਈ ਹੈ।

**ਸ਼੍ਰੀ ਸੋਮ ਪ੍ਰਕਾਸ਼:** ਸਰ, ਰੋਜ਼ 200-200 ਬੰਦਾ ਸੈਂਟਰਾਂ ਵਿੱਚ ਜਾ ਕੇ ਖੜ੍ਹਦਾ ਹੈ। ਉਨ੍ਹਾਂ ਨੂੰ ਤਾਂ ਸਰਵਿਸਿਜ਼ ਨਹੀਂ ਮਿਲਦੀਆਂ। ਇਸ ਲਈ ਸਮਾਂਬੱਧ ਤਰੀਕੇ ਨਾਲ ਕੀਤਾ ਜਾਵੇ ਕਿਉਂਕਿ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ ਹੁੰਦਾ ਜਿਸ ਕਰਕੇ ਕੰਮ ਨਹੀਂ ਹੋ ਰਿਹਾ।

**ਮਾਨਯੋਗ ਸਪੀਕਰ:** ਓਵਰ ਨਾਈਟ ਨਹੀਂ ਹੋ ਸਕਦਾ। ਮੰਤਰੀ ਜੀ ਨੇ ਐਸ਼ੋਰੈਂਸ ਦੇ ਦਿੱਤੀ ਹੈ।

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਉਹ 15 ਦਿਨ ਵਿੱਚ ਕਰ ਦੇਣ, ਮਹੀਨੇ ਵਿੱਚ ਕਰਨ ਪਰ ਕੋਈ ਸਮਾਂ ਤਾਂ ਨਿਸ਼ਚਿਤ ਕਰ ਦੇਣ ਕਿਉਂਕਿ ਲੋਕ ਬਹੁਤ ਪ੍ਰੇਸ਼ਾਨ ਹੁੰਦੇ ਹਨ, ਕੋਈ ਸਮਾਂ ਨਿਸ਼ਚਿਤ ਕਰ ਦਿਓ, ਮਹੀਨੇ ਵਿੱਚ ਠੀਕ ਕਰਨਗੇ, 15 ਦਿਨ ਵਿੱਚ

ਕਰਨਗੇ ਜਾਂ 2 ਮਹੀਨੇ ਵਿੱਚ ਕਰਨਗੇ, ਕੋਈ ਸਮਾਂ ਤਾਂ ਨਿਸ਼ਚਿਤ ਕਰੋ।

**ਮੰਤਰੀ:** ਸਪੀਕਰ ਸਾਹਿਬ, ਤੁਹਾਡੀ ਮਾਰਫ਼ਤ ਮੈਂ ਮੈਂਬਰ ਸਾਹਿਬ ਨੂੰ ਫਿਰ ਇਸ ਗੱਲ ਦਾ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਨਵਾਂ ਕਾਂਟਰੈਕਟ ਸਾਈਨ ਹੋ ਚੁੱਕਿਆ ਹੈ। ਪੁਰਾਣਾ ਕਾਂਟਰੈਕਟ ਮੁਸਤਰਤ ਕਰ ਦਿੱਤਾ ਗਿਆ ਹੈ ਔਰ ਹੁਣ ਤੋਂ ਇਹ ਸਰਵਿਸ ਕੇਂਦਰ ਸੁਥਰੇ ਢੰਗ ਦੇ ਨਾਲ ਚੱਲਣਗੇ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੰਤਰੀ ਸਾਹਿਬ ਨੂੰ ਇੱਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਇਹ ਜਿਹੜੀ ਸੋਮ ਪ੍ਰਕਾਸ਼ ਜੀ ਨੇ ਗੱਲ ਕੀਤੀ ਹੈ ਪਿਛਲੀ ਸਰਕਾਰ ਨੇ ਲੋਕਾਂ ਦੀ ਇੰਨਾ ਵੱਡਾ ਅਮਾਊਂਟ ਲਗਾ ਕੇ ਇਹ ਕੇਂਦਰ ਖੋਲ੍ਹੇ ਸਨ ਪਰ ਇੱਕ ਵੀ ਕੇਂਦਰ ਕਾਮਯਾਬੀ ਜਾਂ ਤਸੱਲੀਬਖਸ਼ ਤਰੀਕੇ ਦੇ ਨਾਲ ਨਹੀਂ ਚੱਲਿਆ, ਉਹ ਬੰਦ ਹੋ ਗਏ। ਮੈਂ ਸਮਝਦਾ ਹਾਂ ਕਿ ਬਹੁਤ ਵੱਡਾ ਘਪਲਾ ਹੈ। ਮੈਂ ਮੰਤਰੀ ਸਾਹਿਬ ਤੇ ਇੱਕ ਸਵਾਲ ਜ਼ਰੂਰ ਪਾਉਣਾ ਹੈ ਕਿ ਤੁਸੀਂ ਇਨਕੁਆਇਰੀ ਕਰਕੇ ਟਾਈਮ ਬਾਊਂਡ ਕਰੋ ਜਿਸ ਨਾਲ ਸਾਨੂੰ ਇਹ ਪਤਾ ਲੱਗੇਗਾ ਕਿ ਇਸ ਵਿੱਚ ਕਿੰਨਾ ਕੁ ਵੱਡਾ ਘਪਲਾ ਅਤੇ ਕੁਰੱਪਸ਼ਨ ਦਾ ਮੁੱਦਾ ਇਨਵਾਲਵਡ ਹੈ। ਇਹ ਸਾਨੂੰ ਐਸ਼ਿਓਰ ਕਰ ਦਿਓ।

**ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ, ਦਰਅਸਲ ਇਹ ਜਿਹੜਾ ਪੈਸਾ ਹੈ this is public money. ਇਹ ਪੰਜਾਬ ਦੇ ਲੋਕਾਂ ਦੇ ਖ਼ੂਨ ਅਤੇ ਪਸੀਨੇ ਦੀ ਕਮਾਈ ਹੈ। ਆਮ ਤੌਰ ਤੇ ਕਹਾਵਤ ਬਣੀ ਹੈ ਕਿ ਸਰਕਾਰ ਤੋਂ ਤੇਲ ਮਿਲੇ ਤਾਂ ਜੁੱਤੀ ਵਿੱਚ ਪਵਾ ਲਈਏ ਪਰ ਸਪੀਕਰ ਸਾਹਿਬ, ਇਹ ਪੈਸਾ ਨਹੀਂ, ਇਹ ਤਾਂ ਪੰਜਾਬ ਦੇ ਲੋਕਾਂ ਦੇ ਲਹੂ ਦੀਆਂ ਘੁੱਟਾਂ ਹਨ। ਮੈਂ ਮੈਂਬਰ ਸਾਹਿਬ ਨੂੰ ਇਹ ਗੱਲ ਐਸ਼ਿਓਰ ਕਰਾਂਗਾ ਕਿ ਮੈਂ ਸੀ.ਐਮ. ਸਾਹਿਬ ਨਾਲ consult ਕਰਾਂਗਾ ਅਤੇ ਇਸ ਦੇ ਦੋਨੋਂ ਪਹਿਲੂ, ਕਿ ਪਹਿਲਾਂ ਜਿਹੜਾ 1400 ਕਰੋੜ ਦੇਣ ਦਾ ਕਾਂਟਰੈਕਟ ਹੋਇਆ ਸੀ ਅਤੇ ਉਹੀ ਕਾਂਟਰੈਕਟਰ ਸਾਨੂੰ ਹੁਣ 250 ਕਰੋੜ ਦੇ ਰਿਹਾ ਹੈ, 1700 ਕਰੋੜ ਦਾ difference ਕਿਵੇਂ ਹੋ ਗਿਆ? ਦੂਸਰਾ, ਜਿਹੜੇ ਉੱਥੇ ਕਮਰੇ ਜਾਂ kiosk ਪਾਏ ਹਨ ਉਨ੍ਹਾਂ ਬਾਰੇ ਸੀ.ਐਮ. ਸਾਹਿਬ ਨਾਲ ਮਸ਼ਵਰਾ ਕਰਕੇ ਕੋਈ ਨਾ ਕੋਈ ਤਫ਼ਤੀਸ਼ ਜ਼ਰੂਰ ਕਰਾਵਾਂਗੇ ਅਤੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਹਾਊਸ ਦੇ ਅੰਦਰ ਰਿਪੋਰਟ ਦੇਵਾਂਗੇ।

-----

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1458**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----

**ਵਿਕਾਸ ਦੇ ਕੰਮਾਂ ਲਈ ਦਿੱਤੀਆਂ ਗ੍ਰਾਂਟਾਂ ਤੋਂ ਰੋਕ ਹਟਾਉਣਾ**

***1517. ਡਾਕਟਰ ਸੁਖਵਿੰਦਰ ਕੁਮਾਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੰਗਾ ਵਿੱਚ ਰਾਜ ਸਰਕਾਰ ਵੱਲੋਂ ਸਾਲ 2016-17 ਦੌਰਾਨ ਜਿਨ੍ਹਾਂ ਪੰਚਾਇਤਾਂ ਨੂੰ ਵਿਕਾਸ ਦੇ ਕੰਮਾਂ ਲਈ ਗ੍ਰਾਂਟਾਂ ਦਿੱਤੀਆਂ ਸਨ, ਮੌਜੂਦਾ ਸਰਕਾਰ ਵੱਲੋਂ ਇਨ੍ਹਾਂ ਗ੍ਰਾਂਟਾਂ ਨੂੰ ਖਰਚ ਕਰਨ ਤੇ ਰੋਕ ਲਗਾ ਦੇਣ ਕਾਰਨ ਵਿਕਾਸ ਦੇ ਕੰਮ ਰੁਕ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਰਾਜ ਸਰਕਾਰ ਦੀ ਅਜਿਹੀਆਂ ਗ੍ਰਾਂਟਾਂ ਨੂੰ ਵਿਕਾਸ ਦੇ ਕੰਮਾਂ ਤੇ ਖਰਚ ਕਰਨ ਲਈ ਲਗਾਈ ਰੋਕ ਨੂੰ ਹਟਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਮੰਤਰੀ ਪ੍ਰੀਸ਼ਦ ਨੇ ਆਪਣੀ ਮੀਟਿੰਗ ਮਿਤੀ 18.3.2017 ਵਿੱਚ ਫੈਸਲਾ ਕੀਤਾ ਸੀ ਕਿ ਜੋ ਕੰਮ ਅਜੇ ਸ਼ੁਰੂ ਨਹੀਂ ਕੀਤੇ ਗਏ ਹਨ, ਉਹ ਸ਼ੁਰੂ ਨਹੀਂ ਕੀਤੇ ਜਾਣਗੇ। ਜਿਥੇ ਕੰਮ ਸ਼ੁਰੂ ਹੋ ਗਏ ਹਨ, ਉਹ ਚਲਦੇ ਰਹਿਣਗੇ ਪ੍ਰੰਤੂ ਉਨ੍ਹਾਂ ਦਾ ਕੋਈ ਵੀ scope of work ਵਧਾਇਆ ਨਹੀਂ ਜਾਵੇਗਾ। ਇਸ ਫੈਸਲੇ ਨੂੰ ਮੁੜ ਵਿਚਾਰਨ ਦੀ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਗ੍ਰਾਂਟਾਂ ਵਰਤਣੀਆਂ ਬੰਦ ਕੀਤੀਆਂ ਗਈਆਂ। ਜਦੋਂ ਇਹ ਸਰਕਾਰ ਬਣੀ ਸੀ ਤਾਂ ਪਹਿਲੀ ਕੈਬਨਿਟ ਮੀਟਿੰਗ ਵਿੱਚ ਹੀ ਇਹ ਫੈਸਲਾ ਹੋ ਗਿਆ ਸੀ ਕਿਉਂਕਿ ਸਰਕਾਰ ਕੋਲ ਪੈਸਾ ਕੋਈ ਹੈ ਨਹੀਂ ਸੀ। ਹੁਣ ਸਰਕਾਰ ਦੇ ਹਾਲਾਤ ਜਿਉਂ ਜਿਉਂ ਠੀਕ ਹੋ ਰਹੇ ਹਨ, ਫਾਈਨਾਂਸ਼ੀਅਲੀ ਅਸੀਂ ਠੀਕ ਹੋ ਰਹੇ ਹਾਂ। ਇਨ੍ਹਾਂ ਪੰਚਾਇਤ ਇਲੈਕਸ਼ਨਾਂ ਤੋਂ ਬਾਅਦ ਅਸੀਂ ਪਿੰਡਾਂ ਨੂੰ ਗ੍ਰਾਂਟਾਂ ਦੇਣੀਆਂ ਵੀ ਸ਼ੁਰੂ ਕਰ ਦੇਣੀਆਂ ਹਨ ਅਤੇ ਪੈਸੇ ਵਰਤਣ ਦੀ ਇਜਾਜ਼ਤ ਵੀ ਦੇ ਦੇਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ :** ਸਰ, ਮੇਰੀ ਬੇਨਤੀ ਹੈ ਕਿ 18.3.2017 ਨੂੰ ਇੱਕ ਮੀਟਿੰਗ ਦੇ ਵਿੱਚ ਫੈਸਲਾ ਹੋਇਆ ਸੀ, ਜਿਹੜੇ ਕੰਮ ਸ਼ੁਰੂ ਨਹੀਂ ਕੀਤੇ ਗਏ, ਉਹ ਸ਼ੁਰੂ ਨਹੀਂ ਕੀਤੇ ਜਾਣਗੇ ਪਰ ਜਿਹੜੇ ਕੰਮ ਚਲਦੇ ਹਨ, ਉਹ ਚਲਦੇ ਰਹਿਣਗੇ ਕਿਉਂਕਿ ਸਰਕਾਰ ਬਣਨ ਤੋਂ ਪਹਿਲਾਂ ਕੈਪਟਨ ਸਾਹਿਬ ਨੇ ਸ੍ਰੀ ਗੁਟਕਾ ਸਾਹਿਬ ਦੀ ਕਸਮ ਖਾ ਕੇ ਇਹ ਗੱਲ ਕਹੀ ਸੀ ਕਿ ਪੰਜਾਬ ਦੇ ਅੰਦਰੋਂ ਨਸ਼ੇ ਬੰਦ ਕਰ ਦੇਣੇ ਹਨ। ਇਨ੍ਹਾਂ ਨਸ਼ਿਆਂ ਨੂੰ ਬੰਦ ਕਰਨ ਦੇ ਲਈ ਮੈਂ ਸਮਝਦਾ ਹਾਂ ਕਿ ਖੇਡਾਂ ਇੱਕ ਬਹੁਤ ਵਧੀਆ ਜ਼ਰੀਆ ਸੀ

ਲੇਕਿਨ ਮੈਨੂੰ ਇਹ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਡੇਢ ਸਾਲ ਹੋ ਗਿਆ ਹੈ ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ, ਜਦੋਂ ਕਿ ਸਰਕਾਰ ਨੇ ਮੰਨਿਆ ਹੈ ਕਿ ਜਿਹੜੇ ਕੰਮ ਚਲਦੇ ਹਨ, ਉਨ੍ਹਾਂ ਨੂੰ ਚਾਲੂ ਰੱਖਿਆ ਜਾਵੇਗਾ ਪਰ ਪਿੰਡਾਂ ਦੇ ਵਿੱਚ, ਵਿਧਾਨ ਸਭਾ ਹਲਕਾ ਬੰਗਾ ਦੇ ਵਿੱਚ 90 ਪ੍ਰਤੀਸ਼ਤ ਜਿਹੜੇ ਜਿੰਮ ਹਨ, ਜਿਹੜੇ ਅੱਧੇ ਬਣ ਗਏ ਹਨ, ਕਿਸੇ ਦਾ ਦਰਵਾਜ਼ਾ ਲੱਗਿਆ ਹੈ, ਕਿਸੇ ਦਾ ਫਰਸ਼ ਨਹੀਂ ਲੱਗਿਆ, ਅਜੇ ਅਧੂਰੇ ਪਏ ਹਨ, ਮੈਂ ਜਾਣਨਾ ਚਾਹੁੰਦਾ ਹਾਂ ਕਿ ਉਹ ਕਿਉਂ ਨਹੀਂ ਸ਼ੁਰੂ ਹੋਏ ਜਦਕਿ ਇਹ ਤਾਂ ਇਨ੍ਹਾਂ ਦਾ ਆਪਣਾ ਹੀ ਵਾਅਦਾ ਸੀ। ਕਈ ਪਿੰਡਾਂ ਦੇ ਵਿੱਚ ਜਿਥੇ ਗਰੀਬ ਲੋਕਾਂ ਦੇ ਕੋਲ ਬੈਠਣ ਲਈ ਜਗ੍ਹਾ ਨਹੀਂ ਹੁੰਦੀ ਸੀ ਤਾਂ ਉਨ੍ਹਾਂ ਨੂੰ ਬੈਠਣ ਲਈ ਜਗ੍ਹਾ ਮਿਲੀ, ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਜਾਂ ਮਹਾਰਿਸ਼ੀ ਬਾਲਮੀਕ ਧਰਮਸ਼ਾਲਾਵਾਂ ਜਿਹੜੀਆਂ ਬਣੀਆਂ ਹਨ, ਉਹ ਵੀ ਵਿੱਚੇ ਹੀ ਅਧੂਰੀਆਂ ਪਈਆਂ ਹਨ। ਮੈਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜੇ ਕੰਮ ਡੇਢ ਸਾਲ ਵਿੱਚ ਸ਼ੁਰੂ ਨਹੀਂ ਹੋਏ, ਇਹ ਕਦੋਂ ਤੱਕ ਸ਼ੁਰੂ ਕਰਵਾ ਦਿੱਤੇ ਜਾਣਗੇ?

**ਮੰਤਰੀ :** ਸਪੀਕਰ ਸਾਹਿਬ, ਪੰਜਾਬ ਵਿੱਚ ਕੁੱਲ 13,500 ਦੇ ਕਰੀਬ ਪੰਚਾਇਤਾਂ ਹਨ, ਦਸ ਕੁ ਹਜ਼ਾਰ ਸਰਪੰਚਾਂ ਦੇ ਖਿਲਾਫ਼ ਕੁਰੱਪਸ਼ਨ ਦੀਆਂ ਸ਼ਿਕਾਇਤਾਂ ਆ ਗਈਆਂ ਹਨ। ਮੈਂ ਇਨ੍ਹਾਂ ਨੂੰ ਕੰਮ ਸ਼ੁਰੂ ਕਰਨ ਦੀ ਕਿਥੋਂ ਇਜਾਜ਼ਤ ਦੇ ਦੇਵਾਂ? ਮੇਰੇ ਕੋਲ ਤਾਂ ਇੰਨੀਆਂ ਇਨਕੁਆਇਰੀਆਂ ਕਰਵਾਉਣ ਲਈ ਮੁਲਾਜ਼ਮ ਵੀ ਨਹੀਂ ਹਨ। ਸੋ, ਜਦੋਂ ਨਵੇਂ ਸਰਪੰਚ ਚੁਣ ਕੇ ਆਉਣਗੇ, ਇਨ੍ਹਾਂ ਦੇ ਵੀ ਚੁਣ ਕੇ ਆਉਣਗੇ, ਪੂਰੀ ਦੇਖ-ਰੇਖ ਨਾਲ ਕੰਮ ਕਰਾਵਾਂਗੇ। ਅਸੀਂ ਕੁਰੱਪਸ਼ਨ ਜ਼ੀਰੋ ਲੈਵਲ ਤੇ ਲਿਆਵਾਂਗੇ। ਜਿਹੜਾ ਪੈਸਾ ਭੇਜਾਂਗੇ, ਉਹ ਦੇਖਾਂਗੇ ਕਿ ਪਰਾਪਰਲੀ ਯੂਜ਼ ਹੋਵੇ। ਜਿਹੜੀ ਇਹ ਸ੍ਰੀ ਗੁਰੂ ਰਵਿਦਾਸ ਜਾਂ ਅੰਬੇਦਕਰ ਭਵਨ ਦੀ ਗੱਲ ਕਹਿੰਦੇ ਹਨ, ਪਹਿਲਾਂ ਜਿਹੜੀ ਧਰਮਸ਼ਾਲਾ ਬਣਦੀ ਸੀ, ਤਾਂ ਉਸ ਦੇ ਦੋ ਕੁ ਕਮਰੇ ਬਣਦੇ ਸਨ। ਹੁਣ ਸੀ.ਐਮ. ਸਾਹਿਬ ਦਾ ਹੁਕਮ ਹੈ ਕਿ ਪੰਜਾਂ ਪਿੰਡਾਂ ਵਿੱਚ ਇੱਕ ਕਮਿਊਨਿਟੀ ਹਾਲ ਬਣਾ ਦਿਓ, ਜਿਥੇ ਗਰੀਬ ਆਦਮੀ ਆਪਣਾ ਸਮਾਜਿਕ, ਧਾਰਮਿਕ ਫੰਕਸ਼ਨ ਕਰ ਸਕੇ, ਆਪਣੀ ਧੀ ਦਾ ਵਿਆਹ ਕਰ ਸਕੇ, ਮੁੰਡੇ ਦਾ ਵਿਆਹ ਕਰ ਸਕੇ। ਅਸੀਂ ਇਸ ਸੋਚ ਵਾਲੇ ਪਾਸੇ ਤੁਰੇ ਹਾਂ। ਬਾਕੀ ਹਰ ਪਿੰਡ ਵਿੱਚ ਸੀਵਰ ਪਾਉਣਾ ਹੈ, ਗਲੀਆਂ ਨਾਲੀਆਂ ਬਣਾਵਾਂਗੇ, ਸੀਵਰ ਪਾਉਣ ਨਾਲ ਫਿਰ ਟੁੱਟਣਗੀਆਂ। ਸੋ, ਮੈਂ ਐਮ.ਐਲ.ਏ. ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਿਹੜੇ ਕੋਈ ਖਾਸ ਕੰਮ ਇਨ੍ਹਾਂ ਦੇ ਅਧੂਰੇ ਰਹਿੰਦੇ ਹਨ, ਉਹ ਪੰਚਾਇਤ ਇਲੈਕਸ਼ਨਾਂ ਪਿੱਛੋਂ ਪੂਰੇ ਕਰਵਾ ਦੇਵਾਂਗੇ।

**ਡਾਕਟਰ ਸੁਖਵਿੰਦਰ ਕੁਮਾਰ :** ਸਪੀਕਰ ਸਾਹਿਬ, ਮੰਤਰੀ ਸਾਹਿਬ ਕਹਿੰਦੇ ਹਨ ਕਿ ਬਹੁਤ ਸਾਰੇ ਪਿੰਡਾਂ ਵਿੱਚ ਸਰਪੰਚਾਂ ਤੇ ਕੁਰੱਪਸ਼ਨ ਦੇ ਕੇਸ ਚਲਦੇ ਹਨ। ਮੈਂ ਤਾਂ ਇਹੀ

[ ਡਾਕਟਰ ਸੁਖਵਿੰਦਰ ਕੁਮਾਰ ]

ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਤੇ ਨਹੀਂ ਚਲਦੇ, ਜਿਹੜੇ ਵਿਚਾਰੇ ਇਮਾਨਦਾਰ ਸੀ, ਉਨ੍ਹਾਂ ਦੇ ਕੰਮ ਕਰਵਾ ਦਿੱਤੇ ਜਾਣ। ਇਹ ਬੜੀ ਚੰਗੀ ਗੱਲ ਹੈ, ਜਿਹੜਾ ਇਨ੍ਹਾਂ ਨੇ ਸੋਚਿਆ ਹੈ ਕਿ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਲਈ 5-5, 6-6 ਪਿੰਡਾਂ ਦੀ ਇਕ ਵੱਡੀ ਧਰਮਸ਼ਾਲਾ ਬਣਾਉਣੀ ਹੈ ਪਰ ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੋਈ ਇੱਕ ਸਿੰਗਲ ਐਗਜ਼ਾਂਪਲ ਦੇ ਦੇਣ, ਜਿਥੇ ਇਨ੍ਹਾਂ ਨੇ ਡੇਢ ਸਾਲ ਵਿੱਚ ਇਸ ਤਰ੍ਹਾਂ ਦੀ ਵੱਡੀ ਧਰਮਸ਼ਾਲਾ ਬਣਾਈ ਹੋਵੇ ਔਰ ਜੇ ਇਹ ਬਣਾ ਦੇਣ ਤਾਂ ਬੜਾ ਚੰਗਾ ਹੋਵੇਗਾ।

**ਮੰਤਰੀ :** ਸਪੀਕਰ ਸਾਹਿਬ, ਸਾਰੀਆਂ ਇਜਾਜ਼ਤਾਂ ਦੇਵਾਂਗੇ, ਹੁਣ ਤਾਂ ਸਰਪੰਚ ਹੀ ਕੋਈ ਨਹੀਂ, ਕਿਸ ਨੂੰ ਦੇਈਏ। ਪੁਰਾਣੇ ਸਰਪੰਚਾਂ ਦੀ ਟਰਮ ਖਤਮ ਹੋ ਚੁੱਕੀ ਹੈ। ਨਵੇਂ ਸਰਪੰਚ ਬਣ ਜਾਣਗੇ, ਤੁਹਾਡੇ ਇਲਾਕੇ ਵਿੱਚ ਵੀ ਗਰਾਂਟ ਦੇਵਾਂਗੇ ਔਰ ਸਾਰੇ ਪੰਜਾਬ ਵਿੱਚ ਵੀ ਦੇਵਾਂਗੇ।

**ਸਰਦਾਰ ਅਮਰਜੀਤ ਸਿੰਘ ਸੰਦੋਆ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਇੱਕ ਸਵਾਲ ਕਰਦਾ ਹਾਂ ਕਿ ਸਾਡੇ ਰੋਪੜ ਹਲਕੇ ਵਿੱਚ ਪਿਛਲੀ ਸਰਕਾਰ ਨੇ ਬਹੁਤ ਪੰਚਾਇਤਾਂ ਨੂੰ ਪੈਸੇ ਦਿੱਤੇ, 50-50, 60-60 ਲੱਖ ਰੁਪਿਆ ਦਿੱਤਾ, ਜਿਨ੍ਹਾਂ ਦੀਆਂ ਬਹੁਤ ਇਨਕੁਆਇਰੀਆਂ ਵੀ ਖੜ੍ਹੀਆਂ ਹਨ। ਮੈਂ ਡਾਇਰੈਕਟਰ ਸਾਹਿਬ ਕੋਲ ਵੀ ਗਿਆ, ਡੀ.ਸੀ. ਸਾਹਿਬ ਕੋਲ ਵੀ ਗਿਆ ਕਿ ਜਾਂਚ ਕਰੋ ਕਿ ਉਥੇ ਪੈਸੇ ਲੱਗੇ ਹਨ ਕਿ ਨਹੀਂ। ਮੇਰੇ ਨਾਲ ਲੋਕ ਲੜਦੇ ਹਨ ਕਿ ਸਾਡੇ ਪਿੰਡਾਂ ਨੂੰ ਇੰਨੇ ਪੈਸੇ ਆਏ ਹਨ, 50-60 ਲੱਖ ਰੁਪਏ ਆਏ ਸਨ ਪਰ ਘਪਲੇ ਕੀਤੇ ਗਏ ਹਨ ਅਤੇ ਕੋਈ ਵੀ ਇਸ ਦੀ ਜਾਂਚ ਨਹੀਂ ਕਰਦਾ। ਮੈਂ ਦੋ-ਚਾਰ ਵਾਰ ਡਾਇਰੈਕਟਰ ਸਾਹਿਬ ਕੋਲ ਆਪ ਵੀ ਜਾ ਕੇ ਆਇਆ ਹਾਂ, ਮੰਤਰੀ ਜੀ, ਤੁਹਾਨੂੰ ਵੀ ਕਿਹਾ ਹੈ ਕਿ ਜਾਂਚ ਜ਼ਰੂਰ ਕਰੋ। ਇਹ ਪਤਾ ਲੱਗਣਾ ਚਾਹੀਦਾ ਹੈ ਕਿ ਕਿਹੜੇ ਸਰਪੰਚਾਂ ਨੇ ਪੈਸਾ ਖਾਧਾ ਹੈ, ਕਿਸ-ਕਿਸ ਦਾ ਵਿੱਚ ਹਿੱਸਾ ਸੀ ? ਇਸ ਦੀ ਜ਼ਰੂਰ ਛਾਣਬੀਣ ਹੋਣੀ ਚਾਹੀਦੀ ਹੈ।

**ਮੰਤਰੀ :** ਮੈਂ ਤਾਂ ਪਹਿਲਾਂ ਆਖਿਆ ਹੈ ਕਿ ਸਾਰੇ ਪਿੰਡਾਂ ਵਿੱਚ 50-50 ਲੱਖ ਰੁਪਿਆ ਆਉਣ ਬਾਰੇ ਕਹਿੰਦੇ ਹਨ, ਕਈ ਪਿੰਡਾਂ ਵਿੱਚ ਤਾਂ 8-8 ਕਰੋੜ ਰੁਪਿਆ ਗਿਆ ਹੈ। ਲੰਬੀ ਇਲਾਕੇ ਵਿੱਚ, ਜਲਾਲਾਬਾਦ ਇਲਾਕੇ ਵਿੱਚ 8-8 ਕਰੋੜ ਰੁਪਿਆ, 10-10 ਕਰੋੜ ਰੁਪਿਆ ਇੱਕ ਇੱਕ ਪਿੰਡ ਵਿੱਚ ਗਿਆ ਪਰੰਤੂ ਇੰਨੀਆਂ ਇਨਕੁਆਇਰੀਆਂ ਕਰਨੀਆਂ, ਇੰਨਾ ਤਾਂ ਸਾਰੇ ਪੰਜਾਬ ਵਿੱਚ ਸਟਾਫ਼ ਹੀ ਨਹੀਂ ਹੈ ਜਿਨ੍ਹਾਂ ਤੋਂ ਇਨਕੁਆਇਰੀਆਂ ਕਰਵਾ ਸਕੀਏ। ਸੋ, ਜਿਹੜਾ ਇਨ੍ਹਾਂ ਨੇ ਪਿੰਡਾਂ ਦੀ ਗੱਲ ਕੀਤੀ ਹੈ, ਠੀਕ ਹੈ ਪਰ ਹੁਣ ਸਾਰਾ ਸਟਾਫ਼ ਪੰਚਾਇਤਾਂ ਦੀਆਂ ਇਲੈਕਸ਼ਨਾਂ ਵਿਚ ਰੁਝਿਆ ਹੋਇਆ ਹੈ, ਸਮਾਂ ਆਉਣ ਤੇ ਤੁਹਾਡੇ ਪਿੰਡਾਂ ਦੀਆਂ ਇਨਕੁਆਇਰੀਆਂ ਜ਼ਰੂਰ ਕਰਵਾਵਾਂਗੇ।

-----

## ਬੱਸਾਂ ਦਾ ਮਨਾਪਲੀ ਰੂਟ ਚਲਾਉਣਾ

*1535. **ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਟ੍ਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਪੱਟੀ ਤੋਂ ਫਿਰੋਜ਼ਪੁਰ ਸੜਕੀ ਆਵਾਜਾਈ ਲਈ ਕੋਟਬੁੱਢਾ ਲਾਗੇ ਦਰਿਆ ਉੱਪਰ ਬਣੇ ਪੁਲ ਰਾਹੀਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦਾ ਮਨਾਪਲੀ ਰੂਟ ਚਲਾਉਣ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਕੀ ਇਹ ਠੀਕ ਹੈ ਕਿ ਇਸ ਪੁਲ ਦੇ ਨਿਰਮਾਣ ਕਰਕੇ ਪੱਟੀ-ਫਿਰੋਜ਼ਪੁਰ ਰਸਤਾ 27 ਕਿਲੋਮੀਟਰ ਘਟਦਾ ਹੈ ਅਤੇ ਲੋਕਾਂ ਦੀ ਪੁਰਜ਼ੋਰ ਮੰਗ ਦੇ ਬਾਵਜੂਦ ਟ੍ਰਾਂਸਪੋਰਟ ਵਿਭਾਗ ਹੁਣ ਤੱਕ ਆਪਣੀਆਂ ਸਰਕਾਰੀ ਬੱਸਾਂ ਕਿਉਂ ਨਹੀਂ ਚਲਾ ਸਕਿਆ?

**ਸ਼੍ਰੀਮਤੀ ਅਰੁਨਾ ਚੌਧਰੀ :** (ੳ) ਹਾਂ ਜੀ।

(ਅ) ਇਸ ਪੁਲ ਦੇ ਨਿਰਮਾਣ ਕਰਕੇ ਪੱਟੀ-ਫਿਰੋਜ਼ਪੁਰ ਰਸਤਾ 27 ਕਿਲੋਮੀਟਰ ਘਟਿਆ ਹੈ। ਪੰਜਾਬ ਰੋਡਵੇਜ਼/ਪਨਬੱਸ ਵਲੋਂ ਆਰਜ਼ੀ ਪਰਮਿਟ ਹਾਸਲ ਕਰਕੇ ਇਸ ਰੂਟ ਤੇ ਬੱਸ ਸੇਵਾ ਚਲਾ ਦਿੱਤੀ ਗਈ ਹੈ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਸਰਕਾਰ ਦਾ ਅਤੇ ਮੰਤਰੀ ਸਾਹਿਬਾ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਇਹ ਸਾਡੀ ਬੜੀ ਜਾਇਜ਼ ਮੰਗ ਸੀ ਕਿ ਫਿਰੋਜ਼ਪੁਰ ਨੂੰ ਪੱਟੀ ਨਾਲ ਜੋੜਨ ਵਾਸਤੇ ਦਰਿਆ ਉਤੇ ਪੁਲ ਬਣਿਆ ਸੀ ਲੇਕਿਨ ਬੜੇ ਚਿਰ ਤੋਂ ਬੱਸ ਨਹੀਂ ਚੱਲ ਰਹੀ ਸੀ, ਇਹ ਪੇਂਡੂ ਆਵਾਜਾਈ ਨਾਲ ਸਬੰਧਿਤ ਹੈ। ਮੈਂ ਬੇਨਤੀ ਕੀਤੀ ਸੀ ਔਰ ਮੰਤਰੀ ਜੀ ਨੇ ਆਸ਼ਵਾਸਨ ਦਿੱਤਾ ਹੈ। ਮੈਨੂੰ ਬੜੀ ਖੁਸ਼ੀ ਹੈ ਔਰ ਮੈਂ ਧੰਨਵਾਦ ਕਰਦਾ ਹਾਂ ਕਿ ਇਸ ਨਾਲ ਸਾਡੇ ਜਿਹੜੇ ਹਜ਼ਾਰਾਂ ਪੇਂਡੂ ਲੋਕ ਹਨ, ਉਨ੍ਹਾਂ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ। Thank you, Sir.

**ਸਰਦਾਰ ਜਗਦੇਵ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਹਲਕੇ ਦੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਦੋ-ਤਿੰਨ ਪਿੰਡ ਅਜਿਹੇ ਹਨ ਜਿਨ੍ਹਾਂ ਵਿੱਚ ਕੋਈ ਵੀ ਬੱਸ ਸੇਵਾ ਨਹੀਂ ਹੈ। ਮੈਂ ਪਿਛਲੀ ਵਾਰੀ ਵੀ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ। ਕਿਰਪਾ ਕਰਕੇ ਰਮਨਵਾਸ ਅਤੇ ਚੋਟੀਆਂ ਜਿਹੜੇ ਦੋ ਪਿੰਡ ਹਨ, ਇਥੇ ਕੋਈ ਵੀ ਬੱਸ ਸੇਵਾ ਨਹੀਂ ਹੈ, ਕੋਈ ਵੀ ਆਵਾਜਾਈ ਦਾ ਸਾਧਨ ਨਹੀਂ ਹੈ।

**ਮਾਨਯੋਗ ਸਪੀਕਰ:** ਸਰਦਾਰ ਜਗਦੇਵ ਸਿੰਘ ਜੀ, ਇਸ ਬਾਰੇ ਵੱਖਰਾ ਸਵਾਲ ਬਣਦਾ ਹੈ। ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬਾ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬੱਸ ਅੱਡਿਆਂ ਵਿੱਚ ਰੋਡਵੇਜ਼ ਤੇ ਪੈਪਸੂ ਨੂੰ ਸਵਾਰੀ ਭਰਨ ਵਾਸਤੇ ਦੋ ਮਿੰਟ ਦਿੱਤੇ ਜਾਂਦੇ ਹਨ। ਪ੍ਰਾਈਵੇਟ ਬੱਸਾਂ ਬਾਰੇ ਮੇਰੇ ਕੋਲ ਟਾਈਮ ਟੇਬਲ ਹੈ, ਉਸ ਦੀ ਮੈਂ ਫੋਟੋਸਟੇਟ ਕਰਵਾ ਕੇ ਲਿਆਇਆ ਹਾਂ। ਇਸ ਵਿਚ ਸਪੈਸ਼ਲ ਆਰਬਿਟ ਲਿਖਿਆ ਹੋਇਆ ਹੈ, ਜਿਸ ਵਾਸਤੇ 7 ਤੋਂ 9 ਮਿੰਟ ਦਾ ਸਮਾਂ ਲਿਖਿਆ ਹੋਇਆ ਹੈ। ** ** ਦੋ ਮਿੰਟ ਵਿਚ ਸਰਕਾਰੀ ਬੱਸ ਦੇ ਕੰਡਕਟਰ ਤੇ ਡਰਾਈਵਰ ਕਿੰਨੀ ਕੁ ਸਵਾਰੀ ਲੈ ਸਕਦੇ ਹਨ? ਦੂਸਰਾ ਮੇਰਾ ਸਵਾਲ ਹੈ ਕਿ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਜਸਟਿਸ ਸੂਰਿਆ ਕਾਂਤ ਜੀ ਨੇ ਫੈਸਲਾ ਦੇ ਦਿੱਤਾ ਹੈ ਕਿ ਟ੍ਰਾਂਸਪੋਰਟ ਪਾਲਿਸੀ, 2007 ਅਤੇ 2011 ਜਿਹੜੀਆਂ ਰੱਦ ਕਰ ਦਿੱਤੀਆਂ ਗਈਆਂ ਸਨ ਅਤੇ 1990 ਵਾਲੀ ਟ੍ਰਾਂਸਪੋਰਟ ਪਾਲਿਸੀ ਉਤੇ ਆਰਡਰ ਕਰ ਦਿੱਤੇ ਕਿ ਇਸ ਉਤੇ ਟ੍ਰਾਂਸਪੋਰਟ ਪਾਲਿਸੀ ਬਣਨੀ ਚਾਹੀਦੀ ਹੈ ਪਰ ਉਹ ਅੱਜ ਤੱਕ ਨਹੀਂ ਬਣੀ? ਕੀ ਇਨ੍ਹਾਂ ਦੋਹਾਂ ਗੱਲਾਂ ਦਾ ਸਤਿਕਾਰਯੋਗ ਮੰਤਰੀ ਸਾਹਿਬ ਕੋਈ ਜਵਾਬ ਦੇਣਗੇ?

**ਮੰਤਰੀ:** ਜਿਥੋਂ ਤੱਕ ਹਾਈ ਕੋਰਟ ਦੇ ਕੇਸ ਦਾ ਸਵਾਲ ਹੈ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇਹ ਮਾਮਲਾ ਸਬ ਜੁਡਿਸ ਹੈ, ਇਸ ਬਾਰੇ ਅਸੀਂ ਅਜੇ ਕੋਈ ਵੀ ਫੈਸਲਾ ਨਹੀਂ ਲੈ ਸਕਦੇ। ਜਦੋਂ ਇਸ ਬਾਰੇ ਫੈਸਲਾ ਹੋ ਜਾਵੇਗਾ ਤਾਂ ਇਸ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਜਾਵੇਗਾ। ਦੂਸਰਾ, ਜਿਹੜੀ ਬੱਸਾਂ ਦੇ ਟਾਈਮ ਟੇਬਲ ਦੀ ਗੱਲ ਹੈ, ਅਸੀਂ ਹੁਣ ਸਾਰਾ ਹੀ ਟਾਈਮ ਟੇਬਲ ਦੁਬਾਰਾ ਰਿਵਾਈਜ਼ ਕਰ ਰਹੇ ਹਾਂ ਔਰ ਬਹੁਤ ਜਲਦ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦੀ ਟਾਈਮਿੰਗ ਨੂੰ ਰੀਸ਼ਡਿਊਲ ਕੀਤਾ ਜਾਵੇਗਾ ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬਾ ਤੋਂ ਟਾਈਮ ਬਾਊਂਡ ਕਰਵਾਉਣਾ ਚਾਹੁੰਦਾ ਹਾਂ ਕਿ ਜਿਹੜੀ ਟਾਈਮਿੰਗ ਹੈ, ਉਸ ਬਾਰੇ ਕੋਈ ਸਮਾਂ ਦੱਸ ਦਿਉ, 10 ਦਿਨ, 20 ਦਿਨ ਕਿਉਂਕਿ ਇਸ ਸਰਕਾਰ ਨੂੰ ਆਇਆਂ ਬੜਾ ਲੰਮਾ ਅਰਸਾ ਹੋ ਗਿਆ ਹੈ, 18 ਮਹੀਨੇ ਹੋ ਗਏ ਹਨ ਅਤੇ ਪ੍ਰਾਈਵੇਟ ਟ੍ਰਾਂਸਪੋਰਟ ਵਾਲੇ ਉਸੇ ਤਰ੍ਹਾਂ ਹੀ ਗੁਲਛੱਰੇ ਉਡਾਉਂਦੇ ਫਿਰਦੇ ਹਨ।

**ਮੰਤਰੀ:** 10 ਸਾਲ ਤੋਂ ਤੁਹਾਨੂੰ ਪਤਾ ਹੈ ਕਿ ਟ੍ਰਾਂਸਪੋਰਟ...

**ਸਰਦਾਰ ਸਿਮਰਜੀਤ ਸਿੰਘ ਬੈਂਸ:** ਆਪਣੇ ਵੀ 18 ਮਹੀਨੇ ਹੋ ਗਏ ਹਨ। ਮੈਂ ਤਾਂ ਕਹਿੰਦਾ ਹਾਂ ਕਿ ਇਸ ਨੂੰ ਟਾਈਮ ਬਾਊਂਡ ਕਰ ਦਿੱਤਾ ਜਾਵੇ। ਕਿਰਪਾ ਕਰਕੇ ਇਸ ਨੂੰ ਸਮਾਂਬੱਧ ਕਰ ਦਿੱਤਾ ਜਾਵੇ।

---

** **Expunged as ordered by the Hon'ble Speaker.

**ਮੰਤਰੀ:** ਨਹੀਂ, 18 ਮਹੀਨੇ ਨਹੀਂ, ਮੈਨੂੰ ਅਜੇ ਚਾਰ ਮਹੀਨੇ ਚਾਰਜ ਲਏ ਨੂੰ ਹੋਏ ਹਨ।

**ਮਾਨਯੋਗ ਸਪੀਕਰ:** ਕੀ ਇਸ ਨੂੰ ਸਮਾਂਬੱਧ ਕਰ ਸਕਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਮੈਂ ਵਿਸ਼ਵਾਸ ਦਿਵਾਉਂਦੀ ਹਾਂ ਕਿ ਇਹ ਬਹੁਤ ਜਲਦ ਕਰ ਦਿੱਤਾ ਜਾਵੇਗਾ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬਾ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੈਟਰ ਹਾਈ ਕੋਰਟ ਵਿੱਚ ਸਬ-ਜੁਡਿਸ ਨਹੀਂ ਹੈ। ਮੈਂ ਜਸਟਿਸ ਸੂਰਿਆ ਕਾਂਤ ਦੇ ਫੈਸਲੇ ਦੀ ਕਾਪੀ ਲੈ ਕੇ ਆਇਆ ਹਾਂ ਅਤੇ ਜੇ ਇਹ ਚਾਹੁੰਦੇ ਹਨ ਤਾਂ ਮੈਂ ਇਨ੍ਹਾਂ ਦੀ ਟੇਬਲ ਤੇ ਭਿਜਵਾ ਸਕਦਾ ਹਾਂ। ਇਹ ਮਸਲਾ ਸਬ-ਜੁਡਿਸ ਨਹੀਂ ਹੈ, ਸਰਕਾਰ ਬਦਲ ਗਈ ਪਰ ਪੰਜਾਬ ਅੰਦਰ ਅੱਜ ਵੀ ਉਸੇ ਤਰੀਕੇ ਟ੍ਰਾਂਸਪੋਰਟ ਮਾਫ਼ੀਆ ਲੂਟ ਮਾਫ਼ੀਆ ਵਿਚ ਤਬਦੀਲ ਹੋ ਕੇ ਆਪਣੀਆਂ ਜੇਬਾਂ ਭਰ ਰਿਹਾ ਹੈ। ਸੋ, ਮੇਰੀ ਤੁਹਾਡੇ ਜ਼ਰੀਏ ਸਤਿਕਾਰਯੋਗ ਮੰਤਰੀ ਸਾਹਿਬਾ ਨੂੰ ਬੇਨਤੀ ਹੈ ਕਿ ਦੋਨੋਂ ਇਸ਼ੂ ਬੜੇ ਇੰਪਾਰਟੈਂਟ ਹਨ ਅਤੇ ਟ੍ਰਾਂਸਪੋਰਟ ਮਾਫ਼ੀਆ ਨਾਲ ਰਿਲੇਟਿਡ ਹਨ। ਇਸ ਨੂੰ ਟਾਈਮ ਬਾਊਂਡ ਕਰਕੇ ਪੰਜਾਬ ਦਾ ਲੁੱਟਿਆ ਜਾ ਰਿਹਾ ਖਜ਼ਾਨਾ ਬਚਾਉਣ ਵਾਸਤੇ ਆਪਣਾ ਯੋਗਦਾਨ ਪਾਉਣ, ਸਰਕਾਰ ਤੁਹਾਡੀ ਹੈ।

**ਮਾਨਯੋਗ ਸਪੀਕਰ:** ਇਸ ਨੂੰ ਐਗਜ਼ਾਮਿਨ ਕਰਵਾ ਲਵੋ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਕੱਲ੍ਹ ਹੀ ਐਲ.ਪੀ.ਏ. ਫਾਈਲ ਕੀਤੀ ਹੈ। ਇਸ ਦਾ ਫੈਸਲਾ ਆਉਣ ਤੇ ਅਸੀਂ ਬਹੁਤ ਜਲਦ ਕਾਰਵਾਈ ਸ਼ੁਰੂ ਕਰ ਦਿਆਂਗੇ ਔਰ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਾਂਗੇ। ਜੋ ਇਲਲੀਗਲ ਕੰਮ ਹੈ, ਉਹ ਬਿਲਕੁਲ ਖ਼ਤਮ ਹੋ ਜਾਵੇਗਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਕਾਰ ਦਾ ਡੇਢ ਸਾਲ ਲੰਘ ਗਿਆ ਹੈ ਪਰ ਟ੍ਰਾਂਸਪੋਰਟ ਪਾਲਿਸੀ ਹਾਲੇ ਤੱਕ ਲਾਗੂ ਨਹੀਂ ਹੋਈ। ਇਵੇਂ ਹੀ ਬਾਕੀ ਦੇ ਤਿੰਨ ਸਾਲ ਹੋਰ ਨਾ ਚਲੇ ਜਾਣ। ਪ੍ਰਾਈਵੇਟ ਬੱਸਾਂ ਵਾਲੇ ਅੱਜ ਵੀ ਉਵੇਂ ਹੀ ਧੱਜੀਆਂ ਉਡਾ ਰਹੇ ਹਨ। ਮੈਨੂੰ ਅੱਜ ਵੀ ਸਰਕਾਰ ਅੰਦਰ ਇਹ ਗੱਲ ਕਹਿਣੀ ਪੈ ਰਹੀ ਹੈ ਕਿ ਗਿੱਦੜਬਾਹਾ ਵਿਚੋਂ ਸਰਕਾਰ ਦੀ ਇਕ ਵੀ ਬੱਸ ਨਾ ਬਠਿੰਡਾ ਨੂੰ, ਨਾ ਮੁਕਤਸਰ ਨੂੰ, ਨਾ ਮਲੋਟ ਨੂੰ ਜਾਂਦੀ ਹੈ। ਜੇਕਰ ਇਵੇਂ ਹੀ ਸਮਾਂ ਨਿਕਲਦਾ ਗਿਆ ਤਾਂ ਮੈਨੂੰ ਲਗਦਾ ਹੈ ਕਿ ਕਾਫ਼ੀ ਨੁਕਸਾਨ ਹੋ ਜਾਵੇਗਾ। ਜਿਨ੍ਹਾਂ ਲੋਕਾਂ ਨੇ ਕੁਤਾਹੀਆਂ ਕੀਤੀਆਂ ਹਨ, ਬੱਸਾਂ ਦੇ ਰੂਟ ਪਰਮਿਟਾਂ ਦੇ ਟਾਈਮ ਟੇਬਲ ਵਧਾਏ ਹਨ, ਜਿਹੜੇ ਅਫ਼ਸਰਾਂ ਨੇ ਅਜਿਹਾ ਕੀਤਾ ਹੈ, ਉਹ ਅਰਾਮ ਨਾਲ ਬੈਠੇ ਹਨ ਅਤੇ ਅੱਜ ਵੀ

[ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ]

ਗੁਲਛਰੇ ਉਡਾ ਰਹੇ ਹਨ। ਸੋ, ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਟਾਈਮ ਬਾਊਂਡ ਕਰ ਦਿਓ।ਇਹ ਟ੍ਰਾਂਸਪੋਰਟ ਪਾਲਿਸੀ ਕਦੋਂ ਤੱਕ ਲਾਗੂ ਹੋ ਜਾਵੇਗੀ ?

**ਮਾਨਯੋਗ ਸਪੀਕਰ :** ਇਹ ਸਿਮਰਜੀਤ ਜੀ ਵਾਲਾ ਸਵਾਲ ਹੈ ਅਤੇ ਉਸ ਦਾ ਜਵਾਬ ਆ ਚੁੱਕਿਆ ਹੈ ?

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਪਿਛਲਾ ਸਵਾਲ ਵੀ ਕੁਰੱਪਸ਼ਨ ਨਾਲ ਰਿਲੇਟਿਡ ਸੀ, ਹੁਣ ਵਾਲਾ ਵੀ ਮਾਫ਼ੀਆ ਨਾਲ, ਟ੍ਰਾਂਸਪੋਰਟ ਨਾਲ ਰਿਲੇਟਿਡ ਹੈ, ਦੋਹਾਂ ਮੁੱਦਿਆਂ ਤੇ ਪੰਚਾਇਤਾਂ ਦੀ ਬਹੁਤ ਵੱਡੇ ਲੈਵਲ ਤੇ ਲੁੱਟ ਹੋਈ ਹੈ। ਤੁਸੀਂ ਕਹਿ ਦਿੱਤਾ ਕਿ ਸਾਡੇ ਕੋਲ ਸਟਾਫ਼ ਨਹੀਂ ਹੈ, ਇੱਥੇ ਆਪਾਂ ਕਹਿ ਦਿੰਦੇ ਹਾਂ ਕਿ ਮਾਮਲਾ ਸਬਜੁਡਿਸ ਹੈ, ਟਾਈਮ ਟੇਬਲ ਦੇਖਾਂਗੇ। 18 ਮਹੀਨੇ ਲੰਘ ਗਏ ਹਨ ਅਤੇ ਇਨ੍ਹਾਂ ਦੇ ਆਪਣੇ ਵਿਧਾਇਕ ਵੀ ਇਹੀ ਗੱਲ ਕਹਿ ਰਹੇ ਹਨ। ਸਪੀਕਰ ਸਾਹਿਬ, this shows very weak will power of the government to fight corruption, to fight Mafia Raj in the State. ਕਿਰਪਾ ਕਰਕੇ ਸਾਰੀਆਂ ਗੱਲਾਂ ਵਾਸਤੇ ਇਵੇਂ ਨਾ ਕਹੋ ਕਿ ਹੋ ਜਾਣਗੀਆਂ, ਵਚਨਬੱਧ ਹਾਂ। ਇਹ ਗੱਲਾਂ ਸੁਣਦਿਆਂ ਨੂੰ ਸਾਨੂੰ ਕਿੰਨੇ ਸੈਸ਼ਨ ਹੋ ਗਏ ਹਨ। ਇਹ ਸਾਰੀਆਂ ਗੱਲਾਂ ਤੇ ਬਹਿਸ ਕਰਵਾਉਣ ਲਈ ਹੀ ਤਾਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਖੁੱਲ੍ਹਾ ਸਮਾਂ ਦਿਆ ਕਰੋ ਜੀ। ਸੈਸ਼ਨ ਵਧਾਇਆ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਾਲਾ ਇੰਨਾ ਵੱਡਾ ਮੁੱਦਾ ਹੈ ਤੇ ਮੈਨੂੰ ਨਹੀਂ ਲਗਦਾ ਕਿ 117 ਮੈਂਬਰਾਂ ਨੂੰ ਬੋਲਣ ਦਾ ਟਾਈਮ ਮਿਲੇਗਾ। ਜੇਕਰ ਟਾਈਮ ਨਹੀਂ ਮਿਲੇਗਾ ਤਾਂ ਇਹ ਸਦਨ ਦੇ ਨਾਲ ਅਤੇ ਸਾਡੇ ਸਾਰਿਆਂ ਦੇ ਨਾਲ....

**ਮਾਨਯੋਗ ਸਪੀਕਰ :** ਇਸ ਸਵਾਲ ਤੇ ਗੱਲ ਕਰ ਲਓ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇਹੀ ਕਹਿਣਾ ਚਾਹੁੰਦਾ ਹਾਂ ਕਿ ਮਾਫ਼ੀਆ ਕਾਰਨ ਸਟੇਟ ਵਿੱਚ ਖੁੱਲ੍ਹੇਆਮ ਸਾਡੀ ਨੱਕ ਥੱਲੇ ਕੁਰੱਪਸ਼ਨ ਹੋ ਰਹੀ ਹੈ, what action have we taken? ਇਨ੍ਹਾਂ ਦੇ ਆਪਣੇ ਐਮ.ਐਲ.ਏਜ਼ ਕਹਿ ਰਹੇ ਹਨ। ਮੇਰੀ ਬਾਅਦ ਦੀ ਗੱਲ ਹੈ, ਕਾਂਗਰਸ ਵਾਲੇ ਕਹਿ ਕੇ ਥੱਕ ਗਏ ਹਨ but there is no action. Infact ਕੁਰੱਪਸ਼ਨ ਦਾ ਮੈਟਰ ਸੀ.ਐਮ. ਸਾਹਿਬ ਨੂੰ ਆਪ ਐਡਰੈਸ ਕਰਨਾ ਚਾਹੀਦਾ ਹੈ, ਅਦਰਵਾਈਜ਼ ਇਵੇਂ ਲਗਦਾ ਹੈ ਕਿ ਇਹ ਗੌਰਮਿੰਟ ਪਿਛਲੇ ਵਾਲਿਆਂ ਦੀ ਐਕਸਟੈਂਡਿਡ ਗੌਰਮਿੰਟ ਹੈ।

-----

## ਪਿੰਡਾਂ ਦੇ ਵਾਟਰ ਵਰਕਸ ਦੀਆਂ ਟੈਂਕੀਆਂ ਦੀ ਸਫ਼ਾਈ

***1495. ਪ੍ਰੋਫ਼ੈਸਰ ਬਲਜਿੰਦਰ ਕੌਰ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਤਲਵੰਡੀ ਸਾਬੋ ਦੇ ਪਿੰਡ ਕੋਟ ਬਖਤੂ, ਮਾਨਵਾਲਾ, ਮਲਕਾਣਾ ਅਤੇ ਹੋਰ ਕਈ ਪਿੰਡਾਂ ਦੇ ਵਾਟਰ ਵਰਕਸ ਦੀਆਂ ਟੈਂਕੀਆਂ ਦੀ ਸਫ਼ਾਈ ਸਰਕਾਰ ਦੁਆਰਾ ਨਹੀਂ ਕੀਤੀ ਜਾਂਦੀ; ਜੇਕਰ ਅਜਿਹਾ ਹੈ ਤਾਂ ਕੀ ਵਾਟਰ ਵਰਕਸ ਦੀਆਂ ਟੈਂਕੀਆਂ ਦੀ ਸਫ਼ਾਈ ਕਰਵਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਜਲ ਸਪਲਾਈ ਵਿਭਾਗ ਵਲੋਂ ਵਾਟਰ ਵਰਕਸ ਤੇ ਬਣੀਆਂ ਟੈਂਕੀਆਂ ਦੀ ਸਫ਼ਾਈ ਸਮੇਂ-ਸਮੇਂ ਤੇ ਜ਼ਰੂਰਤ ਅਨੁਸਾਰ ਕਰਵਾਈ ਜਾਂਦੀ ਹੈ। ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀਆਂ 57 ਵਾਟਰ ਸਪਲਾਈ ਸਕੀਮਾਂ ਆਉਂਦੀਆਂ ਹਨ। ਪਿੰਡ ਕੋਟ ਬਖਤੂ ਸਮੇਤ 39 ਟੈਂਕੀਆਂ ਦੀ ਸਫ਼ਾਈ ਕਰਵਾਈ ਜਾ ਚੁੱਕੀ ਹੈ ਅਤੇ ਪਿੰਡ ਮਾਨਵਾਲਾ, ਮਲਕਾਣਾ ਸਮੇਤ ਬਾਕੀ ਰਹਿੰਦੀਆਂ 18 ਟੈਂਕੀਆਂ ਦੀ ਸਫ਼ਾਈ ਮਿਤੀ 30.8.2018 ਤੱਕ ਕਰਵਾ ਦਿੱਤੀ ਜਾਵੇਗੀ। ਇਸ ਦਾ ਵੇਰਵਾ ਅੰਤਿਕਾ 'ੳ' ਅਤੇ 'ਅ' ਤੇ ਹੈ।

### ਅੰਤਿਕਾ 'ੳ'

### ਉਹ ਪਿੰਡ ਜਿੱਥੇ ਟੈਂਕ ਸਾਫ਼ ਹੋ ਚੁੱਕੇ ਹਨ

| ਲੜੀ ਨੰ: | ਸਕੀਮ ਦਾ ਨਾਂ | ਹਲਕਾ |
|---|---|---|
| 1. | ਕੋਟ ਬਖਤੂ | ਤਲਵੰਡੀ ਸਾਬੋ |
| 2. | ਤਲਵੰਡੀ ਸਾਬੋ | ਤਲਵੰਡੀ ਸਾਬੋ |
| 3. | ਜਿਓਣ ਸਿੰਘ ਵਾਲਾ | ਤਲਵੰਡੀ ਸਾਬੋ |
| 4. | ਬੰਗੀ ਦੀਪਾਂ ਅਤੇ ਬੰਗੀ ਰਘੂ | ਤਲਵੰਡੀ ਸਾਬੋ |
| 5. | ਗੁਰੂਸਰ ਜੱਗਾ | ਤਲਵੰਡੀ ਸਾਬੋ |
| 6. | ਕੋਰੀਆਣਾ | ਤਲਵੰਡੀ ਸਾਬੋ |
| 7. | ਮਿਰਜੈਆਣਾ | ਤਲਵੰਡੀ ਸਾਬੋ |
| 8. | ਮਾਨੂਆਣਾ | ਤਲਵੰਡੀ ਸਾਬੋ |
| 9. | ਗੋਲੇਵਾਲਾ | ਤਲਵੰਡੀ ਸਾਬੋ |
| 10. | ਸ਼ੇਖਪੁਰਾ | ਤਲਵੰਡੀ ਸਾਬੋ |

[ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ]

| | | |
|---|---|---|
| 11. | ਭਗਵਾਨਪੁਰਾ | ਤਲਵੰਡੀ ਸਾਬੋ |
| 12. | ਫਤਹਿਗੜ੍ਹ ਨੌਬਾਦ | ਤਲਵੰਡੀ ਸਾਬੋ |
| 13. | ਜੱਗਾ ਰਾਮ ਤੀਰਥ | ਤਲਵੰਡੀ ਸਾਬੋ |
| 14. | ਰਈਆਂ | ਤਲਵੰਡੀ ਸਾਬੋ |
| 15. | ਗੱਤਵਾਲੀ | ਤਲਵੰਡੀ ਸਾਬੋ |
| 16. | ਸੰਗਤ ਖੁਰਦ | ਤਲਵੰਡੀ ਸਾਬੋ |
| 17. | ਬਹਿਮਣ ਜੱਸਾ ਸਿੰਘ | ਤਲਵੰਡੀ ਸਾਬੋ |
| 18. | ਬਹਿਮਣ ਕੌਰ ਸਿੰਘ | ਤਲਵੰਡੀ ਸਾਬੋ |
| 19. | ਸਿੰਘੇ | ਤਲਵੰਡੀ ਸਾਬੋ |
| 20. | ਰਤਨਗੜ੍ਹ ਕਣਕਵਾਲ | ਤਲਵੰਡੀ ਸਾਬੋ |
| 21. | ਫੂਲੋਖਾਰੀ | ਤਲਵੰਡੀ ਸਾਬੋ |
| 22. | ਰਾਮਸਰਾ | ਤਲਵੰਡੀ ਸਾਬੋ |
| 23. | ਤਰਖਾਣ ਵਾਲਾ | ਤਲਵੰਡੀ ਸਾਬੋ |
| 24. | ਬਾਗਾ | ਤਲਵੰਡੀ ਸਾਬੋ |
| 25. | ਬੰਗੀ ਨਿਹਾਲ ਸਿੰਘ | ਤਲਵੰਡੀ ਸਾਬੋ |
| 26. | ਕਮਾਲੂ | ਤਲਵੰਡੀ ਸਾਬੋ |
| 27. | ਭਾਗੀ ਵਾਂਦਰ | ਤਲਵੰਡੀ ਸਾਬੋ |
| 28. | ਨਸੀਬਪੁਰਾ | ਤਲਵੰਡੀ ਸਾਬੋ |
| 29. | ਨੱਤ | ਤਲਵੰਡੀ ਸਾਬੋ |
| 30. | ਚੱਠੇਵਾਲਾ | ਤਲਵੰਡੀ ਸਾਬੋ |
| 31. | ਸੈਖੂ | ਤਲਵੰਡੀ ਸਾਬੋ |
| 32. | ਪੱਕਾ ਕਲਾਂ | ਤਲਵੰਡੀ ਸਾਬੋ |
| 33. | ਪੱਕਾ ਖੁਰਦ | ਤਲਵੰਡੀ ਸਾਬੋ |
| 34. | ਫੱਲੜ | ਤਲਵੰਡੀ ਸਾਬੋ |
| 35. | ਮੱਲ ਵਾਲਾ | ਤਲਵੰਡੀ ਸਾਬੋ |

| | | |
|---|---|---|
| 36. | ਭਗਵਾਨਗੜ੍ਹ | ਤਲਵੰਡੀ ਸਾਬੋ |
| 37. | ਦੂਨੇਵਾਲਾ | ਤਲਵੰਡੀ ਸਾਬੋ |
| 38. | ਸੇਰਗੜ੍ਹ | ਤਲਵੰਡੀ ਸਾਬੋ |
| 39. | ਗੁਰਥੜੀ | ਤਲਵੰਡੀ ਸਾਬੋ |

## ਅੰਤਿਕਾ 'ਅ'

ਉਹ ਪਿੰਡ ਜਿਨ੍ਹਾਂ ਵਿੱਚ ਟੈਂਕ ਦੀ ਸਫ਼ਾਈ ਮਿਤੀ 30.8.18 ਤੱਕ ਕਰ ਦਿੱਤੀ ਜਾਵੇਗੀ

| **ਲੜੀ ਨੰ:** | **ਸਕੀਮ ਦਾ ਨਾਂ** | **ਹਲਕਾ** |
|---|---|---|
| 1. | ਮੰਨ ਵਾਲਾ | ਤਲਵੰਡੀ ਸਾਬੋ |
| 2. | ਮਲਕਾਣਾ | ਤਲਵੰਡੀ ਸਾਬੋ |
| 3. | ਜੱਜਲ | ਤਲਵੰਡੀ ਸਾਬੋ |
| 4. | ਭਾਗੀ ਵਾਂਦਰ | ਤਲਵੰਡੀ ਸਾਬੋ |
| 5. | ਮਾਹੀ ਨੰਗਲ | ਤਲਵੰਡੀ ਸਾਬੋ |
| 6. | ਲਾਲੇਆਣਾ | ਤਲਵੰਡੀ ਸਾਬੋ |
| 7. | ਸੁੱਖਲੱਧੀ | ਤਲਵੰਡੀ ਸਾਬੋ |
| 8. | ਬੰਗੀ ਰੁਲਦੂ | ਤਲਵੰਡੀ ਸਾਬੋ |
| 9. | ਗਿਆਣਾ | ਤਲਵੰਡੀ ਸਾਬੋ |
| 10. | ਤਿਓਣਾ ਪੁਜਾ | ਤਲਵੰਡੀ ਸਾਬੋ |
| 11. | ਤਰੰਗਵਾਲਾ | ਤਲਵੰਡੀ ਸਾਬੋ |
| 12 . | ਜੋਗੇਵਾਲਾ | ਤਲਵੰਡੀ ਸਾਬੋ |
| 13. | ਗਹਿਲੇਵਾਲਾ | ਤਲਵੰਡੀ ਸਾਬੋ |
| 14. | ਲਹਿਰੀ | ਤਲਵੰਡੀ ਸਾਬੋ |
| 15. | ਫੱਤਾ ਬਲੂ | ਤਲਵੰਡੀ ਸਾਬੋ |
| 16. | ਨੰਗਲਾ | ਤਲਵੰਡੀ ਸਾਬੋ |
| 17. | ਲੇਲੇਵਾਲਾ | ਤਲਵੰਡੀ ਸਾਬੋ |
| 18. | ਨਥੇਹਾ | ਤਲਵੰਡੀ ਸਾਬੋ |

**ਪ੍ਰੋਫ਼ੈਸਰ ਬਲਜਿੰਦਰ ਕੌਰ:** ਸਪੀਕਰ ਸਾਹਿਬ, ਮੰਤਰੀ ਸਾਹਿਬਾ ਨੇ ਹੁਣ ਜਵਾਬ ਦਿੰਦਿਆਂ ਮੈਨਸ਼ਨ ਕੀਤਾ ਹੈ ਕਿ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀਆਂ 57 ਵਾਟਰ ਸਪਲਾਈ ਸਕੀਮਾਂ ਆਉਂਦੀਆਂ ਹਨ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਨ੍ਹਾਂ ਸਕੀਮਾਂ ਦਾ ਕੋਈ ਕੰਪਲੇਂਟ ਰੀਡ੍ਰੈਸਲ ਸਿਸਟਮ ਹੈ? ਜੇਕਰ ਹਾਂ ਤਾਂ ਉਸ ਦੀ ਡਿਟੇਲ ਕੀ ਹੈ?

**ਮੰਤਰੀ :** ਜਿੰਨੀਆਂ ਵੀ ਸਾਡੀਆਂ ਸਕੀਮਾਂ ਚਲਦੀਆਂ ਹਨ, ਜੇਕਰ ਸਾਡੇ ਕੋਲ ਕੋਈ ਕੰਪਲੇਂਟ ਆਉਂਦੀ ਹੈ ਤਾਂ ਅਸੀਂ ਉਸ ਤੇ ਗੌਰ ਕਰਕੇ ਉਸ ਦਾ ਹੱਲ ਕੱਢਦੇ ਹਾਂ।

**ਪ੍ਰੋਫ਼ੈਸਰ ਬਲਜਿੰਦਰ ਕੌਰ :** ਮੈਨੂੰ ਲਿਸਟ ਆਈ ਹੈ ਕਿ ਜਿਹੜੇ ਪਿੰਡਾਂ ਦੀਆਂ ਟੈਂਕੀਆਂ ਦੀ ਸਫ਼ਾਈ ਹੋ ਚੁੱਕੀ ਹੈ, ਉਨ੍ਹਾਂ ਵਿੱਚ 35ਵੇਂ ਨੰਬਰ ਤੇ ਪਿੰਡ ਮੱਲ ਵਾਲਾ ਦਾ ਮੈਨਸ਼ਨ ਹੈ। ਮੈਂ ਮੰਤਰੀ ਸਾਹਿਬਾ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਇਹ ਉਹ ਪਿੰਡ ਹੈ ਜਿੱਥੇ ਸਫ਼ਾਈ ਦੀ ਗੱਲ ਤਾਂ ਬਹੁਤ ਦੂਰ ਹੈ, ਜੋ ਇੱਥੇ ਮੇਨ ਪਾਣੀ ਵਾਲੀ ਪਾਈਪ ਲਾਈਨ ਹੈ, ਉਹ ਵੀ ਇੱਥੇ ਬਹੁਤ ਦੇਰ ਤੋਂ ਬੰਦ ਪਈ ਹੈ। ਕੀ ਇਸ ਵਾਸਤੇ ਸਰਕਾਰ ਵਿਚਾਰ ਕਰ ਰਹੀ ਹੈ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਟੈਂਕੀਆਂ ਦੀ ਸਫ਼ਾਈ ਵਾਲਾ ਕੰਮ ਹੈ, ਇਸ ਵਾਸਤੇ ਅਸੀਂ ਤਿੰਨ ਮਹੀਨੇ ਪਹਿਲਾਂ 1.6.2018 ਨੂੰ ਹਦਾਇਤਾਂ ਕਰ ਦਿੱਤੀਆਂ ਸਨ। ਜੇਕਰ ਫੇਰ ਵੀ ਇਨ੍ਹਾਂ ਨੂੰ ਲਗਦਾ ਹੈ ਕਿ ਇਹ ਪਿੰਡ ਰਹਿ ਗਿਆ ਹੈ ਅਤੇ ਉਥੇ ਸਫ਼ਾਈ ਨਹੀਂ ਹੋਈ ਹੈ ਤਾਂ ਦੁਬਾਰਾ ਉਨ੍ਹਾਂ ਨੂੰ ਹਦਾਇਤਾਂ ਕਰ ਦਿੱਤੀਆਂ ਜਾਣਗੀਆਂ ਅਤੇ ਚੈੱਕ ਕਰਕੇ ਸਫ਼ਾਈ ਕਰਵਾਈ ਜਾਵੇਗੀ।

**ਮਿਸ ਰੁਪਿੰਦਰ ਕੌਰ ਰੂਬੀ :** ਸਪੀਕਰ ਸਾਹਿਬ, ਜਿਹੜੀ ਮੈਡਮ ਬਲਜਿੰਦਰ ਕੌਰ ਜੀ ਨੇ ਆਪਣੇ ਪਿੰਡਾਂ ਦੀ ਗੱਲ ਕਹੀ ਹੈ, ਇਹ ਸਿਰਫ਼ ਤਲਵੰਡੀ ਸਾਬੋ ਦੇ ਪਿੰਡਾਂ ਦੀ ਗੱਲ ਨਹੀਂ, ਇਹ ਪੂਰੇ ਪੰਜਾਬ ਦੇ ਪਿੰਡਾਂ ਦੀ ਗੱਲ ਹੈ। ਪਾਣੀ ਦੀਆਂ ਟੈਂਕੀਆਂ, ਵਾਟਰ ਵਰਕਸ ਦੀ ਸਫ਼ਾਈ ਦੀ ਜਿਹੜੀ ਗੱਲ ਹੈ, ਇਸ ਨਾਲ ਕਿੰਨੇ ਲੋਕ ਇਫੈਕਟਿਡ ਹਨ, ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਪੰਜਾਬ ਦੀ ਕਿੰਨੀ ਵੱਡੀ ਟਰੈਜ਼ਡੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਸਿਰਫ਼ ਪਾਣੀ ਦੀ ਟੈਂਕੀ ਦੀ ਸਫ਼ਾਈ ਲਈ ਧਰਨੇ ਤੇ ਬੈਠਣਾ ਪੈ ਰਿਹਾ ਹੈ। ਮੇਰੇ ਹਲਕੇ ਵਿੱਚ ਬਾਜਕ ਪਿੰਡ ਹੈ ਉਥੇ ਤਿੰਨ ਦਿਨ ਹੋ ਗਏ, ਲੋਕ ਸੜਕਾਂ ਤੇ ਸਿਰਫ਼ ਪਾਣੀ ਦੀ ਟੈਂਕੀ ਦੀ ਸਫ਼ਾਈ ਲਈ ਧਰਨੇ ਤੇ ਬੈਠੇ ਹਨ। ਦੇਖੋ, ਸਾਡੇ ਪੰਜਾਬ ਦੀ ਇਹ ਹਾਲਤ ਹੋ ਗਈ ਹੈ। ਉਹ ਐਕਸੀਅਨ ਨੂੰ ਵੀ ਮਿਲ ਲਏ ਅਤੇ ਡੀ.ਸੀ. ਨੂੰ ਵੀ ਮਿਲ ਲਏ ਹਨ ਪ੍ਰੰਤੂ ਹਾਲੇ ਤੱਕ ਕੋਈ ਵੀ ਕਾਰਵਾਈ ਨਹੀਂ ਹੋਈ। ਇਹ ਸਾਰੇ ਪੰਜਾਬ ਦੀ

ਹੀ ਗੱਲ ਹੈ। ਮੈਂ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕਦੋਂ ਤੱਕ ਪਾਣੀ ਦੀਆਂ ਟੈਂਕੀਆਂ ਦੀ ਸਫ਼ਾਈ ਹੋ ਜਾਵੇਗੀ ਤਾਂ ਜੋ ਸਾਡੇ ਲੋਕਾਂ ਨੂੰ ਪੀਣਯੋਗ ਪਾਣੀ ਮਿਲ ਸਕੇ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਮੇਰੇ ਹਲਕੇ ਮਹਿਲਕਲਾਂ ਦੇ ਅੰਦਰ ਅਨੇਕਾਂ ਹੀ ਪਿੰਡ ਹਨ ਜਿਨ੍ਹਾਂ ਦੀਆਂ ਟੈਂਕੀਆਂ ਦੀਆਂ ਜਦੋਂ ਮੋਟਰਾਂ ਸੜ ਜਾਂਦੀਆਂ ਹਨ ਤਾਂ ਉਹ ਤਕਰੀਬਨ ਹਫ਼ਤਾ ਤਾਂ ਦੁਬਾਰਾ ਬੰਨ੍ਹ ਕੇ ਲਿਆਉਣ ਅਤੇ ਠੀਕ ਕਰਨ ਨੂੰ ਹੀ ਲਗਾ ਦਿੰਦੇ ਹਨ। ਪਿੰਡ ਵਾਲਿਆਂ ਕੋਲ ਦੂਸਰੀ ਮੋਟਰ ਦਾ ਪ੍ਰਬੰਧ ਨਹੀਂ ਹੁੰਦਾ ਜਿਸ ਕਾਰਨ ਲੋਕ ਪਾਣੀ ਪ੍ਰਾਪਤ ਕਰਨ ਲਈ ਬਹੁਤ ਤੰਗ ਹੁੰਦੇ ਹਨ। ਮੈਂ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਪਾਣੀ ਲਈ ਡਬਲ ਮੋਟਰਾਂ ਦਾ ਪ੍ਰਬੰਧ ਕੀਤਾ ਜਾਵੇ। ਪਹਿਲਾਂ ਪਿੰਡਾਂ ਦੀ ਅਬਾਦੀ ਬਹੁਤ ਘੱਟ ਹੁੰਦੀ ਸੀ, ਹੁਣ ਪਿੰਡਾਂ ਦੀ ਅਬਾਦੀ ਵੱਧ ਚੁੱਕੀ ਹੈ। ਪਹਿਲਾਂ ਜਿਹੜੀਆਂ ਪਾਈਪਾਂ ਪਈਆਂ ਹੋਈਆਂ ਹਨ, ਉਹ ਚਾਰ ਇੰਚ ਦੀਆਂ ਪਾਈਪਾਂ ਹਨ, ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਥਾਂ ਤੇ ਵੱਧ ਚੌੜਾਈ ਦੀਆਂ ਪਾਈਪਾਂ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਲਈ ਪਾਈਆਂ ਜਾਣ ਜੀ।

**ਮਾਨਯੋਗ ਸਪੀਕਰ:** ਰੂਬੀ ਜੀ ਨੇ ਵੀ ਜਨਰਲ ਗੱਲ ਕੀਤੀ ਹੈ ਅਤੇ ਤੁਸੀਂ ਵੀ ਜਨਰਲ ਗੱਲ ਹੀ ਕੀਤੀ ਹੈ। ਇਸ ਦਾ ਵੱਖਰਾ ਸਵਾਲ ਬਣਦਾ ਹੈ।

-----

## ਦੁੱਧ ਦੇ ਪ੍ਰਤੀ ਕਿਲੋ ਫੈਟ ਦੇ ਰੇਟ ਵਿੱਚ ਇਕਸਾਰਤਾ ਲਿਆਉਣਾ

***1442. ਸਰਦਾਰ ਸੁਖਪਾਲ ਸਿੰਘ ਖਹਿਰਾ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਵੇਰਕਾ ਮਿਲਕ ਪਲਾਂਟਾਂ ਵਿੱਚ ਦੁੱਧ ਦੇ ਪ੍ਰਤੀ ਕਿਲੋ ਫੈਟ ਦੇ ਰੇਟ ਵੱਖ-ਵੱਖ ਹਨ ਜਿਵੇਂ ਕਿ ਫਿਰੋਜ਼ਪੁਰ ਵਿੱਚ 460, ਪਟਿਆਲਾ ਵਿੱਚ 510, ਸੰਗਰੂਰ ਵਿੱਚ 510, ਲੁਧਿਆਣਾ ਵਿੱਚ 580 ਅਤੇ ਮੋਹਾਲੀ ਵਿੱਚ 620;

(ਅ) ਜੇਕਰ ਉਪਰਕੋਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਕੀ ਪ੍ਰਤੀ ਕਿਲੋ ਫੈਟ ਰੇਟ ਵਿੱਚ ਇਕਸਾਰਤਾ ਲਿਆਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** (ੳ) ਹਾਂ ਜੀ।

(ਅ) ਨਹੀਂ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਹ ਸਪੁਰੀਅਸ ਦੁੱਧ ਨਾਲ ਕੁਨੈਕਟਿਡ ਮਾਮਲਾ ਹੈ ਔਰ ਵੇਰਕਾ ਮਿਲਕ ਪਲਾਂਟ ਵਿੱਚ ਵੱਡੇ ਪੱਧਰ ਤੇ ਧਾਂਦਲੀ ਹੋਈ ਹੈ। ਇਹ 200 ਕਰੋੜ ਰੁਪਏ ਦਾ ਸਕੈਂਡਲ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਨੇ ਉਥੇ ਜਾ ਕੇ ਉਠਾਇਆ ਹੈ। ਉਨ੍ਹਾਂ ਨੇ ਫੈਟ ਦੇ ਸੈਂਪਲਜ਼ ਵੇਰਕਾ ਮਿਲਕ ਪਲਾਂਟ ਦੀ ਲੈਬੋਰਟਰੀ ਵਿਚੋਂ ਚੁੱਕ ਕੇ ਸਾਰਾ ਕੁਝ ਜੱਗ ਜ਼ਾਹਰ ਕਰ ਦਿੱਤਾ ਹੈ। ਅਨਫਾਰਚੂਨੇਟਲੀ ਇਸ ਤੇ ਅੱਜ ਤੱਕ ਕੋਈ ਪੁਖਤਾ ਐਕਸ਼ਨ ਨਹੀਂ ਹੋਇਆ। ਲੋਕ ਨਕਲੀ ਪਨੀਰ ਖਾ ਰਹੇ ਹਨ ਅਤੇ ਨਕਲੀ ਦੁੱਧ ਪੀ ਰਹੇ ਹਨ ਤੇ ਸਬਜ਼ੀਆਂ ਵੀ ਨਕਲੀ ਖਾ ਰਹੇ ਹਨ ਜੀ। ਦੁੱਧ ਨਾਲ ਰਿਲੇਟਡ ਸਾਰੀਆਂ ਆਈਟਮਜ਼ .....

**ਮੰਤਰੀ:** ਸਪੀਕਰ ਸਾਹਿਬ, ਇਹ ਸਵਾਲ ਨਾਲ ਰਿਲੇਟਡ ਗੱਲ ਕਰਨ ਜੀ, ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਹੈ, ਉਸ ਬਾਰੇ ਗੱਲ ਕਰਨ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਦਾਰ ਸਿਮਰਜੀਤ ਸਿੰਘ ਬੈਂਸ ਨੇ ਇਸ ਇਸ਼ੂ ਨੂੰ ਬਹੁਤ ਜ਼ੋਰਦਾਰ ਢੰਗ ਨਾਲ ਉਠਾਇਆ ਹੈ। ਪਲੀਜ਼, ਉਨ੍ਹਾਂ ਨੂੰ ਸਪਲੀਮੈਂਟਰੀ ਕਰਨ ਲਈ ਅਲਾਉ ਕੀਤਾ ਜਾਵੇ।

**ਮਾਨਯੋਗ ਸਪੀਕਰ:** ਉਹ ਆਪਣੀ ਸਪਲੀਮੈਂਟਰੀ ਕਰ ਲੈਣਗੇ। ਤੁਸੀਂ ਆਪਣੀ ਗੱਲ ਕਰੋ। ਉਹ ਸਪਲੀਮੈਂਟਰੀ ਮੰਗਣਗੇ ਤਾਂ ਅਸੀਂ ਉਨ੍ਹਾਂ ਨੂੰ ਸਮਾਂ ਦੇਵਾਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਤਾਂ ਦੱਸ ਦਿੱਤਾ ਕਿ ਆਹ ਇੰਨਾ ਕੁਝ ਹੋਇਆ ਹੈ। ਇੰਨੀ ਲੁੱਟ ਹੋਈ ਹੈ, ਮੰਤਰੀ ਜੀ ਦੱਸ ਦੇਣ ਕਿ ਉਸ ਤੇ ਕੀ ਐਕਸ਼ਨ ਹੋਇਆ ਹੈ?

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਜਿਹੜਾ ਹੈ, ਮੈਂ ਜਵਾਬ ਤਾਂ ਉਸ ਦਾ ਹੀ ਦੇਵਾਂਗਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੰਤਰੀ ਜੀ, ** ** ਗੱਲ ਠੱਗੀ-ਠੋਰੀ ਦੀ ਹੈ, ਗੱਲ ਸਪੁਰੀਅਸ ਮਿਲਕ ਦੀ ਹੈ, ਗੱਲ ਫੇਕ ਪਨੀਰ ਦੀ ਹੈ, ਗੱਲ ਜਾਨਾਂ ਦੀ ਹੈ, ਗੱਲ ਪੰਜਾਬ ਦੀ, ਇਨਸਾਨੀਅਤ ਦੀ ਹੈ। ਇਕ ਬੜੇ ਵੱਡੇ 200 ਕਰੋੜ ਰੁਪਏ ਦੇ ਸਕੈਂਡਲ ਦੀ ਗੱਲ ਉੱਠੀ ਸੀ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਸਵਾਲ ਪੜ੍ਹ ਕੇ ਸੁਣਾ ਦੇਵਾਂ ਜੀ? ** **

**ਮਾਨਯੋਗ ਸਪੀਕਰ:** ਇਹ ਦੇਖਣਾ ਪਵੇਗਾ ਕਿ ਕਿਹੜੇ ਆਫ਼ਿਸ ਨੇ ਕੀਤਾ ਹੈ। (ਵਿਘਨ)

**ਮੰਤਰੀ:** ਇਹ ਤਾਂ ਫਿਰ ਦੇਖਣਾ ਹੀ ਪਵੇਗਾ ਜੀ। ਇਨ੍ਹਾਂ ਨੇ ਕਿਹਾ ਹੈ ਕਿ ਤੋੜ-ਮਰੋੜ ਕੇ ਕੀਤਾ ਗਿਆ ਹੈ। ਇਨ੍ਹਾਂ ਨੇ ਮੇਰੇ ਕੋਲ ਸਵਾਲ ਕੀਤਾ ਹੈ ਕਿ :-

---

** Expunged as ordered by the Hon'ble Speaker.

(ੳ) ਕੀ ਇਹ ਠੀਕ ਹੈ ਕਿ ਵੇਰਕਾ ਮਿਲਕ ਪਲਾਂਟਾਂ ਵਿੱਚ ਦੁੱਧ ਦੇ ਪ੍ਰਤੀ ਕਿਲੋ ਫੈਟ ਦੇ ਰੇਟ ਵੱਖ ਵੱਖ ਹਨ ਜਿਵੇਂ ਕਿ ਫਿਰੋਜ਼ਪੁਰ ਵਿੱਚ 460, ਪਟਿਆਲਾ ਵਿੱਚ 510, ਸੰਗਰੂਰ ਵਿੱਚ 510, ਲੁਧਿਆਣਾ ਵਿੱਚ 580 ਅਤੇ ਮੋਹਾਲੀ ਵਿੱਚ 620;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਕੀ ਪ੍ਰਤੀ ਕਿਲੋ ਫੈਟ ਰੇਟ ਵਿਚ ਇਕਸਾਰਤਾ ਲਿਆਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਮੇਰੇ ਕੋਲ ਇਹ ਸਵਾਲ ਆਇਆ ਹੈ ਜੀ। ਜੇ ਇਹ ਦੂਸਰੇ ਬਾਰੇ ਸਵਾਲ ਵਿੱਚ ਪਾ ਦਿੰਦੇ ਤਾਂ ਮੈਂ ਜ਼ਰੂਰ ਉਸ ਦਾ ਜਵਾਬ ਦਿੰਦਾ ਜੀ। ਜੇਕਰ ਅੱਗੋਂ ਪੁੱਛੀ ਜਾਣਗੇ ਤਾਂ ਮੈਂ ਜਵਾਬ ਦੇਈ ਜਾਵਾਂਗਾ। ਇਨ੍ਹਾਂ ਦੇ ਸਵਾਲ ਦੇ ਜਵਾਬ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਪ੍ਰੈਜ਼ੈਂਟ ਪ੍ਰਸ਼ਨ ਵਿੱਚ ਦਰਸਾਏ ਗਏ ਜਿਹੜੇ ਰੇਟ ਦੱਸੇ ਹਨ, ਇਹ ਸਹੀ ਹਨ।.....(ਵਿਘਨ) ਸਵਾਲ ਤੁਹਾਡਾ ਹੈ, ਆਪ ਲੜਾਈ ਕਰੋ, ਉਧਰ ਇਸ਼ਾਰਾ ਨਾ ਕਰੀ ਜਾਵੋ। ਪਹਿਲੀ ਸਤੰਬਰ ਤੋਂ ਫਰੀਦਕੋਟ, ਫਿਰੋਜ਼ਪੁਰ ਅਤੇ ਬਠਿੰਡਾ ਵਿੱਚ ਮੱਝ ਦੇ ਦੁੱਧ ਦਾ ਪ੍ਰਤੀ ਕਿਲੋ ਫੈਟ ਦੇ ਹਿਸਾਬ ਨਾਲ ਰੇਟ 510/- ਤੋਂ 530/- ਤੱਕ ਹੋ ਗਿਆ ਹੈ ਜੀ। ਗਾਵਾਂ ਦੇ ਦੁੱਧ ਦਾ ਪ੍ਰਤੀ ਕਿਲੋ ਫੈਟ ਦੇ ਹਿਸਾਬ ਨਾਲ ਜਿਹੜਾ ਰੇਟ ਹੈ, ਉਹ 440/- ਤੋਂ 500/- ਰੁਪਏ ਹੈ। ਪਟਿਆਲਾ, ਸੰਗਰੂਰ, ਗੁਰਦਾਸਪੁਰ, ਹੁਸ਼ਿਆਰਪੁਰ ਵਿੱਚ 530/- ਤੋਂ 580/- ਹੈ ਅਤੇ ਲੁਧਿਆਣਾ 560/- ਅਤੇ 530/- ਹੈ। ਮੋਹਾਲੀ ਵਿਚ ਰੇਟ 600/- ਅਤੇ 570/- ਹੈ। ਅੰਮ੍ਰਿਤਸਰ ਵਿਚ 540/- ਅਤੇ 500/- ਰੁਪਏ, ਜਲੰਧਰ ਵਿਚ 585/- ਅਤੇ 560/- ਹੈ। ਸਪੀਕਰ ਸਾਹਿਬ, ਇਹ ਜਿਹੜੀਆਂ ਮਿਲਕ ਯੂਨੀਅਨਜ਼ ਹਨ, ਇਹ ਸਿੱਧੀਆਂ ਮਿਲਕਫੈੱਡ ਦੇ ਅਧੀਨ ਨਹੀਂ ਆਉਂਦੀਆਂ। ਵੱਖ-ਵੱਖ ਪਲਾਂਟਾਂ ਦੀਆਂ ਆਪਣੀਆਂ-ਆਪਣੀਆਂ ਯੂਨੀਅਨਜ਼ ਬਣੀਆਂ ਹੁੰਦੀਆਂ ਹਨ। ਉਹ ਦੁੱਧ ਦੇ ਰੇਟ ਦਾ ਫ਼ੈਸਲਾ ਕਰਦੇ ਹਨ। ਇੱਥੇ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਵਿੱਤੀ ਕਰਾਈਸਿਸ ਹੋਣ ਕਰਕੇ ਇਨ੍ਹਾਂ ਨੇ ਸਾਨੂੰ ਪਿਛਲੇ ਦਿਨੀਂ ਹੀ 90 ਕਰੋੜ ਰੁਪਿਆ ਦਿੱਤਾ ਹੈ। ਇਸ ਨਾਲ ਜਿਹੜੀ ਕਿਸਾਨਾਂ ਦੀ ਪੇਮੈਂਟ ਰੁਕੀ ਹੋਈ ਸੀ, ਅਸੀਂ ਉਸ ਵਿਚ ਇਕਸਾਰਤਾ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਦੂਸਰੀ ਗੱਲ, ਜਿਹੜੇ ਇਹ ਮਿਲਕ ਪਲਾਂਟ ਹਨ, ਇਨ੍ਹਾਂ ਵਿਚ ਸ਼ੂਗਰ ਫੈੱਡ ਜਾਂ ਪੰਜਾਬ ਸਰਕਾਰ ਦਾ ਕੋਈ ਬਹੁਤਾ ਸ਼ੇਅਰ ਨਹੀਂ ਹੈ, ਸਾਡਾ ਕਿਸੇ ਪਲਾਂਟ ਵਿਚ ਸ਼ੇਅਰ ਨਹੀਂ ਹੈ। ਸਿਰਫ਼ ਬਠਿੰਡਾ ਦੇ ਇਕ ਪਲਾਂਟ ਵਿਚ 33 ਫ਼ੀਸਦੀ ਸ਼ੇਅਰ ਹੈ। ਇਹ ਜ਼ਰੂਰ ਹੈ ਕਿ ਪਿੱਛੇ ਜਿਹੇ ਪੰਜਾਬ ਡੇਅਰੀ ਫ਼ਾਰਮਰਜ਼ ਐਸੋਸੀਏਸ਼ਨ ਨੇ ਪੰਜਾਬ ਡੇਅਰੀ ਡੈਡੀਕੇਟਡ ਫੰਡ ਕਾਇਮ ਕਰਨ ਲਈ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਹੈ, ਇਥੇ

ਸਾਡੇ ਐਨੀਮਲ ਹਸਬੈਂਡਰੀ ਮੰਤਰੀ ਜੀ ਵੀ ਬੈਠੇ ਹਨ ਪਰ ਇਸ ਵਿਚ ਕੁਝ ਸਮਾਂ ਲੱਗੇਗਾ। ਅਸੀਂ ਵੀ ਚਾਹੁੰਦੇ ਹਾਂ ਕਿ ਸਾਰੇ ਪੰਜਾਬ ਵਿਚ ਦੁੱਧ ਦੇ ਰੇਟਾਂ ਵਿਚ ਇਕ ਯੂਨੀਫ਼ਾਰਮਿਟੀ ਲਿਆਂਦੀ ਜਾਵੇ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਵੇਰਕਾ ਵੱਲੋਂ ਹਰ ਰੋਜ਼ ਤਕਰੀਬਨ 11 ਲੱਖ ਲੀਟਰ ਦੁੱਧ ਪੈਕਟਾਂ ਵਿਚ ਬੰਦ ਕਰਕੇ ਲੋਕਾਂ ਨੂੰ ਸਪਲਾਈ ਕੀਤਾ ਜਾਂਦਾ ਹੈ। ਦੋ ਤਰ੍ਹਾਂ ਦਾ ਦੁੱਧ ਹੁੰਦਾ ਹੈ, ਇਕ ਸੁੱਕਾ ਦੁੱਧ ਅਤੇ ਦੂਜਾ ਫੈਟ ਵਾਲਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵੇਰਕਾ ਦੇ ਦੁੱਧ ਦੇ ਪੈਕਟ ਤੇ ਫੈਟ 4.5 ਅਤੇ ਐਸ.ਐਨ.ਐਫ. 8.5 ਲਿਖਿਆ ਹੁੰਦਾ ਹੈ ਪਰ ਅਸਲ ਵਿਚ ਨਿਕਲਦਾ ਕੁਝ ਹੋਰ ਹੈ। ਪੰਜਾਬ ਦੇ ਵੱਖ-ਵੱਖ ਵੇਰਕਾ ਪਲਾਂਟਾਂ ਤੋਂ ਟੈਸਟ ਕਰਵਾਏ ਗਏ ਤਾਂ ਕਿਤੇ ਇਹ ਫੈਟ 3.9 ਨਿਕਲੀ ਅਤੇ ਕਿਤੇ ਐਸ.ਐਨ.ਐਫ. 7.8 ਨਿਕਲਿਆ। ਇਸ ਦਾ ਮਤਲਬ ਸਾਢੇ ਪੰਜ ਰੁਪਏ ਤੋਂ ਲੈ ਕੇ ਤਕਰੀਬਨ 7/- ਰੁਪਏ ਪ੍ਰਤੀ ਲੀਟਰ ਤੱਕ ਪੰਜਾਬ ਦੇ ਲੋਕਾਂ ਦੀ ਜੇਬ ਕੱਟੀ ਜਾ ਰਹੀ ਹੈ ਅਤੇ ਦੂਜੇ ਪਾਸੇ ਕਿਸਾਨਾਂ ਨਾਲ ਠੱਗੀ ਮਾਰੀ ਜਾ ਰਹੀ ਹੈ। ਜਿਹੜੀ ਮੰਤਰੀ ਜੀ ਨੇ ਗੱਲ ਕੀਤੀ ਹੈ ਕਿ ਕਿਸਾਨਾਂ ਦੇ ਬਹੁਤ ਸਾਰੇ ਪੈਸੇ ਦੇਣ ਵਾਲੇ ਪਏ ਹਨ। ਮੈਂ ਪਿੱਛੇ ਜਿਹੇ ਇਸ ਸਬੰਧ ਵਿਚ ਇਕ ਡੈਪੂਟੇਸ਼ਨ ਵੀ ਮੰਤਰੀ ਜੀ ਕੋਲ ਭੇਜਿਆ ਸੀ। ਇਕ ਜਨਾਨੀ ਨੇ ਮਿਲਕ ਯੂਨੀਅਨ ਵਾਲੇ ਬੰਦੇ ਦਾ ਸਿਰ ਪਾੜ ਦਿੱਤਾ, ਉਹ ਜਨਾਨੀ ਸਿਰਫ਼ ਦੋ ਲੀਟਰ ਦੁੱਧ ਡੇਅਰੀ ਵਿਚ ਪਾਉਣ ਆਉਂਦੀ ਹੈ।

**ਮਾਨਯੋਗ ਸਪੀਕਰ:** ਤੁਸੀਂ ਜਾਣਕਾਰੀ ਕੀ ਲੈਣਾ ਚਾਹੁੰਦੇ ਹੋ?

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਇਹ ਬੜਾ ਅਹਿਮ ਮੁੱਦਾ ਹੈ, ਤੁਸੀਂ ਪਲੀਜ਼ ਦੋ ਮਿੰਟ ਤਾਂ ਦਿਓ। ਵੇਰਕਾ ਮਿਲਕ ਪਲਾਂਟ ਲੁਧਿਆਣਾ ਨੇ ਦਿੱਲੀ ਵਿਚ 9 ਟੈਂਕਰ ਦੁੱਧ ਭੇਜਿਆ ਅਤੇ ਉਨ੍ਹਾਂ 9 ਟੈਂਕਰਾਂ ਦੇ ਸੈਂਪਲ ਫੇਲ੍ਹ ਹੋ ਗਏ। ਟੈਂਕਰ ਦਿੱਲੀ ਤੋਂ ਵਾਪਸ ਆ ਗਏ ਪਰੰਤੂ ਉਹ ਦੁੱਧ ਖੱਟਾ ਹੋ ਗਿਆ ਕਿਉਂਕਿ ਦੁੱਧ ਚੌਥੇ ਦਿਨ ਵਾਪਸ ਆਇਆ ਸੀ। ਮੇਰੇ ਕੋਲ ਵੀਡਿਓ ਹੈ, ਮੈਂ ਸਭ ਕੁਝ ਦਿਖਾ ਸਕਦਾਂ ਹਾਂ। ਜਦੋਂ ਉਹ 9 ਟੈਂਕਰ ਵਾਪਸ ਲੁਧਿਆਣਾ ਵੇਰਕਾ ਮਿਲਕ ਪਲਾਂਟ ਆਏ ਤਾਂ ਦੁੱਧ ਦਾ ਖੱਟਾਪਣ ਦੂਰ ਕਰਨ ਲਈ ਕਾਸਟਿਕ ਸੋਡਾ ਰਲਾਇਆ ਗਿਆ। ਮੇਰੇ ਕੋਲ ਕਾਸਟਿਕ ਸੋਡਾ ਰਲਾਉਂਦੇ ਮੁਲਾਜ਼ਮਾਂ ਦੀਆਂ ਵੀਡਿਓਜ਼ ਹਨ। ਉਸ ਦੁੱਧ ਦਾ ਖੱਟਾਪੰਨ ਦੂਰ ਕਰਕੇ ਪੈਕਟਾਂ ਵਿਚ ਪਾ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਗਿਆ।

**ਮਾਨਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ?

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਸਵਾਲ ਤੇ ਹੀ ਆ ਰਿਹਾ ਹਾਂ। ਇਕ ਬਹੁਤ ਵੱਡਾ ਮਿਲਕ ਮਾਫ਼ੀਆ ਚੱਲ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਸਰਕਾਰ ਵਿੱਚ ਆਉਂਦੇ ਸਾਰ 5 ਸਤੰਬਰ, 2017 ਨੂੰ ਮਿਲਕ ਪਲਾਂਟ ਦੇ ਐਮ.ਡੀ. ਦੀ ਬਦਲੀ ਕੀਤੀ ਪਰ ਦੋ ਘੰਟਿਆਂ ਵਿਚ ਉਸ ਦੀ ਟਰਾਂਸਫ਼ਰ ਕੈਂਸਲ ਕਰਨੀ ਪਈ। ਉਹ ਐਨਾ ਪਾਵਰਫੁੱਲ ਹੈ? ਇਹ ਪੰਜਾਬ ਵਿਚ ਲੋਕਾਂ ਦੀ ਜੇਬ ਕੱਟਣ ਲਈ ਮਾਫ਼ੀਆ ਬਣਿਆ ਹੋਇਆ ਹੈ

**ਮਾਨਯੋਗ ਸਪੀਕਰ:** ਤੁਸੀਂ ਸਵਾਲ ਨਹੀਂ ਪੁੱਛ ਰਹੇ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਸਵਾਲ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਦੁੱਧ ਦੇ ਪੈਕਟ ਤੇ ਫੈਟ 4.5 ਅਤੇ 8.5 ਐਸ.ਐਨ.ਐਫ. ਲਿਖਿਆ ਹੁੰਦਾ ਹੈ, ਕੀ ਉਸ ਫੈਟ ਨੂੰ ਪੂਰਾ ਕਰਨ ਲਈ ਉਸ ਤੇ ਕੋਈ ਕਾਰਵਾਈ ਕਰਨਗੇ? ਮੇਰੀ ਰਿਪੋਰਟ ਤਾਂ ਝੂਠੀ ਹੋ ਸਕਦੀ ਹੈ ਪਰ ਇਹ ਮੰਤਰੀ ਸਾਹਿਬ ਦੇ ਮਹਿਕਮੇ ਦੀ ਆਡਿਟ ਰਿਪੋਰਟ ਮੇਰੇ ਕੋਲ ਹੈ। ਜਿਹੜੀ ਫੈਟ ਤੇ ਐਸ.ਐਨ.ਐਫ. ਘੱਟ ਪਾਈ ਗਈ ਹੈ, ਵੇਰਕਾ ਮਿਲਕ ਪਲਾਂਟ, ਲੁਧਿਆਣਾ ਦੀ ਤਿੰਨ ਮਹੀਨੇ ਦੀ ਆਡਿਟ ਰਿਪੋਰਟ ਅਨੁਸਾਰ ਉਸ ਦੇ ਬਣਦੇ 2 ਕਰੋੜ, 32 ਲੱਖ, 99 ਹਜ਼ਾਰ, 890 ਰੁਪਏ ਨੂੰ ਤੁਸੀਂ ਵੇਰਕਾ ਵੱਲੋਂ ਰੋਜ਼ਾਨਾ ਸਪਲਾਈ ਕੀਤੇ ਜਾਣ ਵਾਲੇ 11 ਲੱਖ ਲੀਟਰ ਨਾਲ ਗੁਣਾ ਕਰ ਲਓ।

**ਮਾਨਯੋਗ ਸਪੀਕਰ:** ਬੈਂਸ ਸਾਹਿਬ, ਤੁਸੀਂ ਬੈਠੋ। ਮੰਤਰੀ ਜੀ ਤੁਸੀਂ ਜਵਾਬ ਦਿਓ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਮੇਰਾ ਸਵਾਲ ਤਾਂ ਪੂਰਾ ਹੋ ਲੈਣ ਦਿਓ ਜੀ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਜਿਹੜਾ ਸਵਾਲ ਤੁਸੀਂ ਪੁੱਛਿਆ ਹੈ, ਉਸ ਦਾ ਜਵਾਬ ਲੈ ਲਓ। ਇਹ ਜਿਹੜੀ ਵੇਰੀਏਸ਼ਨ ਹੈ, ਇਸ ਦੇ ਬਾਰੇ ਦੱਸ ਦਿਓ ਜੀ। ਰੰਧਾਵਾ ਜੀ, ਇਹ ਜਿਹੜੀ ਵੇਰੀਏਸ਼ਨ ਹੈ, ਇਸ ਬਾਰੇ ਤੁਸੀਂ ਦੱਸ ਦਿਓ ਜੀ।

**ਮੰਤਰੀ:** ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਇਹ ਜਿਸ ਵੇਲੇ ਉਥੇ ਗਏ, ਇੰਨਾ ਹਜੂਮ ਲੈ ਕੇ ਸਰਕਾਰੀ ਦਫ਼ਤਰਾਂ ਵਿੱਚ ਜਾਣ ਦਾ ਕੋਈ ਮਤਲਬ ਨਹੀਂ ਹੈ।(ਵਿਘਨ) ਐਮ.ਐਲ.ਏ ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣ ਲਓਗੇ ਕਿ ਨਹੀਂ?

**ਸਰਦਾਰ ਸਿਮਰਜੀਤ ਸਿੰਘ ਬੈਂਸ:** ** **

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ। ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

---

** Expunged as ordered by the Chair.

**ਮੰਤਰੀ :** ਐਮ.ਐਲ.ਏ ਸਾਹਿਬ, (ਸਰਦਾਰ ਸਿਮਰਜੀਤ ਸਿੰਘ ਬੈਂਸ ਨੂੰ ਸੰਬੋਧਨ ਕਰਦੇ ਹੋਏ) ਇੱਕ ਮਿੰਟ ਮੇਰੀ ਗੱਲ ਸੁਣ ਲਓ। ਪਹਿਲਾਂ ਤੁਸੀਂ ਹੀ ਬੋਲ ਲਓ, ਮੈਂ ਬੈਠ ਜਾਂਦਾ ਹਾਂ। ਇਨ੍ਹਾਂ ਨੂੰ ਹੀ ਅੱਜ ਸੁਣ ਲਓ ਜੀ। ਇਹ ਜਵਾਬ ਸੁਣਨ ਨੂੰ ਹੀ ਤਿਆਰ ਨਹੀਂ ਹਨ।

**ਮਾਨਯੋਗ ਸਪੀਕਰ :** ਬੈਠ ਜਾਓ ਜੀ। ਹੁਣ ਗੱਲ ਸੁਣ ਲਓ।(ਵਿਘਨ)

**ਸਰਦਾਰ ਸਿਮਰਜੀਤ ਸਿੰਘ ਬੈਂਸ:** ** **

**ਸਰਦਾਰ ਹਰਪ੍ਰਤਾਪ ਸਿੰਘ :** ** **

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਸਮੇਤ ਸਰਦਾਰ ਹਰਪ੍ਰਤਾਪ ਸਿੰਘ ਬਾਰੇ ਗਲਤ ਸ਼ਬਦਾਵਲੀ ਦੀ ਵਰਤੋਂ ਦੇ ਵਿਰੋਧ ਵਿੱਚ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ। ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਬੈਠੋ ਜੀ, ਬੈਠੋ.... ਬੈਠੋ.... ਬੈਠੋ... ਬੈਠੋ... ਬੈਠੋ.... ਬੈਠੋ.... ਬੈਠੋ। ਐਕਸਪੰਜ ਕੀਤਾ ਜਾਵੇ। It is unparliamentary. ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਿਹਾ ਗਿਆ ਹੈ, ਦਰਜ ਨਾ ਕੀਤਾ ਜਾਵੇ।

**ਮੰਤਰੀ:** ਸਰ, ਹਰ ਆਫ਼ਿਸ ਵਿੱਚ ਜਾ ਕੇ ਇਸ ਤਰ੍ਹਾਂ ਦੀ ** ** ਹੁੰਦੀ ਹੈ।

**Mr. Speaker :** This is unparliamentary. ਇਹ ** ** ਸ਼ਬਦ ਐਕਸਪੰਜ ਕੀਤਾ ਜਾਵੇ। ਜੋ ਕੁਝ ਵੀ ਅਨਪਾਰਲੀਮੈਂਟਰੀ ਕਿਹਾ ਹੈ, ਉਸ ਨੂੰ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਇਸ ਨੇ ਗਲਤ ਲਫ਼ਜ਼ ਵਰਤੇ ਹਨ, ਇਸ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਅਤੇ ਲੋਕ ਇਨਸਾਫ਼ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ। ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਭਾਸ਼ਾ ਠੀਕ ਨਹੀਂ ਹੈ... ਭਾਸ਼ਾ ਠੀਕ ਨਹੀਂ ਹੈ। ਬੈਠੋ... ਬੈਠੋ... ਬੈਠੋ... ਬੈਠੋ। ਸਾਰਾ ਐਕਸਪੰਜ ਕਰ ਦਿੱਤਾ ਹੈ। ਬੈਠੋ... ਬੈਠੋ... ਬੈਠੋ... ਬੈਠੋ। ਬੈਠੋ... ਬੈਠੋ... ਬੈਠੋ... ਬੈਠੋ। ਰੰਧਾਵਾ ਜੀ, ਕੀ ਤੁਸੀਂ ਕੋਈ ਜਵਾਬ ਦੇਣਾ? ਅਗਲਾ ਸਵਾਲ, ਸਰਦਾਰ ਨਿਰਮਲ ਸਿੰਘ ਜੀ। (ਵਿਘਨ) (ਸ਼ੋਰ)

---

** Not recorded/expunged as ordered by the Chair.

**ਮੰਤਰੀ:** ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਦੇਣਾ ਹੈ, ਮੈਂ ਜਵਾਬ ਦੇਣਾ ਹੈ।

**ਮਾਨਯੋਗ ਸਪੀਕਰ:** ਦਿਓ ਜਵਾਬ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਇੱਕ ਮਿੰਟ ਗੱਲ ਸੁਣੋ ਜੀ।

**ਮਾਨਯੋਗ ਸਪੀਕਰ:** ਤੁਸੀਂ ਤਾਂ ਉਧਰ ਹੈਂਡ ਓਵਰ ਕਰ ਦਿੱਤਾ ਹੈ, ਤੁਸੀਂ ਸਵਾਲ ਹੈਂਡ ਓਵਰ ਕਰ ਦਿੱਤਾ ਹੈ, ਤੁਸੀਂ ਹੈਂਡ ਓਵਰ ਕਰ ਦਿੱਤਾ ਹੈ। ਭਾਸ਼ਣ ਨਾ ਕਰੋ। ਕੁਐਸਚਨ ਆਵਰ ਵਿੱਚ ਭਾਸ਼ਣ ਨਹੀਂ ਚੱਲੇਗਾ। ਖਹਿਰਾ ਸਾਹਿਬ, ਤੁਸੀਂ ਸਿਰਫ਼ ਸਵਾਲ ਪੁੱਛ ਸਕਦੇ ਹੋ। ਮੰਤਰੀ ਸਾਹਿਬ ਨੂੰ ਜਵਾਬ ਦੇ ਲੈਣ ਦਿਓ। ਰੰਧਾਵਾ ਜੀ ਨੂੰ ਜਵਾਬ ਦੇ ਦੇਣ ਦਿਓ ਜੀ, ਰੰਧਾਵਾ ਜੀ ਨੂੰ ਜਵਾਬ ਦੇ ਦੇਣ ਦਿਓ ਜੀ। ਇਨ੍ਹਾਂ ਨੂੰ ਜਵਾਬ ਦੇ ਦਿਓ ਜੀ। ਹਾਂ ਜੀ, ਸ਼੍ਰੀ ਬ੍ਰਹਮ ਮਹਿੰਦਰਾ ਜੀ।

**ਸੰਸਦੀ ਮਾਮਲੇ ਮੰਤਰੀ:** ਸਪੀਕਰ ਸਾਹਿਬ, ਮੈਂ ਕੱਲ੍ਹ ਵੀ ਤੁਹਾਨੂੰ ਰਿਕੁਐਸਟ ਕੀਤੀ ਸੀ ਕਿ ਹਾਊਸ ਦੇ ਵਿੱਚ ਇਨ੍ਹਾਂ ਗੱਲਾਂ ਦਾ ਮਿਆਰ ਬਹੁਤ ਹੀ ਗਿਰਦਾ ਜਾ ਰਿਹਾ ਹੈ। ਇਹੋ ਜਿਹੀ ਭਾਸ਼ਾ ਬਿਲਕੁਲ ਵਾਜਬ ਨਹੀਂ ਹੈ, ਇਹ ਚੰਗਾ ਨਹੀਂ ਲਗਦਾ ਹੈ। ਇਹ ਜਿਹੜੇ ਸ਼ਬਦ ਕਹੇ ਹਨ, ਤੁਸੀਂ ਵੀ ਸੁਣੇ ਹਨ, ਤੁਸੀਂ ਐਕਸਪੰਜ ਕਰਨ ਨੂੰ ਤਾਂ ਕਹਿ ਦਿੱਤਾ ਹੈ। What kind of language is this? Is it acceptable in this House?

**Mr. Speaker:** No, this is not acceptable.

**ਸੰਸਦੀ ਮਾਮਲੇ ਮੰਤਰੀ:** ਤੁਸੀਂ ਐਕਸਪੰਜ ਕਰਵਾ ਦਿੱਤਾ ਪਰ ਇਸ ਗੱਲ ਤੇ ਰੋਕ ਕਿਵੇਂ ਲੱਗੇਗੀ? ਸਰ, ਇਹੋ ਜਿਹੀਆਂ ਗੱਲਾਂ ਤੇ ਰੋਕ ਕਿਵੇਂ ਲੱਗੇਗੀ? ਇਸ ਤੇ ਰੋਕ ਲਾਓ, ਮੁਆਫ਼ੀ ਵਾਲੀ ਗੱਲ ਨਾ ਕਰੋ ਜੀ ਕਿ ਇਸ ਤਰ੍ਹਾਂ ਦੀ ਕੋਈ ਗੱਲ ਆਵੇ। ਇਸ ਤਰ੍ਹਾਂ ਗੱਲ ਨਹੀਂ ਚੱਲਣੀ। ਸਰ, ਐਕਸਪੰਜ ਕਰਨ ਨਾਲ ਗੱਲ ਨਹੀਂ ਚੱਲਣੀ, ਐਕਸਪੰਜ ਕਰਨ ਨਾਲ ਗੱਲ ਨਹੀਂ ਚੱਲੇਗੀ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ.......

**ਸੰਸਦੀ ਮਾਮਲੇ ਮੰਤਰੀ:** ਸਪੀਕਰ ਸਾਹਿਬ, ਅਸੀਂ ਕਿਸੇ ਦੀ ਗੱਲ ਨਹੀਂ ਸੁਣਨੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ:** ਖਹਿਰਾ ਸਾਹਿਬ, ਤੁਸੀਂ authorize ਕਰ ਦਿੱਤਾ ਹੈ, ਤੁਹਾਡੀ authorization ਮੇਰੇ ਕੋਲ ਹੈ। You have authorised. ਤੁਸੀਂ authority letter ਮੈਨੂੰ ਦੇ ਦਿੱਤਾ ਹੈ।

**ਸੰਸਦੀ ਮਾਮਲੇ ਮੰਤਰੀ:** ਸਰ, ਹਾਊਸ ਦੀ ਕੋਈ ਵੀ proceeding ਸ਼ੁਰੂ ਹੋਣ ਤੋਂ

ਪਹਿਲਾਂ ਇਸ ਗੱਲ ਤੇ ਆਪਣੀ ਰੂਲਿੰਗ ਦਿਓ ਜੀ। ਸਰ, ਇਸ ਤੇ ਰੂਲਿੰਗ ਦਿਓ ਜੀ। ਇਸ ਤਰ੍ਹਾਂ ਤਾਂ ਕੋਈ ਗੱਲ ਨਹੀਂ ਬਣਦੀ। ਇਹ ਹਰ ਕਿਸੇ ਦੇ ਵੀ ਮਗਰ ਪੈ ਜਾਂਦੇ ਹਨ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਕੁਲਤਾਰ ਸਿੰਘ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ? ਸਰਦਾਰ ਕੁਲਤਾਰ ਸਿੰਘ ਜੀ ਦੀ ਗੱਲ ਸੁਣ ਲਓ ਜੀ.... ਸਰਦਾਰ ਕੁਲਤਾਰ ਸਿੰਘ ਜੀ ਦੀ ਗੱਲ ਸੁਣ ਲਓ ਜੀ।(ਵਿਘਨ).... ਤੁਹਾਡੀ ਵੀ ਬਾਅਦ ਵਿੱਚ ਸੁਣ ਲੈਂਦੇ ਹਾਂ ਪਹਿਲਾਂ ਤੁਸੀਂ ਸਰਦਾਰ ਕੁਲਤਾਰ ਸਿੰਘ ਜੀ ਦੀ ਗੱਲ ਸੁਣ ਲਓ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ, ਲੋਕ ਇਨਸਾਫ਼ ਪਾਰਟੀ ਦੇ ਦੋਵੇਂ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ। ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਸਰਦਾਰ ਕੁਲਤਾਰ ਸਿੰਘ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ? (ਵਿਘਨ, ਸ਼ੋਰ) ਸਰਦਾਰ ਕੁਲਤਾਰ ਸਿੰਘ ਜੀ........ ਸਰਦਾਰ ਕੁਲਤਾਰ ਸਿੰਘ ਜੀ ਦੀ ਗੱਲ ਸੁਣ ਲਉ।(ਵਿਘਨ, ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਮੁਆਫ਼ੀ ਮੰਗਵਾਉਣ ਦੀ ਮੰਗ ਕਰ ਰਹੇ ਸਨ।)

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ.......(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਬਾਅਦ ਵਿੱਚ ਸੁਣ ਲੈਂਦੇ ਹਾਂ, ਹੁਣ ਜ਼ਰਾ ਕੁਲਤਾਰ ਸਿੰਘ ਜੀ ਦੀ ਗੱਲ ਸੁਣ ਲਈਏ। (ਵਿਘਨ, ਸ਼ੋਰ) ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਪੀਕਰ ਸਾਹਿਬ, ਜਿਸ ਤਰੀਕੇ ਦੇ ਨਾਲ ਹਾਊਸ ਦੇ ਮਾਨਯੋਗ ਮੈਂਬਰਾਂ ਦਾ ਅਤੇ ਇਸ ਹਾਊਸ ਦੀ ਮਰਿਆਦਾ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ, ਮੈਂ ਬੜਾ ਆਹਤ ਹੋਇਆ ਹਾਂ.... (ਵਿਘਨ, ਸ਼ੋਰ) ਕੱਲ੍ਹ ਇੱਕ ਬਜ਼ੁਰਗ ਸਰਪੰਚ ਮੇਰੇ ਨਾਲ ਆਏ ਸੀ.... (ਵਿਘਨ, ਸ਼ੋਰ) ਵਾਪਸ ਜਾਂਦੇ ਹੋਏ ਉਨ੍ਹਾਂ ਨੇ ਮੈਨੂੰ ਇਹ ਗੱਲ ਕਹੀ ਕਿ ਇਸ ਤੋਂ ਚੰਗਾ ਡੈਕੋਰਮ ਤਾਂ ਅਸੀਂ ਪਿੰਡ ਦੀਆਂ ਪੰਚਾਇਤਾਂ ਵਿੱਚ ਰੱਖ ਲੈਂਦੇ ਹਾਂ.... (ਵਿਘਨ, ਸ਼ੋਰ) ਉਦੋਂ ਮੈਨੂੰ ਬੜੀ ਸ਼ਰਮ ਆਈ। ਇਸ ਮੁਕੱਦਸ ਹਾਊਸ ਦਾ ਮਿਆਰ, ਇੱਥੇ ਦੀ ਡਿਸਕਸ਼ਨ, ਇਹ ਹਾਊਸ ਜਿਸ ਨੇ ਪੰਜਾਬ ਦਾ .......(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਬੈਠੋ...... ਅਜਨਾਲਾ ਜੀ....... ਅਜਨਾਲਾ ਜੀ। ਬਾਕੀ ਬੈਠ ਜਾਉ।(ਵਿਘਨ, ਸ਼ੋਰ) ਅਜਨਾਲਾ ਸਾਹਿਬ।

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਤੁਸੀਂ ਮੈਨੂੰ ਮੌਕਾ ਦਿੱਤਾ ਹੈ, ਧੰਨਵਾਦ.... (ਵਿਘਨ, ਸ਼ੋਰ) ਮੈਂ ਇੱਕ ਬੇਨਤੀ ਕਰਨ ਲੱਗਿਆ ਹਾਂ। ਅਸੈਂਬਲੀ ਦੇ ਵਿੱਚ ਮੈਂ ਕਦੇ ਗਲਤ ਨਹੀਂ ਬੋਲਾਂਗਾ ਲੇਕਿਨ ਇਹ ਜਦੋਂ ਉੱਠ ਕੇ ਬੋਲਦਾ ਹੈ (ਸਰਦਾਰ ਸਿਮਰਜੀਤ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ਼ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਤਾਂ ਇਹ ਗਲਤ ਸ਼ਬਦਾਵਲੀ ਬੋਲਦਾ ਹੈ। ਇਸ ਨੇ ਇੱਕ ਅਸੈਂਬਲੀ ਦੇ ਮੈਂਬਰ ਲਈ ਜੋ ਲਫ਼ਜ਼ ਬੋਲੇ ਹਨ, ਇੱਥੇ ਲੇਡੀਜ਼ ਵੀ ਬੈਠੀਆਂ ਹਨ, ਅਸੀਂ ਇਸ ਤਰ੍ਹਾਂ ਦੇ ਗਲਤ ਲਫ਼ਜ਼ ਇਸ ਨੂੰ ਨਹੀਂ ਬੋਲੇ।(ਵਿਘਨ, ਸ਼ੋਰ) ਇਸ ਤੇ ਕਾਰਵਾਈ ਕੀਤੀ ਜਾਵੇ ਅਤੇ ਇਸ ਨੂੰ ਬਾਹਰ ਕੱਢਿਆ ਜਾਵੇ....(ਵਿਘਨ, ਸ਼ੋਰ) ਨਿੰਦਾ ਪ੍ਰਸਤਾਵ ਲਿਆਂਦਾ ਜਾਵੇ ਅਤੇ ਇਸ ਨੂੰ ਹਦਾਇਤ ਕੀਤੀ ਜਾਵੇ ਕਿ ਅੱਗੇ ਤੋਂ ਇਹ ਗਲਤ ਲਫ਼ਜ਼ ਨਹੀਂ ਬੋਲੇਗਾ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਬ੍ਰਹਮ ਮਹਿੰਦਰਾ ਜੀ। (ਵਿਘਨ, ਸ਼ੋਰ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸਪੀਕਰ ਸਾਹਿਬ, ਜਦੋਂ ਸਤਿਕਾਰਯੋਗ ਮੈਂਬਰ....... (ਵਿਘਨ, ਸ਼ੋਰ) ਸਪੀਕਰ ਸਾਹਿਬ, ਇਸ ਮਾਮਲੇ ਤੇ ਤਾਂ ਸੈਨਸ਼ਿਉਰ ਮੋਸ਼ਨ ਲਿਆਉਣੀ ਚਾਹੀਦੀ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਲਿਆਉ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, I move censure motion.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ, ਲੋਕ ਇਨਸਾਫ਼ ਪਾਰਟੀ ਦੇ ਦੋਵੇਂ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ। ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਇਸ ਤਰ੍ਹਾਂ ਸਵਾਲ ਕਿਵੇਂ ਚੱਲਣਗੇ? (ਵਿਘਨ, ਸ਼ੋਰ) ਭਾਸ਼ਣ ਨਹੀਂ ਚੱਲੇਗਾ। (ਵਿਘਨ, ਸ਼ੋਰ) ਇੱਕ ਮਿੰਟ ਬੈਠ ਜਾਉ..........ਇੱਕ ਮਿੰਟ ਬੈਠੋ, ਪਲੀਜ਼ ਬੈਠੋ। ਮੇਰੀ ਗੱਲ ਸੁਣ ਲਉ, ਪਲੀਜ਼ ਮੇਰੀ ਗੱਲ ਸੁਣ ਲਉ।(ਵਿਘਨ, ਸ਼ੋਰ) ਪਹਿਲਾਂ ਇਸ ਇਸ਼ੂ ਨੂੰ ਸੈਟਲ ਕਰ ਲਈਏ। (ਵਿਘਨ, ਸ਼ੋਰ) ਬੈਠੋ ਜੀ, ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਕੀ ਬਾਅਦ ਵਿੱਚ ਟਾਈਮ ਦੇ ਦੇਵੋਗੇ ?

**ਮਾਨਯੋਗ ਸਪੀਕਰ :** ਪਹਿਲਾਂ ਬੈਠੋ ਜੀ, ਟਾਈਮ ਦੀ ਗੱਲ ਬਾਅਦ ਵਿੱਚ ਹੈ। (ਵਿਘਨ, ਸ਼ੋਰ) ਬ੍ਰਹਮ ਮਹਿੰਦਰਾ ਜੀ, ਜਿਵੇਂ ਤੁਸੀਂ ਕਿਹਾ ਹੈ, ਇਸ ਮਸਲੇ ਨੂੰ ਵੱਖਰੇ ਤੌਰ ਤੇ ਲਵਾਂਗੇ ਲੇਕਿਨ ਮੈਂ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਜੇ ਤੁਸੀਂ ਜਵਾਬ ਦੇਣਾ ਹੈ ਤਾਂ ਦੇ ਸਕਦੇ ਹੋ। ਨਹੀਂ ਤਾਂ ਮੈਂ ਨੈਕਸਟ ਸਵਾਲ ਤੇ ਜਾਣਾ ਹੈ।(ਵਿਘਨ, ਸ਼ੋਰ)

**ਸਹਿਕਾਰਤਾ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :** ਸਪੀਕਰ ਸਾਹਿਬ, ਇਹ ਹਰ ਵਕਤ ਗਾਲਾਂ ਕੱਢਦਾ ਹੈ।(ਵਿਘਨ, ਸ਼ੋਰ) ਪਹਿਲਾਂ ਇਹ ਕੰਮ ਮੁਕਾਉ। ਜਵਾਬ ਤਾਂ ਮੇਰੇ ਕੋਲ ਪਿਆ ਹੈ। (ਵਿਘਨ, ਸ਼ੋਰ) ਜਵਾਬ ਮੈਂ ਲੈ ਕੇ ਆਇਆ ਹਾਂ ਜੀ।

**ਮਾਨਯੋਗ ਸਪੀਕਰ :** ਅਗਲਾ ਸਵਾਲ....... (ਵਿਘਨ, ਸ਼ੋਰ) ਅਗਲਾ ਸਵਾਲ, ਸਰਦਾਰ ਨਿਰਮਲ ਸਿੰਘ। (ਵਿਘਨ, ਸ਼ੋਰ)

**ਸਰਦਾਰ ਹਰਪ੍ਰਤਾਪ ਸਿੰਘ :** ਸਪੀਕਰ ਸਾਹਿਬ, ਪਹਿਲਾਂ ਇਸ ਦਾ ਫ਼ੈਸਲਾ ਕਰੋ, ਪਹਿਲਾਂ ਇਸ ਨੂੰ ਬਾਹਰ ਕੱਢੋ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਸਰਦਾਰ ਨਿਰਮਲ ਸਿੰਘ..... (ਵਿਘਨ, ਸ਼ੋਰ) ਪਲੀਜ਼ ਬੈਠੋ। ਪਲੀਜ਼ ਬੈਠੋ।

**ਸਰਦਾਰ ਹਰਪ੍ਰਤਾਪ ਸਿੰਘ :** ਸਰ, ਪਹਿਲਾਂ ਫ਼ੈਸਲਾ ਕਰੋ, ਨਿੰਦਾ ਪ੍ਰਸਤਾਵ ਲਿਆਉ। ਇਸ ਨੂੰ ਬੋਲਣ ਦੀ ਜਾਚ ਸਿਖਾਉ।(ਵਿਘਨ, ਸ਼ੋਰ) ਇਸ ਨੂੰ ਬੋਲਣ ਦੀ ਜਾਚ ਸਿਖਾਉ, ਇਹ ਗਲਤ ਸ਼ਬਦਾਵਲੀ ਬੋਲਦਾ ਹੈ।

**ਮਾਨਯੋਗ ਸਪੀਕਰ :** ਸਰਦਾਰ ਨਿਰਮਲ ਸਿੰਘ.... (ਵਿਘਨ, ਸ਼ੋਰ) ਸਰਦਾਰ ਨਿਰਮਲ ਸਿੰਘ। (ਵਿਘਨ, ਸ਼ੋਰ) ਬ੍ਰਹਮ ਮਹਿੰਦਰਾ ਜੀ, ਤੁਸੀਂ ਬੋਲੋ। (ਵਿਘਨ, ਸ਼ੋਰ)

**ਕਿਰਤ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ) :** ਸਪੀਕਰ ਸਾਹਿਬ, ਇਸ ਮੈਂਬਰ ਵਿੱਚ ਬੜੀ ਈਗੋ ਹੈ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਕਿਹਾ ਹੈ ਕਿ ਬੜੇ ਭੱਦੇ ਸ਼ਬਦ ਬੋਲੇ ਗਏ ਹਨ ਅਤੇ ਇਹ ਐਕਸੈਪਟੇਬਲ ਨਹੀਂ ਹੈ। ਮੈਂ ਇਸ ਤੇ ਸੈਨਸ਼ਿਉਰ ਮੋਸ਼ਨ ਮੂਵ ਕਰਦਾ ਹਾਂ। (ਵਿਘਨ, ਸ਼ੋਰ) ਇਸ ਤੇ ਤੁਸੀਂ ਆਪਣੀ ਰੂਲਿੰਗ ਦਿਉ।

-----

## CENSURE MOTION

**ਮਾਨਯੋਗ ਸਪੀਕਰ:** ਤੁਸੀਂ ਮੋਸ਼ਨ ਮੂਵ ਤਾਂ ਕਰੋ। (ਵਿਘਨ, ਸ਼ੋਰ)

**ਸੰਸਦੀ ਮਾਮਲੇ ਮੰਤਰੀ :** ਜਿਸ ਤਰ੍ਹਾਂ ਮੈਂ ਕਿਹਾ ਹੈ ਕਿ ਜੋ ਸ਼ਬਦ ਕਹੇ ਗਏ ਹਨ, ਬੜੇ ਭੱਦੇ ਸ਼ਬਦ ਹਨ ਅਤੇ acceptable ਨਹੀਂ ਹਨ, ਮੈਂ ਇਸ ਉਤੇ ਸੈਂਸ਼ਿਓਰ ਮੋਸ਼ਨ ਮੂਵ

ਕਰਦਾ ਹਾਂ। ਇਸ ਤੇ ਤੁਸੀਂ ਆਪਣੀ ਰੂਲਿੰਗ ਦਿਓ।

**ਮਾਨਯੋਗ ਸਪੀਕਰ:** ਤੁਸੀਂ ਮੋਸ਼ਨ ਮੂਵ ਤਾਂ ਕਰੋ।

**ਸੰਸਦੀ ਮਾਮਲੇ ਮੰਤਰੀ :** ਮੈਂ ਕਹਿ ਰਿਹਾ ਹਾਂ ਜੀ ਕਿ ਜਿਹੜੇ ਅਪਸ਼ਬਦ ਯੂਜ਼ ਕੀਤੇ ਗਏ ਹਨ, ਉਹ acceptable ਨਹੀਂ ਹਨ, ਇਸ ਤੇ ਮੈਂ ਸੈਂਸ਼ਿਓਰ ਮੋਸ਼ਨ ਮੂਵ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> "ਕਿ ਅੱਜ ਮਿਤੀ 28.08.2018 ਨੂੰ ਸਦਨ ਵਿੱਚ ਨਿਸ਼ਾਨ ਵਾਲੇ ਪ੍ਰਸ਼ਨ ਨੰ: 1442 ਤੇ ਸਪਲੀਮੈਂਟਰੀ ਕਰਦੇ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਵਲੋਂ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਐਮ.ਐਲ.ਏ. ਪ੍ਰਤੀ ਜੋ ਅਪਸ਼ਬਦ ਵਰਤੇ ਗਏ ਹਨ, ਉਹ ਇਤਰਾਜ਼ਯੋਗ ਹੋਣ ਕਾਰਨ ਸਮੂਹ ਸਦਨ ਵਲੋਂ ਅਸਵੀਕਾਰ ਕੀਤੇ ਜਾਂਦੇ ਹਨ। ਕਿਸੇ ਵੀ ਮੈਂਬਰ ਦੁਆਰਾ ਸਦਨ ਵਿੱਚ ਅਜਿਹੀ ਇਤਰਾਜ਼ਯੋਗ ਸ਼ਬਦਾਵਲੀ ਵਰਤਣੀ ਸ਼ੋਭਾ ਨਹੀਂ ਦਿੰਦੀ। ਇਸ ਲਈ ਸਦਨ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਵੱਲੋਂ ਵਰਤੇ ਗਏ ਅਪਸ਼ਬਦਾਂ ਦੀ ਘੋਰ ਨਿੰਦਾ ਕਰਦਾ ਹੈ।"

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੇਰਾ ਸਵਾਲ ਪੁੱਛਿਆ ਜਾਣਾ ਹੈ।

**ਸਹਿਕਾਰਤਾ ਮੰਤਰੀ (ਬੈਠੇ-ਬੈਠੇ):** ਜਿਹੜਾ ਸਵਾਲ ਭੇਜਿਆ ਹੈ, ਉਹ ਤਾਂ ਪੁੱਛਿਆ ਹੀ ਨਹੀਂ ਹੈ।(ਵਿਘਨ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਡਬਲ ਸਟੈਂਡਰਡ ਨਾ ਕਰੋ। ਕੱਲ੍ਹ ਅਸੀਂ ਇਹ ਗੱਲ ਰੇਜ਼ ਕੀਤੀ ਸੀ ਤਾਂ ਉਦੋਂ ਤੁਸੀਂ ਸਿਰਫ਼ ਇਹ ਗੱਲ ਕਹੀ ਕਿ ਸਾਰਿਆਂ ਨੂੰ ਸੋਚ ਵਿਚਾਰ ਕੇ ਬੋਲਣਾ ਚਾਹੀਦਾ ਹੈ ਤੇ ਗੱਲ ਉੱਥੇ ਹੀ ਖਤਮ ਕਰ ਦਿੱਤੀ ਸੀ। ਅੱਜ ਤੁਸੀਂ ਸੈਂਸ਼ਿਓਰ ਮੋਸ਼ਨ ਮੂਵ ਕਰ ਰਹੇ ਹੋ। ਸਪੀਕਰ ਸਾਹਿਬ, ਜਾਂ ਤਾਂ ਕੱਲ੍ਹ ਵਾਲੇ ਨੂੰ ਵੀ ਨਾਲ ਜੋੜੋ, (ਵਿਘਨ) ਕੱਲ੍ਹ ਵਾਲੇ ਨੂੰ ਵੀ ਸੈਂਸ਼ਿਓਰ ਮੋਸ਼ਨ ਵਿੱਚ ਪਾਓ।

**ਮਾਨਯੋਗ ਸਪੀਕਰ:** ਤੁਸੀਂ ਹਾਊਸ ਵਿੱਚ ਗਾਲੀ-ਗਲੋਚ ਚਾਹੁੰਦੇ ਹੋ, ਤੁਸੀਂ ਹਾਊਸ ਵਿੱਚ ਗਾਲੀ-ਗਲੋਚ ਨੂੰ ਪ੍ਰਮੋਟ ਕਰਦੇ ਹੋ। ਕੀ ਤੁਸੀਂ ਹਾਊਸ ਵਿੱਚ ਗਾਲਾਂ ਨੂੰ ਪ੍ਰਮੋਟ ਕਰਦੇ ਹੋ? It is not acceptable. (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਸਾਨੂੰ ਸੈਂਸ਼ਿਓਰ ਮੋਸ਼ਨ ਤੇ

[ ਸਰਦਾਰ ਹਰਵਿੰਦਰ ਸਿੰਘ ਫੂਲਕਾ ]

ਬੋਲਣ ਲਈ ਟਾਈਮ ਦਿਓ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

> "ਕਿ ਅੱਜ ਮਿਤੀ 28.08.2018 ਨੂੰ ਸਦਨ ਵਿੱਚ ਨਿਸ਼ਾਨ ਵਾਲੇ ਪ੍ਰਸ਼ਨ ਨੰ: 1442 ਤੇ ਸਪਲੀਮੈਂਟਰੀ ਕਰਦੇ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਵਲੋਂ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਐਮ.ਐਲ.ਏ. ਪ੍ਰਤੀ ਜੋ ਅਪਸ਼ਬਦ ਵਰਤੇ ਗਏ ਹਨ, ਉਹ ਇਤਰਾਜ਼ਯੋਗ ਹੋਣ ਕਾਰਨ ਸਮੂਹ ਸਦਨ ਵਲੋਂ ਅਸਵੀਕਾਰ ਕੀਤੇ ਜਾਂਦੇ ਹਨ। ਕਿਸੇ ਵੀ ਮੈਂਬਰ ਦੁਆਰਾ ਸਦਨ ਵਿੱਚ ਅਜਿਹੀ ਇਤਰਾਜ਼ਯੋਗ ਸ਼ਬਦਾਵਲੀ ਵਰਤਣੀ ਸ਼ੋਭਾ ਨਹੀਂ ਦਿੰਦੀ। ਇਸ ਲਈ ਸਦਨ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਵੱਲੋਂ ਵਰਤੇ ਗਏ ਅਪਸ਼ਬਦਾਂ ਦੀ ਘੋਰ ਨਿੰਦਾ ਕਰਦਾ ਹੈ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

> "ਕਿ ਅੱਜ ਮਿਤੀ 28.08.2018 ਨੂੰ ਸਦਨ ਵਿੱਚ ਨਿਸ਼ਾਨ ਵਾਲੇ ਪ੍ਰਸ਼ਨ ਨੰ: 1442 ਤੇ ਸਪਲੀਮੈਂਟਰੀ ਕਰਦੇ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਵਲੋਂ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਐਮ.ਐਲ.ਏ. ਪ੍ਰਤੀ ਜੋ ਅਪਸ਼ਬਦ ਵਰਤੇ ਗਏ ਹਨ, ਉਹ ਇਤਰਾਜ਼ਯੋਗ ਹੋਣ ਕਾਰਨ ਸਮੂਹ ਸਦਨ ਵਲੋਂ ਅਸਵੀਕਾਰ ਕੀਤੇ ਜਾਂਦੇ ਹਨ। ਕਿਸੇ ਵੀ ਮੈਂਬਰ ਦੁਆਰਾ ਸਦਨ ਵਿੱਚ ਅਜਿਹੀ ਇਤਰਾਜ਼ਯੋਗ ਸ਼ਬਦਾਵਲੀ ਵਰਤਣੀ ਸ਼ੋਭਾ ਨਹੀਂ ਦਿੰਦੀ। ਇਸ ਲਈ ਸਦਨ ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ. ਵੱਲੋਂ ਵਰਤੇ ਗਏ ਅਪਸ਼ਬਦਾਂ ਦੀ ਘੋਰ ਨਿੰਦਾ ਕਰਦਾ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਸਾਨੂੰ ਸੈਂਸ਼ਿਓਰ ਮੋਸ਼ਨ ਤੇ ਬੋਲਣ ਲਈ ਟਾਈਮ ਦਿੱਤਾ ਜਾਵੇ। ਸਪੀਕਰ ਸਾਹਿਬ, ਤੁਸੀਂ ਸਾਨੂੰ ਬਿਨਾਂ ਪੁੱਛੇ ਸੈਂਸ਼ਿਓਰ ਮੋਸ਼ਨ ਮੂਵ ਨਹੀਂ ਕਰ ਸਕਦੇ। ਸਾਨੂੰ ਇਸ ਤੇ ਬੋਲਣ ਲਈ ਟਾਈਮ ਦਿਓ। ਤੁਸੀਂ ਇਸ ਤਰ੍ਹਾਂ ਕਿਵੇਂ ਕਰ ਸਕਦੇ ਹੋ?

**ਮਾਨਯੋਗ ਸਪੀਕਰ:** ਅਗਲਾ ਪ੍ਰਸ਼ਨ, ਸਰਦਾਰ ਨਿਰਮਲ ਸਿੰਘ।

–––––

## STARRED QUESTIONS AND ANSWERS *(Resumption)*

### ਪਿੰਡਾਂ ਵਿੱਚ ਸਿੰਜਾਈ ਲਈ ਪਾਣੀ ਉਪਲਬਧ ਕਰਾਉਣਾ

***1502. ਸਰਦਾਰ ਨਿਰਮਲ ਸਿੰਘ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਸ਼ੁਤਰਾਣਾ ਹਲਕੇ ਵਿੱਚ ਪੈਂਦੇ ਪਿੰਡ ਸ਼ੇਰਗੜ੍ਹ, ਗਲੋਲੀ, ਗੁਲਜਾਰਪੁਰ, ਠਰੂਆ, ਤੇਈਪੁਰ, ਮਤੋਲੀ, ਅਰਨੇ, ਬੈਰਜੱਸ, ਗੁਰਦਿੱਤਪੁਰਾ, ਗੁਰੂ ਨਾਨਕਪੁਰਾ, ਢਾਬੀ ਗੁਜਰਾਂ, ਚਿੱਚੜਵਾਲਾ, ਕਾਂਗਥਲ, ਸਾਗਰਾ ਆਦਿ ਪਿੰਡਾਂ ਵਿੱਚ ਸਿੰਜਾਈ ਲਈ ਪਾਣੀ ਉਪਲਬਧ ਨਾ ਹੋਣ ਕਾਰਨ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ;

(ਅ) ਕੀ ਸਰਕਾਰ ਉਕਤ ਪਿੰਡਾਂ ਵਿੱਚ ਸਿੰਜਾਈ ਦੀ ਸਹੂਲਤ ਵਾਸਤੇ ਲੋੜੀਂਦਾ ਪਾਣੀ ਦੇਣ ਲਈ ਸਮਾਂਬੱਧ ਕਰੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** (ੳ) ਸ਼ੁਤਰਾਣਾ ਹਲਕੇ ਵਿੱਚ ਪੈਂਦੇ ਪਿੰਡ ਸ਼ੇਰਗੜ੍ਹ, ਗਲੋਲੀ, ਗੁਲਜਾਰਪੁਰ, ਠਰੂਆ, ਤੇਈਪੁਰ, ਮਤੋਲੀ, ਅਰਨੇ, ਬੈਰਜੱਸ, ਗੁਰਦਿੱਤਪੁਰਾ, ਗੁਰੂ ਨਾਨਕਪੁਰਾ, ਢਾਬੀ ਗੁਜਰਾਂ, ਚਿੱਚੜਵਾਲਾ, ਕਾਂਗਥਲ, ਸਾਗਰਾ ਆਦਿ ਪਿੰਡਾਂ ਨੂੰ ਸਿੰਜਾਈ ਲਈ ਪਾਣੀ ਦੀ ਸਪਲਾਈ ਦੇਣ ਵਾਸਤੇ ਭਾਖੜਾ ਮੇਨ ਲਾਈਨ ਨਹਿਰ ਵਿੱਚੋਂ ਸਿੱਧੇ ਤੌਰ ਤੇ ਪਾਈਪ ਲਾਈਨ ਪਾਉਣ ਲਈ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ।

(ਅ) ਹਿੱਸੇਦਾਰ ਰਾਜਾਂ ਦੀ ਸਹਿਮਤੀ ਮਿਲਣ ਦੀ ਸੂਰਤ ਵਿੱਚ ਸਰਕਾਰ ਦੀ ਮਨਜ਼ੂਰੀ ਲੈ ਕੇ ਫੰਡਜ਼ ਉਪਲਬਧ ਹੋਣ ਤੇ ਇਨ੍ਹਾਂ ਪਿੰਡਾਂ ਵਿੱਚ ਇਹ ਕੰਮ ਤੁਰੰਤ ਕਰਵਾ ਦਿੱਤਾ ਜਾਵੇਗਾ। ਜਿਸ ਨਾਲ ਇਨ੍ਹਾਂ ਪਿੰਡਾਂ ਨੂੰ ਸਿੰਜਾਈ ਲਈ ਲੋੜੀਂਦਾ ਪਾਣੀ ਮਿਲ ਸਕੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ਼ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸੈਂਸ਼ਿਓਰ ਮੋਸ਼ਨ ਅਤੇ ਪ੍ਰਸ਼ਨ ਕਾਲ ਦੌਰਾਨ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਵੈੱਲ ਆਫ਼ ਦਿ ਹਾਊਸ ਵਿੱਚ ਆਉਂਦੇ ਹੋਏ ਸਰਕਾਰ ਵਿਰੋਧੀ ਨਾਅਰੇ ** ** ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** **ਨਾਅਰੇ ਰਿਕਾਰਡ ਨਾ ਕੀਤੇ ਜਾਣ।(ਵਿਘਨ, ਸ਼ੋਰ) ਕੀ ਗਾਲੀ ਗਲੋਚ ਦੀ ਇਜਾਜ਼ਤ ਖੁੱਲ੍ਹੇ ਹਾਊਸ ਵਿੱਚ ਦੇ ਦੇਈਏ? ਕੀ ਤੁਸੀਂ ਗਾਲੀ-ਗਲੋਚ ਨੂੰ ਪ੍ਰਮੋਟ ਕਰਦੇ ਹੋ? (ਵਿਘਨ) ਹਾਂ ਜੀ, ਸਰਦਾਰ ਨਿਰਮਲ ਸਿੰਘ।

** Not recorded as ordered by the Chair.

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਸ਼ੁਤਰਾਣਾ ਵਿੱਚ ਜਿਹੜੇ ਪਿੰਡ ਹਨ, ਉਨ੍ਹਾਂ ਦੀ ਪਾਣੀ ਲਈ ਅਤਿ ਦੀ ਮਾੜੀ ਹਾਲਤ ਹੈ.... (ਵਿਘਨ)

**ਮਾਨਯੋਗ ਸਪੀਕਰ :** ਹਾਊਸ ਨੂੰ ਚੱਲਣ ਦਿਓ.... ਹਾਊਸ ਨੂੰ ਚੱਲਣ ਦਿਓ.... ਪਲੀਜ਼ ਚੱਲਣ ਦਿਓ... ਪਲੀਜ਼ ਚੱਲਣ ਦਿਓ।

**ਸਰਦਾਰ ਨਿਰਮਲ ਸਿੰਘ:** ਸਪੀਕਰ ਸਾਹਿਬ, ਨਾ ਸਿੰਜਾਈ ਲਈ ਪਾਣੀ ਮਿਲਦਾ ਹੈ ਅਤੇ ਨਾ ਹੀ ਪੀਣ ਵਾਲਾ ਪਾਣੀ ਮਿਲਦਾ ਹੈ। ਮੰਤਰੀ ਜੀ ਇਸ ਗੱਲ ਦਾ ਭਰੋਸਾ ਦਿਵਾਉਣ ਕਿ ਮੇਰੇ ਹਲਕੇ ਵਿੱਚ ਖੇਤਾਂ ਦੀ ਸਿੰਜਾਈ ਲਈ ਅਤੇ ਪੀਣ ਵਾਲਾ ਪਾਣੀ ਕਦੋਂ ਤੱਕ ਮੁਹੱਈਆ ਕਰਵਾਇਆ ਜਾਵੇਗਾ?

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ਼ ਪਾਰਟੀ ਦੇ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਵਾਪਸ ਆਪਣੀਆਂ ਕੁਰਸੀਆਂ ਤੇ ਆ ਗਏ।)

**ਮੰਤਰੀ:** ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਕਿਹਾ ਹੈ, ਉਹ ਗਲਤ ਗੱਲ ਨਹੀਂ ਹੈ ਕਿਉਂਕਿ ਇਹ ਜਿਹੜੀ ਸੰਗਤਪੁਰਾ ਪਾਣੀ ਦੀ ਡਿਸਟ੍ਰੀਬਿਊਟਰੀ ਆਉਂਦੀ ਹੈ, ਇਹ ਹਰਿਆਣੇ ਵਿੱਚੋਂ ਨਰਵਾਣਾ ਬ੍ਰਾਂਚ ਵਿੱਚੋਂ ਨਿਕਲਦੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਬਿਨਾਂ ਇਜਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਬੈਠ ਜਾਓ, ਤੁਸੀਂ ਕਹਿ ਲਿਆ ਹੈ। ਹਾਂ ਜੀ, ਸਰਕਾਰੀਆ ਸਾਹਿਬ।

**ਮੰਤਰੀ:** ਨਰਵਾਣਾ ਬ੍ਰਾਂਚ ਹਰਿਆਣਾ ਰਾਜ ਵਿੱਚ ਹੈ। (ਵਿਘਨ)

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ।

**ਮੰਤਰੀ:** ਇਹ ਪਾਰਟੀਸ਼ਨ ਤੋਂ ਪਹਿਲਾਂ ਦਾ ਪੁਰਾਣਾ ਸਿਸਟਮ ਚੱਲ ਰਿਹਾ ਹੈ। ਪੈਡੀ ਸੀਜ਼ਨ ਵਿੱਚ ਜਦੋਂ ਇੱਥੇ ਪਾਣੀ ਦੀ ਲੋੜ ਹੁੰਦੀ ਹੈ ਤਾਂ ਪਾਣੀ ਪਿੱਛੋਂ ਨਹੀਂ ਆਉਂਦਾ ਜਿਸ ਕਾਰਨ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਪਾਣੀ ਨਹੀਂ ਮਿਲਦਾ। ਜਦੋਂ ਪਾਣੀ ਵੱਧ ਜਾਂਦਾ ਹੈ ਅਤੇ ਲੋੜ ਨਹੀਂ ਹੁੰਦੀ, ਉਦੋਂ ਬਰਸਾਤੀ ਪਾਣੀ ਵੀ ਇਨ੍ਹਾਂ ਪਿੰਡਾਂ ਵਿੱਚ ਬਹੁਤ ਨੁਕਸਾਨ ਪਹੁੰਚਾਉਂਦਾ ਹੈ। ਸਪੀਕਰ ਸਾਹਿਬ, ਬੀ.ਐਮ.ਐਲ. ਅੰਤਰਰਾਜੀ ਨਹਿਰ ਹੈ ਔਰ ਅਸੀਂ ਇਸ ਦੇ ਵਿੱਚੋਂ ਪਾਈਪਲਾਈਨ ਲਿਆ ਕੇ, ਜਿੱਥੋਂ ਪੰਜਾਬ ਦਾ ਹਿੱਸਾ ਸ਼ੁਰੂ

ਹੁੰਦਾ ਹੈ, ਉਥੋਂ ਪਾਣੀ ਕੱਟ ਕਰ ਦੇਵਾਂਗੇ। ਜਿਹੜੀ ਨਰਵਾਣਾ ਬ੍ਰਾਂਚ ਤੋਂ ਅੱਗੇ ਆਉਂਦੀ ਹੈ। ਪਾਈਪ ਲਾਈਨ ਰਾਹੀਂ ਉਸ ਪਾਣੀ ਨੂੰ ਇਸ ਨਹਿਰ ਵਿੱਚ ਲਿਆਂਦਾ ਜਾਵੇਗਾ ਤਾਂ ਕਿ ਇਨ੍ਹਾਂ ਪਿੰਡਾਂ ਨੂੰ ਪਾਣੀ ਮਿਲ ਸਕੇ।

**ਸਰਦਾਰ ਨਿਰਮਲ ਸਿੰਘ:** ਸਪੀਕਰ ਸਾਹਿਬ, ਮੰਤਰੀ ਜੀ ਨੇ ਬਿਲਕੁਲ ਠੀਕ ਕਿਹਾ ਹੈ ਕਿ ਉੱਥੋਂ ਪਾਈਪ ਲਾਈਨ ਪਾ ਕੇ ਪਾਣੀ ਦੇ ਦੇਵਾਂਗੇ ਪਰ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਹੋ ਜਾਵੇਗਾ? ਇਨ੍ਹਾਂ 12-14 ਪਿੰਡਾਂ ਦੀ ਹਾਲਤ ਬਿਲਕੁਲ ਸੋਕੇ ਵਾਲੀ ਹੈ। ਕਿਰਪਾ ਕਰਕੇ ਇਹ ਯਕੀਨੀ ਬਣਾਉਣਗੇ ਕਿ ਕਦੋਂ ਤੱਕ ਪਾਣੀ ਮਿਲ ਜਾਵੇਗਾ?

**ਮਾਨਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਸਮਾਂ-ਬੱਧ ਕਰ ਸਕਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਸਮਾਂ-ਬੱਧ ਤਾਂ ਨਹੀਂ ਕੀਤਾ ਜਾ ਸਕਦਾ ਕਿਉਂਕਿ ਬੀ.ਐਮ.ਐਲ. ਨਹਿਰ ਅੰਤਰਰਾਜੀ ਨਹਿਰ ਹੈ। ਦੂਸਰਾ, ਹਰਿਆਣਾ ਅਤੇ ਰਾਜਸਥਾਨ ਦੀ ਸਹਿਮਤੀ ਲੈਣੀ ਪਵੇਗੀ। ਅਸੀਂ ਉਸ ਵਾਸਤੇ ਲਿਖ ਕੇ ਭੇਜਣ ਲੱਗੇ ਹਾਂ। ਇਸ ਦਾ ਅਨੁਮਾਨ ਤਿਆਰ ਹੋ ਰਿਹਾ ਹੈ। ਜਦੋਂ ਹੀ ਸਹਿਮਤੀ ਆ ਜਾਵੇਗੀ, ਅਸੀਂ ਇਸ ਦਾ ਕੰਮ ਸ਼ੁਰੂ ਕਰਵਾ ਦਿਆਂਗੇ।

**ਸਰਦਾਰ ਨਿਰਮਲ ਸਿੰਘ:** ਸਪੀਕਰ ਸਾਹਿਬ, ਇਹ ਗੱਲ ਤਾਂ ਠੀਕ ਹੈ ਪਰ ਹਾਲਾਤ ਇੰਨੇ ਮਾੜੇ ਹਨ, ਜਿਸ ਬਾਰੇ ਮੈਂ ਬਿਆਨ ਨਹੀਂ ਕਰ ਸਕਦਾ। ਇਸ ਕੰਮ ਵਾਸਤੇ ਪੈਸੇ ਦੀ ਬਹੁਤ ਜ਼ਰੂਰੀ ਲੋੜ ਹੈ, ਜਿਹੜੀ ਮੰਤਰੀ ਸਾਹਿਬ ਦੱਸ ਨਹੀਂ ਰਹੇ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਹਿਲਾਂ ਵੀ ਹਲਕਾ ਸ਼ੁਤਰਾਣਾ ਤੇ ਬੜੀ ਕਿਰਪਾ ਕੀਤੀ ਹੈ ਅਤੇ ਹੁਣ ਵੀ ਉਹ ਫੰਡਜ਼ ਮੁਹੱਈਆ ਕਰਵਾਉਣ ਤਾਂ ਕਿ ਇਹ ਪਾਈਪ-ਲਾਈਨ ਪੈ ਜਾਵੇ ਅਤੇ 14 ਪਿੰਡਾਂ ਦਾ ਫਾਇਦਾ ਹੋ ਸਕੇ।

**ਮੰਤਰੀ:** ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਵਾਸਤੇ ਤਕਰੀਬਨ 20 ਕਰੋੜ ਰੁਪਏ ਦੀ ਜ਼ਰੂਰਤ ਹੈ ਲੇਕਿਨ ਇਸ ਵਾਰ ਬਜਟ ਦੇ ਵਿੱਚ ਇਰੀਗੇਸ਼ਨ ਲਈ ਬਹੁਤੇ ਫੰਡਜ਼ ਨਹੀਂ ਰੱਖੇ ਗਏ। ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਿੰਜਾਈ ਦੇ ਜਿਹੜੇ ਜ਼ਰੂਰੀ ਕੰਮ ਹਨ, ਉਨ੍ਹਾਂ ਵਾਸਤੇ ਬਜਟ ਅੱਗੇ ਤੋਂ ਵਧਾਇਆ ਜਾਵੇ। ਇਸ ਲਈ ਜਦੋਂ ਫੰਡਜ਼ ਆ ਜਾਣਗੇ ਤਾਂ ਇਹ ਕੰਮ ਸ਼ੁਰੂ ਕਰਵਾ ਦਿਆਂਗੇ।

**ਸਰਦਾਰ ਮਨਜੀਤ ਸਿੰਘ :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੇਰੇ ਹਲਕਾ ਨਿਹਾਲ ਸਿੰਘ ਵਾਲਾ ਦੇ ਵਿੱਚ ਰਾਏਕੋਟ ਰਜਬਾਹਾ ਆਉਂਦਾ ਹੈ ਜਿਹੜਾ ਕਿ ਬਿਲਾਸਪੁਰ, ਹਿੰਮਤਪੁਰਾ, ਸੈਦੋਕੇ, ਗਾਜੀਆਣਾ ਪਿੰਡਾਂ ਵਿੱਚ ਜਾਂਦਾ ਹੈ। ਬੜੇ ਲੰਮੇ ਸਮੇਂ ਤੋਂ ਉੱਥੇ ਪਾਣੀ ਨਹੀਂ ਆ ਰਿਹਾ ਸੀ। ਮੈਂ ਮੰਤਰੀ ਸਾਹਿਬ ਨੂੰ ਨਿੱਜੀ ਤੌਰ ਤੇ ਬੇਨਤੀ ਕੀਤੀ ਸੀ। ਹੁਣ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉੱਥੇ ਪਾਣੀ

ਆਇਆ ਸੀ ਪਰ ਅਜਿਹਾ ਕੁਝ ਦਿਨ ਹੀ ਹੋਇਆ। ਹੁਣ ਪਾਣੀ ਦੀ ਮਾਤਰਾ ਬਹੁਤ ਘੱਟ ਹੈ। ਉੱਥੋਂ ਦੇ ਕਿਸਾਨ ਬੜੇ ਪੀੜਤ ਹਨ, ਉਨ੍ਹਾਂ ਨੂੰ ਪਾਣੀ ਦੀ ਬੜੀ ਜ਼ਰੂਰਤ ਹੈ। ਸੋ, ਮੇਰੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ ਜੀ।

**ਮੰਤਰੀ :** ਇਨ੍ਹਾਂ ਨੇ ਗੱਲ ਤਾਂ ਕੀਤੀ ਸੀ ਅਤੇ ਤੁਹਾਨੂੰ ਵੀ ਪਤਾ ਹੈ ਕਿ ਡੈਮਾਂ ਵਿੱਚ ਪਾਣੀ ਕਿਸੇ ਵੇਲੇ ਬਹੁਤ ਘੱਟ ਗਿਆ ਸੀ। ਉਸ ਕਾਰਨ ਸਾਨੂੰ ਥੋੜ੍ਹਾ ਸਮਾਂ ਪਾਣੀ ਬੰਦ ਵੀ ਕਰਨਾ ਪਿਆ ਕਿਉਂਜੋ ਪਾਣੀ ਵਾਰੀ ਨਾਲ ਦਿੱਤਾ ਜਾਂਦਾ ਸੀ ਪਰ ਹੁਣ ਪਾਣੀ ਦਾ ਲੈਵਲ ਠੀਕ ਹੋ ਗਿਆ ਹੈ ਅਤੇ ਕੋਈ ਮੁਸ਼ਕਲ ਨਹੀਂ ਆਉਂਦੀ।

**ਸਰਦਾਰ ਮਨਜੀਤ ਸਿੰਘ :** ਸਰ, ਇੱਕ ਹੋਰ ਸਪਲੀਮੈਂਟਰੀ ਹੈ ਜੀ। ਸਰ, ਰਾਏਕੋਟ ਰਜਬਾਹੇ ਦੇ ਹੈੱਡ ਤੇ 7700 ਫੁੱਟ ਗਾਰ ਫਸੀ ਹੋਈ ਹੈ। ਜੇਕਰ ਉਹ ਕਢਵਾਈ ਜਾਵੇ ਤਾਂ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ।

**ਮੰਤਰੀ:** ਤੁਸੀਂ ਦੱਸ ਦਿਓ, ਅਸੀਂ ਕਢਵਾ ਦਿਆਂਗੇ।

**ਮਾਨਯੋਗ ਸਪੀਕਰ:** ਇਹ ਤੁਹਾਡੀ ਸੁਜੈਸ਼ਨ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਸਿਮਰਜੀਤ ਸਿੰਘ ਬੈਂਸ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਸਤਿਕਾਰਯੋਗ ਸਿੰਜਾਈ ਮੰਤਰੀ ਜੀ ਦੇ ਧਿਆਨ ਵਿੱਚ ਚਾਹੁੰਦਾ ਹਾਂ ਕਿ ਬਿਸਲੇਰੀ ਦੀ ਬੋਤਲ ਸ਼ਾਇਦ 25 ਰੁਪਏ ਦੀ ਹੈ। ਅਸੀਂ ਰਿਪੇਰੀਅਨ ਸਟੇਟ ਦੇ ਵਾਰਿਸ ਹਾਂ। 16 ਨਵੰਬਰ, 2016 ਨੂੰ ਇਸੇ ਪਵਿੱਤਰ ਸਦਨ ਦੇ ਅੰਦਰ ....

**ਮਾਨਯੋਗ ਸਪੀਕਰ:** ਸਵਾਲ ਪੁੱਛੋ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ:** 16 ਨਵੰਬਰ, 2016 ਨੂੰ ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੋਂ ਪਾਣੀ ਦੀ ਕੀਮਤ ਲੈਣ ਵਾਸਤੇ ਰੈਜ਼ੋਲਿਊਸ਼ਨ ਪਾਸ ਹੋ ਚੁੱਕਿਆ ਹੈ। ਅੱਜ ਤੱਕ ਇਨ੍ਹਾਂ ਤਿੰਨਾਂ ਸਟੇਟਾਂ ਨੂੰ ਬਿੱਲ ਬਣਾ ਕੇ ਨਹੀਂ ਭੇਜਿਆ ਗਿਆ। ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਉਹ ਬਿੱਲ ਕਿੰਨੇ ਦਿਨਾਂ ਤੱਕ ਭੇਜ ਦਿੱਤਾ ਜਾਵੇਗਾ? 16 ਲੱਖ ਕਰੋੜ ਰੁਪਿਆ ਇਕੱਲਾ ........

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਰ, ਸਿੰਜਾਈ ਅਤੇ ਨਹਿਰਾਂ ਦੇ ਪਾਣੀ ਨਾਲ ਹੀ ਰਿਲੇਟਿਡ ਹੈ ਜੀ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਪੰਜਾਬ ਦੇ ਉੱਤੇ ਕਰਜ਼ੇ ਦੀ ਬਹੁਤ ਵੱਡੀ ਪੰਡ ਹੈ। ਕਿਸਾਨਾਂ ਦੇ ਸਿਰ ਉੱਤੇ ਕਰਜ਼ੇ ਦੀ ਪੰਡ ਹੈ। ਸਾਡੇ ਕੋਲ ਸੋਰਸ ਆਫ਼ ਇਨਕਮ ਕੀ ਹੈ?

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਾਡੇ ਕੋਲ ਸੋਰਸ ਆਫ਼ ਇਨਕਮ ਸਿਰਫ਼ ਤੇ ਸਿਰਫ਼ ਪਾਣੀ ਹੈ। ਨਾ ਕੋਈ ਸਟੇਟ ਸਾਨੂੰ ਮਾਰਬਲ ਫ਼ਰੀ ਵਿੱਚ ਦਿੰਦੀ ਹੈ, ਨਾ ਕੋਲਾ ਫ਼ਰੀ ਦਿੰਦੀ ਹੈ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਅਗਰ ਸਦਨ ਕੋਈ ਯੂਨੈਨੀਮਸ ਮਤਾ ਪਾਸ ਕਰਦਾ ਹੈ ਤਾਂ ਉਸ ਦੀ ਕੀ ਵੈਲਿਯੂ ਹੈ? 16 ਨਵੰਬਰ, 2016 ਨੂੰ ਰੈਜ਼ੋਲਿਊਸ਼ਨ ਪਾਸ ਹੋਇਆ ਸੀ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਪਾਣੀ ਦਾ ਬਿੱਲ ਭੇਜਣਾ ਸੀ।

**ਮਾਨਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਦੇ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਟਿਊਬਵੈੱਲ ਕੁਨੈਕਸ਼ਨਾਂ ਦੀ ਮਲਕੀਅਤ ਨੂੰ ਤਬਦੀਲ ਕਰਨ ਦੀ ਵਿਧੀ

***1464. ਸਰਦਾਰ ਲਖਵੀਰ ਸਿੰਘ ਲੱਖਾ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਮੌਤ ਤੋਂ ਬਾਅਦ ਕਿਸਾਨਾਂ ਦੇ ਵਾਰਸਾਂ ਦੇ ਨਾਮ ਤੇ ਟਿਊਬਵੈੱਲ ਕੁਨੈਕਸ਼ਨਾਂ ਦੀ ਮਲਕੀਅਤ ਨੂੰ ਤਬਦੀਲ ਕਰਨ ਦੀ ਮੌਜੂਦਾ ਕਾਰਜ ਵਿਧੀ ਕੀ ਹੈ;

(ਅ) ਕੀ ਸਰਕਾਰ ਦੂਜੇ ਵਾਰਸਾਂ ਤੋਂ ਹਲਫੀਆ ਬਿਆਨ ਰਾਹੀਂ ਸਹਿਮਤੀ ਲੈਣ ਉਪਰੰਤ ਉਕਤ ਮਲਕੀਅਤ ਇੱਕ ਵਾਰਸ ਦੇ ਨਾਮ ਤੇ ਤਬਦੀਲ ਕਰਨ ਦੀ ਕਾਰਜ ਵਿਧੀ ਨੂੰ ਅਸਾਨ ਕਰੇਗੀ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** (ੳ) ਮੌਜੂਦਾ ਸਮੇਂ ਖਪਤਕਾਰ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਬਿਜਲੀ ਸਪਲਾਈ ਕੋਡ ਰੈਗੂਲੇਸ਼ਨਜ਼ ਅਨੁਸਾਰ ਖੇਤੀਬਾੜੀ ਟਿਊਬਵੈੱਲ ਕੁਨੈਕਸ਼ਨ ਦਾ ਨਾਮ ਬਦਲੀ ਕਰਨ ਦਾ ਪ੍ਰਾਵਧਾਨ ਹੈ। ਇਸ ਸਬੰਧੀ ਵਿਸਥਾਰਪੂਰਵਕ

[ ਸਰਦਾਰ ਗੁਰਪ੍ਰੀਤ ਸਿੰਘ ਕਾਂਗੜ ]

ਵਿਧੀ ਪੀ.ਐਸ.ਪੀ.ਸੀ.ਐਲ. ਦੀ ਵੈੱਬਸਾਈਟ **www.pspcl.in** ਤੇ ਉਪਲਬਧ ਹੈ।

(ਅ) ਨਾਮ ਬਦਲੀ/ਤਬਦੀਲੀ ਦੀ ਪ੍ਰਕਿਰਿਆ ਨੂੰ ਮੌਜੂਦਾ ਰੈਗੂਲੇਸ਼ਨਾਂ ਅਨੁਸਾਰ ਸਾਲ, 2014 ਵਿੱਚ ਪਹਿਲਾਂ ਹੀ ਅਸਾਨ ਕੀਤਾ ਜਾ ਚੁੱਕਾ ਹੈ। ਫਿਰ ਵੀ ਨਾਮ ਤਬਦੀਲੀ ਸੰਬੰਧੀ ਖਪਤਕਾਰਾਂ ਵਿੱਚ ਜਾਗਰੂਕਤਾ ਲਿਆਉਣ ਲਈ ਪੀ.ਐਸ.ਪੀ.ਸੀ.ਐਲ. ਵੱਲੋਂ ਗਰਿੱਡ ਪੱਧਰ ਤੇ ਸਮੇਂ-ਸਮੇਂ ਸਿਰ ਕੈਂਪ ਲਗਾਏ ਜਾਂਦੇ ਹਨ ।

-----

## ਨਮੀ ਵਾਲੇ ਝੋਨੇ ਨੂੰ ਖਰੀਦਣ ਦਾ ਉਪਰਾਲਾ ਕਰਨਾ

***1418. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਕਿਸਾਨ 20 ਜੂਨ ਤੋਂ ਪਹਿਲਾਂ ਝੋਨਾ ਨਹੀਂ ਲਗਾ ਸਕਦੇ;

(ਅ) ਜੇਕਰ ਉਪਰੋਕਤ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਝੋਨੇ ਦੇ ਦੇਰੀ ਨਾਲ ਪੱਕਣ ਕਰਕੇ ਜੋ ਨਮੀ ਵਿੱਚ ਵਾਧਾ ਹੋਵੇਗਾ ਉਸ ਵਧੀ ਨਮੀ ਵਾਲੇ ਝੋਨੇ ਨੂੰ ਖਰੀਦਣ ਲਈ ਸਰਕਾਰ ਕੀ ਉਪਰਾਲੇ ਕਰੇਗੀ ?

**ਸ਼੍ਰੀ ਭਾਰਤ ਭੂਸ਼ਣ ਆਸ਼ੂ :** (ੳ) ਹਾਂ ਜੀ।

(ਅ) ਐਮ.ਐਸ.ਪੀ. ਸਕੀਮ ਅਧੀਨ ਝੋਨੇ ਦੀ ਖਰੀਦ ਸਬੰਧੀ ਮਾਪਦੰਡ ਖੁਰਾਕ ਵੰਡ ਅਤੇ ਖਪਤਕਾਰ ਮਾਮਲੇ ਮੰਤਰਾਲਾ, ਭਾਰਤ ਸਰਕਾਰ ਵੱਲੋਂ ਘੋਸ਼ਿਤ ਕੀਤੇ ਜਾਂਦੇ ਹਨ।

-----

## ਕਿੰਨਰਾਂ ਲਈ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਕਰਨਾ

*1483. **ਸਰਦਾਰ ਨਵਤੇਜ ਸਿੰਘ ਚੀਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਕਿੰਨਰਾਂ ਲਈ ਸਰਕਾਰੀ ਨੌਕਰੀਆਂ ਵਿੱਚ ਕੋਟਾ/ਰਾਖਵਾਂਕਰਨ ਲਈ ਸਰਕਾਰ ਦੀ ਕੋਈ ਪਾਲਿਸੀ ਹੈ; ਜੇਕਰ ਅਜਿਹਾ ਹੈ ਤਾਂ ਇਸ ਦੇ ਵੇਰਵੇ ਕੀ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿੱਚ ਹੈ ਤਾਂ ਕੀ ਸਰਕਾਰ ਇਸ ਲਈ ਉਚਿਤ ਕਦਮ ਚੁੱਕੇਗੀ?

**ਕੈਪਟਨ ਅਮਰਿੰਦਰ ਸਿੰਘ :** (ੳ) ਨਹੀਂ ਜੀ।

(ਅ) ਫਿਲਹਾਲ ਅਜਿਹਾ ਕੋਈ ਪ੍ਰਸਤਾਵ ਨਹੀਂ ਹੈ।

-----

## ਸਿਵਲ ਹਸਪਤਾਲ ਪਾਇਲ ਵਿਖੇ ਪੋਸਟਮਾਰਟਮ ਦੇ ਉਪਬੰਧ ਕਰਵਾਉਣਾ

*1439. **ਸਰਦਾਰ ਲਖਵੀਰ ਸਿੰਘ ਲੱਖਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਿਵਲ ਹਸਪਤਾਲ, ਪਾਇਲ ਵਿਖੇ ਪੋਸਟਮਾਰਟਮ ਕਰਵਾਉਣ ਦੇ ਉਪਬੰਧ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਸਿਵਲ ਹਸਪਤਾਲ, ਪਾਇਲ ਵਿਖੇ ਮੋਰਚਰੀ ਦੀ ਉਸਾਰੀ ਮੁਕੰਮਲ ਹੈ। ਮੋਰਚਰੀ ਵਿੱਚ ਮੋਰਚਰੀ ਫਰਿੱਜ਼ਰ ਉਪਲਬਧ ਹੈ ਪਰ ਕੋਰਟ ਕੇਸ ਲੰਬਿਤ ਹੋਣ ਕਰਕੇ ਮੋਰਚਰੀ ਨੂੰ ਹਾਲ ਦੀ ਘੜੀ ਸ਼ੁਰੂ ਨਹੀਂ ਕੀਤਾ ਜਾ ਸਕਦਾ।

-----

## ਨਗਰ ਪੰਚਾਇਤ ਖਮਾਣੋਂ ਵਿੱਚ ਸੀਵਰੇਜ ਪਾਉਣਾ

*1488. **ਸਰਦਾਰ ਗੁਰਪ੍ਰੀਤ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਪੰਚਾਇਤ, ਖਮਾਣੋਂ (ਫਤਹਿਗੜ੍ਹ ਸਾਹਿਬ) ਵਿੱਚ ਮਿਤੀ ਅੰਤ ਤੱਕ ਸੀਵਰੇਜ ਨਹੀਂ ਪਾਇਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਖਮਾਣੋਂ ਵਿੱਚ ਸੀਵਰੇਜ ਪਾਉਣ ਲਈ ਸਰਕਾਰ ਦੀ ਤਜਵੀਜ਼ ਕੀ ਹੈ ਅਤੇ ਇਹ ਕਦੋਂ ਤੱਕ ਵਿਛਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ :** ਹਾਂ ਜੀ, ਖਮਾਣੋਂ ਸ਼ਹਿਰ ਵਿੱਚ ਅੱਜ ਤੱਕ ਕੋਈ ਸੀਵਰੇਜ ਨਹੀਂ ਹੈ। ਖਮਾਣੋਂ ਸ਼ਹਿਰ ਵਿਖੇ ਸੀਵਰੇਜ ਪਾਉਣ ਦੀ ਫਿਲਹਾਲ ਕੋਈ ਵੀ ਤਜਵੀਜ਼ ਨਹੀਂ ਹੈ।

-----

## ਲਾਲੜੂ ਵਿੱਚ ਪਾਏ ਜਾ ਰਹੇ ਸੀਵਰੇਜ ਦੀ ਅਜੋਕੀ ਸਥਿਤੀ

***1534. ਸ਼੍ਰੀ ਐਨ.ਕੇ. ਸ਼ਰਮਾ :** ਕੀ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਊਂਸਿਪਲ ਕਮੇਟੀ, ਲਾਲੜੂ (ਜ਼ਿਲ੍ਹਾ ਐਸ.ਏ.ਐਸ. ਨਗਰ) ਵੱਲੋਂ ਇਸ ਸ਼ਹਿਰ ਵਿੱਚ ਪਾਏ ਜਾ ਰਹੇ ਸੀਵਰੇਜ ਅਤੇ ਇੱਥੇ ਸ਼ੁਰੂ ਕੀਤੇ ਗਏ ਦੋ ਸੀਵਰੇਜ ਟਰੀਟਮੈਂਟ ਪਲਾਂਟਾਂ ਸਬੰਧੀ ਪਿਛਲੇ ਦੋ ਸਾਲਾਂ ਵਿੱਚ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਕੀ-ਕੀ ਕੰਮ ਕਰਵਾਏ ਗਏ ਹਨ ਅਤੇ ਇਨ੍ਹਾਂ ਅਤਿ ਜ਼ਰੂਰੀ ਵਿਕਾਸ ਕਾਰਜਾਂ ਦੀ ਅਜੋਕੀ ਸਥਿਤੀ ਕੀ ਹੈ ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਲਾਲੜੂ ਮੰਡੀ ਅਤੇ ਲਾਲੜੂ ਪਿੰਡ ਵਿੱਚ ਸੀਵਰੇਜ ਨੈਟਵਰਕ ਅਤੇ ਲਾਲੜੂ ਪਿੰਡ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ ਦੀ ਉਸਾਰੀ ਮਿਊਂਸਿਪਲ ਕੌਂਸਲ, ਲਾਲੜੂ ਵੱਲੋਂ ਨਹੀਂ, ਬਲਕਿ ਗਮਾਡਾ ਵੱਲੋਂ ਕੀਤੀ ਗਈ ਸੀ। ਇਸ ਸੀਵਰੇਜ ਨੈਟਵਰਕ ਵਿੱਚ ਲਾਲੜੂ ਪਿੰਡ ਦੇ ਘਰਾਂ ਦੇ ਸੀਵਰੇਜ ਕੁਨੈਕਸ਼ਨ ਕਰਨ ਲਈ ਗਮਾਡਾ ਵੱਲੋਂ ਮਿਊਂਸਿਪਲ ਕੌਂਸਲ, ਲਾਲੜੂ ਨੂੰ 207 ਲੱਖ ਰੁਪਏ ਦਿੱਤੇ ਗਏ ਸਨ, ਜਿਸ ਉਪਰੰਤ ਲਾਲੜੂ ਪਿੰਡ ਵਿੱਚ ਉਸਾਰੇ ਗਏ 1.5 ਐਮ.ਐਲ.ਡੀ. ਸਮਰੱਥਾ ਦਾ ਸੀਵਰੇਜ ਟਰੀਟਮੈਂਟ ਪਲਾਂਟ ਗਮਾਡਾ ਵੱਲੋਂ ਮਿਤੀ 01.07.2018 ਤੋਂ ਚਾਲੂ ਕਰ ਦਿੱਤਾ ਗਿਆ ਹੈ।

ਲਾਲੜੂ ਮੰਡੀ ਵਿੱਚ ਦੂਜਾ ਤਜਵੀਜ਼ਤ 1.5 ਐਮ.ਐਲ.ਡੀ. ਦੀ ਸਮਰੱਥਾ ਦੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਉਸਾਰੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਕੀਤੀ ਜਾਣੀ ਹੈ, ਜਿਸ ਲਈ ਗਮਾਡਾ ਵੱਲੋਂ 1.00 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਇਸ ਸੀਵਰੇਜ ਟਰੀਟਮੈਂਟ ਪਲਾਂਟ ਦੀ ਉਸਾਰੀ ਮੁਕੰਮਲ ਕਰਨ ਉਪਰੰਤ ਲਾਲੜੂ ਮੰਡੀ ਵਿੱਚ ਗਮਾਡਾ ਵੱਲੋਂ ਪਹਿਲਾਂ ਤੋਂ ਹੀ ਲਗਾਇਆ ਬਕਾਇਆ ਸੀਵਰੇਜ ਨੈਟਵਰਕ ਚਾਲੂ ਕਰਨਾ ਸੰਭਵ ਹੋ ਸਕੇਗਾ ।

-----

## ਪੀਣ ਵਾਲੇ ਪਾਣੀ ਦੀ ਸਮੱਸਿਆ

***1538. ਸ਼੍ਰੀ ਦਿਨੇਸ਼ ਸਿੰਘ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗ੍ਰਾਮ ਪੰਚਾਇਤ ਕੂਈ ਅਤੇ ਪੰਜਾਲਾਂ, ਬਲਾਕ ਧਾਰਕਲਾਂ, ਜ਼ਿਲ੍ਹਾ ਪਠਾਨਕੋਟ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਖਤਮ ਕਰਨ ਲਈ ਸਰਕਾਰ ਕੀ ਯਤਨ ਕਰ ਰਹੀ ਹੈ ਅਤੇ ਇਨ੍ਹਾਂ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕਦੋਂ ਤੱਕ ਹੋ ਜਾਵੇਗਾ ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** ਗ੍ਰਾਮ ਪੰਚਾਇਤ ਕੂਈ ਅਤੇ ਪੰਜਾਲਾਂ, ਬਲਾਕ ਧਾਰਕਲਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਪਰਕੋਲੇਸ਼ਨ ਵੈੱਲ ਤੇ ਆਧਾਰਿਤ ਜਲ ਸਪਲਾਈ ਸਕੀਮ ਤੋਂ ਦਿੱਤੀ ਜਾ ਰਹੀ ਹੈ। ਪਹਾੜੀ ਏਰੀਏ ਦੇ ਇਹ ਇਲਾਕੇ ਉੱਚੇ-ਨੀਵੇਂ ਅਤੇ ਕਾਫ਼ੀ ਦੂਰ-ਦੁਰਾਡੇ ਹੋਣ ਕਾਰਨ ਇਨ੍ਹਾਂ ਪਿੰਡਾਂ ਨੂੰ ਪਾਣੀ ਦੀ ਸਪਲਾਈ ਵਾਰੀ- ਵਾਰੀ ਦਿੱਤੀ ਜਾ ਰਹੀ ਹੈ। ਵਿਭਾਗ ਵੱਲੋਂ ਕੰਢੀ ਖੇਤਰ ਵਿੱਚ ਜਲ ਸਪਲਾਈ ਵਿੱਚ ਸੁਧਾਰ ਲਿਆਉਣ ਲਈ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਇਨ੍ਹਾਂ ਪਿੰਡਾਂ ਨੂੰ ਨਵੀਂ ਜਲ ਸਪਲਾਈ ਸਕੀਮ ਅਧੀਨ ਆਉਣ ਵਾਲੇ ਦੋ ਸਾਲਾਂ ਵਿੱਚ ਕਵਰ ਕੀਤਾ ਜਾਵੇਗਾ।

-----

## ਨਹਿਰੀ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣਾ

*1503. **ਸਰਦਾਰ ਨਿਰਮਲ ਸਿੰਘ :** ਕੀ ਜਲ ਸਰੋਤ ਮੰਤਰੀ ਸ਼ੁਤਰਾਣਾ ਹਲਕੇ ਵਿੱਚ ਪੈਂਦੇ ਜਲਾਲਪੁਰ, ਸਿਉਨਾ, ਸਧਾਰਨਪੁਰ, ਡੇਰਾ ਝੀਲ, ਰਸੌਲੀ ਆਦਿ ਪਿੰਡਾਂ ਵਿੱਚ ਨਹਿਰੀ ਪਾਣੀ ਸੂਏ ਰਾਹੀਂ ਨਾ ਪਹੁੰਚਣ ਕਾਰਨ ਕਿਸਾਨਾਂ ਦੇ ਹੋ ਰਹੇ ਭਾਰੀ ਨੁਕਸਾਨ ਦੇ ਮੱਦੇਨਜ਼ਰ ਇਸ ਦਾ ਸਥਾਈ ਹੱਲ ਕਰਨ ਲਈ ਸਦਨ ਵਿੱਚ ਆਸ਼ਵਾਸਨ ਦੇਣਗੇ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਲਕਾ ਸ਼ੁਤਰਾਣਾ ਅਧੀਨ ਪੈਂਦੇ ਜਲਾਲਪੁਰ, ਸਿਉਨਾ, ਸਧਾਰਨਪੁਰ, ਡੇਰਾ ਝੀਲ, ਰਸੌਲੀ ਆਦਿ ਪਿੰਡਾਂ ਨੂੰ ਨਹਿਰੀ ਪਾਣੀ ਦੇਵੀਗੜ੍ਹ ਮੰਡਲ, ਪਟਿਆਲਾ (ਭਾਖੜਾ ਮੇਨ ਲਾਈਨ ਸਰਕਲ) ਅਧੀਨ ਪੈਂਦੇ ਚੋਆ ਲਿੰਕ-2 ਸਿਸਟਮ ਰਾਹੀਂ ਮਿਲਦਾ ਹੈ। ਇਹ ਰਜਬਾਹਾ ਭਾਖੜਾ ਮੇਨ ਲਾਈਨ ਦੀ ਬੁਰਜੀ 372970/ਖੱਬਾ ਤੋਂ ਨਿਕਲਦਾ ਹੈ। ਇਹ ਨਹਿਰੀ ਸਿਸਟਮ ਤਕਰੀਬਨ 30 ਸਾਲ ਪੁਰਾਣਾ ਹੈ ਅਤੇ ਇਸ ਦੇ ਬੈਂਕ ਕਮਜ਼ੋਰ ਹੋ ਚੁੱਕੇ ਹਨ, ਜਿਸ ਕਾਰਨ ਇਹ ਸਿਸਟਮ ਆਪਣੀ ਸਮਰੱਥਾ ਅਨੁਸਾਰ ਪਾਣੀ ਨਹੀਂ ਲੈਂਦਾ।

ਇਨ੍ਹਾਂ ਦੇ ਸਥਾਈ ਹੱਲ ਲਈ ਵਿਭਾਗ ਵੱਲੋਂ ਭਾਰਤ ਸਰਕਾਰ ਦੇ ISBIG ਪ੍ਰੋਜੈਕਟ ਅਧੀਨ, ਪ੍ਰੋਜੈਕਟ ਅਨੁਮਾਨ ਤਿਆਰ ਕੀਤੇ ਜਾ ਰਹੇ ਹਨ। ਚੋਆ ਲਿੰਕ-2 ਸਿਸਟਮ ਵੀ ਇਸ ਪ੍ਰੋਜੈਕਟ ਅਨੁਮਾਨ ਵਿੱਚ ਸ਼ਾਮਲ ਹੈ। ਪ੍ਰੋਜੈਕਟ ਪ੍ਰਵਾਨ ਹੋਣ ਉਪਰੰਤ ਅਤੇ ਫੰਡਾਂ ਦੀ ਉਪਲਬਧੀ ਹੋਣ ਉਪਰੰਤ ਇਹ ਸਿਸਟਮ ਪੱਕੇ ਕਰਵਾ ਦਿੱਤੇ ਜਾਣਗੇ, ਜਿਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਪਾਣੀ ਮਿਲ ਸਕੇਗਾ।

-----

## ਸੜਕ ਦੀ ਮੁਰੰਮਤ ਕਰਵਾਉਣਾ

***1434. ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰਾਜ ਮੰਡੀ ਬੋਰਡ ਅਧੀਨ ਰਾਏਕੋਟ ਹਲਕੇ ਦੇ ਬਲਾਕ ਸੁਧਾਰ ਵਿੱਚ ਸੁਧਾਰ ਬਜਾਰ ਤੋਂ ਸੁਧਾਰ ਪਿੰਡ ਨੂੰ ਜਾਂਦੀ ਸੜਕ ਦੀ ਬੜੀ ਖਸਤਾ ਹਾਲਤ ਹੈ; ਜੇਕਰ ਅਜਿਹਾ ਹੈ ਤਾਂ ਇਸ ਦੀ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

**ਕੈਪਟਨ ਅਮਰਿੰਦਰ ਸਿੰਘ :** ਰਾਏਕੋਟ ਹਲਕੇ ਦੇ ਬਲਾਕ ਸੁਧਾਰ ਵਿੱਚ ਸੁਧਾਰ ਬਜਾਰ ਤੋਂ ਸੁਧਾਰ ਪਿੰਡ ਨੂੰ ਜਾਂਦੀ ਸੜਕ ਤੇ ਥੋੜ੍ਹੇ ਪੈਚ ਪੈ ਗਏ ਹਨ, ਜਿਨਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ ਅਤੇ ਇਹ ਮਿਤੀ 31.10.2018 ਤੱਕ ਮੁਕੰਮਲ ਕਰ ਦਿੱਤੇ ਜਾਣਗੇ।

-----

## ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹੋਮਿਓਪੈਥਿਕ ਡਿਸਪੈਂਸਰੀ ਖੋਲ੍ਹਣਾ

***1487. ਸਰਦਾਰ ਗੁਰਪ੍ਰੀਤ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਕੋਈ ਵੀ ਹੋਮਿਓਪੈਥਿਕ ਡਿਸਪੈਂਸਰੀ ਨਿਯਮਿਤ ਤੌਰ ਤੇ ਨਹੀਂ ਚੱਲ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਨਵੀਂ ਹੋਮਿਓਪੈਥਿਕ ਡਿਸਪੈਂਸਰੀ ਖੋਲ੍ਹਣ ਤੇ ਵਿਚਾਰ ਕਰੇਗੀ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਇਸ ਵਿਭਾਗ ਅਧੀਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ 01 ਸਰਕਾਰੀ ਹੋਮਿਓਪੈਥਿਕ ਡਿਸਪੈਂਸਰੀ ਫਤਹਿਗੜ੍ਹ ਸਾਹਿਬ (ਜ਼ਿਲ੍ਹਾ ਪੱਧਰ) ਵਿਖੇ ਰੈਗੂਲਰ ਤੌਰ ਤੇ ਚੱਲ ਰਹੀ ਹੈ। ਜੇਕਰ ਹੋਰ ਸਰਕਾਰੀ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹਣ ਦੀ ਲੋੜ ਪਈ ਤਾਂ ਇਸ ਤੇ ਸਰਕਾਰ ਵੱਲੋਂ ਵਿਚਾਰ ਕਰ ਲਿਆ ਜਾਵੇਗਾ।

-----

## ਜ਼ਿਲ੍ਹਾ ਤਰਨਤਾਰਨ ਵਿੱਚ ਨਹਿਰੀ ਵਿਭਾਗ ਦੀ ਡਵੀਜ਼ਨ ਸਥਾਪਤ ਕਰਨਾ

***1536. ਸਰਦਾਰ ਹਰਮਿੰਦਰ ਸਿੰਘ ਗਿੱਲ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਤਰਨਤਾਰਨ ਜ਼ਿਲ੍ਹੇ ਖਾਸ ਕਰਕੇ ਪੱਟੀ ਹਲਕੇ ਦੇ ਕਿਸਾਨਾਂ ਨੂੰ ਪਹਿਲਾਂ ਮਿਲਦਾ ਨਹਿਰੀ ਪਾਣੀ ਕਿਉਂ ਬੰਦ ਕਰ ਦਿੱਤਾ ਗਿਆ ਹੈ, ਨਹਿਰਾਂ, ਸੂਇਆਂ ਅਤੇ ਖਾਲਿਆਂ ਦੀ ਸਫ਼ਾਈ ਕਿਉਂ ਨਹੀਂ ਹੋ ਰਹੀ ਅਤੇ ਨਹਿਰਾਂ ਵਿੱਚ ਕੁਝ ਪਿੰਡਾਂ ਦੇ ਸੀਵਰੇਜ ਦੇ ਗੰਦੇ

ਪਾਣੀ ਨੂੰ ਕਿਉਂ ਸੁੱਟਿਆ ਜਾ ਰਿਹਾ ਹੈ;

(ਅ) ਕੀ ਸਰਕਾਰ 2006 ਵਿੱਚ ਬਣੇ ਤਰਨਤਾਰਨ ਜ਼ਿਲ੍ਹੇ ਅੰਦਰ ਨਹਿਰੀ ਵਿਭਾਗ ਦੀ ਕੋਈ ਡਵੀਜ਼ਨ ਸਥਾਪਿਤ ਨਹੀਂ ਕਰ ਸਕਦੀ; ਜੇ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਸਮਾਂ ਬੱਧ ਕਰਕੇ ਸੂਚਿਤ ਕੀਤਾ ਜਾਵੇ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** (ੳ) ਤਰਨਤਾਰਨ ਜ਼ਿਲ੍ਹੇ ਅਧੀਨ, ਖਾਸ ਕਰਕੇ ਪੱਟੀ ਹਲਕੇ ਦੇ ਕਿਸਾਨਾਂ ਨੂੰ ਪਹਿਲਾਂ ਮਿਲਦਾ ਪਾਣੀ ਬੰਦ ਨਹੀਂ ਕੀਤਾ ਗਿਆ।

ਟੈਂਡਰ ਪ੍ਰਕਿਰਿਆ ਸਮੇਂ ਕੁਝ ਏਜੰਸੀਆਂ ਵੱਲੋਂ ਟੈਂਡਰ ਰੇਟ ਘੱਟ ਭਰੇ ਗਏ ਅਤੇ ਕੰਮ ਨੂੰ ਵਿਚਕਾਰ ਛੱਡਣ ਕਾਰਨ ਨਹਿਰਾਂ/ ਰਜਬਾਹਿਆਂ ਦੀ ਸਫ਼ਾਈ ਨਹੀਂ ਹੋ ਸਕੀ। ਖਾਲਿਆਂ ਦੀ ਸਫ਼ਾਈ ਹਿੱਸੇਦਾਰਾਂ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਂਦੀ ਹੈ। ਫਿਰ ਵੀ ਮਗਨਰੇਗਾ ਅਧੀਨ ਲੇਬਰ ਲਗਾ ਕੇ ਲਗਭਗ 17 ਕਿਲੋਮੀਟਰ ਰਜਬਾਹਿਆਂ ਦੀ ਸਫ਼ਾਈ ਕਰਵਾਈ ਗਈ।

ਨਹਿਰਾਂ/ਸੂਇਆਂ ਵਿੱਚ ਗੰਦਾ ਪਾਣੀ ਪਾਉਣ ਵਾਲੇ ਲੋਕਾਂ/ ਸੰਸਥਾਵਾਂ/ ਫੈਕਟਰੀਆਂ ਵਿਰੁੱਧ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ਼ ਐਕਟ, 1873 ਅਧੀਨ ਕਾਰਵਾਈ ਆਰੰਭੀ ਜਾਵੇਗੀ।

(ਅ) ਤਰਨਤਾਰਨ ਜ਼ਿਲ੍ਹੇ ਵਿੱਚ ਡਵੀਜ਼ਨ ਤਬਦੀਲ ਕਰਨ ਜਾਂ ਸਥਾਪਤ ਕਰਨ ਸਬੰਧੀ ਸਰਕਾਰ ਪੱਧਰ ਤੇ ਵਿਚਾਰ ਕੀਤਾ ਜਾ ਸਕਦਾ ਹੈ।

-----

## UNSTARRED QUESTIONS AND ANSWERS

### ਕੌਮਾਂਤਰੀ ਸਰਹੱਦ ਤੇ ਕਿਸਾਨਾਂ ਨੂੰ ਮੁਆਵਜ਼ਾ ਦੇਣਾ

**206. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਕੌਮਾਂਤਰੀ ਸਰਹੱਦ ਨਾਲ ਲਗਦੀ ਕਰੀਬ 550 ਕਿਲੋਮੀਟਰ ਦੀ ਪੱਟੀ ਵਿਚ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ, ਜਿਨ੍ਹਾਂ ਨੂੰ ਸਿਰਫ਼ 6 ਘੰਟੇ ਕੰਮ ਕਰਨ ਦੀ ਆਗਿਆ ਹੈ, ਨੂੰ ਪੰਜਾਬ ਸਰਕਾਰ ਨੇ ਸਾਲ 2013 ਵਿਚ ਤਿੰਨ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਸੀ; ਜੇਕਰ ਅਜਿਹਾ ਹੋਵੇ ਤਾਂ ਇਹ ਮੁਆਵਜ਼ਾ ਬੰਦ ਕਿਉਂ ਕਰ ਦਿੱਤਾ ਗਿਆ ਹੈ;

(ਅ) ਕੀ ਸਰਕਾਰ ਇਹ ਮੁਆਵਜ਼ਾ ਦੇਣਾ ਸ਼ੁਰੂ ਕਰੇਗੀ, ਜੇਕਰ ਹਾਂ ਤਾਂ ਇਹ ਕਦੋਂ ਸ਼ੁਰੂ ਹੋ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:**

(ੳ) ਅੰਤਰ ਰਾਸ਼ਟਰੀ ਬਾਰਡਰ ਅਤੇ ਕੰਡਿਆਲੀ ਤਾਰ ਦੇ ਵਿਚਕਾਰ ਪੈਂਦੀ ਜ਼ਮੀਨ ਦੇ ਪ੍ਰਾਈਵੇਟ ਮਾਲਕਾਂ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ, ਜੋ ਕਿ ਸਾਲ 2013 (1-1-13 ਤੋਂ 31-12-13) ਵਿੱਚ ਮੁਆਵਜ਼ਾ ਰਾਸ਼ੀ 3250/-ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਦੀ ਦਰ ਨਾਲ ਪੰਜਾਬ ਸਰਕਾਰ ਵਲੋਂ ਅਦਾ ਕੀਤੀ ਗਈ ਸੀ। ਇਹ ਮੁਆਵਜ਼ਾ ਰਾਸ਼ੀ ਕਦੇ ਵੀ ਬੰਦ ਨਹੀਂ ਕੀਤੀ ਗਈ। ਇਹ ਮੁਆਵਜ਼ਾ ਰਾਸ਼ੀ ਅਗਲੇ ਸਾਲ 2014 (ਮਿਤੀ 1-1-14 ਤੋਂ 31-12-14) ਤੱਕ 3250/- ਰੁਪਏ ਤੋਂ ਵਧਾ ਕੇ 10,000/- ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਕਰ ਦਿੱਤੀ ਗਈ। ਇਹ ਵੀ ਅਦਾ ਕਰ ਦਿੱਤੀ ਗਈ ਹੈ। ਇਹ ਮੁਆਵਜ਼ੇ ਦੀ ਰਾਸ਼ੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 14-3-14 ਅਨੁਸਾਰ 50:50 ਅਨੁਪਾਤ ਵਿੱਚ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਲੋਂ ਅਦਾ ਕੀਤੀ ਗਈ। ਸਾਲ 2015 (ਮਿਤੀ 1-1-15 ਤੋਂ 31-12-15) ਤੱਕ ਦੇ ਸਮੇਂ ਲਈ ਵੀ 10,000/- ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਮੁਆਵਜ਼ਾ ਦਿੱਤਾ ਗਿਆ। ਇਸ ਤੋਂ ਇਲਾਵਾ ਸਾਲ 2016 ਅਤੇ 2017 (ਮਿਤੀ 1-1-16 ਤੋਂ 31-12-16 ਅਤੇ 1-1-17 ਤੋਂ 31-12-17) ਤੱਕ ਦੇ ਸਮੇਂ ਦੀ ਮੁਆਵਜ਼ੇ ਦੀ 50% ਰਾਸ਼ੀ ਦਾ ਹਿੱਸਾ ਕੇਂਦਰ ਸਰਕਾਰ ਵਲੋਂ ਮਨਜ਼ੂਰ ਕਰ ਦਿੱਤਾ ਗਿਆ ਹੈ। ਇਸ ਰਕਮ ਨੂੰ ਸਬੰਧਤ ਅਕਾਊਂਟ ਹੈਡ ਵਿੱਚ ਜਮ੍ਹਾਂ ਕਰਾਉਣ ਲਈ ਵਿੱਤ ਵਿਭਾਗ ਨੂੰ ਹੈਡ ਆਫ਼ ਅਕਾਊਂਟ ਬਾਰੇ ਸੂਚਿਤ ਕਰਨ ਲਈ ਲਿਖਿਆ ਗਿਆ ਹੈ ਤਾਂ ਜੋ ਇਹ ਮੁਆਵਜ਼ੇ ਦੀ ਰਾਸ਼ੀ ਉਸ ਵਿੱਚ ਜਮ੍ਹਾਂ ਕਰਵਾਈ ਜਾ ਸਕੇ। ਵਿੱਤ ਵਿਭਾਗ ਵਲੋਂ ਇਸ ਸਬੰਧ ਵਿੱਚ ਸਟੇਟ ਬੈਂਕ ਆਫ਼ ਇੰਡੀਆ, ਸੈਕਟਰ 7, ਚੰਡੀਗੜ੍ਹ, ਅਕਾਊਂਟ ਨੰਬਰ 37768378215, ਆਈ. ਐਫ.ਐਸ.ਸੀ ਕੋਡ ਬੀ ਆਈ ਐਨ 0003246, ਐਮ ਆਈ ਸੀ ਆਰ ਕੋਡ 160002014 ਸੂਚਿਤ ਕੀਤਾ ਗਿਆ ਹੈ। ਇਹ ਸੂਚਨਾ ਬਾਰਡਰ ਸਕਿਉਰਿਟੀ ਫੋਰਸ ਨੂੰ ਭੇਜ ਦਿੱਤੀ ਗਈ ਹੈ।

(ਅ) ਜਦੋਂ ਤੋਂ ਵੀ ਅਲਾਟਮੈਂਟ ਪ੍ਰਾਪਤ ਹੋ ਰਹੀ ਹੈ ਉਦੋਂ ਤੋਂ ਮੁਆਵਜ਼ਾ ਲਗਾਤਾਰ ਦਿੱਤਾ ਜਾ ਰਿਹਾ ਹੈ।

-----

**ਇੰਟੈਗਰੇਟਿਡ ਚਾਈਲਡ ਪ੍ਰੋਟੈਕਸ਼ਨ ਸਕੀਮ ਅਧੀਨ ਰਾਸ਼ੀ ਜਾਰੀ ਕਰਨਾ**

**209. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਇੰਟੈਗਰੇਟਿਡ ਚਾਈਲਡ ਪ੍ਰੋਟੈਕਸ਼ਨ ਸਕੀਮ ਅਧੀਨ ਕੇਂਦਰ ਸਰਕਾਰ ਵੱਲੋਂ

ਪਿਛਲੇ 3 ਸਾਲਾਂ ਦੌਰਾਨ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਨੇ ਜ਼ਿਲ੍ਹਾ ਪੱਧਰ ਤੇ ਇਹ ਰਾਸ਼ੀ ਕਿੰਨੀ-ਕਿੰਨੀ ਜਾਰੀ ਕੀਤੀ ਹੈ;

(ਅ) ਕੀ ਇਹ ਠੀਕ ਹੈ ਕਿ ਇੰਟੈਗਰੇਟਿਡ ਚਾਈਲਡ ਪ੍ਰੋਟੈਕਸ਼ਨ ਸਕੀਮ ਲਾਗੂ ਕਰਨ ਵਾਲੇ ਸਟਾਫ਼ ਦੀ ਤਨਖਾਹ, ਭੱਤਿਆਂ, ਸਟੇਸ਼ਨਰੀ, ਬਿਲਡਿੰਗਾਂ ਦੇ ਕਿਰਾਏ ਦੇ ਬਿੱਲ ਫੰਡਜ਼ ਦੀ ਘਾਟ ਕਰਕੇ ਕਈ-ਕਈ ਮਹੀਨਿਆਂ ਤੋਂ ਲੰਬਿਤ ਪਏ ਹਨ; ਜੇਕਰ ਅਜਿਹਾ ਹੈ ਤਾਂ ਜ਼ਿਲ੍ਹਾ ਵਾਈਜ਼ ਲੰਬਿਤ ਬਿਲਾਂ ਦੀ ਸੂਚੀ ਦਿੱਤੀ ਜਾਵੇ ਅਤੇ ਪੰਜਾਬ ਸਰਕਾਰ ਇਨ੍ਹਾਂ ਬਿਲਾਂ ਦੀ ਰਾਸ਼ੀ ਕਦੋਂ ਤੱਕ ਜਾਰੀ ਕਰ ਦੇਵੇਗੀ?

**ਸ਼੍ਰੀਮਤੀ ਅਰੁਨਾ ਚੌਧਰੀ :** ਸ਼੍ਰੀਮਾਨ ਜੀ,

(ੳ) ਇੰਟੈਗਰੇਟਿਡ ਚਾਈਲਡ ਪ੍ਰੋਟੈਕਸ਼ਨ ਸਕੀਮ ਅਧੀਨ ਕੇਂਦਰ ਸਰਕਾਰ ਵੱਲੋਂ ਪਿਛਲੇ 3 ਸਾਲਾਂ ਦੌਰਾਨ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਨੇ ਜ਼ਿਲ੍ਹਾ ਪੱਧਰ ਤੇ ਇਹ ਰਾਸ਼ੀ ਕਿੰਨੀ-ਕਿੰਨੀ ਜਾਰੀ ਕੀਤੀ ਹੈ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**(ਰਕਮ ਲੱਖਾਂ ਵਿੱਚ)**

| **ਲੜੀ ਨੰ:** | **ਵਿੱਤੀ ਸਾਲ** | **ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਰਾਸ਼ੀ** | **ਪੰਜਾਬ ਸਰਕਾਰ ਨੇ ਜ਼ਿਲ੍ਹਾ ਪੱਧਰ ਤੇ ਕਿੰਨੀ ਰਾਸ਼ੀ ਜਾਰੀ ਕੀਤੀ** |
|---|---|---|---|
| 1 | 2016-17 | 581.67 | 545.40 |
| 2 | 2017-18 | 143.24 | 356.97 |
| 3 | 2018-19 | 175.78 | 136.46 |

(ਅ) ਹਾਂ ਜੀ, ਆਈ.ਸੀ.ਪੀ.ਐਸ. ਸਕੀਮ ਅਧੀਨ ਸਾਲ 2017-18 ਦੌਰਾਨ ਬਕਾਇਆ ਰਾਸ਼ੀ ਵਿੱਚੋਂ ਸਾਲ 2018-19 ਦੌਰਾਨ 238.74 ਲੱਖ ਰੁਪਏ (143.24 CS+95.50 SS) ਦੀ ਸੈਂਕਸ਼ਨ ਵਿੱਤ ਵਿਭਾਗ ਵੱਲੋਂ ਜਾਰੀ ਕਰਨ ਉਪਰੰਤ ਰਾਸ਼ੀ ਖਰਚੀ ਜਾ ਚੁੱਕੀ ਹੈ। ਬਾਕੀ ਭੱਤਿਆਂ, ਸਟੇਸ਼ਨਰੀ, ਦਫ਼ਤਰੀ ਖਰਚੇ ਨਾਲ ਸਬੰਧਿਤ 226.77 ਲੱਖ ਰੁਪਏ (136.06 CS+90.71 SS) ਦੀ ਤਜਵੀਜ਼ ਵਿੱਤ ਵਿਭਾਗ ਨੂੰ ਪ੍ਰਵਾਨਗੀ ਲਈ ਭੇਜੀ ਹੋਈ ਹੈ। ਵਿੱਤ ਵਿਭਾਗ ਵੱਲੋਂ ਰਾਸ਼ੀ ਜਾਰੀ ਹੋਣ ਅਤੇ ਖਜ਼ਾਨੇ ਤੋਂ ਬਿੱਲ ਕਲੀਅਰ ਹੋਣ ਉਪਰੰਤ ਹਰ ਜ਼ਿਲ੍ਹੇ ਨੂੰ ਫੰਡਜ਼ ਟ੍ਰਾਂਸਫ਼ਰ ਕਰ ਦਿੱਤੇ ਜਾਣਗੇ।

ਇਸ ਤੋਂ ਇਲਾਵਾ 292.97 ਲੱਖ ਰੁਪਏ (175.78- CS+117.19-SS)

[ ਮਹਿਲਾ ਤੇ ਬਾਲ ਵਿਕਾਸ ਮੰਤਰੀ ]

ਦੀ ਸੈਂਕਸ਼ਨ ਪ੍ਰਾਪਤ ਹੋ ਗਈ ਹੈ ਜਿਸ ਵਿੱਚੋਂ ਅਗਸਤ, 2018 ਤੱਕ ਦੀ ਤਨਖਾਹ ਦੇ ਬਿੱਲ ਖਜ਼ਾਨੇ ਸਬਮਿਟ ਕਰ ਦਿੱਤੇ ਗਏ ਹਨ।

-----

## ਡੋਪ ਟੈਸਟ ਦੀ ਰਾਸ਼ੀ ਨਿਰਧਾਰਤ ਕਰਨਾ

**213. ਸਰਦਾਰ ਕੁਲਤਾਰ ਸਿੰਘ ਸੰਧਵਾਂ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਡੋਪ ਟੈਸਟ ਦੀ ਕੀਮਤ 1500 ਰੁਪਏ ਵਸੂਲ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ 1500 ਰੁਪਏ ਦੀ ਡਿਟੇਲ ਦਿੱਤੀ ਜਾਵੇ ਕਿ ਇਹ ਰਾਸ਼ੀ ਕਿਸ ਤਰ੍ਹਾਂ ਨਿਰਧਾਰਤ ਕੀਤੀ ਗਈ ਹੈ?

(ਅ) ਕੀ ਇਹ ਠੀਕ ਹੈ ਕਿ ਡੋਪ ਟੈਸਟ ਕਿੱਟ ਦੀ ਬਜ਼ਾਰੀ ਕੀਮਤ 200 ਰੁਪਏ ਤੋਂ 350 ਰੁਪਏ ਹੈ, ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਕਿਸ ਰੇਟ ਤੇ ਡੋਪ ਟੈਸਟ ਕਿੱਟ ਕਿਸ ਕੰਪਨੀ ਤੋਂ 5 ਗੁਣਾ ਜ਼ਿਆਦਾ ਕੀਮਤ ਤੇ ਖ਼ਰੀਦ ਰਹੀ ਹੈ ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ,

(ੳ) ਪੀ.ਐਚ.ਐਸ.ਸੀ. ਵੱਲੋਂ ਅਸਲਾ ਲਾਇਸੈਂਸ ਲਈ ਮੈਡੀਕਲ ਜਾਂਚ ਲਈ 500/- ਰੁਪਏ ਪਹਿਲਾਂ ਤੋਂ ਹੀ ਨਿਰਧਾਰਤ ਕੀਤੀ ਗਈ ਸੀ। ਮਿਤੀ 06.03.2018 ਨੂੰ ਗ੍ਰਹਿ ਵਿਭਾਗ ਵੱਲੋਂ ਅਸਲਾ ਲਾਇਸੈਂਸ ਬਣਵਾਉਣ ਲਈ ਡੋਪ ਟੈਸਟ ਜ਼ਰੂਰੀ ਕਰ ਦਿੱਤਾ ਗਿਆ। ਡੋਪ ਟੈਸਟ ਕਿੱਟ ਦੀ ਕੀਮਤ ਲਗਭਗ 400/- ਰੁਪਏ ਹੈ। ਇਸ ਕਿੱਟ ਵਿੱਚ ਕੁੱਲ 10 ਡਰੱਗਜ਼ ਦੇ ਟੈਸਟ ਸ਼ਾਮਲ ਹਨ। ਡਾਕਟਰ ਅਤੇ ਹੋਰ ਪੈਰਾ ਮੈਡੀਕਲ ਸਟਾਫ਼ ਦੀ ਟੀਮ ਵੱਲੋਂ ਇਹ ਟੈਸਟ ਲਗਭਗ 15 ਮਿੰਟਾਂ ਵਿੱਚ ਕੀਤਾ ਜਾਂਦਾ ਹੈ। ਇਸ ਟੈਸਟ ਦੇ ਨਾਲ ਹੀ ਮੈਡੀਕਲ ਜਾਂਚ, ਖੂਨ ਦੀ ਜਾਂਚ, ਅੱਖਾਂ ਦੀ ਜਾਂਚ ਆਦਿ ਵੀ ਕੀਤੀ ਜਾਂਦੀ ਹੈ। ਗ੍ਰਹਿ ਵਿਭਾਗ ਅਤੇ ਸਿਹਤ ਵਿਭਾਗ ਵੱਲੋਂ ਸਾਂਝੇ ਤੌਰ ਤੇ ਇਸ ਡੋਪ ਟੈਸਟ, ਸਰੀਰਕ ਜਾਂਚ ਅਤੇ ਬਲੱਡ ਗਰੁੱਪ ਲਈ ਸੰਕਲਿਤ ਤੌਰ ਤੇ 1500/- ਰੁਪਏ ਨਿਰਧਾਰਤ ਕੀਤੇ ਗਏ ਹਨ।

(ਅ) ਡੋਪ ਟੈਸਟ ਦੀ ਜਾਂਚ ਕਰਨ ਲਈ 10 ਡਰੱਗਜ਼ ਵਾਲੀ ਕਿੱਟ ਸਬੰਧਿਤ ਸਿਹਤ ਸੰਸਥਾਵਾਂ ਵੱਲੋਂ ਆਪਣੇ ਪੱਧਰ ਤੇ ਲਗਭਗ 400/- ਰੁਪਏ ਪ੍ਰਤੀ ਕਿੱਟ ਖਰੀਦੀ ਜਾਂਦੀ ਹੈ। ਬਾਕੀ ਬਚਦੇ ਚਾਰਜਿਜ਼ ਹਸਪਤਾਲ ਵੱਲੋਂ ਯੂਜ਼ਰ ਚਾਰਜਿਜ਼ ਦੇ ਤੌਰ ਤੇ ਰੱਖ ਲਏ ਜਾਂਦੇ ਹਨ, ਜੋ ਕਿ ਇਨਫ੍ਰਾਸਟ੍ਰਕਚਰ ਅਤੇ ਮੈਨ ਪਾਵਰ ਦੇ ਤੌਰ ਤੇ ਮਰੀਜ਼ਾਂ ਦੀ ਭਲਾਈ ਪ੍ਰਤੀ ਖਰਚੇ ਜਾਂਦੇ ਹਨ।

-----

## ਪਾਣੀ ਦਾ ਸਰਵੇਖਣ ਕਰਵਾਉਣਾ

**219. ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਘੱਗਰ ਦਰਿਆ ਨੇੜਲੇ ਇਲਾਕੇ ਦੇ ਪਿੰਡਾਂ ਵਿੱਚ ਪਾਣੀ ਦਾ ਸਰਵੇਖਣ ਕਰਵਾਇਆ ਗਿਆ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਇਹ ਪਾਣੀ ਦਾ ਸਰਵੇਖਣ ਸਿਰਫ਼ ਮੁੱਖ ਮੰਤਰੀ ਦੇ ਜ਼ਿਲ੍ਹੇ ਪਟਿਆਲਾ ਦੇ ਪਿੰਡਾਂ ਦਾ ਹੀ ਕੀਤਾ ਗਿਆ ਹੈ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਨੂੰ ਇਸ ਸਰਵੇਖਣ ਦੇ ਵਿੱਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ;

(ਸ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਨਾਂਹ ਵਿੱਚ ਹੈ ਤਾਂ ਪੰਜਾਬ ਦੇ ਕਿਹੜੇ ਕਿਹੜੇ ਜ਼ਿਲ੍ਹਿਆਂ ਦੇ ਕਿਹੜੇ ਕਿਹੜੇ ਪਿੰਡਾਂ ਵਿੱਚ ਪਾਣੀ ਦਾ ਸਰਵੇਖਣ ਕੀਤਾ ਗਿਆ ਹੈ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** (ੳ) ਹਾਂ ਜੀ।

(ਅ) ਨਹੀਂ ਜੀ।

(ੲ) ਹੋਰ ਜ਼ਿਲ੍ਹਿਆਂ ਦੇ ਆਰਸੈਨਿਕ ਅਤੇ ਫਲੋਰਾਈਡ ਪ੍ਰਭਾਵਿਤ ਪਿੰਡਾਂ ਵਿੱਚ ਵੀ ਨਹਿਰੀ ਪਾਣੀ ਤੇ ਆਧਾਰਿਤ ਜਲ ਸਪਲਾਈ ਸਕੀਮਾਂ ਬਣਾਉਣ ਦੀ ਸੰਭਾਵਨਾ ਲਈ ਸਰਵੇਖਣ ਕਰਵਾਇਆ ਗਿਆ ਹੈ।

(ਸ) ਵਿਭਾਗ ਵੱਲੋਂ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੇ 622 ਆਰਸੈਨਿਕ ਅਤੇ ਫਲੋਰਾਈਡ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਨਹਿਰੀ ਪਾਣੀ ਤੇ ਆਧਾਰਿਤ ਸਕੀਮਾਂ ਬਣਾਉਣ ਦੀ ਸੰਭਾਵਨਾ ਬਾਰੇ ਸਰਵੇਖਣ ਕਰਵਾਇਆ ਗਿਆ ਕਿਉਂਜੋ ਇਨ੍ਹਾਂ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਆਰਸੈਨਿਕ ਅਤੇ ਫਲੋਰਾਈਡ ਪ੍ਰਭਾਵਿਤ ਪਿੰਡ/ਅਬਾਦੀਆਂ ਹਨ। ਜਿਸ ਦੀ ਸੂਚੀ ਅਨੁਲੱਗ *ੳ ਤੇ ਉਪਲਬਧ ਹੈ।

-----

*Placed in the Revisor Branch.

## ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਪੰਜਾਬ ਲਈ ਵੱਖਰੇ ਮਾਪਦੰਡ ਬਣਾਉਣਾ

**228. ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਲਈ ਚੁਣੇ ਜਾਣ ਵਾਲੇ ਲਾਭਪਾਤਰੀਆਂ ਲਈ ਕੇਂਦਰ ਸਰਕਾਰ ਵੱਲੋਂ ਜਾਰੀ ਮਾਪਦੰਡ ਉਹੀ ਹਨ ਜੋ ਦੂਜੇ ਰਾਜਾਂ ਜਿਵੇਂ ਬਿਹਾਰ, ਪੱਛਮੀ ਬੰਗਾਲ, ਝਾਰਖੰਡ ਆਦਿ ਲਈ ਹਨ ਜਦੋਂ ਕਿ ਪੰਜਾਬ ਦੇ ਲੋਕਾਂ ਦਾ ਅਤੇ ਬਾਕੀ ਰਾਜਾਂ ਦਾ ਰਹਿਣ-ਸਹਿਣ ਭਿੰਨ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਸਾਰੇ ਰਾਜਾਂ ਲਈ ਲਾਭਪਾਤਰੀ ਚੁਣਨ ਲਈ ਇਕੋ ਮਾਪਦੰਡ ਹੋਣ ਕਰਕੇ ਪੰਜਾਬ ਦੇ ਬਹੁਤ ਗਿਣਤੀ ਦੇ ਪਰਿਵਾਰ ਇਸ ਸਕੀਮ ਤੋਂ ਵਾਂਝੇ ਰਹਿ ਜਾਂਦੇ ਹਨ ਜਦੋਂ ਕਿ ਇਨ੍ਹਾਂ ਪਾਸ ਰਹਿਣ ਲਈ ਮਕਾਨ ਵੀ ਨਹੀਂ ਹੁੰਦਾ;

(ੲ) ਪੰਜਾਬ ਵਿੱਚ ਹੁਣ ਤੱਕ ਜ਼ਿਲ੍ਹਾਵਾਰ ਕਿੰਨੇ ਲਾਭਪਾਤਰੀਆਂ ਨੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਦਰਖਾਸਤਾਂ ਦਿੱਤੀਆਂ ਸਨ ਅਤੇ ਇਨ੍ਹਾਂ ਵਿੱਚੋਂ ਮਾਪਦੰਡਾਂ ਅਨੁਸਾਰ ਕਿੰਨੇ ਯੋਗ ਪਾਏ ਗਏ ਹਨ ਅਤੇ ਕਿੰਨਿਆਂ ਨੂੰ ਸਹਾਇਤਾ ਮਿਲ ਗਈ ਹੈ;

(ਸ) ਕੀ ਪੰਜਾਬ ਸਰਕਾਰ ਨੇ ਮਾਪਦੰਡ ਨਰਮ ਕਰਨ ਲਈ ਕੇਂਦਰ ਸਰਕਾਰ ਨਾਲ ਮਾਮਲਾ ਟੇਕ-ਅੱਪ ਕੀਤਾ ਹੈ; ਜੇਕਰ ਹਾਂ ਤਾਂ ਦਸਤਾਵੇਜ਼ਾਂ ਦੀਆਂ ਨਕਲਾਂ ਦਿੱਤੀਆਂ ਜਾਣ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ,

(ੳ) ਜੀ ਹਾਂ, ਇਹ ਠੀਕ ਹੈ।

(ਅ) ਜੀ ਹਾਂ, ਇਹ ਵੀ ਸਹੀ ਹੈ।

(ੲ) ਪੰਜਾਬ ਵਿੱਚ ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ) ਤਹਿਤ ਹੁਣ ਤੱਕ ਪ੍ਰਾਪਤ ਹੋਈਆਂ ਜ਼ਿਲ੍ਹਾਵਾਰ ਦਰਖਾਸਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ | ਜ਼ਿਲ੍ਹੇ ਦਾ ਨਾਂ | ਲਾਭਪਾਤਰਾਂ ਵੱਲੋਂ ਦਿੱਤੀਆਂ ਗਈਆਂ ਅਰਜ਼ੀਆਂ | ਮਾਪ ਦੰਡਾਂ ਅਨੁਸਾਰ ਯੋਗ ਪਾਏ ਗਏ ਲਾਭਪਾਤਰੀ | ਲਾਭਪਾਤਰਾਂ ਦੀ ਗਿਣਤੀ ਜਿਨ੍ਹਾਂ ਨੂੰ ਹੁਣ ਤੱਕ ਲਾਭ ਦਿੱਤਾ ਗਿਆ ਹੈ |
|---|---|---|---|---|
| 1 | ਅੰਮ੍ਰਿਤਸਰ | 9824 | ਮਾਪ ਦੰਡਾਂ ਅਨੁਸਾਰ ਲਾਭਪਾਤਰਾਂ ਦੀ ਯੋਗਤਾ ਭਾਰਤ ਸਰਕਾਰ ਵੱਲੋਂ ਬਣਾਈ ਗਈ ਆਵਾਸ + ਮੋਬਾਇਲ ਐਪ ਰਾਹੀਂ ਹੀ ਜਾਂਚੀ ਜਾਵੇਗੀ। | ਇਨ੍ਹਾਂ ਨਵੇਂ ਚੁਣੇ ਗਏ ਲਾਭਪਾਤਰਾਂ ਵਿੱਚੋਂ ਅਜੇ ਤੱਕ ਕਿਸੇ ਨੂੰ ਵੀ ਸਹਾਇਤਾ ਰਾਸ਼ੀ ਨਹੀਂ ਦਿੱਤੀ ਗਈ ਕਿਉਂਕਿ ਇਹ ਪ੍ਰਕਿਰਿਆ ਹਾਲੇ ਚੱਲ ਰਹੀ ਹੈ। ਇਨ੍ਹਾਂ ਨੂੰ ਸਹਾਇਤਾ ਭਾਰਤ ਸਰਕਾਰ ਵੱਲੋਂ ਤੈਅ ਕੀਤੇ ਗਏ ਮਾਪਦੰਡਾਂ ਅਨੁਸਾਰ ਬਣਾਈ ਜਾਣ ਵਾਲੀ ਸਥਾਈ ਉਡੀਕ ਸੂਚੀ ਪ੍ਰਵਾਨ ਹੋਣ ਉਪਰੰਤ ਹੀ ਦਿੱਤੀ ਜਾਵੇਗੀ। |
| 2 | ਬਰਨਾਲਾ | 928 | | |
| 3 | ਬਠਿੰਡਾ | 13457 | | |
| 4 | ਫਰੀਦਕੋਟ | 2223 | | |
| 5 | ਫਤਹਿਗੜ੍ਹ ਸਾਹਿਬ | 4851 | | |
| 6 | ਫਾਜ਼ਿਲਕਾ | 933 | | |
| 7 | ਫਿਰੋਜ਼ਪੁਰ | 7269 | | |
| 8 | ਗੁਰਦਾਸਪੁਰ | 14711 | | |
| 9 | ਹੁਸ਼ਿਆਰਪੁਰ | 2875 | | |
| 10 | ਜਲੰਧਰ | 2223 | | |
| 11 | ਕਪੂਰਥਲਾ | 4002 | | |
| 12 | ਲੁਧਿਆਣਾ | 34088 | | |
| 13 | ਮਾਨਸਾ | 2595 | | |
| 14 | ਮੋਗਾ | 5142 | | |
| 15 | ਸ਼੍ਰੀ ਮੁਕਤਸਰ ਸਾਹਿਬ | 15578 | | |
| 16 | ਐਸ.ਬੀ.ਐਸ.ਨਗਰ | 4679 | | |
| 17 | ਪਠਾਨਕੋਟ | 4673 | | |
| 18 | ਪਟਿਆਲਾ | 15411 | | |
| 19 | ਰੂਪਨਗਰ | 8568 | | |
| 20 | ਸੰਗਰੂਰ | 4087 | | |
| 21 | ਐਸ.ਏ.ਐਸ. ਨਗਰ | 2149 | | |
| 22 | ਤਰਨ ਤਾਰਨ | 22634 | | |
| | ਕੁੱਲ | 1,89,900 | | |

(ਸ) ਜੀ ਹਾਂ, ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਮਾਪਦੰਡਾਂ ਨੂੰ ਨਰਮ ਕਰਵਾਉਣ ਲਈ ਇਸ ਦਫ਼ਤਰ ਦੇ ਪੱਤਰ ਮਿਤੀ 8.08.2017, 25.06.2018 ਅਤੇ 10.08.2018 ਰਾਹੀਂ ਲਿਖਿਆ ਗਿਆ ਹੈ। ਭੇਜੇ ਗਏ ਦਸਤਾਵੇਜ਼ਾਂ ਦੀਆਂ ਨਕਲਾਂ ਅਨੁਲੱਗ 1, 2 ਅਤੇ 3 ਤੇ ਨੱਥੀ ਕੀਤੀਆਂ ਗਈਆਂ ਹਨ :-

**ANNEXURE-1**

C.SIBIN, IAS
Tel. : 0172-2231056
Fax : 0172-5058900

JT. DEV. COMMISSIONER
COMMISSIONER-NREGA
SPL. SECRETARY- GOVT. PUNJAB
DEPT. OF RURAL DEV & PANCHAYAT
Vikas Bhawan, Sector 62, Phase-8,
SAS Nagar (Mohali)- 160062
e-mail : jdcirdp@yahoo.in

D.O. NO. RD/PMAY(G)-06/Imple/Policy/6757
Date : 8.8.2017

**Subject: Completion of houses under PMAY-G-definition of kutcha house.**

Respected Sir,

Please refer to your DO letter No. J-11060/2/2017-RH(A/C) dated 07th July 2017 on the above subject. In the letter under reference, the status of Pradhan Mantri Awaas Yojana (Gramin) as on 04th July 2017 for targets fixed by MoRD for the years 2016-17 and 2017-18 has been conveyed. In this connection, It is stated that I have directed the state and district officials to complete 100% registration and geo-tagging of the 31,084 eligible beneficiaries at the earliest. Sanction of houses has also been expedited and Ist instalment to the beneficiaries is also being disbursed from the last two weeks

I would like to add that about 80% of the beneficiaries identified in the state have either kutcha roof (made of wooden planks/bala covered with handmade tiles) of kutcha wall (made of burnt bricks loosely packed with mortar). Such beneficiaries are presently staying in these unhygienic houses without facility of kitchen or toilet.

Keeping in view the above facts, the Governing Body of Punjab State Rural Housing Society in the meeting convened on 25th July 2017, defined and approval such kutcha houses for the state of Punjab as *"houses either with kutcha walls made of burnt bricks and mortar/cement or with kutcha roof made of wooden planks (bala) covered with handmade tiles"*. So, the ministry is requested to kindly allow the state to sanction the houses as per above customized definition of kutcha houses so that genuine and needy beneficiaries are not deprived from availing housing facility under the scheme.

Thanking You.

Yours Sincerely

Sd/-

(Sibin C)

Sh. Prasant Kumar
Joint Secretary to Government of India
Ministry of Rural Development
Krishi Bhawan
New Delhi-110001

**ANNEXURE-2**

**ANURAG VERMA, IAS**
Tele/Fax No. 0172-5099209

D.O. No. RD/JOC/PMAY(W)/Imple/Policy/8162
Dated : 25-06-2018

Financial Commissioner
Rural Development & Panchayats, Punjab
Vikas Bhawan, Sector 62,
SAS Nagar (Mohali)- 160062
e-mail : fc.rdp@punjab.gov.in

**Subject: Regarding approval for relaxation in the Definition of Kutcha House.**

Dear Sir,

With reference to the D.O. letter no. DO# Secy(RD)/Misc/2018-19-PMAY(G) dated 17th May 2018 addressed to the Hon'ble Chief Secretary, Government of Punjab. In the D.O. letter under reference, emphasis has been given to achieve the target of 1 crore houses by December 31, 2018. Out of this national level target, Punjab has been allocated a target of 31, 084 houses. The achievement made till date against the target is at Annexure 1.

After Geo Tagging, it has been found that around 80% of the total registered houses that are verified by the concerned Gram Sabhas are not covered under the definition of kutcha house as per the guidelines although they are eligible as per the 13 exclusion criteria under SECC data. As per guidelines issued by MoRD, the definition of kutcha house is *"(i) Houses with kutcha wall is 'houses where the material used for walls is grass/thatch/bamboo or plastic/polythene or mud/unburnt bricks or wood or stone not packed with mortar' and (ii) Houses with kutcha roof is 'houses where the material used for roof is grass/thatch/bamboo/wood/mud or plastic/polythene or handmade tiles'."* But in the state of Punjab grass/thatch/bamboo/stone are not easily available/used locally for construction of walls/roof of houses by the beneficiaries identified. Most beneficiaries identified are staying in unhygienic conditions under homes made of walls with burn bricks packed with mortar & roofs made of wooden planks (bala) without facility of kitchen and a toilet.

[ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ]

A letter was written to the Ministry vide letter No. RD/PMAy(G)-06/Imple/Policy/6757 dated 8.8.2017 (Annexure 2) to relax the requirement for Punjab given the local conditions, but the request was not agreed to. National Level Monitors have also highlighted this matter in the review meeting held at Lucknow on 15th May 2018.

It is envisaged that the exercise of inclusion of left out beneficiaries in PWL will also face the same issues and genuine population who should get the benefit of the scheme given the ground realities of the State will be left out due to the non-relaxation of the scheme guidelines. Therefore, I would again request to kindly allow Punjab to consider kutcha houses as mentioned above so that maximum number of genuine rural poor population be covered under the scheme and the targets can be achieved by the end of the financial year.

Encl: As above

with regards,

Yours Sincerely
Sd/-
(Anurag Verma)

Sh. Amarjeet Sinha

Secretary to Government of India

Ministry of Rural Development

Krishi Bhawan, New Delhi-110001

Ensdt No. RD/JDC/PMAY(G)/06/Implementation/Policy/ Dated:

A Copy of the above is forwarded to OSD to Hon'ble Chief Secretary, Punjab for information

-Sd/-

(Anurag Verma)

**ANNEXURE-3**

**TRIPT RAJINDER SINGH BAJWA**
Phone : 0172-2740024
Fax : 0172-2740938

D.O. No. RD/ PMAY(G)/ Policy/10981
Rural Development & Panchayats and Housing & Urban Development Minister, Punjab.
Dated : 10.08.2018

**Subject: Regarding approval for relaxation in the Definition of Kutcha House under PMAY (G)**

*Dear Shri Tomar Ji,*

Out of the total national level target of 1 crore Houses, Punjab has been allocated a target of 31,084 houses to be completed by the end of FY 2018-19. The achievement made till date against the target is at **Annexure 1.**

2) After Geo Tagging, It has been found that around 80% of the total

registered houses that are verified by the concerned Gram Sabhas are not covered under the definition of kutcha house as per the guidelines although they are eligible as per the 13 exclusion criteria under SECC data.

3) As per guidelines issued by MoRD, the definition of kutcha house is *"(i) Houses with kutcha wall is 'houses where the material used for walls is grass/thatch/bamboo or plastic/polythene or mud/unburnt bricks or wood or stone not packed with mortar' and (ii) Houses with kutcha roof is 'houses where the material used for roof is grass/thatch/bamboo/wood/mud or plastic/ polythene or handmade tiles'."*

4) But in the state of Punjab, grass/thatch/bamboo/stone are not easily available/used locally for construction of walls/roof of houses by the beneficiaries identified. Most beneficiaries identified are staying in unhygienic conditions under homes made of walls with burn bricks packed with mortar & roofs made of wooden planks (bala) without facility of kitchen and a toilet.

5) The letters were written to the Ministry vide letter No. RD/PMAY(G)- /Imple/Policy/8162 dated 25.06.2018 **(Annexure 2)** and letter no. RD/PMAY(G)-06/Imple/Policy/6757 datd 08.08.2017 **(Annexure 3)** to relax the requirement for Punjab given the local conditions, but the requests were not agreed to. National Level Monitors have also highlighted this matter in the review meeting held at Lucknow on 15th May 2018.

6) It is envisaged that the exercise of inclusion of left out beneficiaries in PWL will also face the same issues and genuine population who should get the benefit of the scheme given the ground realities of the State will be left out due to the non-relaxation of the scheme guidelines. Therefore, I would again request to kindly allow Punjab to consider kutcha houses as mentioned above so that maximum number of genuine rural poor population be covered under the scheme and the targets can be achieved by the end of the financial year.

**Encl: As above**

Yours Sincerely,

Sd/-
(Tripat Rajinder Singh Bajwa)

Sh. Narendra Singh Tomar

Minister of Rural Development

Panchayati Raj and Mines,

Govt. of India

-----

## ਆਈ.ਟੀ.ਆਈ. ਬਨੂੜ ਨੂੰ ਜਾਂਦਾ ਰਸਤਾ ਪੱਕਾ ਕਰਨਾ

**229. ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਇਮਾਰਤ ਬਣਾਉਣ ਸਮੇਂ ਨਕਸ਼ਾ ਫ਼ੀਸ ਤੋਂ ਛੋਟ ਹੋਣ ਤੇ ਬਾਵਜੂਦ ਨਗਰ ਕੌਂਸਲ, ਬਨੂੜ ਦੇ ਅਧਿਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.) ਬਨੂੜ ਪਾਸੋਂ 40 ਲੱਖ ਰੁਪਏ ਦੀ ਨਕਸ਼ਾ ਫ਼ੀਸ ਮੰਗ ਰਹੇ ਹਨ ?

(ਅ) ਕੀ ਇਹ ਵੀ ਠੀਕ ਹੈ ਕਿ ਨਕਸ਼ਾ ਫ਼ੀਸ ਜਮ੍ਹਾਂ ਨਾ ਕਰਵਾਉਣ ਕਰਕੇ ਆਈ.ਟੀ.ਆਈ. ਨੂੰ ਜਾਂਦਾ 400 ਮੀਟਰ ਦਾ ਰਸਤਾ ਨਗਰ ਕੌਂਸਲ, ਬਨੂੜ ਵੱਲੋਂ ਪੱਕਾ ਨਹੀਂ ਕੀਤਾ ਜਾ ਰਿਹਾ ਜਿਸ ਕਰਕੇ ਬਰਸਾਤਾਂ ਵਿੱਚ ਵਿਦਿਆਰਥੀਆਂ ਨੂੰ ਆਈ.ਟੀ.ਆਈ. ਜਾਣ ਵਿੱਚ ਦਿੱਕਤ ਆ ਰਹੀ ਹੈ ?

(ੲ) ਪੰਜਾਬ ਸਰਕਾਰ ਇਸ ਮਾਮਲੇ ਨੂੰ ਹੱਲ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ ਅਤੇ 400 ਮੀਟਰ ਦਾ ਰਸਤਾ ਕਦੋਂ ਤੱਕ ਪੱਕਾ ਹੋ ਜਾਵੇਗਾ ?

**ਸਰਦਾਰ ਨਵਜੋਤ ਸਿੰਘ ਸਿੱਧੂ:** (ੳ) ਨਹੀਂ ਜੀ, ਪੰਜਾਬ ਮਿਊਂਸਿਪਲ ਐਕਟ, 1911 ਅਧੀਨ ਨਕਸ਼ਾ ਫ਼ੀਸ/ਸਮਝੌਤਾ ਫ਼ੀਸ ਕਿਸੇ ਵੀ ਇਮਾਰਤ ਲਈ ਮੁਆਫ਼ ਕਰਨ ਦਾ ਕੋਈ ਵੀ ਉਪਬੰਧ ਨਹੀਂ ਹੈ, ਇਸ ਲਈ ਨਗਰ ਕੌਂਸਲ ਵੱਲੋਂ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.) ਬਨੂੜ ਪਾਸੋਂ 40 ਲੱਖ ਰੁਪਏ ਦੀ ਨਕਸ਼ਾ ਫ਼ੀਸ ਮੰਗ ਕੀਤੀ ਗਈ ਹੈ।

(ਅ) ਨਹੀਂ ਜੀ, ਨਗਰ ਕੌਂਸਲ, ਬਨੂੜ ਵੱਲੋਂ ਇਸ ਰਸਤੇ ਨੂੰ ਬਣਾਉਣ ਸਬੰਧੀ 14.91 ਲੱਖ ਰੁਪਏ ਦਾ ਤਖ਼ਮੀਨਾ ਮਿਤੀ 07-08-2018 ਨੂੰ ਤਿਆਰ ਕੀਤਾ ਗਿਆ ਹੈ, ਨਗਰ ਕੌਂਸਲ ਦੀ ਆਉਣ ਵਾਲੀ ਮੀਟਿੰਗ ਮਿਤੀ 30-08-2018 ਵਿੱਚ ਪ੍ਰਵਾਨਗੀ ਲਈ ਰੱਖਿਆ ਜਾਵੇਗਾ।

(ੲ) ਨਗਰ ਕੌਂਸਲ, ਬਨੂੜ ਦੀ ਮੀਟਿੰਗ ਮਿਤੀ 30-08-2018 ਵਿੱਚ ਇਹ ਤਖ਼ਮੀਨਾ ਪ੍ਰਵਾਨ ਹੋਣ ਉਪਰੰਤ ਫੰਡਜ਼ ਉਪਲਬਧ ਹੋਣ ਤੇ ਇਸ ਕੰਮ ਦੇ ਟੈਂਡਰ ਲਗਾ ਦਿੱਤੇ ਜਾਣਗੇ ਅਤੇ ਟੈਂਡਰ ਹੋਣ ਉਪਰੰਤ ਇਹ ਕੰਮ ਕਰਵਾ ਦਿੱਤਾ ਜਾਵੇਗਾ।

-----

## MATTERS RAISED DURING ZERO HOUR AND STATEMENTS MADE BY THE CHIEF MINISTER THEREON

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ।)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਇੱਕ ਬਹੁਤ ਹੀ ਇੰਪਾਰਟੈਂਟ ਮੁੱਦਾ ਸੀ.ਐਮ. ਸਾਹਿਬ ਦੇ ਹਲਕੇ ਦਾ ਹੈ। ਸਰ, ਉਥੇ ਇੱਕ ਟੈਗੋਰ ਥੀਏਟਰ ਹੈ ਜਿਸ ਤੇ ਸਾਡੇ ਸਤਿਕਾਰਯੋਗ ਮੈਂਬਰ ਸਾਹਿਬਾਨ ਕੁਲਬੀਰ ਸਿੰਘ ਜ਼ੀਰਾ ਦੀ ਫੈਮਿਲੀ ਨੇ ਕਬਜ਼ਾ ਕਰ ਲਿਆ। ਇਹ ਕੰਪਲੇਂਟ ਡੀ.ਜੀ.ਪੀ. ਸਾਹਿਬ ਨੂੰ ਦਿੱਤੀ ਗਈ। ਅਦਾਲਤ ਨੇ ਆਈ.ਪੀ.ਸੀ. ਦੀ ਧਾਰਾ 384 ਅਧੀਨ ਐਫ.ਆਈ.ਆਰ. ਕਰਵਾਈ ਹੈ ਪਰ ਉਸ ਤੇ ਕੋਈ ਐਕਸ਼ਨ ਨਹੀਂ ਹੋਇਆ। ਮੈਂ ਸੀ.ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਬਜ਼ਾ ਕਿਹੜੇ-ਕਿਹੜੇ ਅਧਿਕਾਰੀਆਂ ਨੇ ਮਿਲ ਕੇ ਕਰਵਾਇਆ ਹੈ? ਸਰ, 100 ਕਰੋੜ ਰੁਪਏ ਦੀ ਪ੍ਰਾਪਰਟੀ ਹੈ।

**ਮਾਨਯੋਗ ਸਪੀਕਰ:** ਤੁਸੀਂ ਤਾਂ ਅਦਾਲਤ ਦਾ ਰੈਫ਼ਰੈਂਸ ਦੇ ਰਹੇ ਹੋ।

**ਸਰਦਾਰ ਹਰਪਾਲ ਸਿੰਘ ਚੀਮਾ :** ਨਹੀਂ ਜੀ, ਐਫ.ਆਈ.ਆਰ. ਕੋਰਟ ਨੇ ਦਰਜ ਕਰਵਾਈ ਹੈ ਪਰ ਡੀ.ਜੀ.ਪੀ. ਸਾਹਿਬ ਕੋਲ ਕੰਪਲੇਂਟ ਪੈਂਡਿੰਗ ਪਈ ਹੈ, ਉਸ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ। ਟੈਗੋਰ ਥੀਏਟਰ, ਪਟਿਆਲਾ ਦਾ ਮੇਨ ਥੀਏਟਰ ਹੈ।(ਵਿਘਨ, ਸ਼ੋਰ) ਸਰ, ਉਸ ਥਾਂ ਤੇ ਮਾਲ ਬਣਾਉਣ ਦੇ ਲਈ.......

**ਮਾਨਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਤੁਸੀਂ ਜੋ ਕਹਿਣਾ ਸੀ, ਕਹਿ ਦਿੱਤਾ ਹੈ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਇਸ ਤੋਂ ਵੱਡਾ ਮੁੱਦਾ ਕੀ ਹੋਵੇਗਾ ? (ਵਿਘਨ, ਸ਼ੋਰ)..

**ਮਾਨਯੋਗ ਸਪੀਕਰ :** ਤੁਸੀਂ ਇਸ਼ੂ ਰੇਜ਼ ਕਰ ਦਿੱਤਾ ਹੈ। You cannot force for getting answer in zero hour. ਤੁਸੀਂ ਜਵਾਬ ਵਾਸਤੇ ਨਹੀਂ ਕਹਿ ਸਕਦੇ। ਤੁਸੀਂ ਜਵਾਬ ਵਾਸਤੇ ਫੋਰਸ ਨਹੀਂ ਕਰ ਸਕਦੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਵਿੱਚ ਬੋਲਣ ਦੀ ਮੰਗ ਕਰ ਰਹੇ ਸੀ।)

**ਮਾਨਯੋਗ ਸਪੀਕਰ :** ਤੁਸੀਂ ਵਾਰੀ-ਵਾਰੀ ਬੋਲ ਲੈਣਾ। ਹਾਂ ਜੀ, ਸਰਦਾਰ ਗੁਰਕੀਰਤ ਸਿੰਘ ਕੋਟਲੀ।

**ਸਰਦਾਰ ਗੁਰਕੀਰਤ ਸਿੰਘ ਕੋਟਲੀ :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਲਈ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇੱਕ ਬਹੁਤ ਹੀ ਅਹਿਮ ਮਸਲੇ ਬਾਰੇ ਤੁਹਾਡਾ, ਸਰਕਾਰ ਅਤੇ ਸਾਰੇ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮਾਹੌਲ ਨੂੰ ਦੁਬਾਰਾ ਖਰਾਬ ਕਰਨ ਦੀ ਕੋਸ਼ਿਸ਼ ਦੇਸ਼ ਔਰ ਵਿਦੇਸ਼ ਵਿੱਚ ਚੱਲ ਰਹੀ ਹੈ। ਵਿਦੇਸ਼ਾਂ ਵਿੱਚ ਉਹ ਲੋਕ ਰੈਫ਼ਰੈਂਡਮ 2020 ਦੇ ਨਾਂ ਉੱਤੇ ਅੱਜ ਦੁਬਾਰਾ ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣਾ ਚਾਹੁੰਦੇ ਹਨ। ਸਪੀਕਰ ਸਾਹਿਬ, ਆਪਾਂ ਸਾਰਿਆਂ ਨੂੰ ਇਹ ਮਾਮਲਾ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਔਰ ਇਸ ਨੂੰ outrightly ਰੱਦ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਆਪਣੇ ਜਿਹੜੇ ਇਹ ਅਕਾਲੀ ਦਲ ਦੇ ਮੈਂਬਰ ਸਾਹਿਬ ਬੈਠੇ ਹਨ, ਮੈਂ ਇਨ੍ਹਾਂ ਨੂੰ ਵੀ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਅੱਗ ਨਾਲ ਨਾ ਖੇਡਣ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਤੁਸੀਂ ਅੱਗ ਨਾਲ ਨਾ ਖੇਡੋ।(ਵਿਘਨ, ਸ਼ੋਰ) ਸਪੀਕਰ ਸਾਹਿਬ, ਪਰਸੋਂ ਇਨ੍ਹਾਂ ਦੇ ਦਿੱਲੀ ਦੇ ਪ੍ਰਧਾਨ ਨਾਲ ਕੀ ਹੋਇਆ ? (ਵਿਘਨ, ਸ਼ੋਰ)..

**ਮਾਨਯੋਗ ਸਪੀਕਰ:** ਰੁਕੋ ਜੀ, ਟਾਈਮ ਦੇਵਾਂਗਾ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਜ਼ ਵੱਲ ਇਸ਼ਾਰਾ) Let him complete.

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸਪੀਕਰ ਸਾਹਿਬ, ਇਹ ਸੁਧਰ ਨਹੀਂ ਸਕਦੇ। ਇਨ੍ਹਾਂ ਦੇ ਦਿੱਲੀ ਦੇ ਪ੍ਰਧਾਨ ਨਾਲ ਪਤਾ ਕੀ ਹੋਇਆ ? (ਵਿਘਨ, ਸ਼ੋਰ)..

**Mr. Speaker :** Let him complete. (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਜ਼ ਵੱਲ ਇਸ਼ਾਰਾ) (ਵਿਘਨ, ਸ਼ੋਰ)..

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਸੁਖਬੀਰ ਜੀ, ਇਹ ਗੱਲਾਂ ਨਾ ਕਰੋ, ਤੁਸੀਂ ਅੱਗ ਨਾਲ ਨਾ ਖੇਡੋ। ਮੈਂ ਇਹ ਨਹੀਂ ਕਹਿ ਰਿਹਾ.....(ਵਿਘਨ).....ਇੱਕ ਮਿੰਟ ਮੇਰੀ ਗੱਲ ਸੁਣੋ.......(ਵਿਘਨ, ਸ਼ੋਰ)..

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਸੁਖਬੀਰ ਸਿੰਘ ਬਾਦਲ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਜਿਹੜੇ ਲੋਕਾਂ ਲਈ ਤੁਸੀਂ ਦੇਸ਼ ਦੇ ਗ੍ਰਹਿ ਮੰਤਰੀ ਕੋਲ ਸਜ਼ਾ ਮੁਆਫ਼ ਕਰਵਾਉਣ ਗਏ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਜ਼ ਵੱਲ

ਇਸ਼ਾਰਾ) (ਵਿਘਨ, ਸ਼ੋਰ) ਇਹ ਲੋਕ ਨਹੀਂ ਸੁਧਰ ਸਕਦੇ...(ਵਿਘਨ, ਸ਼ੋਰ).. ਤੁਸੀਂ ਅੱਗ ਨਾਲ ਨਾ ਖੇਡੋ...(ਵਿਘਨ, ਸ਼ੋਰ).. ਅਸੀਂ ਲੜ੍ਹ ਲਵਾਂਗੇ, ਸਾਡੇ ਕੋਲ ਤਾਕਤ ਹੈ। (ਥੰਪਿੰਗ)....(ਵਿਘਨ, ਸ਼ੋਰ)..

**Mr. Speaker :** Let him complete. ਗੁਰਕੀਰਤ ਜੀ, ਮਾਈਕ ਤੋਂ ਹੱਥ ਚੁੱਕ ਲਓ।

**ਸਰਦਾਰ ਗੁਰਕੀਰਤ ਸਿੰਘ ਕੋਟਲੀ:** ਇੱਕ ਗੱਲ ਦਾ ਹੋਰ ਜਵਾਬ ਇਨ੍ਹਾਂ ਨੂੰ ਦੇਣਾ ਚਾਹੀਦਾ ਹੈ ਕਿ, ਜਿਹੜੇ ਹੋਰ 17 ਲੋਕ ਮਰੇ ਹਨ, ਕੀ ਉਨ੍ਹਾਂ ਦੇ ਪਰਿਵਾਰਾਂ ਨੂੰ ਤੁਸੀਂ ਕਦੇ ਮਿਲੇ ਹੋ, ਦੱਸੋ?.....(ਵਿਘਨ, ਸ਼ੋਰ)..

**Mr. Speaker :** Let him complete. ਸਰਦਾਰ ਗੁਰਕੀਰਤ ਸਿੰਘ ਜੀ, ਮਾਈਕ ਤੋਂ ਹੱਥ ਚੁੱਕ ਲਓ। ਸੀ.ਐਮ. ਸਾਹਿਬ ਖੜ੍ਹੇ ਹੋ ਗਏ ਹਨ, ਗੁਰਕੀਰਤ ਕੋਟਲੀ ਜੀ, ਬੈਠੋ। ਤੁਸੀਂ ਬੈਠੋ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਹ ਜਿਹੜੀ ਤਸਵੀਰ ਸੁਖਬੀਰ ਸਿੰਘ ਬਾਦਲ ਆਪਣੇ ਹੱਥ ਵਿੱਚ ਚੁੱਕੀ ਫਿਰਦੇ ਹਨ, ਇਹ ਕੱਲ੍ਹ ਵੀ ਚੁੱਕੀ ਫਿਰਦੇ ਸੀ। ਇਹ ਮੇਰੇ ਹੱਥ ਵਿੱਚ ਵੀ ਹੈ। ਇਹ ਕੀ ਸੀ: The CM met a delegation of political / religious leaders belonging to different political parties such as SAD Mann (Gursewak Singh Jawaharke), UAD (Gurdeep Singh Bathinda), SAD Swatanter (Paramjit Singh Saholi), Akhand Akali Dal 1920 (Buta Singh), Dal Khalsa (Jasbir Singh Khandoor) who had come to the CM with a charter of demands. Baljit Singh Daduwal come alongwith the delegation of these leaders. According to ToI News paper report dated 7th June, 2018, they raised three demands with the CM - resolution of the Bargari sacrilege case, arrest of policemen responsible of killing two Sikh protestors Krishan Bhagwan Singh and Gurjit Singh at Behbal Kalan on October 14, 2015 and release of Sikh detainees who had completed their sentences. It was an open meeting at Punjab Bhawan, which was covered widely in print / electronic / social media. ਅਖੰਡ ਅਕਾਲੀ ਦਲ 1920 (ਬੂਟਾ ਸਿੰਘ), ਦਲ ਖਾਲਸਾ (ਜਸਬੀਰ ਸਿੰਘ ਖੰਡੂਰ), ਮੈਨੂੰ ਸਮਝਾਓ ਕਿ ਇਸ ਵਿੱਚ ਕੀ ਗੱਲ ਹੈ?

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਜੀ let him complete.

**ਸਰਦਾਰ ਸੁਖਬੀਰ ਸਿੰਘ ਬਾਦਲ :** ਸਪੀਕਰ ਸਾਹਿਬ, ਅਸੀਂ ਕੱਲ੍ਹ ਫੋਟੋ ਨਹੀਂ ਦਿਖਾਈ ਸੀ। ਅਸੀਂ ਕਿਹਾ ਸੀ ਕਿ ਦਾਦੂਵਾਲ ਰਾਤ ਨੂੰ 8 ਵਜੇ ਸੀ.ਐਮ. ਹਾਊਸ ਕੀ ਕਰਨ ਗਿਆ ਸੀ? ਇਹ ਪਰਸੋਂ ਰਾਤ ਦੀ ਗੱਲ ਹੈ। ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਪੰਜ ਬੰਦੇ ਖੜ੍ਹੇ ਕਰ ਦਿਓ, ਮੈਨੂੰ ਪਤਾ ਹੀ ਨਹੀਂ ਕਿ ਦਾਦੂਵਾਲ ਕੌਣ ਹੈ। ਕਹਿੰਦੇ, ਮੈਂ ਜ਼ਿੰਦਗੀ ਵਿੱਚ ਮਿਲਿਆ ਹੀ ਨਹੀਂ।(ਵਿਘਨ, ਸ਼ੋਰ)

**Chief Minister :** I want to answer this. ਤਸਵੀਰਾਂ ਵਿੱਚ ਤਾਂ ਬਹੁਤ ਲੋਕ ਆਉਂਦੇ ਹਨ। ਸੈਂਕੜੇ ਲੋਕ ਆਉਂਦੇ ਹਨ ਤੇ ਫੋਟੋ ਖਿੱਚ ਲੈ ਜਾਂਦੇ ਹਨ ਅਤੇ ਚਲੇ ਜਾਂਦੇ ਹਨ। I don't know who's who. ਇਨ੍ਹਾਂ ਦੇ ਚਾਰ ਹੱਟੇ-ਕੱਟੇ ਜਥੇਦਾਰ ਖੜ੍ਹੇ ਕਰ ਦਿਓ, ਨਾਲ ਦਾਦੂਵਾਲ ਨੂੰ ਖੜ੍ਹੇ ਕਰ ਦਿਓ, ਮੈਂ ਫ਼ਿਰ ਵੀ ਨਹੀਂ ਪਹਿਚਾਣ ਸਕਾਂਗਾ।(ਹਾਸਾ) (ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਸਾਰੇ ਪਲੀਜ਼ ਬੈਠੋ। ਹਾਂ ਜੀ ਸੁਖਬੀਰ ਸਿੰਘ ਬਾਦਲ ਜੀ।

**ਸਰਦਾਰ ਸੁਖਬੀਰ ਸਿੰਘ ਬਾਦਲ :** ਮੈਂ ਮੁੱਖ ਮੰਤਰੀ ਸਾਹਿਬ ਦੇ ਬਿਆਨ ਤੋਂ ਹੈਰਾਨ ਹਾਂ। ਇਹ ਮੇਰੇ ਤੋਂ ਸੀਨੀਅਰ ਹਨ ਅਤੇ ਮੈਂ ਤਾਂ ਇਨ੍ਹਾਂ ਤੋਂ ਬਹੁਤ ਜੂਨੀਅਰ ਹਾਂ। ਮੈਂ ਮੁੱਖ ਮੰਤਰੀ ਸਾਹਿਬ ਦੇ ਬਿਆਨ ਤੋਂ ਬਹੁਤ ਹੈਰਾਨ ਹਾਂ, ਕਹਿੰਦੇ ਦਾਦੂਵਾਲ ਨੂੰ ਜਾਣਦੇ ਹੀ ਨਹੀਂ ਜਦਕਿ ਇਹ ਆਪਣੇ ਮੰਤਰੀ ਨੂੰ ਰੋਜ਼ ਉਨ੍ਹਾਂ ਦੇ ਕੋਲ ਭੇਜਦੇ ਹਨ, ਮੀਟਿੰਗਾਂ ਹੁੰਦੀਆਂ ਹਨ। ਇਹ ਕੌਣ ਲੋਕ ਹਨ? ਇਹੀ ਲੋਕ ਹਨ ਜਿਨ੍ਹਾਂ ਨੇ ਚੱਬੇ ਖਾਲਿਸਤਾਨ ਦਾ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਅਤੇ ਜਿਹੜੇ ਤੁਹਾਡੇ ਘਰ ਆਉਂਦੇ ਹਨ। ਖਾਲਿਸਤਾਨੀ ਲੋਕ ਸੀ.ਐਮ. ਹਾਊਸ ਆਉਣ? ਕੀ ਪੰਜ ਸਾਲ ਕੋਈ ਸਾਡੇ ਘਰ ਵੜਿਆ ਹੈ? ਇਹ ਸਾਰੀਆਂ ਸਾਜ਼ਿਸ਼ਾਂ ਹਨ। ਅੱਜ ਹੋ ਕੀ ਰਿਹਾ ਹੈ? (ਵਿਘਨ, ਸ਼ੋਰ) ਇਹ ਸਾਰੇ ਲੋਕ ਯੂਨਾਈਟਡ ਅਕਾਲੀ ਦਲ ਮੋਹਕਮ ਸਿੰਘ... (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਬੈਠੋ।

**Chief Minister :** This is mis-information. (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਸੀ.ਐਮ. ਸਾਹਿਬ, ਸੀ.ਐਮ. ਸਾਹਿਬ।(ਵਿਘਨ, ਸ਼ੋਰ) ਸੀ.ਐਮ. ਸਾਹਿਬ...

**ਮੁੱਖ ਮੰਤਰੀ:** ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ, ਮੈਂ ਕੱਲ੍ਹ ਵੀ ਕਿਹਾ ਸੀ ਕਿ ਤੁਸੀਂ

ਸਾਰੇ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਰਿਕਾਰਡਿੰਗਜ਼ ਮੰਗਵਾ ਲਵੋ। ਜੋ ਸੀ.ਐਮ. ਹਾਊਸ ਦੇ ਆਲੇ-ਦੁਆਲੇ ਕੈਮਰੇ ਹਨ ਉਨ੍ਹਾਂ ਸਾਰਿਆਂ ਦੀ ਰਿਕਾਰਡਿੰਗ ਮੰਗਵਾ ਲਵੋ, ਫਿਰ ਉਸ ਵਿੱਚੋਂ ਦੇਖੀਏ ਕਿ ਇਨ੍ਹਾਂ ਦੀ ਇਸ ਗੱਲ ਵਿੱਚ ਕੋਈ ਸੱਚਾਈ ਹੈ? ਇਹ ਹਾਊਸ ਵਿੱਚ Master of mis-information ਬਣ ਗਏ ਹਨ। ਇਸ ਤੋਂ ਇਲਾਵਾ ਇਨ੍ਹਾਂ ਨੇ ਕੱਲ੍ਹ ਇਹ ਵੀ ਫੈਲਾ ਦਿੱਤਾ ਕਿ ਮੀਟਿੰਗ ਹੋਈ ਹੈ। And where? At Chanan Singh Sidhu's house at 6.00 P.M. or 10.00 P.M. whatsoever. ਕਹਿੰਦੇ, ਜਸਟਿਸ ਰਣਜੀਤ ਸਿੰਘ ਉੱਥੇ ਸੀ, ਸੁਖਪਾਲ ਖਹਿਰਾ ਉੱਥੇ ਸੀ ਅਤੇ ਸ਼੍ਰੀ ਜੇ .ਐਸ. ਮਹਿਮੀ, ਰਜਿਸਟਰਾਰ, ਰਣਜੀਤ ਸਿੰਘ ਕਮਿਸ਼ਨ, ਮੈਨੂੰ ਇਹ ਨਹੀਂ ਸਮਝ ਆਉਂਦੀ। ਸਪੀਕਰ ਸਾਹਿਬ, ਇਹ ਸੱਚ ਬੋਲਣ। ਇਹ ਨਿਰਾ ਝੂਠ ਕਿਉਂ ਬੋਲੀ ਜਾਂਦੇ ਹਨ, (ਵਿਘਨ, ਸ਼ੋਰ) all the time (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਤੇ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਬੈਠੋ... ਬੈਠੋ... ਬੈਠੋ।(ਸ਼ੋਰ) ਹੋ ਗਿਆ ਹੁਣ (ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਜ਼ ਵਲ ਇਸ਼ਾਰਾ)।

**ਮੁੱਖ ਮੰਤਰੀ:** ਮੈਂ ਇਹ confirm ਕਰਦਾ ਹਾਂ ਕਿ ਜਿਹੜੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਜਿਸ ਟੈਲੀਫੋਨ ਨੰਬਰ ਤੋਂ ਗੱਲ ਹੋਈ ਹੈ, ਜਸਟਿਸ ਰਣਜੀਤ ਸਿੰਘ, ਸੁਖਪਾਲ ਖਹਿਰਾ ਅਤੇ ਹੋਰਾਂ ਦੀ ਗੱਲ ਹੋਈ ਹੈ, ਉਨ੍ਹਾਂ ਦੇ ਇਨ੍ਹਾਂ ਨੇ ਨੰਬਰ ਦਿੱਤੇ ਹਨ।(ਵਿਘਨ, ਸ਼ੋਰ) ਇੱਕ ਮਿੰਟ, ਤੁਸੀਂ ਸੁਣੋ। ਉਨ੍ਹਾਂ ਨੇ ਤਿੰਨ ਫੋਨ ਨੰਬਰ ਦਿੱਤੇ ਹਨ : 98997-91094, 98153-33333, 94170-10422 ਅਤੇ ਨਾਲ ਟਾਈਮਿੰਗ ਵੀ ਦਿੱਤੀ। For information, these towers do not exist. (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਹਾਂ ਜੀ, ਸ਼੍ਰੀ ਕੰਵਰ ਸੰਧੂ। ਸਰਦਾਰ ਸੁਖਬੀਰ ਸਿੰਘ, ਤੁਸੀਂ ਬੈਠੋ। ਹੋ ਗਿਆ ਹੈ, ਸ਼੍ਰੀ ਕੰਵਰ ਸੰਧੂ ਜੀ ਨੂੰ ਬੋਲ ਲੈਣ ਦਿਉ। (ਵਿਘਨ, ਸ਼ੋਰ) ਸੁਖਬੀਰ ਜੀ, ਹੋ ਗਿਆ । ਹਾਂ ਜੀ, ਸ਼੍ਰੀ ਕੰਵਰ ਸੰਧੂ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਮੈਂ ਇਕ ਬਹੁਤ ਇੰਪਾਰਟਮੈਂਟ ਮਸਲੇ ਦੇ ਉਤੇ ਗੱਲ ਕਹਿਣੀ ਚਾਹੁੰਦਾ ਹਾਂ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਹੁਣ ਬੈਠ ਜਾਉ....(ਵਿਘਨ, ਸ਼ੋਰ) ਤੁਸੀਂ ਗੱਲ ਤਾਂ ਸੁਣ ਲਵੋ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ.... (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਫੂਲਕਾ ਜੀ, ਹੁਣ ਸੁਣ ਲਵੋ। ਇਹ ਮਸਲਾ ਅੱਗੇ ਵੀ ਆਵੇ ਗਾ।(ਵਿਘਨ, ਸ਼ੋਰ) ਅੱਜ ਰਿਪੋਰਟ ਉਤੇ ਬਹਿਸ ਹੋਣੀ ਹੈ।(ਵਿਘਨ, ਸ਼ੋਰ) ਅੱਜ ਰਿਪੋਰਟ ਉਤੇ ਬਹਿਸ ਹੋਣੀ ਹੈ, ਇਹ ਮਸਲਾ ਅੱਗੇ ਆਵੇਗਾ। ਸਾਰੇ ਜਿਹੜੇ ਸਤਿਕਾਰਤ ਮੈਂਬਰ ਹਨ ਇਹ ਉਦੋਂ ਗੱਲ ਕਰ ਸਕਦੇ ਹਨ। ਪਲੀਜ਼, ਬੈਠੋ ਹੁਣ, ਪਲੀਜ਼ ਬੈਠੋ। ਪਲੀਜ਼ ਬੈਠੋ....ਪਲੀਜ਼ ਬੈਠੋ.... ਪਲੀਜ਼ ਬੈਠੋ। ਸ਼੍ਰੀ ਕੰਵਰ ਸੰਧੂ ਜੀ ਨੂੰ ਬੋਲ ਲੈਣ ਦਿਉ।(ਵਿਘਨ, ਸ਼ੋਰ)

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਥੋੜ੍ਹੀ ਦੇਰ ਨੂੰ ਇਸੇ ਹੀ ਮਸਲੇ ਉਤੇ ਡਿਬੇਟ ਹੋਣੀ ਹੈ, ਇਹ ਮਸਲਾ ਦੁਬਾਰਾ ਆ ਜਾਵੇਗਾ। ਸੁਖਬੀਰ ਸਿੰਘ ਜੀ, ਇੱਕ ਮਿੰਟ ਗੱਲ ਸੁਣ ਲਵੋ। ਇੱਕ ਬਹੁਤ ਇੰਪਾਰਟੈਂਟ ਮਸਲਾ ਹੈ। (ਵਿਘਨ, ਸ਼ੋਰ) ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਵੋ।

**ਮਾਨਯੋਗ ਸਪੀਕਰ:** ਅੱਗੇ ਇਹ ਮਸਲਾ ਆ ਰਿਹਾ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਹਰਵਿੰਦਰ ਸਿੰਘ ਫੂਲਕਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਕੰਵਰ ਸੰਧੂ:** ਫੂਲਕਾ ਜੀ, ਤੁਸੀਂ ਬੈਠ ਜਾਉ। ਮੇਰਾ ਮਾਈਕ ਆਨ ਹੈ। ਫੂਲਕਾ ਜੀ, ਹੱਦ ਹੋ ਗਈ, ਤੁਸੀਂ ਬੈਠ ਜਾਉ। ਤੁਸੀਂ ਇੱਕ ਮਿੰਟ ਮੇਰੀ ਗੱਲ ਤਾਂ ਸੁਣ ਲਵੋ, ਮੇਰਾ ਮਾਈਕ ਆਨ ਹੈ ਤੁਸੀਂ ਬੈਠੋ।

**ਮਾਨਯੋਗ ਸਪੀਕਰ:** ਸ਼੍ਰੀ ਕੰਵਰ ਸੰਧੂ ਜੀ, ਜ਼ਰਾ ਉਨ੍ਹਾਂ ਨੂੰ ਬੋਲ ਲੈਣ ਦਿਉ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਬਹੁਤ ਇੰਪਾਰਟੈਂਟ ਮਸਲਾ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਹਾਂ ਜੀ, ਸੀ.ਐਮ.ਸਾਹਿਬ।

-----

## MOTION REGARDING CONSTITUTION OF A COMITTEE OF THE HOUSE

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਜਿਹੜੀ ਇਹ ਗੱਲ ਉਠਾ ਰਹੇ ਹਨ ਔਰ ਵਾਰ-ਵਾਰ ਇਸ ਗੱਲ ਨੂੰ ਦੁਹਰਾ ਰਹੇ ਹਨ about which I have just mentioned ਕਿ ਉਹ ਟਾਵਰ ਐਗਜਿਸਟ ਨਹੀਂ ਕਰ ਰਹੇ ਹਨ। I think for misleading the House, ਇਹ ਵੇਖਣ ਵਾਸਤੇ ਇੱਕ ਹਾਊਸ ਦੀ ਕਮੇਟੀ ਬਿਠਾਈ ਜਾਵੇ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਦੇ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾ ਇਜਾਜਤ ਉਚੀ ਉਚੀ ਬੋਲ ਰਹੇ ਸਨ।)

**ਸਰਦਾਰ ਸੁਖਬੀਰ ਸਿੰਘ ਬਾਦਲ:** ਸਪੀਕਰ ਸਾਹਿਬ, ਹਾਊਸ ਦੀ ਕਮੇਟੀ ਬਿਠਾਈ ਜਾਵੇ ਤੇ ਜੋ ਜੋ ਲੋਕ ਸੀ.ਐਮ. ਹਾਊਸ ਗਏ ਹਨ। ਕੌਣ-ਕੌਣ ਸੀ.ਐਮ. ਹਾਊਸ ਗਿਆ ਹੈ ? (ਵਿਘਨ, ਸ਼ੋਰ)... ਕੌਣ-ਕੌਣ ਕਿੱਥੇ-ਕਿੱਥੇ ਮਿਲਿਆ ਹੈ, ਸਾਰਿਆਂ ਦੀ ਜਾਂਚ ਹੋਣੀ ਚਾਹੀਦੀ ਹੈ।(ਵਿਘਨ, ਸ਼ੋਰ) ਇਹ ਰਿਪੋਰਟ ਕਿਸ ਤਰ੍ਹਾਂ ਬਣੀ ਹੈ ਅਤੇ ਕਿਸ ਦੇ ਘਰ, ਕਿੱਥੇ ਕਿੱਥੇ ਮੀਟਿੰਗਾਂ ਹੁੰਦੀਆਂ ਰਹੀਆਂ ਹਨ, ਇਹ ਸਾਰੀ ਜਾਂਚ ਉਸ ਕਮੇਟੀ ਵਿਚ ਹੋਣੀ ਚਾਹੀਦੀ ਹੈ।(ਵਿਘਨ, ਸ਼ੋਰ) ਕਿਸ ਦੇ ਘਰ ਕਿੱਥੇ-ਕਿੱਥੇ ਮੀਟਿੰਗਾਂ ਹੋਈਆਂ ਅਤੇ ਕਿਹੜੇ-ਕਿਹੜੇ ਮੰਤਰੀ ਇਨਵਾਲਵਡ ਹਨ, ਕਿਵੇਂ ਖਹਿਰਾ ਸਾਹਿਬ ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼, ਤੁਸੀਂ ਬੈਠੋ। ਹਾਂ ਜੀ, ਫੂਲਕਾ ਸਾਹਿਬ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੁਲਿਸ ਇਨਵੈਸਟੀਗੇਸ਼ਨ ਵਿਚ ਆਇਆ ਹੈ ਕਿ ਉਥੇ ਡੇਰਾ ਪ੍ਰੇਮੀਆਂ ਨੇ ...

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਖੜ੍ਹੇ ਹਨ, ਤੁਸੀਂ ਜ਼ਰਾ ਰੁਕ ਜਾਉ।(ਵਿਘਨ, ਸ਼ੋਰ)

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਇਹ ਪੁਲਿਸ ਇਨਵੈਸਟੀਗੇਸ਼ਨ ਵਿਚ ਆਇਆ ਕਿ ਡੇਰਾ ਪ੍ਰੇਮੀਆਂ ਨੇ ਸਰਦਾਰ ਬਲਜੀਤ ਸਿੰਘ ਦਾਦੂਵਾਲ ਤੇ ਸਰਦਾਰ ਹਰਜਿੰਦਰ ਸਿੰਘ ਮਾਦੀ ਨੂੰ ਮਾਰਨ ਦੀ ਪਲਾਨ ਕੀਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਬੰਦਾ ਆ ਕੇ ਸੀ.ਐਮ. ਸਾਹਿਬ ਨੂੰ ਕਹਿ ਵੀ ਨਹੀਂ ਸਕਦਾ ਕਿ ਮੈਨੂੰ ਮਾਰਨ ਦੀ ਪਲਾਨ

[ ਸਰਦਾਰ ਹਰਵਿੰਦਰ ਸਿੰਘ ਫੂਲਕਾ ]

ਕੀਤੀ ਹੈ? ਇਹ ਡੇਰਾ ਪ੍ਰੇਮੀਆਂ ਵਾਸਤੇ ਖੜ੍ਹੇ ਹਨ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਕਿਉਂਕਿ ਇਹ ਚੰਦ ਵੋਟਾਂ ਵਾਸਤੇ ਉਨ੍ਹਾਂ ਦੇ ਪੈਰਾਂ ਵਿਚ ਜਾ ਕੇ ਬੈਠਿਆ ਸੀ।(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਉਸ ਬੰਦੇ ਦਾ ਹੱਕ ਨਹੀਂ ਬਣਦਾ, ਚਾਹੇ ਉਹ ਜੋ ਮਰਜ਼ੀ ਹੋਵੇ।(ਵਿਘਨ, ਸ਼ੋਰ) ਇਹ ਪੁਲਿਸ ਇਨਵੈਸਟੀਗੇਸ਼ਨ ਵਿਚ ਆਇਆ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਸਰਦਾਰ ਸੁਖਪਾਲ ਸਿੰਘ ਖਹਿਰਾ ਜੀ।(ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਪਹਿਲਾਂ ਇਨ੍ਹਾਂ ਨੂੰ ਬੋਲ ਲੈਣ ਦਿਉ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਸੀ.ਐਮ.ਸਾਹਿਬ ਖੜ੍ਹੇ ਹਨ। ਹਾਂ ਜੀ ਸੀ.ਐਮ.ਸਾਹਿਬ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਹਾਊਸ ਦੀ ਕਮੇਟੀ ਬਣਾਉਣ ਦੀ ਬੇਨਤੀ ਕੀਤੀ ਸੀ। ਮੈਂ ਆਪਣੀ ਪਾਰਟੀ ਵੱਲੋਂ ਮੈਜਾਰਿਟੀ ਪਾਰਟੀ ਹੋਣ ਦੇ ਨਾਤੇ, ਉਸ ਕਮੇਟੀ ਦਾ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੇਅਰਮੈਨ ਨਿਯੁਕਤ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਵੱਖ-ਵੱਖ ਬਿਆਨ ਦਿੰਦੇ ਹਨ, ਹਾਊਸ ਨੂੰ ਮਿਸਲੀਡ ਕਰਦੇ ਹਨ। On this issue of misleading the House, ਮੈਂ ਹਾਊਸ ਦੀ ਕਮੇਟੀ ਨੂੰ ਨਿਯੁਕਤ ਕਰਵਾਉਣਾ ਚਾਹੁੰਦਾ ਹਾਂ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> "ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਜ਼ੀਰੋ ਆਵਰ ਦੌਰਾਨ ਅਤੇ ਮਿਤੀ 27.8.2018 ਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਦੁਆਰਾ ਉਠਾਏ ਗਏ ਮਸਲੇ - ਸਰਦਾਰ ਬਲਜੀਤ ਸਿੰਘ ਦਾਦੂਵਾਲ ਦਾ ਸੀ.ਐਮ. ਹਾਊਸ ਜਾਣਾ, ਸਰਦਾਰ ਚੰਨਣ ਸਿੰਘ ਸਿੱਧੂ ਦੇ ਘਰ ਜਸਟਿਸ ਰਣਜੀਤ ਸਿੰਘ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਸ਼੍ਰੀ ਜੇ.ਐਸ. ਮਹਿਮੀ, ਰਜਿਸਟਰਾਰ ਦੀ ਮੀਟਿੰਗ ਅਤੇ ਕੁਝ ਟੈਲੀਫੋਨ ਨੰਬਰਾਂ ਤੇ ਜਸਟਿਸ ਰਣਜੀਤ ਸਿੰਘ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਹੋਰਾਂ ਦੀ ਹੋਈ ਗੱਲਬਾਤ ਦੀ ਅਸਲੀਅਤ ਜਾਣਨ ਸਬੰਧੀ ਹਾਊਸ ਦੀ ਕਮੇਟੀ ਬਣਾਈ ਜਾਵੇ।"
>
> ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -
>
> "ਕਿ ਮੈਜਾਰਿਟੀ ਪਾਰਟੀ ਹੋਣ ਦੇ ਨਾਤੇ, ਉਸ ਕਮੇਟੀ ਵਿਚ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੇਅਰਮੈਨ ਨਿਯੁਕਤ ਕੀਤਾ ਜਾਵੇ।"

**ਮਾਨਯੋਗ ਸਪੀਕਰ :** ਜੇ ਸਦਨ ਦੀ ਸਹਿਮਤੀ ਹੈ ਤਾਂ ਹਾਊਸ ਦੀ ਕਮੇਟੀ ਬਣਾਈ ਜਾਵੇ ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਜ਼ੀਰੋ ਆਵਰ ਦੌਰਾਨ ਅਤੇ ਮਿਤੀ 27.8.2018 ਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਦੁਆਰਾ ਉਠਾਏ ਗਏ ਮਸਲੇ – ਸਰਦਾਰ ਬਲਜੀਤ ਸਿੰਘ ਦਾਦੂਵਾਲ ਦਾ ਸੀ.ਐਮ. ਹਾਊਸ ਜਾਣਾ, ਸਰਦਾਰ ਚੰਨਣ ਸਿੰਘ ਸਿੱਧੂ ਦੇ ਘਰ ਜਸਟਿਸ ਰਣਜੀਤ ਸਿੰਘ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਸ਼੍ਰੀ ਜੇ.ਐਸ. ਮਹਿਮੀ, ਰਜਿਸਟਰਾਰ ਦੀ ਮੀਟਿੰਗ ਅਤੇ ਕੁਝ ਟੈਲੀਫੋਨ ਨੰਬਰਾਂ ਤੇ ਜਸਟਿਸ ਰਣਜੀਤ ਸਿੰਘ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਹੋਰਾਂ ਦੀ ਹੋਈ ਗੱਲਬਾਤ ਦੀ ਅਸਲੀਅਤ ਜਾਣਨ ਸਬੰਧੀ ਹਾਊਸ ਦੀ ਕਮੇਟੀ ਬਣਾਈ ਜਾਵੇ।"

ਇਹ ਵੀ ਪ੍ਰਸਤਾਵ ਕੀਤਾ ਜਾਂਦਾ ਹੈ –

"ਕਿ ਮੈਜਾਰਿਟੀ ਪਾਰਟੀ ਹੋਣ ਦੇ ਨਾਤੇ, ਉਸ ਕਮੇਟੀ ਵਿਚ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੇਅਰਮੈਨ ਨਿਯੁਕਤ ਕੀਤਾ ਜਾਵੇ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਜ਼ੀਰੋ ਆਵਰ ਦੌਰਾਨ ਅਤੇ ਮਿਤੀ 27.8.2018 ਨੂੰ ਸਰਦਾਰ ਸੁਖਬੀਰ ਸਿੰਘ ਬਾਦਲ ਦੁਆਰਾ ਉਠਾਏ ਗਏ ਮਸਲੇ – ਸਰਦਾਰ ਬਲਜੀਤ ਸਿੰਘ ਦਾਦੂਵਾਲ ਦਾ ਸੀ.ਐਮ. ਹਾਊਸ ਜਾਣਾ, ਸਰਦਾਰ ਚੰਨਣ ਸਿੰਘ ਸਿੱਧੂ ਦੇ ਘਰ ਜਸਟਿਸ ਰਣਜੀਤ ਸਿੰਘ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਸ਼੍ਰੀ ਜੇ.ਐਸ. ਮਹਿਮੀ, ਰਜਿਸਟਰਾਰ ਦੀ ਮੀਟਿੰਗ ਅਤੇ ਕੁਝ ਟੈਲੀਫੋਨ ਨੰਬਰਾਂ ਤੇ ਜਸਟਿਸ ਰਣਜੀਤ ਸਿੰਘ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਹੋਰਾਂ ਦੀ ਹੋਈ ਗੱਲਬਾਤ ਦੀ ਅਸਲੀਅਤ ਜਾਣਨ ਸਬੰਧੀ ਹਾਊਸ ਦੀ ਕਮੇਟੀ ਬਣਾਈ ਜਾਵੇ।"

ਇਹ ਵੀ ਪ੍ਰਸਤਾਵ ਕੀਤਾ ਜਾਂਦਾ ਹੈ –

"ਕਿ ਮੈਜਾਰਿਟੀ ਪਾਰਟੀ ਹੋਣ ਦੇ ਨਾਤੇ, ਉਸ ਕਮੇਟੀ ਵਿਚ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੇਅਰਮੈਨ ਨਿਯੁਕਤ ਕੀਤਾ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਹਾਊਸ ਦੇ ਬਹੁਤ ਸਾਰੇ ਆਪੋਜ਼ੀਸਨ ਮੈਂਬਰਜ਼ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

-----

## MATTERS RAISED DURING ZERO HOUR AND STATEMENTS MADE BY THE CHIEF MINISTER THEREON *(Resumption)*

**ਮਾਨਯੋਗ ਸਪੀਕਰ :** ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਬੋਲ ਲੈਣ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਜਿਹੜਾ ਪ੍ਰਸਤਾਵ ਕੈਪਟਨ ਅਮਰਿੰਦਰ ਸਿੰਘ ਜੀ ਨੇ ਰੱਖਿਆ ਹੈ, ਜਿਹੜੇ ਗੰਭੀਰ ਇਲਜ਼ਾਮ ਸਰਦਾਰ ਸੁਖਬੀਰ ਸਿੰਘ ਬਾਦਲ 'ਤੇ ਲਗਦੇ ਹਨ, ਅਸੀਂ ਉਸ ਦੀ ਸਪੋਰਟ ਕਰਦੇ ਹਾਂ। ਇਸ ਹਾਊਸ ਦੀ ਕਮੇਟੀ ਬਣਾਈ ਜਾਵੇ...(ਵਿਘਨ, ਸ਼ੋਰ) ਜੇਕਰ ਇਲਜ਼ਾਮ ਸਾਬਤ ਹੋਏ ਤਾਂ ਸੁਖਬੀਰ ਜੀ ਅਸਤੀਫ਼ਾ ਦੇਣਗੇ....(ਵਿਘਨ, ਸ਼ੋਰ) ਜੇਕਰ ਮੇਰੇ ਤੇ ਇਲਜ਼ਾਮ ਆਇਆ ਤਾਂ I will resign from my Bholath seat.(ਵਿਘਨ, ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੂੰ ਪੁੱਛੋ ਕਿ ਕੀ ਇਹ ਅਸਤੀਫ਼ਾ ਦੇਣਗੇ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਦੇ ਘਰ ਸਰਦਾਰ ਬਲਜੀਤ ਸਿੰਘ ਦਾਦੂਵਾਲ ਦੇ ਆਉਣ ਦੇ ਵਿਰੋਧ ਵਿੱਚ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ਼ ਦਿ ਹਾਊਸ ਵਿੱਚ ਆ ਗਏ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਵਰਕੇ ਵੀ ਉਡਾਉਣ ਲਗ ਗਏ।)

**ਮਾਨਯੋਗ ਸਪੀਕਰ:** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।(ਵਿਘਨ, ਸ਼ੋਰ) ਕੰਵਰ ਸੰਧੂ ਜੀ, ਤੁਸੀਂ ਬੋਲੋ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿੱਚ ਲਾਈਵ ਕਵਰੇਜ ਤੁਸੀਂ ਅਲਾਓ ਕੀਤੀ ਹੈ, ਇਹ ਬੜਾ ਚੰਗਾ ਕਦਮ ਹੈ।(ਵਿਘਨ, ਸ਼ੋਰ) ਅਸੀਂ ਬੜੀ ਦੇਰ ਤੋਂ ਇਸ ਲਾਈਵ ਕਵਰੇਜ ਦੀ ਮੰਗ ਕਰਦੇ ਰਹੇ

** Not recorded as ordered by the Chair.

ਹਾਂ ਪਰ ਪਤਾ ਲੱਗਿਆ ਹੈ ਕਿ ਸਿਰਫ਼ ਨਿੱਜੀ ਚੈਨਲਜ਼ ਨੂੰ ਹੀ ਲਾਈਵ ਕਵਰੇਜ ਅਲਾਓ ਕੀਤੀ ਗਈ ਹੈ। ਅੱਗੇ ਵੀ ਇਹੀ ਹਾਲ ਹੁੰਦਾ ਰਿਹਾ ਹੈ, ਪੀ.ਟੀ.ਸੀ. ਜਿਹੜਾ ਸੁਖਬੀਰ ਸਿੰਘ ਬਾਦਲ ਦਾ ਨਿੱਜੀ ਚੈਨਲ ਹੈ, ਉਸ ਨੂੰ ਪਰਮਿਸ਼ਨ ਮਿਲਦੀ ਰਹੀ ਹੈ ਅਤੇ ਹੁਣ ਵੀ ਨਿੱਜੀ ਚੈਨਲ ਨੂੰ ਪਰਮਿਸ਼ਨ ਮਿਲੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰੀ ਚੈਨਲ ਦੂਰਦਰਸ਼ਨ ਨੂੰ ਪਰਮਿਸ਼ਨ ਕਿਉਂ ਨਹੀਂ ਮਿਲੀ? ਲੋਕ ਸਭਾ ਜਾਂ ਰਾਜ ਸਭਾ ਦੇ ਚੈਨਲ ਨੂੰ ਪਰਮਿਸ਼ਨ ਕਿਉਂ ਨਹੀਂ ਦਿੱਤੀ ਗਈ? ਇਹ ਇਸ ਵਾਸਤੇ ਕਿਉਂਕਿ ਉਨ੍ਹਾਂ ਦੀ ਪਹੁੰਚ ਪਿੰਡਾਂ ਤੱਕ ਹੈ। ਮੈਂ ਨਿੱਜੀ ਚੈਨਲਾਂ ਦਾ ਵਿਰੋਧ ਨਹੀਂ ਕਰਦਾ, ਨਿੱਜੀ ਚੈਨਲਾਂ ਦੇ ਨਾਲ ਨਾਲ ਸਰਕਾਰੀ ਚੈਨਲਾਂ ਨੂੰ ਵੀ ਇਜਾਜ਼ਤ ਮਿਲਣੀ ਚਾਹੀਦੀ ਹੈ। ਇਹ ਮੇਰੀ ਮੰਗ ਹੈ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਸੰਧੂ ਜੀ, ਬੈਠੋ। ਧਿਆਨ ਦਿਵਾਊ ਨੋਟਿਸ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਤੁਸੀਂ ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਮੈਂਬਰ ** ** ਨਾਅਰੇ ਲਗਾਉਂਦੇ ਹੋਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਲਗਾਤਾਰ ਵਰਕੇ ਉਡਾ ਰਹੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਂ ਇਸ ਰਿਪੋਰਟ ਵਿੱਚ ਕਈ ਵਾਰ ਆਉਣ ਕਾਰਨ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆਏ ਤੇ ਇਹ ਵਰਕੇ ਇੱਕਠੇ ਕਰਨ ਲੱਗ ਪਏ।) (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ।)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਬਹੁਤ ਮੰਦਭਾਗਾ ਹੋ ਰਿਹਾ ਹੈ, ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਂ ਪੈਰਾਂ ਵਿੱਚ ਰੋਲ਼ਿਆ ਹੈ, ਇਨ੍ਹਾਂ ਨੂੰ ਮਨ੍ਹਾ ਕਰੋ।(ਵਿਘਨ, ਸ਼ੋਰ)

-----

** Not recorded as ordered by the Chair.

## CALLING ATTENTION NOTICES UNDER RULE 66

**(ਕ੍ਰਮ ਨੰ: 6)**

**1. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**
**2. ਸਰਦਾਰ ਹਰਪਾਲ ਸਿੰਘ ਚੀਮਾ** } **:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤੀ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਕੰਮ-ਕਾਰ ਪੰਜਾਬੀ ਭਾਸ਼ਾ ਵਿੱਚ Official Language Act ਬਣਨ ਦੇ ਬਾਵਜੂਦ ਨਹੀਂ ਕੀਤਾ ਜਾਂਦਾ। ਬਹੁਤ ਸਾਰੇ ਅਫ਼ਸਰ ਅਤੇ ਕਰਮਚਾਰੀ ਫ਼ਾਈਲਾਂ ਤੇ ਅੰਗਰੇਜ਼ੀ ਵਿੱਚ ਨੋਟ ਆਦਿ ਲਿਖਦੇ ਹਨ। ਚਿੱਠੀਆਂ ਵੀ ਅੰਗਰੇਜ਼ੀ ਵਿੱਚ ਭੇਜਣੀਆਂ ਪਸੰਦ ਕਰਦੇ ਹਨ। ਪੰਜਾਬ ਦੇ ਸਾਰੇ ਅੰਗਰੇਜ਼ੀ ਮਾਧਿਅਮ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਬੋਲਣ ਤੇ ਜੁਰਮਾਨਾ ਕੀਤਾ ਜਾਂਦਾ ਹੈ।

ਇਸ ਲਈ ਮੇਰੀ ਮੁੱਖ ਮੰਤਰੀ ਸਾਹਿਬ ਨੂੰ ਗੁਜਾਰਿਸ਼ ਹੈ ਕਿ ਇਸ ਸਬੰਧੀ ਸਾਰੇ ਵਿਭਾਗਾਂ ਨੂੰ ਦੁਬਾਰਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ ਤੇ ਸਮੇਂ ਸਮੇਂ ਤੇ ਵਿਭਾਗਾਂ/ਸਕੂਲਾਂ ਵਿੱਚ ਪੜਤਾਲ ਕੀਤੀ ਜਾਵੇ ਕਿ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਤਿਕਾਰ ਮਿਲ ਰਿਹਾ ਹੈ ਕਿ ਨਹੀਂ ਅਤੇ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ। (ਵਿਘਨ, ਸ਼ੋਰ)

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਮੈਂਬਰ ** ਨਾਅਰੇ ਲਗਾਉਂਦੇ ਹੋਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਲਗਾਤਾਰ ਵਰਕੇ ਉਡਾ ਰਹੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਂ ਇਸ ਰਿਪੋਰਟ ਵਿੱਚ ਕਈ ਵਾਰ ਆਉਣ ਕਾਰਨ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਇਨ੍ਹਾਂ ਖਿਲਰੇ ਹੋਏ ਵਰਕਿਆ ਨੂੰ ਇਕੱਠਾ ਕਰਨ ਉਪਰੰਤ ਸਦਨ ਮੇਜ਼ ਤੇ ਰੱਖਿਆ ਗਿਆ।)

---

** Not recorded as ordered by the Chair.

**ਉਚੇਰੀ ਸਿੱਖਿਆ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਮਾਨਯੋਗ ਸਪੀਕਰ ਸਾਹਿਬ, ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ ਤਜਵੀਜ਼ ਐਕਟ, 2008 ਬਣਾਇਆ ਗਿਆ ਹੈ ਜਿਸ ਵਿੱਚ ਪੰਜਾਬ ਰਾਜ ਦੇ ਸਮੂਹ ਸਰਕਾਰੀ, ਅੱਧ ਸਰਕਾਰੀ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਵਿੱਚ ਸਾਰਾ ਦਫ਼ਤਰੀ ਕੰਮ ਕਾਜ ਪੰਜਾਬੀ ਭਾਸ਼ਾ ਵਿੱਚ ਕੀਤੇ ਜਾਣ ਦੇ ਉਪਬੰਧ ਕੀਤੇ ਗਏ ਹਨ ਪਰੰਤੂ ਆਮ ਤੌਰ ਤੇ ਚੈਕਿੰਗ ਦੌਰਾਨ ਇਹ ਪਾਇਆ ਗਿਆ ਹੈ ਕਿ ਉਕਤ ਐਕਟ ਦੇ ਉਪਬੰਧਾਂ ਦੀ ਪਾਲਣਾ ਪੂਰਨ ਤੌਰ ਤੇ ਨਹੀਂ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ, 2008 ਦੀਆਂ ਧਾਰਾਵਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਲਈ ਸਮੂਹ ਸਰਕਾਰੀ ਦਫ਼ਤਰਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਸਾਰਾ ਕੰਮ ਪੰਜਾਬੀ ਭਾਸ਼ਾ ਵਿੱਚ ਕਰਨ ਲਈ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਦੇ ਸਮੂਹ ਜ਼ਿਲ੍ਹਾ ਸਦਰ ਮੁਕਾਮਾਂ ਤੇ ਸਥਿਤ ਜ਼ਿਲ੍ਹਾ ਭਾਸ਼ਾ ਦਫ਼ਤਰਾਂ ਵਲੋਂ ਰੈਗੂਲਰ ਤੌਰ ਤੇ ਜ਼ਿਲ੍ਹਾ ਦਫ਼ਤਰਾਂ ਦੀ ਪੰਜਾਬੀ ਪ੍ਰਚਲਣ ਅਤੇ ਵਰਤੋਂ ਦੇ ਨਜ਼ਰੀਏ ਤੋਂ ਚੈਕਿੰਗ ਵੀ ਕੀਤੀ ਜਾ ਰਹੀ ਹੈ।

ਮਾਨਯੋਗ ਮੈਂਬਰ ਸਾਹਿਬਾਨ ਦੇ ਧਿਆਨ ਵਿੱਚ ਲਿਆਉਣਾ ਉਚਿਤ ਹੋਵੇਗਾ ਕਿ ਪੰਜਾਬ ਰਾਜ ਦੇ ਸਕੱਤਰੇਤ ਵਿੱਚ ਅਤੇ ਬੋਰਡਾਂ ਤੇ ਕਾਰਪੋਰੇਸ਼ਨਾਂ ਵਿੱਚ ਆਮ ਤੌਰ ਤੇ ਕੁਝ ਕੰਮ-ਕਾਜ ਅੰਗਰੇਜ਼ੀ ਭਾਸ਼ਾ ਵਿੱਚ ਵੀ ਕੀਤਾ ਜਾ ਰਿਹਾ ਹੈ ਜਦੋਂ ਕਿ ਉਕਤ ਭਾਸ਼ਾ ਐਕਟ ਅਧੀਨ ਭਾਰਤ ਸਰਕਾਰ ਜਾਂ ਦੂਜੇ ਰਾਜਾਂ ਨਾਲ ਲਿਖਾ-ਪੜ੍ਹੀ ਨੂੰ ਛੱਡ ਕੇ ਸਾਰਾ ਕੰਮ ਪੰਜਾਬੀ ਭਾਸ਼ਾ ਵਿਚ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਵਰਨਣਯੋਗ ਹੈ ਕਿ ਜ਼ਿਲ੍ਹਾ ਪੱਧਰ ਤੇ ਜ਼ਿਆਦਾਤਰ ਕੰਮ-ਕਾਜ ਮਾਤ ਭਾਸ਼ਾ ਪੰਜਾਬੀ ਵਿਚ ਹੀ ਕੀਤਾ ਜਾ ਰਿਹਾ ਹੈ ਪ੍ਰੰਤੂ ਫਿਰ ਵੀ ਇਸ ਐਕਟ ਨੂੰ ਹੋਰ ਵੀ ਸਖਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ। ਪੰਜਾਬ ਸਰਕਾਰ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਅਤੇ ਪ੍ਰਸਾਰ ਲਈ ਨਵੇਂ ਸਿਰਿਉਂ ਇਕ ਮੁਹਿੰਮ ਚਲਾਏਗੀ ਤਾਂ ਜੋ ਪੰਜਾਬ ਰਾਜ ਭਾਸ਼ਾ ਐਕਟ, 2008 ਦੀਆਂ ਧਾਰਾਵਾਂ ਨੂੰ ਸਾਰੇ ਪੰਜਾਬ ਦੇ ਸਮੂਹ ਸਰਕਾਰੀ ਦਫ਼ਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਵਿਚ ਸਮੁੱਚਾ ਕੰਮ-ਕਾਜ ਪੰਜਾਬੀ ਵਿਚ ਕੀਤਾ ਜਾਣਾ ਯਕੀਨੀ ਬਣਾਇਆ ਜਾ ਸਕੇ।(ਵਿਘਨ, ਸ਼ੋਰ)

ਇਹ ਵੀ ਵਰਨਣਯੋਗ ਹੈ ਕਿ ਜਦੋਂ ਵੀ ਸਰਕਾਰ ਦੇ ਧਿਆਨ ਵਿਚ ਅਜਿਹਾ ਕੋਈ ਮਾਮਲਾ ਆਉਂਦਾ ਹੈ ਕਿ ਪੰਜਾਬ ਸਰਕਾਰ ਦੇ ਕਿਸੇ ਅਧਿਕਾਰੀ ਕਰਮਚਾਰੀ ਵਲੋਂ ਅੰਗਰੇਜ਼ੀ ਭਾਸ਼ਾ ਵਿੱਚ ਕੰਮ ਕਰਨ ਨਾਲ ਰਾਜ ਭਾਸ਼ਾ ਐਕਟ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਪੰਜਾਬ ਰਾਜ ਭਾਸ਼ਾ ਐਕਟ ਦੀਆਂ ਧਾਰਾਵਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।(ਵਿਘਨ, ਸ਼ੋਰ)

ਪੰਜਾਬ ਦੇ ਸਕੂਲਾਂ ਵਿੱਚ ਪੰਜਾਬੀ ਪਹਿਲੀ ਜਮਾਤ ਤੋਂ ਲਾਗੂ ਕਰਨ ਲਈ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਦਾ ਪੰਜਾਬ ਐਕਟ, 2008 ਵੀ ਹੋਂਦ ਵਿੱਚ ਆਇਆ ਹੈ ਜਿਸ ਦੀ ਧਾਰਾ 8 ਅਨੁਸਾਰ ਕੁਤਾਹੀਕਾਰ ਨੂੰ ਜੁਰਮਾਨਾ ਅਤੇ ਸਕੂਲ ਦੀ ਮਾਨਤਾ ਰੱਦ ਕਰਨ ਦਾ ਅਧਿਕਾਰ ਸਕੂਲ ਸਿੱਖਿਆ ਦੇ ਸਮਰੱਥ ਅਧਿਕਾਰੀਆਂ ਨੂੰ ਦਿੱਤਾ ਗਿਆ ਹੈ। ਮੈਂ ਮਾਨਯੋਗ ਸਮੂਹ ਮੈਂਬਰਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਉਹ ਜੋ ਵੀ ਸੁਝਾਅ ਦੇਣਗੇ, ਪੰਜਾਬ ਸਰਕਾਰ ਉਨ੍ਹਾਂ ਸੁਝਾਵਾਂ ਨੂੰ ਵਿਚਾਰੇਗੀ ਤਾਂ ਜੋ ਪੰਜਾਬ ਰਾਜ ਭਾਸ਼ਾ ਐਕਟ ਦੇ ਉਪਬੰਧਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕੇ। ਇਸ ਤੋਂ ਇਲਾਵਾ ਪੰਜਾਬ ਦੇ ਸਮੂਹ ਅਧਿਕਾਰੀ ਕਰਮਚਾਰੀਆਂ ਨੂੰ ਸਾਰਾ ਦਫ਼ਤਰੀ ਕੰਮ-ਕਾਰ ਪੰਜਾਬੀ ਭਾਸ਼ਾ ਵਿੱਚ ਕਰਨ ਲਈ ਦੁਬਾਰਾ ਸਖਤ ਹਦਾਇਤਾਂ ਵੀ ਕੀਤੀਆਂ ਜਾਣਗੀਆਂ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਜ਼ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਸਨ ** ** ਨਾਅਰੇ ਲਗਾ ਰਹੇ ਸਨ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਵਰਕੇ ਫਾੜ੍ਹ ਕੇ ਉਪਰ ਵੱਲ ਹਵਾ ਵਿੱਚ ਉਛਾਲੇ ਜਾ ਰਹੇ ਸਨ ਅਤੇ ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਚੁੱਕ ਕੇ ਸਦਨ ਦੀ ਮੇਜ਼ ਤੇ ਰੱਖਿਆ ਜਾ ਰਿਹਾ ਸੀ। ਇਸ ਵਰਤਾਰੇ ਨੂੰ ਦੇਖਦੇ ਹੋਏ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਹਿਕਾਰਤਾ ਤੇ ਜੇਲ੍ਹਾਂ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੇ ਵਿਰੁੱਧ ** ** ਨਾਅਰੇ ਲਗਾਉਣ ਲੱਗ ਪਏ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਬਹੁਤ ਹੀ ਅਹਿਮ ਮਸਲਾ ਹੈ। ਕੱਲ੍ਹ ਪੰਜਾਬ ਦੀ ਜਨਤਾ ਨਾਲ ਸਬੰਧਿਤ ਕਈ ਅਹਿਮ ਮਸਲੇ ਆਏ ਤਾਂ ਇਨ੍ਹਾਂ ਨੇ ਰੌਲਾ ਪਾਇਆ, ਅੱਜ ਪੰਜਾਬੀ ਭਾਸ਼ਾ ਦਾ ਮਸਲਾ ਆਇਆ ਹੈ ਤਾਂ ਵੀ ਇਹ ਰੌਲਾ ਪਾ ਰਹੇ ਹਨ, ਜੇਕਰ ਅਸੀਂ ਆਪਣੇ ਪੰਜਾਬ ਦੇ ਮੁੱਦੇ ਇਥੇ ਨਹੀਂ ਚੁੱਕਣੇ ਤਾਂ ਆਪਾਂ ਨੂੰ ਇਥੇ ਸਦਨ ਚਲਾਉਣ ਦੀ ਕੀ ਲੋੜ ਹੈ? ਆਪਾਂ ਪੰਜਾਬ ਦਾ ਰੋਜ਼ 75 ਲੱਖ ਰੁਪਿਆ ਖਰਚ ਕਰ ਰਹੇ ਹਾਂ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਇੱਕ ਗੱਲ ਲਿਆਉਣੀ ਚਾਹੁੰਦੀ ਹਾਂ ਕਿ ਪੰਜਾਬ ਦੇ ਵਿੱਚ ਸਭ ਤੋਂ ਵੱਧ ਵਿਤਕਰਾ ਪੰਜਾਬੀ ਭਾਸ਼ਾ ਦੇ ਨਾਲ ਚੰਡੀਗੜ੍ਹ ਦੇ ਵਿੱਚ ਹੋ ਰਿਹਾ ਹੈ। ਚੰਡੀਗੜ੍ਹ ਸਾਡੀ ਰਾਜਧਾਨੀ ਹੈ। ਇਸ ਖੇਤਰ ਵਿੱਚ ਸਰਦਾਰ ਨਵਜੋਤ ਸਿੰਘ ਸਿੱਧੂ, ਸਥਾਨਕ ਸਰਕਾਰ ਮੰਤਰੀ ਸਾਹਿਬ ਨੇ ਬੜੇ ਸੋਹਣੇ ਕੰਮ ਕੀਤੇ ਹਨ। ਉਨ੍ਹਾਂ ਨੇ ਪੰਜਾਬੀ ਭਾਸ਼ਾ ਲਈ ਸਮੇਂ ਸਮੇਂ ਤੇ ਪੰਜਾਬੀ ਦਾ ਪੁੱਤ ਬਣ ਕੇ

** Not recorded as ordered by the Chair.

ਪਹਿਰਾ ਦਿੱਤਾ ਹੈ। ਉਹ ਆਪਣੇ ਦਫ਼ਤਰਾਂ ਵਿੱਚ ਵੀ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਲਈ ਵਚਨਬੱਧ ਹੋਏ ਹਨ। ਸਪੀਕਰ ਸਾਹਿਬ ਨੇ ਆਪ ਜੀ ਨੇ ਖੁਦ ਵੀ ਜਿਕਰ ਹੈ ਕਿ ਮੈਂ ਕਦੇ ਦੂਸਰੀ ਜਗ੍ਹਾ ਤੇ ਜਾ ਕੇ ਪੰਜਾਬੀ ਵਿਚ ਭਾਸ਼ਣ ਨਹੀਂ ਦਿੱਤਾ। ਮੈਂ ਮੰਤਰੀ ਸਾਹਿਬ ਨੂੰ ਇਕ ਬੇਨਤੀ ਕਰਦੀ ਹਾਂ ਕਿ.....

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਪੰਨੇ ਫਾੜ ਕੇ ਹਵਾ ਵਿੱਚ ਉਛਾਲ ਰਹੇ ਸਨ। ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਮਾਣੂਕੇ ਜੀ, ਤੁਸੀਂ ਕੁਐਸਚਨ ਕਰੋ। (ਵਿਘਨ, ਸ਼ੋਰ) ਕੁਐਸਚਨ ਕਰੋ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਵਿਧਾਨ ਸਭਾ ਦੇ ਵਿੱਚ ਇਕ ਮਤਾ ਪਾ ਕੇ ਚੰਡੀਗੜ੍ਹ ਦੇ ਵਿੱਚ ਪੰਜਾਬੀ ਨੂੰ ਪਹਿਲੀ ਭਾਸ਼ਾ ਦਾ ਦਰਜਾ ਦਿੱਤਾ ਜਾਵੇਗਾ? ਜੇਕਰ ਦਿੱਤਾ ਜਾਵੇਗਾ ਤਾਂ ਕਦੋਂ ਤੱਕ ਕੀਤਾ ਜਾਵੇਗਾ? ਕਦੋਂ ਤੱਕ ਅਸੀਂ ਇਨਸਾਫ਼ ਲੈ ਸਕਾਂਗੇ?

**ਮੰਤਰੀ:** ਸਪੀਕਰ ਸਾਹਿਬ, ਮੈਂ ਆਪਣੇ ਜਵਾਬ ਵਿਚ ਪਹਿਲਾਂ ਹੀ ਇਹ ਸਾਰਾ ਕੁਝ ਦੱਸ ਚੁੱਕੀ ਹਾਂ ਕਿ ਜੇ ਕਿਤੇ ਕੋਈ ਕੁਤਾਹੀ ਹੋ ਰਹੀ ਹੈ ਤਾਂ ਦੁਬਾਰਾ ਸਖਤ ਹਦਾਇਤਾਂ ਜਾਰੀ ਕਰ ਦੇਵਾਂਗੇ।

**ਮਾਨਯੋਗ ਸਪੀਕਰ:** ਅਗਲੀ ਕਾਲ ਅਟੈਨਸ਼ਨ। ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੱਕ ਕਿੰਨੇ ਲੋਕਾਂ ਨੂੰ ਸਜ਼ਾ ਦਿੱਤੀ ਗਈ ਹੈ, ਜਿਨ੍ਹਾਂ ਨੇ ਅਜੇ ਤੱਕ ਪੰਜਾਬੀ ਭਾਸ਼ਾ ਲਾਗੂ ਨਹੀਂ ਕੀਤੀ? ਕਿੰਨੇ ਅਧਿਕਾਰੀ ਹਨ ਜਿਨ੍ਹਾਂ ਨੇ ਪੰਜਾਬੀ ਲਾਗੂ ਨਹੀਂ ਕੀਤੀ ਅਤੇ ਉਨ੍ਹਾਂ ਨੂੰ ਕੀ ਸਜ਼ਾ ਦਿੱਤੀ ਗਈ ਹੈ?

**ਮਾਨਯੋਗ ਸਪੀਕਰ:** ਤੁਸੀਂ ਆਪਣੀ ਕਾਲ ਅਟੈਨਸ਼ਨ ਪੇਸ਼ ਕਰੋ। ਤੁਹਾਡੀ ਆਪਣੀ ਕਾਲ ਅਟੈਨਸ਼ਨ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਰ, ਮੈਂ ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ ਦੀ ਕਾਲ ਅਟੈਨਸ਼ਨ ਤੇ ਵੀ ਕੁਝ ਬੋਲਣਾ ਚਾਹੁੰਦਾ ਹਾਂ।

---

** Not recorded as ordered by the Chair.

**ਮਾਨਯੋਗ ਸਪੀਕਰ:** ਤੁਹਾਡੀ ਕਾਲ ਅਟੈਨਸ਼ਨ ਹੈ। ਤੁਸੀਂ ਆਪਣੀ ਕਾਲ ਅਟੈਨਸ਼ਨ ਪੇਸ਼ ਕਰੋ।(ਵਿਘਨ, ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਧਿਕਾਰੀਆਂ ਨੇ ਰਾਜ ਵਿਚ ਪੰਜਾਬੀ ਲਾਗੂ ਨਹੀਂ ਕੀਤੀ ਹੈ, ਉਨ੍ਹਾਂ ਤੇ ਕੋਈ ਕਾਰਵਾਈ ਕੀਤੀ ਗਈ ਹੈ ਜਾਂ ਨਹੀਂ?

**ਮਾਨਯੋਗ ਸਪੀਕਰ:** ਚੀਮਾ ਜੀ, ਤੁਸੀਂ ਆਪਣੀ ਕਾਲ ਅਟੈਂਸ਼ਨ ਪੇਸ਼ ਕਰੋ। ਤੁਹਾਡੀ ਕਾਲ ਅਟੈਂਸ਼ਨ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਹੋ ਕੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿਚ ਕਾਫ਼ੀ ਸ਼ੋਰ ਸੀ।)

-----

**(ਕ੍ਰਮ ਨੰ: 10)**

**1. ਸਰਦਾਰ ਹਰਪਾਲ ਸਿੰਘ ਚੀਮਾ**
**2. ਸਰਦਾਰ ਕੁਲਵੰਤ ਸਿੰਘ ਪੰਡੋਰੀ** } **:**
**3. ਪ੍ਰੋਫ਼ੈਸਰ ਬਲਜਿੰਦਰ ਕੌਰ**

ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਬਰਨਾਲਾ, ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ, ਜੋ ਕਿ ਇਕ ਕੈਂਸਰ ਪ੍ਰਭਾਵਿਤ ਇਲਾਕੇ ਵਜੋਂ ਜਾਣੇ ਜਾਂਦੇ ਹਨ, ਵਿੱਚ ਸਿਹਤ ਸੇਵਾਵਾਂ ਦਾ ਕੰਮ ਬਹੁਤ ਹੀ ਨਿਰਾਸ਼ਾਜਨਕ ਹੈ ਕਿਉਂਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਨਾ ਤਾਂ ਪੂਰੇ ਡਾਕਟਰ ਤੇ ਹੋਰ ਅਮਲਾ ਮੌਜੂਦ ਹੈ ਅਤੇ ਨਾ ਹੀ ਲੋੜੀਂਦੀਆਂ ਮਸ਼ੀਨਾਂ ਉਪਲਬਧ ਹਨ। ਐਕਸਰੇ ਵਰਗੀਆਂ ਮਸ਼ੀਨਾਂ ਵੀ ਉੱਥੇ ਉਪਲਬਧ ਨਹੀਂ ਹਨ। ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਵੀ ਉਪਲਬਧ ਨਹੀਂ ਹਨ ਜਿਸ ਦੇ ਮੱਦੇਨਜ਼ਰ ਲੋਕਾਂ ਵਿਚ ਭਾਰੀ ਮਾਯੂਸੀ ਪਾਈ ਜਾ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਮਾਨਯੋਗ ਸਪੀਕਰ:** ਬ੍ਰਹਮ ਮਹਿੰਦਰਾ ਜੀ, ਮੈਂ ਇਕ ਅਨਾਊਂਸਮੈਂਟ ਕਰ ਲਵਾਂ, ਉਸ ਤੋਂ ਬਾਅਦ ਤੁਸੀਂ ਜਵਾਬ ਦੇ ਦੇਣਾ।

-----

** Not recorded as ordered by the Chair.

## WELCOME ANNOUNCEMENT BY THE SPEAKER

**ਮਾਨਯੋਗ ਸਪੀਕਰ :** ਸ਼੍ਰੀ ਸੁਨੀਲ ਜਾਖੜ ਅਤੇ ਸਰਦਾਰ ਰਵਨੀਤ ਸਿੰਘ ਬਿੱਟੂ ਦੋਵੇਂ ਮੈਂਬਰ ਪਾਰਲੀਮੈਂਟ ਅੱਜ ਸਦਨ ਦੀ ਬੈਠਕ ਦੀ ਕਾਰਵਾਈ ਵੇਖਣ ਲਈ ਸਦਨ ਵਿਚ ਬਿਰਾਜਮਾਨ ਹਨ। ਇਹ ਸਦਨ ਉਨ੍ਹਾਂ ਦੋਵਾਂ ਦਾ ਨਿੱਘਾ ਸਵਾਗਤ ਕਰਦਾ ਹੈ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ)

-----

## CALLING ATTENTION NOTICES UNDER RULE 66 (*Resumption*)

**Minister for Health and Family Welfare (Shri Brahm Mohindra) :** It is stated that not only first aid health facilities but better health services are provided to the people of district Barnala, Sangrur and Bathinda. District Hospitals, Sub Divisional Hospitals and Community Health Centers of these three districts Barnala, Sangrur and Bathinda are fully equipped with X-Ray Machines, Ultrasound Machines, Laparaoscope, ECG Machine, Cardiac Monitors, Eye Operative Microscopes, Dialysis Machines and Dental Care Unit etc., to provide better health facilities to the people of this region. District Hospital Bathinda is a 200 bedded, whereas district Hospital Barnala and Sangrur are 100 bedded hospitals. The specialist doctors who are posted in these hospitals are providing specialist services like deliveries, caesarean and minor and major operation to the people of these districts. In these districts, district hospitals/ sub divisional hospitals are fully equipped with modular scientific machines through which people are getting treatment with better and further efforts are being made to provide better health services.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਜੋ ਕਿ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਸਨ, ਉਹ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਹੋਰ ਵਰਕੇ ਫਾੜ੍ਹ ਕੇ ਹਵਾ ਵਿਚ ਉਛਾਲ ਰਹੇ ਸਨ ਅਤੇ ਲਗਾਤਾਰ ** ** ਨਾਅਰੇ ਲਗਾ ਰਹੇ ਸਨ । ਸਦਨ ਵਿੱਚ ਬਹੁਤ ਸ਼ੋਰ ਸੀ।)

---

** Not recorded as ordered by the Chair.

**Minister:** Doctors and other staff (Para Medical etc.) are also posted as per the requirement in these three districts Barnala, Sangrur and Bathinda. Where there is any deficit, efforts are being made to fill up the vacant posts. Recruitment process to fill up 306 posts as Medical Officers through Punjab Public Service Commission will be completed shortly. Whereas the recruitment process of 313 vacant posts of staff nurses and 150 vacant posts of Medical Laboratory Technicians through Baba Farid University, Faridkot is also under consideration and if there is any deficit in these three districts, the same will be filled through recruitment process.

-----

## WALK OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਰਦਾਰ ਬਲਜੀਤ ਸਿੰਘ ਦਾਦੂਵਾਲ ਦੇ ਮੁੱਖ ਮੰਤਰੀ ਨਿਵਾਸ ਤੇ ਜਾਣ ਦੇ ਰੋਸ ਵਜੋਂ ਵੈੱਲ ਆਫ਼ ਦਿ ਹਾਊਸ ਵਿਚੋਂ ** ** ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

-----

## CALLING ATTENTION NOTICES UNDER RULE 66
### *(Resumption)*

**Minister for Health and Family Welfare:** Apart from that, one Hundred bedded Advanced Cancer Diagnostic Treatment and Research Centre has been established at Bathinda by State Government. Homi Bhabha Cancer Care Facility in District Hospital Sangrur has been established in collaboration with TMC, Mumbai. All Government Medical Colleges and Hospitals in the State have been provided with State of the Art equipments required for treatment of Cancer. District Cancer Care facility has been established in District Bathinda under National Programme for prevention and Control of Cancer, Diabetes

** Not recorded as ordered by the Chair.

and Cardiovascular Diseases and strokes.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਆਪਣੀ ਸੀਟ ਤੋਂ ਉੱਠ ਕੇ ਵੈੱਲ ਆਫ਼ ਦਿ ਹਾਊਸ ਵਿਚ ਆ ਗਏ ਅਤੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਫਾੜ੍ਹੇ ਗਏ ਪੰਨੇ, ਜੋ ਕਿ ਵੈੱਲ ਵਿਚ ਖਿਲਰੇ ਹੋਏ ਸਨ, ਨੂੰ ਇਕੱਠਾ ਕਰਕੇ ਸਦਨ ਦੀ ਟੇਬਲ ਤੇ ਰੱਖ ਦਿੱਤਾ।)

**Minister :** A Medical Oncologist is also working there. Max Hospital, Bathinda has been empanelled under Mukh Mantri, Punjab Cancer Raahat Kosh Scheme under which funds to the tune of up to Rupees 1.50 lakh are sanctioned to cancer patients, who are residents of Punjab.

**ਮਾਨਯੋਗ ਸਪੀਕਰ:** ਹਾਂ ਜੀ ਚੀਮਾ ਸਾਹਿਬ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਅੱਜ ਬੜਾ ਮਨ ਦੁਖਿਆ, ਜਿਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕ ਪੰਥ ਦੇ ਹਿਤੈਸ਼ੀ ਸਮਝਦੇ ਸੀ।

**ਮਾਨਯੋਗ ਸਪੀਕਰ:** ਇਹ ਗੱਲ ਬਾਅਦ ਵਿਚ ਕਰ ਲੈਣਾ। ਹੁਣ ਕਾਲ ਅਟੈਂਸ਼ਨ ਚੱਲ ਰਹੀ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਨੂੰ ਗੱਲ ਕਰ ਲੈਣ ਦਿਓ। ਸਪੀਕਰ ਸਾਹਿਬ, ਜਿਹੜੀ ਇਹ ਰਿਪੋਰਟ ਇਨ੍ਹਾਂ ਨੇ ਇੱਥੇ ਖਿਲਾਰੀ ਹੈ, ਉਸ ਤੇ 92 ਵਾਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਲਿਖਿਆ ਹੋਇਆ ਹੈ। ਅੱਜ ਇਨ੍ਹਾਂ ਨੇ ਦਿਨ ਦਿਹਾੜੇ ਸਦਨ ਦੇ ਵਿਚ ਬੇਅਦਬੀ ਕੀਤੀ ਹੈ। ਇਸ ਰਿਪੋਰਟ ਵਿੱਚ 92 ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਂ ਦਰਜ ਹੈ। ਇਨ੍ਹਾਂ ਲੋਕਾਂ ਨੇ ਇਸ ਰਿਪੋਰਟ ਨੂੰ ਪੈਰਾਂ ਥੱਲੇ ਰਗੜਿਆ ਹੈ। ਇਨ੍ਹਾਂ ਦੇ ਖਿਲਾਫ਼ Privilege Motion ਲਿਆਉਣਾ ਚਾਹੀਦਾ ਹੈ। ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਗੁਰੂ ਸਾਹਿਬ ਜੀ ਦੇ ਨਾਂ ਦੀ ਬੇਅਦਬੀ ਇਥੇ ਕੀਤੀ ਹੈ.....(ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਪੈਰਾਂ ਥੱਲੇ ਰੋਲਿਆ ਹੈ.... ਇਸ ਨੂੰ condemn ਕਰਨ ਦਾ ਰੈਜ਼ੋਲਿਊਸ਼ਨ ਮੂਵ ਹੋਣਾ ਚਾਹੀਦਾ ਹੈ।(ਥੰਪਿੰਗ)

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਸਾਧੂ ਸਿੰਘ)(ਬੈਠੈ-ਬੈਠੇ):**ਬਿਲਕੁਲ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਜੀ, ਤੁਸੀਂ ਬੋਲੋ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੈਂਸਰ ਨੂੰ ਪਹਿਲੀ ਸਟੇਜ ਤੇ ਡਿਟੈਕਟ ਕਰਨ ਵਾਲੀ ਜਿਹੜੀ ਵੈਨ ਹੈ, ਕੀ ਉਹ ਸੰਗਰੂਰ ਜ਼ਿਲ੍ਹੇ ਮੁਹੱਈਆ ਕਰਵਾਈ ਜਾਵੇਗੀ?

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਇਹ ਮਤਾ ਸਰਬਸੰਮਤੀ ਨਾਲ ਕਰਨਾ ਚਾਹੀਦਾ ਹੈ, ਜੇਕਰ ਸਾਰੇ ਸਹਿਮਤ ਹਨ ਜੀ।

**ਮਾਨਯੋਗ ਸਪੀਕਰ:** ਕਾਲ ਅਟੈਂਸ਼ਨ ਚਲਦੀ ਹੈ। ਬੈਠੋ... ਬੈਠੋ... ਬੈਠੋ... ਬੈਠੋ। ਕਾਲ ਅਟੈਂਸ਼ਨ ਚਲਦੀ ਹੈ।

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਬੇਅਦਬੀ ਦੇ ਮਾਮਲੇ ਵਿੱਚ ਜਿਹੜੀ ਇਥੇ ਜਸਟਿਸ ਰਣਜੀਤ ਸਿੰਘ ਰਿਪੋਰਟ ਫਾੜ ਕੇ ਸੁੱਟੀ ਗਈ ਹੈ, ਉਸ ਵਿੱਚ 92 ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਂ ਆਇਆ ਹੈ। ਮੈਂ ਇਸ ਸਬੰਧੀ ਮੋਸ਼ਨ ਪੇਸ਼ ਕਰਦਾ ਹਾਂ। (ਥੰਪਿੰਗ)

**Mr. Speaker:** It is a legal document.

---

## CENSURE MOTION REGARDING CONDEMNING THE DESECRATION COMMITTED BY MEMBERS OF SAD/ BJP FOR SHOWING TOTAL DISRESPECT FOR THE HOLY SCRIPTURES

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਇਸ ਡਾਕੂਮੈਂਟ ਵਿੱਚ ਸ੍ਰੀਮਦ ਭਾਗਵਦ ਗੀਤਾ ਦਾ ਨਾਂ ਹੈ, ਕੁਰਾਨ ਸ਼ਰੀਫ਼ ਦਾ ਨਾਂ ਹੈ ਅਤੇ ਉਸ ਨੂੰ ਫਾੜ੍ਹਿਆ ਗਿਆ ਹੈ। ਉਸ ਕੀਤੀ ਗਈ ਬੇਅਦਬੀ ਦੇ ਲਈ ਮੈਂ ਮਤਾ ਪੇਸ਼ ਕਰਦਾ ਹਾਂ ਅਤੇ ਇਸ ਨੂੰ unanimously ਪਾਸ ਕੀਤਾ ਜਾਵੇ ਜੀ। ਤੁਸੀਂ ਰਿਜੈਕਟ ਕਰਨਾ ਹੈ ਤਾਂ ਕਰ ਦਿਓ ਜੀ, ਮੈਂ ਮਤਾ ਪੇਸ਼ ਕਰਨਾ ਚਾਹੁੰਦਾ ਹਾਂ।

**ਸਰਦਾਰ ਹਰਪਾਲ ਸਿੰਘ ਚੀਮਾ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> "ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੀਮਦ ਭਾਗਵਦ ਗੀਤਾ ਅਤੇ ਕੁਰਾਨ ਸ਼ਰੀਫ਼ ਦਾ ਨਾਂ ਦਰਜ ਹੈ, ਨੂੰ ਸਦਨ ਵਿੱਚ ਖਿਲਾਰ ਕੇ, ਫਾੜ ਕੇ, ਪੈਰਾਂ ਥੱਲੇ

ਰਗੜ ਕੇ ਤੇ ਰੋਲ਼ ਕੇ ਸਦਨ ਵਿੱਚ ਜੋ ਬੇਅਦਬੀ ਕੀਤੀ ਗਈ ਹੈ, ਇਹ ਸਦਨ ਇਸ ਦੀ ਘੋਰ ਨਿੰਦਾ ਕਰਦਾ ਹੈ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੀਮਦ ਭਾਗਵਦ ਗੀਤਾ ਅਤੇ ਕੁਰਾਨ ਸ਼ਰੀਫ਼ ਦਾ ਨਾਂ ਦਰਜ ਹੈ, ਨੂੰ ਸਦਨ ਵਿੱਚ ਖਿਲਾਰ ਕੇ, ਫਾੜ੍ਹ ਕੇ, ਪੈਰਾਂ ਥੱਲੇ ਰਗੜ ਕੇ ਤੇ ਰੋਲ਼ ਕੇ ਸਦਨ ਵਿੱਚ ਜੋ ਬੇਅਦਬੀ ਕੀਤੀ ਗਈ ਹੈ, ਇਹ ਸਦਨ ਇਸ ਦੀ ਘੋਰ ਨਿੰਦਾ ਕਰਦਾ ਹੈ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

"ਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੀਮਦ ਭਾਗਵਦ ਗੀਤਾ ਅਤੇ ਕੁਰਾਨ ਸ਼ਰੀਫ਼ ਦਾ ਨਾਂ ਦਰਜ ਹੈ, ਨੂੰ ਸਦਨ ਵਿੱਚ ਖਿਲਾਰ ਕੇ, ਫਾੜ੍ਹ ਕੇ, ਪੈਰਾਂ ਥੱਲੇ ਰਗੜ ਕੇ ਤੇ ਰੋਲ਼ ਕੇ ਸਦਨ ਵਿੱਚ ਜੋ ਬੇਅਦਬੀ ਕੀਤੀ ਗਈ ਹੈ, ਇਹ ਸਦਨ ਇਸ ਦੀ ਘੋਰ ਨਿੰਦਾ ਕਰਦਾ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

---

## CALLING ATTENTION NOTICES UNDER RULE 66
## *(Resumption)*

**ਸਰਦਾਰ ਹਰਪਾਲ ਸਿੰਘ ਚੀਮਾ:** ਸਪੀਕਰ ਸਾਹਿਬ, ਜਿਹੜੀ cancer detection van ਹੈ, ਕੀ ਉਹ ਸੰਗਰੂਰ ਵਿੱਚ ਮੁਹੱਈਆ ਕਰਵਾਈ ਜਾਵੇਗੀ?

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਸਰ, ਮੈਂ ਇਕੱਠਾ ਹੀ ਜਵਾਬ ਦੇ ਦਿੰਦਾ ਹਾਂ, ਪਹਿਲਾਂ ਸਾਰੇ ਸਵਾਲ ਪੁੱਛ ਲਓ ਜੀ। ਇਸ ਵਿੱਚ ਦੋ ਮੈਂਬਰਾਂ ਦਾ ਨਾਂ ਹੋਰ ਹੈ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਹਲਕਾ ਮਹਿਲਕਲਾਂ ਦੇ ਅੰਦਰ ਕਸਬਾ ਸ਼ੇਰਪੁਰ ਪੈਂਦਾ ਹੈ। ਉਥੇ ਜਿਹੜਾ ਪੁਰਾਣਾ ਹਸਪਤਾਲ ਸੀ, ਉਦੋਂ ਤਾਂ ਐਮਰਜੈਂਸੀ ਸੇਵਾਵਾਂ ਤੇ

ਡਾਕਟਰ ਸਨ ਪਰ ਅੱਜ ਉਥੇ ਕੋਈ ਵੀ ਡਾਕਟਰ ਨਹੀਂ ਹੈ। ਤਕਰੀਬਨ ਅੱਜ 15 ਦਿਨ ਹੋ ਗਏ ਹਨ, ਸਮੇਤ ਕਾਂਗਰਸ ਪਾਰਟੀ ਦੇ ਉਥੋਂ ਦੇ ਜਿਹੜੇ ਅਹੁਦੇਦਾਰ ਹਨ, ਸਾਰੀਆਂ ਪਾਰਟੀਆਂ ਦੇ ਆਗੂ 15 ਦਿਨ ਤੋਂ ਭੁੱਖ ਹੜਤਾਲ ਤੇ ਬੈਠੇ ਹਨ। ਮੈਂ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਕਰਦਾ ਹਾਂ ਕਿ ਕਿਰਪਾ ਕਰਕੇ ਡਾਕਟਰ ਉਥੇ ਤੁਰੰਤ ਭੇਜੇ ਜਾਣ ਤਾਂ ਕਿ ਜਿਹੜੀ ਉਨ੍ਹਾਂ ਆਗੂਆਂ ਨੇ ਭੁੱਖ ਹੜਤਾਲ ਰੱਖੀ ਹੋਈ ਹੈ, ਉਹ ਤੁਰੰਤ ਖਤਮ ਕੀਤੀ ਜਾ ਸਕੇ।

**ਪ੍ਰੋਫੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, thank you. ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੈਂਸਰ ਵਰਗੀ ਬਹੁਤ ਭਿਆਨਕ ਬਿਮਾਰੀ ਜਿਸ ਨੇ ਪੂਰੇ ਪੰਜਾਬ ਨੂੰ ਅੱਜ ਜਕੜਿਆ ਹੋਇਆ ਹੈ। ਜੇ ਮੈਂ peak level ਦੀ ਗੱਲ ਕਰਾਂ ਤਾਂ Bathinda is one of them. ਜਦੋਂ ਬਠਿੰਡਾ ਵਾਸੀਆਂ ਨੇ ਕੈਂਸਰ ਵਰਗੀ ਬਿਮਾਰੀ ਦਾ ਇਲਾਜ specially Cheif Minister Relief Fund ਵਿੱਚੋਂ ਕਰਵਾਉਣਾ ਹੁੰਦਾ ਹੈ ਤਾਂ ਉਸ ਦਾ ਸਰਟੀਫਿਕੇਟ ਇਸ਼ੂ ਕਰਵਾਉਣ ਲਈ ਬਠਿੰਡਾ ਤੋਂ ਫਰੀਦਕੋਟ ਜਾਣਾ ਪੈਂਦਾ ਹੈ। ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹੋਵੋਗੇ ਕਿ ਸਾਡੇ ਪੰਜਾਬ ਵਿੱਚ ਕੋਈ ਵੀ ਕੰਮ ਇਸ ਤਰ੍ਹਾਂ ਦਾ ਨਹੀਂ ਹੈ ਜਿਹੜਾ ਇੱਕ ਗੇੜੇ ਨਾਲ ਹੋ ਜਾਵੇ। ਇੱਕ ਤਾਂ ਉਹ ਪਹਿਲਾਂ ਹੀ ਮਰ ਰਹੇ ਹੁੰਦੇ ਹਨ। ਦੂਜਾ, ਉਨ੍ਹਾਂ ਕੋਲ ਪੈਸਿਆਂ ਦੀ ਕਮੀ ਹੁੰਦੀ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਬਠਿੰਡਾ ਤੋਂ ਫਰੀਦਕੋਟ ਵਾਰ-ਵਾਰ ਟਰੈਵਲ ਕਰਨਾ ਪੈਂਦਾ ਹੈ।

ਦੂਸਰਾ, ਜਿਹੜੀ Cheif Minister's Relief Fund ਦੀ ਅਮਾਊਂਟ ਡੇਢ ਲੱਖ ਰੁਪਏ ਰੱਖੀ ਹੋਈ ਹੈ। ਕੀ ਸਰਕਾਰ ਦੀ ਕੋਈ next planning ਹੈ ਤਾਂ ਕਿ ਉਸ ਅਮਾਊਂਟ ਨੂੰ ਡੇਢ ਲੱਖ ਤੋਂ ਵਧਾ ਕੇ ਤਿੰਨ ਲੱਖ ਜਾਂ ਉਸ ਤੋਂ ਜੇ ਜ਼ਿਆਦਾ ਹੋ ਸਕਦਾ ਹੈ, ਕੀਤਾ ਜਾਵੇ? ਸਪੀਕਰ ਸਾਹਿਬ, ਮੈਨੂੰ ਨਹੀਂ ਲੱਗਦਾ ਕਿ ਅੱਜ ਕੱਲ੍ਹ ਦੇ ਟਾਈਮ ਵਿੱਚ ਕੈਂਸਰ ਪੇਸ਼ੈਂਟ ਡੇਢ ਲੱਖ ਦੇ ਵਿੱਚ ਆਪਣਾ ਇਲਾਜ ਕਰਵਾ ਸਕਦਾ ਹੋਵੇ। It is not possible.

**ਮੰਤਰੀ :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮੈਂਬਰ ਸਾਹਿਬਾਨ ਦੀ ਜਾਣਕਾਰੀ ਵਿੱਚ ਲਿਆਉਣਾ ਚਾਹਾਂਗਾ ਕਿ ਜਿਹੜਾ ਕੈਂਸਰ ਦਾ ਪੀੜਤ ਹੈ ਉਸ ਨੂੰ ਕਿਤੇ ਵੀ ਕੋਈ ਇਜਾਜ਼ਤ ਲੈਣ ਨਹੀਂ ਜਾਣਾ ਪੈਂਦਾ। ਸਿਸਟਮ ਬਣਿਆ ਹੋਇਆ ਹੈ ਕਿ ਉਹ ਸਿੱਧਾ ਸਾਡੇ Empanelled Hospitals ਵਿੱਚ ਜਾ ਕੇ ਟਰੀਟਮੈਂਟ ਲੈ ਸਕਦੇ ਹਨ। Empanelled Hospitals ਤੋਂ ਸਰਕਾਰ ਨੂੰ ਬਿੱਲ ਆ ਜਾਂਦਾ ਹੈ ਅਤੇ ਉਨ੍ਹਾਂ ਦੀ ਅਦਾਇਗੀ ਹੋ ਜਾਂਦੀ ਹੈ। ਚੀਫ਼ ਮਨਿਸਟਰ ਸਾਹਿਬ ਦੀ ਹਦਾਇਤ ਦੇ ਮੁਤਾਬਕ ਪੰਜਾਬ ਸਰਕਾਰ ਨੇ ਕੈਂਸਰ ਦਾ ਟ੍ਰੀਟਮੈਂਟ ਬੜੇ ਜ਼ੋਰਾਂ ਨਾਲ ਸ਼ੁਰੂ ਕੀਤਾ ਹੈ। ਜਿਹੜੀ ਬੀਕਾਨੇਰ ਦੀ ਟਰੇਨ ਹੈ, ਉਸ ਨੂੰ ਕੈਂਸਰ ਟਰੇਨ ਕਿਹਾ ਜਾਂਦਾ ਹੈ। ਸਾਡਾ ਪੰਜਾਬ ਸਰਕਾਰ ਦਾ ਉਪਰਾਲਾ ਜੋ ਕਿ ਸੀ.ਐਮ. ਸਾਹਿਬ ਦੀ ਰਹਿਨੁਮਾਈ ਹੇਠ ਚੱਲ ਰਿਹਾ ਹੈ, ਉਹ ਇਹ ਹੈ ਕਿ ਅਸੀਂ ਉਸ

ਕੈਂਸਰ ਦੀ ਟਰੇਨ ਨੂੰ ਹਿਸਟਰੀ ਬਣਾਉਣਾ ਚਾਹੁੰਦੇ ਹਾਂ। ਉਸ ਦੇ ਲਈ ਬੜੇ ਐਫਰਟਸ ਕੀਤੇ ਜਾ ਰਹੇ ਹਨ। ਇਨ੍ਹਾਂ ਨੇ ਵੈਨ ਦੀ ਗੱਲ ਕੀਤੀ ਹੈ ਕਿ ਕੈਂਸਰ ਦੀ ਕੋਈ ਵੈਨ ਚਲਾਈ ਜਾਵੇਗੀ? ਸਪੀਕਰ ਸਾਹਿਬ, ਪ੍ਰੀਲਿਮਨਰੀ ਸਟੇਜਿਜ਼ ਨੂੰ ਚੈੱਕ ਕਰਨ ਵਾਸਤੇ ਡੀ.ਐਮ.ਸੀ. ਵੱਲੋਂ ਆਲਰੇਡੀ ਪੂਰੀ ਮੁਹਿੰਮ ਚੱਲ ਰਹੀ ਹੈ। ਜੇ ਤੁਸੀਂ ਇਜਾਜ਼ਤ ਦਿਉ, ਜੇ ਮੈਂਬਰ ਸਾਹਿਬ ਚਾਹੁੰਦੇ ਹਨ ਤਾਂ ਮੈਂ ਸਾਰੀ ਡਿਟੇਲ ਦੇ ਸਕਦਾ ਹਾਂ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਹਾਡੀ gist ਆ ਗਈ ਹੈ।

**ਮੰਤਰੀ :** ਸਪੀਕਰ ਸਾਹਿਬ, ਮੈਂ ਹਾਊਸ ਨੂੰ ਐਸ਼ਿਉਰ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਕੈਂਸਰ ਦੀ ਟਰੇਨ ਹੈ, ਇਹ ਵਾਕਿਆ ਹੀ ਕੁਝ ਸਾਲਾਂ ਵਿੱਚ ਹਿਸਟਰੀ ਹੋਵੇਗੀ।

**ਪ੍ਰੋਫ਼ੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ.......

**ਮਾਨਯੋਗ ਸਪੀਕਰ :** ਪ੍ਰੋਫ਼ੈਸਰ ਬਲਜਿੰਦਰ ਕੌਰ ਜੀ, ਕਾਲ ਅਟੈਂਸ਼ਨ ਉਤੇ ਸਪਲੀਮੈਂਟਰੀ ਇੱਕ ਹੀ ਹੁੰਦੀ ਹੈ।

**ਪ੍ਰੋਫ਼ੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਬਹੁਤ ਇੰਪਾਰਟੈਂਟ ਹੈ Just give me one minute.

**ਮਾਨਯੋਗ ਸਪੀਕਰ :** ਇਸ ਵਿੱਚ ਬਹੁਤੇ ਸਵਾਲ ਨਹੀਂ ਹੁੰਦੇ ਜੀ। ਕਾਲ ਅਟੈਂਸ਼ਨ ਵਿੱਚ ਬਹੁਤੇ ਸਵਾਲ ਨਹੀਂ ਹੁੰਦੇ।

**ਪ੍ਰੋਫ਼ੈਸਰ ਬਲਜਿੰਦਰ ਕੌਰ :** ਸਪੀਕਰ ਸਾਹਿਬ, ਹੁਣੇ ਹੀ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੂੰ ਜਦੋਂ ਫੰਡਜ਼ ਰਿਲੀਜ਼ ਕਰਵਾਉਣੇ ਪੈਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਆਪ ਨੂੰ ਨਾਮੀਨੇਟ ਕਰਵਾਉਣ ਲਈ ਫਰੀਦਕੋਟ ਜਾਣਾ ਹੀ ਪੈਂਦਾ ਹੈ। ਕੀ ਕੋਈ ਅਜਿਹੀ ਪ੍ਰੋਵੀਜ਼ਨ ਨਹੀਂ ਹੈ ਕਿ ਇਹ ਬਠਿੰਡਾ ਵਿੱਚ ਹੀ ਹੋ ਜਾਵੇ, ਜਦੋਂ ਕਿ ਬਠਿੰਡਾ ਵਿੱਚ ਚੀਫ਼ ਮੈਡੀਕਲ ਅਫ਼ਸਰ ਵੀ ਹੈ ਅਤੇ ਐਡਵਾਂਸ ਕੈਂਸਰ ਸੈਂਟਰ ਵੀ ਹੈ ਪਰ ਫਰੀਦਕੋਟ ਵਿੱਚ ਕੋਈ ਅਜਿਹੀ ਪ੍ਰੋਵੀਜ਼ਨ ਨਹੀਂ ਹੈ। ਸੋ, ਜੋ ਕੁਝ ਤੁਸੀਂ ਦੱਸ ਰਹੇ ਹੋ ਜਾਂ ਤਾਂ ਇਸ ਨੂੰ ਕਰਾਸ ਚੈੱਕ ਕਰਵਾ ਲਉ।

**ਮੰਤਰੀ :** ਮੈਂ ਇਸ ਗੱਲ ਨੂੰ ਦੇਖ ਲਵਾਂਗਾ ਪਰ ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦਾ ਕੋਈ ਸਿਸਟਮ ਨਹੀਂ ਹੈ।

**ਮਾਨਯੋਗ ਸਪੀਕਰ :** ਅਗਲੀ ਆਈਟਮ।

(ਇਸ ਸਮੇਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਗੁਰਪ੍ਰੀਤ ਸਿੰਘ, ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਆਗਿਆ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਦੇਖੋ, ਕਾਲ ਅਟੈਂਸ਼ਨ ਵਿੱਚ ਇਕ ਤੋਂ ਜ਼ਿਆਦਾ ਸਵਾਲ ਜਵਾਬ ਨਹੀਂ ਹੋ ਸਕਦੇ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) :** ਸਪੀਕਰ ਸਾਹਿਬ, ਕਾਲ ਅਟੈਂਸ਼ਨ ਤਾਂ ਹੋ ਗਈ ਹੈ ਪਰ ਮੈਂ ਆਪਣੀ ਮੋਸ਼ਨ ਦੀ ਗੱਲ ਕਰਦਾ ਹਾਂ। ਮੈਂ ਮੋਸ਼ਨ ਅੰਡਰ ਰੂਲ 71 ਦਿੱਤਾ ਸੀ। ਉਹ ਮੈਂ ਤੁਹਾਡੀ ਇਜਾਜ਼ਤ ਨਾਲ ਰੱਖਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਉਹ ਤਾਂ ਰਿਜੈਕਟ ਹੋ ਗਿਆ ਸੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਰ, ਇਹ ਬੜਾ ਇੰਪਾਰਟੈਂਟ ਹੈ। ਜੋ ਪਿਛਲੀਆਂ ਅਕਾਲੀ-ਭਾਜਪਾ ਸਰਕਾਰਾਂ ਦੌਰਾਨ ਬਾਦਲਾਂ ਨੇ ਕੈਪਟਨ ਅਮਰਿੰਦਰ ਸਿੰਘ ਜੀ ਅਤੇ ਹੋਰਾਂ ਨਾਲ ਧੱਕਾ ਕੀਤਾ ਸੀ, ਮੈਂ ਉਹ ਮੋਸ਼ਨ ਲੈ ਕੇ ਆਉਣਾ ਚਾਹੁੰਦਾ ਹਾਂ। ਤੁਸੀਂ ਮੈਨੂੰ ਇਜਾਜ਼ਤ ਦਿਉ, ਮੈਂ ਮੋਸ਼ਨ ਪੜ੍ਹ ਦਿੰਦਾ ਹਾਂ। ਉਸ ਤੋਂ ਬਾਅਦ ਦੋ ਮਿੰਟ ਦੀ ਬਹਿਸ ਕਰਵਾ ਦਿਉ।

**ਮਾਨਯੋਗ ਸਪੀਕਰ :** ਬ੍ਰਹਮ ਮਹਿੰਦਰਾ ਜੀ ਨਾਲ ਸਲਾਹ ਕਰ ਲਉ।

**ਸਰਦਾਰ ਗੁਰਪ੍ਰੀਤ ਸਿੰਘ :** ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਦੇ ਦਿਉ।

**ਮਾਨਯੋਗ ਸਪੀਕਰ :** ਸਰਦਾਰ ਗੁਰਪ੍ਰੀਤ ਸਿੰਘ ਜੀ, ਨਹੀਂ ਹੋ ਸਕਦਾ। ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

---

## MOTION UNDER RULE 16

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

> ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਰੈਜ਼ੋਲਿਊਸ਼ਨ ਤੇ ਤਾਂ ਬੋਲਣ ਦਿਉ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਸੀਂ ਬੋਲ ਲਏ ਹੋ। ਅਗਲੀ ਆਈਟਮ, ਮੇਜ਼ ਤੇ ਮੁੜ ਰੱਖੇ ਜਾਣ ਵਾਲੇ ਕਾਗਜ਼।

---

## PAPERS LAID ON THE TABLE OF THE HOUSE

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰਬਰ IV ਅਧੀਨ ਦਰਸਾਏ ਗਏ ਲੜੀ ਨੰਬਰ 1 ਤੋਂ 6 ਦੇ ਮੁੜ ਰੱਖੇ ਜਾਣ ਵਾਲੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਨਿਯਮਾਂ, 2017, ਜਿਵੇਂ ਕਿ ਪੰਜਾਬ ਵਸਤੂਆਂ ਅਤੇ ਸੇਵਾਵਾਂ ਕਰ ਐਕਟ, 2017 ਦੀ ਧਾਰਾ 166 ਅਧੀਨ ਲੋੜੀਂਦਾ ਹੈ ;
2. ਸਾਲ 2016-17 ਲਈ ਬਠਿੰਡਾ ਵਿਕਾਸ ਅਥਾਰਟੀ, ਬਠਿੰਡਾ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾ ਅਤੇ ਵਿਕਾਸ ਐਕਟ, 1995 ਦੀ ਧਾਰਾ 54(2) ਅਧੀਨ ਲੋੜੀਂਦਾ ਹੈ ;
3. ਸਾਲ 2015-16 ਲਈ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਦੀ 14ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ ;
4. ਸਾਲ 2013-14 ਲਈ ਪੰਜਾਬ ਸੈਰ-ਸਪਾਟਾ ਵਿਕਾਸ ਨਿਗਮ ਲਿਮਟਿਡ ਦੀ 35ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ ;
5. ਸਾਲ 2015-16 ਲਈ ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਿਡ ਦੀ 13ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ ;
6. ਸਾਲ 2015-16 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਿਡ ਦੀ 13ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619 (ੳ) ਅਧੀਨ ਲੋੜੀਂਦਾ ਹੈ ;

**ਮਾਨਯੋਗ ਸਪੀਕਰ:** ਅਗਲੀ ਆਈਟਮ, ਵਿਧਾਨਕ ਕੰਮ ਕਾਰ।

---

## LEGISLATIVE BUSINESS

### 1. The Indian Penal Code (Punjab Amendment) Bill, 2016

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਵਾਪਸ ਲੈਣ ਲਈ ਪ੍ਰਸਤਾਵ ਪੇਸ਼ ਕਰਨ।

**Minister for Public Works and Information Technology (Shri Vijay Inder Singla) :** Sir, I beg to move -

> That the Indian Penal Code (Punjab Amendment) Bill, 2016, which was introduced in and passed by the 14th Punjab Vidhan Sabha during its 12th Session, 2016 on the 21st of March, 2016 and the assent thereof is awaited, be withdrawn.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2016, ਜੋ ਕਿ 14ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 12ਵੇਂ ਸਮਾਗਮ ਦੇ ਦੌਰਾਨ 21 ਮਾਰਚ, 2016 ਨੂੰ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਪ੍ਰਵਾਨਗੀ ਹਾਲੇ ਦਿੱਤੀ ਜਾਣੀ ਹੈ, ਨੂੰ ਵਾਪਸ ਲਿਆ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2016, ਜੋ ਕਿ 14ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 12ਵੇਂ ਸਮਾਗਮ ਦੇ ਦੌਰਾਨ 21 ਮਾਰਚ, 2016 ਨੂੰ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਪ੍ਰਵਾਨਗੀ ਹਾਲੇ ਦਿੱਤੀ ਜਾਣੀ ਹੈ, ਨੂੰ ਵਾਪਸ ਲਿਆ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**2. The Code of Criminal Procedure (Punjab Amendment) Bill, 2016**

**ਮਾਨਯੋਗ ਸਪੀਕਰ:** ਲੋਕ ਨਿਰਮਾਣ ਮੰਤਰੀ ਬਿਲ ਵਾਪਸ ਲੈਣ ਲਈ ਪ੍ਰਸਤਾਵ ਪੇਸ਼ ਕਰਨ।

**Minister for Public Works and Information Technology (Shri Vijay Inder Singla) :** Sir, I beg to move -

> That the Code of Criminal Procedure (Punjab Amendment) Bill, 2016 which was introduced in and passed by the 14th Punjab Vidhan Sabha during its 12th session 2016 on the 21st March, 2016 and the assent thereof is awaited be withdrawn.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

> ਕਿ ਜਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2016 ਜੋ ਕਿ 14ਵੀਂ ਵਿਧਾਨ ਸਭਾ ਦੁਆਰਾ ਇਸ ਦੇ 12ਵੇਂ ਸਮਾਗਮ ਦੌਰਾਨ ਮਿਤੀ 21 ਮਾਰਚ, 2016 ਨੂੰ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਪ੍ਰਵਾਨਗੀ ਹਾਲੇ ਦਿੱਤੀ ਜਾਣੀ ਹੈ, ਵਾਪਸ ਲਿਆ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> ਕਿ ਜਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2016 ਜੋ ਕਿ 14ਵੀਂ ਵਿਧਾਨ ਸਭਾ ਦੁਆਰਾ ਇਸ ਦੇ 12ਵੇਂ ਸਮਾਗਮ ਦੌਰਾਨ ਮਿਤੀ 21 ਮਾਰਚ, 2016 ਨੂੰ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਪ੍ਰਵਾਨਗੀ ਹਾਲੇ ਦਿੱਤੀ ਜਾਣੀ ਹੈ, ਵਾਪਸ ਲਿਆ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

## 3. The Punjab Protection of Interests of Depositors (In Financial Establishments) Bill, 2015

**ਮਾਨਯੋਗ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਬਿਲ ਵਾਪਸ ਲੈਣ ਲਈ ਪ੍ਰਸਤਾਵ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਜੋ ਕਿ 14ਵੀਂ ਵਿਧਾਨ ਸਭਾ ਦੁਆਰਾ ਇਸ ਦੇ 11ਵੇਂ ਸਮਾਗਮ ਦੇ ਦੌਰਾਨ 23 ਸਤੰਬਰ, 2015 ਨੂੰ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਪ੍ਰਵਾਨਗੀ ਹਾਲੇ ਦਿੱਤੀ ਜਾਣੀ ਹੈ, ਵਾਪਸ ਲਿਆ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਜੋ ਕਿ 14ਵੀਂ ਵਿਧਾਨ ਸਭਾ ਦੁਆਰਾ ਇਸ ਦੇ 11ਵੇਂ ਸਮਾਗਮ ਦੇ ਦੌਰਾਨ 23 ਸਤੰਬਰ, 2015 ਨੂੰ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਪ੍ਰਵਾਨਗੀ ਹਾਲੇ ਦਿੱਤੀ ਜਾਣੀ ਹੈ, ਵਾਪਸ ਲਿਆ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2015 ਜੋ ਕਿ 14ਵੀਂ ਵਿਧਾਨ ਸਭਾ ਦੁਆਰਾ ਇਸ ਦੇ 11ਵੇਂ ਸਮਾਗਮ ਦੇ ਦੌਰਾਨ 23 ਸਤੰਬਰ, 2015 ਨੂੰ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਇਸ ਦੀ ਪ੍ਰਵਾਨਗੀ ਹਾਲੇ ਦਿੱਤੀ ਜਾਣੀ ਹੈ, ਵਾਪਸ ਲਿਆ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 4. The Punjab State Higher Education Council Bill, 2018

**ਮਾਨਯੋਗ ਸਪੀਕਰ:** ਸ਼੍ਰੀਮਤੀ ਰਜ਼ੀਆ ਸੁਲਤਾਨਾ, ਉਚੇਰੀ ਸਿੱਖਿਆ ਮੰਤਰੀ ਜੀ ਬਿਲ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018 ਪੇਸ਼ ਕਰਦੀ ਹਾਂ।

> ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦੀ ਹਾਂ –
>
> ਕਿ ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼੍ਰੀ ਬੁੱਧ ਰਾਮ :** ਸਪੀਕਰ ਸਾਹਿਬ, ਮੈਂ ਬੋਲਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ:** ਤੁਹਾਨੂੰ ਤਾਂ ਮੈਂ ਪੁੱਛਿਆ ਸੀ, ਉਦੋਂ ਤੁਸੀਂ ਬੋਲੇ ਹੀ ਨਹੀਂ। ਨਹੀਂ, ਹੁਣ ਬੈਠੋ। ਧੰਨਵਾਦ।

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 14**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 14 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 14 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਉਚੇਰੀ ਸਿੱਖਿਆ ਮੰਤਰੀ (ਸ਼੍ਰੀਮਤੀ ਰਜ਼ੀਆ ਸੁਲਤਾਨਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ -

ਕਿ ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਰਾਜ ਉਚੇਰੀ ਸਿੱਖਿਆ ਕੌਂਸਲ ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 5. The Punjab Protection of Interests of Depositors (In Financial Establishments) Bill, 2018

**ਮਾਨਯੋਗ ਸਪੀਕਰ:** ਸਰਦਾਰ ਮਨਪ੍ਰੀਤ ਸਿੰਘ ਬਾਦਲ, ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪੰਜਾਬ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਮਾਨਯੋਗ ਸਪੀਕਰ ਸਾਹਿਬ, ਵੈਸੇ ਤਾਂ ਬਿਲ ਦੇ ਖਰੜੇ ਤੇ ਸਾਨੂੰ ਵਿਚਾਰ ਕਰਨ ਲਈ ਸਮਾਂ ਨਹੀਂ ਮਿਲਿਆ ਲੇਕਿਨ ਸਾਡੇ ਕੁਝ ਖਦਸ਼ੇ ਹਨ, ਜਿਵੇਂ ਕਿ ਪਰਲ ਅਤੇ ਕਰਾਊਨ ਵਰਗੀਆਂ ਸੰਸਥਾਵਾਂ ਨੇ ਆ ਕੇ ਪੰਜਾਬ ਦੇ ਲੱਖਾਂ ਲੋਕਾਂ ਦੇ ਕਰੋੜਾਂ ਰੁਪਏ ਠੱਗ ਲਏ ਔਰ ਉਨ੍ਹਾਂ ਤੇ ਕੇਸ ਦਰਜ ਹੋਣ ਤੋਂ ਬਾਅਦ ਵੀ ਉਹ ਜੇਲ੍ਹਾਂ ਦੇ ਵਿੱਚ ਫਾਈਵ ਸਟਾਰ ਸਹੂਲਤਾਂ ਮਾਣ ਰਹੇ ਹਨ। ਕਿਸੇ ਤਰੀਕੇ ਨਾਲ ਜਾਂ ਤਾਂ ਉਨ੍ਹਾਂ ਦੀ ਸਰਕਾਰ ਨਾਲ ਸਾਂਠ-ਗਾਂਠ ਹੈ ਜਾਂ ਉਹ ਸਰਕਾਰੀ ਅਧਿਕਾਰੀਆਂ ਨੂੰ ਮੈਨੇਜ ਕਰਕੇ ਜੇਲ੍ਹਾਂ ਵਿੱਚ ਠਾਠ-ਬਾਠ ਨਾਲ ਰਹਿ ਰਹੇ ਹਨ। ਡਿਪਾਜ਼ਿਟਰਜ਼, ਜਿਨ੍ਹਾਂ ਨੇ ਆਪਣੀ ਜ਼ਮੀਨਾਂ ਵੇਚ ਕੇ ਅਤੇ ਰਿਸ਼ਤੇਦਾਰਾਂ ਦੇ ਪੈਸੇ ਲਗਵਾਏ ਹੋਏ ਹਨ....

**ਮਾਨਯੋਗ ਸਪੀਕਰ:** ਤੁਸੀਂ ਬਿਲ ਤੇ ਬੋਲੋ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮੈਂ ਬਿਲ ਤੇ ਹੀ ਬੋਲ ਰਿਹਾ ਹਾਂ ਜੀ। ਉਨ੍ਹਾਂ ਲੋਕਾਂ ਨੂੰ ਫਾਹੇ ਲੈਣੇ ਪੈ ਰਹੇ ਹਨ। ਸੰਗਰੂਰ ਦੇ ਵਿੱਚ ਇੱਕ ਪੂਰੇ ਦਾ ਪੂਰਾ ਪਿੰਡ ਇਸ ਦਾ ਸ਼ਿਕਾਰ ਹੈ। ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਬੰਦਿਆਂ ਨੇ ਲੁੱਟ ਕੇ ਅੰਬਾਰ ਖੜ੍ਹੇ ਕਰ ਲਏ ਹਨ, ਵੱਡੇ-ਵੱਡੇ ਐਂਪਾਇਰ ਖੜ੍ਹੇ ਕਰ ਲਏ ਹਨ, ਵਿਦੇਸ਼ਾਂ ਵਿੱਚ ਪ੍ਰਾਪਰਟੀਆਂ ਬਣਾ ਲਈਆਂ ਹਨ, ਕੀ ਇਸ ਬਿਲ ਦੇ ਵਿੱਚ ਕੋਈ ਇਸ ਤਰ੍ਹਾਂ ਦਾ ਪ੍ਰਾਵਧਾਨ ਰੱਖਿਆ ਗਿਆ ਹੈ? ਕੀ ਉਨ੍ਹਾਂ ਦੀ ਪ੍ਰਾਪਰਟੀ ਨੂੰ ਕੁਰਕ ਕਰਕੇ ਸਮਾਂ-ਬੱਧ ਤਰੀਕੇ ਦੇ ਨਾਲ ਉਹ ਪੈਸਾ with interest ਉਨ੍ਹਾਂ ਡਿਪਾਸਿਟਰਜ਼ ਨੂੰ ਵਾਪਸ ਕਰਵਾਇਆ ਜਾਵੇਗਾ? ਕੀ ਮੰਤਰੀ ਸਾਹਿਬ ਇਹ ਪ੍ਰਾਵਧਾਨ ਕਰਨਗੇ?

**ਵਿੱਤ ਮੰਤਰੀ:** ਸਪੀਕਰ ਸਾਹਿਬ, ਜਿਹੜਾ ਇਹ ਬਿਲ ਕੈਪਟਨ ਅਮਰਿੰਦਰ ਸਿੰਘ ਸਾਹਿਬ ਦੀ ਸਰਕਾਰ ਲੈ ਕੇ ਆਈ ਹੈ, ਦਰਅਸਲ ਇਹ ਜ਼ਰੂਰੀਆਤ-ਏ-ਵਕਤ ਸੀ। ਜੇ ਮਾਨਯੋਗ ਮੈਂਬਰ ਸਾਹਿਬ ਇਸ ਦੀ ਸੈਕਸ਼ਨ 3 ਪੜ੍ਹਨਗੇ ਤਾਂ ਉਸ ਵਿੱਚ ਲਿਖਿਆ ਹੈ ਕਿ ਜੇ ਕੋਈ ਕੰਪਨੀ ਡਿਫਾਲਟ ਵਿੱਚ ਚਲੀ ਜਾਂਦੀ ਹੈ, ਜਿਵੇਂ ਤੁਸੀਂ ਪਰਲ

ਵਗੈਰਾ ਦਾ ਨਾਮ ਲਿਆ ਹੈ ਤਾਂ ਉਨ੍ਹਾਂ ਦੀ ਸਿਰਫ਼ ਕੰਪਨੀ ਦੀ ਪ੍ਰਾਪਰਟੀ ਹੀ ਅਟੈਚ ਨਹੀਂ ਹੋਵੇਗੀ ਬਲਕਿ ਉਨ੍ਹਾਂ ਦੇ ਮੈਨੇਜਰ, ਪ੍ਰੋਮੋਟਰ, ਡਾਇਰੈਕਟਰ ਦੀ ਵੀ ਪ੍ਰਾਪਰਟੀ ਅਟੈਚ ਹੋਵੇਗੀ।

ਦੂਸਰਾ, ਸਪੀਕਰ ਸਾਹਿਬ, ਜਦੋਂ ਇਸ ਦੀ ਸੈਕਸ਼ਨ 4 ਪੜ੍ਹਾਂਗੇ ਤਾਂ ਉਸ ਵਿੱਚ ਲਿਖਿਆ ਹੈ ਕਿ ਡੀ.ਸੀ. ਤੇ ਏ.ਡੀ.ਸੀ. ਕੰਪਲੇਂਟ ਲੈਣ ਦੇ ਕੈਪੇਬਲ ਹਨ, ਉਹ ਕੰਪਲੇਂਟ ਨੂੰ ਲੈ ਸਕਦੇ ਹਨ। ਇਸ ਦੇ ਨਾਲ ਹੀ ਜਿਹੜੀ ਸੈਕਸ਼ਨ 5 ਹੈ, ਹਰ ਕੰਪਨੀ ਪਹਿਲਾਂ ਰਿਜ਼ਰਵ ਬੈਂਕ ਤੋਂ ਪਰਮਿਸ਼ਨ ਤਾਂ ਲੈ ਲੈਂਦੀ ਸੀ ਅਤੇ ਕੁਆਰਟਰਲੀ ਰਿਟਰਨ ਨਹੀਂ ਭਰਦੀ ਸੀ ਪਰ ਹੁਣ ਇਹ ਜੋ ਬਿਲ ਲੈ ਕੇ ਆਏ ਹਾਂ, ਇਸ ਅਨੁਸਾਰ ਜੇਕਰ ਰਿਟਰਨ ਨਹੀਂ ਭਰੀ ਤਾਂ ਉਸ ਵਿੱਚ ਇੱਕ ਲੱਖ ਰੁਪਏ ਦਾ ਜੁਰਮਾਨਾ ਹੈ। ਇਸ ਦੀ ਸੈਕਸ਼ਨ 6 ਦੇ ਵਿੱਚ, ਮੈਚਿਉਰ ਹੋਣ ਉਪਰੰਤ ਜੇ ਪੈਸੇ ਵਾਪਸ ਨਹੀਂ ਕੀਤੇ ਜਾਂਦੇ ਤਾਂ ਕੰਪਨੀ ਦੇ ਪ੍ਰੋਮੋਟਰ, ਮੈਨੇਜਰ, ਡਾਇਰੈਕਟਰ ਵਾਸਤੇ 10 ਸਾਲ ਦੀ ਕੈਦ ਰੱਖੀ ਹੈ ਅਤੇ 1 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੈ। ਸਪੀਕਰ ਸਾਹਿਬ, ਉਸੇ ਤਰ੍ਹਾਂ ਹੀ ਸੈਕਸ਼ਨ 16 ਦੇ ਵਿੱਚ, ਜਿਹੜੀ ਕੰਪਨੀ ਲੋਕਾਂ ਦੇ ਪੈਸੇ ਨਾਲ ਫਰਾਡ ਕਰਦੀ ਹੈ ਤਾਂ ਉਨ੍ਹਾਂ ਨੂੰ ਐਂਟੀਸੀਪੇਟਰੀ ਬੇਲ ਨਹੀਂ ਮਿਲ ਸਕਦੀ। ਇਹ ਬਿਲ ਦਾ ਹਿੱਸਾ ਹੈ ਔਰ ਇਹ 19 ਸੂਬਿਆਂ ਨੇ ਤਕਰੀਬਨ ਹੂ-ਬ-ਹੂ ਪਾਸ ਕਰ ਦਿੱਤਾ ਹੈ। ਆਪਾਂ ਵੀ ਇਸ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਵਾਂਗੇ। ਧੰਨਵਾਦ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਰ, ਮੈਂ ਮੰਤਰੀ ਜੀ ਨੂੰ ਇਹੀ ਦਰਖਾਸਤ ਕਰਦਾ ਹਾਂ ਕਿ ਜਿਹੜੇ ਲੋਕ ਹੁਣ ਤੱਕ ਲੁੱਟੇ ਗਏ, ਕੀ ਇਸ ਬਿਲ ਦਾ ਇਫੈਕਟ ਉਨ੍ਹਾਂ ਤੇ ਵੀ ਪਏਗਾ ਤਾਂ ਕਿ ਉਨ੍ਹਾਂ ਲੁੱਟੇ ਗਏ ਲੋਕਾਂ ਨੂੰ ਵੀ ਇਨਸਾਫ਼ ਮਿਲ ਸਕੇ?

**ਵਿੱਤ ਮੰਤਰੀ:** ਸਰ, ਕੋਈ ਵੀ ਬਿਲ ਜਿਹੜਾ ਹੁੰਦਾ ਹੈ, ਉਸ ਦਾ ਪਰਸਪੈਕਟਿਵ ਇਫੈਕਟ ਹੁੰਦਾ ਹੈ, ਰੀਟ੍ਰੋਸਪੈਕਟਿਵ ਨਹੀਂ ਹੁੰਦਾ ਪਰ ਜਿਹੜੀ ਗੱਲ ਇਹ ਕਰ ਰਹੇ ਹਨ, ਉਹ ਆਲਰੇਡੀ ਸੁਪਰੀਮ ਕੋਰਟ ਦੇ ਜ਼ੇਰੇ ਗੌਰ ਹੈ ਔਰ ਉਨ੍ਹਾਂ ਨੂੰ ਕੋਈ ਨਾ ਕੋਈ ਰਿਲੀਫ਼ ਮਿਲ ਜਾਏਗੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 20**

**ਮਾਨਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 20 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆ ਜਾਣ?

(**ਆਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 20 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕੀ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਪੰਜਾਬ ਜਮ੍ਹਾਂਕਰਤਾਵਾਂ ਦੇ ਹਿੱਤਾਂ ਦੀ ਸੁਰੱਖਿਆ (ਵਿੱਤੀ ਸੰਸਥਾਵਾਂ ਵਿੱਚ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## 6. The Salary And Allowances of the Leader of Opposition In Legislative Assembly (Second Amendment) Bill, 2018

**ਮਾਨਯੋਗ ਸਪੀਕਰ:** ਸੰਸਦੀ ਮਾਮਲੇ ਮੰਤਰੀ ਜੀ ਬਿਲ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ਸ਼੍ਰੀਮਾਨ ਜੀ, ਮੈਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਹਾਂ ਜੀ, ਫੂਲਕਾ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ) :** ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਵਿਰੋਧੀ ਧਿਰ ਦੇ ਨੇਤਾ ਦੀ ਇੱਜ਼ਤ ਤੇ ਸਟੇਟਸ ਬਰਕਰਾਰ ਰੱਖਣਾ ਸਪੀਕਰ ਦਾ ਕੰਮ ਹੁੰਦਾ ਹੈ। ਵਿਰੋਧੀ ਧਿਰ ਦੇ ਨੇਤਾ ਦੀ ਕੋਠੀ ਇੱਥੇ ਦੋ ਸੈਕਟਰ ਵਿੱਚ ਹੁੰਦੀ ਸੀ। ਜਦੋਂ ਮੈਂ ਵਿਰੋਧੀ ਧਿਰ ਦਾ ਨੇਤਾ ਬਣਿਆ ਸੀ ਤਾਂ ਮੈਨੂੰ ਵੀ ਇਨ੍ਹਾਂ ਨੇ ਸੈਕਟਰ 16 ਵਿੱਚ ਕੋਠੀ ਅਲਾਟ ਕਰ ਦਿੱਤੀ ਸੀ ਕਿਉਂਕਿ ਗਵਰਨਰ ਸਾਹਿਬ ਨੇ ਸੈਕਟਰ 16 ਦੀ ਕੋਠੀ ਨੰ: 500 ਵਿਰੋਧੀ ਧਿਰ ਦੇ ਨੇਤਾ ਵਾਸਤੇ ਈਅਰਮਾਰਕ ਕੀਤੀ ਹੈ। ਜਦੋਂ ਵਿਰੋਧੀ ਧਿਰ ਦੇ ਨੇਤਾ ਖਹਿਰਾ ਸਾਹਿਬ ਸਨ ਤਾਂ ਉਨ੍ਹਾਂ ਕੋਲ ਵੀ ਉਹ ਕੋਠੀ ਰਹੀ ਪਰ ਜਦੋਂ ਸਰਦਾਰ ਹਰਪਾਲ ਸਿੰਘ ਚੀਮਾ ਨੂੰ ਵਿਰੋਧੀ

ਧਿਰ ਦਾ ਨੇਤਾ ਬਣਾ ਦਿੱਤਾ ਤਾਂ ਉਨ੍ਹਾਂ ਨੂੰ ਸੈਕਟਰ 39 ਵਿੱਚ ਕੋਠੀ ਅਲਾਟ ਕੀਤੀ ਗਈ। ਸਪੀਕਰ ਸਾਹਿਬ, ਵਿਰੋਧੀ ਧਿਰ ਦੇ ਨੇਤਾ ਦੇ ਸਟੇਟਸ ਨੂੰ ਕਾਇਮ ਰੱਖਣਾ, ਇਹ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ। ਮੈਂ, ਸਰਕਾਰ ਤੋਂ ਇਹ ਪੁੱਛਦਾ ਹਾਂ ਕਿ ਹਾਊਸ ਦੇ ਵਿਰੋਧੀ ਧਿਰ ਦੇ ਨੇਤਾ ਦਾ ਸਟੇਟਸ ਬਰਕਰਾਰ ਕਿਉਂ ਨਹੀਂ ਰੱਖਿਆ ਗਿਆ? ਵਿਰੋਧੀ ਧਿਰ ਦੇ ਨੇਤਾ ਲਈ ਈਅਰਮਾਰਕਡ ਹਾਊਸ ਕਿਉਂ ਬਦਲਿਆ ਗਿਆ ਹੈ? ਸਰਕਾਰ ਇਸ ਨੂੰ ਐਕਸਪਲੇਨ ਕਰੇ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਹੀ ਐਕਸਪਲੇਨ ਕਰ ਦਿੰਦਾ ਹਾਂ there is no earmarked house for the Leader of the Opposition. ਦੂਜੀ ਗੱਲ ਇਹ ਹੈ ਕਿ ਮੇਰੇ ਮਨਿਸਟਰਜ਼ ਕੋਲ ਹਾਲੇ ਘਰ ਨਹੀਂ ਹਨ। ਪਹਿਲਾਂ ਮੈਂ ਮਨਿਸਟਰਜ਼ ਦਾ ਕਰ ਲਵਾਂ, ਫਿਰ ਜਿਹੜੀ ਸਾਡੇ ਕੋਲ ਹੋਏਗੀ ਉਹ ਜ਼ਰੂਰ ਤੁਹਾਨੂੰ ਦੇਵਾਂਗੇ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਇੱਕ ਮਿੰਟ ਜੀ, ਵਿਰੋਧੀ ਧਿਰ ਦੇ ਨੇਤਾ ਦਾ ਸਟੇਟਸ ਮੰਤਰੀਆਂ ਨਾਲੋਂ ਉੱਚਾ ਹੁੰਦਾ ਹੈ। ਜਦੋਂ ਮੈਨੂੰ ਅਲਾਟ ਕੀਤਾ ਸੀ, ਸਰਕਾਰੀ ਕਾਗਜ਼ ਮੰਗਵਾ ਲਵੋ ਅਤੇ ਟੇਬਲ ਤੇ ਰੱਖੋ। ਫਾਈਲ ਵਿੱਚ ਵੀ ਨੋਟਿੰਗ ਹੈ ਕਿ ਜਦੋਂ ਚੰਨੀ ਸਾਹਿਬ ਲੀਡਰ ਆਫ਼ ਦਿ ਆਪੋਜ਼ੀਸ਼ਨ ਸੀ, ਉਸ ਵੇਲੇ ਸੈਕਟਰ 2 ਦਾ ਹਾਊਸ ਇਸ ਕਰਕੇ ਨਹੀਂ ਦਿੱਤਾ ਜਾ ਸਕਿਆ ਕਿਉਂਕਿ earmark ਹਾਊਸ ਹੈ ਇਹ ਫਾਈਲ ਦੀ ਨੋਟਿੰਗ ਦੇ ਵਿੱਚ ਲਿਖਿਆ ਹੈ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਨੋਟਿੰਗ ਦੇਖ ਲਵੋ ਕਿਉਂਕਿ ਮੈਨੂੰ ਵੀ ਇਹੀ ਚਿੱਠੀ ਆਈ ਸੀ ਕਿ ਵਿਰੋਧੀ ਧਿਰ ਦੇ ਨੇਤਾ ਦਾ ਹਾਊਸ ਗਵਰਨਰ ਸਾਹਿਬ ਵੱਲੋਂ ਮਾਰਕ ਕੀਤਾ ਗਿਆ ਹੈ ਅਤੇ ਨਾਲ ਹੀ ਵਿਰੋਧੀ ਧਿਰ ਦੇ ਨੇਤਾ ਦਾ ਸਟੇਟਸ ਮੰਤਰੀਆਂ ਨਾਲੋਂ ਉੱਚਾ ਹੁੰਦਾ ਹੈ।

**ਮੁੱਖ ਮੰਤਰੀ:** ਅਗਰ ਇਨ੍ਹਾਂ ਦੀ ਰਾਏ ਹੈ ਕਿ ਉੱਪਰ ਹੁੰਦਾ ਹੈ ਤਾਂ ਇਨ੍ਹਾਂ ਦੀ ਰਾਏ ਹੈ। ਲੇਕਿਨ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ we have no regret ਅਗਰ ਸਾਡੇ ਕੋਲ ਹੋਵੇ ਤਾਂ ਅਸੀਂ ਜ਼ਰੂਰ ਦੇਵਾਂਗੇ ਪਰ ਮੈਂ ਇੱਕੋ ਬੇਨਤੀ ਕਰਨੀ ਚਾਹੁੰਦਾ ਹਾਂ ਕਿ ..

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ, ਮੈਂ ਤੁਹਾਨੂੰ ਰਿਕੁਐਸਟ ਕਰਦਾ ਹਾਂ ਕਿ some good House / accommodation ਦੇ ਦਿੱਤੀ ਜਾਵੇ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਫੂਲਕਾ ਸਾਹਿਬ ਸਾਡੇ ਸਾਥੀ ਹਨ। ਹਾਊਸ ਦੇ ਵੈਲਿਊਡ ਸਾਥੀ ਹਨ। ਇਹ ਇੰਨੇ ਜਜ਼ਬਾਤੀ ਕਿਉਂ ਹੋ ਜਾਂਦੇ ਹਨ? ਇਨ੍ਹਾਂ ** **

---

** Expunged as ordered by the Hon'ble Speaker.

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਮੈਨੂੰ ** ** ਇੰਨੀ ਜਲਦੀ ਨਹੀਂ ਪੈਂਦਾ ** ** ਮੁੱਖ ਮੰਤਰੀ ਸਾਹਿਬ, ਤੁਸੀਂ ਫ਼ਿਕਰ ਨਾ ਕਰੋ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

---

** Expunged as ordered by the Hon'ble Speaker.

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਦੂਜੀ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## 7. The Indian Penal Code (Punjab Amendment) Bill, 2018

**ਮਾਨਯੋਗ ਸਪੀਕਰ:** ਮੰਤਰੀ ਸਾਹਿਬ ਬਿਲ ਪੇਸ਼ ਕਰਨ।

**Minister for Public Works and Information Technology (Shri Vijay Inder Singla) :** Sir, I beg to introduce the Indian Penal Code (Punjab Amendment) Bill, 2018.

Sir, I also beg to move -

That the Indian Penal Code (Punjab Amendment Bill 2018) be taken into consideration at once.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸੰਧਵਾਂ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਸਪੀਕਰ ਸਾਹਿਬ, ਆਈ.ਪੀ.ਸੀ. ਦੇ ਵਿੱਚ ਬੜੀਆਂ ਹੀ ਯੂਜ਼ਫੁੱਲ ਪ੍ਰੋਵੀਜ਼ਨਜ਼ ਹਨ ਲੇਕਿਨ ਉਸ ਨੂੰ ਇੰਪਲੀਮੈਂਟ ਕਰਵਾਉਣਾ ਜਾਂ ਅਮੈਂਡਮੈਂਟ ਕਰਕੇ ਉਸ ਨੂੰ ਲੋਕਾਂ ਦੀ ਭਲਾਈ ਲਈ ਯੂਜ਼ ਕਰਨਾ ਉਹ ਸਰਕਾਰ ਦਾ ਕੰਮ ਹੁੰਦਾ ਹੈ। ਹੁਣ ਤੱਕ ਜਿਹੜਾ ਮੇਰਾ ਐਕਸਪੀਰੀਐਂਸ ਰਿਹਾ ਹੈ ਕਿ ਜਿਹੜਾ ਗਰੀਬ ਬੰਦਾ ਹੈ, ਉਹ ਤਾਂ ਥਾਣੇ ਦੇ ਵਿੱਚ ਵੜ੍ਹ ਹੀ ਨਹੀਂ ਸਕਦਾ। ਪਹਿਲਾਂ ਉਸ ਨੂੰ ਸਿਫ਼ਾਰਸ਼ ਭਾਲਣੀ ਪੈਂਦੀ ਹੈ, ਕਿਸੇ ਐਮ.ਐਲ.ਏ. ਜਾਂ ਕਿਸੇ ਮੰਤਰੀ ਦੇ ਬਾਹਰ ਖੜ੍ਹਨਾ ਪੈਂਦਾ ਹੈ। ਕੁਝ ਦਿਨ ਪਹਿਲਾਂ ਭਗਤਾ ਭਾਈਕਾ ਵਿਖੇ ਇੱਕ ਐਕਸੀਡੈਂਟ ਹੋਇਆ ਸੀ ਅਤੇ ਜਿਹੜੀ ਗੱਡੀ ਐਕਸੀਡੈਂਟ ਕਰਕੇ ਗਈ ਹੈ....

**ਮਾਨਯੋਗ ਸਪੀਕਰ :** ਤੁਸੀਂ ਇਸ ਬਿਲ ਤੇ ਬੋਲੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਮੈਂ ਇਸ ਬਿਲ ਤੇ ਆ ਰਿਹਾ ਹਾਂ। ਮਾਨਯੋਗ ਸਪੀਕਰ ਸਾਹਿਬ, ਇਹ ਕਿਸੇ ਦੀ ਜਾਨ ਨਾਲ ਸਬੰਧਤ ਹੈ।

**ਮਾਨਯੋਗ ਸਪੀਕਰ :** ਇਹ ਜ਼ੀਰੋ ਆਵਰ ਦੇ ਮਸਲੇ ਹਨ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਬਿਲਕੁਲ ਠੀਕ ਹੈ। ਜਿਹੜੇ ਬੰਦੇ ਦਾ ਐਕਸੀਡੈਂਟ ਹੋਇਆ, ਉਸ ਦੇ ਪਰਿਵਾਰ ਨੇ ਸਾਰੀ ਗੱਡੀ ਦਾ ਇਨਵੈਸਟੀਗੇਸ਼ਨ ਕੀਤਾ ਹੈ। ਮੈਂ ਪੰਜ ਵਾਰ ਐਸ.ਐਸ.ਪੀ. ਸਾਹਿਬ ਨੂੰ ਟੈਲੀਫੋਨ ਵੀ ਕੀਤਾ ਔਰ ਐਸ.ਐਮ.ਐਸ. ਵੀ ਕੀਤੇ ਲੇਕਿਨ ਕੋਈ ਕਾਰਵਾਈ ਨਹੀਂ ਹੋਈ। ਜਿੰਨੀਆਂ ਮਰਜ਼ੀ ਸੋਧਾਂ ਕਰ ਲਵੋ, ਅਸੀਂ ਲੋਕਾਂ ਦੇ ਹੱਕ ਦੇ ਵਿੱਚ ਤੁਹਾਡੇ ਨਾਲ ਹਾਂ ਪਰ ਇੰਪਲੀਮੈਂਟ ਕਰਾਉਣਾ ਮੁੱਖ ਮੰਤਰੀ ਸਾਹਿਬ ਦਾ ਕੰਮ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ। ਮੈਂ ਕਈ ਵਾਰ ਬੜਾ ਦੁਖੀ ਹੁੰਦਾ ਹਾਂ, ਜਦੋਂ ਕਦੇ ਇਨ੍ਹਾਂ ਦੀ ਕਾਰਗੁਜ਼ਾਰੀ ਤੇ ਸਵਾਲ ਉਠਦੇ ਹਨ। ਸਾਡੇ ਮਨ ਦੇ ਵਿੱਚ ਬੜੀ ਸ਼ਰਧਾ ਹੈ, ਮੁੱਖ ਮੰਤਰੀ ਸਾਹਿਬ ਤੋਂ ਆਸ ਹੈ ਪਰ ਜਿੰਨੀ ਕਾਰਗੁਜ਼ਾਰੀ ਲੋਕਾਂ ਦੀ ਭਲਾਈ ਦੇ ਵਾਸਤੇ ਹੋਣੀ ਚਾਹੀਦੀ ਹੈ, ਉਹ ਹੋ ਨਹੀਂ ਰਹੀ। ਕਿਰਪਾ ਕਰਕੇ ਸਾਰੇ ਅਫ਼ਸਰ ਸਾਹਿਬਾਨਾਂ ਨੂੰ ਬੇਨਤੀ ਕਰ ਦਿਓ ਕਿ ਲੋਕਾਂ ਦੀ ਗੱਲ ਸੁਣੀ ਜਾਵੇ। ਅਸੀਂ ਸਾਰੀਆਂ ਅਮੈਂਡਮੈਂਟਾਂ ਜਿਹੜੀਆਂ ਲੋਕਾਂ ਦੇ ਹੱਕ ਵਿੱਚ ਹਨ, ਉਨ੍ਹਾਂ ਦੇ ਹੱਕ ਵਿੱਚ ਖੜ੍ਹਾਂਗੇ।

**ਸ਼੍ਰੀ ਅਮਨ ਅਰੋੜਾ :** ਸਪੀਕਰ ਸਾਹਿਬ, ਅਨਫਾਰਚੂਨੇਟਲੀ ਅਜੇ ਤੱਕ ਸਾਡੇ ਕੋਲ ਬਿਲ ਨਹੀਂ ਪਹੁੰਚਿਆ। ਆਈ.ਪੀ.ਸੀ. ਨਾਲ ਸਬੰਧਿਤ ਦੋ ਬਿਲ ਹਨ। ਇੱਕ ਤਾਂ ਕਮਿਸ਼ਨ ਬਣ ਰਿਹਾ ਹੈ, ਇਹ ਉਹ ਹੈ ਜਾਂ 295 ਏ.ਏ. ਦੀ ਗੱਲ ਹੈ। ਸਿੰਗਲਾ ਸਾਹਿਬ, ਦੋ ਬਿਲ ਹਨ।

**ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ (ਸ਼੍ਰੀ ਵਿਜੇ ਇੰਦਰ ਸਿੰਗਲਾ):** ਅਜੇ

ਤਾਂ ਪਹਿਲਾ ਹੋ ਰਿਹਾ ਹੈ। ਜਿਸ ਤੇ ਤੁਸੀਂ ਬੋਲਣਾ ਹੈ, ਉਹ ਬਾਅਦ ਵਿੱਚ ਹੈ।

**ਸ਼੍ਰੀ ਅਮਨ ਅਰੋੜਾ :** ਮੈਂ ਇਹੀ ਕਹਿ ਰਿਹਾ ਹਾਂ ਕਿ ਮੇਰੇ ਕੋਲ ਬਿਲ ਦੀ ਕਾਪੀ ਨਹੀਂ ਆਈ, ਸਿਰਫ਼ ਏਜੰਡਾ ਹੈ। This is 295 AA ਜਾਂ 295 ਏ.ਏ. ਬਾਅਦ ਵਿੱਚ ਹੈ।

**ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ :** ਉਹ ਬਾਅਦ ਵਿੱਚ ਹੈ।

**ਸ਼੍ਰੀ ਅਮਨ ਅਰੋੜਾ :** ਠੀਕ ਹੈ ਜੀ। ਸਾਡੇ ਕੋਲ ਸਿਰਫ਼ ਤੇ ਸਿਰਫ਼ ਏਜੰਡਾ ਹੀ ਹੈ। ਸਰ, ਆਈ.ਪੀ.ਸੀ. ਅਮੈਂਡਮੈਂਟ ਦੇ ਦੋ ਬਿਲ ਹਨ, how do we come to know, which one is this ?

**ਸੰਸਦੀ ਮਾਮਲੇ ਮੰਤਰੀ :** (ਬਿਲ ਦੀ ਕਾਪੀ ਦਿਖਾਉਂਦੇ ਹੋਏ) ਸਰ, ਸਾਰੇ ਮੈਂਬਰਾਂ ਨੂੰ ਕਾਪੀਆਂ ਸਰਕੂਲੇਟ ਹੋ ਚੁੱਕੀਆਂ ਹਨ। Copies have been circulated to all the Members.

(ਕੁਝ ਆਵਾਜ਼ਾਂ : ਸਾਡੇ ਕੋਲ ਨਹੀਂ ਆਈਆਂ।)

**ਮਾਨਯੋਗ ਸਪੀਕਰ :** ਦੇਖ ਲਵੋ, ਦੇਖ ਲਵੋ। ਜੇਕਰ ਕੋਈ ਕਮੀ-ਪੇਸ਼ੀ ਹੈ ਤਾਂ ਉਸ ਨੂੰ ਦੂਰ ਕਰੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸਦਨ ਵਿੱਚ ਹਾਜ਼ਰ ਹੋਏ।)

**ਮਾਨਯੋਗ ਸਪੀਕਰ :** ਸਰਦਾਰ ਸੁਖਬੀਰ ਸਿੰਘ ਜੀ, ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ ਚੱਲ ਰਿਹਾ ਹੈ, ਤੁਸੀਂ ਇਸ ਤੇ ਕੁਝ ਕਹਿਣਾ ਹੈ ? ਤੁਸੀਂ ਇਸ ਨਾਲ ਸਹਿਮਤ ਹੋ ਜਾਂ ਆਪੋਜ਼ ਕਰਦੇ ਹੋ? ਮੈਂ ਵੋਟਿੰਗ ਕਰਵਾ ਰਿਹਾ ਸੀ।

**ਸਰਦਾਰ ਸੁਖਬੀਰ ਸਿੰਘ ਬਾਦਲ :** ਅਜੇ ਸਾਡੇ ਕੋਲ ਬਿਲ ਹੀ ਨਹੀਂ ਆਇਆ ਹੈ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਤੱਕ ਕੋਈ ਸੋਧਨਾ ਨਹੀਂ ਹੈ, ਜੇ ਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇੱਕ ਕਲੈਰੀਫਿਕੇਸ਼ਨ ਚਾਹੀਦੀ ਹੈ ਕਿ ਜਿਹੜਾ ਬਿਲ ਚੱਲ ਰਿਹਾ ਹੈ ਕੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਨ ਵਾਲੇ ਨੂੰ ਸਜ਼ਾ ਦੇਣ ਨਾਲ ਸਬੰਧਿਤ ਹੈ ? ਕੀ ਇਹ ਬਿਲ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਨੂੰ ਸਜ਼ਾ ਨਾਲ ਸਬੰਧਿਤ ਹੈ? ਇਹ ਉਹੀ ਬਿਲ ਹੈ ਕਿ ਉਸ ਤੋਂ ਪਹਿਲਾ ਚੱਲ ਰਿਹਾ ਹੈ ਜੀ।

**ਲੋਕ ਨਿਰਮਾਣ, ਸੂਚਨਾ ਤਕਨਾਲੋਜੀ ਮੰਤਰੀ :** ਪਹਿਲਾ ਚੱਲ ਰਿਹਾ ਹੈ।

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**Minister for Public Works and Information Technology (Shri Vijay Inder Singla) :** Sir, I beg to move –

That the Indian Penal Code (Punjab Amendment) Bill, 2018 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਭਾਰਤੀ ਦੰਡ ਸੰਘਤਾ (ਪੰਜਾਬ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## 8. THE CODE OF CRIMINAL PROCEDURE (PUNJAB AMENDMENT) BILL, 2018

**Minister for Public Works, Information Technology (Shri Vijay Inder Singla):** Sir, I beg to introduce the Code of Criminal Procedure (Punjab Amendment) Bill, 2018.

Sir, I also beg to move -

That the Code of Criminal Procedure (Punjab Amendment) Bill, 2018 be taken into consideration at once.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਜਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਸ਼੍ਰੀ ਅਮਨ ਅਰੋੜਾ (ਸੁਨਾਮ):** ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਮੈਂ ਇਸ ਆਈ.ਪੀ.ਸੀ. ਦੀ ਅਮੈਂਡਮੈਂਟ ਨੂੰ ਸਪੋਰਟ ਕਰਾਂ..... ਸੀ.ਆਰ.ਪੀ.ਸੀ. ਤੇ ਆਰ.ਸੀ.ਪੀ.ਸੀ. ਦੋਨੋਂ ਮੰਨ ਲਵੋ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਬੈਠੇ-ਬੈਠੇ):** ਇਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਕਿਹੜੀ ਅਮੈਂਡਮੈਂਟ ਦੀ ਗੱਲ ਕਰ ਰਹੇ ਹੋ।

**ਮਾਨਯੋਗ ਸਪੀਕਰ:** ਉਹ ਬੋਲ ਰਹੇ ਹਨ, ਉਨ੍ਹਾਂ ਨੂੰ ਪਤਾ ਹੈ। ਉਨ੍ਹਾਂ ਨੂੰ ਕਨਫਿਊਜ਼ ਤਾਂ ਸਾਥੀ ਕਰ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਅਤੇ ਉਹ ਸੀ.ਆਰ.ਪੀ.ਸੀ. ਉਤੇ ਬੋਲ ਰਹੇ

[ ਮਾਨਯੋਗ ਸਪੀਕਰ ]
ਹਨ। ਇਨ੍ਹਾਂ ਨੂੰ ਸਾਥੀ ਕਨਫਿਊਜ਼ ਕਰ ਰਹੇ ਹਨ ਤਾਂ ਫਿਰ ਉਹ ਉਨ੍ਹਾਂ ਦੇ ਮਗਰ ਲੱਗ ਗਏ। ਉਹ ਸਭ ਜਾਣਦੇ ਹਨ।

**ਸ਼੍ਰੀ ਅਮਨ ਅਰੋੜਾ:** ਮਾਨਯੋਗ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਮੈਂ ਇਸ ਅਮੈਂਡਮੈਂਟ ਨੂੰ ਸਪੋਰਟ ਕਰਾਂ, ਬਿਲਕੁਲ ਠੀਕ, ਇਹ ਬਹੁਤ ਹੀ ਅਨਫਾਰਚੂਨੇਟ, ਬਹੁਤ ਮੰਦਭਾਗਾ ਹੈ ਕਿ ਪਿਛਲੇ ਤਿੰਨ-ਸਾਢੇ ਤਿੰਨ ਸਾਲਾਂ ਵਿੱਚ 122 ਰਿਪੋਰਟਿਡ ਅਤੇ ਟੋਟਲ 157 ਵਾਰ ਬੇਅਦਬੀਆਂ ਹੋਈਆਂ ਹਨ, ਉਹ ਚਾਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਵੇ, ਚਾਹੇ ਭਾਗਵਦ ਗੀਤਾ ਦੀ ਹੋਵੇ, ਬਾਈਬਲ ਦੀ ਹੋਵੇ ਜਾਂ ਪਾਕ ਕੁਰਾਨ ਸ਼ਰੀਫ਼ ਦੀ ਹੋਵੇ। ਇਸ ਵਿੱਚ ਇਹ ਅਮੈਂਡਮੈਂਟ ਲਿਆਉਣੀ ਬਹੁਤ ਜ਼ਰੂਰੀ ਹੈ ਅਤੇ 295-ਏ. ਏ ਦੇ ਤਹਿਤ 10 ਸਾਲ ਦੀ ਸਜ਼ਾ ਕੀਤੀ ਜਾਣੀ ਚਾਹੀਦੀ ਹੈ, ਇਸ ਦਾ ਆਮ ਆਦਮੀ ਪਾਰਟੀ ਪੂਰੀ ਸਪੋਰਟ ਕਰਦੀ ਹੈ ਪਰ ਸਰ, ਜੇਕਰ ਬਿਲ ਪਹਿਲਾਂ ਆਇਆ ਹੁੰਦਾ ਤਾਂ ਮੈਂ ਇਸ ਦੇ ਨਾਲ ਸ਼ਾਇਦ ਇੱਕ ਰਿਟਨ ਅਮੈਂਡਮੈਂਟ ਮੂਵ ਕਰਦਾ ਅਤੇ ਇਸ ਸਬੰਧੀ ਆਪਣੀ ਗੱਲ ਇੱਥੇ ਹਾਊਸ ਵਿੱਚ ਕਈ ਵਾਰੀ ਹੋ ਚੁੱਕੀ ਹੈ ਕਿ ਬਿਲ ਐਟਲੀਸਟ 15 ਦਿਨ ਪਹਿਲਾਂ ਸਾਨੂੰ ਮੁਹੱਈਆ ਕਰਵਾ ਦਿਆ ਕਰੋ ਪਰ ਕੋਈ ਗੌਰ ਨਹੀਂ ਹੋਈ। ਸਰ, ਮੈਂ ਇਸ ਵਿਚ ਇੱਕ ਅਮੈਂਡਮੈਂਟ ਇਹ ਚਾਹਾਂਗਾ ਕਿ 10 ਸਾਲ ਤਾਂ ਠੀਕ ਹੈ, ਸਜ਼ਾ ਹੋਣੀ ਚਾਹੀਦੀ ਹੈ ਪਰ ਉਸ ਵਿਚ ਇਹ ਵੀ ਟਾਈਮ ਬਾਊਂਡ ਹੋਣਾ ਚਾਹੀਦਾ ਹੈ ਕਿ ਕਿੰਨੀ ਦੇਰ ਵਿਚ ਜਿਹੜੇ ਕਲਪਰਿਟ ਹਨ ਉਹ ਫੜ੍ਹੇ ਜਾਣਗੇ, ਕਿੰਨੀ ਦੇਰ ਵਿਚ ਇਨਵੈਸਟੀਗੇਸ਼ਨ ਹੋਵੇਗੀ, ਕਿੰਨੇ ਦੇਰ ਵਿਚ ਟਰਾਇਲ ਹੋਵੇਗਾ। ਹੁਣ ਅੱਜ ਬੇਅਦਬੀ ਦੇ ਇਸ਼ੂ ਉਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਸਾਰੀਆਂ ਪਾਰਟੀਆਂ ਲਈ ਸਿਆਸੀ ਰੋਟੀਆਂ ਸੇਕਣ ਦਾ ਇੱਕ ਜ਼ਰੀਆ ਬਣ ਚੁੱਕਾ ਹੈ।

ਸਰ, ਮੇਰੀ ਬੇਨਤੀ ਇੰਨੀ ਹੈ ਕਿ.... ਤੁਸੀਂ ਹੱਸੋ ਨਾ.... (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਹੁਣ ਇਸ ਤੋਂ ਬਾਅਦ ਤੁਹਾਡੀ ਵਾਰੀ ਆ ਰਹੀ ਹੈ.....(ਵਿਘਨ) ਤੁਹਾਡੀ ਵਾਰੀ ਆ ਰਹੀ ਹੈ..... ਤੁਸੀਂ ਹੱਸੋ ਨਾ। ਸਪੀਕਰ ਸਾਹਿਬ, ਮੈਂ ਸਿਰਫ਼ ਇੰਨੀ ਗੱਲ ਕਹਿ ਰਿਹਾ ਹਾਂ ਕਿ ਇਸ ਵਿੱਚ ਇੱਕ ਅਮੈਂਡਮੈਂਟ ਹੋਰ ਕੀਤੀ ਜਾਵੇ ਕਿ ਉਸ ਦੀ ਇਨਵੈਸਟੀਗੇਸ਼ਨ ਪੁਲਿਸ within three months ਕੰਪਲੀਟ ਕਰੇ ਅਤੇ ਜਿਹੜਾ ਟ੍ਰਾਇਲ ਹੈ, ਉਹ ਅਗਲੇ 6 ਮਹੀਨਿਆਂ ਦੇ ਵਿੱਚ ਕੰਪਲੀਟ ਹੋਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ 6 ਮਹੀਨਿਆਂ ਦੇ ਵਿੱਚ ਵਿੱਚ ਇਨਸਾਫ਼ ਮਿਲੇ। ਇਹ ਜਿਹੜਾ ਊਠ ਦੇ ਬੁੱਲ੍ਹ ਵਾਂਗ ਸਰਕਾਰਾਂ ਕੇਸ ਲਟਕਾ ਦਿੰਦੀਆਂ ਹਨ ਅਤੇ ਉਸਦੀ ਇਨਵੈਸਟੀਗੇਸ਼ਨ ਹੀ ਨਹੀਂ ਹੁੰਦੀ, ਉਡੀਕ ਰਹਿੰਦੀ ਹੈ ਕਿ ਕਦੋਂ ਇਨਵੈਸਟੀਗੇਸ਼ਨ ਹੋਵੇਗੀ, ਕਦੋਂ ਟਰਾਇਲ ਚੱਲੇਗਾ, ਕਦੋਂ ਸਜ਼ਾਵਾਂ ਹੋਣਗੀਆਂ? ਸੋ, ਮੇਰੀ ਇਸ ਸਕਰਾਰ ਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਇਸ ਦੇ ਵਿੱਚ ਇੱਕ ਟਾਈਮ ਬਾਊਂਡ ਦੀ ਅਮੈਂਡਮੈਂਟ

ਲਿਆਂਦੀ ਜਾਵੇ ਕਿ trial should be completed within 6 months and guilty should be punished. ਇਹ ਅਮੈਂਡਮੈਂਟ ਲੈ ਕੇ ਆਉਣ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਬੇਅਦਬੀ ਨੂੰ ਲੈ ਕੇ ਜਿਹੜੀ ਸਜ਼ਾ ਵਧਾਉਣ ਦੀ ਅਮੈਂਡਮੈਂਟ ਹੈ, ਇਹ ਬੜੀ ਅੱਛੀ ਅਤੇ ਕਾਰਗਰ ਸਾਬਤ ਹੋਵੇਗੀ ਔਰ ਜਿਵੇਂ ਅਮਨ ਅਰੋੜਾ ਜੀ ਨੇ ਕਿਹਾ ਹੈ ਤਾਂ ਥੋੜ੍ਹਾ ਸਮਾਂ ਵੀ ਸੀਮਤ ਹੋ ਜਾਵੇ। ਉਸ ਤੋਂ ਪਹਿਲਾਂ ਮੈਂ ਇਸ ਅਮੈਂਡਮੈਂਟ ਨੂੰ ਸਪੋਰਟ ਕਰਾਂ, ਚੀਫ਼ ਮਨਿਸਟਰ ਸਾਹਿਬ ਨੇ ਸਦਨ ਵਿਚ ਇੱਕ ਪ੍ਰਸਤਾਵ ਰੱਖਿਆ ਸੀ, it got lost in the din. Recently, ਜਿਹੜੇ ਇਲਜ਼ਾਮ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਲਗਾਏ ਗਏ ਅਤੇ ਕਿਸੇ ਫਲਾਣੀ ਥਾਂ, ਕੈਪਟਨ ਚੰਨਣ ਸਿੰਘ ਫਾਰਮ ਹਾਊਸ ਉਤੇ ਜਸਟਿਸ ਰਣਜੀਤ ਸਿੰਘ ਰੰਧਾਵਾ, ਸੁਖਪਾਲ ਸਿੰਘ ਖਹਿਰਾ, ਮਿਸਟਰ ਮਹਿਮੀ ਦੀਆਂ ਕਾਲ ਰਿਕਾਰਡਜ਼ ਪੇਸ਼ ਕੀਤੀਆਂ ਗਈਆਂ ਹਨ, ਅਸੀਂ ਚੀਫ਼ ਮਨਿਸਟਰ ਸਾਹਿਬ ਦੇ ਉਸ ਪ੍ਰਸਤਾਵ ਦੀ ਸਪੋਰਟ ਕਰਦੇ ਹਾਂ। ਵਿਧਾਨ ਸਭਾ ਦੀ ਕਮੇਟੀ ਇਸ ਕੇਸ ਦੀ ਡੂੰਘਾਈ ਵਿੱਚ ਜਾਵੇ। ਅਗਰ ਮੇਰੇ ਖਿਲਾਫ਼ ਦੋਸ਼ ਸਾਬਤ ਹੋ ਜਾਣ ਤਾਂ ਮੈਂ ਭੁਲੱਥ ਦੀ ਵਿਧਾਨ ਸਭਾ ਸੀਟ ਤੋਂ ਅਸਤੀਫ਼ਾ ਦਿਆਂਗਾ। ਕੀ ਸਾਡੇ ਮਾਨਯੋਗ ਸੁਖਬੀਰ ਸਿੰਘ ਬਾਦਲ ਗਲਤ ਸਾਬਤ ਹੋਣ ਤੇ ਅਸਤੀਫ਼ਾ ਦੇਣਗੇ?(ਵਿਘਨ) ਸਪੀਕਰ ਸਾਹਿਬ, ਇਹ maliciously false allegations ਅਤੇ totally fabricated call records ਹਨ।(ਵਿਘਨ)

**ਮਾਨਯੋਗ ਸਪੀਕਰ :** ਖਹਿਰਾ ਸਾਹਿਬ, ਇਸ ਤੋਂ ਬਾਅਦ ਜਸਟਿਸ ਰਣਜੀਤ ਸਿੰਘ ਹੁਰਾਂ ਦੀ ਰਿਪੋਰਟ ਉਤੇ ਸਦਨ ਨੇ ਬਹਿਸ ਕਰਨੀ ਹੈ, ਤੁਸੀਂ ਉਦੋਂ ਗੱਲ ਕਰ ਲੈਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਸਾਡਾ ਤਾਂ ਡਿਸਕਸ਼ਨ ਵਾਸਤੇ ਨਾਂ ਹੀ ਨਹੀਂ ਦਿੱਤਾ ਗਿਆ...

**ਮਾਨਯੋਗ ਸਪੀਕਰ:** ਤੁਹਾਨੂੰ ਟਾਈਮ ਦਿਆਂਗੇ। ਤੁਸੀਂ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਜੇ ਟਾਈਮ ਦਿਉਗੇ ਤਾਂ ਬਹੁਤ ਮਿਹਰਬਾਨੀ।(ਵਿਘਨ) ਪਰ ਇਹ ਜਿਹੜਾ ਮਸਲਾ ਹੈ, ਇਨ੍ਹਾਂ ਨੇ ਤਾਂ ਘਰ ਹੀ ਕਾਲਾਂ ਦਾ ਰਿਕਾਰਡ ਬਣਾ ਲਿਆ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਬੈਠੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਆਪਣੇ ਘਰ ਹੀ ਰਿਕਾਰਡ ਬਣਾ ਲਿਆ, ਹੋਟਲ ਵਿੱਚ ਹੀ ਬੈਠ ਕੇ ਰਿਕਾਰਡ ਬਣਾ ਲਿਆ। ਇਹ ਮੇਰੀ ਚੁਣੌਤੀ ਹੈ, ਆਉ, ਸਾਬਤ ਕਰੋ ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਸੁਖਪਾਲ ਜੀ, ਤੁਸੀਂ ਬੈਠੋ ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਮੇਰੀ ਚੁਣੌਤੀ ਹੈ, ਜੇ ਮੈਂ ਕਦੇ ਚੰਨਣ ਸਿੰਘ ਦੇ ਘਰ ਗਿਆ ਹੋਵਾਂ, ਆਪਣੇ ਲਾਈਫ਼ ਟਾਈਮ ਵਿੱਚ ਗਿਆ ਹੋਵਾਂ ਤਾਂ ਅਸਤੀਫ਼ਾ ਦੇਵਾਂਗਾ (ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਸੰਬੋਧਨ ਕਰਦੇ ਹੋਏ) ਕੀ ਤੁਸੀਂ ਅਸਤੀਫ਼ਾ ਦਿਓਗੇ?

**ਮਾਨਯੋਗ ਸਪੀਕਰ :** ਸਰਦਾਰ ਸੁਖਪਾਲ ਸਿੰਘ ਜੀ, ਤੁਸੀਂ ਬੈਠੋ। (ਵਿਘਨ, ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਕੱਲ੍ਹ ਉਹ ਰਿਪੋਰਟ ਜਿਸ ਵਿੱਚ ਸੈਂਕੜੇ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਂ ਲਿਖਿਆ ਹੋਇਆ ਸੀ...(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਵਡਾਲਾ ਜੀ, ਤੁਸੀਂ ਬੋਲੋ।(ਵਿਘਨ, ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਬੈਠੋ ਜੀ, ਬੈਠੋ। ਵਡਾਲਾ ਸਾਹਿਬ, ਤੁਸੀਂ ਬੋਲੋ। ਐਨ.ਕੇ. ਸ਼ਰਮਾ ਜੀ, ਬੈਠੋ। (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਕੈਪਟਨ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੇ ਤੁਹਾਡੇ ਕੋਲ ਆ ਹੀ ਜਾਣਾ ਹੈ। ਇਨ੍ਹਾਂ ਨੂੰ ਤੁਸੀਂ ਆਪਣੇ ਕੋਲ ਲੈ ਜਾਓ। ਦੂਜਿਆਂ ਵਿਚਾਰਿਆਂ ਨੂੰ ਵੀ ਭੰਬਲਭੂਸੇ ਵਿੱਚ ਕਿਉਂ ਪਾਇਆ ਹੈ, ਇਸ ਨੂੰ ਤੁਸੀਂ ਲੈ ਜਾਓ।(ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਆਮ ਆਦਮੀ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਰਾਣਾ ਜੀ, ਬੈਠੋ। ਇਹ ਕੋਈ ਠੀਕ ਤਰੀਕਾ ਨਹੀਂ ਹੈ। ਤੁਸੀਂ ਬੈਠ ਜਾਓ ਅਤੇ ਵਡਾਲਾ ਜੀ ਨੂੰ ਬੋਲਣ ਦਿਓ। (ਵਿਘਨ, ਸ਼ੋਰ)

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਰਾਣਾ ਸਾਹਿਬ, ਤੁਹਾਡੀ ਗੱਲ ਹੋ ਗਈ? ਖਹਿਰਾ ਸਾਹਿਬ, ਤੁਸੀਂ ਵੀ ਬੈਠ ਜਾਓ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਰਾਣਾ ਜੀ, ਬੈਠੋ। ...ਰਾਣਾ ਸਾਹਿਬ, ਬੈਠੋ। (ਵਿਘਨ, ਸ਼ੋਰ) .....ਰਾਣਾ ਸਾਹਿਬ, ਬੈਠੋ। ਹਾਂ ਜੀ, ਵਡਾਲਾ ਜੀ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ (ਨਕੋਦਰ) :** ਸਪੀਕਰ ਸਾਹਿਬ, ਇਸ ਗੱਲ

ਦੀ ਬੜੀ ਨਮੋਸ਼ੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ ਮਰਿਆਦਾ ਅਤੇ ਪਵਿੱਤਰਤਾ ਨੂੰ ਲੈ ਕੇ ਕਈ ਸਤਿਕਾਰਯੋਗ ਮੈਂਬਰ ਉਸ ਨੂੰ ਆਪਣੇ ਮੁਫ਼ਾਦ ਵਾਸਤੇ ਵਰਤਣਾ ਚਾਹੁੰਦੇ ਹਨ। ਇਹ ਬਹੁਤ ਹੀ ਸੈਂਸੇਟਿਵ ਇਸ਼ੂ ਹੈ। ਪਹਿਲਾਂ ਤਾਂ ਅਸੀਂ ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਰਿਕੁਐਸਟ ਕਰਦੇ ਹਾਂ ਕਿ ਬੇਅਦਬੀ ਦੀ ਗੱਲ ਹੋਈ, ਚਾਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਕਿਸੇ ਵੀ ਹੋਰ ਗ੍ਰੰਥ ਨੂੰ ਨੁਕਸਾਨ ਕਰਨ ਦੀ ਕੋਈ ਕੋਸ਼ਿਸ਼ ਕਰਦਾ ਹੈ, ਉਸ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਚਾਹੇ ਕਿਸੇ ਵੀ ਪਾਰਟੀ ਦਾ ਕੋਈ ਮੈਂਬਰ ਹੋਵੇ, ਉਸ ਨੂੰ ਇਸ ਮੁੱਦੇ ਤੇ ਰੋਟੀਆਂ ਨਹੀਂ ਸੇਕਣੀਆਂ ਚਾਹੀਦੀਆਂ। It is just like playing with fire. ਸਪੀਕਰ ਸਾਹਿਬ, ਅੱਗੇ ਹੀ ਪੰਜਾਬ ਨੇ ਬਹੁਤ ਜ਼ਿਆਦਾ ਸੰਤਾਪ ਹੰਢਾਇਆ ਹੈ। 1980-81 ਤੋਂ ਜੇਕਰ ਆਪਾਂ ਦੇਖੀਏ, ਇਹ ਸ਼ੁਰੂ ਕਦੋਂ ਹੋਇਆ ਸੀ ਅਤੇ ਕਿੱਥੇ ਤੱਕ ਗੱਲ ਗਈ ਹੈ। Again we are going on those lines. ਅਸੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ this issue should be settled and it should end once for all. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿਆਸਤ ਦਾ ਅਖਾੜਾ ਨਹੀਂ ਬਣਾਉਣਾ ਚਾਹੀਦਾ, ਚਾਹੇ ਕੋਈ ਕਰਦਾ ਹੈ, ਬਾਕੀ ਗੱਲਾਂ ਤਾਂ ਚਲਦੀਆਂ ਰਹਿੰਦੀਆਂ ਹਨ।

ਸਪੀਕਰ ਸਾਹਿਬ, ਜਿਹੜਾ ਬਿਲ ਲਿਆਂਦਾ ਹੈ ਇਸ ਵਿੱਚ ਤੁਹਾਡੇ ਰਾਹੀਂ ਮੈਂ ਮਾਨਯੋਗ ਸਿੰਗਲਾ ਸਾਹਿਬ ਨੂੰ, ਜਿਨ੍ਹਾਂ ਨੇ ਬਿਲ ਪੇਸ਼ ਕੀਤਾ ਹੈ, ਮੈਂ ਇਹ ਗੁਜਾਰਿਸ਼ ਕਰਨਾ ਚਾਹੁੰਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਗੁਰੂ ਸਾਹਿਬਾਨਾਂ ਨੇ ਦਿੱਤੀ ਸੀ। ਪਹਿਲਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਭਾਈ ਗੁਰਦਾਸ ਜੀ ਤੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਰਵਾਈ ਅਤੇ ਫੇਰ 1708 ਵਿੱਚ ਤਲਵੰਡੀ ਸਾਬੋ, ਗੁਰੂ ਕੀ ਕਾਸ਼ੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕਰਕੇ after that ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿਖੇ ਜਾ ਕੇ ਗੁਰਿਆਈ ਬਖਸ਼ੀ। ਸੁਪਰੀਮ ਕੋਰਟ ਜੋ ਕਿ ਭਾਰਤ ਦੀ ਸਰਵ ਉੱਚ ਸੰਸਥਾ ਹੈ, ਉਸ ਨੇ ਮੰਨਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂਆਂ ਦੀ ਜਿਊਂਦੀ ਜਾਗਦੀ ਜੋਤ ਹਨ। ਜਿਹੜਾ ਵੀ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਿਛਲੀ ਸਰਕਾਰ ਨੇ ਬਿਲ ਵਿੱਚ ਉਮਰ ਕੈਦ ਦੀ ਸਜ਼ਾ ਰੱਖੀ ਸੀ, ਤੁਸੀਂ ਬਿਲ ਵਿਦਡਰਾਅ ਕਰ ਲਿਆ। ਜੇ ਕਿਸੇ ਹੋਰ ਗ੍ਰੰਥ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਵਾਸਤੇ 10 ਸਾਲ ਦੀ ਸਜ਼ਾ ਉਸ ਬਿਲ ਵਿੱਚ ਰੱਖੀ ਗਈ ਸੀ। ਸਪੀਕਰ ਸਾਹਿਬ, ਸਾਡੀ ਰਿਕੁਐਸਟ ਹੈ, ਅਸੀਂ ਇਸ ਬਿਲ ਦੀ ਸਪੋਰਟ ਕਰਦੇ ਹਾਂ, ਇਹ ਠੀਕ ਹੈ ਪਰ ਸੀ.ਐਮ. ਸਾਹਿਬ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਦੀ ਗੱਲ ਹੈ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ:

ਆਗਿਆ ਭਈ ਅਕਾਲ ਕੀ ॥ ਤਬੀ ਚਲਾਯੋ ਪੰਥ॥

ਸਭ ਸਿੱਖਨਿ ਕੋ ਹੁਕਮ ਹੈ ॥ ਗੁਰੂ ਮਾਨਿਓ ਗ੍ਰੰਥ॥

ਗੁਰੂ ਗ੍ਰੰਥ ਜੀ ਮਾਨਿਓ॥ ਪ੍ਰਗਟ ਗੁਰਾਂ ਕੀ ਦੇਹ॥

ਜੋ ਪ੍ਰਭ ਕੋ ਮਿਲਬੋ ਚਹੈ॥ ਖੋਜ ਸ਼ਬਦ ਮੈ ਲੇਹ॥

ਸੋ, ਇਸ ਨੂੰ ਦੂਸਰੇ ਸਤਿਕਾਰਯੋਗ ਗ੍ਰੰਥਾਂ ਤੋਂ ਥੋੜ੍ਹਾ ਜਿਹਾ ਡਿਫਰੈਂਸ਼ੀਏਟ ਕਰਨਾ ਚਾਹੀਦਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਊਂਦੀ ਜਾਗਦੀ ਜੋਤ, ਦਸਾਂ ਗੁਰੂ ਸਾਹਿਬਾਨਾਂ ਦੀ ਦੇਹ ਹਨ। ਇਸ ਦੇ ਵਿੱਚ ਯੂਨੀਵਰਸਲ ਹਿਊਮੈਨਿਟੀ ਦਾ ਮੈਸੇਜ ਹੈ, ਜਾਤ-ਪਾਤ ਤੇ ਉਚ-ਨੀਚ ਤੋਂ ਉੱਪਰ ਉੱਠ ਕੇ ਮਾਨਵਤਾ ਦੀ ਗੱਲ ਕੀਤੀ ਗਈ ਹੈ। ਇਸ ਨੂੰ ਤਾਂ ਦੁਨੀਆਂ ਦੇ ਲੋਕ ਮੰਨਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਨੇਹਾ ਸਾਰੇ ਧਰਮਾਂ ਵਾਸਤੇ ਅਤੇ ਸਾਰੇ ਮਜ਼ਹਬਾਂ ਵਾਸਤੇ ਬਰਾਬਰ ਹੈ। ਇਸ ਵਾਸਤੇ ਉਸ ਲਿਹਾਜ਼ ਨਾਲ ਇਸ ਦੀ ਥੋੜ੍ਹੀ-ਬਹੁਤ ਡਿਫਰੈਂਸ਼ੀਏਸ਼ਨ ਚਾਹੀਦੀ ਹੈ। ਜਿਹੜਾ ਇਹ ਤੁਸੀਂ ਬਿਲ ਲੈ ਕੇ ਆਏ ਹੋ, ਇਸ ਦੀ ਅਸੀਂ ਜ਼ਰੂਰ ਸਪੋਰਟ ਕਰਦੇ ਹਾਂ।

ਮੈਂ ਸਾਰੇ ਰਿਸਪੈਕਟੇਬਲ ਮੈਂਬਰਜ਼ ਨੂੰ ਇਕ ਵਾਰੀ ਫਿਰ ਬੇਨਤੀ ਕਰਦਾ ਹਾਂ, ਆਪਾਂ ਬੜੇ ਗੁਣਵਾਨ ਹਾਂ, ਕਈ ਵਾਰੀ ਆਪਾਂ ਕੁਝ ਗੱਲਾਂ ਕਹਿ ਜਾਂਦੇ ਹਾਂ ਪਰ ਪੰਜਾਬ ਦੇ ਹਾਲਾਤ ਜਿਸ ਪਾਸੇ ਨੂੰ ਜਾ ਰਹੇ ਹਨ, ਇੱਕ ਨਾ ਇੱਕ ਦਿਨ ਤਹਿਰੀਕ ਦੱਸੇਗੀ ਕਿ ਇਸ ਵਾਸਤੇ ਆਪਾਂ ਜ਼ਿੰਮੇਵਾਰ ਹਾਂ ਜਾਂ ਕੌਣ ਜ਼ਿੰਮੇਵਾਰ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਆਪਾਂ ਇਸ ਅੱਗ ਨਾਲ ਨਾ ਖੇਡੀਏ, ਇਸ ਸੈਂਸੇਟਿਵ ਇਸ਼ੂ ਨੂੰ ਪਾਲੇਟਿਕਸ ਦਾ ਅਖਾੜਾ ਨਾ ਬਣਾਈਏ। ਬਾਕੀ ਪਾਲੇਟਿਕਸ ਤਾਂ ਚੱਲੀ ਜਾਣੀ ਹੈ..... ਜੀ ਸਦਕੇ, ਤੁਹਾਡੀ ਸਰਕਾਰ ਬਣੀ ਹੈ, ਅਸੀਂ ਤਾਂ ਕਹਿੰਦੇ ਹਾਂ ਕਿ ਕੰਮ ਕਰੋ, ਬਹੁਤ ਵਧੀਆ ਹੈ, ਅਸੀਂ ਤੁਹਾਡੀ ਸਪੋਰਟ ਕਰਦੇ ਹਾਂ but the religious issues should be left aside. ਦੇਖੋ, ਪੰਥ-ਪੰਥ ਹੈ ਅਤੇ ਕਾਂਗਰਸ ਕਾਂਗਰਸ ਹੀ ਹੈ। ਜਿਵੇਂ ਕਹਿੰਦੇ ਹਨ ਕਿ: East is East and West is West and never the twain shall meet. ਜੇ ਆਪਾਂ ਪੰਥ ਬਣਨ ਦੀ ਗੱਲ ਕਰਨ ਲੱਗ ਪਏ, ਇਹ ਠੀਕ ਹੈ ਕਿ ਆਪਾਂ ਰਿਲੀਜੀਅਸ ਹਾਂ। ਤੁਸੀਂ ਗੁਰਸਿੱਖ ਹੋ, ਬਿਲਕੁਲ ਅਸੀਂ ਮੰਨਦੇ ਹਾਂ। ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਹਨ। ਆਪਾਂ ਸਾਰੇ ਹੀ ਸਭ ਧਰਮਾਂ ਦਾ ਸਤਿਕਾਰ ਕਰਦੇ ਹਾਂ ਲੇਕਿਨ ਜਦੋਂ ਪੰਥ ਦੀ ਗੱਲ ਆਉਂਦੀ ਹੈ ਤਾਂ ਉਸ ਪੰਥ ਨੂੰ ਪੰਥ ਰਹਿਣ ਦਿਉ। ਪੰਥ ਆਪਣੀਆਂ ਗੱਲਾਂ ਅਤੇ ਆਪਣੇ ਮਸਲੇ ਆਪ ਨਿਬੇੜੇ। ਸਪੀਕਰ ਸਾਹਿਬ, ਇਹ ਮੇਰੀ ਤੁਹਾਡੇ ਜ਼ਰੀਏ ਸੀ.ਐਮ. ਸਾਹਿਬ ਨੂੰ ਅਤੇ ਵਿਸ਼ੇਸ਼ ਤੌਰ ਤੇ ਜਿਹੜੀ ਤੁਹਾਡੀ ਪਾਰਟੀ ਹੈ, ਤੁਹਾਡੇ ਸਾਰੇ

ਮੈਂਬਰਾਂ ਨੂੰ ਬੇਨਤੀ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ, ਮੈਂ ਕੱਲ੍ਹ ਵਾਲਾ ਕੰਮ ਨਹੀਂ ਕਰਦਾ, ਮੈਨੂੰ ਪਤਾ ਹੈ ਕਿ ਤੁਹਾਡੇ ਤੇ ਦਬਾਅ ਹੈ ਜੀ। (ਵਿਘਨ, ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਬੈਠੇ-ਬੈਠੇ):** ਸਪੀਕਰ ਸਾਹਿਬ, ਇਹ ਗਲਤ ਗੱਲ ਕਰ ਰਹੇ ਹਨ। ਇਹ ਗੱਲ ਕਹਿਣੀ ਗਲਤ ਹੈ ਕਿ ਸਪੀਕਰ ਸਾਹਿਬ ਤੇ ਦਬਾਅ ਹੈ..... (ਵਿਘਨ) ...ਇਹ ਮੁਆਫ਼ੀ ਮੰਗਣ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਚਲੋ ਭਰਾ, ਤੁਹਾਡੇ ਤੋਂ ਮੰਗਾਂ ਕਿ ਸਪੀਕਰ ਸਾਹਿਬ ਤੋਂ ਮੰਗਾਂ? ਇਨ੍ਹਾਂ ਗੱਲਾਂ ਦਾ ਫਿਰ ਕੋਈ ਫਾਇਦਾ ਨਹੀਂ ਕਿ....

**ਮਾਨਯੋਗ ਸਪੀਕਰ :** ਮਜੀਠੀਆ ਜੀ, ਤੁਸੀਂ ਮੇਰੇ ਨਾਲ ਗੱਲ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ):** ਠੀਕ ਹੈ ਜੀ। ਸਪੀਕਰ ਸਾਹਿਬ, ਵਡਾਲਾ ਸਾਹਿਬ ਨੇ ਵਧੀਆ ਤਰੀਕੇ ਨਾਲ ਇਸ ਨੂੰ ਸਮ-ਅੱਪ ਕੀਤਾ ਹੈ। ਮੇਰੀ ਗੁਜਾਰਿਸ਼ ਹੈ ਕਿ ਸ਼੍ਰੋਮਣੀ ਅਕਾਲੀ ਦਲ ਸਾਰੇ ਗ੍ਰੰਥਾਂ ਦਾ ਸਤਿਕਾਰ ਕਰਦਾ ਹੈ। ਮੇਰੀ ਇੱਕ ਹੋਰ ਗੁਜਾਰਿਸ਼ ਹੈ ਕਿ ਪਿਛਲੀ ਵਾਰੀ ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਵਜ਼ਾਰਤ ਵੇਲੇ ਇੱਕ ਫ਼ੈਸਲਾ ਹੋਇਆ ਸੀ, ਮੈਂ ਹਾਊਸ ਨੂੰ ਇਸ ਗੱਲ ਦੀ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਦੋਂ ਸਰਬਸੰਮਤੀ ਨਾਲ ਮਤਾ ਪਾਸ ਹੋਇਆ ਸੀ ਅਤੇ ਫ਼ੈਸਲਾ ਹੋਇਆ ਸੀ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸਾਡੇ ਗੁਰੂ ਸਾਹਿਬਾਨਾਂ ਨੇ ਜਾਗਦੀ ਜੋਤ ਮੰਨਣ ਲਈ ਸਾਨੂੰ ਹੁਕਮ ਕੀਤਾ ਹੈ:

ਸਭ ਸਿੱਖਨਿ ਕੋ ਹੁਕਮ ਹੈ ॥ ਗੁਰੂ ਮਾਨਿਓ ਗ੍ਰੰਥ॥

ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਵੱਧ ਸਜ਼ਾ ਵਾਸਤੇ ਪ੍ਰਾਵਧਾਨ ਕੀਤਾ ਸੀ। ਪਿਛਲੇ ਹਾਊਸ ਦੌਰਾਨ ਭਾਵੇਂ ਕੋਈ ਕਾਂਗਰਸੀ ਸੀ, ਭਾਵੇਂ ਸ਼੍ਰੋਮਣੀ ਅਕਾਲੀ ਦਲ ਦਾ ਸੀ ਅਤੇ ਭਾਵੇਂ ਕੋਈ ਆਜ਼ਾਦ ਮੈਂਬਰ ਸੀ, ਉਦੋਂ ਸਾਰਿਆਂ ਦੀ ਸਹਿਮਤੀ ਸੀ। ਸੋ, ਉਸ ਭਾਵਨਾ ਨੂੰ ਵੀ ਧਿਆਨ ਵਿੱਚ ਰੱਖਦਿਆਂ ਹੋਇਆਂ ਜੋ ਵਡਾਲਾ ਸਾਹਿਬ ਨੇ ਗੱਲ ਕੀਤੀ ਹੈ, ਉਸ ਦੀ ਮੈਂ ਤਾਈਦ ਕਰਦਾ ਹਾਂ ਪ੍ਰੰਤੂ ਜੋ ਸਜ਼ਾ ਦਾ ਪ੍ਰਾਵਧਾਨ ਹੈ, ਇਸ ਦਾ ਮਤਲਬ ਇਹ ਨਹੀਂ ਕਿ ਦੂਸਰੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਕੋਈ ਰਿਸਪੈਕਟ ਨਹੀਂ ਹੈ ਪ੍ਰੰਤੂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਹੈ, ਸਾਨੂੰ ਗੁਰੂ ਸਾਹਿਬਾਨਾਂ ਨੇ ਜੋ ਰਸਤਾ ਦੱਸਿਆ ਹੈ, ਇਸ ਨਾਲ ਕੋਈ ਡਿਸਐਗਰੀ ਨਹੀਂ ਕਰੇਗਾ। ਤੁਸੀਂ ਕਿਸੇ ਵੀ ਹੋਟਲ ਵਿੱਚ ਚਲੇ ਜਾਵੋ ਜਾਂ ਕਿਤੇ ਹੋਰ ਚਲੇ ਜਾਵੋ, ਆਮ ਤੌਰ ਤੇ when you travel abroad, ਬਾਈਬਲ ਰੱਖੀ ਹੁੰਦੀ ਹੈ ਪ੍ਰੰਤੂ ਜਿਸ ਤਰ੍ਹਾਂ

[ ਸਰਦਾਰ ਬਿਕਰਮ ਸਿੰਘ ਮਜੀਠੀਆ ]

ਸ੍ਰੀ ਗੁਰੂ ਗ੍ਰੰਥ ਮਹਾਰਾਜ ਸਾਹਿਬ ਜੀ ਸੁਸ਼ੋਭਿਤ ਹੁੰਦੇ ਹਨ, ਉਸ ਤਰ੍ਹਾਂ ਕਿਤੇ ਵੀ ਕੋਈ ਹੋਰ ਗ੍ਰੰਥ ਕਦੇ ਵੀ ਸੁਸ਼ੋਭਿਤ ਨਹੀਂ ਕੀਤਾ ਜਾਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੜੇ ਅਦਬ ਤੇ ਸਤਿਕਾਰ ਨਾਲ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਬੜੇ ਸਤਿਕਾਰ ਨਾਲ ਸੁਖਆਸਣ ਹੁੰਦਾ ਹੈ।

**ਸ਼੍ਰੀ ਸੁਰਿੰਦਰ ਕੁਮਾਰ ਡਾਵਰ (ਬੈਠੇ-ਬੈਠੇ) :** ਸਾਰੇ ਹੀ ਧਰਮ ਆਪਣੇ ਗ੍ਰੰਥਾਂ ਦਾ ਸਤਿਕਾਰ ਕਰਦੇ ਹਨ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਡਾਵਰ ਸਾਹਿਬ, ਪਿਛਲੀ ਵਾਰੀ ਸ਼ਾਇਦ ਤੁਸੀਂ ਵੀ ਹਾਊਸ ਵਿੱਚ ਹੀ ਸੀ। ਤੁਸੀਂ ਵੀ ਐਗਰੀ ਕੀਤਾ ਸੀ, ਬੇਸ਼ੱਕ ਇਸ ਦਾ ਰਿਕਾਰਡ ਕਢਵਾ ਲਵੋ। ਇਹ ਸਰਬਸੰਮਤੀ ਨਾਲ ਪਾਸ ਹੋਇਆ ਸੀ। ਮੈਂ ਇਸ ਵਿਚ ਪਾਲੇਟਿਕਸ ਨਹੀਂ ਕਰਦਾ। ਡਾਵਰ ਸਾਹਿਬ, ਮੇਰੀ ਬੇਨਤੀ ਹੈ ਜੀ। ਬਿਲਕੁਲ ਕੋਈ ਪਾਲੇਟਿਕਸ ਨਹੀਂ ਹੈ। ਮੈਂ ਬਿਲਕੁਲ ਸ੍ਰੀਮਦ ਭਾਗਵਦ ਗੀਤਾ ਦਾ ਸਤਿਕਾਰ ਕਰਦਾ ਹਾਂ। ਇਹ ਸਾਰੇ ਹਾਊਸ ਨੇ, ਵਿੱਚੇ ਸ਼੍ਰੋਮਣੀ ਅਕਾਲੀ ਦਲ, ਵਿੱਚੇ ਹੀ ਕਾਂਗਰਸ ਪਾਰਟੀ ਨੇ ਅਤੇ ਅਜ਼ਾਦ ਮੈਂਬਰਾਂ ਨੇ ਭਾਵ ਸਭ ਨੇ ਫ਼ੈਸਲਾ ਕੀਤਾ ਸੀ, ਕਾਈਂਡਲੀ ਉਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਹੁਣ ਫ਼ੈਸਲਾ ਕਰੋ। ਸਾਡੀ ਤਾਂ ਇਹ ਬੇਨਤੀ ਹੈ। ਅਸੀਂ ਤਾਂ ਤੁਹਾਨੂੰ ਭਾਵਨਾਵਾਂ ਦੱਸ ਰਹੇ ਹਾਂ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਨੇ ਗੱਲ ਕਹੀ ਹੈ, ਇਹ ਸਾਲ 2016 ਵਿਚ ਵਿਧਾਨ ਸਭਾ ਦਾ ਬਿਲ/ਮਤਾ ਪਾਸ ਹੋਇਆ ਸੀ, ਸੈਂਟਰ ਗੌਰਮਿੰਟ ਨੂੰ ਭੇਜਿਆ ਸੀ, ਗਵਰਨਰ ਸਾਹਿਬ ਨੇ ਵੀ ਅਸੈਂਟ ਭੇਜੀ ਸੀ, then it went to the Government of India. Government of India gave this reply : Since the amendments were related to Sri Guru Granth Sahib ji only, the Government of India kept The Indian Penal Code (Punjab Amendment ) Bill, 2016 and Code of Criminal Procedure (Punjab Amendment) Bill, 2016 pending for want of clarification from the Government of Punjab, observing that since India is a secular country and it has no specific religion/object held sacred by particular religion/community as it may not fall within the ambit of general code like Indian Penal Code, so it may not be judicious to include section 295-AA only for a particular religious community.

It may be mentioned that while examining the bills the Government

of India have also taken the opinion of Mr. Mukul Rohatgi, the then Attorney General for India, New Delhi. Learned Attorney General in his comments has observed as under:

I have gone through the file. The State of Punjab wishes to insert a new section i.e. 295-AA IPC and also increase the punishment in Section 295 IPC from "2 years" to "10 years". In my view, the proposed insertion of Article 295-AA would be contrary to the Constitution. "Secularism" is a basic feature of the Constitution. This has been held in S.R. Bommai case ((1994) 3 SCC page 1). There is no State religion in India. The Indian State has not recognised any particular religion. The State is religion neutral. People residing in India are entitled to profess any religion and all religions are at par. The proposed Section 295-AA IPC would seem to be promotion/partial to only one religion i.e. Sikh religion. The same will offend a basic feature of the Constitution. The same will offend a basic feature of the Constitution. Similarly, the proposed punishment of 10 years is linked to the proposed Section 295 IPC. In any case, the same is completely excessive".

In my view, the President of India may not give assent to the Bill. ਸੋ, ਇਸ ਕਰਕੇ ਇਹ ਬਿਲ ਲਿਆਂਦਾ ਗਿਆ ਸੀ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ:** ਹਾਂ ਜੀ, ਸੰਧੂ ਸਾਹਿਬ।

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਵਡਾਲਾ ਸਾਹਿਬ, ਕੀ ਕਹਿਣਾ ਚਾਹੁੰਦੇ ਹੋ?

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਹੱਦ ਹੋ ਗਈ, ਤੁਸੀਂ ਗੱਲ ਹੀ ਨਹੀਂ ਕਰਨ ਦੇ ਰਹੇ।

**ਮਾਨਯੋਗ ਸਪੀਕਰ:** ਤੁਸੀਂ ਬੋਲ ਲੈਣਾ, ਪਰ ਮੈਂ ਪਹਿਲਾਂ ਉਨ੍ਹਾਂ ਨੂੰ ਕਨਕਲੂਡ ਤਾਂ ਕਰਵਾ ਲਵਾਂ। ਤੁਹਾਡਾ ਹੁਕਮ ਤਾਂ ਨਹੀਂ ਚੱਲਣਾ..... ਨਹੀਂ, ਨਹੀਂ, this is wrong on your part.

**ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਸੰਧੂ ਸਾਹਿਬ, ਬੱਸ ਦੋ ਮਿੰਟ ਲੈਣੇ ਹਨ, ਫਿਰ ਤੁਸੀਂ ਬੋਲ ਲੈਣਾ। ਸਪੀਕਰ ਸਾਹਿਬ, ਜੋ ਮੁੱਖ ਮੰਤਰੀ ਜੀ ਨੇ ਕਿਹਾ ਹੈ, ਉਹ ਬਿਲਕੁਲ ਠੀਕ ਹੈ, ਜੋ ਕਿ ਉਨ੍ਹਾਂ ਨੇ ਕੇਂਦਰ ਸਰਕਾਰ ਦਾ ਰਿਪਲਾਈ ਪੜ੍ਹ ਕੇ ਸੁਣਾਇਆ ਹੈ। ਇਹ ਬਿਲ ਉਸ ਵੇਲੇ ਦੀ ਸਾਡੀ ਸਰਕਾਰ ਨੇ ਬਣਾ ਕੇ ਕੇਂਦਰ ਵਿਚ ਭੇਜਿਆ ਸੀ ਪਰ ਵਾਪਸ ਆ ਗਿਆ ਸੀ ਪਰ ਮੁੱਖ ਮੰਤਰੀ ਜੀ, ਤੁਹਾਨੂੰ ਤਾਂ ਆਪ ਗੁਰੂ ਸਾਹਿਬ ਦੀ ਬਖਸ਼ਿਸ਼ ਹੈ, ਤੁਹਾਨੂੰ ਗੁਰੂ ਸਾਹਿਬ ਨੇ ਸਰਦਾਰੀਆਂ ਦਿੱਤੀਆਂ ਹਨ। ਤੁਹਾਡੀਆਂ ਸਰਦਾਰੀਆਂ ਸਦਾ ਹੀ ਕਾਇਮ ਰਹਿਣੀਆਂ ਹਨ ਕਿਉਂਕਿ ਆਪਣੇ ਪਰਿਵਾਰਾਂ ਨੂੰ ਵਰ ਮਿਲਿਆ ਹੋਇਆ ਹੈ। ਆਪਾਂ ਸਾਰੇ ਗੁਰਸਿੱਖ ਹਾਂ। ਭਾਰਤ ਸਰਕਾਰ ਨੇ ਸੈਕੂਲਰਿਜ਼ਮ ਦੀ ਗੱਲ ਕੀਤੀ ਹੈ ਪਰ ਸੀ.ਐਮ. ਸਾਹਿਬ ਮੇਰੀ ਤੁਹਾਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੋਂ ਵੱਧ ਕੇ ਕੋਈ ਹੋਰ ਸੈਕੂਲਰ ਸੁਨੇਹਾ ਨਹੀਂ ਮਿਲ ਸਕਦਾ। ਭਾਰਤ ਸਰਕਾਰ ਨੇ ਤਾਂ ਕੇਵਲ ਲੀਗਲ ਪ੍ਰੋਵੀਜ਼ਨਜ਼ ਦੱਸੀਆਂ ਹਨ ਪਰ ਅਸੀਂ ਫ਼ੈਸਲਾ ਕਰਨਾ ਹੈ ਕਿ ਕੀ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ? ਸੋ, ਮੇਰਾ ਖਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਬਿਲਕੁਲ ਵੱਖਰੀ ਹੋਣੀ ਚਾਹੀਦੀ ਹੈ। ਆਪਾਂ ਸਾਰੇ ਮੰਨਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਉਂਦੇ ਜਾਗਦੇ ਗੁਰੂ ਹਨ। ਸੁਪਰੀਮ ਕੋਰਟ ਨੇ ਵੀ ਮੰਨਿਆ ਹੈ, ਇਸ ਲਈ ਮੇਰਾ ਖਿਆਲ ਹੈ ਕਿ ਸਰਕਾਰ ਨੂੰ ਰਿਵਿਊ ਕਰਨਾ ਚਾਹੀਦਾ ਹੈ।

**ਮਾਨਯੋਗ ਸਪੀਕਰ:** ਬੈਠੋ ਜੀ, ਤੁਹਾਡੀ ਗੱਲ ਆ ਗਈ। ਹਾਂ ਜੀ, ਸ੍ਰੀ ਕੰਵਰ ਸੰਧੂ ਸਾਹਿਬ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਅੱਜ ਜਿਹੜੀ ਰਿਪੋਰਟ ਤੇ ਡਿਸਕਸ਼ਨ ਹੋਣੀ ਹੈ, ਉਹ ਲਾਈਵ ਹੋਣੀ ਹੈ। ਅਸੀਂ ਨੋਟਿਸ ਕੀਤਾ ਹੈ ਕਿ ਲਾਈਵ ਡਿਸਕਸ਼ਨ ਵਾਸਤੇ ਜਿਹੜੇ ਕੈਮਰੇ ਲੱਗੇ ਹਨ, ਉਹ ਸਾਡੇ ਪਿੱਛੇ ਲੱਗੇ ਹਨ। ਮੈਂ ਮੀਡੀਆ ਜਗਤ ਤੋਂ ਹਾਂ, ਮੈਂ ਇਹ ਚੀਜ਼ ਸਮਝਦਾ ਹਾਂ। ਸਾਡੇ ਪਿੱਛੇ ਕੈਮਰੇ ਲੱਗੇ ਹਨ ਜਾਂ ਸਾਈਡ ਤੇ ਲੱਗੇ ਹਨ। ਇਹ ਵਾਈਡਰ ਵਿਊ ਵਾਸਤੇ ਹੁੰਦੇ ਹਨ ਅਤੇ ਦੂਜੇ ਕੈਮਰੇ ਉਹ ਐਗਜ਼ੈਕਟਲੀ ਫੋਕਸ ਕਰਨਗੇ ਕਿ ਕਿਹੜਾ ਬੁਲਾਰਾ ਬੋਲ ਰਿਹਾ ਹੈ। ਸਾਡੇ ਵਾਲੇ ਪਾਸੇ ਬੈਠੇ ਸੱਜਣਾਂ ਦੀ ਪਿੱਠ ਦਿਖਾਉਣ ਦੇ ਨਾਲ ਨਾਲ ਚਿਹਰੇ ਵੀ ਤਾਂ ਦਿਖਣੇ ਚਾਹੀਦੇ ਹਨ ਤਾਂ ਜੋ ਪਤਾ ਲੱਗ ਸਕੇ ਕਿ ਅਸੀਂ ਬੋਲ ਕੀ ਰਹੇ ਹਾਂ।

**ਮਾਨਯੋਗ ਸਪੀਕਰ:** ਇਸ ਬਾਰੇ ਪਤਾ ਕਰਵਾ ਲੈਂਦੇ ਹਾਂ ਜੀ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਸੋ ਮੇਰੀ ਗੁਜ਼ਾਰਿਸ਼ ਹੈ ਕਿ ਕੈਮਰਿਆਂ ਦੀ ਪੁਜ਼ੀਸ਼ਨ ਸਹੀ ਕੀਤੀ ਜਾਵੇ ਅਤੇ ਇਸ ਦੇ ਨਾਲ ਨਾਲ ਤਿੰਨ ਨਿੱਜੀ ਚੈਨਲਾਂ ਨੂੰ ਲਾਈਵ ਕਵਰੇਜ ਦੀ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਦੇ ਨਾਲ ਦੂਰਦਰਸ਼ਨ ਤੇ ਵੀ ਲਾਈਵ

ਕਰਵੇਜ ਹੋਣੀ ਚਾਹੀਦੀ ਹੈ ਕਿਉਂਕਿ ਹੁਣ ਤੱਕ ਕੇਵਲ ਨਿੱਜੀ ਚੈਨਲਾਂ ਤੇ ਹੀ ਕਵਰੇਜ ਹੁੰਦੀ ਰਹੀ ਹੈ।

**ਮਾਨਯੋਗ ਸਪੀਕਰ:** ਸੰਧੂ ਸਾਹਿਬ, it is sheer repetition ਕਿਉਂਕਿ ਤੁਸੀਂ ਇਹ ਮੁੱਦਾ ਪਹਿਲਾਂ ਵੀ ਉਠਾ ਚੁੱਕੇ ਹੋ। ਤੁਸੀਂ ਪਹਿਲਾਂ ਵੀ ਤਿੰਨ ਚੈਨਲਾਂ ਵਾਲੀ ਗੱਲ ਕਰ ਚੁੱਕੇ ਹੋ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਜਿਹੜੇ ਸਾਡੇ ਪਿੱਛੇ ਕੈਮਰੇ ਲਗਾਏ ਗਏ ਹਨ, ਉਹ ਤਾਂ ਸਹੀ ਥਾਂ ਤੇ ਲਗਵਾ ਦਿਓ।

**ਮਾਨਯੋਗ ਸਪੀਕਰ:** ਦੂਰਦਰਸ਼ਨ ਪੇਮੈਂਟ ਬੇਸਿਜ਼ ਤੇ ਕਵਰੇਜ ਕਰਦਾ ਹੈ। ਕੈਮਰਿਆਂ ਨੂੰ ਠੀਕ ਕਰਵਾ ਦਿੰਦੇ ਹਾਂ, ਤੁਸੀਂ ਬੈਠੋ। (ਵਿਘਨ...ਸ਼ੋਰ) I am sorry ਕਿ ਇੰਨੇ ਇੰਪਾਰਟੈਂਟ ਬਿਲ ਨੂੰ ਛੱਡ ਕੇ ਆਪਾਂ ਕੈਮਰਿਆਂ ਪਿੱਛੇ ਪੈ ਗਏ ਹਾਂ। ਪਹਿਲਾਂ ਬਿਲ ਦੀ ਗੱਲ ਕਰ ਲਈਏ। ਉਸ ਤੋਂ ਬਾਅਦ ਕੈਮਰਿਆਂ ਦੀ ਗੱਲ ਵੀ ਕਰ ਲਵਾਂਗੇ। ਹਾਂ ਜੀ, ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਜੀਠੀਆ ਜੀ ਨੇ ਅਤੇ ਵਡਾਲਾ ਜੀ ਨੇ ਬੜੇ ਤਰੀਕੇ ਦੇ ਨਾਲ ਆਪਣੀ ਗੱਲ ਪੇਸ਼ ਕੀਤੀ ਹੈ ਪਰ ਮੈਂ ਇਨ੍ਹਾਂ ਨੂੰ ਇੱਕ ਗੱਲ ਪੁੱਛਣਾ ਚਾਹੁੰਦਾ ਹਾਂ, ਸਰਦਾਰ ਸੁਖਬੀਰ ਸਿੰਘ ਬਾਦਲ ਜੀ ਬੈਠੇ ਹਨ ਕਿ ਸਿੱਖ ਕੌਮ ਦੇ ਮਸਲਿਆਂ ਤੇ ਹਰ ਸਮੇਂ ਇਹ ਡਬਲ ਫੇਸ ਕਿਉਂ ਰਹਿੰਦੇ ਹਨ? ਇੱਕ ਚਿਹਰਾ ਇਨ੍ਹਾਂ ਦਾ ਦਿੱਲੀ ਬੋਲਦਾ ਹੈ, ਇੱਕ ਚਿਹਰਾ ਇਨ੍ਹਾਂ ਦਾ ਪੰਜਾਬ ਵਿੱਚ ਬੋਲਦਾ ਹੈ। ** ** ਉਥੇ ਮੰਤਰੀ ਹਨ, ਇਨ੍ਹਾਂ ਦੀ ਸਰਕਾਰ ਹੈ। ਉਥੋਂ ਕਿਉਂ ਲਿਖਵਾ ਕੇ ਭੇਜਿਆ ਕਿ ਇਸ ਨੂੰ ਅਲੱਗ-ਅਲੱਗ ਕਰ ਦਿੱਤਾ ਜਾਵੇ। ਇਥੇ ਆ ਕੇ ਗੱਲਾਂ ਕੀ ਕਰਦੇ ਹਨ? ਇਨ੍ਹਾਂ ਨੂੰ ਪਤਾ ਹੈ ਕਿ ਇੱਕ ਸਾਲ ਤੋਂ ਵੱਧ ਦੀ ਗੱਲ ਚੱਲ ਰਹੀ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਰ, ਨਾਮ ਐਕਸਪੰਜ ਕੀਤਾ ਜਾਵੇ ਜੀ।

**ਮਾਨਯੋਗ ਸਪੀਕਰ:** **ਨਾਮ ਐਕਸਪੰਜ ਕੀਤਾ ਜਾਂਦਾ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ।)

---

** Expunged as ordered by the Chair.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਮੈਂ ਇਹ ਕਿਹਾ ਹੈ ਕਿ ਸਰਕਾਰ ਤੁਹਾਡੀ, ਤੁਸੀਂ ਆਪਣੀ ਦਿੱਲੀ ਦੀ ਸਰਕਾਰ ਤੋਂ ਕਿਉਂ ਨਹੀਂ ਕਰਵਾ ਸਕਦੇ? ਤੁਸੀਂ ਹਮੇਸ਼ਾ ਇਥੇ ਆ ਕੇ ਗਲਤ ਗੱਲ ਕਰਦੇ ਹੋ।

**ਮਾਨਯੋਗ ਸਪੀਕਰ:** ਜੋ ਸਤਿਕਾਰਤ ਮੈਂਬਰ ਸਦਨ ਵਿੱਚ ਹਾਜ਼ਰ ਨਹੀਂ ਹਨ, ਉਨ੍ਹਾਂ ਦਾ ਨਾਂ ਨਾ ਲਿਆ ਜਾਵੇ। ਬੈਠੋ ਜੀ... ਬੈਠੋ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ:** ਉਥੇ ਇਹ ਹੋਰ ਗੱਲਾਂ ਕਰਦੇ ਹਨ ਅਤੇ ਇਥੇ ਇਹ ਹੋਰ ਗੱਲਾਂ ਕਰਦੇ ਹਨ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਮੈਂ ਇਸ ਤੇ ਬੋਲਣਾ ਹੈ ਜੀ।

**ਮਾਨਯੋਗ ਸਪੀਕਰ:** ਹੋਰ ਬਿਜ਼ਨਸ ਵੀ ਕਰਨਾ ਹੈ ਜੀ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਜਾਬਤਾ ਫੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼-2**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼-2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕੀ ਕਲਾਜ਼ 1 ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**Minister for Public Works and Information Technology (Shri Vijay Inder Singla):** Sir , I beg to move -

That the Code of Criminal Procedure (Punjab Amendment) Bill, 2018 be passed.

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ–

ਕਿ ਜ਼ਾਬਤਾ ਫ਼ੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ–

ਕਿ ਜ਼ਾਬਤਾ ਫ਼ੌਜਦਾਰੀ ਸੰਘਤਾ (ਪੰਜਾਬ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## 9. THE PUNJAB POLICE (SECOND AMENDMENT) BILL, 2018

**ਮਾਨਯੋਗ ਸਪੀਕਰ:** ਹੁਣ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨਗੇ।

**Chief Minister (Captain Amarinder Singh) :** Sir, I beg to introduce the Punjab Police (Second Amendment) Bill , 2018.

Sir, I also beg to move -

That the Punjab Police (Second Amendment) Bill, 2018 be taken into consideration at once.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

ਕਿ ਪੰਜਾਬ ਪੁਲਿਸ (ਦੂਜੀ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਸੰਧੂ ਸਾਹਿਬ ਜੀ।

**ਸ਼੍ਰੀ ਕੰਵਰ ਸੰਧੂ (ਖਰੜ) :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਇਸ ਬਿਲ ਤੇ ਦੋ ਕੁ ਗੱਲਾਂ ਕਰਨੀਆਂ ਹਨ। ਇਸ ਵਿੱਚ ਇੱਕ ਪ੍ਰੋਵੀਜ਼ਨ ਹੈ ਕਿ appointed ਡਾਇਰੈਕਟਰ ਜਨਰਲ ਆਫ਼ ਪੁਲਿਸ ਸਣੇ ਤਿੰਨ ਮੈਂਬਰੀ ਕਮੇਟੀ ਬਣੇਗੀ ਅਤੇ ਉਸ ਤੋਂ ਬਾਅਦ ਜਿਹੜਾ ਵੀ ਡਾਇਰੈਕਟਰ ਜਨਰਲ ਆਫ਼ ਪੁਲਿਸ ਐਪੁਆਇੰਟ ਹੋਵੇਗਾ, ਉਨ੍ਹਾਂ ਨੂੰ irrespective of his date of superannuation ਦੋ ਸਾਲ ਦੀ ਟੈਨਿਉਰ ਹੋਰ ਦੇ ਦਿੱਤੀ ਜਾਵੇਗੀ। ਇਹ ਸਾਰੇ ਮੁਲਕ ਵਿੱਚ ਇੱਕ ਬੜੀ ਗਲਤ ਪ੍ਰਥਾ ਚੱਲੀ ਹੈ। ਸੈਂਟਰ ਵਿੱਚ ਵੀ ਹੈ ਔਰ ਸਟੇਟ ਵਿੱਚ ਵੀ ਅਸੀਂ ਉਸੇ ਪ੍ਰਥਾ ਨੂੰ ਅੱਗੇ ਵਧਾ ਰਹੇ ਹਾਂ। ਕੋਈ ਸਿਸਟਮ ਹੋਣਾ ਚਾਹੀਦਾ ਹੈ। ਹੁਣ ਹੋ ਕੀ ਰਿਹਾ ਹੈ ਕਿ ਕਿਸੇ ਬੰਦੇ ਦੀ ਰਿਟਾਇਰਮੈਂਟ ਨੂੰ 15 ਦਿਨ ਰਹਿੰਦੇ ਹੁੰਦੇ ਹਨ ਜਾਂ ਇੱਕ ਮਹੀਨਾ ਹੁੰਦਾ ਹੈ ਜਾਂ ਦੋ ਮਹੀਨੇ ਹੁੰਦੇ ਹਨ ਤਾਂ ਉਸ ਨੂੰ ਹੋਰ ਦੋ ਸਾਲ ਮਿਲ ਜਾਂਦੇ ਹਨ। ਇਹ ਇੱਕ ਤਰੀਕੇ ਨਾਲ ਸਰਵਿਸ ਰੂਲਜ਼ ਦੀ ਉਲੰਘਣਾ ਹੈ। ਆਫਟਰ ਆਲ ਰਿਟਾਇਰਮੈਂਟ ਏਜ ਜਾਂ ਤਾਂ 58 ਹੁੰਦੀ ਹੈ, 60 ਹੁੰਦੀ ਹੈ ਜਾਂ 62 ਹੁੰਦੀ ਹੈ। ਹਰ ਰੈਂਕ ਤੇ ਕਈ ਥਾਵਾਂ ਤੇ ਵੱਖਰੀ-ਵੱਖਰੀ ਹੁੰਦੀ ਹੈ।ਸੀ.ਐਮ. ਸਾਹਿਬ ਫ਼ੌਜ ਵਿੱਚ ਵੀ ਰਹੇ ਹਨ, ਉੱਥੇ ਫ਼ੌਜ ਵਿੱਚ ਬਹੁਤ ਵਧੀਆ ਸਿਸਟਮ ਹੈ। ਸਿਰਫ਼ ਉਸ ਬੰਦੇ ਨੂੰ ਹੀ ਉਸ ਅਹੁਦੇ ਤੇ ਲਾਇਆ ਜਾਂਦਾ ਹੈ ਜਿਸ ਦੀ ਦੋ ਸਾਲ ਜਾਂ ਘੱਟੋ-ਘੱਟ ਜਿੰਨੀ ਵੀ ਟੈਨਿਉਰ ਹੈ, ਉਹ ਰਹਿੰਦੀ ਹੋਵੇ। ਸੋ, ਇੱਥੇ ਵੀ ਇਹੀ ਸਿਸਟਮ ਲਗਾਉਣਾ ਚਾਹੀਦਾ ਹੈ ਕਿ ਡੀ.ਜੀ.ਪੀ ਉਸ ਸ਼ਖਸ ਨੂੰ ਲਗਾਇਆ ਜਾਵੇ ਜਿਸ ਦੇ ਹਾਲੇ ਦੋ ਸਾਲ ਸਰਵਿਸ ਦੇ ਰਹਿੰਦੇ ਹੋਣ। ਅਦਰਵਾਈਜ਼ ਤੁਸੀਂ ਕਿਸੇ ਨੂੰ ਦੋ ਜਾਂ ਢਾਈ ਸਾਲ ਹੋਰ ਟੈਨਿਉਰ ਦੇ ਦਿੱਤੀ, ਉਸ ਦਾ ਸ਼ਾਇਦ ਰਿਟਾਇਰਮੈਂਟ ਦਾ ਸਿਰਫ਼ ਇੱਕ ਸਾਲ ਹੀ ਰਹਿੰਦਾ ਹੋਵੇ ਜਾਂ ਮਹੀਨਾ ਹੀ ਰਹਿੰਦਾ ਹੋਵੇ। ਇਸ ਤਰ੍ਹਾਂ ਬਾਕੀ ਸਾਰਿਆਂ ਦੀ ਪਰਮੋਸ਼ਨ ਰੁਕ ਜਾਂਦੀ ਹੈ ਜਾਂ ਉਨ੍ਹਾਂ ਦਾ ਚਾਂਸ ਰੁਕ ਜਾਂਦਾ ਹੈ। ਸੋ, ਇਸ ਤੇ ਜ਼ਰੂਰ ਵਿਚਾਰ ਕੀਤਾ ਜਾਵੇ।

ਦੂਜੀ ਗੱਲ, ਜਿਹੜਾ ਸਟੇਟ ਪੁਲਿਸ ਬੋਰਡ ਬਣਾਇਆ ਜਾ ਰਿਹਾ ਹੈ, ਅੱਗੇ ਵੀ ਸਟੇਟ ਪੁਲਿਸ ਕਮਿਸ਼ਨ ਬਣਿਆ ਹੈ, ਹੁਣ ਉਸ ਨੂੰ ਸਟੇਟ ਪੁਲਿਸ ਬੋਰਡ ਬਣਾਇਆ ਜਾ ਰਿਹਾ ਹੈ। ਆਪਾਂ ਸਾਰਿਆਂ ਨੂੰ ਪਤਾ ਹੈ ਕਿ ਕਿਵੇਂ ਪੁਲਿਸ ਦਾ ਬਹੁਤ ਵੱਡੇ ਪੱਧਰ ਤੇ ਸਿਆਸੀਕਰਨ ਹੋਇਆ ਹੈ। ਇਹ ਇਲਜ਼ਾਮ ਪਿਛਲੀ ਸਰਕਾਰ ਤੇ ਵੀ ਲਗਦਾ ਰਿਹਾ ਹੈ, ਉਸ ਤੋਂ ਪਹਿਲਾਂ ਵੀ ਲਗਦਾ ਰਿਹਾ ਹੈ ਅਤੇ ਅੱਜ ਵੀ ਇਹ ਐਲੀਗੇਸ਼ਨ ਪੁਲਿਸ ਤੇ ਲਗਦਾ ਹੈ। ਅੱਜ ਜਿਹੜੀ ਕਮਿਸ਼ਨ ਦੀ ਰਿਪੋਰਟ ਆਉਣੀ ਹੈ ਉਸ ਵਿੱਚ ਵੀ ਇਹ ਚੀਜ਼ ਮੈਂ ਵੇਖੀ ਹੈ ਅਤੇ ਵਾਰ-ਵਾਰ ਆ ਰਹੀ ਹੈ। ਸੋ, ਇਸ ਤੇ ਮੇਰਾ ਸੁਝਾਅ ਹੈ ਕਿ ਸਟੇਟ ਪੁਲਿਸ ਬੋਰਡ ਜਿਹੜਾ ਹੈ, ਉਸ ਵਿੱਚ ਜਾਂ ਤਾਂ ਕੋਈ ਆਪੋਜ਼ੀਸ਼ਨ ਪਾਰਟੀ ਦਾ ਮੈਂਬਰ ਹੋਵੇ ਜਾਂ ਪਬਲਿਕ ਦੇ ਮੈਂਬਰ ਹੋਣ ਜਾਂ ਲੀਗਲ ਹੋਣ, ਕੋਈ ਇਹੋ

ਜਿਹੀ ਆਰਗੇਨਾਈਜ਼ੇਸ਼ਨ ਬਣੇ, ਓਵਰ ਰਾਈਡਿੰਗ ਆਰਗੇਨਾਈਜ਼ੇਸ਼ਨ ਬਣੇ ਤਾਂ ਕਿ ਜੇਕਰ ਪੁਲਿਸ ਤੇ ਕੋਈ ਐਲੀਗੇਸ਼ਨ ਲੱਗਦੇ ਹਨ ਤਾਂ ਉਹ ਆਰਗੇਨਾਈਜ਼ੇਸ਼ਨ ਉਸ ਤੇ ਵਿਚਾਰ ਕਰ ਸਕੇ। ਪੁਲਿਸ ਦਾ ਜਿਹੜਾ ਸਿਆਸੀਕਰਨ ਹੋਇਆ ਹੈ, ਇਹ ਇੱਕ ਬਹੁਤ ਮੰਦਭਾਗੀ ਗੱਲ ਹੈ ਅਤੇ ਇਸ ਨੂੰ ਖਤਮ ਕਰਨ ਦੀ ਲੋੜ ਹੈ। ਜੇਕਰ ਅਸੀਂ ਵਾਕਿਆ ਹੀ ਸਹੀ ਮਾਅਨਿਆਂ ਵਿੱਚ ਰੂਲ ਆਫ਼ ਲਾਅ ਮੇਨਟੇਨ ਕਰਨਾ ਹੈ ਤਾਂ ਇਹ ਉਦੋਂ ਹੀ ਹੋ ਸਕਦਾ ਹੈ ਜਦੋਂ ਇਸ ਤਰ੍ਹਾਂ ਦੀਆਂ ਸੋਧਾਂ ਹੋਣ। ਜਿਵੇਂ ਬਾਹਰਲੇ ਮੁਲਕਾਂ ਦੀ ਪੁਲਿਸ ਹੈ, ਉਸ ਤੇ ਕਦੇ ਕੋਈ ਐਲੀਗੇਸ਼ਨ ਹੀ ਨਹੀਂ ਲਗਦਾ। ਸਾਡੇ ਇੱਥੇ ਪੁਲਿਸ ਦਾ ਕੋਈ ਵੀ ਫ਼ੈਸਲਾ ਹੁੰਦਾ ਹੈ ਤਾਂ ਉਸ ਤੇ ਐਲੀਗੇਸ਼ਨ ਲੱਗ ਜਾਂਦਾ ਹੈ ਕਿ ਸਿਆਸੀਕਰਨ ਹੋ ਰਿਹਾ ਹੈ।

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਸਪੀਕਰ ਸਾਹਿਬ, ਮੈਂ ਥੋੜ੍ਹੀ ਜਿਹੀ ਕਲੈਰੀਫਿਕੇਸ਼ਨ ਕਰ ਦੇਵਾਂ, I think ਮੈਂਬਰ ਸਾਹਿਬ ਨੇ ਨਹੀਂ ਪੜ੍ਹਿਆ: In this State Security Commission, there is a Chief Minister, the Home Minister, Leader of the Opposition, the retired judge of the High Court, Chief Secretary, Principal Secretary Home, Advocate General and two more eminent citizens of prominence. So Leader of Opposition is there.

**ਸ਼੍ਰੀ ਕੰਵਰ ਸੰਧੂ :** ਪਹਿਲੀ ਗੱਲ ਤੇ ਵੀ ਧਿਆਨ ਦਿਉ।

**ਮੁੱਖ ਮੰਤਰੀ :** ਪਹਿਲੀ ਗੱਲ ਦੀ ਪੁਜ਼ੀਸ਼ਨ ਇਹ ਹੈ ਕਿ you know the system. There is pyramid structure. Military and Defence Services ਦਾ ਸਿਸਟਮ ਹੋਰ ਹੁੰਦਾ ਹੈ। Everyone goes up. There is no pyramid structure. ਸਾਰੇ ਹੀ ਚੜ੍ਹਦੇ ਜਾਂਦੇ ਹਨ। So, today if you have seven or eight or ten DGPs, ਇਹ ਇਨ੍ਹਾਂ ਨੇ ਬਣਾਇਆ ਹੈ ਕਿ ਯੂ.ਪੀ.ਐਸ.ਸੀ. ਨੂੰ ਸਾਰਾ ਪੈਨਲ ਭੇਜੋ ਅਤੇ ਯੂ.ਪੀ.ਐਸ.ਸੀ. will send back a panel of three, ਜਿਸ ਸਬੰਧੀ ਤੁਸੀਂ ਡਿਸਾਈਡ ਕਰਨਾ ਹੈ। We have our opinion on this and in due course ਅਸੀਂ ਤੁਹਾਨੂੰ ਦੱਸਾਂਗੇ।

**ਸਰਦਾਰ ਜੈ ਕ੍ਰਿਸ਼ਨ ਸਿੰਘ (ਗੜ੍ਹਸ਼ੰਕਰ) :** ਧੰਨਵਾਦ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਪਿਛਲੇ 10 ਸਾਲਾਂ ਵਿੱਚ ਜਿਹੜੇ ਝੂਠੇ ਪਰਚੇ ਹੋਏ ਹਨ, ਉਨ੍ਹਾਂ ਲਈ ਇੱਕ ਕਮਿਸ਼ਨ ਬਣਾਇਆ ਗਿਆ ਹੈ। ਉਸ ਕਮਿਸ਼ਨ ਨੇ ਅਨੇਕਾਂ ਹੀ ਅਜਿਹੇ ਕੇਸ ਸਾਹਮਣੇ ਲਿਆਂਦੇ ਜਿਹੜੇ ਕਿ ਝੂਠੇ ਅਤੇ ਫਰਜ਼ੀ ਪਾਏ ਗਏ ਹਨ ਪਰ ਅੱਜ ਵੀ ਹਾਲਾਤ ਉਹੀ ਹਨ। ਭਾਵੇਂ ਸਰਕਾਰ ਕਾਂਗਰਸ ਦੀ ਹੈ ਪਰ ਅਕਾਲੀ ਦਲ ਦੇ ਕਹਿਣ ਉੱਤੇ ਝੂਠੇ ਪਰਚੇ ਪਾਏ ਜਾ ਰਹੇ ਹਨ।

ਮਾਹਿਲਪੁਰ ਕੋਲ ਇੱਕ ਲੰਗੇਰੀ ਪਿੰਡ ਹੈ, ਉੱਥੇ ਕਿਸੇ ਦੇ ਘਰੋਂ ਇੱਕ ਪੁਲਿਸ ਵਾਲਾ ਖਾਲੀ ਟਰੈਕਟਰ-ਟਰਾਲੀ ਸਟਾਰਟ ਕਰ ਕੇ ਲੈ ਜਾਂਦਾ ਹੈ, ਉਸ ਦੀ ਵੀਡਿਉ ਵੀ ਬਣੀ ਹੋਈ ਹੈ ਅਤੇ ਇਹ ਸਪੈਸ਼ਲੀ ਅਖਬਾਰਾਂ ਵਿੱਚ ਵੀ ਆਇਆ ਹੈ ਕਿ ਉਹ ਪੁਲਿਸ ਵਾਲਾ ਉਨ੍ਹਾਂ ਦੇ ਘਰੋਂ ਟਰਾਲੀ ਲੈ ਕੇ ਜਾਂਦਾ ਹੈ ਅਤੇ ਥਾਣੇ ਵਿੱਚ ਖੜ੍ਹੀ ਕਰਕੇ ਉਸ ਤੇ ਮਾਈਨਿੰਗ ਦਾ ਪਰਚਾ ਦਰਜ ਕਰਦਾ ਹੈ।

**ਮਾਨਯੋਗ ਸਪੀਕਰ :** ਤੁਸੀਂ ਬਿਲ ਤੇ ਬੋਲੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਮੈਂ ਬਿਲ ਤੇ ਹੀ ਬੋਲ ਰਿਹਾ ਹਾਂ ਜੀ। ਅੱਜ ਵੀ ਲੋਕੀਂ ਆਸ ਕਰਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਜੀ ਜੇਕਰ ਚਾਹੁਣ ਤਾਂ ਪੁਲਿਸ ਦੇ ਅਜਿਹੇ ਝੂਠੇ ਪਰਚੇ ਰੁਕ ਸਕਦੇ ਹਨ। ਸਾਡੇ ਪਿੰਡਾਂ ਦੇ ਅਨੇਕਾਂ ਕੇਸ ਅਜਿਹੇ ਹਨ ਜਿਹੜੇ ਉਸ ਕਮਿਸ਼ਨ ਕੋਲ ਨਹੀਂ ਪਹੁੰਚ ਸਕੇ ਕਿਉਂਕਿ ਪਿੰਡਾਂ ਵਿੱਚ ਅਨਪੜ੍ਹਤਾ ਹੈ ਤੇ ਲੋਕਾਂ ਨੂੰ ਉਸ ਕਮਿਸ਼ਨ ਬਾਰੇ ਜਾਣਕਾਰੀ ਨਹੀਂ ਸੀ। ਉਸ ਕਮਿਸ਼ਨ ਦੀ ਅੱਗੇ ਹੋਰ ਡੇਟ ਵਧਾਈ ਜਾਵੇ ਅਤੇ ਜਿਹੜੀ ਸੰਧੂ ਸਾਹਿਬ ਨੇ ਗੱਲ ਕੀਤੀ ਹੈ ਕਿ ਕੈਮਰੇ ਇੱਧਰਲੀ ਸਾਈਡ ਨਹੀਂ ਲਗਾਏ ਗਏ ਹਨ, ਮੈਨੂੰ ਲਗਦਾ ਹੈ ਕਿ ਸ਼ਾਇਦ ਕਿਸੇ ਨੇ ਕਿਹਾ ਹੋਵੇਗਾ ਕਿ ਅਸੀਂ ਮੂੰਹ ਦਿਖਾਉਣ ਦੇ ਲਾਇਕ ਨਹੀਂ ਹਾਂ, ਇਸ ਲਈ ਪਿੱਠ ਪਿੱਛੇ ਹੀ ਕੈਮਰੇ ਲਗਾ ਦਿਓ, ਅਸੀਂ ਉਹੀ ਦੇਖਾਂਗੇ। (ਹਾਸਾ...ਵਿਘਨ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ 10 ਮਿੰਟ ਬਾਅਦ ਬੋਲ ਲੈਣਾ। ਹਾਂ ਜੀ, ਮਜੀਠੀਆ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ):** ਸਪੀਕਰ ਸਾਹਿਬ, ਮੈਂ ਤਾਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਨੇ ਸਪੱਸ਼ਟ ਹੀ ਕਰ ਦਿੱਤਾ ਹੈ ਕਿ ਉਸ ਕਮੇਟੀ ਵਿੱਚ ਕਿਹੜੇ-ਕਿਹੜੇ ਮੈਂਬਰ ਬਣਾਏ ਜਾਣੇ ਹਨ, ਮਗਰ ਸੰਧੂ ਸਾਹਿਬ, ਤੁਸੀਂ ਗੁੱਸਾ ਨਾ ਕਰ ਜਾਇਓ, ਇਹ ਸ਼ਾਇਦ ਸੰਧੂ ਸਾਹਿਬ ਦੀ ਭਾਵਨਾ ਨਹੀਂ ਸਮਝ ਸਕੇ ਹਨ। ਇਹ ਲੀਡਰ ਆਫ਼ ਦਿ ਆਪੋਜ਼ੀਸ਼ਨ ਵਜੋਂ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਹੀ ਚਾਹੁੰਦੇ ਸਨ ਕਿ ਉੱਥੇ ਪੱਕਾ ਹੀ ਉਨ੍ਹਾਂ ਦਾ ਨਾਂ ਹੋ ਜਾਵੇ ਕਿਉਂਕਿ ਜਿਵੇਂ ਉਨ੍ਹਾਂ ਦੇ ਦੂਜੇ ਮੈਂਬਰ ਸਾਹਿਬ, ਰੋੜੀ ਸਾਹਿਬ ਨੇ ਗੱਲ ਕੀਤੀ ਹੈ, ਉਹ ਚੀਮਾ ਸਾਹਿਬ ਨੂੰ ਤਾਂ ਲੀਡਰ ਮੰਨਦੇ ਹੀ ਨਹੀਂ ਹਨ। ਇਸ ਲਈ ਉਨ੍ਹਾਂ ਦੀ ਭਾਵਨਾ ਤਾਂ ਇਹ ਸੀ ਕਿ ਕਿਸੇ ਤਰੀਕੇ ਨਾਲ ਸਰਦਾਰ ਸੁਖਪਾਲ ਸਿੰਘ ਖਹਿਰਾ ਦਾ ਬਤੌਰ ਲੀਡਰ ਆਫ਼ ਦਿ ਆਪੋਜ਼ੀਸ਼ਨ ਨਾਂ ਪਾ ਦਿਓ। ਤੁਸੀਂ ਇਵੇਂ ਨਾ ਕਰੋ। ਸਪੀਕਰ ਸਾਹਿਬ, ਜਿਹੜੀ ਅੰਦਰਲੀ ਗੱਲ

ਚਲਦੀ ਹੈ, ਉਸ ਨੂੰ ਵੀ ਸਮਝਿਆ ਕਰੋ। ਦੂਜੀ ਗੱਲ, ਜਿਹੜਾ ਝੂਠੇ ਕੇਸਾਂ ਬਾਰੇ ਕਮਿਸ਼ਨ ਬਣਾਇਆ ਗਿਆ ਹੈ, ਅੰਦਰੋਂ ਤਾਂ ਲੁਕ-ਛਿਪ ਕੇ ਇਨ੍ਹਾਂ ਦੀ ਕਈ ਗੱਲਾਂ ਵਿੱਚ ਸਹਿਮਤੀ ਹੈ, ਉਹ ਵੀ ਦੱਸਾਂਗੇ ਮਗਰ ਜਿਹੜੀ ਉਤੋਂ ਇੱਕ ਚੀਜ਼ ਦੀ ਸਹਿਮਤੀ ਹੋਈ ਸੀ ਉਹ ਮਹਿਤਾਬ ਸਿੰਘ ਗਿੱਲ ਤੇ ਹੋਈ ਸੀ।

**ਮਾਨਯੋਗ ਸਪੀਕਰ:** ਕੀ ਤੁਸੀਂ ਹੁਣ ਬਿਲ ਤੇ ਗੱਲ ਕਰਨੀ ਹੈ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਉਹ ਸਹਿਮਤੀ ਤਾਂ ਹੋਈ ਸੀ ਤਾਂ ਕਿ ਸਾਡੀ ਝੰਡੀ ਵਾਲੀ ਗੱਡੀ ਚਲਦੀ ਰਹੇ, ਸਾਡਾ ਮਸਲਾ ਹੱਲ ਹੁੰਦਾ ਰਹੇ। ਹੁਣ ਅੱਜ ਭੱਜ ਕੇ ਉੱਧਰ ਵੀ ਚਲੇ ਜਾਇਓ, ਉੱਥੇ ਆਪਣੀ ਜਗ੍ਹਾ ਵੀ ਬਣਾ ਲਿਓ। ਸਪੀਕਰ ਸਾਹਿਬ, ਇਹ ਸਾਰੀ ਅੰਦਰਲੀ ਭਾਵਨਾ ਸਮਝੋ।(ਵਿਘਨ)

**ਮਾਨਯੋਗ ਸਪੀਕਰ:** ਕੀ ਹੁਣ ਤੁਸੀਂ ਬਿਲ ਤੇ ਕੁਝ ਕਹਿਣਾ ਹੈ ਜਾਂ ਅੱਗੇ ਕੰਮ ਨਹੀਂ ਚੱਲਣ ਦੇਣਾ?

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਪੁਲਿਸ ਬਿਲ ਤੇ ਅਮੈਂਡਮੈਂਟ ਆ ਰਹੀ ਹੈ, ਅਸੀਂ ਬਹੁਤ ਇੰਪਾਰਟੈਂਟ ਡਿਸਕਸ਼ਨ ਕੀਤੀ ਹੈ। ਦੋ ਗੱਲਾਂ ਸੰਧੂ ਸਾਹਿਬ ਨੇ ਉਠਾਈਆਂ ਹਨ ਤੇ ਚੀਫ਼ ਮਨਿਸਟਰ ਸਾਹਿਬ ਨੇ ਕਲੈਰੀਫਿਕੇਸ਼ਨ ਕੀਤੀ ਹੈ ਤੇ ਜਿਹੜਾ ਦੂਜਾ ਹਿੱਸਾ ਹੈ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਸਰਕਾਰ ਦਾ ਬਹੁਤ ਵੱਡਾ ਚਿਹਰਾ ਹੈ। ਪੁਲਿਸ ਦੀ ਟ੍ਰੇਨਿੰਗ ਵਿੱਚ ਬਹੁਤ ਵੱਡਾ basic flaw ਇਹ ਹੈ ਕਿ ਜਿਹੜੇ ਪਬਲਿਕ ਡੀਲਿੰਗ ਕਰਦੇ ਹਨ ਉਹ ਕਿਤੇ ਨਾ ਕਿਤੇ ਸਰਕਾਰ ਦੀ ਬਹੁਤ ਵੱਡੀ ਤੌਹੀਨ ਕਰਵਾਉਂਦੇ ਹਨ। ਪਿੱਛੇ ਨਾ ਹੀ ਜਾਈਏ, ਇੱਕ ਤਾਜ਼ਾ ਘਟਨਾ ਹੋਈ ਹੈ, ਸੀ.ਐਮ. ਸਾਹਿਬ ਦੇ ਆਪਣੇ ਸ਼ਹਿਰ ਵਿੱਚ ਪੁਲਿਸ ਵਾਲਿਆਂ ਨੇ 7 ਮੁੰਡੇ ਕੁੱਟ ਦਿੱਤੇ। ਰਾਤ ਨੂੰ ਏ.ਐਸ.ਆਈ ਨੇ ਨਾਕਾ ਲਾਇਆ ਹੋਇਆ ਸੀ, he was drunk ਔਰ ਉਸ ਦਾ ਬੱਚਿਆਂ ਨਾਲ ਤਕਰਾਰ ਹੋ ਗਿਆ, ਜਿਹੜੇ ਕਿ almost ਮਾਈਨਰ ਸਨ। ਮੈਂ ਉਨ੍ਹਾਂ ਦਾ ਹਸਪਤਾਲ ਪਤਾ ਲੈਣ ਵੀ ਗਿਆ ਸੀ। ਸ਼ਾਇਦ ਇੱਕ ਦਾ ਨਾਂ ਅਮਰਦੀਪ ਸੀ ਅਤੇ ਉਹ ਅੰਮ੍ਰਿਤਧਾਰੀ ਸੀ। ਉਸ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ ਤੇ ਉਸ ਦੀ ਪੱਗ ਵੀ ਉਤਾਰ ਹੀ ਦਿੱਤੀ ਸੀ। They were forced. They were sexually exploited.

ਦੂਜਾ ਜਸਬੀਰ ਕੌਰ ਦਾ ਕੇਸ, ਜਿਸ ਬਾਰੇ ਕੱਲ੍ਹ ਜ਼ਿਕਰ ਕੀਤਾ ਸੀ ਕਿ 25

ਤਰੀਕ ਨੂੰ ਭਗਤਾ ਭਾਈ ਕਾ ਵਿੱਚ ਭੱਠੇ ਵਾਲੇ ਮਜ਼ਦੂਰ ਸਿਰਫ਼ ਆਪਣੀ ਪੇਮੈਂਟ ਮੰਗਦੇ ਸਨ, ਉਨ੍ਹਾਂ ਦਾ ਕੁਟਾਪਾ ਹੋਇਆ ਤੇ ਥਾਣੇ ਲਿਜਾ ਕੇ ਉਨ੍ਹਾਂ ਦਾ ਕੁਟਾਪਾ ਕੀਤਾ ਤੇ ਉਨ੍ਹਾਂ ਦੀਆਂ ਉਂਗਲਾਂ ਤੋੜ ਦਿੱਤੀਆਂ ਗਈਆਂ ਸਨ ਪਰ ਉਨ੍ਹਾਂ ਪੁਲਿਸ ਅਧਿਕਾਰੀਆਂ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ।

**ਮਾਨਯੋਗ ਸਪੀਕਰ:** ਇਹ ਗੱਲ ਤੁਸੀਂ ਕੱਲ੍ਹ ਵੀ ਕਰ ਲਈ ਸੀ। ਇਹ ਰੈਪੀਟੀਸ਼ਨ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਜਿਹੜੀ ਬਦਲਾਖੋਰੀ ਦੀ ਗੱਲ ਹੈ, ਇਹ ਭਾਵੇਂ ਜੋ ਮਰਜ਼ੀ ਕਹਿੰਦੇ ਰਹਿਣ, ਇਨ੍ਹਾਂ ਦੇ ਰਾਜ ਵਿੱਚ ਹਜ਼ਾਰਾਂ ਝੂਠੇ ਪਰਚੇ ਦਰਜ ਹੋਏ ਹਨ।(ਆਮ ਆਦਮੀ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਜਿਹੜਾ ਜਸਟਿਸ ਮਹਿਤਾਬ ਸਿੰਘ ਕਮਿਸ਼ਨ ਹੈ, ਇਨ੍ਹਾਂ ਨੇ safeguard ਕਿਹਾ ਹੈ, ਮੇਰੀ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਇਸ ਕਮਿਸ਼ਨ ਨੂੰ ਰੈਗੂਲਰ ਫੀਚਰ ਬਣਾਓ। ਬਦਲਾਖੋਰੀ ਹੁਣ ਵੀ ਹੋ ਰਹੀ ਹੈ। ਹੁਣ ਵੀ ਪੁਲਿਸ ਦਾ inaction ਹੈ, ਪੁਲਿਸ ਦੱਬ ਜਾਂਦੀ ਹੈ, ਥਾਣੇਦਾਰ ਡੀ.ਐਸ.ਪੀ. ਲੱਗ ਰਹੇ ਹਨ ਸਗੋਂ ਤੁਸੀਂ ਇਸ ਕਮਿਸ਼ਨ ਨੂੰ ਜੇ ਹੁਣ ਦੇ ਕੇਸ ਵੀ ਦੇ ਦਿਓਗੇ, you will feel much relieved.

**ਮਾਨਯੋਗ ਸਪੀਕਰ:** ਬੈਠੋ... ਬੈਠੋ... ਬੈਠੋ। ਮਜੀਠੀਆ ਸਾਹਿਬ, ਕੀ ਤੁਸੀਂ ਬਿਲ ਦੇ ਹੱਕ ਵਿੱਚ ਹੋ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਤਾਂ ਇਕੱਲੀ ਖਹਿਰਾ ਸਾਹਿਬ ਵਾਲੀ ਬੇਨਤੀ ਪ੍ਰਵਾਨ ਕਰੋ, ਸਾਡਾ ਬੜਾ ਪਿਆਰ ਹੈ, ਅਸੀਂ ਸਿਰਫ਼ ਇਜ਼ਹਾਰ ਨਹੀਂ ਕਰ ਸਕਦੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਪੰਜਾਬ ਪੁਲਿਸ (ਦੂਜੀ ਸੋਧਨਾ) ਬਿਲ, 2018 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 7**

**ਮਾਨਯੋਗ ਸਪੀਕਰ :** ਕਿਉਂ ਜੋ ਕਲਾਜ਼ਾਂ 2 ਤੋਂ 7 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਆਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 7 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ 1**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ:** ਮੁੱਖ ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**Chief Minister (Captain Amarinder Singh):** Sir, I beg to move -

That the Punjab Police (Second Amendment) Bill, 2018 be passed.

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਪੁਲਿਸ (ਦੂਜੀ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਪੰਜਾਬ ਪੁਲਿਸ (ਦੂਜੀ ਸੋਧਨਾ) ਬਿਲ, 2018 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

## DISCUSSION ON THE REPORT OF JUSTICE (RETD.) SHRI RANJIT SINGH COMMISSION OF ENQUIRY ALONGWITH ACTION TAKEN REPORT THEREON

**ਮਾਨਯੋਗ ਸਪੀਕਰ:** ਅਗਲੀ ਆਈਟਮ ਜਸਟਿਸ (ਸੇਵਾ ਨਿਵਿਰਤ) ਸ਼੍ਰੀ ਰਣਜੀਤ ਸਿੰਘ ਦੀ ਅਗਵਾਈ ਵਾਲੇ ਜਾਂਚ ਕਮਿਸ਼ਨ ਦੀ ਰਿਪੋਰਟ ਤੇ ਕੀਤੀ ਗਈ ਕਾਰਵਾਈ ਤੇ ਬਹਿਸ। ਟੋਟਲ ਟਾਈਮ 2 ਘੰਟੇ, ਕਾਂਗਰਸ 1 ਘੰਟਾ 20 ਮਿੰਟ, ਆਮ ਆਦਮੀ ਪਾਰਟੀ 21 ਮਿੰਟ, ਸ਼੍ਰੋਮਣੀ ਅਕਾਲੀ ਦਲ 14 ਮਿੰਟ....(ਵਿਘਨ..ਸ਼ੋਰ)... ਬੀ.ਜੇ.ਪੀ. 3 ਮਿੰਟ, ਲੋਕ ਇਨਸਾਫ ਪਾਰਟੀ 2 ਮਿੰਟ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਇਹ ਤਾਂ ਬੇਇਨਸਾਫੀ ਹੈ। (ਵਿਘਨ..ਸ਼ੋਰ)

(ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਜ਼ਰਾ ਸੁਣੋ ਤਾਂ ਸਹੀ। ਤੁਸੀਂ ਬੈਠ ਕੇ ਸੁਣੋ ਜੀ, ਬੈਠ ਕੇ ਸੁਣੋ ਜੀ। (ਵਿਘਨ..ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਇਹ ਤਾਂ ਗਲਤ ਗੱਲ ਹੈ ਜੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠ ਕੇ ਸੁਣੋ, ਬੈਠ ਕੇ ਗੱਲ ਸੁਣੋ। ਪਹਿਲਾਂ ਬੈਠ ਕੇ ਗੱਲ ਸੁਣ ਲਓ, ਬਾਅਦ ਵਿੱਚ ਇਤਰਾਜ਼ ਕਰਨਾ। (ਵਿਘਨ..ਸ਼ੋਰ) ਅਗਲੀ ਗੱਲ ਇਹ ਹੈ ਕਿ ਮੈਂ ਸਦਨ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਅੱਜ ਦੀ ਇਹ ਬਹਿਸ........ (ਵਿਘਨ..ਸ਼ੋਰ)

(ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਗੱਲ ਪੂਰੀ ਹੋ ਲੈਣ ਦਿਓ। ਬਹਿਸ ਲਈ ਟਾਈਮ ਵਧਾਵਾਂਗੇ, ਟਾਈਮ ਵਧਾਵਾਂਗੇ, ਜਿੰਨਾ ਬੋਲਣਾ ਹੈ, ਉਨਾ ਬੋਲ ਲੈਣਾ।

**ਸਰਦਾਰ ਹਰਪਾਲ ਸਿੰਘ ਚੀਮਾ :** ਸਰ, ਟਾਈਮ ਕੱਲ੍ਹ ਹੀ ਵਧਾ ਦੇਣਾ ਸੀ। ਕਦੋਂ ਵਧਾਓਗੇ?

**ਮਾਨਯੋਗ ਸਪੀਕਰ:** ਹੁਣੇ ਵਧਾਵਾਂਗੇ। ਜਦੋਂ ਤੱਕ ਬਹਿਸ ਖਤਮ ਨਹੀਂ ਹੁੰਦੀ, ਸਦਨ ਦਾ ਟਾਈਮ ਵਧਾਇਆ ਜਾਵੇਗਾ। ਸਦਨ ਦਾ ਟਾਈਮ ਉਦੋਂ ਤੱਕ ਵਧਾਇਆ ਜਾਵੇਗਾ ਜਦੋਂ ਤੱਕ ਬਹਿਸ ਖਤਮ ਨਹੀਂ ਹੁੰਦੀ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਤੁਸੀਂ ਤਾਂ ਦੋਹਰੇ ਫੁਰਮਾਨ ਜਾਰੀ ਕਰ ਦਿੱਤੇ। ਇੱਕ ਪਾਸੇ ਤਾਂ ਕਹਿ ਦਿੱਤਾ ਕਿ 1 ਘੰਟਾ 20 ਮਿੰਟ ਕਾਂਗਰਸ ਪਾਰਟੀ ਨੂੰ ਅਤੇ ਸਾਨੂੰ 14 ਮਿੰਟ ਦੇ ਦਿੱਤੇ। ਸਪੀਕਰ ਸਾਹਿਬ, ਸਾਨੂੰ ਖੁੱਲ੍ਹ ਕੇ ਗੱਲ ਕਰ ਲੈਣ ਦਿਓ।

**ਮਾਨਯੋਗ ਸਪੀਕਰ:** ਕੀ ਤੁਸੀਂ ਗੱਲ ਸੁਣੋਗੇ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ ਜੀ।

**ਮਾਨਯੋਗ ਸਪੀਕਰ:** ਤੁਹਾਡੀ ਗੱਲ ਦਾ ਜਵਾਬ ਦੇ ਰਿਹਾ ਹਾਂ।(ਵਿਘਨ) ਮੈਂ ਤੁਹਾਡੀ ਗੱਲ ਦਾ ਜਵਾਬ ਦੇ ਰਿਹਾ ਹਾਂ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਤੁਸੀਂ ਤਾਂ ਜਾਣੀ-ਜਾਣ ਹੋ। ਮੇਰੀ ਗਰੀਬ ਦੀ ਬੇਨਤੀ ਤਾਂ ਸੁਣ ਲਿਆ ਕਰੋ। ਸਪੀਕਰ ਸਾਹਿਬ, ਇੱਕ ਘੰਟਾ 20 ਮਿੰਟ ਸਾਨੂੰ ਦਿਓ। ਇਨ੍ਹਾਂ ਨੇ ਤਾਂ ਸਾਰੀ ਕਹਾਣੀ ਬਣਾਈ ਹੈ ਅਤੇ ਇਨ੍ਹਾਂ ਦੀ ਬਣੀ-ਬਣਾਈ ਚੀਜ਼ ਆ ਗਈ ਹੈ। ਇਨ੍ਹਾਂ ਨੇ ਤਾਂ ਖਾਣ ਦਾ ਕੰਮ ਕਰਨਾ ਹੈ ਕਿ ਕਿਵੇਂ ਬਣੀ, ਕਿਸ ਨੇ ਤੜਕਾ ਲਾਇਆ, ਕਿਸ ਨੇ ਉਸ ਤੇ ਮਸਾਲਾ ਪਾਇਆ। ਅਸੀਂ ਚਾਹੁੰਦੇ ਹਾਂ ਕਿ ਸਾਰਾ ਸਮਾਂ ਸਾਡੇ ਤੋਂ ਸ਼ੁਰੂ ਕਰੋ ਕਿਉਂਕਿ ਇਹ ਸਾਡੇ ਸਮੇਂ ਦੀ ਗੱਲ ਕਰਦੇ ਹਨ। ਇਸ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਤੁਹਾਨੂੰ ਬੇਨਤੀ ਹੈ ਕਿ ਇਨਸਾਫ ਖਾਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਖਾਤਰ ਸਾਡੇ ਤੋਂ ਬਹਿਸ ਸ਼ੁਰੂ ਕਰੋ।

**ਮਾਨਯੋਗ ਸਪੀਕਰ:** ਬੈਠੋ, ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਸਾਡੇ ਤੋਂ ਬਹਿਸ ਸ਼ੁਰੂ ਕਰੋ, ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ।

**ਮਾਨਯੋਗ ਸਪੀਕਰ:** ਮੇਰੀ ਹਾਊਸ ਨੂੰ ਰਿਕੁਐਸਟ ਹੈ ਕਿ ਜਿਹੜਾ ਮੈਂ ਡਿਸਟ੍ਰੀਬਿਊਸ਼ਨ ਆਫ ਟਾਈਮ ਦੱਸਿਆ ਹੈ, ਕੱਲ੍ਹ ਦੇ ਜਿਹੜੇ ਦੋ ਘੰਟੇ ਡਿਸਕਸ਼ਨ ਲਈ ਰੱਖੇ ਸੀ, ਇਹ ਉਸ ਮੁਤਾਬਿਕ ਦੱਸਿਆ ਹੈ ਪਰ ਮੈਂ ਹਾਊਸ ਨੂੰ ਐਸ਼ਿਓਰ ਕਰਦਾ ਹਾਂ ਕਿ ਸਾਰੀਆਂ ਪਾਰਟੀਆਂ ਨੂੰ, ਸਾਰੇ ਲੀਡਰ ਸਾਹਿਬਾਨ ਨੂੰ ਬੋਲਣ ਲਈ ਪੂਰਾ ਟਾਈਮ ਦਿੱਤਾ ਜਾਵੇਗਾ। ਲੇਕਿਨ ਜਿਹੜੀ ਟਾਈਮ ਦੀ ਵੰਡ ਹੈ, ਇਸ ਸਬੰਧੀ ਹਾਊਸ ਦਾ ਦਸਤੂਰ ਹੈ ਕਿ ਮੈਂਬਰਜ਼ ਦੀ ਸਟਰੈਂਥ ਮੁਤਾਬਿਕ ਵੰਡਿਆ ਜਾਵੇਗਾ। ਇਸ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸ਼੍ਰੀ ਐਨ.ਕੇ. ਸ਼ਰਮਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਜਾਂਚ ਕਮਿਸ਼ਨ ਦੀ ਰਿਪੋਰਟ ਤੇ ਕੀਤੀ ਗਈ ਕਾਰਵਾਈ ਤੇ ਬਹਿਸ ਲਈ ਸਮਾਂ ਵਧਾਉਣ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਪਾਰਟੀਆਂ ਨੂੰ ਟਾਈਮ ਸਟਰੈਂਥ ਮੁਤਾਬਿਕ ਹੀ ਮਿਲੇਗਾ। (ਵਿਘਨ)

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਬਹਿਸ ਲਈ ਟਾਈਮ ਵਧਾਓ ਜੀ।

**ਮਾਨਯੋਗ ਸਪੀਕਰ:** ਫਿਰ ਵੀ ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਤੁਹਾਨੂੰ ਸਭ ਨੂੰ ਬੋਲਣ ਦਾ ਟਾਈਮ ਮਿਲੇਗਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰ ਬਹਿਸ ਲਈ ਸਮਾਂ ਵਧਾਉਣ ਲਈ ਮੰਗ ਕਰ ਰਹੇ ਸਨ।) (ਵਿਘਨ)

**ਮਾਨਯੋਗ ਸਪੀਕਰ:** ਟਾਈਮ ਵਧਾਵਾਂਗੇ। ਅਮਨ ਜੀ..., ਅਮਨ ਜੀ, ਪਹਿਲਾਂ ਪਲੀਜ਼ ਸੁਣੋ। ਅੱਜ 2.30 ਵਜੇ ਬਾਅਦ ਦੁਪਹਿਰ ਤੱਕ ਹਾਊਸ ਦਾ ਟਾਈਮ ਹੈ। ਚਾਹੇ ਰਾਤ ਦੇ ਅੱਠ ਵੱਜ ਜਾਣ, ਅਸੀਂ ਟਾਈਮ ਵਧਾਵਾਂਗੇ। ਬੈਠੋ ਹੁਣ, ਹੁਣ ਸਾਰੇ ਬੈਠੋ । (ਵਿਘਨ) ਤੁਸੀਂ ਆਪਣੀਆਂ ਸੀਟਾਂ ਤੇ ਤਾਂ ਬੈਠੋ ਜੀ।

**ਸ਼੍ਰੀ ਅਮਨ ਅਰੋੜਾ:** ਸਰ, ਬੋਲ ਤਾਂ ਲੈਣ ਦਿਓ ਜੀ।

**ਮਾਨਯੋਗ ਸਪੀਕਰ:** ਤੁਹਾਨੂੰ ਅਜੇ ਨਹੀਂ ਬੋਲਣ ਦੇਣਾ। ਅਮਨ ਜੀ, ਬੈਠੋ। (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਆਊਸ ਵਿੱਚ ਆ ਗਏ ਅਤੇ ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ਕਾਗਜ਼ ਫੜ੍ਹੇ ਹੋਏ ਸਨ।)

**ਮਾਨਯੋਗ ਸਪੀਕਰ:** ਮੈਂ ਪ੍ਰਾਰਥਨਾ ਕੀਤੀ ਹੈ, ਚਾਹੇ ਸਾਰੀ ਰਾਤ ਬਹਿਸ ਤੇ ਲਗਾ ਲਓ ਪਰ ਹੁਣ ਬੈਠੋ ਤਾਂ ਸਹੀ। ਸੀਟਾਂ ਤੋਂ ਕਿਉਂ ਭੱਜਦੇ ਹੋ ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਆਪਣੇ ਹੱਥਾਂ ਵਿੱਚ ਫੜ੍ਹੇ ਕਾਗਜ਼ਾਂ ਨੂੰ ਉੱਪਰ ਵੱਲ ਨੂੰ ਸੁੱਟ ਰਹੇ ਸਨ ਅਤੇ ** ** ਨਾਅਰੇ

** **Not recorded as ordered by the Chair.

ਲਗਾ ਰਹੇ ਸਨ। ਇਸ ਤੋਂ ਇਲਾਵਾ ਟਰੇਜ਼ਰੀ ਬੈਂਚਿਜ਼ ਅਤੇ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨ੍ਹਾਂ ਇਜਾਜਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।) (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਬੈਠੋ, ਅਮਨ ਜੀ, ਬੈਠੋ। ਬੈਠੋ, ਬੈਠੋ, ਢੀਂਡਸਾ ਸਾਹਿਬ, ਟਾਈਮ ਵਧਾਵਾਂਗੇ।(ਵਿਘਨ) ਸਾਰੇ ਬੈਠ ਜਾਓ, ਮੈਨੂੰ ਢੀਂਡਸਾ ਸਾਹਿਬ ਨਾਲ ਗੱਲ ਕਰ ਲੈਣ ਦਿਓ।(ਵਿਘਨ)(ਸ਼ੋਰ) ਢੀਂਡਸਾ ਸਾਹਿਬ, ਮੇਰੀ ਗੱਲ ਪੂਰੀ ਹੋ ਲੈਣ ਦਿਓ। ਇਹ ਹਾਊਸ ਜਿੰਨਾ ਟਾਈਮ ਚਾਹੇਗਾ, ਉਨਾ ਟਾਈਮ ਵਧਾਇਆ ਜਾਏਗਾ, ਚਾਹੇ ਰਾਤ ਦੇ ਦਸ ਵਜਾ ਲਓ। ਲੇਕਿਨ ਟਾਈਮ proportionately to the strength of the parties ਵਧੇਗਾ। ਪਲੀਜ਼ ਬੈਠੋ, ਪਲੀਜ਼ ਬੈਠੋ।(ਵਿਘਨ)(ਸ਼ੋਰ) ਤੁਸੀਂ ਬੋਲ ਲਏ ਅਤੇ ਤੁਹਾਡੀ ਗੱਲ ਆ ਗਈ ਹੈ।ਚਾਹੇ ਰਾਤ ਦੇ 10 ਵਜੇ ਤੱਕ ਬੈਠੋ, 12 ਵਜੇ ਤੱਕ ਬੈਠੋ, ਜਦੋਂ ਤੱਕ ਚਾਹੋ ਉਦੋਂ ਤੱਕ ਬੈਠੋ।

(ਇਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਹੱਥਾਂ ਵਿੱਚ ਫੜ੍ਹੇ ਕਾਗਜ਼ਾਂ ਨੂੰ ਲਗਾਤਾਰ ਉੱਪਰ ਨੂੰ ਸੁੱਟ ਰਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ।ਇਸ ਤੋਂ ਇਲਾਵਾ ਟਰੇਜ਼ਰੀ ਬੈਂਚਿਜ਼ ਅਤੇ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਹੀ ਹੰਗਾਮਾ ਭਰਪੂਰ ਸਥਿਤੀ ਬਣੀ ਹੋਈ ਸੀ।) (ਵਿਘਨ, ਸ਼ੋਰ)

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮਾਨਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ......(ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ, ਆਪਣੀ ਸੀਟ ਤੇ ਜਾ ਕੇ ਬੋਲੋ।(ਵਿਘਨ, ਸ਼ੋਰ).... ਨਾਅਰੇ ਰਿਕਾਰਡ ਨਾ ਕੀਤੇ ਜਾਣ।(ਵਿਘਨ, ਸ਼ੋਰ)....ਇਹ ਬੜਾ ਮੁਕੱਦਸ ਸਬਜੈਕਟ ਹੈ, ਬੜਾ ਸੰਜੀਦਾ ਵਿਸ਼ਾ ਹੈ। ਢੀਂਡਸਾ ਸਾਹਿਬ, ਸੀਟ ਤੇ ਜਾ ਕੇ ਗੱਲ ਕਰੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਵੈੱਲ ਆਫ ਦਿ ਹਾਊਸ ਤੋਂ ਆਪਣੀ ਸੀਟ ਤੇ ਪਰਤ ਆਏ)

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ ਦਾ ਮਾਈਕ ਖੋਲ੍ਹ ਦਿਓ।

---

** **Not recorded as ordered by the Chair.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਦੇਖੋ ਬੜਾ ਹੀ sensitive ਮੁੱਦਾ ਹੈ। ਇਸ ਵਿੱਚ ਜਾਣ-ਬੁਝ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਟਾਰਗੈਟ ਕੀਤਾ ਗਿਆ ਹੈ। ਸਪੀਕਰ ਸਾਹਿਬ, ਜੇ ਤੁਸੀਂ ਸੱਚੀਂ ਚਾਹੁੰਦੇ ਹੋ, (ਵਿਘਨ) ਦੇਖੋ, ਪਹਿਲੀ ਗੱਲ ਤਾਂ ਅਸੀਂ ਰਿਕਾਰਡ ਨੂੰ ਨਹੀਂ ਮੰਨਦੇ। ਸਪੀਕਰ ਸਾਹਿਬ, ਦੂਜੀ ਗੱਲ, ਜੇ ਸਰਕਾਰ sincere ਹੈ ਤਾਂ ਇਸ ਬਹਿਸ ਤੇ ਪਹਿਲਾਂ ਸਾਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਆਪਣੀ ਲਿਸਟ ਦੇ ਦਿਓ। ਤੁਸੀਂ ਆਪਣੀ ਬੁਲਾਰਿਆਂ ਦੀ ਲਿਸਟ ਦਿਓ। ਲੇਕਿਨ ਇਹ ਹਾਊਸ ਦਾ ਦਸਤੂਰ ਹੈ, ਹਾਊਸ ਦਾ ਦਸਤੂਰ ਨਹੀਂ ਤੋੜਿਆ ਜਾ ਸਕਦਾ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਪਹਿਲਾਂ ਸਾਨੂੰ ਮੌਕਾ ਦਿਓ। ਸਾਨੂੰ ਗੱਲ ਕਰਨ ਦਿਓ। (ਸ਼ੋਰ) ਸਾਨੂੰ ਬੋਲਣ ਦਿੱਤਾ ਜਾਵੇ। ਅਸੀਂ ਗੱਲ ਕਰਨੀ ਹੈ। ਸਾਨੂੰ ਬੋਲਣ ਲਈ ਖੁੱਲ੍ਹਾ ਟਾਈਮ ਦਿਓ। ਇਸ ਤੇ 14 ਮਿੰਟਾਂ ਦੇ ਵਿੱਚ ਜਾਂ ਅੱਧੇ ਘੰਟੇ ਦੇ ਵਿੱਚ ਨਹੀਂ ਬੋਲਿਆ ਜਾ ਸਕਦਾ। 14 ਮਿੰਟ ਜਾਂ ਅੱਧਾ ਘੰਟਾ insufficient ਹੈ। ਸਾਨੂੰ ਖੁੱਲ੍ਹਾ ਸਮਾਂ ਦਿੱਤਾ ਜਾਵੇ।ਇੱਥੇ ਕੋਈ ਵੀ proportionate ਗੱਲ ਨਹੀਂ ਆਉਂਦੀ। ਸਪੀਕਰ ਸਾਹਿਬ, ਸਾਨੂੰ ਪਹਿਲਾਂ ਬੋਲਣ ਦਾ ਮੌਕਾ ਦਿੱਤਾ ਜਾਵੇ।

**Mr. Speaker :** No speech, no speech shall exceed 15 minutes, ਕਿਸੇ ਵੀ ਸਤਿਕਾਰਯੋਗ ਮੈਂਬਰ ਦੀ ਸਪੀਚ, during the debate shall not exceed fifteen minutes in duration.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਪੀਕਰ ਸਾਹਿਬ, ਇਹ ਜਿਹੜੀ ਝੂਠੀ ਰਿਪੋਰਟ ਕਾਂਗਰਸ ਨੇ ਪੇਸ਼ ਕੀਤੀ ਹੈ, ਇਸ ਤੇ ਹੁਣ ਤੁਸੀਂ ਸਾਨੂੰ ਬੋਲਣ ਵੀ ਨਹੀਂ ਦੇਣਾ ਚਾਹੁੰਦੇ। ਇਹ ਸਾਰਾ ਨਿਰਾ fabricated ਹੈ।

**ਮਾਨਯੋਗ ਸਪੀਕਰ:** ਇਹ ਸਾਰਾ ਲਾਈਵ ਟੈਲੀਕਾਸਟ ਹੋ ਰਿਹਾ ਹੈ। ਤੁਸੀਂ ਲਾਈਵ ਟੈਲੀਕਾਸਟ ਕਰਵਾਇਆ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਇਹ ਆਮ ਆਦਮੀ ਪਾਰਟੀ ਅਤੇ ਕਾਂਗਰਸੀਆਂ ਦੀ ਰਲ਼ ਕੇ, ਖਹਿਰਾ ਅਤੇ ਆਮ ਆਦਮੀ ਪਾਰਟੀ ਦੀ ਇਕੱਠੀ ਰਲ਼ ਕੇ ਬਣਾਈ ਹੋਈ ਰਿਪੋਰਟ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ **ਨਾਅਰੇ ਮਾਰਦੇ ਹੋਏ ਵੈਲ ਆਫ ਦਿ ਹਾਊਸ ਵਿੱਚ ਆ ਗਏ।)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜਰ ਮੈਂਬਰ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਲਗਾਤਾਰ ਨਾਅਰੇ ਲਗਾ ਰਹੇ ਸਨ)

(ਇਸ ਸਮੇਂ ਕੁਝ ਮੰਤਰੀ ਸਾਹਿਬਾਨ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਛੱਡ ਕੇ ਵੈਲ ਆਫ ਦਿ ਹਾਊਸ ਵੱਲ ਵੱਧਨ ਲੱਗੇ ਤੇ ਨਾਲ ਨਾਲ ਉਹ ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੈਬਰਾਂ ਨਾਲ ਬਹਿਸ ਰਹੇ ਸਨ ਤੇ ਸਦਨ ਵਿੱਚ ਹੰਗਾਮਾ ਭਰਪੂਰ ਸਥਿਤੀ ਉਤਪੰਨ ਹੋਈ ਪਈ ਸੀ।)

**ਮਾਨਯੋਗ ਸਪੀਕਰ:** ਬੈਠ ਜਾਓ, ਬੈਠ ਜਾਓ। (ਵਿਘਨ)(ਸ਼ੋਰ)

--------

## SHORT ADJOURNMENT OF THE HOUSE

**ਮਾਨਯੋਗ ਸਪੀਕਰ:** ਹੁਣ ਸਦਨ 15 ਮਿੰਟ ਲਈ ਐਡਜਰਨ ਕੀਤਾ ਜਾਂਦਾ ਹੈ।

*12.54 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ 15 ਮਿੰਟ ਲਈ ਸਥੱਗਿਤ ਹੋ ਗਿਆ।)

(*01.09 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

--------

## DISCUSSION ON THE REPORT OF JUSTICE (RETD.) SHRI RANJIT SINGH COMMISSION OF ENQUIRY ALONGWITH ACTION TAKEN REPORT THEREON *(Resumption)*

**ਮਾਨਯੋਗ ਸਪੀਕਰ :** ਸਰਦਾਰ ਹਰਮਿੰਦਰ ਸਿੰਘ ਗਿੱਲ।

**ਸਰਦਾਰ ਹਰਮਿੰਦਰ ਸਿੰਘ ਗਿੱਲ (ਪੱਟੀ) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬੜਾ ਧੰਨਵਾਦ ਹੈ ਕਿ ਤੁਸੀਂ ਅੱਜ ਬੜੇ ਹੀ ਸੈਂਸੇਟਿਵ ਇਸ਼ੂ ਤੇ ਬੋਲਣ ਦਾ ਮੌਕਾ ਦਿੱਤਾ

ਹੈ। ਦੁਨੀਆਂ ਦੇ ਵਿੱਚ ਜਿਹੜੇ ਕਰੋੜਾਂ ਸਿੱਖ, ਕਰੋੜਾਂ ਪੰਜਾਬੀ ਵਸਦੇ ਹਨ, ਅੱਜ ਉਹ ਟੀ.ਵੀ. ਅੱਗੇ ਅੱਖਾਂ ਲਗਾ ਕੇ ਵੇਖ ਰਹੇ ਹਨ ਕਿ ਪੰਜਾਬ ਦੀ ਵਿਧਾਨ ਸਭਾ ਦੇ ਵਿੱਚ ਜਸਟਿਸ ਰਣਜੀਤ ਸਿੰਘ ਦੇ ਕਮਿਸ਼ਨ ਬਾਰੇ ਕੀ ਵਿਚਾਰ ਕੀਤਾ ਜਾ ਰਿਹਾ ਹੈ। ਮੇਰੀ ਤੁਸੀਂ ਡਿਊਟੀ ਲਗਾਈ ਹੈ, ਮੈਂ ਬੇਨਤੀ ਕਰਦਾ ਹਾਂ ਕਿ ਇਹ ਬਹੁਤ ਦੁੱਖਦਾਈ ਮਸਲਾ ਹੈ। ਬੋਲਣ ਤੋਂ ਪਹਿਲਾਂ ਮੈਂ ਬੇਨਤੀ ਕਰਾਂਗਾ ਕਿ ਇਹ ਬੜਾ ਸੀਰੀਅਸ ਮਾਮਲਾ ਹੈ। ਇਸ ਤੇ ਬਹਿਸ ਦੌਰਾਨ ਕਿਸੇ ਮੈਂਬਰ ਨੂੰ ਇੰਟਰੱਪਸ਼ਨ ਦੀ ਇਜਾਜ਼ਤ ਨਾ ਦਿੱਤੀ ਜਾਵੇ ਕਿਉਂਕਿ ਕਈ ਲੋਕਾਂ ਨੂੰ ਆਦਤ ਹੈ ਕਿ ਹਰ ਗੱਲ ਤੇ ਇੰਟਰੱਪਸ਼ਨ ਕਰਨੀ ਹੁੰਦੀ ਹੈ। ਜੇਕਰ ਇੰਟਰੱਪਸ਼ਨ ਹੋ ਗਈ ਤਾਂ ਮਸਲਾ ਠੀਕ ਨਹੀਂ ਹੋਣਾ। ਮੇਰੀ ਬੇਨਤੀ ਹੈ ਕਿ ਜਸਟਿਸ ਰਣਜੀਤ ਸਿੰਘ ਜੀ ਨੇ ਜਿਹੜੀ ਰਿਪੋਰਟ ਸਬਮਿਟ ਕੀਤੀ ਹੈ, ਉਸ ਦੇ ਵਿੱਚ ਕੁਝ ਘਟਨਾਵਾਂ ਦਾ ਵਰਣਨ ਵੀ ਕੀਤਾ ਗਿਆ ਹੈ। ਮੈਂ ਸਭ ਤੋਂ ਪਹਿਲਾਂ ਇਸ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਗੱਲ ਕਹੀ ਗਈ ਹੈ ਕਿ ਕੁਝ ਬੰਦੇ ਡੇਰਾ ਸੱਚਾ ਸੌਦਾ ਨਾਲ ਸਬੰਧਿਤ ਸਨ, ਜਿਸ ਦੇ ਵਿੱਚ ਇੱਕ ਸੁਖਜਿੰਦਰ ਸਿੰਘ ਅਤੇ ਦੂਜਾ ਰਣਜੀਤ ਸਿੰਘ ਹਨ। ਉਨ੍ਹਾਂ ਨੇ ਪਿੰਡ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕੀਤੀ। ਉਹ ਬੀੜ ਚੋਰੀ ਕਰਕੇ ਲੈ ਗਏ। ਇਹ 1 ਜੂਨ, 2015 ਦੀ ਗੱਲ ਹੈ ਜੀ। ਜਿਹੜਾ ਗੁਰਦੁਆਰਾ ਜਵਾਹਰ ਸਿੰਘ ਵਾਲਾ ਹੈ, ਉਸ ਦੇ ਸਾਹਮਣੇ ਇੱਕ ਗੁਰਦੇਵ ਸਿੰਘ ਨਾਮ ਦੇ ਵਿਅਕਤੀ ਦੀ ਦੁਕਾਨ ਸੀ। ਬੀੜ ਚੋਰੀ ਕਰਨ ਤੋਂ ਬਾਅਦ ਇਨ੍ਹਾਂ ਨੇ 24 ਸਤੰਬਰ ਨੂੰ ਉਥੇ ਪੋਸਟਰ ਲਗਾ ਦਿੱਤੇ ਕਿ ਸਾਡੇ ਮਹਾਰਾਜ ਦੀ ਜਿਹੜੀ ਫਿਲਮ ਐਮ.ਐਸ.ਜੀ.-2 ਹੈ, ਉਸ ਨੂੰ ਪੰਜਾਬ ਦੇ ਵਿੱਚ ਰਿਲੀਜ਼ ਕੀਤਾ ਜਾਵੇ, ਨਹੀਂ ਤਾਂ ਇਸ ਬੀੜ ਦੇ ਪੱਤਰੇ ਖਿਲਾਰ ਦਿੱਤੇ ਜਾਣਗੇ। ਮੈਂ ਇੱਥੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ 24 ਸਤੰਬਰ ਦੀ ਘਟਨਾ ਹੈ ਅਤੇ 24 ਸਤੰਬਰ ਵਾਲੇ ਦਿਨ ਹੀ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਸਾਹਿਬ ਭਾਈ ਗੁਰਬਚਨ ਸਿੰਘ ਜੀ ਨੇ ਇੱਕ ਫੈਸਲਾ ਸੁਣਾ ਦਿੱਤਾ ਕਿ ਅਸੀਂ ਸੰਤ ਰਾਮ ਰਹੀਮ ਨੂੰ ਮੁਆਫ ਕਰਦੇ ਹਾਂ। ਇਹ ਗੱਲ ਰਿਪੋਰਟ ਵਿੱਚ ਵੀ ਦਰਜ ਹੈ ਔਰ ਉਸ 24 ਸਤੰਬਰ ਤੋਂ ਪਹਿਲਾਂ 16 ਸਤੰਬਰ ਵਾਲੇ ਦਿਨ ਸਿੰਘ ਸਾਹਿਬਾਨਾਂ ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਸਾਹਿਬ ਦੀ ਕੋਠੀ ਵਿੱਚ ਬੁਲਾਇਆ ਗਿਆ, ਉਥੇ ਡਾਇਰੈਕਸ਼ਨ ਦਿੱਤੀ ਗਈ, ਉਥੇ ਜਥੇਦਾਰ ਇਕਬਾਲ ਸਿੰਘ ਵੀ ਸੀ, ਉਥੇ ਜਥੇਦਾਰ ਗੁਰਮੁੱਖ ਸਿੰਘ ਵੀ ਸੀ । ਉਥੇ ਇੱਕ ਹਿੰਦੀ ਦੀ ਲੈਟਰ ਬਾਬੇ ਰਾਮ ਰਹੀਮ ਵੱਲੋਂ ਦਿੱਤੀ ਗਈ ਕਿ ਮੈਂ ਮੁਆਫੀ ਚਾਹੁੰਦਾ ਹਾਂ ਪਰ ਜਦੋਂ 24 ਸਤੰਬਰ ਨੂੰ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ, ਉਹ ਚਿੱਠੀ ਪੰਜਾਬੀ ਦੀ ਬਣ ਗਈ ਔਰ ਉਸ ਉੱਪਰ ਪਤਾ ਨਹੀਂ ਦਸਤਖਤ ਇਨ੍ਹਾਂ ਨੇ ਆਪ ਕੀਤੇ ਜਾਂ ਹੋਰ ਕਿਸ ਨੇ ਕੀਤੇ ਔਰ ਉਸ ਚਿੱਠੀ ਦੇ ਬਹਾਨੇ ਉਸ ਨੂੰ ਮੁਆਫੀ ਦੇ ਦਿੱਤੀ ਗਈ। ਮੈਂ ਉਸ ਤੋਂ ਬਾਅਦ ਦੀਆਂ ਘਟਨਾਵਾਂ ਦੱਸਣੀਆਂ ਚਾਹੁੰਦਾ

ਹਾਂ ਕਿ 24 ਸਤੰਬਰ ਤੋਂ ਬਾਅਦ 12 ਅਕਤੂਬਰ ਵਾਲੇ ਦਿਨ, ਜਿਵੇਂ ਕਿ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿਲਾਰਾਂਗੇ। ਉਹ ਪੱਤਰੇ 12 ਅਕਤੂਬਰ ਵਾਲੇ ਦਿਨ ਬਰਗਾੜੀ ਪਿੰਡ ਵਿੱਚ ਖਿਲਾਰ ਦਿੱਤੇ ਗਏ । ਜਦੋਂ ਪੱਤਰੇ ਖਿਲਾਰੇ ਤਾਂ ਲੋਕਾਂ ਦੇ ਵਿੱਚ ਬੜੀ ਭੜਕਾਹਟ ਆ ਗਈ, ਉਨ੍ਹਾਂ ਨੇ ਕੋਟਕਪੂਰੇ ਧਰਨਾ ਦੇ ਦਿੱਤਾ ਔਰ ਜਦੋਂ ਕੋਟਕਪੂਰੇ ਧਰਨਾ ਦਿੱਤਾ ਤਾਂ 13 ਤੇ 14 ਅਕਤੂਬਰ ਦੀ ਰਾਤ ਨੂੰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਹੈ, ਉਨ੍ਹਾਂ ਨੇ ਆਪਣੀ ਰਿਪੋਰਟ ਦੇ ਕਨਕਲੂਜ਼ਨ ਵਿੱਚ ਕਿਹਾ ਹੈ ਕਿ ਮੈਨੂੰ ਪਹਿਲਾਂ ਇਹ ਭੁਲੇਖਾ ਸੀ ਕਿ ਸ਼ਾਇਦ ਇਸ ਦੇ ਪਿੱਛੇ ਕਾਂਸਪੀਰੈਸੀ ਸੀ.ਐਮ.ਓ.ਦੀ ਹੈ, ਮੁੱਖ ਮੰਤਰੀ ਦੇ ਦਫਤਰ ਦੀ ਹੈ ਪਰ ਉਹ ਕਹਿੰਦੇ ਹਨ ਕਿ ਜਦੋਂ ਮੈਂ ਇਨਵੈਸਟੀਗੇਸ਼ਨ ਕਰ ਰਿਹਾ ਸੀ ਤਾਂ ਹੌਲੀ-ਹੌਲੀ ਕਰਦਿਆਂ ਕਰਦਿਆਂ ਇੱਕ ਦਿਨ ਸਾਬਕਾ ਡੀ.ਜੀ.ਪੀ. ਸ਼੍ਰੀ ਸੁਮੇਧ ਸਿੰਘ ਸੈਣੀ ਦਾ ਮੈਨੂੰ ਟੈਲੀਫੋਨ ਆਇਆ ਕਿ ਮੈਂ ਵੀ ਆਪਣੀ deposition ਦੇਣਾ ਚਾਹੁੰਦਾ ਹਾਂ, ਮੈਂ ਆਪਣਾ ਐਫੀਡੈਵਿਟ ਦੇਣਾ ਚਾਹੁੰਦਾ ਹਾਂ ਔਰ ਉਨ੍ਹਾਂ ਨੇ ਐਫੀਡੈਵਿਟ ਵਿੱਚ ਮੰਨਿਆ ਹੈ ਕਿ 13 ਅਕਤੂਬਰ ਤੇ 14 ਅਕਤੂਬਰ ਦੀ ਜਿਹੜੀ ਦਰਮਿਆਨੀ ਰਾਤ ਸੀ, ਮੈਨੂੰ ਰਾਤ ਨੂੰ 2.00 ਵਜੇ ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਜੀ ਦਾ ਫੋਨ ਆਇਆ ਕਿ ਉਥੇ ਕੋਟਕਪੂਰੇ ਦੇ ਚੌਂਕ ਵਿੱਚ ਧਰਨਾ ਲੱਗਿਆ ਹੈ, ਤੁਸੀਂ ਕੀ ਕਾਰਵਾਈ ਕਰ ਰਹੇ ਹੋ, ਉਹ ਕਹਿੰਦਾ ਹੈ ਕਿ ਉਸ ਨੇ ਸਾਰੀ ਕਹਾਣੀ ਦੱਸ ਦਿੱਤੀ ਅਤੇ ਜਿਹੜੇ-ਜਿਹੜੇ ਸਟੈੱਪ ਲੈ ਰਿਹਾ ਸੀ, ਉਨ੍ਹਾਂ ਬਾਰੇ ਸਾਰੀ ਇਨਫਰਮੇਸ਼ਨ ਉਨ੍ਹਾਂ ਨੂੰ ਦੇ ਦਿੱਤੀ ਔਰ ਉਸ ਦਿਨ ਰਾਤ ਨੂੰ 3.00 ਵਜੇ ਤੋਂ ਲੈ ਕੇ ਸਵੇਰ ਦਾ ਜਦੋਂ ਦਿਨ ਚੜ੍ਹਿਆ, ਉਦੋਂ ਤੱਕ ਕਈ ਵਾਰ ਡੀ.ਜੀ.ਪੀ. ਸਾਹਿਬ ਦੀ ਗੱਲ ਆਈ.ਜੀ. ਸ਼੍ਰੀ ਉਮਰਾਨੰਗਲ ਨਾਲ ਹੋਈ । ਮੈਂ ਅੱਜ ਹੈਰਾਨ ਹੁੰਦਾ ਹਾਂ ਕਿ ਪੰਜਾਬ ਦੇ ਵਿੱਚ ਬਹੁਤ ਸਾਰੇ ਚੌਂਕਾਂ ਵਿੱਚ ਬੜੀਆਂ ਜਥੇਬੰਦੀਆਂ ਧਰਨੇ ਲਗਾਉਂਦੀਆਂ ਹਨ, ਕਦੇ ਇੰਨੀ ਜ਼ਿਆਦਾ ਫੋਰਸ ਅਪਲਾਈ ਨਹੀਂ ਕੀਤੀ ਗਈ, ਉਦੋਂ ਕੀ ਮਜਬੂਰੀ ਬਣ ਗਈ ਸੀ ਕਿ ਉਸ 14 ਤਰੀਕ ਵਾਲੇ ਦਿਨ ਸਵੇਰੇ 6.50 ਮਿੰਟ ਉਤੇ ਸੈਂਕੜਿਆਂ ਦੀ ਤਦਾਦ ਵਿੱਚ ਪੁਲਿਸ ਨੇ ਇਕੱਠੇ ਹੋ ਕੇ ਧਰਨਾ ਉਠਵਾਇਆ, ਕਿਉਂਕਿ ਡੀ.ਜੀ.ਪੀ. ਸਾਹਿਬ ਨੇ ਆਰਡਰ ਕੀਤਾ ਸੀ । ਇੱਕ ਗਗਨਦੀਪ ਸਿੰਘ ਬਰਾੜ ਤੇ ਇੱਕ ਮਨਤਾਰ ਸਿੰਘ ਬਰਾੜ ਜਿਹੜੇ ਇਨ੍ਹਾਂ ਦੇ ਐਮ.ਐਲ.ਏ. ਸੀ, ਉਨ੍ਹਾਂ ਨੂੰ ਕੰਨਵੇਅ ਕੀਤਾ ਸੀ ਕਿ ਅਸੀਂ ਦਸਾਂ ਮਿੰਟਾਂ ਦੇ ਵਿੱਚ-ਵਿੱਚ ਧਰਨਾ ਇੱਥੋਂ ਚੁਕਵਾ ਦਿਆਂਗੇ । ਉਦੋਂ ਉਨ੍ਹਾਂ ਦੀ ਡਾਇਰੈਕਸ਼ਨ ਦੇ ਮੁਤਾਬਿਕ 6.50 ਮਿੰਟ ਉਤੇ ਪੁਲਿਸ ਨੇ ਬੇਤਹਾਸ਼ਾ ਫੋਰਸ ਦਾ ਉਥੇ ਇਸਤੇਮਾਲ ਕੀਤਾ ਅਤੇ ਉਹ ਲੋਕ ਜਿਹੜੇ ਕੋਟਕਪੂਰੇ ਚੌਂਕ ਵਿੱਚ ਸ਼ਾਂਤਮਈ ਢੰਗ ਨਾਲ ਬੈਠੇ ਸਨ ਜਿਸ ਵਿੱਚ ਬਹੁਤ ਸਾਰੇ ਮਹਾਂਪੁਰਸ਼ ਸਨ, ਉਹ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਰਹੇ

ਸਨ, ਉਨ੍ਹਾਂ ਉਤੇ ਡਾਂਗਾਂ ਵਰਾਈਆਂ ਗਈਆਂ, ਪਾਣੀ ਦੀਆਂ ਬੁਛਾੜਾਂ ਕੀਤੀਆਂ ਗਈਆਂ, ਉਨ੍ਹਾਂ ਨੂੰ ਜ਼ਬਰਦਸਤੀ ਕੁੱਟ-ਮਾਰ ਕੇ ਉਥੋਂ ਭਜਾਇਆ ਗਿਆ । ਫਿਰ ਕਿਹਾ ਗਿਆ ਕਿ ਸਾਨੂੰ ਇਨਫਰਮੇਸ਼ਨ ਮਿਲੀ ਸੀ ਕਿ ਕੁਝ ਲੋਕ ਬਰਗਾੜੀ ਵਿੱਚ ਕੁਝ ਨਾ ਕੁਝ ਗੜਬੜ ਕਰਨਾ ਚਾਹੁੰਦੇ ਹਨ, ਉਥੇ ਪੁਲਿਸ ਦੀ ਪੋਸਟ ਦਾ ਘਿਰਾਉ ਕਰਨਾ ਚਾਹੁੰਦੇ ਹਨ ਪਰ ਉਹ ਕਹਿੰਦੇ ਹਨ ਕਿ ਜਦੋਂ ਕੁਝ ਪੁਲਿਸ ਵਾਲੇ ਰਸਤੇ ਤੇ ਜਾ ਰਹੇ ਸੀ ਤਾਂ ਬਹਿਬਲ ਕਲਾਂ ਲਾਗੇ ਜਾ ਕੇ ਉਨ੍ਹਾਂ ਨੂੰ ਸੜਕ ਬਲਾਕੇਜ ਮਿਲੀ ਤੇ ਉਥੇ ਉਦੋਂ ਸ਼੍ਰੀ ਚਰਨਜੀਤ ਸ਼ਰਮਾ, ਐਸ.ਐਸ.ਪੀ. ਮੋਗਾ ਸਨ, ਉਹ ਕਹਿੰਦੇ ਕਿ ਅਸੀਂ ਜਾ ਕੇ ਉਨ੍ਹਾਂ ਲੋਕਾਂ ਨੂੰ ਕਹਿਣ ਦੀ ਕੋਸ਼ਿਸ਼ ਕੀਤੀ ਪਰ ਉਹ ਮੰਨੇ ਨਹੀਂ ਤਾਂ ਫਿਰ ਅਲਟੀਮੇਟਲੀ ਗੋਲੀ ਚੱਲ ਗਈ। ਸਪੀਕਰ ਸਾਹਿਬ, ਮੈਂ ਉਸ ਬਹਿਬਲ ਕਲਾਂ ਵਾਲੇ ਚੌਂਕ ਨੂੰ ਆਪ ਜਾ ਕੇ ਵੇਖਿਆ ਹੈ, ਉਹ ਮੇਨ ਰੋਡ ਉਤੇ ਸਥਿਤ ਨਹੀਂ ਹੈ, ਉਹ ਲੋਕ ਸੜਕ ਦੀ ਇੱਕ ਸਾਈਡ ਉਤੇ ਬੈਠ ਕੇ ਪ੍ਰੋਟੈਸਟ ਕਰ ਰਹੇ ਸਨ, ਉਥੇ ਲੰਗਰ ਵਰਤਾ ਰਹੇ ਸਨ, ਉਥੇ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਰਹੇ ਸਨ। ਕਮਿਸ਼ਨ ਦੀ ਰਿਪੋਰਟ ਦੇ ਮੁਤਾਬਿਕ ਗੋਲੀਆਂ ਬਹੁਤ ਲਾਗੇ ਤੋਂ ਵੱਜੀਆਂ ਹਨ ਜਿਸ ਵਿੱਚ ਸ਼੍ਰੀ ਕ੍ਰਿਸ਼ਨ ਭਗਵਾਨ ਸਿੰਘ ਅਤੇ ਸ਼੍ਰੀ ਗੁਰਮੀਤ ਸਿੰਘ ਦੋ ਬੰਦੇ ਖਤਮ ਹੋ ਗਏ ਅਤੇ ਉਨ੍ਹਾਂ ਨੂੰ ਗੋਲੀਆਂ 3-4 ਫੁੱਟ ਦੀ ਦੂਰੀ ਤੋਂ ਵੱਜੀਆਂ ਹਨ, ਭਾਵ ਬੜੇ ਲਾਗੇ ਤੋਂ ਗੋਲੀਆਂ ਮਾਰੀਆਂ ਗਈਆਂ ਹਨ। ਉਸ ਤੋਂ ਬਾਅਦ ਉਹ ਉਥੋਂ ਚਲੇ ਗਏ ਪਰ ਮਾਮਲਾ ਬੜਾ ਭੱਖ ਗਿਆ। ਇਹ 14 ਤਾਰੀਕ ਦੀ ਘਟਨਾ ਹੈ ਅਤੇ 16 ਤਾਰੀਖ ਨੂੰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਮਾਫੀਨਾਮਾ ਵਾਪਸ ਲੈ ਲਿਆ। 16 ਤਾਰੀਖ ਵਾਲੇ ਦਿਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਮੀਟਿੰਗ ਕੀਤੀ ਅਤੇ ਉਸ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਕਿ ਇਹ ਘਟਨਾ ਬੜੀ ਨਿੰਦਣਯੋਗ ਹੈ, ਅਸੀਂ ਫੈਸਲਾ ਕਰਦੇ ਹਾਂ ਕਿ 10-10 ਲੱਖ ਰੁਪਿਆ ਦੋਹਾਂ ਪਰਿਵਾਰਾਂ ਨੂੰ ਦਿਆਂਗੇ ਜਿਹੜਾ ਕਿ ਹਾਲੇ ਤੱਕ ਨਹੀਂ ਦਿੱਤਾ ਗਿਆ। ਇਸ ਦੇ ਨਾਲ ਹੀ ਐਸ.ਜੀ.ਪੀ.ਸੀ. ਨੇ ਫੈਸਲਾ ਕੀਤਾ ਕਿ ਇਸ ਕਾਂਡ ਦੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਘਟਨਾ ਵਾਪਰੀ ਹੈ, ਇਹ ਬਹੁਤ ਦੁਖਦਾਈ ਹੈ, ਲੋਕਾਂ ਦੇ ਹਿਰਦੇ ਵਲੂੰਧਰੇ ਗਏ ਹਨ। ਸਾਡੇ ਪੰਜਾਬ ਵਿੱਚ ਜਵਾਹਰਕੇ ਪਿੰਡ ਵਿੱਚ ਵੀ ਬੇਅਦਬੀ ਦੀ ਘਟਨਾ ਵਾਪਰੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਤੋਂ ਕਈ ਸਾਲ ਪਹਿਲਾਂ ਸ਼੍ਰੀਨਗਰ ਵਿੱਚ ਇੱਕ ਘਟਨਾ ਵਾਪਰੀ ਸੀ, ਹਜ਼ਰਤ ਬਲ ਜੋ ਕਿ ਮੁਸਲਮਾਨ ਭਰਾਵਾਂ ਦਾ ਸ਼ਰਾਇਨ ਹੈ, ਉਥੇ ਮੁਹੰਮਦ ਸਾਹਿਬ ਦਾ ਵਾਲ ਚੋਰੀ ਹੋ ਗਿਆ ਸੀ। ਇੱਕ ਵਾਲ ਚੋਰੀ ਹੋਣ ਕਰਕੇ ਇੰਨੇ ਵੱਡੇ ਪੱਧਰ ਤੇ ਕਤਲੇਆਮ ਅਤੇ ਅਗਜ਼ਨੀ ਹੋਈ।

ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਹਿਲਾਂ ਪੰਜਾਬ ਦੇ ਹਾਲਾਤ ਬੜੇ ਖਰਾਬ ਰਹੇ ਹਨ, ਮਿਲੀਟੈਂਸੀ ਦਾ ਯੁੱਗ ਰਿਹਾ ਹੈ। ਪੁਰਾਣੇ ਜ਼ਮਾਨਿਆਂ ਵਿੱਚ ਇੱਥੇ ਛੋਟਾ ਘੱਲੂਘਾਰਾ ਅਤੇ ਵੱਡਾ ਘੱਲੂਘਾਰਾ ਵੀ ਹੋਇਆ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਵੱਡਾ ਘੱਲੂਘਾਰਾ ਹੋਇਆ, ਉਹ ਕੁੱਪ ਰੋਹੀੜੇ ਦੇ ਮੈਦਾਨ ਵਿੱਚ ਮਲੇਰਕੋਟਲੇ ਵਿਖੇ ਹੋਇਆ ਸੀ। ਉਸ ਵੇਲੇ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਨੇ ਸਿੱਖਾਂ ਨੂੰ ਘੇਰਿਆ ਸੀ। ਸਿੱਖਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੀ, ਉਸ ਬੀੜ ਨੂੰ ਸਿੱਖ ਘੇਰਾ ਪਾ ਕੇ ਖੜ੍ਹੇ ਹੋ ਗਏ। ਸੈਂਕੜੇ ਨਹੀਂ ਹਜ਼ਾਰਾਂ ਦੀ ਤਾਦਾਦ ਵਿੱਚ ਉਨ੍ਹਾਂ ਨੂੰ ਮਾਰਿਆ ਜਾ ਰਿਹਾ ਸੀ ਪਰ ਉਹ ਬੀੜ ਦੀ ਪ੍ਰੋਟੈਕਸ਼ਨ ਕਰ ਰਹੇ ਸਨ ਕਿ ਅਸੀਂ ਬੀੜ ਕਿਸੇ ਵੀ ਕੀਮਤ ਤੇ ਮੁਸਲਮਾਨ ਫੌਜਾਂ ਦੇ ਕਬਜ਼ੇ ਵਿੱਚ ਨਹੀਂ ਆਉਣ ਦੇਣੀ। ਅਲਟੀਮੇਟਲੀ ਜਦੋਂ ਉਥੇ 30,000 ਦੇ ਕਰੀਬ ਸਿੱਖ ਮਾਰਿਆ ਗਿਆ ਤਾਂ ਕੁਝ ਸਿੱਖਾਂ ਨੇ ਬਹਿ ਕੇ ਵਿਚਾਰ ਕੀਤੀ ਕਿ ਜੇ ਆਪਾਂ ਸਾਰੇ ਮਰ ਗਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕੌਣ ਮੰਨੇਗਾ। ਇਸ ਬਾਰੇ ਭਾਈ ਕਾਨ੍ਹ ਸਿੰਘ ਨਾਭੇ ਵਾਲਿਆਂ ਨੇ ਇਹ ਗੱਲ ਕਹੀ ਹੈ ਕਿ ਜੇ ਤੇਰਾ ਪੰਥ ਨਾ ਰਿਹਾ ਤਾਂ ਤੇਰੇ ਗ੍ਰੰਥ ਕੋ ਕੌਨ ਮਾਨੇਗਾ। ਉਹ ਸਿੱਖ ਇੱਕ ਪਾਸਿਓਂ ਪਾੜ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਗਏ ਅਤੇ ਛੇ ਮਹੀਨਿਆਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੂੰ ਜਾ ਕੇ ਫੇਰ ਟੱਕਰੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪੰਜਾਬ ਦਾ ਇਤਿਹਾਸ ਹੈ, ਸਿੱਖਾਂ ਦਾ ਇਤਿਹਾਸ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੋਈ ਬਰਦਾਸ਼ਤ ਨਹੀਂ ਕਰਦਾ।

ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਬਹੁਤ ਲੰਬਾ ਸਮਾਂ ਜੇਲ੍ਹ ਵਿੱਚ ਰਹਿਣ ਦਾ ਮੌਕਾ ਮਿਲਿਆ ਹੈ। ਜਦੋਂ ਮੈਂ ਜੋਧਪੁਰ ਜੇਲ੍ਹ ਵਿੱਚ ਸੀ, ਉਦੋਂ ਮੇਰੇ ਪਿਤਾ ਜੀ ਚੜ੍ਹਾਈ ਕਰ ਗਏ, ਮੈਂ ਉਦੋਂ ਵੀ ਨਹੀਂ ਰੋਇਆ ਪਰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ, ਜਗ੍ਹਾ-ਜਗ੍ਹਾ ਪੱਤਰੇ ਪਾੜ੍ਹੇ ਗਏ ਅਤੇ ਪੰਜਾਬ ਦੀਆਂ ਗਲੀਆਂ ਵਿੱਚ ਖਿਲਾਰੇ ਗਏ, ਮੇਰਾ ਮਨ ਉਦੋਂ ਬੜਾ ਖਰਾਬ ਹੋਇਆ। ਮੇਰਾ ਦਿਲ ਰੋ ਰਿਹਾ ਸੀ ਕਿ ਕਿਹੜਾ ਭਾਣਾ ਵਾਪਰਿਆ ਹੈ। ਹਰ ਰੋਜ਼ ਅਜਿਹੀ ਘਟਨਾ ਵਾਪਰਦੀ ਸੀ। ਤਕਰੀਬਨ 122 ਜਗ੍ਹਾਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਫਾੜ੍ਹ ਕੇ ਖਿਲਾਰ ਦਿੱਤੇ ਗਏ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ** ** ਜਿਨ੍ਹਾਂ ਨੂੰ ਵਾਰ-ਵਾਰ ਵਰਤਿਆ ਜਾ ਰਿਹਾ ਹੈ, ਮੈਂ ਉਨ੍ਹਾਂ ਦੇ ਪਿਛੋਕੜ ਬਾਰੇ ਵੀ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਅੱਜ ਤੋਂ 15-20 ਸਾਲ ਪਹਿਲਾਂ ਇਨ੍ਹਾਂ ਦੀ ਮੁਕਤਸਰ ਸਾਹਿਬ ਗੁਰਦੁਆਰੇ ਵਿੱਚ ਬਰਛਾ ਫੜ੍ਹਨ ਦੀ ਡਿਊਟੀ ਸੀ। ਇਨ੍ਹਾਂ ਦਾ ਇੱਕ ਲੜਕਾ ** ** ਤਿੰਨ ਨੰ: ਨਾਕਾ ਮੁਕਤਸਰ ਗੁਰਦੁਆਰਾ ਸਾਹਿਬ ਦੇ

** Expunged as ordered by the Hon'ble Speaker.

[ ਸਰਦਾਰ ਹਰਮਿੰਦਰ ਸਿੰਘ ਗਿੱਲ ]

ਲਾਗੇ ਮੰਜੇ ਤੇ ਕਛਹਿਰੇ ਵੇਚਦਾ ਸੀ। ਹੌਲੀ-ਹੌਲੀ ਉਨ੍ਹਾਂ ਦੀ ਪ੍ਰਮੋਸ਼ਨ ਹੋ ਗਈ, ਉਨ੍ਹਾਂ ਨੂੰ ਆਰਜ਼ੀ ਗ੍ਰੰਥੀ ਬਣਾ ਦਿੱਤਾ ਗਿਆ ਅਤੇ ਫਿਰ ਪਰਮਾਨੈਂਟ ਗ੍ਰੰਥੀ ਬਣਾ ਦਿੱਤਾ ਗਿਆ, ਅਲਟੀਮੇਟਲੀ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਤਕਰੀਬਨ ਸਾਲ 2008 ਵਿੱਚ ਲਗਾ ਦਿੱਤਾ ਗਿਆ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਲ 2011 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਪੰਥ ਰਤਨ ਫਖਰ-ਏ-ਕੌਮ ਦਾ ਖਿਤਾਬ ਦਿੱਤਾ ਗਿਆ। ਮੈਨੂੰ ਨਹੀਂ ਪਤਾ ਪਰ ਮੈਂ ਇਹ ਗੱਲ ਜਾਣਦਾ ਹਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਅੰਮ੍ਰਿਤਧਾਰੀ ਲੋਕਾਂ ਦਾ ਸਨਮਾਨ ਕੀਤਾ ਜਾਂਦਾ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸਾਲ 1999 ਵਿੱਚ ਅੰਮ੍ਰਿਤ ਛਕਿਆ ਸੀ ਜਦੋਂ ਇਹ ਅਕਾਲੀ ਦਲ ਦੇ ਪ੍ਰਧਾਨ ਬਣੇ ਸਨ। ਜਦੋਂ ਉਥੇ ਸਿੰਘ ਸਾਹਿਬਾਨਾਂ ਨੇ ਪੁੱਛਿਆ ਕਿ ਬਾਦਲ ਸਾਹਿਬ ਤੁਹਾਡੀ ਘਰ ਵਾਲੀ ਨਹੀਂ ਆਈ, ਉਹ ਕਹਿੰਦੇ ਕਿ ਮੇਰੀ ਘਰਵਾਲੀ ਮੇਰੇ ਆਖੇ ਨਹੀਂ ਲਗਦੀ। ਉਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਅਤੇ ਮੈਨੂੰ ਯਕੀਨ ਹੈ ਕਿ ਇੱਥੇ ਇਨ੍ਹਾਂ ਦੇ 14 ਬੰਦੇ ਬੈਠੇ ਹਨ, ਇਨ੍ਹਾਂ ਵਿੱਚੋਂ ਕੋਈ ਵੀ ਅੰਮ੍ਰਿਤਧਾਰੀ ਨਹੀਂ ਹੈ। ਇਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਵੀ ਸ਼ਾਮਲ ਹਨ, ਇਨ੍ਹਾਂ ਦੇ ਕਿਸੇ ਵੀ ਮੈਂਬਰ ਨੇ ਕਿਰਪਾਨ ਨਹੀਂ ਪਾਈ। ਇਸ ਤੋਂ ਪਹਿਲਾਂ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਪੁੱਛਿਆ ਸੀ ਕਿ ਪ੍ਰਧਾਨ ਜੀ, ਤੁਹਾਡੀ ਕਿਰਪਾਨ ਕਿੱਥੇ ਹੈ ਤਾਂ ਉਨ੍ਹਾਂ ਤੋਂ ਕੋਈ ਜਵਾਬ ਨਹੀਂ ਆਇਆ ਸੀ।

ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਉਥੇ ਫਖਰ-ਏ-ਕੌਮ ਦਾ ਖਿਤਾਬ ਦਿੱਤਾ ਗਿਆ, ਉਸ ਤੋਂ ਬਾਅਦ ਜਥੇਦਾਰ ਗੁਰਬਚਨ ਸਿੰਘ ਦੀ ਤਰੱਕੀ ਦੀ ਸ਼ੁਰੂਆਤ ਹੋਈ। ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਪਿੰਡ ਚੱਕ ਬਾਜਾ, ਤਹਿਸੀਲ ਬੜੀਵਾਲਾ, ਜ਼ਿਲ੍ਹਾ ਮੁਕਤਸਰ ਵਿੱਚ ਹੈ। ਉਥੇ ਇਨ੍ਹਾਂ ਕੋਲ ਚਾਰ ਏਕੜ ਜ਼ਮੀਨ ਸੀ। ਉਥੇ ਬਹੁਤ ਸਾਰੀ ਸੇਮ ਸੀ ਜਿਸ ਕਾਰਨ ਉਥੇ ਕੋਈ ਜ਼ਿਆਦਾ ਪੈਦਾਵਾਰ ਨਹੀਂ ਹੁੰਦੀ ਸੀ ਪਰ ਇਨ੍ਹਾਂ ਤੇ ਗੁਰੂ ਦੀ ਕਿਰਪਾ ਇੰਨੀ ਹੋਈ, ਅਕਾਲੀ ਦਲ ਦੀ ਕਿਰਪਾ ਇੰਨੀ ਹੋਈ ਕਿ ਜਦੋਂ ਸਾਲ 2013 ਵਿੱਚ ਜ਼ਿਲ੍ਹਾ ਪ੍ਰੀਸ਼ਦ ਇਲੈਕਸ਼ਨ ਆਈ ਤਾਂ ** ** ਨੂੰ ਇਨ੍ਹਾਂ ਨੇ ਟਿਕਟ ਦੇ ਕੇ ਜ਼ਿਲ੍ਹਾ ਪ੍ਰੀਸ਼ਦ ਦੀ ਇਲੈਕਸ਼ਨ ਲੜਵਾਈ। ਇੱਥੇ ਹੀ ਬੱਸ ਨਹੀਂ, ਇਨ੍ਹਾਂ ਦੀਆਂ ਰਹਿਮਤਾਂ ਤੇ ਬਖਸ਼ਿਸ਼ ਹੋਰ ਹੁੰਦੀ ਰਹੀ। ਸਾਲ 2014 ਵਿੱਚ ਮਾਰਕੀਟ ਕਮੇਟੀ ਬੜੀ ਵਾਲਾ ਦਾ ** ** ਚੇਅਰਮੈਨ ਬਣਾ ਦਿੱਤਾ ਗਿਆ ਜਿਹੜਾ ਕਿ ਅੱਜ ਤੱਕ ਚੇਅਰਮੈਨ ਹੈ। ਇੱਥੇ ਹੀ ਬਸ ਨਹੀਂ। (ਫੋਟੋ ਦਿਖਾਉਂਦੇ ਹੋਏ) ਆਹ ਮੇਰੇ ਕੋਲ ਇਕ ਫੋਟੋ ਹੈ, ਇਹ ਇੱਕ ਹੋਟਲ ਹੈ, ਇਸ ਦਾ ਨਾਮ ਰੋਆਇਲ ਇਨ ਹੈ। ਇਹ ** ** ਦਾ ਹੋਟਲ ਮੁਕਤਸਰ ਸਾਹਿਬ

---

** Expunged as ordered by the Hon'ble Speaker.

ਦੇ ਵਿੱਚ ਸਥਿਤ ਹੈ ਜੋ ਕਿ ਥਰੀ ਸਟਾਰ ਹੋਟਲ ਹੈ। ਜਿਨ੍ਹਾਂ ਬੰਦਿਆਂ ਕੋਲ ਪਹਿਲਾਂ ਚਾਰ ਕਿੱਲੇ ਜ਼ਮੀਨ ਸੀ, ਫਿਰ ਥਰੀ ਸਟਾਰ ਹੋਟਲ ਕਿਵੇਂ ਬਣ ਗਿਆ? ਅੱਜ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ** ** ਹੈ, ਉਸ ਕੋਲ ਤਿੰਨ ਗੱਡੀਆਂ ਹਨ। ਇੱਕ ਰੇਂਜ ਰੋਵਰ ਗੱਡੀ ਹੈ ਜਿਸ ਦੀ ਕੀਮਤ ਕਰੋੜ ਰੁਪਏ ਤੋਂ ਵੱਧ ਹੈ। ਇੱਕ ਬੀ.ਐਮ.ਡਬਲਿਊ ਹੈ ਜੋ ਕਿ 75 ਲੱਖ ਰੁਪਏ ਵਿੱਚ ਸੈਕਿੰਡ ਹੈਂਡ ਲਈ ਹੈ। ਤੀਸਰੀ ਗੱਡੀ ਬੀਬੀਆਂ ਨੂੰ ਦਿੱਤੀ ਹੈ ਜੋ ਕਿ ਫਾਰਚੂਨਰ ਹੈ। ਜਿਹੜਾ ਬੰਦਾ ਪਹਿਲਾਂ ਗੁਰਦੁਆਰੇ ਵਿਖੇ ਬਰਛਾ ਲੈ ਕੇ ਡਿਊਟੀ ਤੇ ਖਲੋਂਦਾ ਸੀ, ਅੱਜ ਉਨ੍ਹਾਂ ਨੇ ਮੁਕਤਸਰ-ਬਠਿੰਡਾ ਰੋਡ ਤੇ ਕੋਠੀ ਪਾਈ ਹੈ ਅਤੇ ਉਸ ਕੋਠੀ ਦੇ ਗੇਟ ਰਿਮੋਟ ਨਾਲ ਖੁਲ੍ਹਦੇ ਹਨ। ਇੱਕ ਕੋਠੀ ਉਨ੍ਹਾਂ ਨੇ ਅੰਮ੍ਰਿਤਸਰ ਵਿੱਚ ਲਈ ਹੋਈ ਹੈ। ਇੱਕ ਕੋਠੀ ਸੁਖਨਾ ਇਨਕਲੇਵ, ਚੰਡੀਗੜ੍ਹ ਦੇ ਵਿੱਚ ਅੰਡਰ ਕੰਸਟ੍ਰਕਸ਼ਨ ਹੈ।

ਸਪੀਕਰ ਸਾਹਿਬ, ਇੱਥੇ ਹੀ ਬਸ ਨਹੀਂ, ਆਪਾਂ ਪੰਥ ਦੀਆਂ ਗੱਲਾਂ ਕਰਦੇ ਹਾਂ। ਮੇਰੀ ਬੇਨਤੀ ਹੈ, ਮੈਂ ਇਨਫਰਮੇਸ਼ਨ ਦੇਣੀ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਸਾਰੀਆਂ ਪਸ਼ੂ ਮੰਡੀਆਂ ਦਾ 105 ਕਰੋੜ ਰੁਪਏ ਦਾ ਠੇਕਾ ** ** ਕੋਲ ਸੀ। ਜਿਹੜਾ ਡੇਰਾਬੱਸੀ ਦਾ ਸਲਾਟਰ ਹਾਊਸ ਹੈ, ਉਥੇ ਜਾ ਕੇ ਇਹ ** ** ਸਾਰੇ ਡੰਗਰਾਂ ਦੀ ਸਪਲਾਈ ਕਰਦਾ ਹੈ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ** ** ਇੱਕ ਰਿੰਪਾ ਖਾਨ ਨਾਮ ਦਾ ਡਰਾਈਵਰ ਹੈ, ਅੱਜ ਵੀ ਉਸ ਦੇ ਨਾਮ ਤੇ ਠੇਕੇ ਲਏ ਜਾਂਦੇ ਹਨ। ਅੱਜ ਵੀ 78 ਕਰੋੜ ਰੁਪਏ ਦਾ ਠੇਕਾ ਉਸ ਦੇ ਕੋਲ ਹੈ। ਦੱਸੋ, ਅਸੀਂ ਕੀ ਕਰਾਂਗੇ?

ਇਹ ਜਿਹੜਾ ਬਾਬਾ ਰਾਮ ਰਹੀਮ ਦੀ ਫਿਲਮ ਨੂੰ ਰਿਲੀਜ਼ ਕਰਵਾਉਣ ਵਾਸਤੇ ਸਾਰੇ ਪੰਜਾਬ ਨੂੰ, ਸਿੱਖੀ ਨੂੰ, ਸਿੱਖਾਂ ਨੂੰ ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਾਅ ਤੇ ਲਗਾ ਦਿੱਤਾ ਗਿਆ ਹੈ। ਅਸੀਂ ਕਿੱਥੇ ਜਾਵਾਂਗੇ? ਇਹ ਕਾਂਗਰਸ ਪਾਰਟੀ ਨੂੰ ਬਦਨਾਮ ਕਰਦੇ ਹਨ ਕਿ ਕਾਂਗਰਸ ਸਿੱਖਾਂ ਦੀ ਦੁਸ਼ਮਣ ਹੈ, ਪੰਜਾਬ ਦੀ ਦੁਸ਼ਮਣ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੁਸ਼ਮਣ ਹੈ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ ਨੇ ਸਦਾ ਹੀ ਇਨ੍ਹਾਂ ਦੇ ਪ੍ਰੋਗਰਾਮਾਂ ਦੀ ਮਦਦ ਕੀਤੀ ਹੈ। ਸੰਨ 1921 ਵਿੱਚ ਨਨਕਾਣਾ ਸਾਹਿਬ ਦਾ ਸਾਕਾ ਹੋਇਆ, ਉਦੋਂ ਰੰਧਾਵਾ ਸਾਹਿਬ ਦੇ ਧਾਰੋਵਾਲੀ ਪਿੰਡ ਤੋਂ ਭਾਈ ਲਛਮਣ ਸਿੰਘ ਹੋਰੀਂ ਸ਼ਹੀਦ ਕਰ ਦਿੱਤੇ ਗਏ ਸੀ, ਉਦੋਂ ਸਾਡੇ ਨੇਸ਼ਨ ਦੇ ਪਿਤਾ ਮਹਾਤਮਾ ਗਾਂਧੀ ਜੀ ਨੇ ਉਥੇ ਜਾ ਕੇ ਉਸ ਸੰਘਰਸ਼ ਦੀ ਮਦਦ ਕੀਤੀ ਸੀ। ਸੰਨ 1922 ਵਿੱਚ ਗੁਰੂ ਕੇ ਬਾਗ ਦਾ ਮੋਰਚਾ ਲਗਿਆ। ਉਦੋਂ ਵੀ ਕਾਂਗਰਸ ਵੱਲੋਂ ਮਦਨ ਮੋਹਨ ਮਾਲਵੀਆ, ਜਿਨ੍ਹਾਂ ਨੂੰ ਭਾਰਤ ਰਤਨ ਦਾ ਖਿਤਾਬ ਦਿੱਤਾ ਗਿਆ ਹੈ, ਉਨ੍ਹਾਂ ਨੇ ਆ ਕੇ ਅਕਾਲੀ ਦਲ ਦੇ ਸੰਘਰਸ਼ ਦੀ ਹਮਾਇਤ ਕੀਤੀ ਸੀ। ਸੰਨ 1924 ਵਿੱਚ ਜੈਤੋ ਦਾ

ਮੋਰਚਾ ਲੱਗਿਆ। ਉਥੇ ਆ ਕੇ ਪੰਡਿਤ ਜਵਾਹਰ ਲਾਲ ਨਹਿਰੂ, ਸਾਬਕਾ ਪ੍ਰਧਾਨ ਮੰਤਰੀ ਨੇ ਸਿਰਫ ਹਮਾਇਤ ਹੀ ਨਹੀਂ ਕੀਤੀ ਸੀ, ਸਗੋਂ ਉਸ ਵੇਲੇ ਉਨ੍ਹਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ ਅਤੇ ਨਾਭਾ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ। ਇੱਥੇ ਹੀ ਬਸ ਨਹੀਂ ਹੈ। ਇਹ ਕਹਿੰਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੀ ਹੈ, ਅਕਾਲੀ ਦਲ ਸਾਡਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਆਂਧਰਾ ਪ੍ਰਦੇਸ਼ ਵਿੱਚ ਕਾਕੀਨਾਡਾ ਨਾਮ ਦਾ ਇੱਕ ਕੋਸਟਲ ਸ਼ਹਿਰ ਹੈ, 1 ਜਨਵਰੀ, 1924 ਨੂੰ ਉਥੇ ਆਲ ਇੰਡੀਆ ਕਾਂਗਰਸ ਕਮੇਟੀ ਦਾ ਇੱਕ ਸੈਸ਼ਨ ਹੋਇਆ। ਉਸ ਸੈਸ਼ਨ ਵਿੱਚ ਮੈਡਮ ਸਰੋਜਿਨੀ ਨਾਇਡੂ ਜੋ ਕਿ ਕਾਂਗਰਸ ਪਾਰਟੀ ਦੀ ਜਨਰਲ ਸੈਕਟਰੀ ਸੀ, ਉਨ੍ਹਾਂ ਨੇ ਰੈਜ਼ੋਲਿਊਸ਼ਨ ਪੇਸ਼ ਕੀਤਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਅਕਾਲੀ ਦਲ ਵਾਲੇ ਇੱਕ ਫਰੀਡਮ ਸਟਰਗਲ ਲੜ ਰਹੇ ਹਨ, ਅਸੀਂ ਉਸ ਦੀ ਹਮਾਇਤ ਕਰਦੇ ਹਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਉਣੀ ਚਾਹੀਦੀ ਹੈ। ਉਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਸਾਡੇ ਡਾ. ਕਿਚਲੂ ਸਾਹਿਬ ਜੋ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਨ, ਉਨ੍ਹਾਂ ਨੇ ਕੀਤੀ। ਕਾਂਗਰਸ ਵੱਲੋਂ ਲਗਾਤਾਰ ਸਪੋਰਟ ਕਰਨ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਇਹ ਦੋਵੇਂ ਪਾਰਟੀਆਂ ਦੇਸ਼ਭਗਤ ਪਾਰਟੀਆਂ ਸਨ। ਇਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਿੱਚ ਬੜਾ ਯੋਗਦਾਨ ਪਾਇਆ। ਸੰਨ 1920 ਵਿੱਚ ਅਕਾਲੀ ਦਲ ਬਣਿਆ ਹੈ। ਜਦੋਂ ਸੰਨ 1920 ਵਿੱਚ ਅਕਾਲੀ ਦਲ ਬਣਿਆ ਤਾਂ ਗੁਰਦੁਆਰਾ ਸੁਧਾਰ ਲਹਿਰ ਚੱਲੀ ਸੀ। ਜਥੇਦਾਰ ਤੇਜਾ ਸਿੰਘ ਭੁੱਚਰ ਜੀ ਉਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ ਉਨ੍ਹਾਂ ਵੱਲੋਂ ਹੁਕਮ ਦਿੱਤਾ ਗਿਆ ਕਿ ਅਕਾਲੀ ਪਾਰਟੀ ਇੱਕ ਪੁਲੀਟੀਕਲ ਪਾਰਟੀ ਬਣਾਈ ਜਾਵੇ। ਉਸ ਦਾ ਸਭ ਤੋਂ ਪਹਿਲਾ ਪ੍ਰਧਾਨ ਸਰਦਾਰ ਸਰਮੁੱਖ ਸਿੰਘ ਝਬਾਲ ਨੂੰ ਬਣਾਇਆ ਗਿਆ। ਉਹ ਤਿੰਨ ਭਰਾ ਸਨ, ਇੱਕ ਅਮਰ ਸਿੰਘ ਸੀ ਅਤੇ ਦੂਜਾ ਜਸਵੰਤ ਸਿੰਘ ਸੀ। ਉਹ ਵਾਰੀ-ਵਾਰੀ ਤਿੰਨ ਸਾਲਾਂ ਲਈ ਪ੍ਰਧਾਨ ਰਹੇ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਦੇ ਸੰਵਿਧਾਨ ਵਿੱਚ ਦਰਜ ਹੈ ਕਿ ਕੋਈ ਵੀ ਪ੍ਰਧਾਨ ਤਿੰਨ ਸਾਲ ਤੋਂ ਵੱਧ ਸਮੇਂ ਲਈ ਨਹੀਂ ਰਹਿ ਸਕਦਾ ਅਤੇ ਕੋਈ ਵੀ ਪ੍ਰਧਾਨ ਬੇਅੰਮ੍ਰਿਤੀਆ ਨਹੀਂ ਹੋ ਸਕਦਾ। ਅਕਾਲੀ ਦਲ ਦੇ ਸੰਵਿਧਾਨ ਵਿੱਚ ਇਹ ਵੀ ਦਰਜ ਹੈ ਕਿ ਕੋਈ ਜਥੇਦਾਰ ਅਤੇ ਜ਼ਿਲ੍ਹਾ ਜਥੇਦਾਰ ਵੀ ਬੇਅੰਮ੍ਰਿਤੀਆ ਨਹੀਂ ਬਣ ਸਕਦਾ ਪਰ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਸ ਕਾਂਗਰਸ ਨੂੰ ਇਹ ਮਾੜਾ ਕਹਿੰਦੇ ਹਨ, ਕਿਸੇ ਵੇਲੇ ਹਾਲਤ ਇਹ ਸੀ ਕਿ ਲੋਕਾਂ ਕੋਲ ਅਕਾਲੀ ਦਲ ਅਤੇ ਕਾਂਗਰਸ ਦੋਹਾਂ ਪਾਰਟੀਆਂ ਦੀ ਡਬਲ ਮੈਂਬਰਸ਼ਿਪ ਹੁੰਦੀ ਸੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਪੰਜਾਬ ਦੇ ਮੁੱਖ

ਮੰਤਰੀ ਬਣੇ। ਕਿਸੇ ਵੇਲੇ ਉਹ ਐਸ.ਜੀ.ਪੀ.ਸੀ. ਦੇ ਮੈਂਬਰ ਵੀ ਸੀ ਅਤੇ ਅਕਾਲੀ ਦਲ ਦੇ ਜਨਰਲ ਸਕੱਤਰ ਵੀ ਸੀ। ਜਿਹੜੀ ਸਭ ਤੋਂ ਇੰਟਰਸਟਿੰਗ ਗੱਲ ਹੈ ਕਿ ਉਨ੍ਹਾਂ ਨੂੰ ਅਕਾਲੀ ਦਲ ਦੇ ਮੈਂਬਰ ਹੋਣ ਦੇ ਬਾਵਜੂਦ, ਐਸ.ਜੀ.ਪੀ.ਸੀ. ਦੇ ਮੈਂਬਰ ਹੋਣ ਦੇ ਬਾਵਜੂਦ ਕਾਂਗਰਸ ਪਾਰਟੀ ਨੇ ਆਪੋਜ਼ੀਸ਼ਨ ਪਾਰਟੀ ਦਾ ਲੀਡਰ ਨਾਮਜ਼ਦ ਕੀਤਾ, ਉਸ ਸਮੇਂ ਲਾਹੌਰ ਅਸੰਬਲੀ ਵਿੱਚ ਸਿਕੰਦਰ ਹਯਾਤ ਖਾਨ ਮੁੱਖ ਮੰਤਰੀ ਸਨ।

**ਮਾਨਯੋਗ ਸਪੀਕਰ:** ਪਲੀਜ਼, ਵਾਈਂਡ ਅੱਪ ਕਰੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਮੈਨੂੰ ਦਸ ਮਿੰਟ ਦੇ ਦਿਓ। ਸਪੀਕਰ ਸਾਹਿਬ, ਮੈਂ ਇਨ੍ਹਾਂ ਵਿੱਚ ਹੀ ਰਿਹਾ ਹਾਂ। ਮੈਂ ਬੜੇ ਧੱਕੇ ਖਾਧੇ ਹਨ। ਜਦੋਂ 4 ਅਗਸਤ, 1982 ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ ਮੋਰਚਾ ਲਗਾ ਕੇ ਗ੍ਰਿਫਤਾਰੀ ਦੇਣ ਗਿਆ ਤਾਂ ਮੈਂ ਨਾਅਰੇ ਮਾਰਦਾ ਮਾਰਦਾ ਇਨ੍ਹਾਂ ਨੂੰ ਕੋਤਵਾਲੀ ਤੱਕ ਛੱਡ ਕੇ ਆਇਆ ਸੀ। ਓਪਰੇਸ਼ਨ ਬਲੂ ਸਟਾਰ ਵਿੱਚ ਮੇਰਾ ਘਰ ਮਿਲਟਰੀ ਨੇ ਸਾੜ ਦਿੱਤਾ। ਮੈਂ ਸਭ ਕੁਝ ਬਰਬਾਦ ਕਰਵਾ ਕੇ ਇੱਥੇ ਆਇਆ ਹਾਂ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਮੈਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ ਹੈ ਅਤੇ ਸ਼੍ਰੀ ਰਾਹੁਲ ਗਾਂਧੀ ਜੀ ਨੇ ਮੈਨੂੰ ਚਾਰ ਵਾਰ ਟਿਕਟ ਦਿੱਤੀ ਹੈ। ਅਖੀਰ ਮੈਂ ਬਾਦਲ ਸਾਹਿਬ ਦੇ ਦਾਮਾਦ ਆਦੇਸ਼ ਪ੍ਰਤਾਪ ਸਿੰਘ ਨੂੰ ਹਰਾ ਕੇ ਅਸੰਬਲੀ ਵਿੱਚ ਆਇਆ ਹਾਂ। ਸੋ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 23 ਅਕਤੂਬਰ, 1951 ਨੂੰ ਅਕਾਲੀ ਦਲ ਦੇ ਜਨਰਲ ਹਾਊਸ ਨੇ ਇੱਕ ਮਤਾ ਪਾ ਦਿੱਤਾ ਕਿ ਅਸੀਂ ਅਕਾਲੀ ਦਲ ਭੰਗ ਕਰਕੇ ਕਾਂਗਰਸ ਵਿੱਚ ਸ਼ਾਮਲ ਹੋ ਜਾਂਦੇ ਹਾਂ। ਸਾਰਾ ਅਕਾਲੀ ਦਲ ਕਾਂਗਰਸ ਵਿੱਚ ਸ਼ਾਮਲ ਹੋ ਗਿਆ। ਉਸ ਸਮੇਂ 1957 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਕਾਂਗਰਸ ਦੀ ਟਿਕਟ ਤੇ ਪਹਿਲੀ ਵਾਰ ਐਮ.ਐਲ.ਏ. ਬਣੇ। ਅੱਜ ਆਪਾਂ ਕਾਂਗਰਸ ਨੂੰ ਬਦਨਾਮ ਕਰਦੇ ਹਾਂ ਕਿ ਕਾਂਗਰਸ ਬੜੀ ਮਾੜੀ ਹੈ। ਅਪਰੇਸ਼ਨ ਬਲਿਊ ਸਟਾਰ ਦਾ ਦੋਸ਼ੀ ਕਾਂਗਰਸ ਨੂੰ ਕਿਹਾ ਜਾਂਦਾ ਹੈ। ਮੈਂ ਤੁਹਾਡੇ ਕੋਲ ਬੜੀਆਂ ਉਦਾਹਰਣਾਂ ਦੇਣੀਆਂ ਚਾਹੁੰਦਾ ਹਾਂ। ਮੇਰੇ ਕੋਲ ਇਹ ਇੱਕ ਫੋਟੋ ਹੈ (ਫੋਟੋ ਹੱਥ ਵਿੱਚ ਫੜ੍ਕੇ ਲਹਿਰਾਉਂਦੇ ਹੋਏ) ਇਸ ਫੋਟੋ ਵਿੱਚ ** ** ਹੁਣ ਗੁਰੂ ਨੂੰ ਪਿਆਰੇ ਹੋ ਗਏ ਹਨ, ਇਹ ਮੰਗ ਕਰ ਰਹੇ ਹਨ ਕਿ ਸ੍ਰੀ ਦਰਬਾਰ ਸਾਹਿਬ ਤੇ ਫੌਜ ਭੇਜੀ ਜਾਵੇ। ਇਹ ਸਾਰਿਆਂ ਨੇ ਮਿਲ ਕੇ ਕਰ ਦਿੱਤਾ ਪਰ ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1985 ਵਿੱਚ ਇਨ੍ਹਾਂ ਨੇ ਲੰਬੀ ਤੋਂ ਚੋਣ ਲੜੀ ਤਾਂ ਇਨ੍ਹਾਂ ਨੇ ਐਫੀਡੈਵਿਟ ਦਿੱਤਾ ਸੀ ਕਿ ਇਨ੍ਹਾਂ ਦੀ ਪ੍ਰਾਪਰਟੀ ਕੁਝ ਲੱਖ ਰੁਪਏ ਹੈ। ਉਸ ਤੋਂ ਬਾਅਦ ਚਾਰ ਵਾਰ ਅਕਾਲੀ ਦਲ ਦੀ ਸਰਕਾਰ ਬਣੀ ਹੈ। ਇੱਕ ਵਾਰ ਬਰਨਾਲਾ

** Expunged as ordered by the Hon'ble Speaker.

ਸਾਹਿਬ ਮੁੱਖ ਮੰਤਰੀ ਬਣੇ ਸੀ ਅਤੇ ਤਿੰਨ ਵਾਰ ਸਰਦਾਰ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਸਨ। ਮੈਨੂੰ ਦੱਸਿਆ ਜਾਵੇ ਕਿ ਜਿਹੜੇ ਬੰਦੇ ਅਪਰੇਸ਼ਨ ਬਲੂ ਸਟਾਰ ਵਿੱਚ ਮਾਰੇ ਗਏ ਜਾਂ ਜਿਨ੍ਹਾਂ ਲੋਕਾਂ ਨੂੰ ਬੈਰਕਾਂ ਵਿੱਚ ਬਾਦਲ ਸਾਹਿਬ ਨੇ ਬਿਆਨ ਦੇ ਕੇ ਭੱਜਣ ਲਈ ਮਜਬੂਰ ਕੀਤਾ, ਕੀ ਉਨ੍ਹਾਂ ਨੂੰ ਕਦੇ ਇੱਕ ਰੁਪਿਆ ਵੀ ਦਿੱਤਾ ਹੈ? ਸਾਲ 2014 ਵਿੱਚ ਮੈਡਮ ਹਰਸਿਮਰਤ ਕੌਰ ਬਾਦਲ ਨੇ ਚੋਣ ਲੜੀ ਸੀ, ਉਨ੍ਹਾਂ ਨੇ ਆਪਣੇ ਐਫੀਡੈਵਿਟ ਵਿੱਚ 108 ਕਰੋੜ ਰੁਪਏ ਦੀ ਪ੍ਰਾਪਰਟੀ ਦੱਸੀ ਸੀ। ਜਦੋਂ ਸਾਲ 2017 ਵਿੱਚ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਜਲਾਲਾਬਾਦ ਤੋਂ ਚੋਣ ਲੜੀ ਤਾਂ ਉਨ੍ਹਾਂ ਨੇ ਆਪਣੀ ਪ੍ਰਾਪਰਟੀ 104 ਕਰੋੜ ਦੀ ਦੱਸੀ ਹੈ। ਇਨ੍ਹਾਂ ਦੀ ਪ੍ਰਾਪਰਟੀ ਤਾਂ ਵੱਧ ਗਈ ਪਰ ਜਿਹੜੇ ਗਰੀਬ ਮਰ ਗਏ, ਜਿਨ੍ਹਾਂ ਦੇ ਘਰ ਵਿੱਚ ਰੋਟੀ ਬਣਾਉਣ ਵਾਲਾ ਵੀ ਕੋਈ ਨਹੀਂ ਰਿਹਾ, ਉਨ੍ਹਾਂ ਦੀ ਬਾਤ ਕੌਣ ਪੁੱਛੇਗਾ? ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਨੇ ਕਿਸੇ ਨੂੰ ਇੱਕ ਰੁਪਿਆ ਵੀ ਨਹੀਂ ਦਿੱਤਾ। ਜਦੋਂ ਅਪਰੇਸ਼ਨ ਬਲਿਊ ਸਟਾਰ ਹੋਇਆ ਤਾਂ ਸਾਨੂੰ ਫੜ੍ਹ ਕੇ ਨਾਭਾ ਜੇਲ੍ਹ ਲੈ ਗਏ। ਉਦੋਂ ਤਾਂ ਸਾਡੇ ਕੋਲ ਤਨ ਤੇ ਕੱਪੜਾ ਵੀ ਕੋਈ ਨਹੀਂ ਸੀ। ਕੈਪਟਨ ਅਮਰਿੰਦਰ ਸਿੰਘ ਨੇ ਉਦੋਂ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ ਸੀ। ਉਦੋਂ ਇਨ੍ਹਾਂ ਨੇ ਪਹਿਲੀ ਵਾਰ ਸਾਨੂੰ ਨਾਭਾ ਜੇਲ੍ਹ ਵਿੱਚ ਕਛਹਿਰੇ ਅਤੇ ਬੁਨੈਣਾਂ ਭੇਜੀਆਂ। ਉਸ ਤੋਂ ਬਾਅਦ ਸਾਲ 2004 ਵਿੱਚ ਜਦੋਂ ਦੁਬਾਰਾ ਕਾਂਗਰਸ ਸਰਕਾਰ ਆਈ ਤਾਂ ਮੈਂ ਕੈਪਟਨ ਸਾਹਿਬ ਨੂੰ ਬੇਨਤੀ ਕੀਤੀ ਕਿ ਓਪਰੇਸ਼ਨ ਬਲਿਊ ਸਟਾਰ ਦੌਰਾਨ ਜਿਹੜੇ ਲੋਕ ਜੋਧਪੁਰ ਜੇਲ੍ਹ ਵਿੱਚ ਗਏ, ਉਨ੍ਹਾਂ ਨੂੰ ਅਕਾਲੀ ਦਲ ਨੇ ਬੜੀ ਵਾਰ ਕਿਹਾ ਕਿ ਅਸੀਂ ਤੁਹਾਡੀ ਮਦਦ ਕਰਾਂਗੇ ਪਰ ਕੀਤਾ ਕੁਝ ਨਹੀਂ। ਮੈਂ ਕਿਹਾ ਕਿ ਆਪਾਂ ਉਨ੍ਹਾਂ ਨੂੰ ਥੋੜ੍ਹੇ-ਥੋੜ੍ਹੇ ਪੈਸੇ ਦੇ ਦੇਈਏ ਤਾਂ ਕੈਪਟਨ ਸਾਹਿਬ ਨੇ ਮੇਰੀ ਬੇਨਤੀ ਪ੍ਰਵਾਨ ਕਰਦੇ ਹੋਏ ਇੱਕ-ਇੱਕ ਲੱਖ ਰੁਪਿਆ 65 ਬੰਦਿਆਂ ਨੂੰ ਦਿੱਤਾ। ਇੱਥੇ ਹੀ ਬੱਸ ਨਹੀਂ ਪਿੱਛੇ ਜਿਹੇ ਸਾਡੀ ਅੰਮ੍ਰਿਤਸਰ ਦੀ ਅਦਾਲਤ ਨੇ 40 ਬੰਦਿਆਂ ਨੂੰ ਕੰਪਨਸੇਸ਼ਨ ਦੇਣ ਦਾ ਫੈਸਲਾ ਕੀਤਾ ਕਿ ਜੋਧਪੁਰ ਜੇਲ੍ਹ ਦੇ 40 ਡਿਟੇਨੀਜ਼ ਨੂੰ ਕੰਪਨਸੇਟ ਕੀਤਾ ਜਾਵੇ। ਉਦੋਂ ਵੀ ਇਹ ਸਾਰੇ ਬੰਦੇ ਇਕੱਠੇ ਹੋ ਕੇ ਬਾਦਲ ਸਾਹਿਬ ਕੋਲ ਗਏ ਸੀ ਅਤੇ ਮੁਆਵਜ਼ਾ ਮੰਗਿਆ ਤਾਂ ਵੱਡੇ ਬਾਦਲ ਸਾਹਿਬ ਦਾ ਜਵਾਬ ਸੀ ਕਿ ਕੀ ਮੈਂ ਤੁਹਾਨੂੰ ਆਪਣੀ ਜ਼ਮੀਨ ਵੇਚ ਕੇ ਮੁਆਵਜ਼ਾ ਦੇ ਦਿਆਂ। ਸੋ, ਕਿਸੇ ਨੇ ਮੁਆਵਜ਼ਾ ਨਹੀਂ ਦਿੱਤਾ ਪਰ ਮੈਂ ਕੈਪਟਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ 11-11 ਲੱਖ ਰੁਪਿਆ ਦੇਣ ਦਾ ਫੈਸਲਾ ਕੀਤਾ ਅਤੇ ਕੇਂਦਰ ਸਰਕਾਰ ਨੂੰ ਮਜਬੂਰ ਕੀਤਾ ਕਿ ਉਹ ਆਪਣੇ ਹਿੱਸੇ ਦੇ ਅੱਧੇ ਪੈਸੇ ਦੇਵੇ। 2 ਜੁਲਾਈ ਨੂੰ ਕੇਂਦਰ ਸਰਕਾਰ ਨੇ ਹਾਈ ਕੋਰਟ ਵਿੱਚ ਰਿੱਟ ਫਾਈਲ ਕਰ ਦਿੱਤੀ ਸੀ, ਮਹਾਰਾਜਾ ਅਮਰਿੰਦਰ ਸਿੰਘ ਜੀ ਨੇ ਉਨ੍ਹਾਂ ਨੂੰ ਉਹ ਰਿੱਟ ਵਾਪਸ ਲੈਣ ਵਾਸਤੇ ਮਜਬੂਰ ਕੀਤਾ, ਹੋਮ ਮਨਿਸਟਰ ਨੂੰ ਟੈਲੀਫੋਨ ਕਰਕੇ ਅਪੀਲ ਵਾਪਸ ਲੈਣ ਲਈ ਕਿਹਾ। ਉਨ੍ਹਾਂ ਨੂੰ ਰਿੱਟ ਵਾਪਸ ਕਰਨ ਵਾਸਤੇ ਮਜਬੂਰ ਕੀਤਾ । ਮਹਾਰਾਜਾ ਅਮਰਿੰਦਰ ਸਿੰਘ ਜੀ ਨੇ ਅਪੀਲ ਕੀਤੀ ਅਤੇ

ਟੈਲੀਫੋਨ ਕਰਕੇ ਹੋਮ ਮਨਿਸਟਰ ਨੂੰ ਕਿਹਾ ਕਿ ਤੁਸੀਂ ਆਪਣੀ ਅਪੀਲ ਵਾਪਸ ਲਓ ਅਤੇ ਪੈਸੇ ਦਿੱਤੇ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਬਹਿਬਲ ਕਲਾਂ ਦੇ ਦੋ ਲੋਕ ਮਾਰੇ ਗਏ, ਉਨ੍ਹਾਂ ਨੂੰ compensation ਦੇਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕੀਤਾ ਹੈ ਪਰ compensation 10-10 ਲੱਖ ਰੁਪਏ ਨਹੀਂ ਦਿੱਤੀ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇੱਕ ਦਿਨ ਖਲੋ ਕੇ ਐਲਾਨ ਕੀਤਾ ਕਿ ਦੋ ਬੰਦੇ ਜਿਹੜੇ ਅਸਲੀ ਦੋਸ਼ੀ ਫੜ੍ਹੇ ਗਏ, ਇੱਕ ਦਾ ਨਾਂ ਜਸਵਿੰਦਰ ਸਿੰਘ ਸੀ ਅਤੇ ਇੱਕ ਦਾ ਨਾਮ ਰੁਪਿੰਦਰ ਸਿੰਘ ਸੀ, ਉਨ੍ਹਾਂ ਨੂੰ ਫੜ੍ਹ ਕੇ ਕੁੱਟ-ਕੁੱਟ ਕੇ ਬੜਾ ਬੁਰਾ ਹਾਲ ਕਰ ਦਿੱਤਾ। ਫਰੀਦਕੋਟ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ। ਫਿਰ ਬਾਅਦ ਵਿੱਚ ਛੱਡ ਦਿੱਤਾ ਗਿਆ ਕਿ ਗਲਤ ਸ਼ੱਕ ਹੋ ਗਿਆ ਸੀ। ਕਿਹਾ ਗਿਆ ਕਿ ਗਲਤ ਸ਼ੱਕ ਹੋ ਗਿਆ ਸੀ ਪ੍ਰੰਤੂ ਇਨ੍ਹਾਂ ਬੰਦਿਆਂ ਦਾ ਕਸੂਰ ਕੋਈ ਨਹੀਂ ਹੈ। ਕੀ ਉਨ੍ਹਾਂ ਨੂੰ ਮੁਆਵਜ਼ਾ ਮਿਲਿਆ ਹੈ, ਉਨ੍ਹਾਂ ਨੂੰ ਕੁੱਟ ਕਿਹੜੀ ਗੱਲੋਂ ਪਈ? ਉਨ੍ਹਾਂ ਨੂੰ ਕਿਹੜੀ ਗੱਲੋਂ ਜੇਲ੍ਹ ਵਿੱਚ ਬੰਦ ਕਰ ਦਿੱਤਾ? ਹੁਣ ਜਿਹੜੀ ਜਸਟਿਸ ਸਾਹਿਬ ਦੀ ਰਿਪੋਰਟ ਹੈ, ਉਸ ਦੇ ਵਿੱਚ ਇਹ ਗੱਲ ਦੱਸੀ ਗਈ ਕਿ ਇੱਕ ਸੁਖਜਿੰਦਰ ਅਤੇ ਇੱਕ ਰਣਦੀਪ, ਇਨ੍ਹਾਂ ਦੋ ਜਣਿਆਂ ਨੇ ਗੁਰਦੁਆਰਾ ਪਿੰਡ ਜਵਾਹਰਸਿੰਘਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕੀਤੀ। ਉਸ ਦੇ ਨਾਲ ਇੱਕ ਮੁੰਡਾ ਮਹਿੰਦਰਪਾਲ ਬਿੱਟੂ ਸੀ, ਉਹ ਉਨ੍ਹਾਂ ਦਾ ਸਹਿਯੋਗੀ ਸੀ। ਉਹ ਸਾਰੇ ਬੰਦੇ ਡੇਰੇ ਦੇ ਪ੍ਰੇਮੀ ਸਨ। ਇਹ ਗੱਲਾਂ ਸਾਰੀ ਰਿਪੋਰਟ ਦੇ ਵਿੱਚ ਮੌਜੂਦ ਹਨ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹੈ ਕਿ ਇਨ੍ਹਾਂ ਨੇ ਅੱਜ ਤੱਕ ਤਾਂ ਕਿਸੇ ਨੂੰ compensation ਨਹੀਂ ਦਿੱਤੀ ਹੈ। ਮੈਂ ਮਹਾਰਾਜਾ ਸਾਹਿਬ ਦਾ ਧੰਨਵਾਦੀ ਹਾਂ, ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਵਿੱਚ ਰਿਕੁਮੈਂਡੇਸ਼ਨ ਕੀਤੀ ਗਈ ਹੈ ਕਿ ਜਿਹੜੇ ਦੋ ਬੰਦੇ ਬਹਿਬਲ ਕਲਾਂ ਦੇ ਵਿੱਚ ਸ਼ਹੀਦ ਕੀਤੇ ਗਏ, ਉਨ੍ਹਾਂ ਨੂੰ 75-75 ਲੱਖ ਰੁਪਏ ਕੰਪਨਸੇਸ਼ਨ ਦਿੱਤੀ ਜਾਵੇ ਪਰ ਮਹਾਰਾਜਾ ਸਾਹਿਬ ਦੇ ਸਦਕੇ ਜਾਈਏ, ਇਨ੍ਹਾਂ ਨੇ ਕਰੋੜ-ਕਰੋੜ ਰੁਪਿਆ ਕੰਪਨਸੇਸ਼ਨ ਦਿੱਤੀ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਜਿਹੜੇ ਫੱਟੜ ਸਨ, ਉਨ੍ਹਾਂ ਨੂੰ ਵੀ ਕੰਪਨਸੇਸ਼ਨ ਦਿੱਤੀ ਹੈ ਜੀ। ਸਪੀਕਰ ਸਾਹਿਬ, ਮੈਂ ਇੱਕ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਜਿਸ ਦਿਨ ਜੋਧਪੁਰ ਜੇਲ੍ਹ ਵਾਲੇ ਪੈਸੇ ਲੈਣ ਵਾਸਤੇ ਆਏ। ਇੱਕ ਬੰਦਾ ਬਹੁਤ ਬਜ਼ੁਰਗ ਸੀ। ਉਸ ਨੂੰ ਪਿਸ਼ਾਬ ਦਾ ਬਲੈਡਰ ਲੱਗਾ ਹੋਇਆ ਸੀ। ਜਦੋਂ ਸੀ.ਐਮ ਸਾਹਿਬ ਨੂੰ ਪਤਾ ਲੱਗਾ ਕਿ ਕੀ ਗੱਲ ਹੋ ਗਈ ਤਾਂ ਉਹ ਕਹਿੰਦਾ ਕਿ ਮੈਂ ਬਿਮਾਰ ਹਾਂ। ਇਨ੍ਹਾਂ ਨੇ ਉਸੇ ਵੇਲੇ ਉਸ ਨੂੰ ਪੀ.ਜੀ.ਆਈ ਵਿੱਚ ਭੇਜਿਆ । ਮੈਂ ਦੱਸ ਨਹੀਂ ਸਕਦਾ ਕਿ ਜਿਹੜੇ ਲੋਕਾਂ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਲੈ ਲੈ ਕੇ ਵਾਰ-ਵਾਰ ਵੋਟਾਂ ਮੰਗੀਆਂ ਅਤੇ ਦਿੱਲੀ

ਦੇ ਦੰਗਿਆਂ ਦੇ ਵਿੱਚ ਜਿਹੜੇ ਲੋਕ ਉਥੇ ਪੀੜ੍ਹਤ ਸਨ, ਉਥੋਂ ਦੀਆਂ ਵਿਧਵਾਵਾਂ ਨੂੰ ਲਿਆ-ਲਿਆ ਕੇ ਇਨ੍ਹਾਂ ਨੇ ਪੰਜਾਬ ਅਤੇ ਪੰਜਾਬ ਦੇ ਵੱਖ-ਵੱਖ ਅਸੰਬਲੀ ਹਲਕਿਆਂ ਵਿੱਚ ਉਨ੍ਹਾਂ ਦਾ ਪ੍ਰਚਾਰ ਕੀਤਾ, ਉਨ੍ਹਾਂ ਲੋਕਾਂ ਨੂੰ ਕਦੇ ਵੀ ਕੋਈ ਇੱਕ ਰੁਪਿਆ ਨਹੀਂ ਦਿੱਤਾ।

**Mr. Speaker:** Please wind up. ਤੁਸੀਂ Wind up ਕਰੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਮੈਂ ਇੱਕ-ਦੋ ਗੱਲਾਂ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ । ਕਾਂਗਰਸ ਦੇ ਬੜੇ ਵੱਡੇ-ਵੱਡੇ ਲੀਡਰ ਸਾਡੇ ਮਾਝੇ ਨਾਲ ਸਬੰਧਿਤ ਰਹੇ ਹਨ, ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ, ਸਰਦਾਰ ਗੁਰਦਿਆਲ ਸਿੰਘ ਢਿੱਲੋਂ ਜੀ, ਸਰਦਾਰ ਦਰਸ਼ਨ ਸਿੰਘ ਫੇਰੂਮਾਨ, ਸਰਦਾਰ ਸੋਹਣ ਸਿੰਘ ਜਲਾਲ ਉਸਮਾ, ਸਰਦਾਰ ਨਰਾਇਣ ਸਿੰਘ ਆਦਿ ਬਹੁਤ ਸਾਰੇ ਰਹੇ ਹਨ ਪਰ ਸਪੀਕਰ ਸਾਹਿਬ, ਅੱਜ ਜਿਨ੍ਹਾਂ ਲੋਕਾਂ ਦਾ ਅਸੀਂ ਮੁਕਾਬਲਾ ਕਰਕੇ ਆਏ ਹਾਂ, ਉਨ੍ਹਾਂ ਵਿੱਚੋਂ ਕਿਸੇ ਤੇ ਦੋਸ਼ ਲਗਦਾ ਹੈ ਕਿ ਕੋਈ ਸਮੈਕ ਵੇਚਦਾ ਹੈ, ਕਿਸੇ ਤੇ ਦੋਸ਼ ਲਗਦਾ ਹੈ ਕਿ ਕੋਈ ਸਮੈਕ ਪੀਂਦਾ ਹੈ। ਇਹੋ ਜਿਹੇ ਅਕਾਲੀ ਦਲ ਦੇ ਲੀਡਰ ਹਨ। ਮੈਂ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਅਕਾਲੀ ਦਲ ਦੇ ਲੀਡਰ ਨੇ ਅੰਮ੍ਰਿਤ ਨਹੀਂ ਛਕਿਆ ਹੈ। ਇਹ ਜਿਹੜੇ 14 ਮੈਂਬਰ ਅਸੰਬਲੀ ਵਾਲੇ ਹਨ, ਇਨ੍ਹਾਂ ਵਿੱਚੋਂ ਵੀ ਕਿਸੇ ਨੇ ਅੰਮ੍ਰਿਤ ਨਹੀਂ ਛਕਿਆ ਹੋਇਆ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੈਪਟਨ ਅਮਰਿੰਦਰ ਸਿੰਘ ਬਾਰੇ ਬੇਸ਼ੱਕ ਇਹ ਬੜੀਆਂ ਗੱਲਾਂ ਕਰਦੇ ਹਨ। ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ਇੱਥੇ ਮੰਨ ਕੇ ਗਏ ਹਨ ਕਿ ਇਨ੍ਹਾਂ ਤੇ ਗੁਰੂ ਦੀਆਂ ਬਖਸ਼ਿਸ਼ਾਂ ਹਨ। ਗੁਰੂ ਦੀਆਂ ਬਖਸ਼ਿਸ਼ਾਂ ਐਵੇਂ ਨਹੀਂ ਹੋਈਆਂ। ਸਪੀਕਰ ਸਾਹਿਬ, ਜਦੋਂ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਦੇ ਵਿੱਚ ਸ਼ਹੀਦ ਹੋਏ ਹਨ, ਉਸ ਵੇਲੇ ਬੀਬੀ ਹਰਸ਼ਰਨ ਕੌਰ ਨੇ ਕੋਸ਼ਿਸ਼ ਕੀਤੀ ਕਿ ਦੋਹਾਂ ਸਾਹਿਬਜ਼ਾਦਿਆਂ ਦਾ ਮੈਂ ਸਸਕਾਰ ਕਰਾਂ। ਗੁਰੂ ਸਾਹਿਬ ਨੂੰ ਪੰਜਾਂ ਪਿਆਰਿਆਂ ਨੇ ਜਾਣ ਦਾ ਹੁਕਮ ਕਰ ਦਿੱਤਾ ਤਾਂ ਉਹ ਨਿਕਲ ਗਏ। ਉਥੇ ਇੱਕ ਭਾਈ ਰਾਮਾ ਅਤੇ ਭਾਈ ਤਰਲੋਕਾ ਜੰਗਲਾਂ ਦੇ ਵਿੱਚ ਲੱਕੜਾਂ ਕੱਟ ਰਹੇ ਸਨ। ਉਹ ਉਥੇ ਆਏ ਤੇ ਉਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਦੇਖਿਆ, ਉਨ੍ਹਾਂ ਨੇ ਬੀਬੀ ਦਾ ਵੀ ਸਸਕਾਰ ਕੀਤਾ ਕਿਉਂਕਿ ਬੀਬੀ ਹਰਸ਼ਰਨ ਕੌਰ ਨੂੰ ਮੁਗਲਾਂ ਨੇ ਸਿੰਘਾਂ ਦਾ ਸਸਕਾਰ ਕਰਦਿਆਂ ਚਿਤਾ ਵਿੱਚ ਹੀ ਸੁੱਟ ਦਿਤਾ ਸੀ ਤੇ ਸਾਹਿਬਜ਼ਾਦਿਆਂ ਸਮੇਤ ਹੋਰਨਾਂ ਸਿੰਘਾਂ ਦਾ ਵੀ ਸਸਕਾਰ ਕੀਤਾ। ਸਪੀਕਰ ਸਾਹਿਬ, ਉਹ ਕੋਈ ਹੋਰ ਨਹੀਂ ਸਨ, ਉਹ ਕੈਪਟਨ ਸਾਹਿਬ ਦੇ ਵੱਡੇ-ਵਡੇਰੇ ਸਨ। ਭਾਈ ਰਾਮਾ ਜਿਨ੍ਹਾਂ ਦੇ ਨਾਮ ਤੇ ਰਾਮਪੁਰਾ ਫੂਲ ਤਹਿਸੀਲ ਬਣੀ ਹੈ।ਜਦੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਗਲ ਨਾਲ ਲਗਾ ਕੇ "ਤੇਰਾ ਘਰ ਮੇਰਾ ਅਸਿਹ" ਕਿਹਾ।

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰੋ ਜੀ।

**ਸਰਦਾਰ ਹਰਮਿੰਦਰ ਸਿੰਘ ਗਿੱਲ:** ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਗੱਲਾਂ ਹਨ। ਸਪੀਕਰ ਸਾਹਿਬ, ਬਹੁਤ ਕੁਝ ਵਾਪਰਿਆ ਹੈ। ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ, ਉਦੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਸਰਹੰਦ ਵਿੱਚ ਆਏ। ਉਨ੍ਹਾਂ ਨੇ ਤਿੰਨ ਤਰ੍ਹਾਂ ਦੇ ਦੋਸ਼ੀ ਮੁਕੱਰਰ ਕੀਤੇ ਸਨ, ਇੱਕ ਜ਼ੁਲਮ ਕਰਨ ਵਾਲੇ, ਦੂਜੇ ਜ਼ੁਲਮ ਕਰਵਾਉਣ ਵਾਲੇ ਅਤੇ ਤੀਸਰੇ ਜ਼ੁਲਮ ਬਰਦਾਸ਼ਤ ਕਰਨ ਵਾਲੇ। ਉਨ੍ਹਾਂ ਨੇ ਜ਼ੁਲਮ ਕਰਨ ਤੇ ਕਰਵਾਉਣ ਵਾਲੇ ਸੋਧ ਦਿੱਤੇ। ਜਿਹੜਾ ਦੀਵਾਨ ਸੁੱਚਾ ਨੰਦ ਸੀ, ਜਿਸ ਨੇ ਕਿਹਾ ਕਿ ਬੱਚੇ ਮਾਰ ਦੇਣੇ ਚਾਹੀਦੇ ਹਨ, ਇਹ ਬੜੀਆਂ ਤਿੱਖੀਆਂ ਸੂਲਾਂ ਹਨ। ਉਸ ਨੂੰ ਵੀ ਖਤਮ ਕਰ ਦਿੱਤਾ ਗਿਆ ਪ੍ਰੰਤੂ ਜਿਸ ਵੱਲੋਂ 'ਹਾਅ ਦਾ ਨਾਹਰਾ' ਮਾਰਿਆ ਗਿਆ ਸੀ, ਉਸ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਜਿਹੜੀ ਰਿਪੋਰਟ ਜਸਟਿਸ ਸਾਹਿਬ ਨੇ ਦਿੱਤੀ ਹੈ ਉਸ ਦੇ ਵਿੱਚ 92 ਵਾਰ ਨਹੀਂ, ਹਜ਼ਾਰਾਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਨਾਂ ਦਾ ਜ਼ਿਕਰ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸਰੂਪ ਬੜੇ ਸਤਿਕਾਰ ਨਾਲ ਵਾਰ-ਵਾਰ ਮੈਨਸ਼ਨ ਕੀਤਾ ਗਿਆ ਹੈ। ਸਾਡੇ ਸਦਨ ਵਿੱਚ ਉਸ ਰਿਪੋਰਟ ਦੀ ਕਾਪੀ ਨੂੰ ਫਾੜ ਕੇ ਲੀਰੋ-ਲੀਰ ਕਰਕੇ ਲੋਕਾਂ ਦੇ ਪੈਰਾਂ ਵਿੱਚ ਸੁੱਟਿਆ ਗਿਆ ਹੈ। ਕੱਲ੍ਹ ਇਨ੍ਹਾਂ ਨੇ ਅਸੰਬਲੀ ਦੇ ਬਾਹਰ ਪਾੜ ਕੇ ਸੁੱਟਿਆ ਹੈ। ਇਹ ਕੀ ਕਰਨਾ ਚਾਹੁੰਦੇ ਹਨ? ਦੱਸੋ, ਜਦੋਂ ਕੋਈ ਅਦਾਲਤ ਕਿਸੇ ਬੰਦੇ ਨੂੰ ਦੋਸ਼ੀ ਕਰਾਰ ਦੇ ਦਿੰਦੀ ਹੈ ਤਾਂ ਕੀ ਉਹ ਬੰਦਾ ਜੱਜ ਨੂੰ ਕਹੇਗਾ ਕਿ ਤੂੰ ਜਸਟਿਸ ਹੀ ਨਹੀਂ ਹੈਂ, ਤੂੰ ਚੋਰ ਹੈ, ਤੇਰੀਆਂ ਡਿਗਰੀਆਂ ਜਾਅਲੀ ਹਨ? ਜਸਟਿਸ ਰਣਜੀਤ ਸਿੰਘ, ਜਿਹੜੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿਨਾਉਨਡ ਜਸਟਿਸ ਰਹੇ ਹਨ, ਉਨ੍ਹਾਂ ਨੇ ਬੜੇ ਸ਼ਾਨਦਾਰ ਫੈਸਲੇ ਕੀਤੇ ਹਨ। ਉਨ੍ਹਾਂ ਦੀ ਕਾਬਲੀਅਤ ਤੇ ਇਨ੍ਹਾਂ ਨੇ ਉਂਗਲਾਂ ਉਠਾਈਆਂ ਹਨ, ਇਨਜਸਟਿਸ ਕਿਹਾ ਹੈ। ਇਹ ਕਹਿੰਦੇ ਕਿ ਉਹ ਸਿੱਖ ਹੀ ਨਹੀਂ ਹੈ ਔਰ ਇਹ ਵੀ ਗੱਲ ਕਹੀ ਹੈ ਕਿ ਇਨ੍ਹਾਂ ਦੀਆਂ ਡਿਗਰੀਆਂ ਜਾਅਲੀ ਹਨ। ਇਨ੍ਹਾਂ ਨੇ ਕਿਹਾ ਕਿ ਸਾਡੀ ਅਕਾਲੀ ਦਲ ਦੀ ਸਰਕਾਰ ਆ ਲੈਣ ਦਿਉ, ਅਸੀਂ ਪਰਚੇ ਦਰਜ ਕਰਾਂਗੇ। ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਕਾਂਗਰਸੀ ਬਾਅਦ ਵਿੱਚ ਹਾਂ, ਐਮ.ਐਲ.ਏ. ਬਾਅਦ ਵਿੱਚ ਹਾਂ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਿੱਖ ਪਹਿਲਾਂ ਹਾਂ। ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਵਾਲਾ ਇਹ ਬਹੁਤ ਹੀ ਸਨਸਨੀਖੇਜ਼ ਮਾਮਲਾ ਹੈ ਅਤੇ ਜਸਟਿਸ ਰਣਜੀਤ ਸਿੰਘ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਇਸ ਵਿੱਚ ਸਿਰਫ ਸੀ.ਐਮ.ਓ. ਇਨਵਾਲਵ ਨਹੀਂ ਸਗੋਂ ਸਾਬਕਾ ਸੀ.ਐਮ. ਸਾਹਿਬ ਖੁਦ ਇਨਵਾਲਵਡ ਹੈ। ਜੋ ਕੁਝ ਕੋਟਕਪੂਰੇ ਵਿੱਚ ਵਾਪਰਿਆ, ਜੋ

[ ਸਰਦਾਰ ਹਰਮਿੰਦਰ ਸਿੰਘ ਗਿੱਲ ]

ਕੁਝ ਬਹਿਬਲ ਕਲਾਂ ਵਿੱਚ ਵਾਪਰਿਆ ਹੈ, ਉਹ ਖੁਦ ਦੋਸ਼ੀ ਹਨ। ਇਸ ਵਾਸਤੇ ਸੁਮੇਧ ਸੈਣੀ ਦੋਸ਼ੀ ਹੈ, ਇਸ ਵਿੱਚ 35-36 ਪੁਲਿਸ ਅਫ਼ਸਰਾਂ ਦਾ ਵੀ ਨਾਂ ਲਿਆ ਗਿਆ ਹੈ। ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਇਹੋ ਜਿਹੀ ਐਗਜ਼ੈਂਪਲਰੀ ਪਨਿਸ਼ਮੈਂਟ ਮਿਲੇ ਕਿ ਦੁਨੀਆ ਵਿੱਚ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਨ ਦੀ ਜੁਰੱਅਤ ਨਾ ਕਰੇ, ਇਹ ਬਹੁਤ ਸੀਰੀਅਸ ਮਾਮਲਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਦੇ ਨਾਲ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀ ਸੁਖਬੀਰ ਸਿੰਘ ਬਾਦਲ ਨੇ ਕਮਿਸ਼ਨ ਦੀ ਤੌਹੀਨ ਕੀਤੀ ਹੈ, ਉਨ੍ਹਾਂ ਦੀ ਕਾਬਲੀਅਤ ਤੇ ਉਂਗਲਾਂ ਉਠਾਈਆਂ ਹਨ, ਉਨ੍ਹਾਂ ਦੇ ਖਿਲਾਫ ਵੀ ਮਾਣਹਾਨੀ ਦਾ ਪਰਚਾ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ, ਇਹ ਸਾਰੇ ਦੋਸ਼ੀ ਹਨ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮਤ ਕੋਈ ਖਿਆਲ ਕਰੇ ਕਿ ਅਸੀਂ 25 ਸਾਲ ਰਾਜ ਕਰ ਲਵਾਂਗੇ, ਇਹ ਬੜਾ ਔਖਾ ਹੈ। ਪੰਜਾਬ ਦੇ ਲੋਕ ਬੜੇ ਹੋਰ ਤਰ੍ਹਾਂ ਦੇ ਲੋਕ ਹਨ। ਇਹ ਭੁਲੇਖਾ ਖਾਂਦੇ ਫਿਰਦੇ ਹਨ ਕਿ ਅਸੀਂ 25 ਸਾਲ ਰਾਜ ਕਰ ਸਕਦੇ ਹਾਂ। ਇਹ ਪਰਕਾਸ਼ ਸਿੰਘ ਬਾਦਲ ਦੀ ਬਾਬੇ ਰਾਮ ਰਹੀਮ ਦੇ ਚਰਨਾਂ ਵਿੱਚ ਬੈਠਿਆਂ ਦੀ ਫੋਟੋ ਹੈ, (ਇੱਕ ਫੋਟੋ ਲਹਿਰਾਉਂਦੇ ਹੋਏ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਇਨ੍ਹਾਂ ਦੀ ਕਰਤੂਤ ਹੈ। ਇਸ ਤੋਂ ਇਲਾਵਾ ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ, (ਇੱਕ ਹੋਰ ਫੋਟੋ ਲਹਿਰਾਉਂਦੇ ਹੋਏ) ਇਹ ਫੋਟੋ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਅਜੀਤ ਸਿੰਘ ਪੂਹਲੇ ਦੇ ਨਾਲ ਹੈ। ਇਹ ਕਹਿੰਦੇ ਕਿ ਮੈਨੂੰ ਬੜਾ ਦੁੱਖ ਹੋਇਆ ਹੈ, ਜਦੋਂ ਬਾਬੇ ਪੂਹਲੇ ਦਾ ਭਰਾ ਮਰ ਗਿਆ, ਮੈਂ ਉਸ ਦਾ ਅਫਸੋਸ ਕਰਨ ਗਿਆ ਸੀ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਉਹ ਬਾਬਾ ਪੂਹਲਾ ਹੈ, ਜੋ ਪੰਥ ਦੇ ਇੱਕ ਕਵੀਸ਼ਰ ਜੋਗਾ ਸਿੰਘ ਜੋਗੀ ਦੀ ਪੋਤਰੀ ਕੱਢ ਕੇ ਲੈ ਗਿਆ। ਉਸ ਬੰਦੇ ਨੇ ਇੰਨੇ ਅੱਤਿਆਚਾਰ ਕੀਤੇ ਪਰ ਮੈਂ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਉਸ ਨੂੰ ਫੜ ਕੇ ਅੰਦਰ ਕੀਤਾ ਅਤੇ ਅਖੀਰ ਲੋਕਾਂ ਨੇ ਆਪਣਾ ਫੈਸਲਾ ਸੁਣਾਇਆ, ਜੇਲ੍ਹ ਦੇ ਵਿੱਚ ਸੁਣਾਇਆ।

ਇੱਥੇ ਹੀ ਬੱਸ ਨਹੀਂ (ਇੱਕ ਹੋਰ ਫੋਟੋ ਲਹਿਰਾਉਂਦੇ ਹੋਏ) ਇਹ ਇਨ੍ਹਾਂ ਦੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ** ** ਹਨ, ਜਿਨ੍ਹਾਂ ਦੀ ਸਰਵਿਸ ਬਾਹਰਲੇ ਲੋਕਾਂ ਨੇ ਕੀਤੀ ਹੈ। ਇਹ ਉਨ੍ਹਾਂ ਦੀ ਫੋਟੋ ਹੈ। ਇਹ ਦਿੱਲੀ ਕਮੇਟੀ ਦੇ ਕੀ ਖੂਬ ਪ੍ਰਧਾਨ ਹਨ। (ਸ਼ੋਰ) ਤੁਹਾਨੂੰ ਫੋਟੋ ਵੀ ਦੇ ਦਿਆਂਗੇ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। (ਇੱਕ ਹੋਰ ਫੋਟੋ ਲਹਿਰਾਉਂਦੇ ਹੋਏ) ਇੱਕ ਇਹ ਫੋਟੋ ਹੈ ਜਿਸ ਵਿੱਚ ਪਰਕਾਸ਼ ਸਿੰਘ ਬਾਦਲ ਬਾਪੂ ਆਸਾ ਰਾਮ ਨੂੰ ਮਿਲਣ ਗਏ ਹਨ। 'ਭੈੜੇ ਭੈੜੇ

** Expunged as ordered by the Chair.

ਯਾਰ ਮੇਰੀ ਫੱਤੋ ਦੇ', ਕਿਸੇ ਚੰਗੇ ਬੰਦੇ ਨੂੰ ਨਹੀਂ ਮਿਲਣ ਗਿਆ। (ਹਾਸਾ) ਜਿੰਨੇ ਭੈੜੇ ਤੋਂ ਭੈੜੇ ਬੰਦੇ ਹਨ, ਉਨ੍ਹਾਂ ਨੂੰ ਬਾਦਲ ਸਾਹਿਬ ਮਿਲਣ ਵਾਸਤੇ ਜਾਂਦੇ ਹਨ। ਸੋ, ਮੇਰੀ ਬੇਨਤੀ ਹੈ ਕਿ 25 ਸਾਲ ਰਾਜ ਕਰਨ ਦੀ ਗੱਲ ਤਾਂ ਛੱਡ ਦੇਣ। ਦੇਖੋ, ਰਾਮ ਰਹੀਮ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪੋਸ਼ਾਕ ਪਾ ਕੇ ਇਮੀਟੇਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸਨੂੰ ਪਰਮਾਤਮਾ ਨੇ ਸਜ਼ਾ ਦਿੱਤੀ ਹੈ। ਜਦੋਂ ਅਦਾਲਤ ਨੇ ਫੈਸਲਾ ਦਿੱਤਾ ਹੈ, ਕੈਪਟਨ ਅਮਰਿੰਦਰ ਸਿੰਘ ਉਦੋਂ ਪੰਜਾਬ ਦੇ ਮੁੱਖ ਮੰਤਰੀ ਬਣ ਚੁੱਕੇ ਸਨ। ਇਨ੍ਹਾਂ ਨੇ ਪੰਜਾਬ ਦੇ ਜਾਨ-ਮਾਲ ਦੀ ਰੱਖਿਆ ਕੀਤੀ ਹੈ। ਹਰਿਆਣਾ ਵਿੱਚ ਅੱਗਾਂ ਲੱਗੀਆਂ ਪਰ ਪੰਜਾਬ ਵੱਲ ਕਿਸੇ ਨੂੰ ਨਹੀਂ ਵੇਖਣ ਦਿੱਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਲੋਕ ਜਿਹੜੇ ਭੁਲੇਖਾ ਖਾਂਦੇ ਫਿਰਦੇ ਹਨ, ਇਨ੍ਹਾਂ ਨੇ ਗੁਰੂ ਨਾਲ ਪੰਗਾ ਲਿਆ ਹੈ, ਇਹ ਜਿੱਥੇ ਮਰਜ਼ੀ 25 ਸਾਲ ਰਾਜ ਕਰਨ ਪਰ ਇਹ ਲੱਭਣੇ ਨਹੀਂ ਹਨ। ਮੈਂ ਦਾਅਵੇ ਨਾਲ ਕਹਿੰਦਾ ਹਾਂ ਅਤੇ ਅਕਾਲੀ ਦਲ ਦੇ ਵਰਕਰਾਂ ਨੂੰ ਕਹਿੰਦਾ ਹਾਂ ਕਿ ਆਪਣਾ ਹੋਰ ਕੋਈ ਨਵਾਂ ਪ੍ਰਧਾਨ ਬਣਾ ਲਉ, ਜਿਹੜਾ ਪੰਜਾਬ ਵਿੱਚ ਖੜ੍ਹਾ ਹੋ ਜਾਵੇ। ਸਪੀਕਰ ਸਾਹਿਬ, ਮੈਂ ਬੜੀਆਂ ਗੱਲਾਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਪਿਛੋਕੜ ਕੀ ਹੈ। ਮੈਂ ਕੈਪਟਨ ਸਾਹਿਬ ਦੇ ਪਿਛੋਕੜ ਦੀ ਗੱਲ ਕੀਤੀ ਹੈ ਕਿ ਉਨ੍ਹਾਂ ਦਾ ਪਿਛੋਕੜ ਕੀ ਹੈ। ਮੈਨੂੰ ਤਾਂ ਇਨ੍ਹਾਂ ਦਾ ਵੀ ਪਤਾ ਹੈ ਕਿ ਪਹਾੜਾ ਸਿੰਘ ਨਾਲ ਕੀ ਯਾਰੀ ਸੀ, ਸਰ ਸੁਰਜੀਤ ਸਿੰਘ ਕੌਣ ਸਨ, ਸੁੰਦਰ ਸਿੰਘ ਕੌਣ ਸਨ ਅਤੇ ਇਸ ਦੇ ਨਾਲ ਜਨਰਲ ਰਣਜੋਧ ਸਿੰਘ ਕਿਹੜਾ ਸੀ ਜਿਸ ਨੇ ਆਹਲੀਵਾਲ ਦੀ ਜੰਗ ਵਿੱਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ, ਮੈਂ ਬੜਾ ਕੁਝ ਦੱਸਣਾ ਚਾਹੁੰਦਾ ਹਾਂ। ਸੋ, ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਸਜ਼ਾ ਦਿੱਤੀ ਜਾਵੇ ਤਾਂ ਕਿ ਲੋਕ ਕਹਿਣ ਕਿ ਵਾਕਿਆ ਹੀ ਇਨਸਾਫ ਕੀਤਾ ਹੈ। ਦੁਨੀਆਂ ਭਰ ਦੇ ਲੋਕ ਉਡੀਕਦੇ ਹਨ, ਦੁਨੀਆਂ ਭਰ ਦੇ ਸਿੱਖ ਉਡੀਕਦੇ ਹਨ। ਐਤਕੀਂ ਕੋਈ ਕਸਰ ਨਾ ਛੱਡਿਉ ਕਿਉਂਕਿ ਇਹ ਆਰ-ਪਾਰ ਦੀ ਲੜਾਈ ਹੈ ਜਾਂ ਟਾਂਡਿਆਂ ਵਾਲੀ ਰਹਿਣੀ ਹੈ ਜਾਂ ਭਾਂਡਿਆਂ ਵਾਲੀ ਰਹਿਣੀ ਹੈ। ਮਤ ਕੋਈ ਖਿਆਲ ਕਰੀਏ ਕਿ ਇਨ੍ਹਾਂ ਨੂੰ ਛੱਡ ਕੇ ਆਪਾਂ ਬਰੀ ਹੋ ਜਾਵਾਂਗੇ। ਜਦੋਂ ਇਹ ਕਿਤੇ ਤਾਕਤ ਵਿੱਚ ਆਏ ਤਾਂ ਇਨ੍ਹਾਂ ਨੇ ਆਪਾਂ ਨੂੰ ਬਖਸ਼ਣਾ ਨਹੀਂ ਹੈ। ਇਨ੍ਹਾਂ ਨੂੰ ਗੁਰੂ ਨੇ ਸਜ਼ਾ ਦੇਣੀ ਹੈ, ਇਨ੍ਹਾਂ ਨੂੰ ਸਜ਼ਾ ਦਿਉ ਤਾਂ ਕਿ ਇਨ੍ਹਾਂ ਨੂੰ ਪਤਾ ਲੱਗ ਜਾਵੇ। ਸੁਮੇਧ ਸਿੰਘ ਸੈਣੀ ਅਤੇ ਉਸ ਤੋਂ ਇਲਾਵਾ ਜਿਹੜੇ-ਜਿਹੜੇ ਵੀ ਪੁਲਿਸ ਅਫਸਰ ਹਨ, ਉਨ੍ਹਾਂ ਦੇ ਖਿਲਾਫ ਵੀ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

**ਮਾਨਯੋਗ ਸਪੀਕਰ :** ਪਲੀਜ਼ ਵਾਈਂਡ ਅੱਪ ਕਰੋ।

**ਸਰਦਾਰ ਹਰਮਿੰਦਰ ਸਿੰਘ ਗਿੱਲ :** ਸੋ, ਮੈਂ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨਾਲ ਬਿਲਕੁਲ ਸਹਿਮਤ ਹਾਂ ਅਤੇ ਸਪੀਕਰ ਸਾਹਿਬ ਤੁਹਾਡਾ ਧੰਨਵਾਦ ਕਰਦਾ ਹਾਂ।

(ਇਸ ਸਮੇਂ ਸਰਦਾਰ ਕੁਲਵੰਤ ਸਿੰਘ ਪੰਡੋਰੀ, ਮੈਂਬਰ, ਆਮ ਆਦਮੀ ਪਾਰਟੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ:** ਜਦੋਂ ਵਾਰੀ ਆਵੇਗੀ ਤੁਸੀਂ ਬੋਲ ਲੈਣਾ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਰ, ਮਾਨਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਕੁੱਪ-ਰੋਹੀੜੇ ਤੋਂ ਲੈ ਕੇ ਗਹਿਰਾਂ ਤੱਕ ਸਭ ਤੋਂ ਵੱਡਾ ਘੱਲੂਘਾਰਾ ਹੋਇਆ ਸੀ ਅਤੇ ਇਨ੍ਹਾਂ ਨੇ ਉਸ ਵਿੱਚ ਸ਼ਹੀਦਾਂ ਦੀ ਗਿਣਤੀ 30,000 ਦੱਸੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉੱਥੇ 35,000 ਸਿੰਘ ਤੇ ਸਿੰਘਣੀਆਂ ਸ਼ਹੀਦ ਹੋਏ ਸਨ, ਉਸ ਵਿੱਚ ਸੋਧ ਕੀਤੀ ਜਾਵੇ। ਧੰਨਵਾਦ ਜੀ।

**ਮਾਨਯੋਗ ਸਪੀਕਰ:** ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਸਾਹਿਬ, ਕੀ ਕਹਿਣਾ ਚਾਹੁੰਦੇ ਹੋ? (ਵਿਘਨ) ਇੱਕ ਮਿੰਟ।

**ਸਰਦਾਰ ਹਰਪਾਲ ਸਿੰਘ ਚੀਮਾ:** ਕਾਂਗਰਸ ਤੋਂ ਬਾਅਦ ਸਾਡੇ ਬੁਲਾਰੇ ਦੀ ਵਾਰੀ ਆਉਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਨਹੀਂ, ਰੋਟੇਸ਼ਨ ਦੀਆਂ ਵਾਰੀਆਂ ਨਹੀਂ ਹਨ। ਤੁਹਾਡਾ ਵੱਖਰਾ ਟਾਈਮ ਹੈ। ਰੰਧਾਵਾ ਸਾਹਿਬ ਤੋਂ ਬਾਅਦ ਫੂਲਕਾ ਸਾਹਿਬ ਨੇ ਬੋਲਣਾ ਹੈ। ਤੁਸੀਂ ਬੈਠੋ ਜੀ, ਇਸ ਤਰ੍ਹਾਂ ਵਾਰੀਆਂ ਨਹੀਂ ਹੁੰਦੀਆਂ ਹਨ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਹਰ ਡਿਸਕਸ਼ਨ ਵਿੱਚ ਉਨ੍ਹਾਂ ਤੋਂ ਬਾਅਦ ਆਪੋਜ਼ੀਸ਼ਨ ਦੀ ਵਾਰੀ ਹੁੰਦੀ ਹੈ।

**ਮਾਨਯੋਗ ਸਪੀਕਰ:** ਨਹੀਂ ਨਹੀਂ। ਫੂਲਕਾ ਸਾਹਿਬ, Initiate ਉਹ ਕਰਨਗੇ।

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਮਾਨਯੋਗ ਸਪੀਕਰ ਸਾਹਿਬ, ਅੱਜ ਜਿਸ ਮਹੱਤਵਪੂਰਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੇ ਬੋਲਣ ਦਾ ਤੁਸੀਂ ਮੈਨੂੰ ਸਮਾਂ ਦਿੱਤਾ ਹੈ, ਇਹ ਕੋਈ ਛੋਟਾ ਜਾਂ ਇਹੋ ਜਿਹਾ ਕਮਿਸ਼ਨ ਨਹੀਂ ਹੈ ਕਿ ਜਿਸ ਬਾਰੇ ਅਸੀਂ ਮਜ਼ਾਕ ਕਰੀਏ ਜਾਂ ਉਸ ਨੂੰ ਪਾੜ ਕੇ ਬਾਹਰ

ਸੁੱਟ ਦੇਈਏ। ਇਹ ਉਹ ਕਮਿਸ਼ਨ ਬਣਾਇਆ ਗਿਆ ਹੈ, ਜਿਸ ਕਮਿਸ਼ਨ ਨੂੰ ਗੁਰੂ ਸਾਹਿਬ ਦੀ ਬੇਅਦਬੀ, ਗੁਰੂ ਸਾਹਿਬ ਤੇ ਹਮਲੇ ਅਤੇ ਜੋ ਹੋਰ ਮਾੜੀਆਂ ਘਟਨਾਵਾਂ ਹੋਈਆਂ ਹਨ, ਉਸ ਚੀਜ਼ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਲਈ ਕੈਪਟਨ ਸਾਹਿਬ ਨੇ ਕਮਿਸ਼ਨ ਨਾਮਜ਼ਦ ਕੀਤਾ ਹੈ। ਅੱਜ ਪੰਜਾਬ ਵਿੱਚ ਜਿਹੜੇ ਮੇਰੇ ਵੀਰ ਇੱਥੋਂ ਸਾਹਮਣੇ ਤੋਂ ਉਠ ਕੇ ਚਲੇ ਗਏ ਹਨ, ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਇਸ ਕਮਿਸ਼ਨ ਨੂੰ ਨਹੀਂ ਮੰਨਦੇ ਹਾਂ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਕਿਸ ਕਮਿਸ਼ਨ ਨੂੰ ਮੰਨਦੇ ਹੋ? ਰਾਮ ਰਹੀਮ ਦੇ ਕਮਿਸ਼ਨ ਨੂੰ ਮੰਨਦੇ ਹੋ? ਤੁਸੀਂ ਕਿਹੜੇ ਕਮਿਸ਼ਨ ਨੂੰ ਚਾਹੁੰਦੇ ਹੋ, ਕੀ ਜ਼ੋਰਾ ਸਿੰਘ ਕਮਿਸ਼ਨ ਨੂੰ ਚਾਹੁੰਦੇ ਹੋ? ਜਿਹੜੇ ਜ਼ੋਰਾ ਸਿੰਘ ਕਮਿਸ਼ਨ ਦੀ ਅੱਜ ਤੱਕ ਇਨ੍ਹਾਂ ਨੇ ਇੱਥੇ ਰਿਪੋਰਟ ਪੇਸ਼ ਨਹੀਂ ਕੀਤੀ, ਉਹ ਜ਼ੋਰਾ ਸਿੰਘ ਕਮਿਸ਼ਨ ਜਿਹੜਾ ਆਪਣੀ ਰਿਪੋਰਟ ਲੈ ਕੇ ਤੁਰਿਆ ਫਿਰਦਾ ਰਿਹਾ। ਉਹ ਉਸ ਟਾਈਮ ਦੇ ਚੀਫ ਸੈਕਟਰੀ ਕੋਲ ਪਹੁੰਚਿਆ, ਉਸ ਨੇ ਉਸ ਵੇਲੇ ਦੇ ਮੁੱਖ ਮੰਤਰੀ ਕੋਲੋਂ ਟਾਈਮ ਮੰਗਿਆ, ਪਰ ਉਸ ਨੂੰ ਸਮਾਂ ਨਹੀਂ ਮਿਲਿਆ ਪਰ ਕੈਪਟਨ ਸਾਹਿਬ ਇੱਥੇ ਬੈਠੇ ਹਨ, ਜਿਸ ਵੇਲੇ ਵੀ ਜਸਟਿਸ ਰਣਜੀਤ ਸਿੰਘ ਨੇ ਉਨ੍ਹਾਂ ਤੋਂ ਟਾਈਮ ਮੰਗਿਆ, ਇਨ੍ਹਾਂ ਨੇ ਸਭ ਤੋਂ ਪਹਿਲਾਂ ਟਾਈਮ ਦਿੱਤਾ ਅਤੇ ਇੱਕ ਵਾਰੀ ਨਹੀਂ ਬਲਕਿ ਤਿੰਨ ਵਾਰੀ ਟਾਈਮ ਦੇ ਕੇ ਪਾਰਟਸ ਵਿੱਚ ਰਿਪੋਰਟ ਹਾਸਲ ਕੀਤੀ। ਜਿਵੇਂ ਬੱਚਿਆਂ ਦੇ ਅਨਾਥ ਆਸ਼ਰਮ ਬਣੇ ਹੁੰਦੇ ਹਨ, ਉਸੇ ਤਰ੍ਹਾਂ ਜ਼ੋਰਾ ਸਿੰਘ ਵੀ ਇੱਕ ਅਨਵਾਂਟਿਡ ਰਿਪੋਰਟ ਉਸ ਸਮੇਂ ਦੇ ਚੀਫ ਸੈਕਟਰੀ ਸ਼੍ਰੀ ਸਰਵੇਸ਼ ਕੌਸ਼ਲ ਦੇ ਦਫਤਰ ਦੇ ਬਾਹਰ ਪੰਘੂੜੇ ਵਿੱਚ ਰੱਖ ਕੇ ਚਲਾ ਗਿਆ ਕਿ ਇਹ ਮੇਰੀ ਅਨਵਾਂਟਿਡ ਰਿਪੋਰਟ ਹੈ। ਇਸ ਨੂੰ ਦੇਖ ਲੈਣਾ। ਇਨ੍ਹਾਂ ਨੇ ਇਸ ਤਰ੍ਹਾਂ ਕੀਤਾ ਸੀ। ਸਭ ਤੋਂ ਵੱਡੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਕਮਿਸ਼ਨ ਦੀ ਰਿਪੋਰਟ ਨੂੰ ਸਾਰੇ ਮੈਂਬਰਾਂ ਨੂੰ ਬੜੀ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ। ਇਸ ਵਿੱਚ ਕਿਸੇ ਬਹਿਸ ਜਾਂ ਕਿਸੇ ਦੁਆਰਾ ਕਿੰਤੂ-ਪ੍ਰੰਤੂ ਕਰਨ ਦੀ ਲੋੜ ਨਹੀਂ ਕਿਉਂਕਿ ਜਿਹੜਾ ਬੰਦਾ ਇਸ ਕਮਿਸ਼ਨ ਦੇ ਉਤੇ ਕਿੰਤੂ-ਪ੍ਰੰਤੂ ਕਰਦਾ ਹੈ, ਉਹ ਸਿੱਧੇ ਰੂਪ ਵਿੱਚ ਗੁਰੂ ਸਾਹਿਬ ਦੀ ਬੇਅਦਬੀ ਵਿੱਚ ਆਪ ਸ਼ਾਮਲ ਹੋਇਆ ਹੈ। ਉਹ ਸਿੱਧੇ ਰੂਪ ਵਿੱਚ ਉਨ੍ਹਾਂ ਕਾਤਲਾਂ ਨੂੰ ਬਚਾਉਣਾ ਚਾਹੁੰਦਾ ਹੈ। ਅਸੀਂ ਜਿਹੜੇ ਅੱਜ ਇੱਥੇ ਸਾਰੇ ਇਕੱਠੇ ਹੋ ਕੇ ਬੈਠੇ ਹਾਂ, ਅੱਜ ਪੰਜਾਬ ਦੇ, ਹਿੰਦੁਸਤਾਨ ਦੇ ਹਰ ਸਿੱਖ, ਹਰ ਪੰਜਾਬੀ ਦੇ ਮਨ ਵਿੱਚ ਇਹੀ ਹੈ ਕਿ ਗੁਰੂ ਸਾਹਿਬ ਦੀ ਬੇਅਦਬੀ ਹੋਈ ਹੈ। ਅੱਜ ਅਸੰਬਲੀ ਵਿੱਚ ਕੈਪਟਨ ਅਮਰਿੰਦਰ ਸਿੰਘ ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਕੀ ਫੈਸਲਾ ਲੈਣਗੇ? ਅੱਜ ਲੋਕ ਵੇਖ ਰਹੇ ਹਨ ਕਿ ਜਿਨ੍ਹਾਂ ਨੇ ਗੁਰੂ ਸਾਹਿਬ ਦੀ ਬੇਅਦਬੀ ਕੀਤੀ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ ਗਲੀਆਂ ਵਿੱਚ ਰੋਲ ਦਿੱਤੇ, ਇਹ ਜਿਹੜੇ ਗੁਰੂ ਸਾਹਿਬ ਦੇ ਅੰਗ ਹਨ, ਉਨ੍ਹਾਂ ਨੂੰ ਆਪਾਂ

** Expunged as ordered by the Chair.

[ ਸਹਿਕਾਰਤਾ, ਜੇਲ੍ਹਾਂ ਮੰਤਰੀ ]

ਪੱਤਰੇ ਨਹੀਂ ਕਹਿੰਦੇ, ਆਪਾਂ ਆਪਣੇ ਗੁਰੂ ਨੂੰ ਸਾਖਸ਼ਾਤ ਗੁਰੂ ਕਹਿੰਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, 'ਗੁਰੂ ਮਾਨਿਓ ਗ੍ਰੰਥ' ਕਹਿ ਕੇ ਗਏ ਸੀ। ਸੁਪਰੀਮ ਕੋਰਟ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਡਾ 'Living Guru' ਕਹਿ ਦਿੱਤਾ ਹੈ ਪ੍ਰੰਤੂ ਉਨ੍ਹਾਂ ਨੇ ਸਾਡੇ ਗੁਰੂ ਸਾਹਿਬ ਦੇ ਅੰਗ ਗਲੀਆਂ ਵਿੱਚ ਰੋਲ ਦਿੱਤੇ। ਉਹ ਕਿਸ ਦੇ ਟਾਈਮ ਵਿੱਚ ਰੁਲੇ ਹਨ? ਉਹ ਜਿਹੜੇ ਇੱਥੇ ਬੈਠੇ ਸਨ, ਜਿਹੜੇ ਇੱਥੋਂ ਉਠ ਕੇ ਚਲੇ ਗਏ ਹਨ, ਇਨ੍ਹਾਂ ਦੇ ਜਿਹੜੇ ਉਸ ਸਮੇਂ ਹੋਮ ਮਨਿਸਟਰ ਸਾਹਿਬ ਸਨ, ਉਨ੍ਹਾਂ ਦੇ ਟਾਈਮ ਵਿੱਚ ਗੁਰੂ ਸਾਹਿਬ ਦੇ ਅੰਗ ਰੁਲੇ ਸਨ ਅਤੇ ਇਨ੍ਹਾਂ ਦੇ ਪਿਤਾ ਜੀ ਦੇ ਟਾਈਮ ਵਿੱਚ ਰੁਲੇ ਹਨ। ** ** ਜਿਨ੍ਹਾਂ ਨੇ ਪੰਥ ਨੂੰ ਰੋਲਿਆ ਤੇ ਗੁਰੂ ਨੂੰ ਰੋਲਿਆ। ਦੂਸਰੀ ਚੀਜ਼ ਇਨ੍ਹਾਂ ਦੇ ਟਾਈਮ ਵਿੱਚ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦੀਆਂ ਜਿਹੜੀਆਂ ਘਟਨਾਵਾਂ ਹੋਈਆਂ, ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਅੰਗਾਂ ਦੀ 30 ਵਾਰੀ ਬੇਅਦਬੀ ਹੋਈ, ਗੁਰਦੁਆਰਾ ਸਾਹਿਬ ਵਿੱਚ 8 ਵਾਰੀ, ਗੁਟਕਾ ਸਾਹਿਬ ਦੀ 56 ਵਾਰੀ, ਹਿੰਦੂ ਗ੍ਰੰਥ ਦੀ 22 ਵਾਰੀ ਤੇ ਮੁਸਲਿਮ ਗ੍ਰੰਥ ਦੀ 5 ਵਾਰੀ ਅਤੇ ਕ੍ਰਿਸਚਿਅਨ ਬਾਈਬਲ ਦੀ ਇੱਕ ਵਾਰੀ ਅਤੇ ਟੋਟਲ ਇਨ੍ਹਾਂ ਦੇ ਟਾਈਮ ਵਿੱਚ 122 ਵਾਰ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਸਨ।

ਸਪੀਕਰ ਸਾਹਿਬ, ਜਿਵੇਂ ਇਨ੍ਹਾਂ ਨੇ ਕਿਹਾ ਕਿ ਤੁਹਾਡੇ ਪ੍ਰਿਮਿਸਿਜ਼ ਦੇ ਵਿੱਚ ਇਨ੍ਹਾਂ ਨੇ ਕੱਲ੍ਹ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਫਾੜੀ, ਉਸ ਰਿਪੋਰਟ ਦੇ ਪਹਿਲੇ ਪੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀਮਦ ਭਗਵਦ ਗੀਤਾ, ਬਾਈਬਲ ਅਤੇ ਕੁਰਾਨ ਸ਼ਰੀਫ ਚਾਰਾਂ ਗ੍ਰੰਥਾਂ ਦੇ ਨਾਂ ਲਿਖੇ ਹੋਏ ਹਨ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਉਸ ਰਿਪੋਰਟ ਨੂੰ ਠੂਡੇ ਮਾਰੇ, ਜਿਸ ਰਿਪੋਰਟ ਵਿੱਚ 92 ਵਾਰੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਮ ਲਿਖਿਆ ਹੋਇਆ ਹੈ। ਉਸ ਦੇ ਵਿੱਚ ਬਾਈਬਲ ਦਾ ਨਾਂ ਲਿਖਿਆ ਹੋਇਆ ਹੈ, ਸ੍ਰੀਮਦ ਭਗਵਦ ਗੀਤਾ ਦਾ ਨਾਮ ਲਿਖਿਆ ਹੋਇਆ ਹੈ। ਮੈਂ ਅੱਜ ਤੁਹਾਨੂੰ ਅਤੇ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਜੇ ਤੁਸੀਂ ਮੇਰੇ ਨਾਲ ਸਹਿਮਤ ਹੋ ਤਾਂ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਇਨ੍ਹਾਂ ਦੀ ਟੋਲੀ ਦੇ ਉੱਤੇ ਧਾਰਾ 295 ਦਾ ਕੇਸ ਰਜਿਸਟਰ ਕਰਕੇ ਲੋਕਾਂ ਦੇ ਸਾਹਮਣੇ ਲੈ ਕੇ ਆਉਣਾ ਚਾਹੀਦਾ ਹੈ। (ਥੰਪਿੰਗ) ਮੈਂ ਦੂਸਰੀ ਗੱਲ ਕਹਿਣੀ ਚਾਹੁੰਦਾ ਹਾਂ ਕਿ 2015 ਦੇ ਵਿੱਚ ਇੱਕ ਐਸ.ਆਈ.ਟੀ. ਬਣੀ .....

**ਸਰਦਾਰ ਬਲਵਿੰਦਰ ਸਿੰਘ ਬੈਂਸ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੇਰੇ ਸਤਿਕਾਰਯੋਗ ਵੀਰ ਨੇ ਬਹੁਤ ਅਹਿਮ ਮੁੱਦਾ ਉਠਾਇਆ ਹੈ ਅਤੇ ਨਾਲ ਹੀ ਇਸ ਗੱਲ ਦੀ ਮੰਗ ਕੀਤੀ ਹੈ ਕਿ ਧਾਰਾ 295 ਦਾ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। ਸਾਰੇ ਹਾਊਸ ਨੇ ਯੂਨੈਨੀਮਸਲੀ ਮੇਜ਼ ਖੜਕਾ ਕੇ ਹਮਾਇਤ ਕੀਤੀ ਹੈ। ਸੀ.ਐਮ. ਸਾਹਿਬ ਦੱਸਣਗੇ ਕਿ ਕੀ ਇਹ ਮੁਕੱਦਮਾ ਦਰਜ ਹੋ ਜਾਵੇਗਾ?

(**ਅਵਾਜ਼ਾਂ**: ਬਿਲਕੁਲ, ਬਿਲਕੁਲ।)

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਜਾਣਕਾਰੀ ਦੇ ਦਿੰਦਾ ਹਾਂ ਕਿ ਜਿਹੜਾ ਵਿਧਾਨ ਸਭਾ ਦਾ ਏਰੀਆ ਹੈ, ਇਹ ਸਪੀਕਰ ਸਾਹਿਬ ਦੇ ਅੰਡਰ ਆਉਂਦਾ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਟਾਈਮ ਵਿੱਚ, ਉਸ ਵੇਲੇ ਦੇ ਸਪੀਕਰ ਸਾਹਿਬ ਨੇ ਸਾਡੇ 8-9 ਬੰਦਿਆਂ ਤੇ ਪਰਚੇ ਦਰਜ ਕੀਤੇ ਸਨ। ਸਪੀਕਰ ਸਾਹਿਬ, ਮੇਰੀ ਵੀ ਤੁਹਾਨੂੰ ਬੇਨਤੀ ਹੈ ਕਿ ਜੇ ਧਾਰਮਿਕ ਮੁੱਦਾ ਹੈ ਤਾਂ ਪਰਚਾ ਦਰਜ ਕਰ ਦਿਉ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਬੈਠੇ-ਬੈਠੇ):** ਇਸ ਬਾਰੇ ਰੈਜ਼ੋਲਿਊਸ਼ਨ ਪਾਸ ਕਰੋ। ਰੈਜ਼ੋਲਿਊਸ਼ਨ ਮੂਵ ਕਰੋ।

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਜੇ ਤੁਹਾਡੀ ਆਗਿਆ ਹੋਵੇ ਤਾਂ ਕੀ ਮੈਂ ਰੈਜ਼ੋਲਿਊਸ਼ਨ ਮੂਵ ਕਰ ਸਕਦਾ ਹਾਂ ਕਿ ਇਨ੍ਹਾਂ ਦੇ ਅਗੇਂਸਟ ਧਾਰਾ 295 ਦਾ ਪਰਚਾ ਰਜਿਸਟਰਡ ਕੀਤਾ ਜਾਵੇ? (ਥੰਪਿੰਗ) (ਵਿਘਨ..ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਹਰਵਿੰਦਰ ਸਿੰਘ ਫੂਲਕਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**Mr. Speaker:** Phoolka Ji, you are an eminent lawyer. It's a Judicial document, legal document, ਕੀ ਇਸ ਕੇਸ ਵਿੱਚ ਧਾਰਾ 295 ਦਾ ਪਰਚਾ ਦਰਜ ਹੋ ਸਕਦਾ ਹੈ?

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਬਿਲਕੁਲ, ਇੱਕ ਮਿੰਟ ਜੀ। ਸਪੀਕਰ ਸਾਹਿਬ, ਲੀਗਲ ਪੁਜ਼ੀਸ਼ਨ ਇਹ ਹੈ ਕਿ ਰਿਪੋਰਟ ਹਾਊਸ ਵਿੱਚ ਆ ਗਈ ਹੈ, ਐਕਸ਼ਨ ਟੇਕਨ ਰਿਪੋਰਟ ਸਰਕਾਰ ਨੇ ਦਿੱਤੀ ਹੈ। ਅੱਗੇ ਹਾਊਸ ਸੁਪਰੀਮ ਹੈ। ਜੇ ਹਾਊਸ ਮਤਾ ਪਾਸ ਕਰਦਾ ਹੈ, ਕਿਉਂਕਿ ਹਾਊਸ ਸੁਪਰੀਮ ਹੈ, ਉਹ ਸਰਕਾਰ ਨੂੰ ਅਤੇ ਮੁੱਖ ਮੰਤਰੀ ਸਾਹਿਬ ਨੂੰ ਮੰਨਣਾ ਪਵੇਗਾ। ਅੱਜ ਇਹ ਹਾਊਸ ਰੈਜ਼ੋਲਿਊਸ਼ਨ ਪਾਸ ਕਰੇ, ਇਸ ਰਿਪੋਰਟ ਵਿੱਚ ਉਦੋਂ ਦੇ ਡੀ.ਜੀ.ਪੀ. ਅਤੇ ਉਦੋਂ ਦੇ ਮੁੱਖ ਮੰਤਰੀ ਦੇ ਅਗੇਂਸਟ ਸਫੀਸ਼ੀਐਂਟ ਐਵੀਡੈਂਸ ਹੈ ਇਨ੍ਹਾਂ ਦੋਨਾਂ ਦੇ ਖਿਲਾਫ ਪਰਚਾ ਦਰਜ ਕਰੋ।

**ਮਾਨਯੋਗ ਸਪੀਕਰ:** ਨਹੀਂ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਇਹ ਸਫੀਸ਼ੀਐਂਟ ਐਵੀਡੈਂਸ ਹੈ, ਇਹ ਲੀਗਲੀ ਪੂਰਾ ਸਾਊਂਡ ਹੈ।

**ਮਾਨਯੋਗ ਸਪੀਕਰ:** ਕੀ ਇਹ ਰਿਪੋਰਟ ਕਿਸੇ ਪਵਿੱਤਰ ਗ੍ਰੰਥ ਦੇ ਬਰਾਬਰ ਰੱਖੀ ਜਾ ਸਕਦੀ ਹੈ?

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਨਹੀਂ ਜੀ।

**ਮਾਨਯੋਗ ਸਪੀਕਰ:** ਕੀ ਉਸ ਨਾਲ ਤੁਲਨਾ ਕੀਤੀ ਜਾ ਸਕਦੀ ਹੈ?

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਇਸ ਰਿਪੋਰਟ ਦੀ ਕੋਈ ਤੁਲਨਾ ਨਹੀਂ। ਅਸੀਂ ਰਿਪੋਰਟ ਦੇ ਵਿੱਚ ਇਨਵਾਲਵਮੈਂਟ ਦੀ ਗੱਲ ਕਰ ਰਹੇ ਹਾਂ ਕਿ ਰਿਪੋਰਟ ਦੇ ਵਿੱਚ ਜੋ ਫਾਈਂਡਿੰਗਜ਼ ਦਿੱਤੀਆਂ ਹੋਈਆਂ ਹਨ।

**ਮਾਨਯੋਗ ਸਪੀਕਰ:** ਇਹ ਵੱਖਰਾ ਸਵਾਲ ਹੈ। ਉੱਥੇ ਮੈਂ ਤੁਹਾਡੇ ਨਾਲ ਸਹਿਮਤ ਹਾਂ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਅਸੀਂ ਰਿਪੋਰਟ ਦੀ ਫਾਈਂਡਿੰਗ ਦੀ ਗੱਲ ਕਰ ਰਹੇ ਹਾਂ।

**ਮਾਨਯੋਗ ਸਪੀਕਰ:** ਉੱਥੇ ਮੈਂ ਤੁਹਾਡੇ ਨਾਲ ਸਹਿਮਤ ਹਾਂ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਅਸੀਂ ਰਿਪੋਰਟ ਦੇ ਫਾਈਂਡਿੰਗ ਦੇ ਉੱਤੇ ਕੇਸ ਕਰਨ ਦੀ ਗੱਲ ਕਰ ਰਹੇ ਹਾਂ ਜੀ।

**Mr. Speaker:** So far as finding is concerned, it is ok.

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੇ ਕਿਹਾ ਕਿ ਉਦੋਂ ਦੇ ਮੁੱਖ ਮੰਤਰੀ ਨੇ ਡੀ.ਜੀ.ਪੀ. ਨੂੰ ਹੁਕਮ ਦਿੱਤਾ। ਦੋਵਾਂ ਤੇ ਕੇਸ ਹੋਣੇ ਚਾਹੀਦੇ ਹਨ।

**Mr. Speaker:** So far as finding is concerned, it is ok.

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਇੱਥੇ ਮੈਂ ਇੱਕ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਸਾਲ 2015 ਵਿੱਚ ਐਸ.ਆਈ.ਟੀ. ਬਣੀ ਅਤੇ ਉਸ ਸਮੇਂ ਦੇ ਡੀ.ਜੀ.ਪੀ. ਨੂੰ ਅੱਜ ਤੱਕ ਕੈਪਟਨ ਸਾਹਿਬ ਨੇ ਚੇਂਜ ਨਹੀਂ ਕੀਤਾ। ਇੱਕੋ-ਇੱਕ ਟੀਚਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਲੱਭਿਆ ਜਾਵੇ ਅਤੇ ਉਨ੍ਹਾਂ ਹੀ ਅਫਸਰਾਂ ਕੋਲੋਂ ਇਨਕੁਆਰੀ ਕਰਵਾਈ ਜਿਹੜੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਉਸ ਟਾਈਮ ਤੇ ਲਾਏ ਸੀ ਜਿਨ੍ਹਾਂ ਨੂੰ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਦੋ ਸਾਲ ਕਾਰਵਾਈ ਨਹੀਂ ਕਰਨ ਦਿੱਤੀ, ਜਿਨ੍ਹਾਂ ਦੇ ਹੱਥ ਬੰਨ੍ਹ ਦਿੱਤੇ। ਹੱਥ ਨਹੀਂ ਕਹਾਂਗਾ, ਸਗੋਂ ਉਨ੍ਹਾਂ ਦੇ ਦੋਵੇਂ ਹੱਥ ਪਿੱਛੇ ਪਿੱਠ ਨਾਲ ਬੰਨ੍ਹ ਦਿੱਤੇ। ਉਹ ਕੈਪਟਨ ਸਾਹਿਬ ਨੇ ਖੋਲ੍ਹ ਕੇ ਕਿਹਾ ਕਿ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲੇ ਨੂੰ ਸਾਹਮਣੇ ਲੈ ਕੇ ਆਓ। ਉਸ ਦੇ ਵਿੱਚ ਐਫ.ਆਈ.ਆਰ. ਨੰ. 262, ਮਿਤੀ 20.5.2007 ਨੂੰ ਪੁਲਿਸ ਥਾਣਾ ਕੋਤਵਾਲੀ, ਬਠਿੰਡਾ, ਧਾਰਾ 295-ਏ, 298 ਅਤੇ 153 ਆਈ.ਪੀ.ਸੀ.

---

** Expunged as ordered by the Hon'ble Speaker.

ਜਿਹੜੀ ਕਿ ਅਕਾਲੀ ਦਲ ਨੇ ਆਪਣੀ ਸਰਕਾਰ ਬਣਦਿਆਂ ਸਾਲ 2007 ਵਿੱਚ ਕੱਟੀ ਸੀ ਅਤੇ ਇਸ ਕੇਸ ਵਿੱਚ ਮੁੱਖ ਦੋਸ਼ੀ ਡੇਰਾ ਸੌਦਾ ਮੁੱਖੀ ਇੱਕੋ ਹੀ ਆਦਮੀ ਸੀ, ਜਿਹੜਾ ਮੁਲਜ਼ਮ ਸੀ, ਉਸ ਨੇ ਇਸ ਵਿੱਚ ਇਹ ਕੀਤਾ ਕਿ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਰਗੀ ਪੁਸ਼ਾਕ ਪਾ ਕੇ ਉਥੇ ਉਸ ਨੇ ਉਸੇ ਤਰ੍ਹਾਂ ਹੀ ਅੰਮ੍ਰਿਤ ਛਕਾਇਆ। ਸਾਡੇ ਪੰਜ ਪਿਆਰੇ ਅਤੇ ਉਸ ਨੇ 51 ਪਿਆਰੇ ਕੀਤੇ ਹਨ ਔਰ ਉਸ ਵਿੱਚ ਜਿਹੜੇ ਬਸਤਰ ਪਾਏ, ਸਾਰੀਆਂ ਫੋਟੋਆਂ ਉਸ ਟਾਈਮ ਤੇ ਆਈਆਂ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੇਰੇ ਕੋਲ ਐਫ.ਆਈ.ਆਰ. ਦੀ ਕਾਪੀ ਹੈ, ਉਸ ਵਿੱਚ ਸਾਰਾ ਕੁਝ ਕਰਕੇ ਉਨ੍ਹਾਂ ਨੇ ਜਿਹੜੀ ਐਫ.ਆਈ.ਆਰ. ਸੀ, ਉਹ ਕੈਂਸਲੇਸ਼ਨ ਲਈ ਸਾਲ 2012 ਵਿੱਚ ਭੇਜ ਦਿੱਤੀ। ਵੋਟਾਂ ਦੀ ਖਾਤਰ ਪੰਜ ਦਿਨ ਪਹਿਲਾਂ ਇਨ੍ਹਾਂ ਨੇ ਉਹ ਕੈਂਸਲੇਸ਼ਨ ਭੇਜ ਦਿੱਤੀ। ਜਿਹੜਾ ਕੰਪਲੇਂਨੇਂਟ ਸੀ, ਉਹ ਖੜ੍ਹਾ ਹੋ ਗਿਆ ਤੇ ਉਹ ਕਹਿਣ ਲੱਗਾ ਕਿ ਮੈਂ ਇਹ ਕੈਂਸਲੇਸ਼ਨ ਨਹੀਂ ਹੋਣ ਦੇਣੀ। ਇਹ ਆਦਮੀ ਕਹਿੰਦੇ ਹਨ ਕਿ ਅਸੀਂ ਪੰਥ ਵਾਲੇ ਹਾਂ। ਇਹ ਗੱਲਾਂ ਕਰਦੇ ਹਨ ਕਿ ਅਸੀਂ ਪੰਥ ਦੇ ਰਾਖੇ ਹਾਂ। ** ** ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਰਾਮ ਰਹੀਮ ਨੇ ਉਸੇ ਤਰ੍ਹਾਂ ਦੀ ਪੁਸ਼ਾਕ ਪਾਈ, ਕਲਗੀ ਲਗਾਈ ਤੇ ਅੱਜ ਉਹੋ ਹੀ ਰਾਮ ਰਹੀਮ ਜੇਲ੍ਹ ਵਿੱਚ ਕਿਹੜੇ ਕੱਪੜੇ ਪਾਈ ਬੈਠਾ ਹੈ? ਗੁਰੂ ਨੇ ਥੋੜ੍ਹੇ ਦਿਨਾਂ ਵਿੱਚ ਹੀ ਉਸ ਨੂੰ ਸਜ਼ਾ ਦੇ ਦਿੱਤੀ, ਜੇਲ੍ਹ ਵਿੱਚ ਵਾੜ ਦਿੱਤਾ। ਉਸੇ ਰਾਮ ਰਹੀਮ ਨੇ ਜਿਸ ਨੇ ਕਿਹਾ ਸੀ ਕਿ ਮੇਰੀ ਸਲਤਨਤ ਇੰਨੀ ਵੱਡੀ ਹੈ। ਉਸ ਨੇ ਸਾਡੇ ਗੁਰੂ ਦੇ ਅੰਗ-ਅੰਗ ਖਿਲਾਰੇ ਤੇ ਅੱਜ ਉਸਦੇ ਸਾਮਰਾਜ ਦਾ ਵੀ ਅੰਗ-ਅੰਗ ਖਿਲਰ ਗਿਆ। ਉਸ ਦੇ ਬਾਅਦ ਡੇਰੇ ਤੇ ਕੋਈ ਮੱਥਾ ਟੇਕਣ ਵਾਲਾ ਨਹੀਂ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੇ ** ** ਇਨ੍ਹਾਂ ਨੇ ਹੁਣ ਗੱਲ ਕੀਤੀ ਹੈ। ਸਰਦਾਰ ਗਿੱਲ ਸਾਹਿਬ ਨੇ ਨਨਕਾਣਾ ਸਾਹਿਬ ਦੀ ਗੱਲ ਕੀਤੀ ਹੈ। ਜਦੋਂ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤਾਂ ਮੇਰੇ ਪਿੰਡ ਤੋਂ ਸਾਡੇ ਬਜ਼ੁਰਗ ਸਰਦਾਰ ਲਛਮਣ ਸਿੰਘ ਚੱਲੇ ਸੀ, ਜਦੋਂ ਗਏ ਤਾਂ ਮੇਰੇ ਆਪਣੇ ਪਿੰਡ ਧਾਰੋਵਾਲੀ ਵਿੱਚ ਸਾਲ 1920 ਵਿੱਚ ਛੇ ਸ਼ਹੀਦ ਹੋਏ। ਝੱਬਰ ਸਾਹਿਬ ਨੇ ਕਿਹਾ ਸੀ ਕਿ ਜਥਾ ਵਾਪਸ ਲੈ ਕੇ ਚੱਲ ਪਓ ਤਾਂ ਉਨ੍ਹਾਂ ਆਖਿਆ ਕਿ ਮੈਂ ਅਰਦਾਸ ਕਰਕੇ ਤੁਰ ਪਿਆ ਹਾਂ, ਮੈਂ ਜਥਾ ਵਾਪਸ ਨਹੀਂ ਲਿਜਾਵਾਂਗਾ। ਜਦੋਂ ਸਿੰਘਾਂ ਨੂੰ ਸਾੜ ਦਿੱਤਾ ਗਿਆ ਸੀ ਤਾਂ ਉਥੇ 126 ਖੋਪਰੀਆਂ ਨਿਕਲੀਆਂ, 20 ਟੋਕਰੇ ਹੱਡੀਆਂ ਦੇ ਚੁੱਕੇ ਗਏ, ਉਹ ਨਰਾਇਣੂ ਮਹੰਤ ਨੇ ਸਾੜੇ ਸੀ ਅਤੇ ਜਦੋਂ ਗੋਲੀਆਂ ਚੱਲੀਆਂ ਤਾਂ ਉਸ ਵੇਲੇ ਉਸ ਬਜ਼ੁਰਗ ਨੂੰ ਜੰਡ ਨਾਲ ਪੁੱਠਾ ਬੰਨ੍ਹ ਕੇ ਸਾੜਿਆ ਗਿਆ ਸੀ। ਜਿਹੜਾ ਗੁਰੂ ਦੀ ਤਾਬਿਆ ਬੈਠਾ ਸੀ, ਉਸ ਦੀ ਹਿੱਕ ਵਿੱਚ ਗੋਲੀਆਂ ਵੱਜੀਆਂ ਸਨ। ਬਾਦਲਾਂ ਤੇ ਇਨ੍ਹਾਂ ਵਾਂਗੂੰ ਨਹੀਂ ਕਿ ਜਦੋਂ ਮੁਸੀਬਤ

** Expunged as ordered by the Hon'ble Speaker.

ਆਈ ਤਾਂ ਪੰਜਾਬ ਛੱਡ ਕੇ ਕੋਈ ਅਮਰੀਕਾ ਦੌੜ ਗਿਆ ਤੇ ਕੋਈ ਪਰਕਾਸ਼ ਸਿੰਘ ਬਾਦਲ ਵਾਂਗੂੰ ਯੂ.ਪੀ. ਵਿੱਚ ਦੌੜ ਗਿਆ। ਕੀ ਇਹ ਸਿੱਖੀ ਹੈ ? ਇਹ ਗੱਲਾਂ ਕਰਦੇ ਹਨ ਕਿ ਅਸੀਂ ਸਿੱਖੀ ਦੇ ਅਲੰਬਦਾਰ ਹਾਂ। ** ** ਹੈ।ਮੈਂ ਕਹਾਂਗਾ ਕਿ ** ** ਇਹ ਸਿੱਖਾਂ ਦਾ ** ** ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਪਣੀ ਸ਼ਹਾਦਤ ਦੇ ਦਿੱਤੀ ਸੀ ਜਦੋਂ ਗੁਰੂ ਸਾਹਿਬ ਕੋਲ ਕਸ਼ਮੀਰ ਤੋਂ ਹਿੰਦੂ ਮਦਦ ਲੈਣ ਲਈ ਆਏ ਸੀ।ਕਹਿਣ ਲੱਗੇ ਕਿ ਕਿਸੇ ਬਹੁਤ ਵੱਡੇ ਮਹਾਂਪੁਰਸ਼ ਦੀ ਸ਼ਹਾਦਤ ਚਾਹੀਦੀ ਹੈ ਤੇ ਇਸ ਵਿੱਚ ਹੀ ਤੁਹਾਡਾ ਬਚਾਅ ਹੈ। ਉਸ ਵੇਲੇ ਗੁਰੂ ਸਾਹਿਬ ਦੇ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖੜ੍ਹੇ ਸਨ, ਜੋ ਕਿ ਉਸ ਵੇਲੇ ਕੇਵਲ ਨੌਂ ਸਾਲਾਂ ਦੇ ਸਨ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਤੁਹਾਡੇ ਤੋਂ ਵੱਡਾ ਕੌਣ ਹੈ, ਜਿਹੜਾ ਸ਼ਹਾਦਤ ਦੇਵੇਗਾ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਬਣੇ, ਉਹ ਇਕੱਲੇ ਪੰਜਾਬ ਦੀ ਹੀ ਚਾਦਰ ਨਹੀਂ ਬਣੇ ਸਗੋਂ ਪੂਰੀ ਦੁਨੀਆਂ ਦੀ ਚਾਦਰ ਬਣੇ ਕਿ ਮੈਂ ਤੁਹਾਡਾ ਰਾਖਾ ਹਾਂ। ਬਾਦਲ ਤਾਂ ਆਪਣੇ ਪਰਿਵਾਰ ਦਾ ਹੀ ਰਾਖਾ ਬਣਿਆ ਰਿਹਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਥ ਤੋਂ ਸਾਰਾ ਪਰਿਵਾਰ ਵਾਰ ਦਿੱਤਾ ਤੇ ਇਸ ਨੇ ** ** ਆਪਣੇ ਪਰਿਵਾਰ ਤੋਂ ** ** ਦਿੱਤਾ (ਸ਼ੇਮ-ਸ਼ੇਮ ਦੀਆਂ ਆਵਾਜ਼ਾਂ)। ਸਪੀਕਰ ਸਾਹਬਿ, ਮੇਰੇ ਬਜ਼ੁਰਗ ਇਨ੍ਹਾਂ ਦੇ ਨਾਲ ਕਈ ਸਾਲ ਐਮ.ਐਲ.ਏ. ਰਹੇ। ਮੁੱਖ ਮੰਤਰੀ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਬਜ਼ੁਰਗਾਂ ਦੀਆਂ ਜ਼ਮੀਨਾਂ-ਜਾਇਦਾਦਾਂ ਤਾਂ ਥੱਲੇ ਨੂੰ ਚਲੀਆਂ ਗਈਆਂ ਤੇ ਪਰਕਾਸ਼ ਸਿੰਘ ਬਾਦਲ ਨੇ ਕਿਹੜੀ ਡਾਲਰ ਬਣਾਉਣ ਵਾਲੀ ਜ਼ਮੀਨ ਖਰੀਦੀ ਹੈ, ਜਿਸ ਵਿਚ ਸੋਨੇ ਦੇ ਬਿਸਕੁਟ ਉੱਗਦੇ ਹਨ।ਇਸ ਦੀ ਤਾਂ 80 ਕਿੱਲਿਆਂ ਤੋਂ ਅੱਸੀ ਹਜ਼ਾਰ ਏਕੜ ਜ਼ਮੀਨ ਬਣ ਗਈ ਤੇ ਸਾਡੀ 40 ਕਿੱਲਿਆਂ ਤੋਂ ਘੱਟ ਕੇ 20 ਕਿੱਲੇ ਬਣ ਗਈ। ਇਸ ਦਾ ਵੀ ਤਾਂ ਫੈਸਲਾ ਕਰ ਲਈਏ। ** ** ਪੰਜਾਬ ਤੇ ਕਹਿੰਦਾ ਕਿ ਜੀ ਮੈਂ ਤਾਂ ** ** ਹਾਂ। ਠੀਕ ਹੈ, ਕਦੀ ਕਿਸੇ ਨੂੰ ਧਮਕੀਆਂ ਦਿਵਾਉਂਦੇ ਹਨ ਕਿ ਇਨ੍ਹਾਂ ਨੂੰ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਤੇ ਸੱਦ ਲਵਾਂਗੇ। ਸਪੀਕਰ ਸਾਹਿਬ, ਸੁਖਜਿੰਦਰ ਸਿੰਘ ਰੰਧਾਵਾ, ਸ੍ਰੀ ਅਕਾਲ ਤਖਤ ਸਾਹਿਬ ਤੇ ਜਾਏਗਾ ਅਤੇ ਉੱਥੇ ਸਾਰੀ ਗੱਲ ਦੱਸੇਗਾ ਅਤੇ ਅਜਿਹਾ ਕੋਈ ਤਨਖਾਹੀਆ ਜਥੇਦਾਰ ਸੁਖਜਿੰਦਰ ਸਿੰਘ ਰੰਧਾਵੇ ਦੀ ਜ਼ੁਬਾਨ ਬੰਦ ਨਹੀਂ ਕਰੇਗਾ। ਆਪਣੇ ਬਜ਼ੁਰਗ ਸ਼ਹੀਦ ਲਛਮਣ ਸਿੰਘ ਵਾਂਗੂੰ ਜਿਨ੍ਹਾਂ ਨੂੰ ਆਪਣੀ ਕੌਮ ਲਈ ਸ਼ਹਾਦਤ ਵੀ ਦੇਣੀ ਪਈ, ਮੈਂ ਆਪਣੀ ਸ਼ਹਾਦਤ ਵੀ ਦੇ ਦੇਵਾਂਗਾ। ਮੈਂ ਇਨ੍ਹਾਂ ਦੇ ਅੱਗੇ ਬਿਲਕੁਲ ਵੀ ਨਹੀਂ ਝੁਕਾਂਗਾ। ਇਹ ਕਿਹੜੀ ਸਿੱਖੀ ਦੀ ਗੱਲ ਕਰਦੇ ਹਨ? ਪਰਕਾਸ਼ ਸਿੰਘ ਬਾਦਲ ਨੂੰ ਤਾਂ ਮੈਂ ਸਿੱਖ ਮੰਨਦਾ ਹੀ ਨਹੀਂ ਜਿਹੜਾ ਕਹਿੰਦਾ ਸੀ ਕਿ ਮੈਂ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਵਾਂਗਾ। ਤੁਸੀਂ

** Expunged as ordered by the Hon'ble Speaker.

ਹਿਸਟਰੀ ਪੜ੍ਹ ਲੈਣਾ। ਇਹ ਮੂਸੇ ਪਿੰਡ ਤੋਂ ਦੌੜੇ ਹਨ। ਇਨ੍ਹਾਂ ਦੀ ਭੰਗੀ ਮਿਸਲ ਹੁੰਦੀ ਸੀ। ਜਦੋਂ ਭੰਗੀ ਮਿਸਲ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਲੜਾਈ ਲੜੀ ਤਾਂ ਇਹ ਮੂਸੇ ਪਿੰਡ ਵਾਲੇ ਰਾਤ ਨੂੰ ਦੌੜ ਕੇ ਨਿਕਲ ਆਏ ਸੀ। ਸਤਲੁਜ ਦਾ ਦਰਿਆ ਟੱਪ ਗਏ ਸੀ। ਸਤਲੁਜ ਦਰਿਆ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਜੋ ਅੱਗੇ ਬਦਲ ਜਾਂਦਾ ਸੀ। ਉੱਥੋਂ ਦੌੜ ਕੇ ਸਿੱਧੇ ਦੋਦੇ ਪਿੰਡ ਵਿੱਚ ਆਏ ਤੇ ਦੋਦੇ ਤੋਂ ਕਾਲਝਰਾਣੀ ਆਏ ਅਤੇ ਉਸ ਤੋਂ ਬਾਅਦ ਇਹ ਬਾਦਲ ਪਿੰਡ ਆਏ। ਇਹ ਸਿੱਖ ਰਾਜ ਦੇ ਭਗੌੜੇ ਹਨ। ਇਹ ਮਹਾਰਾਜਾ ਰਣਜੀਤ ਸਿੰਘ ਕੋਲੋਂ ਬਦਲਾ ਲੈਣਾ ਚਾਹੁੰਦੇ ਹਨ। ਇਹ ਸਿੱਖਾਂ ਕੋਲੋਂ ਬਦਲਾ ਲੈਣਾ ਚਾਹੁੰਦੇ ਹਨ ਕਿ ਤੁਸੀਂ ਸਾਡੀ ਦੌੜ ਲਵਾਈ ਸੀ, ਜਿਵੇਂ ਮੁਗਲਾਂ ਨੇ ਜ਼ੁਲਮ ਢਾਹੇ ਹਨ, ਉਸੇ ਤਰ੍ਹਾਂ ਫਿਰ ਢਾਹਵਾਂਗੇ।

ਸਪੀਕਰ ਸਾਹਿਬ, ਮੈਂ ਇੱਕ ਹੋਰ ਬੜੀ ਸ਼ਰਮਨਾਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਪਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਰਹਿ ਚੁੱਕਿਆ ਹੋਵੇ ਅਤੇ ਉਸ ਟਾਈਮ ਦਾ ਹੋਮ ਮਨਿਸਟਰ ਸੁਖਬੀਰ ਸਿੰਘ ਬਾਦਲ ਕਹਿੰਦਾ ਹੈ ਕਿ ਅਣਪਛਾਤੇ ਬੰਦਿਆਂ ਤੇ ਪੁਲਿਸ ਨੇ ਪਰਚਾ ਦੇ ਦਿੱਤਾ। ਕੀ ਕਦੇ ਪੁਲਿਸ ਵੀ ਅਣਪਛਾਤੀ ਹੋਈ ਹੈ? ਉਨ੍ਹਾਂ ਕਾਂਗਰਸੀਆਂ ਅਤੇ ਆਮ ਆਦਮੀ ਪਾਰਟੀ ਵਾਲਿਆਂ ਨੂੰ ਪੁੱਛੋ ਕਿ ਜਿਹੜੇ ਪੁਲਿਸ ਵਾਲੇ ਡਾਂਗਾਂ ਫੇਰਦੇ ਸੀ, ਉਹ ਅਣਪਛਾਤੇ ਤੁਹਾਨੂੰ ਰਾਤ ਨੂੰ ਅੱਜ ਵੀ ਯਾਦ ਆਉਂਦੇ ਹਨ ਜਾਂ ਨਹੀਂ ਆਉਂਦੇ ਪ੍ਰੰਤੂ ਪਰਕਾਸ਼ ਸਿੰਘ ਬਾਦਲ ਕਹਿੰਦੇ ਕਿ ਇਹ ਅਣਪਛਾਤੇ ਹਨ। ਅਣਪਛਾਤੇ ਤਾਂ ਇਹ ਆਪ ਹੀ ਹਨ ਕਿਉਂਕਿ ਇਨ੍ਹਾਂ ਨੇ ਆਪ ਹੀ ਸਭ ਕੁਝ ਕਰਵਾਇਆ ਹੈ। ਇਨ੍ਹਾਂ ਨੇ ਟੈਲੀਫੋਨ ਆਪ ਕੀਤੇ ਅਤੇ ਜਦੋਂ ਪੋਸਟ ਮਾਰਟਮ ਦੀ ਰਿਪੋਰਟ ਆਈ, ਕ੍ਰਿਸ਼ਨ ਭਗਵਾਨ ਅਤੇ ਗੁਰਜੀਤ ਸਿੰਘ ਦੀ ਪੋਸਟ ਮਾਰਟਮ ਰਿਪੋਰਟ ਇਹ ਕਹਿੰਦੀ ਹੈ ਕਿ ਇੱਕ ਮੀਟਰ ਦੀ ਦੂਰੀ ਤੋਂ ਥੱਲੇ ਬੈਠਿਆਂ ਦੇ ਇਸ ਤਰ੍ਹਾਂ ਗੋਲੀ ਵੱਜੀ ਹੈ। ਇੱਕ ਦੇ ਮੂੰਹ ਤੇ ਗੋਲੀ ਵੱਜੀ ਹੈ ਅਤੇ ਇੱਕ ਦੇ ਢਿੱਡ ਤੇ ਗੋਲੀ ਮਾਰੀ ਹੈ। ** **, ਅੱਜ ਇਹ ਦੌੜ ਗਏ ਹਨ। ਇਨ੍ਹਾਂ ਨੂੰ ਦੌੜਨਾ ਨਹੀਂ ਚਾਹੀਦਾ ਸੀ। ਇਨ੍ਹਾਂ ਨੂੰ ਅੱਜ ਸੱਚਾਈ ਸੁਣਨੀ ਚਾਹੀਦੀ ਸੀ ਕਿਉਂਕਿ ਇਹ ** ** ਹਨ, ** ** ਕਹਿੰਦਾ ਕਿ ਇਹ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਉਸ ਨੇ ਬਿਲਕੁਲ ਸੱਚ ਬੋਲਿਆ ਹੈ। ਮੇਰੇ ਪਿੰਡ ਤੋਂ ਜੱਥਾ ਚੱਲਿਆ ਸੀ ਅਤੇ ਹੁਣ ਵੀ ਧਾਰੋਵਾਲੀ ਤੋਂ ਜੱਥਾ ਚੱਲੇਗਾ ਤੇ ਜਿਵੇਂ ਸਰਦਾਰ ਲਛਮਣ ਸਿੰਘ ਸ਼ਹੀਦ ਹੋ ਕੇ ਆਏ ਸੀ, ਮੈਂ ਗੁਰਦੁਆਰਾ ਆਜ਼ਾਦ ਕਰਵਾਉਣ ਲਈ ਇਨ੍ਹਾਂ ** ** ਦੀਆਂ ਗੋਲੀਆਂ ਖਾਣ ਲਈ ਵੀ ਤਿਆਰ ਹਾਂ। ਇਹ ਕਹਿੰਦੇ ਕਿ ਉੱਥੇ ਸਿੱਖ ਬੜੇ violent ਹੋ ਗਏ ਸਨ, ਇਹੀ ਰਿਪੋਰਟ ਕਹਿੰਦੀ ਹੈ ਕਿ ਉੱਥੇ ਸਿੱਖਾਂ ਨੇ ਜਾ ਕੇ ਗੜਬੜ ਕੀਤੀ। ਮੈਂ ਇੱਕ ਚੀਜ਼

** Expunged as ordered by the Hon'ble Speaker.

ਪੁੱਛਣੀ ਚਾਹੁੰਦਾ ਹਾਂ ਕਿ ਇੰਨੇ ਸਿੱਖ ਕੁੱਟੇ ਗਏ, 2 ਸਿੰਘ ਮਾਰ ਦਿੱਤੇ ਅਤੇ ਬਹੁਤ ਸਾਰੇ ਜ਼ਖਮੀ ਕਰ ਦਿੱਤੇ ਗਏ, ਕੀ ਇੱਕੋ ਪੁਲਿਸ ਵਾਲਾ ਸੀ ਜਿਸ ਨੂੰ ਇਨ੍ਹਾਂ ਨੇ ਫੜਿਆ? ਕੀ ਇੱਕ ਤੋਂ ਸਿਵਾਏ ਜੇ ਕੋਈ ਕੁੱਟਿਆ ਗਿਆ, ਉਹ ਕੋਈ ਹੋਰ ਕੁੱਟਿਆ ਗਿਆ? ** ** ਮੁੱਖ ਮੰਤਰੀ ਸਾਹਿਬ, ਬਾਦਲਾਂ ਨੇ 14 ਅਕਤੂਬਰ, 2015 ਨੂੰ ਧਾਰਾ 307 ਦੇ ਤਹਿਤ ਐਫ.ਆਈ.ਆਰ. ਨੰਬਰ 129 ਰਜਿਸਟਰ ਕਰਵਾਈ ਕਿ ਬਾਜਾਖਾਨਾ ਪੁਲਿਸ ਸਟੇਸ਼ਨ ਵਿਖੇ ਲੋਕਾਂ ਨੇ ਪੁਲਿਸ ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਤੇ ਐਫ.ਆਈ.ਆਰ. ਦਰਜ ਕੀਤੀ ਹੈ। ਫਿਰ ਉਸੇ ਹੀ ਐਫ.ਆਈ.ਆਰ. ਨੰਬਰ ਨੂੰ, ਐਫ.ਆਈ.ਆਰ. ਨੰਬਰ 130 ਦੀ ਜਾਂਚ ਕਰਨ ਲਈ ਏ.ਡੀ.ਜੀ.ਪੀ. ਸਹੋਤਾ ਦੀ ਡਿਊਟੀ ਲਗਾ ਦਿੱਤੀ। ਅੱਜ ਤੱਕ ਨਾ ਉਸ ਦੀ ਰਿਪੋਰਟ ਆਈ ਅਤੇ ਨਾ ਉਸ ਬਾਰੇ ਕੁਝ ਹੋਇਆ ਹੈ। ਪੁਲਿਸ ਇਹ ਕਹੇ ਕਿ ਮੇਰੇ ਤੇ ਹਮਲਾ ਕਰ ਦਿੱਤਾ ? ਜਿਹੜੇ ਮਰ ਗਏ ਹਨ, ਕੀ ਪੁਲਿਸ ਖਿਲਾਫ, ਉਨ੍ਹਾਂ ਮੁਲਜ਼ਮਾਂ ਦੇ ਅਗੇਂਸਟ, ਉਨ੍ਹਾਂ ਬੱਚਿਆਂ ਦੀ ਮੌਤ ਦਾ ਪਰਚਾ ਦਰਜ ਹੋਣਾ ਚਾਹੀਦਾ ਸੀ ਕਿ ਨਹੀਂ ? ਕੀ ਗੱਲ ਅਸੀਂ ਸਾਰਾ ਕੁਝ ਆਪਣੇ ਤੇ ਲੈ ਲਿਆ? ਅਸੀਂ ਸਿੱਖੀ ਆਪਣੇ ਆਪ ਤੇ ਚੁੱਕ ਲਈ? ਪਰਕਾਸ਼ ਸਿੰਘ ਬਾਦਲ ਹਨ, ਜਿਹੜੇ ਕਹਿੰਦੇ ਹਨ ਮਹਾਰਾਜਾ ਸਾਹਿਬ, ਕੱਲ੍ਹ ਜਿਹੜੇ ਤੁਸੀਂ ਸਰਦਾਰ ਮਹਿੰਦਰ ਸਿੰਘ ਨੂੰ ਪੈਸੇ ਦਿੱਤੇ ਹਨ, ਅਜਿਹਾ ਕਰਕੇ ਉਨ੍ਹਾਂ ਤੇ ਅਸੀਂ ਕੋਈ ਅਹਿਸਾਨ ਨਹੀਂ ਕੀਤਾ। ਉਨ੍ਹਾਂ ਦੇ ਚਰਨਾਂ ਵਿੱਚ ਸਾਨੂੰ ਪੈਸੇ ਰੱਖਣੇ ਪਏ ਕਿ ਤੁਸੀਂ ਬੈਠੇ ਸੀ, ਗੁਰੂ ਦਾ ਨਾਮ ਜਪ ਰਹੇ ਸੀ। ਮੇਰੇ ਇਲਾਕੇ ਦੇ ਸੰਤ ਬਾਬਾ ਅਮਰੀਕ ਸਿੰਘ ਘੁੰਮਣਾਂ ਵਾਲੇ ਵੀ ਉਥੇ ਸੀ। ਉਨ੍ਹਾਂ ਨੇ ਅੱਖੀਂ ਵੇਖਿਆ। ਉਹ ਕਹਿੰਦੇ ਪਾਠ ਕਰਦਿਆਂ ਤੇ ਜਰਵਾਣੇ ਆਏ। ਉਨ੍ਹਾਂ ਨੇ ਕਿਸੇ ਨੂੰ ਕੁਝ ਨਹੀਂ ਪੁੱਛਿਆ, ਆਉਂਦਿਆਂ ਹੀ ਡਾਂਗਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਆਂ ਅਤੇ ਪਾਣੀ ਵਰ੍ਹਾਉਣਾ ਸ਼ੁਰੂ ਕਰ ਦਿੱਤਾ ਅਤੇ ਜਦੋਂ ਕੱਲ੍ਹ ਉਸ ਬੱਚੇ ਦਾ ਬਾਪ ਸਰਦਾਰ ਮਹਿੰਦਰ ਸਿੰਘ ਆਇਆ, ਉਸ ਤੋਂ ਜਦੋਂ ਮੈਂ ਗੱਲ ਸੁਣੀ, ਮੇਰਾ ਖਿਆਲ ਹੈ, ** ** ਉਹ ਕਹਿੰਦਾ ਜਿਸ ਵੇਲੇ ਮੇਰੇ ਬੇਟੇ ਕ੍ਰਿਸ਼ਨ ਭਗਵਾਨ ਦੇ ਗੋਲੀ ਲੱਗੀ ਤਾਂ ਉਸ ਦੀਆਂ ਅੰਤੜੀਆਂ ਬਾਹਰ ਆ ਗਈਆਂ ਸੀ ਤੇ ਮੈਂ ਆਪਣੀ ਪੱਗ ਲਾਹੀ ਅਤੇ ਮੈਂ ਆਪਣੇ ਪੁੱਤ ਦੀਆਂ ਅੰਤੜੀਆਂ ਪੱਗ ਨਾਲ ਬੰਨ੍ਹ ਕੇ ਜਦੋਂ ਉਸ ਨੂੰ ਲੈ ਕੇ ਤੁਰਿਆਂ ਤਾਂ ਮੈਨੂੰ ਉਸ ਵੇਲੇ ਬਾਬਾ ਬੰਦਾ ਸਿੰਘ ਬਹਾਦਰ ਯਾਦ ਆਇਆ। ਜਿਸ ਵੇਲੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਰੈਸਟ ਕੀਤਾ, ਮੁਗਲਾਂ ਨੇ ਜਦੋਂ ਕਿਹਾ ਕਿ ਧਰਮ ਕਬੂਲ ਕਰ ਲੈ। ** ** ਜਿਸ ਵੇਲੇ ਉਨ੍ਹਾਂ ਨੇ ਕਿਹਾ ਕਿ ਇਸਲਾਮ ਕਬੂਲ ਕਰ ਲੈ, ਤੈਨੂੰ ਜਗੀਰਾਂ ਵੀ ਦੇ ਦਿਆਂਗੇ, ਸਭ ਕੁਝ ਦੇ ਦਿਆਂਗੇ। ਉਨ੍ਹਾਂ ਆਖਿਆ ਕਿ ਮੈਂ ਆਪਣੇ ਗੁਰੂ ਦੇ ਨਾਲ

** Expunged as ordered by the Hon'ble Speaker.

ਗੱਲ ਕਰਕੇ ਆਇਆ ਹਾਂ। ਮੈਂ ਬਿਲਕੁਲ ਪਿੱਛੇ ਨਹੀਂ ਹਟਾਂਗਾ। ਜੇ ਕਿਤੇ ਇਹ ਪਰਿਵਾਰ ਹੁੰਦਾ, ਇਨ੍ਹਾਂ ਨੇ ਗਿਰਵੀਂ ਰੱਖ ਕੇ ਆ ਜਾਣਾ ਸੀ। ਉਸ ਵੇਲੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ, ਜੇ ਤੁਹਾਡਾ ਪੋਤਾ ਹੁੰਦਾ ਜਾਂ ਸੁਖਬੀਰ ਹੁੰਦਾ ਅਤੇ ਉਸ ਦੀਆਂ ਅੰਤੜੀਆਂ ਬਾਹਰ ਨਿਕਲੀਆਂ ਹੁੰਦੀਆਂ ਤਾਂ ਤੁਹਾਡੇ ਤੇ ਕੀ ਬੀਤਦੀ? ਉਹ ਕਹਿੰਦਾ ਸੀ ਕਿ ਮੈਨੂੰ ਉਹ ਵੇਲਾ ਯਾਦ ਆਉਂਦਾ ਹੈ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਬੱਚੇ ਨੂੰ ਉਸ ਦੀ ਗੋਦੀ ਵਿੱਚ ਪਾ ਕੇ, ਉਸ ਦਾ ਦਿਲ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਪਾਇਆ ਗਿਆ। ਮੈਂ ਕਹਿੰਦਾ ਹਾਂ ਕਿ ਉਸ ਵੇਲੇ ਇਹੋ ਹੀ ਚੀਜ਼ ਸਰਦਾਰ ਮਹਿੰਦਰ ਸਿੰਘ ਦੇ ਸਾਹਮਣੇ ਹੋਈ। ਉਸ ਦੇ ਬੱਚੇ ਦੀਆਂ ਅੰਤੜੀਆਂ ਬਾਹਰ ਹੋਣ ਅਤੇ ਉਸ ਦਾ ਬੱਚਾ ਤੜਫ ਰਿਹਾ ਹੋਵੇ ਤੇ ਕੋਈ ਹਸਪਤਾਲ ਲੈ ਕੇ ਨਾ ਜਾਵੇ, ਅਫਸੋਸ! ਕੀ ਇਹ ਸਰਕਾਰਾਂ ਹੁੰਦੀਆਂ ਹਨ? ਕੀ ਇਸ ਨੂੰ ਡੈਮੋਕਰੇਸੀ ਕਹਿੰਦੇ ਹਾਂ? ਕੀ ਇਸ ਨੂੰ ਪੰਥ ਦਾ ਰਾਜ ਕਹਿੰਦੇ ਹਾਂ? ਕੀ ਇਸ ਨੂੰ ਸਿੱਖ ਕਹਿੰਦੇ ਹਾਂ? ** **

ਸਪੀਕਰ ਸਾਹਿਬ, ਮੈਂ ਹੁਣ ਇਸ ਰਿਪੋਰਟ ਤੇ ਆਉਂਦਾ ਹਾਂ। ਸਪੀਕਰ ਸਾਹਿਬ, ਬਹਿਬਲ ਕਲਾਂ ਅਤੇ ਕੋਟਕਪੂਰੇ ਦੀ ਘਟਨਾ ਕਿਉਂ ਹੋਈ? ਇਥੇ ਵੀ ਰਾਜਨੀਤੀ ਸੀ, ਬਾਦਲ ਦੀ ਸਾਜ਼ਿਸ਼ ਸੀ। ਬੇਅਦਬੀਆਂ ਹੋਈਆਂ, ਸਿੱਖ ਮਾਰੇ ਗਏ। ਡੇਰਾ ਸੱਚਾ ਸੌਦਾ ਨੂੰ ਮੁਆਫੀ ਦੇ ਦਿੱਤੀ ਗਈ। ਮੁਆਫੀਨਾਮਾ ਲੈ ਕੇ ਕੌਣ ਗਿਆ? ਮੇਰੇ ਕੋਲ ਕਮਿਸ਼ਨ ਦੀ ਰਿਪੋਰਟ ਦੀ ਜਿਹੜੀ ਕਾਪੀ ਕਢਵਾਈ ਹੈ, ਉਹ ਹੈ। ਉਸ ਵਿੱਚ ਕਹਿੰਦੇ ਹਨ ਕਿ ਮੁਆਫੀਨਾਮੇ ਵਿੱਚ ਗੁਰਮਤਾ ਡਾਕਟਰ ਦਲਜੀਤ ਸਿੰਘ ਚੀਮਾ ਨੇ ਟਾਈਪ ਕਰਵਾਇਆ ਅਤੇ ਇਸ ਕੌਮ ਦਾ ਮਹਾਨ ਹੀਰੋ ** ** ਸਾਰੇ ਜਥੇਦਾਰਾਂ ਨੂੰ ਆਪਣੀ ਗੱਡੀ ਵਿੱਚ ਲੈ ਕੇ ਮੁੱਖ ਮੰਤਰੀ ਦੀ ਕੋਠੀ ਵਿੱਚ ਪੁੱਜਾ ਅਤੇ ਗੁਰਮਤੇ ਤੇ ਸਾਈਨ ਕਰਵਾਏ। ਉਸ ਸਮੇਂ ਦੇ ਰਜਿਸਟਰ ਅਤੇ ਸੀ.ਸੀ.ਟੀ.ਵੀ. ਫੁਟੇਜ ਵਿੱਚ ਦਰਜ ** ** ਦੀ ਗੱਡੀ ਦਾ ਨੰਬਰ CH 01 AX 2305 fortuner PB 65 9080 Camery, Dr. D.S. Cheema, they entered at 6.30 PM at C.M. residence. ਇਹ ਚੀਜ਼ਾਂ ਹਨ। ਇੱਕ ਕਹਾਵਤ ਆਪਾਂ ਆਮ ਕਹਿੰਦੇ ਹੁੰਦੇ ਹਾਂ ਕਿ ਜਿਥੇ ਗਈਆਂ ਬੇੜੀਆਂ, ਉਥੇ ਗਏ ਮਲਾਹ, ਜਿਥੇ ਗਿਆ ਰਾਮ ਰਹੀਮ, ਉਥੇ... ਅੱਗੇ ਤੁਸੀਂ ਆਪ ਹੀ ਸਮਝ ਲਵੋ।

**ਮਾਨਯੋਗ ਸਪੀਕਰ :** ਰੰਧਾਵਾ ਜੀ, ਕਿੰਨਾ ਟਾਈਮ ਲਵੋਗੇ ਜੀ ?

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਮੈਨੂੰ ਬੋਲਣ ਲਈ ਹੋਰ ਟਾਈਮ ਦੇ ਦਿਉ। ਜੇ ਮੈਂ ਬੋਲਣ ਲੱਗਿਆ ਹਾਂ ਤਾਂ ਉਨ੍ਹਾਂ ਦਾ ਚਿੱਠਾ ਖੋਲ੍ਹ ਲੈਣ ਦਿਉ।

---

** Expunged as ordered by the Hon'ble Speaker.

**ਮਾਨਯੋਗ ਸਪੀਕਰ :** ਅੱਠ ਸਪੀਕਰ ਹਨ, ਦੋ ਸਪੀਕਰ ਹਾਲੇ ਬੋਲੇ ਹਨ।

(**ਅਵਾਜ਼ਾਂ**: ਇਨ੍ਹਾਂ ਨੂੰ ਬੋਲਣ ਦਿਉ ਜੀ, ਸੈਸ਼ਨ ਦਾ ਟਾਈਮ ਵਧਾ ਲੈਣਾ ਜੀ। )

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਟਾਈਮ ਵਧਾ ਦੇਣਾ ਜੀ। ਸਪੀਕਰ ਸਾਹਿਬ, ਉਨ੍ਹਾਂ ਨੇ ਕਿਹੜਾ ਆਉਣਾ ਹੈ ? (ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ) ਉਹ ਤਾਂ ** ** ਹਨ। ਉਹ ਤਾਂ ** ** ਹਨ । ਉਹ ਤਾਂ ਹੁਣ ਬਾਹਰ ਬੈਠੇ ਵੇਖਦੇ ਹੋਣੇ ਹਨ । ਮੈਂ ਬਾਦਲ ਸਾਹਿਬ ਦੀ ਪੰਥ ਪ੍ਰਤੀ ਪਹਿਲੀ ਸੰਜੀਦਗੀ ਦਿਖਾਉਣ ਲੱਗਿਆ ਹਾਂ ਕਿ ਕੈਂਸਲੇਸ਼ਨ ਰਿਪੋਰਟ ਜਿਹੜੀ ਪਾਈ ਹੈ, ਇਹ ਐਫ.ਆਈ.ਆਰ. ਹੈ (ਵਿਖਾਉਂਦੇ ਹੋਏ) ਇਸ ਵਿਚ ਪਤਾ ਲਿਖਿਆ ਹੈ, ਮੁਦੱਈ ਰਜਿੰਦਰ ਸਿੰਘ, ਚੋਰੀ ਹੋਏ ਦਾ ਮਾਮਲਾ ਕੋਈ ਨਹੀਂ, ਨਾਂ ਪਤਾ: ਦੋਸ਼ੀ ਗੁਰਮੀਤ ਰਾਮ ਰਹੀਮ, ਡੇਰਾ ਮੁੱਖੀ ਸੱਚਾ ਸੌਦਾ, ਸਿਰਸਾ, ਦੋਸ਼ੀਆਨ ਦੀ ਗ੍ਰਿਫਤਾਰੀ; ਮਿਤੀ 30.7.2007 ਨੂੰ । ਉਸ ਦੀ ਡੇਰੇ ਤੋਂ ਹੀ ਜ਼ਮਾਨਤ ਲੈ ਲਈ, ਉਸ ਦੀ ਅਰੈਸਟ ਨਹੀਂ ਕੀਤੀ, ਉਸ ਦੀ ਡੇਰੇ ਤੋਂ ਹੀ ਜ਼ਮਾਨਤ ਲੈ ਲਈ। ਜੇਕਰ ਸਾਡੇ ਵਰਗਾ ਕੋਈ ਕਾਂਗਰਸੀ ਗਰੀਬ ਫਸ ਜਾਂਦਾ ਸੀ ਤਾਂ ਉਸ ਦੀ ਤਾਂ ਸਾਲ-ਸਾਲ ਜ਼ਮਾਨਤ ਹੀ ਨਹੀਂ ਹੁੰਦੀ ਸੀ। ਅੱਗੋਂ ਤਫਤੀਸ਼ ਨਾ ਕਰਨ ਦੇ ਕਾਰਨ ਵੇਖੋ ਕੀ ਦੱਸੇ ਗਏ ਹਨ। ਫੂਲਕਾ ਸਾਹਿਬ, ਤੁਸੀਂ ਤਾਂ ਵਕੀਲ ਹੋ, ਮੈਂ ਤੁਹਾਨੂੰ ਐਫ.ਆਈ.ਆਰ. ਦੀ ਕਾਪੀ ਦੇ ਦਿਆਂਗਾ, ਤੁਸੀਂ ਇਸ ਨੂੰ ਚੰਗੀ ਤਰ੍ਹਾਂ ਵੇਖਣਾ। ਕਹਿੰਦੇ ਵਕੂਆ ਡੇਰਾ ਸਲਾਬਤਪੁਰ ਵਿਖੇ, ਕਹਿੰਦੇ ਕੋਈ ਘਟਨਾ ਹੀ ਨਹੀਂ ਵਾਪਰੀ ਤਾਂ ਫਿਰ ਇਹ ਐਫ.ਆਈ.ਆਰ. ਕਿਉਂ ਦਰਜ ਕੀਤੀ ? ਕਿਉਂ ਪੰਜਾਬ ਵਿੱਚ ਅੱਗਾਂ ਲਗਵਾਈਆਂ? ਕਿਉਂ ਇੰਨਾ ਕਤਲੇਆਮ ਕਰਵਾਇਆ ਗਿਆ?

ਸਪੀਕਰ ਸਾਹਿਬ, ਸਭ ਤੋਂ ਵੱਡੀ ਜਿਹੜੀ ਚੀਜ਼ ਹੋਈ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਾਈਆਂ, ਉਨ੍ਹਾਂ ਨੇ ਕਿਹਾ ਕਿ ਜਿਹੜਾ ਧਰਮ ਹੈ, ਇਹ ਰਾਜਨੀਤੀ ਤੋਂ ਉਪਰ ਹੋਵੇਗਾ । ਇਸ ਕਰਕੇ ਉਨ੍ਹਾਂ ਨੇ ਦੋ ਤਲਵਾਰਾਂ ਧਾਰਨ ਕੀਤੀਆਂ ਸਨ ਪਰ ਪਰਕਾਸ਼ ਸਿੰਘ ਬਾਦਲ ਨੇ ਇਹੋ ਜਿਹਾ ਧਰਮ ਚਲਾਇਆ, ਉਨ੍ਹਾਂ ਕਿਹਾ ਕਿ ਧਰਮ ਰਾਜਨੀਤੀ ਤੋਂ ਥੱਲੇ ਹੋਵੇਗਾ, ਪਰਕਾਸ਼ ਸਿੰਘ ਬਾਦਲ ਦੇ ਥੱਲੇ ਸਭ ਕੁਝ ਹੋਵੇਗਾ। ਉਨ੍ਹਾਂ ਨੇ ਜੋ ਕਿਹਾ ਉਸੇ ਕਰਕੇ ਕੋਟਕਪੂਰੇ ਵਿਖੇ ਬੈਠੇ ਸਿੱਖਾਂ ਦੇ ਉਤੇ ਗੋਲੀਆਂ ਚਲਾਈਆਂ, ਡਾਂਗਾਂ ਨਾਲ ਮਾਰਿਆ ਗਿਆ ਤਾਂ ਉਸ ਵੇਲੇ 1919 ਦਾ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਯਾਦ ਆਉਂਦਾ ਹੈ। ਇੱਥੇ ਮੈਂ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਜਿਸ ਜਨਰਲ ਡਾਇਰ ਨੇ ਗੋਲੀਆਂ ਚਲਵਾਈਆਂ ਸਨ, ਜਿਸ

---

** Expunged as ordered by the Hon'ble Speaker.

ਵੇਲੇ ਜਨਰਲ ਡਾਇਰ ਨੇ ਹਿੰਦੁਸਤਾਨ ਦੇ ਪੰਜਾਬੀ ਸ਼ਹੀਦ ਕੀਤੇ ਤਾਂ ਉਹ ਜਨਰਲ ਡਾਇਰ ਸਭ ਤੋਂ ਪਹਿਲਾਂ ਕਿਸ ਦੇ ਘਰ ਗਿਆ ਸੀ? ਉਨ੍ਹਾਂ ਦੇ ਘਰ ਗਿਆ ਸੀ ਜਿਹੜੇ ਇੱਥੋਂ ਚਲੇ ਗਏ ਹਨ, ਜਿਹੜਾ ਬਹੁਤ ਰੌਲਾ ਪਾਉਂਦਾ ਹੈ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਇੱਕ ਦਿਨ ਮੈਂ ਪਟਿਆਲੇ ਵਿਖੇ ਜੇਲ੍ਹ ਵਿੱਚ ਰੋਟੀ ਦਾ ਇੱਕ ਕੈਟਰਿੰਗ ਖੋਲ੍ਹ ਦਿੱਤਾ ਤਾਂ ਮੈਨੂੰ ਪੱਤਰਕਾਰ ਪੁੱਛਦੇ ਕਹਿੰਦੇ ਜੀ ਇਹ ਰਾਹੂ-ਕੇਤੂ ਟਾਲਣ ਲਈ ਕੀਤਾ ਹੈ ਤਾਂ ਮੈਂ ਕਿਹਾ ਕਿ ਮੈਨੂੰ ਇਸ ਰਾਹੂ-ਕੇਤੂ ਦਾ ਤਾਂ ਪਤਾ ਨਹੀਂ ਪਰ ਮੈਨੂੰ ਪੰਜਾਬ ਦੇ ** ** ਮੈਨੂੰ ਉਨ੍ਹਾਂ ਦਾ ਪਤਾ ਹੈ ਜਿਸ ਦਿਨ ਉਹ ਪੰਜਾਬ ਵਿਚੋਂ ** ** ਸਾਰਾ ਪੰਜਾਬ ਸੁਖੀ ਵੱਸੇਗਾ । ਜਿਸ ਵੇਲੇ ਉਹ ਜਨਰਲ ਡਾਇਰ ਉੱਥੋਂ ਚੱਲਿਆ, ਉਹ ਸਿੱਧਾ ਹੀ ਇਨ੍ਹਾਂ ਦੇ ਘਰ ਆਇਆ, ਇੱਥੇ ਆ ਕੇ ਸ਼ਰਾਬ ਪੀਤੀ, ਉਹ ਇੱਥੇ ਆ ਕੇ ਰਿਹਾ, ਡਿਨਰ ਕੀਤਾ ਅਤੇ ਦੂਜੇ ਦਿਨ ਇਨ੍ਹਾਂ ਦੇ ਪਰਿਵਾਰ ਨੂੰ ਉਪਾਧੀਆਂ ਬਖਸ਼ੀਆਂ। ਕਹਿੰਦੇ ਜੀ, ਇਹ ਸਰਦਾਰ ਵੀ ਹਨ, ਇਹ ਰਾਏ ਬਹਾਦਰ ਵੀ ਹਨ, ਇਹ ਸਾਰੇ ਹੀ ਹਨ। ਮੈਂ ਇੱਕ ਚੀਜ਼ ਪੁੱਛਣਾ ਚਾਹੁੰਦਾ ਹਾਂ, ਮੇਰਾ ਖਿਆਲ ਹੈ ਕਿ ਮਹਾਰਾਜਾ ਸਾਹਿਬ ਤੁਹਾਨੂੰ ਜ਼ਿਆਦਾ ਪਤਾ ਹੋਣਾ ਹੈ ਕਿ ਜਿਹੜੀ ਇਨ੍ਹਾਂ ਨੂੰ ਉਥੇ ਗੋਰਖਪੁਰ ਵਿਖੇ ਜ਼ਮੀਨ ਅਲਾਟ ਹੋਈ ਹੈ , ਉਹ ਵੀ ਕਹਿੰਦੇ ਕਿ ਮਹਾਰਾਣੀ ਜ਼ਿੰਦਾ ਨੂੰ ਅਰੈਸਟ ਕਰਵਾਉਣ ਲਈ ਅੰਗਰੇਜ਼ਾਂ ਨੇ ਅਲਾਟ ਕੀਤੀ ਸੀ। ਉਸ ਵੇਲੇ ਜਿਹੜਾ ਖਜ਼ਾਨਾ ਸੀ, ਸਿੱਖਾਂ ਦਾ ਖਜ਼ਾਨਾ, ਇਸ ਪਰਿਵਾਰ ਨੇ, ਇੱਕ ਉਥੇ ਇਨ੍ਹਾਂ ਦਾ ਸ਼ਿੰਗਾਰਾ ਸਿੰਘ ਨਾਮ ਦਾ ਵਿਅਕਤੀ ਸੀ, ਉਸ ਨੂੰ ਲੰਗਾਹ ਕਹਿੰਦੇ ਸੀ, ਉਸ ਸ਼ਿੰਗਾਰਾ ਸਿੰਘ ਨੇ ਇਹ ਖਜ਼ਾਨਾ ਉਸ ਵੇਲੇ ਫੜਾਇਆ ਤਾਂ ਉਸ ਦੇ ਇਵਜ਼ ਵਿੱਚ ਇਨ੍ਹਾਂ ਨੂੰ ਉਥੇ ਜਾਇਦਾਦ ਮਿਲੀ। ਸਭ ਤੋਂ ਵੱਡੀ ਗੱਲ ਇਹ ਆਉਂਦੀ ਹੈ ਕਿ ਇਕ ਪਾਸੇ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਡੇਰੇ ਦੇ ਖਿਲਾਫ ਹੁਕਮਨਾਮਾ ਜਾਰੀ ਕਰਵਾ ਦਿੰਦੇ ਹੋ, ਦੂਜੇ ਪਾਸੇ ਇਸ ਨੂੰ ਡੇਰੇ ਦੇ ਖਿਲਾਫ ਖਾਰਜ ਵੀ ਕਰ ਦਿੰਦੇ ਹੋ, ਉਸ ਨੂੰ ਵਾਪਸ ਵੀ ਲੈ ਲਿਆ ਗਿਆ, ਪੁਸ਼ਤ-ਪਨਾਹੀ ਵੀ ਕਰ ਦਿੱਤੀ, ਪੰਜਾਬ ਵਿਚ ਲਾ-ਲਾ ਵੀ ਕਰ ਦਿੱਤੀ। ਮੈਂ ਇੱਕ ਚੀਜ਼ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇੱਕ MSG ਨਾਮ ਦੀ ਮੂਵੀ ਚੱਲੀ ਸੀ, ਉਸ ਵਾਸਤੇ ਧਰਨੇ ਲਗਦੇ ਰਹੇ, ਉਹ ਧਰਨਾ ਕਿਸੇ ਨੇ ਨਹੀਂ ਚੁੱਕਿਆ, ਸਗੋਂ ਟ੍ਰੇਨਾਂ ਕੈਂਸਲ ਕਰ ਦਿੱਤੀਆਂ, ਰਸਤੇ ਬੰਦ ਹੋ ਗਏ ਸੀ ਪ੍ਰੰਤੂ ਜਦੋਂ ਬਹਿਬਲ ਕਲਾਂ ਵਾਲੇ ਮੁੰਡਿਆਂ ਨੇ ਧਰਨਾ ਲਾਇਆ ਤਾਂ ਡਾਂਗਾਂ ਮਾਰ-ਮਾਰ ਕੇ ਸ਼ਹੀਦ ਕਰਕੇ ਉਥੋਂ ਧਰਨਾ ਚੁਕਵਾ ਦਿੱਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਉਸ ਸਮੇਂ ਦੇ ਮੁੱਖ ਮੰਤਰੀ ਨੇ ਕੀ ਕੀਤਾ?

ਸਪੀਕਰ ਸਾਹਿਬ, ਇਹ ਕਾਗਜ਼ ਮੈਂ ਸਦਨ ਦੀ ਟੇਬਲ ਤੇ ਰੱਖਣੇ ਹਨ, ਬਾਅਦ ਵਿੱਚ ਰੱਖ ਦੇਵਾਂਗਾ, ਤੁਸੀਂ ਮੈਨੂੰ ਇਜਾਜ਼ਤ ਦੇ ਦਿਓ।(ਇਸ ਵੇਲੇ ਮਾਨਯੋਗ

---

** Expunged as ordered by the Chair.

ਸਪੀਕਰ ਸਾਹਿਬ, ਨੇ ਇਸ਼ਾਰੇ ਨਾਲ ਆਪਣੀ ਸਹਿਮਤੀ ਦਿੱਤੀ।) ਡੇਰਾ ਮੁਖੀ ਨੂੰ ਇਕੱਲੀ ਮੁਆਫੀ ਹੀ ਨਹੀਂ ਦਿਵਾਈ ਸਗੋਂ ਫਿਲਮ ਵੀ ਚੱਲੀ। (ਆਮ ਆਦਮੀ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਜੇ ਮੈਂ ਝੂਠਾ ਹੋਵਾਂ ਤਾਂ ਦੱਸ ਦਿਓ, ਤੁਸੀਂ ਮੇਰੇ ਸਾਹਮਣੇ ਬੈਠੇ ਹੋ। ਇਹ ਭਾਵੇਂ ਮੇਰੀ ਹਾਂ ਵਿੱਚ ਹਾਂ ਮਿਲਾ ਦੇਣ। ਦੱਸੋ ਜੀ ਕਿ ਉਸ ਵੇਲੇ ਪੰਜਾਬ ਵਿੱਚ ਪਰਕਾਸ਼ ਸਿੰਘ ਬਾਦਲ ਦੇ ਰਾਜ ਵਿੱਚ ਉਹ ਫਿਲਮ ਚੱਲੀ ਕਿ ਨਹੀਂ ਚੱਲੀ?

(**ਅਵਾਜ਼ਾਂ :** ਚੱਲੀ ਸੀ।)

ਫਿਰ ਸਜ਼ਾ ਦਾ ਭਾਗੀਦਾਰ ਇਹ (ਸਰਦਾਰ ਪਰਕਾਸ਼ ਸਿੰਘ ਬਾਦਲ) ਹੋਣਾ ਚਾਹੀਦਾ ਹੈ ਕਿ ਕੌਣ ਹੋਣਾ ਚਾਹੀਦਾ ਹੈ? ** ** (ਟਰੇਜ਼ਰੀ ਬੈਂਚਿਜ਼ ਅਤੇ ਆਮ ਆਦਮੀ ਪਾਰਟੀ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ...

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਫੂਲਕਾ ਸਾਹਿਬ, ਤੁਹਾਨੂੰ ਟਾਈਮ ਮਿਲਣਾ ਹੈ। ਪਲੀਜ਼, ਤੁਸੀਂ ਮੇਰੀ ਗੱਲ ਵੱਲ ਧਿਆਨ ਦਿਓ...

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਅੱਛਾ ਜੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਸਿੱਖ ਧਰਮ ਭਾਈ ਲਾਲੋ ਦਾ ਸੀ ਪਰ ਬੜੇ ਦੁੱਖ ਦੀ ਗੱਲ ਹੈ ਕਿ ਇਹ ਮਲਿਕ ਭਾਗੋ ਕੋਲ ਚਲਾ ਗਿਆ। ਭਾਈ ਲਾਲੋ ਦੀ ਰੋਟੀ ਵਿੱਚੋਂ ਦੁੱਧ ਨਿਕਲਦਾ ਸੀ ਤੇ ਅੱਜ ਜਦੋਂ ਇਨ੍ਹਾਂ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵੱਲ ਇਸ਼ਾਰਾ) ਵੱਲ ਵੇਖਦੇ ਹਾਂ, ਇਨ੍ਹਾਂ ਦੀ ਕਿਸੇ ਚੀਜ਼ ਨੂੰ ਫੜ ਲਓ, ਪੰਜਾਬ ਵਿੱਚ ਨਸ਼ੇ ਵਾਲੇ ਬੱਚਿਆਂ ਦਾ, ਬੇਅਦਬੀ ਦਾ ** ** ਹੈ।(ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਨ੍ਹਾਂ ਨੂੰ ** ** ਕਰਕੇ ਰਹਾਂਗੇ। ਇਹ ਕਹਿੰਦੇ ਹਨ ਕਿ ਕਾਂਗਰਸੀ ਸਿੱਖ ਨਹੀਂ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿੱਖ ਅਸੀਂ ਹਾਂ, ਤੁਸੀਂ ਸਿੱਖ ਨਹੀਂ ਹੋ। ਮੈਂ ਕੱਲ੍ਹ ਇੱਕ ਚਿੱਠੀ ਸੁਖਬੀਰ ਬਾਦਲ ਨੂੰ ਲਿਖੀ ਹੈ। ਮੈਂ ਚਿੱਠੀ ਇੱਥੇ ਹੀ ਫੜਾਈ ਸੀ ਕਿਉਂਕਿ ਇਹ ਮੁੱਕਰ ਜਾਂਦਾ ਹੁੰਦਾ ਹੈ। ਇਸ ਨੂੰ ਇਸੇ ਕਰਕੇ ** ** ਕਹਿੰਦੇ ਹਨ, ** ** ਮਾਰ ਕੇ ਆਪ ਖਿਸਕ ਗਏ। ਮੈਂ ਇਸ ਨੂੰ ਚਿੱਠੀ ਲਿਖੀ ਹੈ ਕਿ ਸਰਦਾਰ ਸਾਹਿਬ ਹੁਣ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਟਿਕਟਾਂ ਦਿੰਦੇ ਹੋ, ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕਰਦੇ ਹੋ....

---

** Expunged as ordered by the Chair.

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿਓ।

(**ਕੁਝ ਅਵਾਜ਼ਾਂ :** ਸਪੀਕਰ ਸਾਹਿਬ, ਰਹਿਣ ਦਿਓ ਜੀ, ਇਹ ਸਹੀ ਗੱਲ ਹੈ।)

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਜੇ ** ** ਨਹੀਂ ਤਾਂ ਪੰਜਾਬ ਵਿੱਚ ਗੱਪ ਕੌਣ ਮਾਰੇਗਾ? (ਵਿਘਨ, ਸ਼ੋਰ) ਸਪੀਕਰ ਸਾਹਿਬ, ਕਦੇ-ਕਦੇ ਉਸ ਦਾ ਲਿਹਾਜ਼ ਕਰ ਜਾਂਦੇ ਹਨ, ਪਤਾ ਨਹੀਂ ਕੀ ਗੱਲ ਹੈ? ਮੈਂ ਬੇਨਤੀ ਕਰ ਰਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਜਿਹੜੇ ਮੈਂਬਰ ਰੱਖੇ ਜਾਂਦੇ ਹਨ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਕਿਹਾ ਜਾਂਦਾ ਹੈ ਕਿ ਤੁਸੀਂ ਤੇ ਤੁਹਾਡਾ ਪਰਿਵਾਰ ਅੰਮ੍ਰਿਤਧਾਰੀ ਹੋਵੋਗੇ। ਜਦੋਂ ਪ੍ਰਧਾਨ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਹ ਬਣਦਾ ਹੈ ਜਿਹੜਾ ਇਨ੍ਹਾਂ ਦੀ ਜੇਬ ਵਿਚੋਂ ਨਿਕਲਦਾ ਹੈ। ਕਹਿੰਦੇ ਕਿ ਤੂੰ ਵੀ ਅੰਮ੍ਰਿਤਧਾਰੀ ਹੋਵੇਗਾ ਅਤੇ ਜਿਹੜੇ ਕਾਕਾ ਜੀ ਹਨ, ਉਨ੍ਹਾਂ ਨੂੰ ਤਾਂ ਕਹਿੰਦੇ ਹਨ ਪਰ ਆਪ ਕੁਝ ਵੀ ਨਹੀਂ ਹਨ। ਸੀ.ਐਮ. ਸਾਹਿਬ ਇਸ ਦੀ ਕਸਟੋਡੀਅਲ ਇੰਟੈਰੋਗੇਸ਼ਨ ਹੋਣੀ ਚਾਹੀਦੀ ਹੈ। ਇਸ ਦੇ ਕਕਾਰ ਤਾਂ ਵੇਖੀਏ ਕਿ ਕੀ ਉਹ ਪੂਰੇ ਵੀ ਹਨ? (ਹਾਸਾ) ਇਸ ਦੇ ਆਪਣੇ ਕਕਾਰ ਹੀ ਪੂਰੇ ਨਹੀਂ ਹੋਣੇ? ਮੈਂ ਕੰਘੇ-ਕੜੇ ਦੀ ਗੱਲ ਨਹੀਂ ਕਰਦਾ, ਇਸ ਦੇ ਰੋਮ ਹੀ ਦੇਖ ਲਓ ਕਿ ਕੀ ਇਸ ਦੇ ਰੋਮ ਪੂਰੇ ਹਨ? (ਹਾਸਾ) ਇਹ ਹੱਸਣ ਵਾਲੀ ਗੱਲ ਨਹੀਂ ਹੈ। ** ** ਇਹ ** ** ਹਨ। ਇਨ੍ਹਾਂ ਨੂੰ ਮੈਂ ਚਿੱਠੀ ਲਿਖੀ ਹੈ। ਜਦੋਂ ਇਸ ਸਰਦਾਰ ਸਾਹਿਬ ਨੇ ਪ੍ਰਧਾਨ ਬਣਨਾ ਸੀ ਤਾਂ ਕਿਸੇ ਨੇ ਕਿਹਾ ਕਿ ਕਾਕਾ, ਇਹ ਪ੍ਰਧਾਨਗੀ ਨਹੀਂ ਮਿਲਣੀ ਜਦੋਂ ਤੱਕ ਤੁਸੀਂ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਜਾ ਕੇ ਅੰਮ੍ਰਿਤ ਨਹੀਂ ਛੱਕਦੇ। ਇਹ ਅੰਮ੍ਰਿਤ ਛੱਕ ਕੇ ਮੁੱਕਰ ਗਿਆ। ਇਸ ਨੂੰ ਸਜ਼ਾ ਲੱਗਣੀ ਚਾਹੀਦੀ ਹੈ ਕਿ ਨਹੀਂ ਲੱਗਣੀ ਚਾਹੀਦੀ?

(**ਕੁਝ ਅਵਾਜ਼ਾਂ** : ਲੱਗਣੀ ਚਾਹੀਦੀ ਹੈ।)

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਇਹ ** ** ਹੈ ਕਿ ਨਹੀਂ? ** ** ਹੈ ਕਿ ਨਹੀਂ?

(**ਅਵਾਜ਼ਾਂ** : ਇਹ ਹੈ।)

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਜਦੋਂ ਅਸੀਂ ਅੰਮ੍ਰਿਤ ਛਕਣ ਜਾਂਦੇ ਹਾਂ ਤਾਂ ਪਤੀ/ਪਤਨੀ ਬਾਰੇ ਜਾਣਕਾਰੀ ਲਈ ਜਾਂਦੀ ਹੈ। ਮੈਂ ਵੀ ਜਦੋਂ ਗਿਆ ਸੀ ਤਾਂ ਮੈਨੂੰ ਪੁੱਛਿਆ ਸੀ ਕਿ ਤੁਹਾਡੀ ਘਰਵਾਲੀ ਕਿੱਥੇ ਹੈ? ਪ੍ਰੰਤੂ ਜਦੋਂ ਇਨ੍ਹਾਂ ਪਿਓ-ਪੁੱਤ ਨੂੰ ਪੁੱਛਦੇ ਹਨ ਤਾਂ ਇਹ ਕਹਿੰਦੇ ਹਨ ਕਿ ਉਹ ਸਾਡੇ ਕਹਿਣੇ ਨਹੀਂ ਲਗਦੀਆਂ। ਫਿਰ ਮਾਈ ਭਾਗੋ ਕੀ ਕਹੇਗੀ? ਜੇ ਮੇਰੀਆਂ ਜਿਹੜੀਆਂ ਧੀਆਂ-ਭੈਣਾਂ ਹਨ, ਉਹ ਹੀ ਗੁਰੂ ਦੀ ਰੱਖਿਆ ਵਿੱਚ ਨਹੀਂ ਆਉਂਦੀਆਂ। ਅੱਜ ** ** ਦੇ ਗੁਣ ਗਾਈ ਜਾਈਏ ਜਾਂ ਹੋਰ ਕੁਝ ਕਰੀ ਜਾਈਏ। ਸਪੀਕਰ ਸਾਹਿਬ, ਮੈਂ ਆਹ ਫੋਟੋ ਸਦਨ ਦੀ ਟੇਬਲ ਤੇ ਰੱਖ ਦਿਆਂਗਾ ।

---

** Expunged as ordered by the Hon'ble Speaker.

(ਫੋਟੋ ਦਿਖਾਉਂਦੇ ਹੋਏ।) ਆਹ ਵੇਖੋ ਸਰਦਾਰ ਸਾਹਿਬ ਦੀਆਂ ਫੋਟੋਆਂ ਹਨ। ਤੁਸੀਂ ਵੀ ਵੇਖਿਆ ਹੋਣਾ, ਜਦੋਂ ਇੱਥੇ ਪਾਣੀ ਵੱਜਾ ਤਾਂ ਥੱਲੇ ਕੱਖ ਵੀ ਨਹੀਂ ਸੀ ਭਾਵ ਕਕਾਰ ਨਹੀਂ ਸੀ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਮੈਂ ਦੂਜੀ ਚੀਜ਼ ਵੀ ਪੜ੍ਹ ਦਿੰਦਾ ਹਾਂ। ਇਸ ਵਿੱਚ ਜਿਹੜਾ ਗੁਰਮੁਖ ਸਿੰਘ ਬਾਰੇ ਬਹੁਤਾ ਰੌਲ਼ਾ ਪਾਉਂਦੇ ਹਨ ਕਿ ਉਹ ਰੰਧਾਵੇ ਨਾਲ ਰਲ਼ ਗਿਆ ਹੈ। ਇਹ ਅੱਜ ਵੀ ਮੇਰੀ ਫੋਟੋ ਮੈਨੂੰ ਵਿਖਾਈ ਜਾਂਦੇ ਸਨ। ਕਹਿੰਦੇ ਹਨ ਕਿ ਤੇਰੀ ਉਸ ਹਿੰਮਤ ਸਿੰਘ ਦੇ ਨਾਲ ਫੋਟੋ ਹੈ। ਮੈਂ ਕਿਹਾ ਕਿ ਮੈਨੂੰ ਦੇ ਦਿਉ। ਮੈਂ ਕਿਹਾ ਕਿ ਉਸ ਨੂੰ ਬੇ-ਹਿੰਮਤਾ ਕਹਿ ਦਿਉ ਜਿਸ ਦੇ ਵਿਚ ਹਿੰਮਤ ਹੀ ਨਹੀਂ ਹੈ। ਚਲੋ, ਮੇਰੀ ਫੋਟੋ ਤਾਂ ਹਿੰਮਤ ਸਿੰਘ ਨਾਲ ਲਹਿ ਗਈ ਪਰ ਮੇਰੀ ਫੋਟੋ ਸੱਤੇ ਨਾਲ ਤਾਂ ਨਹੀਂ ਹੈ? ਮੇਰੀ ਫੋਟੋ ਬਿੱਟੂ ਚਾਹਲ ਨਾਲ ਤਾਂ ਨਹੀਂ? ਮੇਰੀ ਔਲਖ ਨਾਲ ਤਾਂ ਨਹੀਂ ਹੈ, ਮੇਰੀ ਪਿੰਦੇ ਨਾਲ ਫੋਟੋ ਤਾਂ ਨਹੀਂ ਹੈ। ਮੇਰੀ ਫੋਟੋ ਕਿਸੇ ਬਦਮਾਸ਼ ਜਾਂ ਨਸ਼ਾ ਵੇਚਣ ਵਾਲੇ ਦੇ ਨਾਲ ਤਾਂ ਨਹੀਂ ਹੈ। ਉਹ ਕਿਸੇ ** ** ਦੀ ਸੀ। (ਥੰਪਿੰਗ) ਇਹ ਦੱਸੇ ਕਿ ਉਹ ਬੰਦੇ ਕੌਣ ਹਨ? ਮੈਂ ਤਾਂ ਕਹਿੰਦਾ ਹਾਂ ਕਿ ਇਹ ਮੇਰੀ ਫੋਟੋ ਹੈ। ਮੈਂ ਤਾਂ ਕਹਿੰਦਾ ਹਾਂ ਕਿ ਉਹ ਆਪਣੇ ਬਿਆਨਾਂ ਤੋਂ ਮੁਕਰਿਆ ਹੈ। ਉਹ ਮੈਨੂੰ ਮਿਲਿਆ ਜ਼ਰੂਰ ਹੈ ਅਤੇ ਉਸ ਨੇ ਮੇਰੇ ਕੋਲ ਆ ਕੇ ਨੌਕਰੀ ਮੰਗੀ ਹੈ ਕਿ ਮੇਰੀ ਬੜੀ ਬੁਰੀ ਹਾਲਤ ਹੈ। ਸਪੀਕਰ ਸਾਹਿਬ, ਮੈਂ ਉਹ ਕਾਗਜ਼ ਵੀ ਟੇਬਲ ਤੇ ਪੇਸ਼ ਕਰ ਦੇਵਾਂਗਾ, ਜੋ ਉਸ ਨੇ ਅਸਤੀਫਾ ਦਿੱਤਾ ਹੈ ਅਤੇ ਜੋ ਉਸ ਦੀਆਂ ਗੱਲਾਂ ਹਨ। (ਕਾਗਜ਼ ਤੇ ਅਖਬਾਰ ਦਿਖਾਉਂਦੇ ਹੋਏ) ਆਹ ਵੇਖੋ ਜੀ। ਅਖਬਾਰਾਂ ਦੇ ਹੈਂਡਿੰਗ ਹਨ: 'ਜਿਸ ਦਿਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਆਏਗੀ', 'ਗਿਆਨੀ ਗੁਰਮੁਖ ਸਿੰਘ ਨੇ ਲਗਾਏ ਸੁਖਬੀਰ ਸਿੰਘ ਤੇ ਦੋਸ਼', 'ਡੇਰਾ ਸਿਰਸਾ ਨੂੰ ਮੁਆਫੀਨਾਮੇ ਦਾ ਮਾਸਟਰਮਾਈਂਡ : ਸੁਖਬੀਰ ਬਾਦਲ'। ਇਹ ਅਖਬਾਰਾਂ ਦੀਆਂ ਖਬਰਾਂ ਹਨ, ਇਹ ਗੱਲਾਂ ਕਿਤੇ ਅੱਜ ਹੀ ਸੁਣੀਆਂ ਹਨ? ਸਪੀਕਰ ਸਾਹਿਬ, ਇਹ ਦੋਵੇਂ ਸੀ.ਡੀਜ਼ ਮੈਂ ਟੇਬਲ ਤੇ ਰੱਖਣੀਆਂ ਚਾਹੁੰਦਾ ਹਾਂ। ਇਹ ਦੋਵੇਂ ਹੀ ਤੁਸੀਂ ਵੇਖ ਲੈਣਾ ਜੀ। ਫਿਰ ਕੌਮ ਦਾ ਗਦਾਰ ਕੌਣ ਹੋਇਆ? ਉਹ ਬੰਦਾ ਹੀ ਹੋਇਆ, ਚਾਰ ਦਿਨ ਬਾਅਦ ਜਦੋਂ ਉਸ ਨੂੰ ਬਦਲ ਕੇ ਉਥੇ ਲਗਾ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਸਭ ਕੁਝ ਖਤਮ ਹੋ ਗਿਆ। ਫਿਰ ਉਹ ਜਥੇਦਾਰ ਜੀ ਵੀ ਚੰਗੇ ਹੋ ਗਏ। ਕਮਿਸ਼ਨ ਦੱਸ ਰਿਹਾ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਧਰਨਾ ਉਠਾਉਣ ਲਈ ਕਿਸੇ ਵੀ ਤਰ੍ਹਾਂ ਦੀ ਫੋਰਸ ਵਰਤਣ ਦੇ ਖਿਲਾਫ ਸੀ। ਜਿਲ੍ਹਾ ਪ੍ਰਸ਼ਾਸਨ ਕੋਈ ਕਾਰਵਾਈ ਨਹੀਂ ਚਾਹੁੰਦਾ ਸੀ। ਡੀ.ਜੀ.ਪੀ. ਸੁਮੇਧ ਸੈਣੀ ਜਿਸ ਨੂੰ ਪਰਕਾਸ਼ ਸਿੰਘ ਬਾਦਲ ਨੇ ਰਾਤ ਦੋ ਵਜੇ ਹਦਾਇਤਾਂ ਦਿੱਤੀਆਂ, ਉਸ ਨੇ ਮੌਕੇ ਤੇ ਮੌਜੂਦ ਪੁਲਿਸ ਨੂੰ ਕਾਰਵਾਈ ਕਰਨ ਲਈ ਅਤੇ 10 ਮਿੰਟ ਵਿਚ ਧਰਨੇ ਵਾਲੀ ਜਗ੍ਹਾ ਖਾਲੀ ਕਰਵਾਉਣ ਲਈ ਕਿਹਾ। ਇਹ ਵੀ ਪਤਾ ਲੱਗਾ ਹੈ ਕਿ ਉਸ ਸਮੇਂ ਦੇ ਵਿਧਾਇਕ ਮਨਤਾਰ ਸਿੰਘ ਅਤੇ ਗਗਨ ਬਰਾੜ ਜੋ ਮੁੱਖ ਮੰਤਰੀ ਦੇ ਵਿਸ਼ੇਸ਼ ਸਕੱਤਰ ਸਨ, ਲਗਾਤਾਰ ਫੋਨ ਰਾਹੀਂ ਰਾਬਤੇ ਵਿੱਚ ਸਨ। ਉਨ੍ਹਾਂ ਨੇ ਕਿਹਾ ਹੈ ਕਿ ਸਾਰਾ ਕੁਝ ਪਤਾ ਲਗਦਾ ਗਿਆ ਕਿ ਸਾਰਾ

ਕੁਝ ਮੁੱਖ ਮੰਤਰੀ, ਉਪ ਮੁੱਖ ਮੰਤਰੀ ਦੇ ਕਹਿਣ ਤੇ ਹੋ ਰਿਹਾ ਸੀ। ਦੇਖੋ, ਜਦੋਂ ਕੋਈ ਪੀ.ਸੀ.ਐਸ. ਜਾਂ ਆਈ.ਏ.ਐਸ. ਬਣਦਾ ਹੈ ਤਾਂ ਸੰਵਿਧਾਨ ਦੀ ਸਹੁੰ ਖਾਂਦਾ ਹੈ, ਉਨ੍ਹਾਂ ਦਾ ਇੱਕ ਬਰਖੁਰਦਾਰ ਗਗਨ ਬਰਾੜ ਕਹਿ ਗਿਆ ਹੈ, ਹੁਣ ਕਮਿਸ਼ਨ ਦੇ ਸਾਹਮਣੇ ਕਹਿੰਦਾ ਹੈ ਕਿ ਹੁਣ ਮੈਮਰੀ ਲੱਸ ਹੋ ਗਈ ਹੈ। ਸੀ.ਐਮ. ਸਾਹਿਬ, ਹੁਣ ਮੈਮਰੀ ਵਾਪਸ ਕਿਵੇਂ ਲਿਆਉਣੀ ਹੈ? ਡਾਕਟਰ ਨੂੰ ਕਹੀਏ ਕਿ ਉਸ ਨੂੰ ਮੈਡੀਸਨ ਦੇਵੇ । ਹਾਲਾਤ ਤਾਂ ਇੱਥੋਂ ਤੱਕ ਸਨ ਕਿ ਨਾ ਉਸ ਸਮੇਂ ਦੇ ਹੋਮ ਸੈਕਟਰੀ ਅਤੇ ਨਾ ਚੀਫ਼ ਸੈਕਟਰੀ ਨੂੰ ਪਤਾ ਸੀ। ਇਸ ਦਾ ਸਬੂਤ ਵੀ ਮੈਂ ਸਦਨ ਦੇ ਟੇਬਲ ਦੇ ਉਤੇ ਰੱਖ ਦਿਆਂਗਾ। ਦੇਖੋ, ਜਿਹੜੀ ਇਨ੍ਹਾਂ ਨੇ ਹਿੰਮਤ ਸਿੰਘ ਦੀ ਗੱਲ ਕੀਤੀ ਹੈ, ਰੋਜ਼ ਹੀ ਪੀ.ਟੀ.ਸੀ. ਚੈਨਲ ਚਲਦਾ ਰਿਹਾ ਹੈ, ਅੱਜ ਪੀ.ਟੀ.ਸੀ. ਚੈਨਲ ਤੇ ਕੁਝ ਨਹੀਂ ਆਇਆ । ਮਹਾਰਾਜਾ ਸਾਹਿਬ, ਇੱਕ ਚੀਜ਼ ਹੋਰ ਵੀ ਹੈ ਕਿ ਅੱਜ ਪੰਜਾਬ ਵਿੱਚੋਂ ਟੈਲੀਫੋਨ ਆ ਰਹੇ ਹਨ ਕਿ ਫਾਸਟ ਵੇਅ ਨੇ ਟੋਟਲ ਬਲੈਕ-ਆਊਟ ਕਰ ਦਿੱਤਾ ਹੈ। ਜਿਹੜੇ ਚੈਨਲ ਤਾਂ ਕੇਬਲ ਤੇ ਹਨ, ਉਹ ਚੈਨਲ ਚੱਲ ਰਹੇ ਹਨ ਅਤੇ ਜਿਹੜੇ ਫਾਸਟਵੇਅ ਤੇ ਹਨ ਅਤੇ ਜਿਹੜੇ ਪਿੰਡਾਂ ਵਿੱਚ ਪਹਿਲਾਂ ਚਲਦੇ ਸੀ, ਅੱਜ ਪਿੰਡਾਂ ਵਿੱਚੋਂ ਮੈਸੇਜ ਵੀ ਆਏ ਹਨ ਕਿ ...

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ** **

**ਮਾਨਯੋਗ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ਜੀ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਸੁਣ ਲਓ। ਮੇਰੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜੇਕਰ ਅੱਜ ਫਾਸਟਵੇਅ ਨੇ ਬਲੈਕ-ਆਊਟ ਕੀਤਾ ਹੈ ਤਾਂ ਕੱਲ੍ਹ ਤੋਂ ਫਾਸਟਵੇਅ ਦਾ ਪੂਰੇ ਪੰਜਾਬ ਵਿੱਚ ਬਲੈਕ-ਆਊਟ ਹੋਣਾ ਚਾਹੀਦਾ ਹੈ। (ਥੰਪਿੰਗ) ਅਸੀਂ ਚਾਹੁੰਦੇ ਹਾਂ ਕਿ ਇਹ ਸਭ ਕੁਝ ਕਾਨੂੰਨ ਦੇ ਤਹਿਤ ਹੋਵੇ। ਜੇਕਰ ਕਾਨੂੰਨ ਦੇ ਤਹਿਤ ਕੰਮ ਨਹੀਂ ਹੁੰਦਾ ਤਾਂ ਮੈਂ ਚਾਹੁੰਦਾ ਹਾਂ ਕਿ ਆਪਾਂ ਜਿੰਨੇ ਇੱਥੇ ਬੈਠੇ ਹਾਂ, ਆਪਾਂ ਹੀ ਉਨ੍ਹਾਂ ਦੀਆਂ ਤਾਰਾਂ ਕੱਟ ਦੇਈਏ ।

**ਮਾਨਯੋਗ ਸਪੀਕਰ:** ਰੰਧਾਵਾ ਜੀ, ਪਲੀਜ਼ ਵਾਈਂਡ ਅੱਪ ਕਰੋ, ਤੁਹਾਡੇ ਹੋਰ 8 ਬੁਲਾਰੇ ਅਜੇ ਬੋਲਣ ਤੋਂ ਰਹਿੰਦੇ ਹਨ।

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਜਿੱਥੋਂ ਤੱਕ ਇਹ ਹਿੰਮਤ ਸਿੰਘ ਦੇ ਮੁਕਰਨ ਦੀ ਗੱਲ ਕਰਦੇ ਹਨ, ਮੈਂ ਸਮਝਦਾ ਹਾਂ ਕਿ ਅਕਾਲੀ ਦਲ ਤਾਂ ਗਵਾਹ ਮੁਕਰਾਉਣ ਵਿੱਚ ਐਕਸਪਰਟ ਹੋ ਗਿਆ ਹੈ। ਇਨ੍ਹਾਂ ਨੇ ਤਾਂ ਇਸ ਕੰਮ ਵਿੱਚ

** ** Expunged as ordered by the Hon'ble Speaker.

ਪੀ.ਐਚ.ਡੀ. ਹਾਸਲ ਕਰ ਲਈ ਹੈ। ਚਾਹੇ ਕੋਈ ਰੇਪ ਕਾਂਡ ਹੋਵੇ, ਮੋਗਾ ਬੱਸ ਕਾਂਡ ਹੋਵੇ, ਜਿਸ ਵਿੱਚ ਬਾਦਲਾਂ ਦੇ ਕਹਿਣ ਤੇ ਕੁੜੀ ਦਾ ਪਰਿਵਾਰ ਹੀ ਮੁਕਰ ਗਿਆ। ਚਾਹੇ ਅਕਾਲੀ ਦਲ ਦੇ ਬਹਾਦਰ ਸ਼ੇਰ ** ** ਦੇ ਗਵਾਹ ਹੋਣ। ਫਿਰ ਇਨ੍ਹਾਂ ਹਾਲਾਤਾਂ ਵਿੱਚ ਹਿੰਮਤ ਸਿੰਘ ਦੀ ਹਿੰਮਤ ਕਿੱਥੋਂ ਰਹੇਗੀ ? ਮੇਰੇ ਕੋਲ ਹਿੰਮਤ ਸਿੰਘ ਦਾ ਸਾਰਾ ਬਿਆਨ ਹੈ ਕਿ ਉਸਨੇ ਅਸਤੀਫਾ ਕਿਵੇਂ ਦਿੱਤਾ, ਉਸ ਨੇ ਕਿਹਾ ਹੈ ਕਿ ਮੇਰੇ ਭਰਾ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ। ਮੇਰੇ ਭਰਾ ਦਾ ਬਿਜਲੀ-ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ। ਸਾਡਾ ਸਮਾਨ ਚੁੱਕ ਕੇ ਬਾਹਰ ਸੁੱਟ ਦਿੱਤਾ ਗਿਆ। ਇਸ ਲਈ ਮੈਂ ਇਸ ਚੀਜ਼ ਕਾਰਨ ਅਸਤੀਫਾ ਦਿੰਦਾ ਹਾਂ। ਉਹ ਕਹਿੰਦਾ ਹੈ ਕਿ ਸੁਲੱਖਣ ਸਿੰਘ ਭੰਗਾਲੀ ਦੇ ਸਿਰ ਤੇ ਤਾਕਤ ਦਾ ਬੇਹੱਦ ਨਸ਼ਾ ਚੜ੍ਹਿਆ ਹੋਇਆ ਹੈ, ਜੋ ਕਿ ਬਿਕਰਮ ਮਜੀਠੀਏ ਦੇ ਹਲਕੇ ਦਾ ਹੈ। ਉਸ ਨੇ ਕਿਹਾ ਹੈ ਕਿ ਭੰਗਾਲੀ ਮੈਨੂੰ ਨਜਾਇਜ਼ ਪਰੇਸ਼ਾਨ ਕਰਦਾ ਹੈ। ਸਿੰਘ ਸਾਹਿਬ ਗਿਆਨੀ ਗੁਰਮੁੱਖ ਸਿੰਘ ਦਾ ਬਾਦਲ ਪਰਿਵਾਰ ਨਾਲ ਟਕਰਾਅ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਸਿਰਸਾ ਦੀ ਹਮਾਇਤ ਲੈਣ ਤੋਂ ਸ਼ੁਰੂ ਹੋਇਆ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਕੱਤਰ ਸਰਦਾਰ ਹਰਭਜਨ ਸਿੰਘ ਮਨਾਵਾ, ਸਰਦਾਰ ਸੁਖਦੇਵ ਸਿੰਘ ਭੂਰਾ ਵੱਲੋਂ ਵੀ ਸਿੰਘ ਸਾਹਿਬਾਨ ਨੂੰ ਫੋਨ ਕਰਕੇ ਕਿਹਾ ਗਿਆ ਸੀ ਕਿ ਸਿੰਘ ਸਾਹਿਬ ਹੁਣ ਕੁਝ ਕਰੋ ਨਹੀਂ ਤਾਂ ਇਤਿਹਾਸ ਕਿਸੇ ਨੂੰ ਵੀ ਮੁਆਫ ਨਹੀਂ ਕਰੇਗਾ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਹੜੇ ਸਿੰਘ ਨੇ ਪਹਿਲਾਂ ਇਹ ਕਿਹਾ ਸੀ ਕਿ ਮੈਂ ਸਾਰੀ ਰਾਤ ਰੋਂਦਾ ਰਿਹਾ, ਮੇਰੀ ਅੰਤਰ ਆਤਮਾ ਮੈਨੂੰ ਲਾਹਨਤਾਂ ਪਾਉਂਦੀ ਰਹੀ, ਅੱਜ ਮੁੱਕਰ ਗਿਆ। ਸਪੀਕਰ ਸਾਹਿਬ, ਅੱਜ ਮੈਂ ਕਹਿੰਦਾ ਹਾਂ ਕਿ ਜਿਸ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬੈਠਦਾ ਹੋਵੇਗਾ, ਹੈੱਡ ਗ੍ਰੰਥੀ ਵਜੋਂ ਬੈਠ ਕੇ ਉੱਪਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲ ਧਿਆਨ ਮਾਰਦਾ ਹੋਵੇਗਾ ਤਾਂ ਉਦੋਂ ਉਸ ਦੀ ਅੰਤਰ ਆਤਮਾ ਉਸ ਨੂੰ ਲਾਹਨਤਾਂ ਪਾਉਂਦੀ ਹੋਵੇਗੀ ਕਿ ਲੱਖ ਲਾਹਨਤਾਂ ਜੋ ਤੂੰ ਪਹਿਲਾਂ ਬੋਲਿਆ ਸੀ ਅਤੇ ਅੱਜ ਕਿਉਂ ਮੁੱਕਰ ਗਿਆ। ਮੈਨੂੰ ਤਾਂ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਸੱਦਣਾ ਹੀ ਹੈ। ਕਦੇ ਇਹ ਕਹਿ ਦਿੰਦੇ ਹਨ ਕਿ ਤੁਹਾਡੇ ਪਿਤਾ ਜੀ ਨੇ ਇਹ ਕਿਹਾ ਸੀ। ਮੈਂ ਅੱਜ ਤੁਹਾਨੂੰ ਉਸ ਦੀ ਵੀ ਸੀ.ਡੀ. ਪੇਸ਼ ਕਰ ਦਿਆਂਗਾ। ਇਹੋ ਬਿਕਰਮ ਮਜੀਠੀਆ, ਜਿਸ ਦਿਨ ਇਸ ਨੇ ਮੇਰੇ ਆਪਣੇ ਭਰਾ ਇੰਦਰਜੀਤ ਨੂੰ ਕਾਂਗਰਸ ਤੋਂ ਤੋੜ ਕੇ ਅਕਾਲੀ ਦਲ ਜੁਆਇੰਨ ਕਰਵਾਇਆ ਤਾਂ ਇਹ ਉੱਥੇ ਇਹ ਕਹਿ ਕੇ ਆਇਆ ਕਿ ਅੱਜ ਮੈਂ ਉਸ ਮਹਾਨ ਲੀਡਰ ਦੇ ਘਰ ਆਇਆ ਹਾਂ ਜਿਹੜਾ ਮਾਝੇ ਦਾ ਇੱਕ ਨਿਧੜਕ ਲੀਡਰ ਸੀ, ਜਿਸ ਦੀ ਚਿੱਟੀ ਪੱਗ ਤੇ ਕਿਸੇ ਦੀ ਉਂਗਲ ਨਹੀਂ ਖੜ੍ਹੀ ਹੋ ਸਕਦੀ ਅਤੇ ਅੱਜ ਉਸਦੇ ਪਰਿਵਾਰ ਵਿੱਚ ਮੈਂ ਸੇਂਧ ਲਾਉਣ

** Expunged as ordered by the Hon'ble Speaker.

ਆਇਆ ਹਾਂ। ਉਸ ਦਿਨ ਇਹ ਕਿਉਂ ਸਰਦਾਰ ਸੰਤੋਖ ਸਿੰਘ ਦੇ ਘਰ ਗਿਆ? ਉਸ ਦਿਨ ਇਹ ਉਥੇ ਪਕੌੜੇ ਵੀ ਖਾ ਕੇ ਆਇਆ। ਪਕੌੜਿਆਂ ਵਿੱਚ ਨਮਕ ਹੁੰਦਾ ਹੈ ਫਿਰ ਤਾਂ ਇਹ ** ** ਹੈ। ਇਹ ਕਿਸੇ ਦਾ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਪਰਕਾਸ਼ ਸਿੰਘ ਬਾਦਲ ਦਾ ਪਰਿਵਾਰ, ਸੁਖਬੀਰ ਬਾਦਲ, ਉਸ ਵੇਲੇ ਦਾ ਉੱਪ ਮੁੱਖ ਮੰਤਰੀ ਸਿੱਧੇ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿੱਚ ਸ਼ਾਮਲ ਹੈ। ਗੁਰੂ ਸਾਹਿਬ ਦੇ ਅੰਗ-ਅੰਗ ਜੇਕਰ ਕਿਸੇ ਦੀ ਸਰਪ੍ਰਸਤੀ ਵਿੱਚ ਖਿਲਾਰੇ ਗਏ ਹਨ ਤਾਂ ਉਸ ਵਿੱਚ ਸਿੱਧਮ-ਸਿੱਧਾ ਬਾਦਲ ਪਰਿਵਾਰ ਜ਼ਿੰਮੇਵਾਰ ਹੈ। ਕੈਪਟਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਜਦੋਂ ਅਸੀਂ ਬਹਿਬਲ ਕਲਾਂ ਗਏ ਸੀ ਤਾਂ ਅਸੀਂ ਇੱਥੋਂ ਸਵੇਰੇ 5 ਵਜੇ ਚੱਲੇ ਸੀ, ਸਾਨੂੰ 7 ਘੰਟੇ ਉਥੇ ਪਹੁੰਚਣ ਵਿੱਚ ਲੱਗ ਗਏ ਸੀ। ਰਸਤੇ ਵਿੱਚ ਸਾਨੂੰ ਲੋਕ ਪੁੱਛਦੇ ਸੀ ਕਿ ਕਿਤੇ ਬਾਦਲਾਂ ਦੀ ਗੱਡੀ ਤਾਂ ਨਹੀਂ ਹੈ ਪ੍ਰੰਤੂ ਤੁਹਾਡੇ ਵੱਲ ਵੇਖ ਕੇ ਕਹਿੰਦੇ ਸੀ ਕਿ ਜਾਓ ਜੀ ਜਾਓ। ਉਦੋਂ ਅਸੀਂ ਸਾਰੇ ਤੁਹਾਡੇ ਨਾਲ ਗਏ ਸੀ। ਲੋਕਾਂ ਨੇ ਇਨ੍ਹਾਂ ਨੂੰ 40 ਦਿਨ ਘਰਾਂ ਤੋਂ ਬਾਹਰ ਨਹੀਂ ਨਿਕਲਣ ਦਿੱਤਾ ਸੀ। ਇਹ ਘਰਾਂ ਵਿੱਚ ਕੈਦ ਹੋ ਗਏ ਸੀ, ਅੱਜ ਇਹ ਜਰਵਾਣੇ ਫਿਰ ਗੱਲਾਂ ਕਰ ਰਹੇ ਹਨ। ਸੁਖਬੀਰ ਬਾਦਲ ਜਦੋਂ ਉੱਥੇ ਪਹੁੰਚਿਆ ਤਾਂ ਕੰਧ ਪਾੜ ਕੇ ਉਥੋਂ ਨਿਕਲਿਆ ਸੀ, ਇਹ ਚੌਪਰ ਤੇ ਗਿਆ ਸੀ। ਉਥੇ ਪੁਲਿਸ ਨੇ ਸਕੂਲ ਦੀ ਕੰਧ ਪਾੜੀ ਤਾਂ ਇਸ ਨੂੰ ਹੈਲੀਕਾਪਟਰ ਚੜ੍ਹਾ ਕੇ ਭਜਾਇਆ ਕਿ ਨਹੀਂ ਤਾਂ ਲੋਕ ਤੇਰਾ ਬੁਰਾ ਹਾਲ ਕਰ ਦੇਣਗੇ , ਇੱਥੋਂ ਚਲਾ ਜਾਹ। ਸਰਦਾਰ ਪਰਕਾਸ਼ ਸਿੰਘ ਬਾਦਲ ਪੂਰਾ ** ** ਤੇ ਉਨ੍ਹਾਂ ਦਾ ਪਰਿਵਾਰ ਸਾਰਾ ** ** ਹਨ। ਗੁਰੂ ਸਾਹਿਬ ਨੇ ਅਕ੍ਰਿਤਘਣ ਨੂੰ ਸਭ ਤੋਂ ਮਾੜਾ ਆਖਿਆ ਹੈ ਤੇ ਕਿਹਾ ਹੈ ਕਿ ਅਕ੍ਰਿਤਘਣ ਨੂੰ ਸਭ ਤੋਂ ਮਾੜਾ ਮੰਨਿਆ ਜਾਵੇ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਵੀ ਜ਼ਿਕਰ ਆਉਂਦਾ ਹੈ ਕਿ ਅਸਮਾਨ ਨੂੰ ਛੂਹਣ ਵਾਲੇ ਪਰਬਤ ਦਾ ਭਾਰ ਨਹੀਂ, ਨਾ ਹੀ ਵੱਡੇ ਕਿਲੇ ਦਾ ਭਾਰ ਹੁੰਦਾ, ਨਾ ਹੀ ਸਮੁੰਦਰ ਜਿਸ ਵਿੱਚ ਨਦੀਆਂ ਸਮਾਉਂਦੀਆਂ ਹਨ, ਉਸ ਦਾ ਵੀ ਇੰਨਾ ਭਾਰ ਨਹੀਂ ਹੁੰਦਾ, ਨਾ ਜੀਵ-ਜੰਤੂਆਂ ਦਾ ਭਾਰ ਹੁੰਦਾ ਹੈ, ਨਾ ਫਲਾਂ-ਫੁੱਲਾਂ ਦਾ ਭਾਰ ਹੁੰਦਾ ਹੈ ਪ੍ਰੰਤੂ ਜੇ ਧਰਤੀ ਤੇ ਕਿਸੇ ਦਾ ਭਾਰ ਹੁੰਦਾ ਹੈ ਤਾਂ ਉਹ ਅਕ੍ਰਿਤਘਣ ਬੰਦੇ ਦਾ ਭਾਰ ਹੈ। ਉਹ ਅਕ੍ਰਿਤਘਣ ਆਹ ਹਨ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਜਿਹੜੇ ਇੱਥੋਂ ਉਠ ਕੇ ਚਲੇ ਗਏ। ਸਿੱਖ ਕੌਮ ਅਤੇ ਪੰਜਾਬੀਆਂ ਦੇ ** ** ਇਹ ਹਨ ਜਿਨ੍ਹਾਂ ਨੇ ਪੰਥ ਨਾਲ, ਸਿੱਖੀ ਨਾਲ ਅਤੇ ਗੁਰੂ ਨਾਲ ** ** ਕੀਤਾ। ** ** ਉਹ ਹਨ। ਸਰਦਾਰ ਸੁਖਬੀਰ ਸਿੰਘ ਚਲਾ ਗਿਆ ਹੈ। ਮੈਂ ਉਸ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਸੀ। ਕਹਿਣਾ ਸੀ ਕਿ ਤੂੰ ਹੁਣ ਹਰਿਆਣਾ ਵਿੱਚ ਚਲਾ ਗਿਆ, ਉਥੇ ਉਸ ਨੇ ਅਨਾਊਂਸ ਕੀਤਾ ਕਿ ਅਸੀਂ ਹੁਣ ਹਰਿਆਣੇ ਵਿੱਚੋਂ

---

** Expunged as ordered by the Hon'ble Speaker.

ਇਲੈਕਸ਼ਨ ਲੜਾਂਗੇ। ਅਖਬਾਰਾਂ ਵਿੱਚ ਸਾਰਿਆਂ ਨੇ ਪੜ੍ਹਿਆ ਹੋਣਾ ਹੈ, ਕਿਹਾ ਕਿ ਅਸੀਂ ਹੁਣ ਇੱਥੋਂ ਸ਼ੁਰੂ ਕਰਾਂਗੇ। ਵਾਕਿਆ ਹੀ ਜਿੱਥੇ ਇਸ ਦਾ ਬਾਬਾ ਬੈਠਾ ਹੈ, ਧੰਨ ਧੰਨ ਸਤਿਗੁਰੂ, ਉਸ ਜਗ੍ਹਾ ਨੂੰ ਇਹ ਕਿਵੇਂ ਛੱਡ ਸਕਦਾ ਹੈ। ਇਹ ਉਹ ਗੁਫਾ ਜਿੱਥੇ ਇਸ ਦੇ ਨਵੇਂ ਬਣੇ ਗੁਰੂ, ਡੇਰਾ ਸੱਚਾ ਸੌਦਾ ਦਾ ਹੈੱਡ ਆਫਿਸ ਹੈ ਅਤੇ ਉਥੇ ਨਾਲ ਉਸ ਦੀ ਪ੍ਰਾਪਰਟੀ ਵੀ ਪਈ ਹੈ। ਇਨ੍ਹਾਂ ਨੂੰ ਤਾਂ ਕੁਝ ਲੱਭਣਾ ਚਾਹੀਦਾ ਹੈ ਕਿ ਕਿੱਥੇ ** ** ਹਨ। ** ** ਕਿਉਂਕਿ ਪੰਜਾਬੀਆਂ ਨੇ ਇਨ੍ਹਾਂ ਨੂੰ ਮੂੰਹ ਨਹੀਂ ਲਗਾਉਣਾ। ਹੁਣ ਉਥੇ ਜਾ ਕੇ ਸ਼ੁਰੂ ਕਰਨਗੇ।

**ਮਾਨਯੋਗ ਸਪੀਕਰ:** ਰੰਧਾਵਾ ਜੀ, ਹੁਣ ਵਾਈਂਡ ਅੱਪ ਕਰੋ।

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਹੁਣ ਮੈਂ ਅਖੀਰ ਵਿੱਚ ਸੀ.ਐਮ ਸਾਹਿਬ ਨਾਲ ਗੱਲ ਕਰਾਂਗਾ। ** ** (ਇਸ ਸਮੇਂ ਮੰਤਰੀ ਜੀ ਆਪਣੇ ਹੱਥਾਂ ਵਿੱਚ ਫੋਟੋ ਲਹਿਰਾ ਰਹੇ ਸਨ, ਜੋ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਫੋਟੋ ਸੀ) ਇਹ ਪਤਾ ਨਹੀਂ ਲਗਦਾ ਕਿ ਇਸ ਨੇ ਕੀ ਪਾਇਆ ਹੋਇਆ ਹੈ? (ਪਹਿਰਾਵੇ ਬਾਰੇ ਬੋਲਦੇ ਹੋਏ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਸਿੱਖੀ ਹੈ। ਇਹ ਪਤਾ ਹੀ ਨਹੀਂ ਲਗਦਾ ਕਿ ਇਸ ਨੇ ਕੀ ਪਾਇਆ ਹੋਇਆ ਹੈ? ਪਤਾ ਨਹੀਂ ਕੀ ਪਾ ਗਿਆ ਹੈ? ਕੁਝ ਹੋਰ ਹੀ ਪਾ ਗਿਆ। (ਇੱਕ ਰੰਗਦਾਰ ਫੋਟੋ ਲਹਿਰਾਉਂਦੇ ਹੋਏ) ਉਹੀ ਫੋਟੋ ਰੰਗਦਾਰ ਵੀ ਦੇਖੋ ਜੀ। ਇਹ ਕੀ ਹੈ ? ** ** (ਟਰੇਜ਼ਰੀ ਬੈਂਚਿਜ਼ ਵੱਲੋਂ ਹਾਸਾ) ਇਹ ਵੀ ਟੇਬਲ ਤੇ ਰੱਖੋ ਜੀ।

ਸਪੀਕਰ ਸਾਹਿਬ, ਜਿਹੜੀ ਮੈਂ ਹੁਣ ਗੱਲ ਕਰਨ ਲੱਗਾ ਹਾਂ, ਪਰਕਾਸ਼ ਸਿੰਘ ਬਾਦਲ ਨੇ ਇਹ ਕਿਹਾ ਹੈ ਕਿ ਉਹ (ਬਾਹਰਲੇ ਮੁਲਕ ਵਿੱਚ ਵਸਦੇ ਸਿੱਖਾਂ ਬਾਰੇ ਬੋਲਦੇ ਹੋਏ) ਆਈ.ਐਸ.ਆਈ. ਦੇ ਏਜੰਟ ਹਨ । ਮਹਾਰਾਜਾ ਸਾਹਿਬ, ਮੈਂ ਤੁਹਾਨੂੰ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਬਾਹਰਲੇ ਮੁਲਕਾਂ ਦੇ ਵਸਨੀਕ ਸਾਡੇ ਸਿੱਖਾਂ ਦੀਆਂ ਪੱਗਾਂ ਦੇਖ ਕੇ ਸ਼ਿਕਾਇਤ ਕਰਦੇ ਹਨ, ਉਨ੍ਹਾਂ ਨੂੰ ਤਾਂ ਪਹਿਲਾਂ ਹੀ ਕਹਿੰਦੇ ਹਨ ਕਿ ਇਹ ਮੁਸਲਮਾਨਾਂ ਵਰਗੇ ਹਨ। ਇੱਕ ਪਾਸੇ ਸਰਦਾਰ ਮਨਮੋਹਨ ਸਿੰਘ ਜੀ ਨੇ ਦੁਨੀਆਂ ਵਿੱਚ ਦੱਸ ਦਿੱਤਾ ਕਿ ਪੱਗ ਜਿਹੜੀ ਹੈ, ਉਹ ਸਿੱਖ ਦੀ ਨਿਸ਼ਾਨੀ ਹੈ। ਉਹ ਸਿੱਖ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਨ। ** ** ਰਾਤੀਂ ਪੀ.ਟੀ.ਸੀ. ਤੇ ਬੋਲਦੀ ਸੀ ਕਿ ਇਹ (ਬਾਹਰਲੇ ਸਿੱਖ) ਆਈ.ਐਸ.ਆਈ. ਦੇ ਏਜੰਟ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਆਪ ਸਿੱਖੀ ਸਰੂਪ ਵਿੱਚ ਹਨ? ** ** ਇਹ ਕਰਨਗੇ। ਜਿਹੜੇ ਸਾਡੇ ਸਿੱਖ ਬੱਚੇ ਬਾਹਰ ਸਿੱਖੀ ਸਰੂਪ ਵਿੱਚ ਹਨ, ਇਹ ਉਨ੍ਹਾਂ ਨੂੰ ਆਪਣੇ ਟਾਊਟ ਤੋਂ ਕੁਟਵਾਉਣਗੇ, ਜਿਹੜਾ ਉਥੇ ਜਾ ਕੇ ਗਲਤ ਬੋਲਿਆ। ਅਖੀਰ ਦੇ ਵਿੱਚ ਮੈਂ....

** **Expunged as ordered by the Hon'ble Speaker.

**ਮਾਨਯੋਗ ਸਪੀਕਰ:** ਰੰਧਾਵਾ ਜੀ, ਹੁਣ ਵਾਈਂਡ ਅੱਪ ਕਰੋ।

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਬੱਸ ਜੀ ਦੋ ਪੰਨੇ ਰਹਿ ਗਏ ਹਨ। ਬਹੁਤੇ ਲੰਬੇ ਨਹੀਂ ਹਨ। ਬਹਿਬਲ-ਕਲਾਂ ਅਤੇ ਬਰਗਾੜੀ ਵਾਰਦਾਤਾਂ ਵਿੱਚ ਵੱਡੇ ਬਾਦਲਾਂ ਦੀ ਸਪੱਸ਼ਟ ਭੂਮਿਕਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ** ** ਹੈ।

---

**Extension of Time of the Sitting of the House**

**ਮਾਨਯੋਗ ਸਪੀਕਰ:** ਰੰਧਾਵਾ ਜੀ, ਇੱਕ ਮਿੰਟ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਬੈਠਕ ਦਾ ਸਮਾਂ ਬਹਿਸ ਖਤਮ ਹੋਣ ਤੱਕ ਵਧਾ ਲਿਆ ਜਾਵੇ ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਅੱਜ ਦੀ ਬੈਠਕ ਵਿੱਚ ਬਹਿਸ ਖਤਮ ਹੋਣ ਤੱਕ ਸਦਨ ਦਾ ਸਮਾਂ ਵਧਾਇਆ ਜਾਂਦਾ ਹੈ।

---

## DISCUSSION ON THE REPORT OF JUSTICE (RETD.) SHRI RANJIT SINGH COMMISSION OF ENQUIRY ALONGWITH ACTION TAKEN REPORT THEREON *(Resumption)*

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਸੁਖਬੀਰ ਬਾਦਲ ** ** ਸਾਬਤ ਹੋਇਆ, ਜਿਸ ਦੀਆਂ ਫੌਜਾਂ ਨੇ ਨਿਹੱਥੇ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਹੈ ਅਤੇ ਮਜੀਠੀਆ ਸਾਬਤ ਹੋਇਆ ** ** ਜਿਸ ਨੂੰ ਪਿਉ-ਪੁੱਤ ਨੇ ਪੰਜਾਬ ਵਿੱਚ ਲੁੱਟਣ ਅਤੇ ਜਜ਼ੀਆ ਇਕੱਠਾ ਕਰਨ ਲਈ ਭੇਜਿਆ। ਹੁਣ ਮੈਂ ਆਪਣੀ ਡਿਮਾਂਡ ਵੀ ਰੱਖਦਾ ਹਾਂ ਕਿ ਕੀ ਕਰਨਾ ਚਾਹੀਦਾ ਹੈ ਅਤੇ ਜੋ ਪੰਜਾਬੀ ਚਾਹੁੰਦੇ ਹਨ।

ਮਾਨਯੋਗ ਸਪੀਕਰ ਸਾਹਿਬ, ਪੂਰਾ ਪੰਜਾਬ ਅਤੇ ਦੁਨੀਆਂ ਭਰ ਵਿੱਚ ਬੈਠੇ ਸਿੱਖ ਅੱਜ ਬੜੀ ਉਮੀਦ ਲੈ ਕੇ ਬੈਠੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਬੇਅਦਬੀ ਦੇ ਦੋਸ਼ੀ ਬੇਪਰਦਾ ਹੋਣੇ ਚਾਹੀਦੇ ਹਨ। ਇਸ ਘਿਨਾਉਣੇ ਜੁਰਮ ਦੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਮਿਲੇ। ਬਹਿਬਲ ਕਲਾਂ ਵਿੱਚ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਗਟ ਕਰਨ ਵਾਲਿਆਂ ਤੇ ਅੰਨ੍ਹੇਵਾਹ ਗੋਲੀਆਂ ਚਲਾਉਣ ਅਤੇ ਦੋ ਨਿਰਦੋਸ਼ਾਂ ਦਾ ਕਤਲ ਕਰਨ ਵਾਲਿਆਂ ਤੇ ਸਖਤ ਕਾਰਵਾਈ ਕੀਤੀ ਜਾਵੇ ਅਤੇ ਜਿਨ੍ਹਾਂ ਨੇ ਗੋਲੀ ਚਲਾਈ ਹੈ

---

** **Expunged as ordered by the Hon'ble Speaker.

ਔਰ ਜਿਨ੍ਹਾਂ ਨੇ ਗੋਲੀ ਲਈ ਉਕਸਾਇਆ ਹੈ, ਉਨ੍ਹਾਂ ਤੇ ਧਾਰਾ 302 ਦਾ ਪਰਚਾ ਦਰਜ ਕੀਤਾ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਸੁਣ ਲਉ ਜੀ, ਹਾਲੇ ਧੰਨਵਾਦ ਨਹੀਂ। ਸਪੀਕਰ ਸਾਹਿਬ, ਇਸ ਰਿਪੋਰਟ ਤੋਂ ਸਪੱਸ਼ਟ ਜ਼ਾਹਰ ਹੋ ਗਿਆ ਹੈ ਕਿ ਗੁਰੂ ਸਾਹਿਬ ਦੀ ਬੇਅਦਬੀ ਵਿੱਚ ਸੁਖਬੀਰ ਬਾਦਲ ਦੀ ਸਿੱਧੀ ਭੂਮਿਕਾ ਹੈ। ਉਸ ਨੇ ਪੈਰ-ਪੈਰ ਤੇ ਬਾਬੇ ਨੂੰ ਖੁਸ਼ ਕਰਨ ਲਈ ਸਾਜ਼ਿਸ਼ਾਂ ਘੜੀਆਂ, ਇਸ ਕਰਕੇ ਸੁਖਬੀਰ ਬਾਦਲ ਨੂੰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਕਾਨੂੰਨ ਤਹਿਤ ਸਜ਼ਾ ਲਈ ਹਾਊਸ ਮੰਗ ਕਰਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਬਹਿਬਲ ਕਲਾਂ ਦੇ ਦੋ ਨਿਰਦੋਸ਼ ਨੌਜਵਾਨਾਂ ਦੀ ਹੱਤਿਆ ਦੇ ਹੁਕਮ, ਸਿੱਧੇ ਮੁੱਖ ਮੰਤਰੀ ਤੇ ਡੀ.ਜੀ.ਪੀ. ਤੋਂ ਮੌਕੇ ਦੇ ਅਫ਼ਸਰਾਂ ਨੂੰ ਗਏ ਸਨ। ਇਹ ਸੱਚ ਇਸ ਰਿਪੋਰਟ ਵਿੱਚ ਇਸ ਤੱਥ ਨਾਲ ਸਾਬਤ ਹੋ ਚੁੱਕਾ ਹੈ। ਮੈਂ ਮੰਗ ਕਰਦਾ ਹਾਂ ਕਿ ਪਰਕਾਸ਼ ਸਿੰਘ ਬਾਦਲ ਅਤੇ ਸੁਮੇਧ ਸੈਣੀ ਉਪਰ murder to kill ਦੇ ਤਹਿਤ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੇਕਰ ਤੁਸੀਂ ਸਹਿਮਤ ਹੋ ਤਾਂ ਬਾਹਵਾਂ ਖੜ੍ਹੀਆਂ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਨੇ ਬਾਹਵਾਂ ਖੜ੍ਹੀਆਂ ਕਰਕੇ ਸਹਿਮਤੀ ਪ੍ਰਗਟਾਈ।)

ਉਦੋਂ ਦੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੇ ਓ.ਐਸ.ਡੀ. ਸਪੈਸ਼ਲ ਪ੍ਰਿੰਸੀਪਲ ਸੈਕਟਰੀ, ਗਗਨਦੀਪ ਬਰਾੜ, ਜਿਨ੍ਹਾਂ ਨੂੰ ਕਮਿਸ਼ਨ ਨੇ ਕਈ ਵਾਰ ਗਵਾਹੀ ਲਈ ਬੁਲਾਇਆ ਲੇਕਿਨ ਗਗਨਦੀਪ ਬਰਾੜ ਨੇ ਬੜੀ ਚਲਾਕੀ ਨਾਲ ਕਹਿ ਦਿੱਤਾ ਕਿ ਮੈਨੂੰ ਯਾਦ ਨਹੀਂ ਹੈ, ਮੈਮਰੀ ਲਾਸ ਦਾ ਬਹਾਨਾ ਲਗਾ ਦਿੱਤਾ। ਇਹ ਉਹ ਅਫਸਰ ਹੈ ਜਿਸ ਨੇ ਰਾਤ ਨੂੰ ਦੋ ਵਜੇ ਮੁੱਖ ਮੰਤਰੀ ਨੂੰ ਉਠਾ ਕੇ ਸੁਮੇਧ ਸੈਣੀ ਨਾਲ ਗੱਲ ਕਰਵਾਈ ਅਤੇ ਮੈਂ ਮੰਗ ਕਰਦਾ ਹਾਂ......

**ਸਰਦਾਰ ਬਲਵਿੰਦਰ ਸਿੰਘ ਬੈਂਸ :** ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ :** ਹਾਂ ਜੀ। ਬੈਂਸ ਸਾਹਿਬ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸਪੀਕਰ ਸਾਹਿਬ, ਕੁੱਲ ਪੰਜਾਬ ਦੇਖ ਰਿਹਾ ਹੈ ਅਤੇ ਕੈਬਨਿਟ ਮੰਤਰੀ ਸਾਹਿਬ ਬੋਲ ਰਹੇ ਹਨ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਪਰ ਇਹ ਤਾਂ ਦੱਸ ਦੇਣ ਕਿ ਸਾਡੇ ਹੱਥ ਖੜ੍ਹੇ ਕਰਵਾ ਕੇ ਕਿਸ ਤੋਂ ਕਾਰਵਾਈ ਦੀ ਮੰਗ ਕਰ ਰਹੇ ਹੋ। ਸੀ.ਐਮ. ਸਾਹਿਬ ਤਾਂ ਬੈਠੇ ਹਨ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸੀ.ਐਮ. ਸਾਹਿਬ ਬਾਅਦ ਵਿੱਚ ਜਵਾਬ ਦੇਣਗੇ। ਨਾਲੋ-ਨਾਲ ਤਾਂ ਨਹੀਂ ਦੇਣਗੇ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਸੀ.ਐਮ. ਸਾਹਿਬ ਨੇ ਤਾਂ ਐਕਸ਼ਨ ਟੇਕਨ ਰਿਪੋਰਟ ਵੀ ਨਾਲ ਨਹੀਂ ਦਿੱਤੀ।

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ ਬਾਅਦ ਵਿੱਚ ਬੋਲਣਗੇ। (ਵਿਘਨ)(ਸ਼ੋਰ) ਬੈਠੋ-ਬੈਠੋ।

**Sardar Balwinder Singh Bains :** There is no action taken report. ਉਹ ਨਾਲ ਆਉਣੀ ਚਾਹੀਦੀ ਸੀ।

(ਇਸ ਸਮੇਂ ਮੁੱਖ ਮੰਤਰੀ ਨੇ ਐਕਸ਼ਨ ਟੇਕਨ ਰਿਪੋਰਟ ਦੀ ਕਾਪੀ ਉਪਰ ਉਠਾ ਕੇ ਦਿਖਾਈ।)

**ਸਰਦਾਰ ਬਲਵਿੰਦਰ ਸਿੰਘ ਬੈਂਸ :** ਮੈਂ ਧੰਨਵਾਦ ਕਰਦਾ ਹਾਂ ਕਿ ਸੀ.ਐਮ. ਸਾਹਿਬ ਨੇ ਕਾਗਜ਼ ਦਿਖਾਇਆ ਹੈ ਕਿ ਇਹ ਐਕਸ਼ਨ ਟੇਕਨ ਰਿਪੋਰਟ ਹੈ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਇਸ ਦੇ ਨਾਲ ਹੀ ਮੈਂ ਇਹ ਮੰਗ ਕਰਦਾ ਹਾਂ ਕਿ ਇਸ ਅਫ਼ਸਰ ਦੀ ਕਸਟੋਡੀਅਲ ਇੰਟੈਰੋਗੇਸ਼ਨ ਹੋਣੀ ਚਾਹੀਦੀ ਹੈ। ਇਹ ਵੀ ਮੇਰੀ ਮੰਗ ਮੰਨੀ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਇਹ ਵੀ ਮੰਗ ਕਰਦਾ ਹਾਂ ਕਿ ਸਾਰੇ ਇਕੱਠੇ ਹੋ ਕੇ ਪਰਕਾਸ਼ ਸਿੰਘ ਬਾਦਲ ਦੇ ਗਲ ਵਿੱਚ ਫਖਰ-ਏ-ਕੌਮ ਦੀ ਜਿਹੜੀ ਫੱਟੀ ਹੈ, ** ** ਅਤੇ ਉਸ ਨੂੰ ** ** ਦਾ ਨਾਂ ਦੇ ਕੇ ਤੋਰਿਆ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਕਿਉਂਕਿ ਸਪੀਕਰ ਸਾਹਿਬ, ਇਹ ਤਾਂ ਮੈਂ ਤੁਹਾਨੂੰ ਕਹਿ ਹੀ ਦਿੱਤਾ ਹੈ ਕਿ ਉਨ੍ਹਾਂ ਨੇ ਰਿਪੋਰਟ ਪੈਰਾਂ ਵਿੱਚ ਰੋਲੀ ਹੈ। ਇਨ੍ਹਾਂ ਨੇ ਰਿਪੋਰਟ ਨੂੰ ਠੁੱਡੇ ਮਾਰੇ ਹਨ, ਇਹ ਵੀ ਮੈਂ ਕਹਿ ਦਿੱਤਾ ਹੈ। ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀ ਸੀ.ਬੀ.ਆਈ. ਨੂੰ ਇਨਕੁਆਰੀ ਦਿੱਤੀ ਗਈ ਹੈ, ਉਹ ਇਨਕੁਆਰੀ ਸੀ.ਬੀ.ਆਈ. ਕੋਲੋਂ ਵਾਪਸ ਲਈ ਜਾਵੇ। (ਆਮ ਆਦਮੀ ਪਾਰਟੀ ਬੈਂਚਿਜ਼ ਵੱਲੋਂ ਥੰਪਿੰਗ) ਜੇ ਕੋਈ ਇਸ ਵਿੱਚ ਅੜਚਣ ਆਉਂਦੀ ਹੈ ਤਾਂ ਅੱਜ ਹੀ ਹਾਊਸ ਵੱਲੋਂ ਪੇਸ਼ ਕਰਕੇ ਅੱਜ ਹੀ ਜਾਵੇ ਕਿ ਅਸੀਂ ਸੀ.ਬੀ.ਆਈ. ਤੋਂ ਇਨਕੁਆਰੀ ਲੈ ਕੇ ਪੰਜਾਬ ਪੁਲਿਸ ਕੋਲੋਂ ਇਨਕੁਆਰੀ ਕਰਵਾਵਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

(ਇਸ ਸਮੇਂ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਹਿਕਾਰਤਾ, ਜੇਲ੍ਹਾਂ ਮੰਤਰੀ ਨੇ ਸਦਨ ਦੀ ਮੇਜ਼ ਤੇ ਕੁਝ ਕਾਗਜ਼ ਰੱਖੇ।)

---

**Returned to Concerned Minister, Vide letter No. ਪੰ:ਵਿ:ਸਭਾ (ਪ੍ਰਕਾਸ਼ਨ ਸ਼ਾਖਾ) -2018, dated 6th November, 2018.

** Expunged as ordered by the Chair.

**ਮਾਨਯੋਗ ਸਪੀਕਰ :** ਹਾਂ ਜੀ, ਖਹਿਰਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਹਾਲੇ ਕਾਂਗਰਸ ਦੇ ਦੋ ਹੀ ਬੁਲਾਰੇ ਬੋਲੇ ਹਨ ਅਤੇ ਇਨ੍ਹਾਂ ਨੇ ਲਗਭਗ ਸਵਾ ਘੰਟਾ ਕੰਜ਼ਿਊਮ ਕੀਤਾ ਹੈ । ਅਸੀਂ ਇਸ ਨਾਲ ਸਹਿਮਤ ਹਾਂ, ਸਾਨੂੰ ਕੋਈ ਇਤਰਾਜ਼ ਨਹੀਂ ਹੈ। ਸਿਰਫ ਤੁਹਾਡੇ ਤੋਂ ਐਸ਼ਿਉਰੈਂਸ ਚਾਹੁੰਦੇ ਹਾਂ ਕਿ ਅਸੀਂ ਜਿੰਨੇ ਵੀ ਇਸ ਰਿਪੋਰਟ ਤੇ ਬੋਲਣਾ ਚਾਹੁੰਦੇ ਹਾਂ, ਉਨ੍ਹਾਂ ਨੂੰ ਵੀ ਇੰਨਾ ਹੀ ਸਮਾਂ ਦਿੱਤਾ ਜਾਵੇ।

**ਮਾਨਯੋਗ ਸਪੀਕਰ :** ਨਹੀਂ ਜੀ, ਇਹ ਪ੍ਰਪੋਰਸ਼ਨ ਵਿੱਚ ਦੇਵਾਂਗੇ। ਜਿਸ ਤਰ੍ਹਾਂ ਇਨ੍ਹਾਂ ਨੂੰ ਪ੍ਰਪੋਰਸ਼ਨ ਵਿੱਚ ਦੇਵਾਂਗੇ, ਤੁਹਾਡੀ ਸਟਰੈਂਥ ਮੁਤਾਬਕ.....

**ਸਰਦਾਰ ਸੁਖਪਾਲ ਸਿੰਘ ਖਹਿਰਾ :** ਆਲ ਮੋਸਟ 30-35 ਮਿੰਟ ਮਿਲਦੇ ਹਨ, ਫਿਰ ਕੋਈ ਪੱਖਪਾਤ ਨਾ ਹੋਵੇ।

**ਮਾਨਯੋਗ ਸਪੀਕਰ :** ਭਾਵੇਂ ਇਨ੍ਹਾਂ ਦਾ ਇੱਕ ਬੁਲਾਰਾ ਸਾਰਿਆਂ ਦਾ ਟਾਈਮ ਲੈ ਜਾਵੇ। We can't object this.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਤੁਸੀਂ ਆਪੇ ਕਿਹਾ ਹੈ ਕਿ ਇਨ੍ਹਾਂ ਦੇ 8 ਬੁਲਾਰੇ ਹੋਰ ਹਨ।

**ਮਾਨਯੋਗ ਸਪੀਕਰ:** ਉਹ ਅਸੀਂ ਦੇਖਾਂਗੇ ਕਿ ਉਨ੍ਹਾਂ ਨੂੰ ਕਿੰਨਾ-ਕਿੰਨਾ ਟਾਈਮ ਦੇਣਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਜੀ... (ਵਿਘਨ)

**ਸਰਦਾਰ ਅਮਰਜੀਤ ਸਿੰਘ ਸੰਦੋਆ:** ਫੂਲਕਾ ਸਾਹਿਬ, ਮੈਨੂੰ ਇੱਕ ਮਿੰਟ ਦੇ ਦਿਓ। ਜਿਸ ਤਰ੍ਹਾਂ ਸਾਡੇ ਮੰਤਰੀ ਰੰਧਾਵਾ ਸਾਹਿਬ ਨੇ ਬੋਲਿਆ ਹੈ ਕਿ ਜਿਹੜੇ ਬਾਦਲ ਸਾਹਿਬ ਦੇ ਸਲਾਹਕਾਰ ਡਾਕਟਰ ਦਲਜੀਤ ਸਿੰਘ ਚੀਮਾ ਹਨ, ਉਨ੍ਹਾਂ ਤੇ ਵੀ ਬਰਾਬਰ ਪਰਚਾ ਦਰਜ ਹੋਣਾ ਚਾਹੀਦਾ ਹੈ। (ਥੰਪਿੰਗ) ਉਹ 100 ਕਰੋੜ ਜਿਹੜਾ ਉਨ੍ਹਾਂ ਨੇ ਚਲਾਇਆ ਹੈ, ਉਸ ਵਿੱਚ ਡਾਕਟਰ ਦਲਜੀਤ ਸਿੰਘ ਚੀਮਾ ਦੀ ਵੀ ਐਂਟਰੀ ਹੈ। ਉਨ੍ਹਾਂ ਤੇ ਪੂਰਾ ਪਰਚਾ ਦਰਜ ਹੋਣਾ ਚਾਹੀਦਾ ਹੈ। ਜੋ ਬਾਦਲ ਸਾਹਿਬ ਨੂੰ ਸਜ਼ਾ ਹੋਣੀ ਚਾਹੀਦੀ ਹੈ, ਉਹ ਡਾਕਟਰ ਦਲਜੀਤ ਸਿੰਘ ਚੀਮਾ ਨੂੰ ਵੀ ਮਿਲਣੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਫੂਲਕਾ ਜੀ ਤੁਸੀਂ ਸ਼ੁਰੂ ਕਰੋ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ):** ਸਪੀਕਰ ਸਾਹਿਬ, ਖਹਿਰਾ ਸਾਹਿਬ ਦਾ ਮਤਲਬ ਇਹ ਸੀ ਕਿ ਜੋ ਤੁਸੀਂ ਫਰਾਖਦਿਲੀ ਉੱਧਰ ਦਿਖਾਈ ਹੈ, ਉਹ ਇੱਧਰ ਵੀ ਦਿਖਾ ਦੇਣਾ।

**ਮਾਨਯੋਗ ਸਪੀਕਰ:** ਤੁਹਾਨੂੰ ਕੋਈ ਸ਼ੱਕ ਹੈ?

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਅੱਜ ਜਿਸ ਮਸਲੇ ਤੇ ਆਪਾਂ ਇਸ ਵਿਧਾਨ ਸਭਾ ਵਿੱਚ ਗੱਲ ਕਰ ਰਹੇ ਹਾਂ, ਇਹ ਅੱਜ ਵਾਲੀ ਬਹਿਸ ਇਤਿਹਾਸ ਵਿੱਚ ਜਾਣੀ ਹੈ। ਮੇਰੇ ਅਜ਼ੀਜ਼ ਦੋਸਤ ਸਰਦਾਰ ਹਰਮਿੰਦਰ ਸਿੰਘ ਗਿੱਲ ਜੋ ਬੋਲੇ ਹਨ, ਮੈਂ ਉਨ੍ਹਾਂ ਦੀ ਬੜੀ ਕਦਰ ਕਰਦਾ ਹਾਂ, ਉਨ੍ਹਾਂ ਦੀ ਬੜੀ ਘਾਲਣਾ ਹੈ। ਪਰ ਜੋ ਦੋ ਚੀਜ਼ਾਂ ਉਨ੍ਹਾਂ ਨੇ ਕਹੀਆਂ ਹਨ, ਉਸ ਤੇ ਮੈਨੂੰ ਆਬਜੈਕਸ਼ਨ ਹੈ। ਰੰਧਾਵਾ ਸਾਹਿਬ ਨੇ ਬਿਲਕੁਲ ਸਹੀ ਨਾਮ ਕਿਹਾ ਹੈ- ਰਾਮ ਰਹੀਮ, ਪਰ ਗਿੱਲ ਸਾਹਿਬ ਨੇ ਸ਼ੁਰੂ ਵਿੱਚ ਸੰਤ ਰਾਮ ਰਹੀਮ ਕਿਹਾ ਹੈ। ਸਪੀਕਰ ਸਾਹਿਬ, ਸੰਤ ਦੀ ਪਦਵੀ ਬਹੁਤ ਵੱਡੀ ਹੁੰਦੀ ਹੈ, ਇੱਕ ਬਲਾਤਕਾਰੀ ਲਈ, ਇੱਕ ਰੇਪਿਸਟ ਲਈ ਜੋ ਕਿ ਜੇਲ੍ਹ ਵਿੱਚ ਬੈਠਾ ਹੈ, ਉਸ ਲਈ ਸੰਤ ਵਰਗਾ ਪਵਿੱਤਰ ਸ਼ਬਦ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ।

ਸਪੀਕਰ ਸਾਹਿਬ, ਦੂਜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਭਾਵੇਂ ਇਹ ਅੱਜ ਦਾ ਵਿਸ਼ਾ ਨਹੀਂ ਹੈ ਪਰ ਮੈਂ ਸਿੰਪਲੀ ਕਹਿੰਦਾ ਹਾਂ ਕਿ ਗਿੱਲ ਸਾਹਿਬ ਖੁਦ ਡੇਢ ਸਾਲ ਜੇਲ੍ਹ ਵਿੱਚ ਰਹੇ ਹਨ ਅਤੇ ਫਿਰ ਕਹਿੰਦੇ ਹਨ ਕਿ ਕਾਂਗਰਸ ਨੇ ਸਿੱਖਾਂ ਲਈ ਬੜਾ ਕੁਝ ਕੀਤਾ ਹੈ। ਮੈਂ ਇਸ ਦੇ ਲਈ ਬਿਲਕੁਲ ਸਹਿਮਤ ਨਹੀਂ ਹਾਂ। ਅੱਜ ਇਹ ਗੱਲ ਕਰਨ ਦਾ ਮੌਕਾ ਨਹੀਂ ਹੈ, ਇਸ ਤੇ ਆਪਾਂ ਫਿਰ ਕਦੇ ਗੱਲ ਕਰਾਂਗੇ। ਸਪੀਕਰ ਸਾਹਿਬ, ਅੱਜ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕਰ ਰਹੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਆਮ ਗ੍ਰੰਥ ਨਹੀਂ ਹੈ। ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਹ ਗੁਰੂ ਹਨ ਜਿਨ੍ਹਾਂ ਦੇ ਲੜ ਲੱਗ ਕੇ ਹਜ਼ਾਰਾਂ ਸਾਲਾਂ ਤੋਂ ਲਿਤਾੜੇ ਹੋਏ ਉਹੀ ਲੋਕ ਜ਼ੁਲਮ ਅਤੇ ਹਮਲਾਵਰਾਂ ਖਿਲਾਫ ਖੜ੍ਹੇ ਹੋ ਗਏ। ਪੱਛਮ ਤੋਂ ਹਮਲਾਵਰ ਆਉਂਦੇ ਸੀ, ਸਾਡੇ ਲੋਕਾਂ ਨੂੰ ਲਿਤਾੜ ਕੇ ਲੰਘ ਜਾਂਦੇ ਸੀ ਤੇ ਜਾ ਕੇ ਦਿੱਲੀ ਨੂੰ ਲੁੱਟਦੇ ਸੀ ਤੇ ਫਿਰ ਵਾਪਸ ਚਲੇ ਜਾਂਦੇ ਸੀ, ਹਜ਼ਾਰ ਸਾਲ ਕੋਈ ਛੋਟਾ-ਮੋਟਾ ਟਾਈਮ ਨਹੀਂ ਹੁੰਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਉਨ੍ਹਾਂ ਪੂਰੇ ਇੱਕ ਹਜ਼ਾਰ ਸਾਲ ਤੱਕ ਲਿਤਾੜੇ ਹੋਏ ਲੋਕਾਂ ਨੇ ਹੀ ਹਮਲਾਵਰਾਂ ਦਾ ਮੁਕਾਬਲਾ ਕੀਤਾ, ਉਨ੍ਹਾਂ ਨੇ ਪੱਛਮੀ ਹਮਲਾਵਰਾਂ ਨੂੰ ਨਾ ਕੇਵਲ ਰੋਕਿਆ ਬਲਕਿ ਉੱਥੇ ਅਫਗਾਨਿਸਤਾਨ ਤੱਕ ਜਾ ਕੇ ਉਨ੍ਹਾਂ ਦੀ ਜਗ੍ਹਾ ਤੇ ਕਬਜ਼ਾ ਕੀਤਾ। ਅੱਜ ਅਸੀਂ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕਰ ਰਹੇ ਹਾਂ।

**ਸਰਦਾਰ ਨਵਤੇਜ ਸਿੰਘ ਚੀਮਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਹਾਂ ਜੀ, ਚੀਮਾ ਜੀ।

**ਸਰਦਾਰ ਨਵਤੇਜ ਸਿੰਘ ਚੀਮਾ:** ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਤੁਹਾਡੀ ਪਰਮਿਸ਼ਨ ਤੋਂ ਬਗੈਰ ਵਿਧਾਨ ਸਭਾ ਅਸੰਬਲੀ ਤੋਂ ਬਾਹਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੈਰਲਲ ਸੈਸ਼ਨ ਚਲਾਇਆ ਜਾ ਰਿਹਾ ਹੈ ਅਤੇ ਪੀ.ਟੀ.ਸੀ. ਤੇ ਸਾਰਾ ਕੁਝ ਲਾਈਵ ਚੱਲ ਰਿਹਾ ਹੈ। ਇਸ ਵੱਲ ਜ਼ਰੂਰ ਧਿਆਨ ਦਿਓ। ਇਸ ਨੂੰ ਬੰਦ ਕੀਤਾ ਜਾਵੇ।

**ਮਾਨਯੋਗ ਸਪੀਕਰ:** ਚਲੋ, ਤੁਸੀਂ ਆਪਣੇ ਵੱਲ ਧਿਆਨ ਦਿਓ। ਹਾਂ ਜੀ, ਫੂਲਕਾ ਸਾਹਿਬ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਹ ਗੁਰੂ ਹਨ ਜਿਨ੍ਹਾਂ ਦਾ ਅਹਿਸਾਨ ਹਿੰਦੁਸਤਾਨ ਭੁੱਲ ਨਹੀਂ ਸਕਦਾ ਅਤੇ ਨਾ ਹੀ ਹਿੰਦੁਸਤਾਨ ਦੇ ਲੋਕ ਭੁੱਲ ਸਕਦੇ ਹਨ। ਮੇਰੇ ਦੋਸਤ ਸਰਦਾਰ ਹਰਮਿੰਦਰ ਸਿੰਘ ਗਿੱਲ ਨੇ ਬਿਲਕੁਲ ਸਹੀ ਕਿਹਾ ਹੈ। ਇਤਿਹਾਸ ਗਵਾਹ ਹੈ ਕਿ ਜਿੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਹੈ, ਉਨ੍ਹਾਂ ਨੂੰ ਬਖਸ਼ਿਆ ਨਹੀਂ ਗਿਆ ਅਤੇ ਅੱਜ ਵੀ ਬਖਸ਼ਿਆ ਨਹੀਂ ਜਾਣਾ ਚਾਹੀਦਾ। ਇੱਥੇ ਅਸੀਂ ਜਿਸ ਪੀੜ੍ਹੀ ਦੇ ਮੈਂਬਰ ਬੈਠੇ ਹਾਂ, ਸਾਡੀ ਪੀੜ੍ਹੀ ਵਿੱਚ ਸਿੱਖ ਕੌਮ ਦੇ ਨਾਲ ਜੋ ਸਭ ਤੋਂ ਵੱਡੇ ਦੋ ਮੌਕੇ ਹੋਏ ਹਨ, ਇੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਾਮਲਾ ਅਤੇ ਦੂਜਾ ਸੰਨ 1984 ਦਾ ਕਾਂਡ ਵਾਪਰਿਆ ਹੈ। 1984 ਦੀ ਗੱਲ ਆਪਾਂ ਬਾਅਦ ਵਿੱਚ ਕਰਾਂਗੇ। ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਾਰੇ ਗੱਲ ਕਰਦੇ ਹਾਂ, ਇਹ ਮੁੱਦਾ ਅੱਜ ਇਤਿਹਾਸ ਵਿੱਚ ਜਾਵੇਗਾ। ਅੱਜ ਜਿਹੜੇ ਮੇਰੇ ਵੀਰ ਇੱਥੋਂ ਉਠ ਕੇ ਚਲੇ ਗਏ ਹਨ, ਉਹ ਵੀ ਜ਼ਰਾ ਸੁਣ ਲੈਣ ਅਤੇ ਅੱਜ ਧਰਮ ਦੇ ਰਾਖੇ ਜਿਹੜੇ ਐਸ.ਜੀ.ਪੀ.ਸੀ. ਦੇ ਮੈਂਬਰ ਬੈਠੇ ਹਨ, ਉਹ ਵੀ ਸੁਣ ਲੈਣ ਕਿ ਕਿਤੇ ਇਹ ਨਾ ਹੋਵੇ ਕਿ ਇਤਿਹਾਸ ਤੁਹਾਨੂੰ ਉਨ੍ਹਾਂ ਦੇ ਨਾਲ ਕੰਪੇਅਰ ਕਰ ਦੇਵੇ, ਜਿਹੜੇ ਮਸੰਦਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਰੋਕਿਆ ਸੀ ਅਤੇ ਸ੍ਰੀ ਦਰਬਾਰ ਸਾਹਿਬ ਨਹੀਂ ਜਾਣ ਦਿੱਤਾ ਸੀ। ਜਿਹੜੇ ਮਸੰਦਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਬਜ਼ੇ ਵਿੱਚ ਕਰ ਲਿਆ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ, ਤੁਹਾਡਾ ਵੀ ਨਾਮ ਕਿਤੇ ਉਨ੍ਹਾਂ ਮਸੰਦਾਂ ਦੇ ਨਾਲ ਨਾ ਲੱਗ ਜਾਵੇ। ਮੈਂ ਅੱਜ ਇਨ੍ਹਾਂ ਸਾਰੇ ਐਸ.ਜੀ.ਪੀ.ਸੀ. ਮੈਂਬਰਾਂ ਨੂੰ ਅਤੇ ਅਕਾਲੀ ਦਲ ਦੇ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਆਪਣੇ ਜ਼ਮੀਰ ਦੀ ਆਵਾਜ਼ ਸੁਣੋ, ਆਪਣੇ ਗੁਰੂ ਦੀ ਆਵਾਜ਼ ਸੁਣੋ, ਇਹ ਚੰਦ ਲੋਕ ਜਿਨ੍ਹਾਂ ਨੇ ਵੋਟਾਂ ਵਾਸਤੇ ਇੰਨੇ ਘਿਨਾਉਣੇ ਜ਼ੁਰਮ ਕੀਤੇ ਹਨ, ਉਨ੍ਹਾਂ ਦੇ ਪਿੱਛੇ ਨਾ ਲੱਗਣਾ। ਇਤਿਹਾਸ ਤੁਹਾਨੂੰ ਮੁਆਫ ਨਹੀਂ ਕਰੇਗਾ। ਤੁਹਾਡੀਆਂ ਆਉਣ ਵਾਲੀਆਂ ਪੀੜੀਆਂ ਮੁਆਫ ਨਹੀਂ ਕਰਨਗੀਆਂ। ਸਪੀਕਰ ਸਾਹਿਬ, ਗਿੱਲ ਸਾਹਿਬ ਨੇ ਬਾਬਾ ਤ੍ਰਿਲੋਕਾ ਅਤੇ ਬਾਬਾ ਰਾਮਾ ਦੀ ਗੱਲ ਕੀਤੀ ਹੈ। ਉਹ ਕੈਪਟਨ ਸਾਹਿਬ ਦੇ ਅਤੇ ਮੇਰੇ ਵੀ ਬਜ਼ੁਰਗ ਸਨ। ਬਾਬਾ ਰਾਮਾ ਅਤੇ ਬਾਬਾ ਤ੍ਰਿਲੋਕਾ ਦਸਵੇਂ ਪਾਤਸ਼ਾਹ ਗੁਰੂ ਮਹਾਰਾਜ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕ ਕੇ ਰਾਮ ਸਿੰਘ ਅਤੇ ਤ੍ਰਿਲੋਕ ਸਿੰਘ ਬਣੇ ਸਨ। ਉਨ੍ਹਾਂ ਪੁਰਖਾਂ ਦੀ ਲਾਜ ਰੱਖਦੇ ਹੋਏ ਕੈਪਟਨ ਅਮਰਿੰਦਰ ਸਿੰਘ ਹੁਰਾਂ ਨੇ ਸੰਨ 1984 ਵੇਲੇ ਕੁਰਸੀ ਨੂੰ ਲੱਤ ਮਾਰੀ, ਅਸਤੀਫਾ ਦਿੱਤਾ। ਉਸ ਦੀ ਵਜ੍ਹਾ ਨਾਲ ਅੱਜ ਇਹ ਦੋ ਵਾਰੀ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ। ਮੈਂ ਅੱਜ ਵੀ ਪਹਿਲਾਂ ਤਾਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ, ਜੋ ਇਨ੍ਹਾਂ ਨੇ ਕੱਲ੍ਹ ਹਾਊਸ ਵਿੱਚ ਕਿਹਾ, ਆਪਣੀ ਕੁਰਸੀ ਨੂੰ ਖਤਰੇ ਵਿੱਚ ਪਾ ਕੇ 1984 ਬਾਰੇ ਜੋ ਕਿਹਾ, ਉਸ ਲਈ ਮੈਂ ਇਨ੍ਹਾਂ ਦਾ ਬਹੁਤ ਧੰਨਵਾਦ ਕਰਦਾ ਹਾਂ। ਮੈਂ ਅੱਜ

ਕੈਪਟਨ ਸਾਹਿਬ ਨੂੰ ਇਹ ਕਹਿੰਦਾ ਹਾਂ ਕਿ ਕੈਪਟਨ ਸਾਹਿਬ ਅੱਜ ਉਹੀ ਪੁਰਖ ਫਿਰ ਦੇਖ ਰਹੇ ਹਨ, ਅੱਜ ਅਕਾਲ ਪੁਰਖ ਵਾਹਿਗੁਰੂ ਨੇ ਤੁਹਾਨੂੰ ਤਾਕਤ ਦਿੱਤੀ ਹੈ। ਪਹਿਲਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਇਤਿਹਾਸ ਨੇ ਸਜ਼ਾ ਦਿੱਤੀ ਹੈ। ਅੱਜ ਗੁਰੂ ਮਹਾਰਾਜ ਨੇ ਤੁਹਾਨੂੰ ਇਹ ਤਾਕਤ ਦਿੱਤੀ ਹੈ ਔਰ ਇਸ ਤਾਕਤ ਤੋਂ ਪਿੱਛੇ ਨਹੀਂ ਹਟਣਾ। (ਥੰਪਿੰਗ) ਅੱਜ ਫਿਰ ਉਹ ਪੁਰਖਾਂ ਦੇ ਨਾਲ ਖੜ੍ਹੇ ਹੋ ਜਾਣਾ, ਅੱਜ ਉਹ ਪੁਰਖਾਂ ਦੀ ਅੰਮ੍ਰਿਤ ਦੀ ਲਾਜ ਰੱਖ ਕੇ ਕੇਸ ਸੀ.ਬੀ.ਆਈ. ਤੋਂ ਵਾਪਿਸ ਮੰਗਵਾਓ। (ਥੰਪਿੰਗ)। ਉਸ ਐਸ.ਆਈ.ਟੀ. ਨੂੰ ਕਹੋ ਕਿ 3 ਮਹੀਨੇ ਦੇ ਵਿੱਚ-ਵਿੱਚ ਇਨਵੈਸਟੀਗੇਸ਼ਨ ਪੂਰੀ ਕਰੇ ਅਤੇ ਜਿਨ੍ਹਾਂ ਨੇ ਉੱਥੇ ਗੋਲੀਆਂ ਚਲਾਈਆਂ, ਉਨ੍ਹਾਂ ਸਾਰੇ ਕਾਤਲਾਂ ਨੂੰ ਸਜ਼ਾ ਦਿਵਾਓ। ਸਪੀਕਰ ਸਾਹਿਬ, ਮੈਂ ਰੰਧਾਵਾ ਸਾਹਿਬ ਦੇ ਨਾਲ ਬਿਲਕੁਲ ਸਹਿਮਤ ਹਾਂ। ਇਨ੍ਹਾਂ ਨੇ ਤਿੰਨ ਮੁੱਖ ਮੰਗਾਂ ਰੱਖੀਆਂ ਹਨ। ਪਹਿਲੀ ਤਾਂ ਇਨ੍ਹਾਂ ਨੇ ਇਹ ਮੰਗ ਰੱਖੀ ਹੈ ਕਿ ਸੀ.ਬੀ.ਆਈ. ਤੋਂ ਕੇਸ ਵਾਪਸ ਕਰਵਾਉ। ਦੂਜੀ ਗੱਲ ਉਨ੍ਹਾਂ ਨੇ ਇਹ ਰੱਖੀ ਹੈ ਕਿ ਉਦੋਂ ਦੇ ਡੀ.ਜੀ.ਪੀ. ਅਤੇ ਮੁੱਖ ਮੰਤਰੀ ਦੇ ਖਿਲਾਫ ਕੇਸ ਚਲਾਓ, ਮੈਂ ਕਹਿੰਦਾ ਹਾਂ ਕਿ ਬਿਲਕੁਲ ਕੇਸ ਚਲਾਓ। ਤੀਜੀ ਗੱਲ, ਜੋ ਮੈਂ ਇੱਥੇ ਕਹਿਣੀ ਚਾਹੁੰਦਾ ਹਾਂ ਕਿ ਅੱਜ ਦਾ ਹਾਊਸ ਇੱਥੇ ਰੈਜ਼ੋਲਿਊਸ਼ਨ ਪਾਸ ਕਰੇ ਅਤੇ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਹ ਬੇਨਤੀ ਕਰੇ ਕਿ ਬੇਅਦਬੀ ਦੇ ਕੇਸਾਂ ਦੇ ਵਾਸਤੇ ਐਕਸਕਲੂਸਿਵ ਕੋਰਟ ਹੋਣ, ਸਪੈਸ਼ਲ ਕੋਰਟ ਨਹੀਂ ਕਿਉਂਜੋ ਉਸ ਵਾਸਤੇ ਲਾਅ ਪਾਸ ਕਰਨਾ ਪੈਂਦਾ ਹੈ। ਮੈਂ ਚਾਹੁੰਦਾ ਹਾਂ ਕਿ ਐਕਸਕਲੂਸਿਵ ਕੋਰਟ ਬਣਨ, ਵੱਖਰੀਆਂ ਅਦਾਲਤਾਂ ਜਿੱਥੇ ਕਿ ਸਿਰਫ ਬੇਅਦਬੀ ਦੇ ਕੇਸ ਹੀ ਚੱਲਣ ਔਰ ਰੋਜ਼-ਰੋਜ਼ ਕੇਸ ਚੱਲਣ ਅਤੇ ਤਿੰਨ ਮਹੀਨੇ ਵਿੱਚ ਉਹ ਖਤਮ ਕੀਤੇ ਜਾਣ। ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਇਸ ਬਾਰੇ ਹਾਊਸ ਵਿੱਚ ਮਤਾ ਪਾਸ ਕੀਤਾ ਜਾਵੇ। ਸਪੀਕਰ ਸਾਹਿਬ, ਦੂਜੀ ਗੱਲ ਇਹ ਐਕਸ਼ਨ ਟੇਕਨ ਰਿਪੋਰਟ ਹੈ। ਇਸ ਰਿਪੋਰਟ ਵਿੱਚ ਮੈਨੂੰ ਸਮਝ ਨਹੀਂ ਆਉਂਦੀ ਕਿ ਸਰਕਾਰ ਦੀ ਕਿਹੜੀ ਮਜਬੂਰੀ ਸੀ, ਉਨ੍ਹਾਂ ਦੇ ਮੰਤਰੀ ਨੇ ਤਾਂ ਖੁਦ ਇਸ ਨੂੰ ਡਸਟਬਿਨ ਵਿੱਚ ਪਾ ਦਿੱਤਾ। ਖੁਦ ਉਨ੍ਹਾਂ ਨੇ ਕਹਿ ਦਿੱਤਾ, ਖੁਦ ਮੰਤਰੀ ਸਾਹਿਬ ਇਸ ਨਾਲ ਸਹਿਮਤ ਨਹੀਂ ਹਨ। ਇਸ ਵਿੱਚ ਛੋਟੀਆਂ-ਛੋਟੀਆਂ ਮੱਛੀਆਂ ਨੂੰ ਫੜੀ ਫਿਰਦੇ ਹੋ ਜੀ। ਉਹ ਮਗਰਮੱਛ ਕਿੱਥੇ ਗਏ? ਇਹ ਛੋਟੀਆਂ ਮੱਛੀਆਂ ਦਾ ਕੀ ਕਰਾਂਗੇ? ਮਗਰਮੱਛ ਕਿੱਥੇ ਗਏ? ਇਨ੍ਹਾਂ ਮਗਰਮੱਛਾਂ ਨੂੰ ਫੜੋ, ਇਨ੍ਹਾਂ ਦੇ ਮਾਸਟਰ ਮਾਈਂਡਾਂ ਨੂੰ ਫੜੋ । ਡੀ.ਜੀ.ਪੀ. ਸੈਣੀ ਨੇ ਨੋਟਿਸ ਇਸ਼ੂ ਕੀਤਾ, ਨੋਟਿਸ ਇਸ਼ੂ ਕਰਨ ਦਾ ਕੀ ਮਤਲਬ ਹੈ? ਸਪੀਕਰ ਸਾਹਿਬ, ਇਹ ਰਿਪੋਰਟ ਬਹੁਤ ਮਹੱਤਵਪੂਰਨ ਹੈ। ਇਸ ਰਿਪੋਰਟ ਵਿੱਚ ਜੇ ਤੁਸੀਂ ਦੇਖੋਗੇ ਤਾਂ 26 ਨੰਬਰ ਪੇਜ ਉੱਤੇ ਇਹ ਲਿਖਿਆ ਹੋਇਆ ਹੈ ਕਿ ਕੋਟਕਪੂਰਾ ਵਿੱਚ ਧਰਨਾ ਦਿੰਦੇ ਹੋਏ ਲੋਕਾਂ ਦੇ ਨਾਲ ਸਮਝੌਤਾ ਹੋ ਗਿਆ ਸੀ ਕਿ ਉਹ ਆਪਣੇ ਆਪ voluntarily ਗ੍ਰਿਫਤਾਰੀਆਂ ਦੇਣਗੇ ਔਰ ਉਸ ਸਮਝੌਤੇ ਦੇ ਮੁਤਾਬਿਕ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਸਨ ਪਰ ਉਦੋਂ ਰਾਤ ਨੂੰ 2 ਵਜੇ ਫੋਨ ਗਿਆ, ਮੁੱਖ ਮੰਤਰੀ ਸਾਹਿਬ ਉੱਠੇ ਤੇ

ਡੀ.ਜੀ.ਪੀ. ਨੂੰ ਹੁਕਮ ਕੀਤਾ। ਉੱਥੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਇਨ੍ਹਾਂ ਨੂੰ ਗ੍ਰਿਫਤਾਰ ਨਹੀਂ ਕਰਨਾ। ਇਨ੍ਹਾਂ ਨੂੰ ਇੱਥੋਂ ਲਿਜਾ ਕੇ ਦੂਜੇ ਪਾਸੇ ਛੱਡ ਦਿਓ। ਉਨ੍ਹਾਂ ਲੋਕਾਂ ਨੇ ਉਸ ਚੀਜ਼ ਤੇ ਓਬਜੈਕਟ ਕੀਤਾ ਅਤੇ ਕਿਹਾ ਕਿ ਅਸੀਂ ਗ੍ਰਿਫਤਾਰੀ ਦੇਣੀ ਹੈ, ਸਾਡੀ ਗ੍ਰਿਫਤਾਰੀ ਕਾਗਜ਼ਾਂ ਵਿੱਚ ਸ਼ੋਅ ਕਰ ਦਿਓ। ਜੇ ਉਹ ਗਲਤ ਬੈਠੇ ਹਨ ਤਾਂ ਗ੍ਰਿਫਤਾਰ ਕਰੋ। ਕਾਗਜ਼ਾਂ ਵਿੱਚ ਕਿਉਂ ਨਹੀਂ ਪਾ ਰਹੇ ਹੋ? ਕੀ ਉਨ੍ਹਾਂ ਦੀ ਗਲਤ ਮੰਗ ਸੀ? ਉਨ੍ਹਾਂ ਦੀ ਸਿਰਫ ਇੱਕ ਮੰਗ ਸੀ ਕਿ ਸਾਡੀ ਗ੍ਰਿਫਤਾਰੀ ਨੂੰ ਕਾਗਜ਼ਾਂ ਵਿੱਚ ਪਾਓ। ਜਦੋਂ ਇਨ੍ਹਾਂ ਨੇ ਕਿਹਾ ਕਿ ਅਸੀਂ ਇੱਥੇ ਤਾਕਤ ਵਰਤਣੀ ਹੈ ਤਾਂ ਰਿਪੋਰਟ ਵਿੱਚ ਲਿਖਿਆ ਹੈ ਕਿ ਪਹਿਲਾਂ ਉੱਥੋਂ ਦਾ ਡੀ.ਸੀ. ਵੀ ਇਸ ਗੱਲ ਲਈ ਸਹਿਮਤ ਨਹੀਂ ਹੋਇਆ ਸੀ। ਇਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਆਪ voluntarily ਗ੍ਰਿਫਤਾਰੀ ਨਹੀਂ ਦੇਣ ਦਿੱਤੀ ਕਿਉਂਕਿ ਮਕਸਦ ਤਾਂ ਉਥੇ ਗੋਲੀਆਂ ਚਲਾਉਣਾ ਸੀ। ਸਪੀਕਰ ਸਾਹਿਬ, ਅਗਰ ਕੋਈ ਪੁਲਿਸ ਅਫਸਰ law and order ਨੂੰ ਕੰਟਰੋਲ ਕਰ ਲਵੇ, ਜੇ ਉਸ ਨੇ ਗੋਲੀ ਚਲਾਉਣੀ ਹੈ ਤਾਂ ਉਸ ਵਾਸਤੇ ਪੂਰਾ procedure ਫਾਲੋ ਕੀਤਾ ਜਾਂਦਾ ਹੈ। ਜੇ ਉਹ procedure ਨੂੰ adopt ਕਰਕੇ ਗੋਲੀ ਚਲਾਉਂਦਾ ਹੈ ਤਾਂ ਉਸ ਦੀ ਪਾਵਰ ਵਿੱਚ ਆਉਂਦਾ ਹੈ ਅਤੇ ਜੇ ਉਹ procedure ਨੂੰ follow ਨਹੀਂ ਕਰਦਾ ਤਾਂ ਗੈਂਗਸਟਰ ਅਤੇ ਉਹ ਪੁਲਿਸ ਅਫ਼ਸਰ ਇੱਕ ਬਰਾਬਰ ਹੈ। ਇਸ ਕਮਿਸ਼ਨ ਦੀ ਰਿਪੋਰਟ ਵਿੱਚ ਲਿਖਿਆ ਹੋਇਆ ਹੈ, ਡਾਕੂਮੈਂਟ ਦੇ ਅਧਾਰ ਤੇ ਲਿਖਿਆ ਹੋਇਆ ਹੈ ਕਿ ਉਸ ਨੇ ਕੋਈ ਪ੍ਰੋਸੀਜਰ ਫਾਲੋ ਨਹੀਂ ਕੀਤਾ। ਕੋਟਕਪੂਰਾ ਵੀ, ਬਹਿਬਲ ਕਲਾਂ ਵੀ ਦੋਵੇਂ ਜਗ੍ਹਾ ਤੇ ਬਿਨਾਂ ਪ੍ਰੋਸੀਜਰ ਫਾਲੋ ਕੀਤੇ ਗੋਲੀ ਚਲਾਈ ਗਈ ਹੈ। ਜਿਹੜੇ ਪੁਲਿਸ ਅਫ਼ਸਰਾਂ ਨੇ ਇਹ ਗੋਲੀ ਚਲਾਈ ਹੈ, ਇਹ ਗੈਂਗਸਟਰਾਂ ਦੇ ਬਰਾਬਰ ਹੈ ਕਿਉਂਕਿ ਉਨ੍ਹਾਂ ਨੇ ਲਾਅ ਫਾਲੋ ਨਹੀਂ ਕੀਤਾ। ਇਸ ਕਤਲ ਦਾ ਮੁਕੱਦਮਾ ਇਨ੍ਹਾਂ ਸਾਰਿਆਂ ਦੇ ਉੱਤੇ ਚਲਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਹ ਨਾਲ ਦੀ ਨਾਲ ਕਾਂਸਪੀਰੇਸੀ ਵੀ ਹੈ, ਸਿੱਧਾ ਇੱਦਾਂ ਦੀ ਕਾਂਸਪੀਰੇਸੀ ਦੇ ਵਿੱਚ ਉਦੋਂ ਦਾ ਡੀ.ਜੀ.ਪੀ ਜਿਸ ਨੇ ਹੁਕਮ ਦਿੱਤਾ ਅਤੇ ਉਦੋਂ ਦਾ ਮੁੱਖ ਮੰਤਰੀ ਇਸ ਕੇਸ ਵਿੱਚ ਆਉਂਦਾ ਹੈ। ਸਪੀਕਰ ਸਹਿਬ, ਇੱਕ ਗੱਲ ਹੋਰ ਹੈ, ਜਿਹੜੀ ਇਸ ਰਿਪੋਰਟ ਦੇ ਵਿੱਚ ਰੰਧਾਵਾ ਸਾਹਿਬ ਕੋਲ ਇੱਕ ਚੀਜ਼ ਰਹਿ ਗਈ। ਰੰਧਾਵਾ ਸਾਹਿਬ, ਉਹ ਰਿਪੋਰਟ ਪੜ੍ਹ ਲਵੋ। ਰਿਪੋਰਟ ਦੇ ਵਿੱਚ ਜਗ੍ਹਾ-ਜਗ੍ਹਾ ਤੇ ਲਿਖਿਆ ਹੋਇਆ ਹੈ ਔਰ ਇਸ ਸਬੰਧ ਵਿੱਚ 175, 176, 177 ਸਫੇ ਪੜ੍ਹ ਲਵੋ। ਰੰਧਾਵਾ ਸਾਹਿਬ, ਇਹ ਲਿਖਿਆ ਹੋਇਆ ਹੈ ਕਿ ਕਿਵੇਂ-ਕਿਵੇਂ ਉਸ ਰਾਮ ਰਹੀਮ ਦੇ ਚੇਲਿਆਂ ਨੇ ਬੇਅਦਬੀ ਕੀਤੀ। ਉਸ ਡੇਰੇ ਦੇ office bearer ਨੇ ਕੀਤੀ। ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਚੋਰੀ ਕੀਤੀ, ਉਸ ਤੋਂ ਮਗਰੋਂ ਜਾ ਕੇ ਉਹ ਪੋਸਟਰ ਲਗਾਏ, ਨਾਮ ਚਰਚਾ ਘਰ ਦੇ ਵਿੱਚ ਬੈਠ ਕੇ ਪੋਸਟਰ ਲਗਾਏ ਤੇ ਉਸ ਤੋਂ ਮਗਰੋਂ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਗਲੀਆਂ ਵਿੱਚ ਖਿਲਾਰ ਦਿੱਤੇ। ਡੇਰਾ ਮੁਖੀ ਰਾਮ ਰਹੀਮ ਦੇ ਹੁਕਮਾਂ ਤੋਂ ਬਿਨਾਂ ਇੱਕ ਪੱਤਾ ਨਹੀਂ ਹਿੱਲ

ਸਕਦਾ। ਇਹ ਸਭ ਕੁਝ ਰਾਮ ਰਹੀਮ ਦੇ ਹੁਕਮਾਂ ਮੁਤਾਬਿਕ ਹੋਇਆ ਹੈ। ਰੰਧਾਵਾ ਸਾਹਿਬ, ਇਸ ਦੇ ਵਿੱਚ ਰਾਮ ਰਹੀਮ ਨੂੰ ਵੀ ਮੁਲਜ਼ਮ ਬਣਾਉ।ਹੁਣ ਤੁਸੀਂ ਕਿਤੇ ਹੋਰ ਬਿਜ਼ੀ ਹੋ ਗਏ। ਕੀ ਗੱਲ ਰਾਮ ਰਹੀਮ ਦੇ ਨਾਂ ਤੋਂ ਤੁਹਾਨੂੰ ਵੀ ਡਰ ਲੱਗਦਾ ਹੈ ? (ਵਿਘਨ, ਸ਼ੋਰ)

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣ ਲਵੋ। ਮੇਰੇ ਕੋਲ ਦੋ ਕਾਗਜ਼ ਹਨ, ਇਹ ਵੀ ਮੈਂ ਟੇਬਲ ਤੇ ਰੱਖਣਾ ਚਾਹੁੰਦਾ ਹਾਂ ਤੇ ਦੂਸਰੀ ਚੀਜ਼ ਜਿਹੜੀ ਫੂਲਕਾ ਸਾਹਿਬ ਨੇ ਗੱਲ ਕਹੀ ਹੈ, ਉਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਉਸ ਨੂੰ ਤਾਂ ਰੱਬ ਨੇ ਪਹਿਲਾਂ ਹੀ ਉਥੇ ਭੇਜ ਦਿੱਤਾ, ਜਿੱਥੇ ਭੇਜਣਾ ਚਾਹੀਦਾ ਸੀ ਅਤੇ ਮਹਾਰਾਜਾ ਸਾਹਿਬ ਇਹੋ ਜਿਹੇ ਬੰਦੇ ਨੂੰ, ਦੁਸ਼ਟ ਬੰਦੇ ਨੂੰ ਕਦੇ ਵੀ ਮੁਆਫ ਨਹੀਂ ਕਰ ਸਕਦੇ। ਅੱਜ ਹਾਊਸ ਦੇ ਵਿੱਚ ਅਨਾਊਂਸ ਕਰਕੇ ਜਾਓ ਕਿ ਪੰਜਾਬ ਵਿੱਚ ਕੋਈ ਅਜਿਹਾ ਬਾਬਾ ਉੱਠ ਕੇ ਧੀਆਂ-ਭੈਣਾਂ ਦੀ ਇੱਜ਼ਤ ਨਾਲ ਖਿਲਵਾੜ ਨਾ ਕਰ ਸਕੇ।(ਥੰਪਿੰਗ)(ਵਿਘਨ)

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਕੋਈ ਇਹੋ ਜਿਹਾ ਸਾਧ ਅਜਿਹਾ ਖਿਲਵਾੜ ਨਾ ਕਰ ਸਕੇ। (ਥੰਪਿੰਗ) ਅੱਜ ਵਿਧਾਨ ਸਭਾ ਹਰ ਪਾਸੇ ਇਹ ਸੁਨੇਹਾ ਪਹੁੰਚਾ ਦੇਵੇ ਕਿ ਇਹੋ ਜਿਹੇ ਸਾਧਾਂ ਨੂੰ ਨਹੀਂ ਬਖਸ਼ਾਂਗੇ। ਸਪੀਕਰ ਸਾਹਿਬ, ਇੱਕ ਹੋਰ ਚੀਜ਼ ਬਹੁਤ ਮਹੱਤਵਪੂਰਨ ਹੈ, ਇਸ ਰਿਪੋਰਟ ਦੇ ਪੰਨਾ ਨੰ. 173 ਅਤੇ 174 ਵਿੱਚ ਲਿਖਿਆ ਹੈ ਕਿ ਡੇਰੇ ਵਾਲਿਆਂ ਨੇ ਹਰਜਿੰਦਰ ਸਿੰਘ ਮਾਝੀ ਅਤੇ ਬਲਜੀਤ ਸਿੰਘ ਦਾਦੂਵਾਲ ਨੂੰ ਕਤਲ ਕਰਨ ਦੀ ਪਲਾਨਿੰਗ ਬਣਾਈ ਸੀ, ਉਹ ਕਿਉਂ ਬਣਾਈ ਸੀ ਕਿਉਂਕਿ ਹਰਜਿੰਦਰ ਸਿੰਘ ਮਾਝੀ ਨੇ, ਜਿੱਥੋਂ ਇਨ੍ਹਾਂ ਨੇ ਬੀੜ ਚੋਰੀ ਕੀਤੀ ਸੀ, ਉਥੇ ਜਾ ਕੇ ਸਮਾਗਮ ਕੀਤਾ, ਸਮਾਗਮ ਵਿੱਚੋਂ ਉਸ ਦੀ ਕਥਾ ਸੁਣ ਕੇ ਇਨ੍ਹਾਂ ਦੇ ਡੇਰਾ ਪ੍ਰੇਮੀਆਂ ਨੇ ਆਪਣੇ ਲੌਕਟ ਲਾਹ ਕੇ ਸੁੱਟ ਦਿੱਤੇ ਸੀ। ਉਸੇ ਦਿਨ ਇਨ੍ਹਾਂ ਨੇ ਸੋਚ ਵੀ ਲਿਆ ਸੀ ਕਿ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ, ਉਸ ਨੂੰ ਜ਼ਿੰਦਾ ਨਹੀਂ ਛੱਡਣਾ। ਸਪੀਕਰ ਸਾਹਿਬ, ਅੱਜ ਬਲਜੀਤ ਸਿੰਘ ਦਾਦੂਵਾਲ ਦੇ ਬਾਰੇ ਬੜੀਆਂ ਵੱਡੀਆਂ ਗੱਲਾਂ ਕਹੀਆਂ ਗਈਆਂ ਹਨ ਪਰ ਬੰਦਾ ਜੋ ਮਰਜ਼ੀ ਹੋਵੇ, ਉਹ ਇਸ ਦੇਸ਼ ਦਾ ਨਾਗਰਿਕ ਹੈ, ਉਹ ਪੰਜਾਬ ਦੇ ਵਿੱਚ ਰਹਿੰਦਾ ਹੈ। ਉਸ ਨੂੰ ਕਤਲ ਕਰਨ ਦੀਆਂ ਸਾਜ਼ਿਸ਼ਾਂ ਬਣਾਈਆਂ ਜਾਣ ਤੇ ਉਹ ਸਰਕਾਰ ਨੂੰ ਆ ਕੇ ਮਿਲੇ, ਕੀ ਇਸ ਵਿੱਚ ਵੀ ਇਨ੍ਹਾਂ ਮਸੰਦਾਂ ਨੂੰ ਆਬਜੈਕਸ਼ਨ ਹੈ?(ਥੰਪਿੰਗ) ਮੈਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਇਹ ਕਿਹਾ ਗਿਆ ਹੈ ਕਿ ਮੈਨੂੰ ਨਹੀਂ ਮਿਲਿਆ, ਇਹ ਕਹਿਣ ਦੀ ਬਜਾਏ ਤੁਸੀਂ ਤਾਂ ਇਹ ਕਹੋ ਕਿ ਕੋਈ ਵੀ ਨਾਗਰਿਕ ਆ ਕੇ ਤੁਹਾਨੂੰ ਮਿਲ ਸਕਦਾ ਹੈ। ਉਹ ਬਰਗਾੜੀ ਦੇ ਮੋਰਚੇ ਦਾ ਮੈਂਬਰ ਹੈ, ਕੋਈ ਵੀ ਤੁਹਾਨੂੰ ਮਿਲ ਸਕਦਾ ਹੈ, ਕੀ ਤੁਸੀਂ ਕਿਸੇ ਨੂੰ ਮਿਲਣ ਤੋਂ ਮਨ੍ਹਾ ਕਰੋਗੇ? ਉਹ ਦੇਸ਼ ਦਾ ਨਾਗਰਿਕ ਹੈ

। ਸਪੀਕਰ ਸਾਹਿਬ, ਇਸ ਰਿਪੋਰਟ ਦੇ ਵਿੱਚ ਜੇਕਰ ਦੇਖਿਆ ਜਾਵੇ ਤਾਂ ਇਸ ਵਿੱਚ ਐਸੇ-ਐਸੇ ਖੁਲਾਸੇ ਹਨ। ਸਪੀਕਰ ਸਾਹਿਬ, ਮੈਂ ਰਿਪੋਰਟ ਦੇ ਪੰਨਾ ਨੰਬਰ 49 ਨੂੰ ਦਿਖਾਉਣਾ ਚਾਹੁੰਦਾ ਹਾਂ, ਜੇ ਉਹ ਬਾਹਰ ਬੈਠੇ ਸੁਣ ਰਹੇ ਹਨ, ਇਸ ਰਿਪੋਰਟ ਦਾ ਪੰਨਾ ਨੰ: 49 ਦੇਖਣ, ਜਿੱਥੇ ਕਾਲ ਰਿਕਾਰਡ ਦਿੱਤੇ ਗਏ ਹਨ। ਜੇਕਰ ਕੋਈ ਵੀ ਇਸ ਰਿਪੋਰਟ ਨੂੰ ਚੈਲੰਜ ਕਰਨਾ ਚਾਹੁੰਦਾ ਹੈ ਤਾਂ ਆਪਣੇ ਕਾਲ ਰਿਕਾਰਡ ਕੱਢ ਕੇ ਆ ਜਾਵੇ। ਉਹ ਕਹਿ ਦੇਵੇ ਅਤੇ ਦਿਖਾ ਦੇਵੇ ਕਿ ਇਹ ਗਲਤ ਕੀਤੇ ਹਨ। ਜਿਵੇਂ ਖਹਿਰਾ ਸਾਹਿਬ ਨੇ ਸੁਖਬੀਰ ਬਾਦਲ ਨੂੰ ਚੈਲੰਜ ਕੀਤਾ ਹੈ ਕਿ ਆਨ ਰਿਕਾਰਡ ਪਰੂਵ ਕਰ ਦੇਵੇ, ਹਾਊਸ ਦੀ ਕਮੇਟੀ ਪਰੂਵ ਕਰ ਦੇਵੇ, ਅੱਜ ਉਹ ਆਪਣੇ ਕਾਲ ਰਿਕਾਰਡ ਕੱਢ ਕੇ ਲੈ ਆਉਣ ਅਤੇ ਉਹ ਇੱਥੇ ਦਿਖਾਉਣ। ਅੱਜ ਉਹ ਇੱਥੋਂ ਕਿਉਂ ਭੱਜੇ ਹਨ ਕਿਉਂਕਿ ਉਨ੍ਹਾਂ ਕੋਲ ਆਪਣੇ ਡਾਕੂਮੈਂਟ ਨਹੀਂ ਹਨ। ਜੇਕਰ ਕਿਸੇ ਨੇ ਇਸ ਰਿਪੋਰਟ ਨੂੰ ਚੈਲੰਜ ਕਰਨਾ ਹੈ ਤਾਂ ਉਹ ਇਹ ਦਿਖਾਵੇ ਕਿ ਇਹ ਗਲਤ ਹੈ ਜਿੱਥੇ ਜਸਟਿਸ ਰਣਜੀਤ ਸਿੰਘ ਨੇ ਇਹ ਲਿਖਿਆ ਹੈ ਕਿ 22 ਵਾਰੀ ਡੀ.ਜੀ.ਪੀ., ਸੁਮੇਧ ਸਿੰਘ ਸੈਣੀ ਨੇ ਉੱਥੋਂ ਦੇ ਮੌਕੇ ਦੇ ਅਫਸਰਾਂ ਨਾਲ ਗੱਲਬਾਤ ਕੀਤੀ। ਉਹ ਕਾਲ ਰਿਕਾਰਡ ਦਿਖਾਵੇ ਕਿ ਉਸ ਨੇ 22 ਵਾਰੀ ਗੱਲ ਨਹੀਂ ਕੀਤੀ। ਜੇ ਅੱਜ ਕਿਸੇ ਨੇ ਜਸਟਿਸ ਰਣਜੀਤ ਸਿੰਘ ਨੂੰ ਚੈਲੰਜ ਕਰਨਾ ਹੈ ਤਾਂ ਇਹ ਚੈਲੰਜ ਕਰਕੇ ਦਿਖਾਵੇ ਕਿ ਜਸਟਿਸ ਰਣਜੀਤ ਸਿੰਘ ਨੇ ਇਹ ਲਿਖਿਆ ਹੈ ਕਿ ਰਾਤ ਨੂੰ 2.00 ਵਜੇ ਉੱਥੋਂ ਦੇ ਐਮ.ਐਲ.ਏ. ਬਰਾੜ ਦੀ, ਡੀ.ਸੀ. ਦੀ ਅਤੇ ਡੀ.ਜੀ.ਪੀ. ਦੀ ਮੁੱਖ ਮੰਤਰੀ ਦੇ ਨਾਲ ਗੱਲ ਹੋਈ ਹੈ, ਇਹ ਗਲਤ ਹੈ। ਉਹ ਇੱਥੇ ਆ ਕੇ ਇਹ ਦਿਖਾਵੇ ਕਿ ਆਹ ਦੇਖੋ ਕਾਲ ਰਿਕਾਰਡ, ਇਹ ਤਾਂ ਕਦੇ ਫੋਨ ਹੀ ਨਹੀਂ ਆਇਆ। ਉਸ ਦਾ ਜੀਜਾ ਅਤੇ ਉਸ ਦਾ ਭਾਈਆ ਇਹ ਚੀਜ਼ ਦਿਖਾਓ। ਇਹ ਕੋਈ ਡਿਫੈਂਸ ਨਹੀਂ ਹੈ, ਜਿਹੜੇ ਅੱਜ ਇੱਥੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਹਨ, ਅਸੀਂ ਇਨ੍ਹਾਂ ਨੂੰ ਭੱਜਣ ਨਹੀਂ ਦੇਣਾ। ਅੱਜ ਇਹ ਹਾਊਸ ਰੈਜ਼ੋਲਿਊਸ਼ਨ ਪਾਸ ਕਰੇ ਕਿਉਂਕਿ ਹਾਊਸ ਸੁਪਰੀਮ ਹੈ। ਜਿਵੇਂ ਮੈਂ ਪਹਿਲਾਂ ਕਿਹਾ ਸੀ ਕਿ Action taken Report ਸਰਕਾਰ ਨੇ ਹਾਊਸ ਵਿੱਚ ਰੱਖਣੀ ਹੁੰਦੀ ਹੈ। ਇਹ ਹਾਊਸ ਹੀ ਸੁਪਰੀਮ ਹੈ। ਅੱਜ ਇਹ ਸਾਰੇ ਰੈਜ਼ੋਲਿਊਸ਼ਨ ਹਾਊਸ ਪਾਸ ਕਰੇ ਅਤੇ ਉਹ ਰੈਜ਼ੋਲਿਊਸ਼ਨ ਸਰਕਾਰ ਨੂੰ ਉੱਥੇ ਮੰਨਣੇ ਪੈਣਗੇ । ਇਸ ਦੇ ਨਾਲ ਹੀ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਨਕੋਦਰ ਦਾ ਕੇਸ ਵੀ ਸ਼ਾਮਲ ਕਰੋ, ਉਹ ਬੇਅਦਬੀ ਵਾਲੀ ਰਿਪੋਰਟ ਤੁਹਾਡੇ ਕੋਲ ਪਈ ਹੈ। ਉਸ ਤੇ ਵੀ ਐਕਸ਼ਨ ਲਿਆ ਜਾਵੇ। ਸਪੀਕਰ ਸਾਹਿਬ, ਅੱਜ ਦਾ ਲਾਈਵ ਟੈਲੀਕਾਸਟ ਪਬਲਿਕ ਦੀ ਡਿਮਾਂਡ ਤੇ ਹੋਇਆ ਹੈ ਅਤੇ ਕਿਸੇ ਨੂੰ ਵੀ ਇਹ ਇਜਾਜ਼ਤ ਨਹੀਂ ਦੇਣੀ ਚਾਹੀਦੀ ਕਿ ਜਿਹੜੇ ਲੋਕਾਂ ਦੇ ਜਿੱਤੇ ਹੋਏ ਨੁਮਾਇੰਦੇ ਹਨ, ਉਹ ਲੋਕਾਂ ਦੇ ਵਿੱਚ ਨਾ ਦਿਖਾਏ ਜਾਣ। ਜੇ ਇਨ੍ਹਾਂ ਦੀ ਗੱਲ ਸਹੀ ਹੈ ਕਿ ਫਾਸਟਵੇਅ ਨੇ ਇਨ੍ਹਾਂ ਨੂੰ ਬਲੈਕ ਆਊਟ ਕੀਤਾ ਹੈ ਤਾਂ ਅੱਜ ਇੱਥੇ ਸੀ.ਐਮ. ਸਾਹਿਬ ਐਸ਼ੋਰੈਂਸ ਦੇਣ ਕਿ ਫਾਸਟਵੇਅ ਤੇ ਐਕਸ਼ਨ ਲੈ ਕੇ ਉਸ ਦਾ ਲਾਇਸੰਸ ਕੈਂਸਲ ਕੀਤਾ ਜਾਵੇਗਾ। ਉਨ੍ਹਾਂ

ਦਾ ਲਾਇਸੰਸ ਕੈਂਸਲ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਜੇਕਰ ਕੋਈ ਚੈਨਲ ਹਾਊਸ ਦੀਆਂ ਪੈਰਲਲ ਪ੍ਰੋਸੀਡਿੰਗਜ਼ ਦਿਖਾ ਰਿਹਾ ਹੈ ਤਾਂ ਉਸ ਚੈਨਲ ਦੇ ਉੱਤੇ ਵੀ ਐਕਸ਼ਨ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੇਰੀ ਇੱਕ ਹੋਰ ਗੁਜ਼ਾਰਿਸ਼ ਹੈ ਕਿ ਇਹ ਮੁੱਦਾ ਬਹੁਤ ਵੱਡਾ ਹੈ। ਇਸ ਮੁੱਦੇ ਉੱਤੇ ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦਾ ਕਿਉਂਕਿ ਮੈਂ ਚਾਹੁੰਦਾ ਹਾਂ ਕਿ ਸਾਡੇ ਸਾਰੇ ਸਾਥੀਆਂ ਨੂੰ ਟਾਈਮ ਦਿੱਤਾ ਜਾਵੇ। ਇਸ ਕਰਕੇ ਮੈਂ ਆਪਣੀ ਬਹਿਸ ਇਸ ਬੇਨਤੀ ਦੇ ਨਾਲ ਖਤਮ ਕਰਦਾ ਹਾਂ ਕਿ ਅੱਜ ਇਹ ਸਾਰੇ ਰੈਜ਼ੋਲਿਊਸ਼ਨ ਪਾਸ ਕੀਤੇ ਜਾਣ। ਸਪੀਕਰ ਸਾਹਿਬ, ਮੈਂ ਇੱਕ ਰਿਕੁਐਸਟ ਕਰਦਾ ਹਾਂ ਕਿ ਇਹ ਫਰਾਖ ਦਿਲੀ ਇੱਧਰ ਵੀ ਦਿਖਾ ਦਿਓ ਜਿਹੜੀ ਤੁਸੀਂ ਉੱਧਰ ਦਿਖਾਈ ਹੈ। (ਕ੍ਰਮਵਾਰ ਟਰੇਜ਼ਰੀ ਬੈਂਚਿਜ਼ ਅਤੇ ਆਮ ਆਦਮੀ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਬਹੁਤ-ਬਹੁਤ ਸ਼ੁਕਰੀਆ, ਬਹੁਤ-ਬਹੁਤ ਮਿਹਰਬਾਨੀ ਜੀ। (ਵਿਘਨ)

**ਮਾਨਯੋਗ ਸਪੀਕਰ:** ਸੀ.ਐਮ.ਸਾਹਿਬ ਖੜ੍ਹੇ ਹਨ ਜੀ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਫੂਲਕਾ ਸਾਹਿਬ ਨੇ ਸਪਲੀਮੈਂਟਰੀ ਰਿਪੋਰਟ ਦਾ ਜ਼ਿਕਰ ਕੀਤਾ ਸੀ, this is the final report, ਜੋ ਉੱਥੋਂ ਅਖੀਰਲੇ ਦਿਨ ਜਦੋਂ ਉਹ ਰਿਟਾਇਰ ਹੋਏ, ਡੀ.ਜੀ.ਪੀ. ਨੇ ਜਸਟਿਸ ਰਣਜੀਤ ਸਿੰਘ ਨੂੰ ਮਿਲ ਕੇ ਜੋ ਕੁਝ ਕਿਹਾ ਹੈ, ਉਸ ਬਾਰੇ ਉਨ੍ਹਾਂ ਨੇ ਇਹ ਕਿਹਾ ਹੈ "That DGP has, however, also conceded that during the intervening period, night of 13/ 14th October, 2015, he has spoken to various officers present at Kotkapura in connection with the law and order situation there. He has now disclosed that at about 2.00 AM, the then Chief Minister, Parkash Singh Badal, had rung him up regarding the situation and the steps being taken since the issue at Kotkapura was of State concern." ਸੋ, ਇਹ ਤੁਸੀਂ ਜਾਣਨਾ ਚਾਹੁੰਦੇ ਸੀ, this is the supplementary report. ਜਿਹੜੀ from the ਜੱਜ ਸਾਹਿਬ ਆਈ ਹੈ, ਤੁਸੀਂ ਇਸ ਬਾਰੇ ਜਾਣਨਾ ਚਾਹੁੰਦੇ ਸੀ, at that time ਇਹ ਉਨ੍ਹਾਂ ਦੇ ਕੁਮੈਂਟਸ ਰਿਕਾਰਡ ਕੀਤੇ ਹਨ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਰ, ਇਹ ਸਪਲੀਮੈਂਟਰੀ ਰਿਪੋਰਟ ਵੀ ਤਾਂ part of Report ਹੈ, ਐਕਸ਼ਨ ਤਾਂ ਇਸ ਤੇ ਵੀ ਲੈਣਾ ਬਣਦਾ ਹੈ।

**ਮੁੱਖ ਮੰਤਰੀ :** ਇਹ ਸਾਰਾ ਪਾਰਟ ਆਫ ਰਿਪੋਰਟ ਹੈ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਬਿਲਕੁਲ ਜੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਫੂਲਕਾ ਸਾਹਿਬ ਨੇ ਬੋਲਦੇ ਹੋਏ ਕਿਹਾ ਹੈ, ਉਸ ਤੋਂ ਪਹਿਲਾਂ ਮੇਰੇ ਸਾਥੀ ਗਿੱਲ ਸਾਹਿਬ ਬੋਲੇ ਹਨ, ਰੰਧਾਵਾ ਜੀ ਨੇ ਬੜੇ ਵਿਸਥਾਰ ਦੇ ਵਿੱਚ ਗੱਲਾਂ ਕੀਤੀਆਂ ਹਨ। ਮੈਂ ਇੱਕ ਮਿੰਟ ਦਾ ਸਮਾਂ ਲਵਾਂਗਾ। ਜਦੋਂ ਇਹ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਹੋਇਆ, ਉਥੇ ਉਨ੍ਹਾਂ ਦਾ ਪਤਾ ਲੈਣ ਨਾ ਤਾਂ ਉਸ ਸਮੇਂ ਦੇ ਡਿਪਟੀ ਸੀ.ਐਮ. ਪਹੁੰਚੇ ਅਤੇ ਨਾ ਹੀ ਸੀ.ਐਮ. ਪਹੁੰਚੇ। ਉਸ ਦੇ ਨਾਲ-ਨਾਲ ਹੀ ਨਾ ਹਿੰਦੁਸਤਾਨ ਦੇ ਹੋਮ ਮਨਿਸਟਰ ਨੇ ਅਤੇ ਨਾ ਹੀ ਪ੍ਰਾਈਮ ਮਨਿਸਟਰ ਨੇ ਸਾਡੇ ਪੰਜਾਬ ਦਾ ਹਾਲ-ਚਾਲ ਪੁੱਛਿਆ। ਇਨ੍ਹਾਂ ਘਟਨਾਵਾਂ ਤੇ ਅਫਸੋਸ ਤਾਂ ਕੀ ਕਰਨਾ ਸੀ, ਕਿਸੇ ਨੇ ਹਾਲ-ਚਾਲ ਵੀ ਨਹੀਂ ਪੁੱਛਿਆ। ਉਦੋਂ ਦੀ ਸਰਕਾਰ ਨੂੰ ਬਰਖਾਸਤ ਕਰਨਾ ਚਾਹੀਦਾ ਸੀ। ਮੈਂ ਇਸ ਹਾਊਸ ਦੇ ਵਿੱਚ ਇੱਕ ਰੈਜ਼ੋਲਿਊਸ਼ਨ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਜੇ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਨੇ ਸਾਡਾ ਹਾਲ-ਚਾਲ ਨਹੀਂ ਪੁੱਛਿਆ, ਅਸੀਂ ਪ੍ਰਧਾਨ ਮੰਤਰੀ ਜੀ ਨੂੰ ਕਹੀਏ ਕਿ ਉਹ ਪੰਜਾਬ ਦੇ ਸਦਨ ਤੋਂ, ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣ। ਉਸ ਦੇ ਨਾਲ-ਨਾਲ ਹੀ ਫੂਲਕਾ ਸਾਹਿਬ ਨੇ ਕਿਹਾ, ਜਿਹੜਾ ਇਹ ਫਾਸਟ ਵੇਅ ਚੈਨਲ ਹੈ, ਇਸ ਨੂੰ ਬੈਨ ਕਰਨਾ ਚਾਹੀਦਾ ਹੈ ਕਿਉਂਕਿ ਇਹ (ਸ਼੍ਰੋਮਣੀ ਅਕਾਲੀ ਦਲ) ਬਾਹਰ ਪੈਰੇਲਲ ਸੈਸ਼ਨ ਚਲਾ ਰਹੇ ਹਨ। ਤੁਸੀਂ ਦੇਖਿਆ ਹੋਣਾ ਹੈ, ਕੀ ਕਦੇ ਸੁਣਿਆ ਸੀ ਕਿ ਪੈਰੇਲਲ ਸੈਸ਼ਨ ਚੱਲੇ ? ਉਸ ਦੇ ਨਾਲ ਹੀ ਮੈਂ ਸੀ.ਐਮ. ਸਾਹਿਬ ਤੋਂ ਜਲਦੀ ਐਕਸ਼ਨ ਦੀ ਮੰਗ ਕਰਦਾ ਹਾਂ ਕਿਉਂਕਿ ਜਿਥੇ ਕਿਤੇ ਕਮਿਸ਼ਨ ਬਣਾ ਦਿੱਤੇ ਜਾਣ ਜਾਂ ਕਮੇਟੀਆਂ ਬਣਾ ਦਿੱਤੀਆਂ ਜਾਣ, ਉਥੇ ਸਮਾਂ ਬੜਾ ਨਿਕਲ ਜਾਂਦਾ ਹੈ। ਨਾਨਾਵਤੀ ਕਮਿਸ਼ਨ ਦੀ ਗੱਲ ਕਰੀਏ, ਜਲ੍ਹਿਆਂਵਾਲੇ ਬਾਗ ਦੀ ਗੱਲ ਕਰੀਏ, ਇਸ ਕਰਕੇ ਜਿਹੜੀ ਇਹ ਰਿਪੋਰਟ ਹੈ, ਪੰਜਾਬ ਵਿਧਾਨ ਸਭਾ ਦੇ ਮੈਂਬਰਜ਼ ਦੇ ਵਿਊ ਲੈ ਕੇ ਇਸ ਦੇ ਉਪਰ ਇੱਥੇ ਹੀ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਤਿੰਨ ਮਹੀਨਿਆਂ ਦੇ ਵਿੱਚ ਗੱਲ ਖਤਮ ਹੋਵੇ। ਜੇ ਅਸੀਂ ਇਸ ਨੂੰ ਲੰਬਾ ਕਰ ਦੇਵਾਂਗੇ ਤਾਂ ਉਸ ਦੇ ਨਾਲ ਪੰਜਾਬ ਦਾ ਬੜਾ ਵੱਡਾ ਨੁਕਸਾਨ ਹੋਵੇਗਾ, ਫਿਰ ਸਾਲ-ਦੋ ਸਾਲ ਹੋਰ ਲੱਗ ਜਾਣਗੇ। ਹਿੰਦੁਸਤਾਨ ਦੇ ਲੋਕ, ਖਾਸ ਕਰਕੇ ਮੇਰੇ ਐਨ.ਆਰ.ਆਈ. ਭਰਾ ਵੀ ਸਾਨੂੰ ਪੁੱਛਦੇ ਹਨ ਕਿ ਜਿਨ੍ਹਾਂ ਨੇ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬੇਅਦਬੀ ਕੀਤੀ ਹੈ ...(ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਬਾਅਦ ਵਿੱਚ ਟਾਈਮ ਲੈ ਕੇ ਬੋਲ ਲੈਣਾ ....(ਵਿਘਨ)... ਇੰਝ ਨਾ ਕਰੋ, ਨਹੀਂ ਜੀ। ਤੁਸੀਂ ਪੁਆਇੰਟ ਆਫ ਆਰਡਰ ਤੇ ਖੜ੍ਹੇ ਹੋਏ ਸੀ, this is wrong, this is wrong.

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ ....

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਸਾਡੇ ਬੰਦਿਆਂ ਨੂੰ ਵੀ ਟਾਈਮ ਦਿਓ ...(ਵਿਘਨ)....

**Mr. Speaker :** It is free for all, ਫਿਰ ?

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਪੰਜਾਬ ਤੋਂ ਮੁਆਫੀ ਮੰਗਣ ....(ਵਿਘਨ)....

**Mr. Speaker :** It should be free for all...... It should be free for all....

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਫਿਰ ਉਹ ਸਪੀਚ ਕਿਉਂ ਦੇ ਰਹੇ ਹਨ?

**ਮਾਨਯੋਗ ਸਪੀਕਰ :** ਮੈਂ ਇਹੀ ਕਹਿ ਰਿਹਾ ਹਾਂ, ਫਿਰ.... why are you intervening... ਪਲੀਜ਼ ਤੁਸੀਂ ਬੈਠੋ, ਪਲੀਜ਼ ਬੈਠੋ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ :** ਸਪੀਕਰ ਸਾਹਿਬ, ਆਮ ਆਦਮੀ ਪਾਰਟੀ .....

**ਮਾਨਯੋਗ ਸਪੀਕਰ :** ਨਹੀਂ, ਤੁਸੀਂ ਬੈਠੋ ਜੀ। ਭਾਵ ਸਰਦਾਰ ਨਵਜੋਤ ਸਿੰਘ ਸਿੱਧੂ ਬੋਲਣਗੇ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਪੀ.ਟੀ.ਸੀ. ਦਾ ਲਾਇਸੰਸ ਕੈਂਸਲ ਕਰਨਾ ਚਾਹੀਦਾ ਹੈ.....

**ਮਾਨਯੋਗ ਸਪੀਕਰ :** ਹਾਂ ਜੀ, ਨਵਜੋਤ ਸਿੰਘ ਸਿੱਧੂ (ਵਿਘਨ)(ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਆਪੋਜ਼ੀਸ਼ਨ ਵੱਲੋਂ ਅਤੇ ਸਾਡੇ ਵੱਲੋਂ ਇੱਕ ਸੀਰੀਅਸ ਇਸ਼ੂ ਇਹ ਉਠਾਇਆ ਗਿਆ ਹੈ ਕਿ ਪੀ.ਟੀ.ਸੀ. ਸਾਰੀਆਂ ਧੱਜੀਆਂ ਉਡਾ ਰਿਹਾ ਹੈ ਔਰ ਜੋ ਪੈਰੇਲਲ ਹਾਊਸ ਚਲਾ ਰਹੇ ਹਨ, ਫਾਸਟਵੇਅ ਚੈਨਲ ਇਕੱਲਾ ਉਸ ਨੂੰ ਦਿਖਾ ਰਿਹਾ ਹੈ।

**ਮਾਨਯੋਗ ਸਪੀਕਰ :** ਸੀ.ਐਮ. ਸਾਹਿਬ ਅਜੇ ਬੋਲਣਗੇ। ਤੁਸੀਂ ਇਹ ਇਸ਼ੂ ਪਹਿਲਾਂ ਉਠਾ ਲਿਆ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਉਸ ਦਾ ਲਾਇਸੰਸ ਕੈਂਸਲ ਕਰਨਾ ਚਾਹੀਦਾ ਹੈ।

**ਮਾਨਯੋਗ ਸਪੀਕਰ :** ਤੁਸੀਂ ਇਸ ਨੂੰ ਕਿੰਨੀ ਕੁ ਵਾਰ ਰਿਪੀਟ ਕਰੋਗੇ? ਤੁਸੀਂ ਆਪਣੀ ਗੱਲ ਪਹਿਲਾਂ ਕਹਿ ਚੁੱਕੇ ਹੋ। ਹਾਂ ਜੀ, ਸਰਦਾਰ ਨਵਜੋਤ ਸਿੰਘ ਸਿੱਧੂ ਜੀ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) :** ਮਾਨਯੋਗ ਸਪੀਕਰ ਸਾਹਿਬ, ਮੈਂ ਆਪਣੇ ਛੋਟੇ ਭਾਈ ਫੂਲਕਾ ਸਾਹਿਬ ਦਾ ਸਮਰਥਨ ਕਰਦੇ ਹੋਏ ਸਭ ਤੋਂ ਪਹਿਲਾਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਲਈ ਕਿੰਨੀ ਮੰਦਭਾਗੀ ਗੱਲ ਹੈ ਕਿ

[ ਸਥਾਨਕ ਸਰਕਾਰ ਮੰਤਰੀ ]

ਅੱਜ ** ** ਔਰ ਅਸੀਂ ਉਸ ਦੀ ਆਵਾਜ਼ ਸੁਣ ਰਹੇ ਹਾਂ। ਸਰ, ਮੈਂ ਤੁਹਾਨੂੰ ਰਿਕੁਐਸਟ ਕਰਦਾ ਹਾਂ ਕਿ ਇਹ ਕੋਈ ਪੈਰੇਲਲ ਗੌਰਮਿੰਟ ਨਹੀਂ ਚਲਾ ਸਕਦੇ। ਹੁਣੇ ਹੀ ਹੁਕਮ ਦਿਓ, ਉਨ੍ਹਾਂ ਤੇ ਪਰਚਾ ਦਿਓ (ਥੰਪਿੰਗ) ਔਰ ਨਾਲ ਇਹ ਸਾਈਡ ਦੇ ਉਤੇ ਜਿਹੜਾ ਪੀ.ਟੀ.ਸੀ. ਤੇ ਚਲਾ ਰਹੇ ਹਨ, ਉਹ ਪੀ.ਟੀ.ਸੀ. ਵੀ ਬੰਦ ਕਰਾਓ ਜੀ। ਜੇ ਤੁਹਾਡੇ ਦਾਬੇ ਦੇ ਨਾਲ ਫਾਸਟ ਵੇਅ ਚੱਲ ਪਿਆ .......(ਆਵਾਜ਼ਾਂ : ਚੱਲਿਆ ਨਹੀਂ ਜੀ।) ....ਅੱਛਾ, ਨਹੀਂ ਚੱਲਿਆ। ਤੁਹਾਨੂੰ ਕੱਲ੍ਹ ਵੀ ਕਿਹਾ ਸੀ। ਫਿਰ ਅਸੀਂ ਪੰਜਾਬ ਦੇ ਲੋਕਾਂ ਨੂੰ ਕੀ ਕਹਾਂਗੇ ਕਿ ਸਰਕਾਰ ਸਾਡੀ ਹੈ ਜਾਂ ** ** ਦੀ ਹੈ। ਇਨ੍ਹਾਂ ** ** ਦੀ ਸਰਕਾਰ ਨਹੀਂ ਹੈ ....(ਥੰਪਿੰਗ)........ ਇਨ੍ਹਾਂ ** ** ਦੀ ਸਰਕਾਰ ਨਹੀਂ ਹੈ। ਇਨ੍ਹਾਂ ** ** ਦੀ ਸਰਕਾਰ ਨਹੀਂ ਹੈ। ਸਪੀਕਰ ਸਾਹਿਬ, ਪਹਿਲਾਂ ਮੈਂ ਸੁਣਦਾ ਹੁੰਦਾ ਸੀ, ਅੱਜ ਬੋਲਣ ਦਿਓ ਕਿਉਂਕਿ ਅੱਜ ਇਤਿਹਾਸਕ ਦਿਨ ਹੈ। ਮੈਂ ਸੁਣਿਆ ਸੀ ਕਿ ਚੋਰ ਦੀ ਦਾੜ੍ਹੀ ਵਿੱਚ ਤਿਨਕਾ ਹੁੰਦਾ ਹੈ। ਅੱਜ ਇਸ ਕਮਿਸ਼ਨ ਨੇ ਇਨ੍ਹਾਂ ਨੂੰ ਇੱਥੋਂ ਭਜਾ ਦਿੱਤਾ, ਅੱਜ ਮੈਦਾਨ ਸਾਫ ਹੈ। ਦੇਖ ਲਵੋ, ਕੀ ਕੋਈ ਇੱਕ ਬੰਦਾ ਵੀ ਬੈਠਾ ਹੈ? ਕੱਲ੍ਹ ਤੁਸੀਂ ਮੈਨੂੰ ਕਹਿੰਦੇ ਸੀ ਕਿ ਗਲਤ ਕਿਹਾ ਹੈ, ਮੈਂ ਅੱਜ ਵੀ ਆਪਣੀ ਕੱਲ੍ਹ ਵਾਲੀ ਗੱਲ ਦੁਹਰਾਉਂਦਾ ਹਾਂ। ਮੈਂ ਇਸ ਨੂੰ ਕਿਹਾ ਸੀ ਜੇ ਮਾਂ-ਪਿਓ ਦਾ ਪੁੱਤ ਹੈ ਤਾਂ ਬੈਠੀਂ ਔਰ ਸੁਣੀਂ ਲੇਕਿਨ ਇਹ ਭੱਜ ਗਿਆ, ਇੱਥੋਂ ਭੱਜ ਗਿਆ। ਕਿਉਂ ਭੱਜੇ? ਕਿਉਂਕਿ ਜਿਹੜੀ from the ਜੱਜ ਸਾਹਿਬ ਰਿਪੋਰਟ ਆਈ ਹੈ, ਉਨ੍ਹਾਂ ਦੇ at that time ਕੁਮੈਂਟਸ ਰਿਕਾਰਡ ਕੀਤੇ ਹਨ, ਇਹ ਕਿਉਂ ਭੱਜੇ ਹਨ ਕਿਉਂਕਿ ਇਨ੍ਹਾਂ ਦੇ ਅੰਦਰ ਸੱਚ ਸੁਣਨ ਦੀ ਤਾਕਤ ਨਹੀਂ ਹੈ।

ਸਪੀਕਰ ਸਾਹਿਬ, ਧਰਮ ਜੋੜਦਾ ਹੈ, ਇਹ ਜਿਹੜੀ ਗਾਥਾ ਅਸੀਂ ਅੱਜ ਸੁਣ ਰਹੇ ਹਾਂ, ਇਹ ਧਰਮ ਦੇ ਨਾਂ ਤੇ ਵੰਡਣ ਦੀ ਹੈ, ਵੋਟਾਂ ਵੰਡਣ ਦੀ ਹੈ, ਵੋਟਾਂ ਦੀ polarisation ਦੀ ਹੈ। ਇਹ ਹਿਸਟਰੀ ਹੈ ਕਿ ਭੁੱਖਾ ਤਾਂ ਰੱਜ ਜਾਂਦਾ ਹੈ ਪਰ ਭੁੱਖੜ ਨਹੀਂ ਰੱਜਦਾ, ਇਹ ਇਨ੍ਹਾਂ ਦੀ ਭੁੱਖ ਦੀ ਕਹਾਣੀ ਹੈ, ਇਹ ਰਾਜਨੀਤਕ ਸ਼ਡਯੰਤਰ ਦੀ ਕਹਾਣੀ ਹੈ। ਸਪੀਕਰ ਸਾਹਿਬ, ਇਹ ਮੁੱਦਾ ਦੋ ਚੀਜ਼ਾਂ ਵਿੱਚ ਵੰਡਿਆ ਹੋਇਆ ਹੈ। ਸਭ ਤੋਂ ਪਹਿਲਾਂ ਤਾਂ ਇਹ ਵੇਖਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਹਿਮੀਅਤ ਕੀ ਹੈ। ਮੈਂ ਰਾਤ ਨੂੰ ਸੁੱਤਾ ਨਹੀਂ, ਮੇਰੀ ਰੂਹ ਕੁਰਲਾਉਂਦੀ ਰਹੀ। ਇਸ ਕਰਕੇ ਮੈਂ ਲਿਖ ਕੇ ਲਿਆਇਆ ਹਾਂ ਕਿ ਸਾਡੀ ਜ਼ਿੰਦਗੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਅਹਿਮੀਅਤ ਕੀ ਹੈ ਔਰ ਕਿਸ ਤਰ੍ਹਾਂ ਵੋਟਾਂ ਦੀ polarisation ਲਈ, ਲੋਕਾਂ ਨੂੰ ਵੰਡਣ ਦੇ ਲਈ ਇਨ੍ਹਾਂ ਲੋਕਾਂ ਨੇ ਸਾਡੇ ਗੁਰੂ ਸਾਹਿਬ ਦੀ ਬੇਅਦਬੀ ਕਰਵਾਈ। ਅੱਜ ਇਹ ਰੌਲਾ ਪਾਉਂਦੇ ਸੀ, ਇਹ ਰੌਲਾ ਸਿਰਫ ਬਾਹਰ ਪਾਉਂਦੇ ਹਨ, ਲੋਕਾਂ ਨੇ ਇਨ੍ਹਾਂ ਨੂੰ ਇੱਥੇ ਆ ਕੇ ਬਹਿਸ ਕਰਨ ਲਈ ਵੋਟਾਂ ਪਾਈਆਂ ਹਨ ਪਰ ਰੌਲਾ

** Expunged as ordered by the Hon'ble Speaker.

ਕੀ ਪਰੂਵ ਕਰਦਾ ਹੈ, that even hen cackles while laying an egg as if she is laying an astronaut. ਮੁਰਗੀ ਵੀ ਕੁੜ-ਕੁੜ ਕਰਦੀ ਹੈ ਜਦੋਂ ਆਂਡਾ ਦਿੰਦੀ ਹੈ । ਰੌਲੇ ਨਾਲ ਕੁਝ ਨਹੀਂ ਹੁੰਦਾ, ਇਹ ਇੱਥੇ ਬਹਿਸ ਤਾਂ ਕਰਨ। ਇਹ ਪ੍ਰਮਾਣ ਹੈ ਕਿ ਇਹ ਕਾਇਰ ਸੀ। ਸਪੀਕਰ ਸਾਹਿਬ, ਅੱਜ ਇਸ ਅਜ਼ੀਮ ਸਦਨ ਵਿੱਚ ਅਸੀਂ ਜਿਸ ਵਿਸ਼ੇ ਉਤੇ ਬਹਿਸ ਕਰਨ ਲਈ ਮੌਜੂਦ ਹਾਂ, ਉਹ ਵਿਸ਼ਾ ਸਿੱਖ ਕੌਮ ਲਈ ਕਾਲਾ ਅਧਿਆਇ ਹੈ, ਕਲੰਕ ਹੈ। ਬੜੇ ਲੋਕਾਂ ਦੇ ਨਾਂ ਸੁਨਹਿਰੇ ਅੱਖਰਾਂ ਵਿੱਚ ਲਿਖੇ ਜਾਣਗੇ ਲੇਕਿਨ ਸਰਦਾਰ ਬਾਦਲ ਜਾਣ ਤੋਂ ਪਹਿਲਾਂ ਇੱਕ ਗੱਲ ਜਾਣ ਲਵੇ ਕਿ ਇਹ ਵਿਸ਼ਾ ਉਸ ਦੇ ਮੱਥੇ ਉਤੇ ਕਾਲਾ ਧੱਬਾ ਬਣ ਕੇ ਉਸ ਨੂੰ ਬੇਇੱਜ਼ਤ ਕਰਦਾ ਰਹੇਗਾ। (ਥੰਪਿੰਗ) ਇਹ ਇੱਕ ਸੱਚੇ ਸਿੱਖ ਦੀ ਆਤਮਾ ਦੀ ਅਵਾਜ਼ ਹੈ । ਇਹ ਵਿਸ਼ਾ ਸਾਰੀ ਸਿੱਖ ਕੌਮ ਲਈ, ਸਾਰੇ ਪੰਜਾਬੀਆਂ ਲਈ, ਸਾਡੇ ਇਤਿਹਾਸ ਲਈ, ਸਾਡੇ ਸਭਿਆਚਾਰ ਲਈ ਇੱਕ ਅਜਿਹਾ ਬਿਰਤਾਂਤ ਹੈ ਜਿਹੜਾ ਨਾਸੂਰ ਬਣ ਕੇ ਰਿਸਦਾ ਰਹੇਗਾ। ਸਪੀਕਰ ਸਾਹਿਬ, ਜ਼ਖਮ ਭਰ ਜਾਂਦੇ ਹਨ, ਤਲਵਾਰਾਂ ਦੇ ਘਾਉ ਵੀ ਭਰ ਜਾਂਦੇ ਹਨ ਲੇਕਿਨ ਨਾਸੂਰ ਸਦੀਆਂ ਤੱਕ ਰਿਸਦਾ ਰਹਿੰਦਾ ਹੈ, ਨਾਸੂਰ ਕਦੇ ਨਾ ਭਰਨ ਵਾਲਾ ਘਾਉ ਹੁੰਦਾ ਹੈ । ਮੈਂ ਸ਼ਾਇਰ ਦੀ ਜ਼ੁਬਾਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਇੰਪੈਕਟ ਕੀ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਦਾ ਇੰਪੈਕਟ ਕੀ ਹੈ? ਬੜੇ ਲੋਕਾਂ ਨੇ ਇਸ ਦਾ ਤਮਾਸ਼ਾ ਬਣਾਇਆ । ਬੜੇ ਲੋਕਾਂ ਨੇ ਪੁਲੀਟੀਕਲ ਮੋਟੀਵੇਸ਼ਨ ਲਈ ਇਸ ਸਾਕੇ ਨੂੰ ਅੜਿਆ।

"महरूम हकीकत है साहिल के तमाशाई, हम डूब के समझे हैं दरियाओं की गहराई।"

'ਡੁੱਬ ਕੇ ਸਮਝੇ ਹਾਂ, ਦਰਿਆਵਾਂ ਦੀ ਗਹਿਰਾਈ।'

"यह जबर देखा है तारीख की नजरों ने, लम्हों ने खता की और सदियों ने सजा पाई।"

ਸਦੀਆਂ ਨੇ ਸਜ਼ਾ ਪਾਈ। ਸਪੀਕਰ ਸਾਹਿਬ, ਇਹ ਸਾਕਾ ਸਦੀਆਂ ਤੱਕ ਯਾਦ ਰਹੇਗਾ ਔਰ ਇਹ ਸਦੀਆਂ ਤੱਕ ਰੋਮ-ਰੋਮ ਅੱਥਰੂ ਕੇਰਦਾ ਰਹੇਗਾ । ਇਹ ਉਹ ਪੰਜਾਬ ਹੈ ਜਿਸ ਲਈ ਪ੍ਰੋਫੈਸਰ ਪੂਰਨ ਸਿੰਘ ਨੇ ਕਿਹਾ ਸੀ, "ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਜਿਉਂਦਾ ਗੁਰੂਆਂ ਦੇ ਨਾਮ।" ਸਪੀਕਰ ਸਾਹਿਬ, ਉਸ ਪੰਜਾਬ ਦੀਆਂ ਗਲੀਆਂ, ਉਸ ਪੰਜਾਬ ਦੀ ਧਰਤੀ ਨੇ ਆਪਣੇ ਸੀਨੇ ਤੇ ਸਾਡੇ ਸ਼ਬਦ ਗੁਰੂ, ਸਾਡੇ ਮੁਕੱਦਸ ਇਸ਼ਟ, ਸਾਡੇ ਆਤਮਿਕ ਚਾਨਣ ਦੇ ਸਦੀਵੀ ਸੋਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਿਖਰੇ ਹੋਏ ਪਾਵਨ ਅੰਗਾਂ ਦੇ ਮੰਜ਼ਰ ਦੇਖੇ ਹਨ। ਇਹ ਉਹ ਗੁਰੂ ਸਾਹਿਬ ਹਨ ਜਿਨ੍ਹਾਂ ਬਾਰੇ ਸਾਨੂੰ ਦਸਵੇਂ ਗੁਰੂ ਸਾਹਿਬ ਜੀ ਨੇ ਕਿਹਾ ਸੀ, ਜਿਨ੍ਹਾਂ ਦੇ ਸਾਨੂੰ ਲੜ੍ਹ ਲਗਾਇਆ ਗਿਆ ਹੈ:

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥

ਸਭ ਸਿਖਿਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

[ ਸਥਾਨਕ ਸਰਕਾਰ ਮੰਤਰੀ ]

ਸਪੀਕਰ ਸਾਹਿਬ, ਉਸ ਗੁਰੂ ਦੇ ਜ਼ਖਮੀ ਹੋਏ ਅੰਗ ਨਾਲੀਆਂ ਵਿੱਚ ਰੁਲਣ, ਉਸ ਗੁਰੂ ਦੇ ਜ਼ਖਮੀ ਹੋਏ ਅੰਗ ਗਲੀਆਂ ਵਿੱਚ ਰੁਲਣ? ਸਪੀਕਰ ਸਾਹਿਬ, ਜਦੋਂ ਨਾਬਾਲਗ ਬੱਚੀਆਂ ਨੂੰ ਕੋਈ ਬੇ-ਆਬਰੂ ਕਰਦਾ ਹੈ ਤਾਂ ਉਨ੍ਹਾਂ ਨੂੰ ਸਜ਼ਾ-ਏ-ਮੌਤ ਸੁਣਾਉਂਦੇ ਹੋ, ਸਾਰੀ ਦੁਨੀਆਂ ਕਹਿੰਦੀ ਹੈ ਕਿ ਸਜ਼ਾ-ਏ-ਮੌਤ ਸੁਣਾਓ। ਸਪੀਕਰ ਸਾਹਿਬ, ਹੁਣ ਤਾਂ ਜਿਹੜੇ ਚਿੱਟੇ ਦੇ ਵਪਾਰੀ ਸੀ, ਉਨ੍ਹਾਂ ਲਈ ਵੀ ਮਾਨਯੋਗ ਸੀ.ਐਮ. ਸਾਹਿਬ ਨੇ ਸਜ਼ਾ-ਏ-ਮੌਤ ਮੰਗੀ ਹੈ। ਸਪੀਕਰ ਸਾਹਿਬ, ਜਿਸ ਨੇ ਗੁਰੂ ਦੇ ਅੰਗਾਂ ਨੂੰ ਜ਼ਖਮੀ ਕੀਤਾ ਹੋਵੇ, ਗਲੀਆਂ-ਨਾਲੀਆਂ ਵਿੱਚ ਬਿਖੇਰਿਆ ਹੋਵੇ, ਉਸ ਦੇ ਲਈ ਸੀ.ਐਮ. ਸਾਹਿਬ ਕੀ ਸਜ਼ਾ ਸੁਣਾਉਣਗੇ, ਸਾਰਾ ਪੰਜਾਬ ਅੱਜ ਦੇਖਦਾ ਹੈ....ਸਾਰਾ ਪੰਜਾਬ ਅੱਜ ਦੇਖਦਾ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜਿਸ ਵੇਲੇ ਇਹ ਸਜ਼ਾ ਸੁਣਾਈ ਗਈ ਤਾਂ ਮੈਨੂੰ ਫਖ਼ਰ ਹੋਵੇਗਾ। ਸੀ.ਐਮ. ਸਾਹਿਬ ਨੇ ਸਿੱਖ ਕੌਮ ਲਈ ਅਸਤੀਫਾ ਦਿੱਤਾ ਸੀ, ਸਹੀ ਗੱਲਾਂ ਲਈ ਦਿੱਤਾ ਸੀ ਲੇਕਿਨ ਸਪੀਕਰ ਸਾਹਿਬ, ਮੈਨੂੰ ਇਹ ਸਮਝਾ ਦਿਓ ਕਿ ਇਸ ਤੋਂ ਵੱਡੀ ਕਿਹੜੀ ਘਟਨਾ ਹੈ, ਜਿਸ ਵਾਸਤੇ ਸਜ਼ਾ ਨਹੀਂ ਮਿਲਣੀ ਚਾਹੀਦੀ?

ਸਪੀਕਰ ਸਾਹਿਬ, ਮੈਂ ਫੇਰ ਉਸ ਗੁਰੂ ਦੀ ਗੱਲ ਕਰਨ ਲੱਗਿਆ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਸ ਵਿੱਚ ਦਸਾਂ ਗੁਰੂਆਂ ਦੀ ਜੋਤ ਤਾਂ ਸੁਭਾਇਮਾਨ ਹੈ ਹੀ, ਜਿਸ ਵਿੱਚ ਪੰਜ ਵਕਤ ਦੇ ਨਮਾਜ਼ੀ ਬਾਬਾ ਫਰੀਦ ਜੀ ਵੀ ਸ਼ਾਮਲ ਹਨ, ਮਾਧੋ ਦਾ ਨਾਂ ਜਪਣ ਵਾਲੇ ਬਾਬਾ ਰਵਿਦਾਸ ਜੀ ਵੀ ਸ਼ਾਮਲ ਹਨ, "ਅਵਲਿ ਅਲਹ ਨੂਰੁ ਉਪਾਇਆ" ਕਹਿਣ ਵਾਲੇ ਸਾਈਂ ਕਬੀਰ ਜੀ ਵੀ ਸ਼ਾਮਲ ਹਨ, ਬੀਠੁਲ- ਬੀਠੁਲ ਕਹਿਣ ਵਾਲੇ, ਬੀਠੁਲ ਦੀ ਅਰਾਧਨਾ ਕਰਨ ਵਾਲੇ ਭਗਤ ਨਾਮਦੇਵ ਜੀ ਵੀ ਸ਼ਾਮਲ ਹਨ ਅਤੇ ਹੋਰ ਕਿੰਨੇ ਸੂਫੀ ਸੰਤ ਅਤੇ ਗੁਰੂ ਘਰ ਦੇ ਸੇਵਕ ਸ਼ਾਮਲ ਹਨ। ਜੇਕਰ ਸਾਡੇ ਜੀਵਨ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨਫੀ ਕਰ ਦੇਵੋ, ਮਾਈਨਸ ਕਰ ਦੇਵੋ ਤਾਂ ਸਾਡੀਆਂ ਜ਼ਿੰਦਗੀਆਂ ਵਿੱਚ ਕੀ ਰਹਿ ਜਾਵੇਗਾ? ਸਪੀਕਰ ਸਾਹਿਬ, ਫੇਰ ਸਾਡੀਆਂ ਜ਼ਿੰਦਗੀਆਂ ਵਿੱਚ ਕੀ ਹੈ? ਇੱਕ ਅਜਿਹਾ ਖਲਾਅ, ਇੱਕ void, ਇੱਕ ਖਾਲੀਪਣ ਜਿਸ ਨੂੰ ਦੁਨੀਆਂ ਦਾ ਕੋਈ ਮੋਤੀ, ਕੋਈ ਹੀਰਾ, ਕੋਈ ਜਵਾਹਰਾਤ, ਕੋਈ ਪੁਖਰਾਜ ਪੂਰਾ ਨਹੀਂ ਕਰ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਹਿਮੀਅਤ ਇੰਨੀ ਵੱਡੀ ਹੈ। ਸਾਡੇ ਬਦਨਸੀਬਾਂ ਦੀ ਜ਼ਿੰਦਗੀ ਵਿੱਚ ਇਹ ਦਿਨ ਆਉਣੇ ਸਨ ਕਿ ਅਸੀਂ ਆਪਣੀ ਆਸਥਾ, ਆਪਣੀ ਸਗਲੀ ਚਿੰਤ ਮਿਟਾਉਣ ਵਾਲੇ, ਧੁਰ ਕੀ ਬਾਣੀ, ਆਪਣੇ ਸ਼ਬਦ ਗੁਰੂ ਦੇ ਵਿੰਨ੍ਹੇ ਹੋਏ ਪਾਵਨ ਅੰਗ ਗਲੀਆਂ ਵਿੱਚ ਬਿਖਰੇ ਦੇਖੇ ਹਨ। ਇਹ ਸਭ ਕੁਝ ਹੋਇਆ ਲੇਕਿਨ ਕਦੋਂ ਹੋਇਆ? ਸਪੀਕਰ ਸਾਹਿਬ, ਜਿਨ੍ਹਾਂ ਨੇ 40 ਸਾਲ ਪੰਥ ਦੇ ਨਾਂ ਤੇ ਰਾਜ ਕੀਤਾ, ਇਹ ਉਨ੍ਹਾਂ ਦੇ ਰਾਜ ਵਿੱਚ ਹੋਇਆ ਅਤੇ ਅੱਜ ਇਹ ਕਮਿਸ਼ਨ ਕਹਿੰਦਾ ਹੈ ਕਿ ਉਨ੍ਹਾਂ ਨੇ

ਕਰਵਾਇਆ, ਉਹ ਭਾਗੀਦਾਰ ਸਨ।

ਸਪੀਕਰ ਸਾਹਿਬ, ਜਿੱਥੇ ਇਹ ਚਿੰਤਾ ਦਾ ਵਿਸ਼ਾ ਹੈ, ਉਥੇ ਇਹ ਚਿੰਤਨ ਦਾ ਵੀ ਵਿਸ਼ਾ ਹੈ। ਦੋ ਥਾਵਾਂ ਤੇ ਪ੍ਰੋਟੈਸਟ ਹੋ ਰਹੇ ਸਨ। ਇੱਕ ਥਾਂ ਤੇ ਕਿਸਾਨ ਜਥੇਬੰਦੀਆਂ ਹਨ, ਮੈਂ ਮਤਲਬ ਦੀ ਗੱਲ ਤੇ ਵੀ ਆਵਾਂਗਾ ਅਤੇ ਇੱਕ ਥਾਂ ਤੇ ਬਾਬਾ ਰਹੀਮ....ਕੀ ਨਾਮ ਹੈ ਇਸ ਦਾ? ਇਸ ਦੇ ਚੇਲੇ...

(**ਕੁਝ ਅਵਾਜ਼ਾਂ** : ਬਾਬਾ ਰਾਮ ਰਹੀਮ।)

**ਸਥਾਨਕ ਸਰਕਾਰ ਮੰਤਰੀ :** ਉਹ ਬਾਬਾ ਨਹੀਂ, ਉਹ ਕੀ ਹੈ, ਇਹ ਮੈਂ end ਵਿੱਚ ਦੱਸਾਂਗਾ।

(**ਕੁਝ ਅਵਾਜ਼ਾਂ** : ਪਾਖੰਡੀ ਸਾਧ ਕਹਿ ਲਓ।)

**ਸਥਾਨਕ ਸਰਕਾਰ ਮੰਤਰੀ :** ਜਿਹੜਾ ਵੀ ਹੈ, ਛੱਡੋ। ਤੁਸੀਂ ਕਹਿੰਦੇ ਹੋ ਪਾਖੰਡੀ, ਜੋ ਵੀ ਇਹ ਕਹਿੰਦੇ ਹਨ, ਠੀਕ ਹੈ....ਫੇਰ ਸਪੀਕਰ ਸਾਹਿਬ, ਮੇਰੇ ਤੇ ਖਫਾ ਹੋ ਜਾਂਦੇ ਹਨ। ਇੱਕ ਪਾਸੇ ਉਹ ਪ੍ਰੋਟੈਸਟ ਕਰ ਰਹੇ ਸਨ ਕਿ ਬਾਬੇ ਦੀ ਫਿਲਮ ਚਲਾਓ ਤੇ ਦੂਜੇ ਪਾਸੇ ਦੁੱਖ ਨਾਲ ਅੰਤੜੀਆਂ ਫਟੀਆਂ ਹੋਈਆਂ ਸਿੱਖ ਅਮਨ-ਅਮਾਨ ਨਾਲ ਇੱਕ ਥਾਂ ਤੇ ਬੈਠੇ ਪ੍ਰੋਟੈਸਟ ਕਰ ਰਹੇ ਸਨ, ਵਾਹਿਗੁਰੂ-ਵਾਹਿਗੁਰੂ ਜਪ ਰਹੇ ਹਨ ਤੇ ਫੇਰ ਤੁਸੀਂ ਮੈਨੂੰ ਇਹ ਦੱਸੋ ਕਿ ਉਨ੍ਹਾਂ ਨੂੰ ਛੱਡ ਕੇ ਗੋਲੀਆਂ ਇਨ੍ਹਾਂ ਦੇ ਉਤੇ ਕਿਉਂ ਚਲਾਈਆਂ ਗਈਆਂ? ** ** ਇਹ ** ** ਹਨ। ਸਪੀਕਰ ਸਾਹਿਬ, ਮੈਂ ਉਸ ਗੱਲ ਤੇ ਆ ਰਿਹਾ ਹਾਂ ਜਿਹੜੀ ਪੰਜਾਬ ਦੀ ਦੁਖਦੀ ਨਬਜ਼ ਹੈ। ਸਪੀਕਰ ਸਾਹਿਬ, ਜਦੋਂ ਡਾਇਰ ਨੇ ਗੋਲੀ ਚਲਾਈ ਸੀ, ਉਸ ਨੇ ਆਪ ਗੋਲੀ ਨਹੀਂ ਚਲਾਈ ਸੀ। ਸਪੀਕਰ ਸਾਹਿਬ, ਗੋਲੀ ਕਿਸੇ ਹੋਰ ਨੇ ਚਲਾਈ ਸੀ ਪਰ ਉਸ ਦਾ ਨਾਂ ਕਿਤੇ ਨਹੀਂ ਆ ਰਿਹਾ। ਲੇਕਿਨ ਜਿਸ ਨੇ ਹੁਕਮ ਦਿੱਤਾ, ਜੋ ਹਕੂਮਤ ਦਾ ਸਿਰਮੌਰ ਸੀ, ਜਿਸ ਨੇ ਹੁਕਮ ਦਿੱਤਾ, ਉਸ ਨੂੰ ਸਜ਼ਾ ਮਿਲੀ ਅਤੇ ਉਸ ਨੂੰ ਗੱਦਾਰ ਕਿਹਾ ਗਿਆ। ਪੁਲਿਸ ਵਾਲਿਆਂ ਨੂੰ ਜਿਸ ਨੂੰ ਵੀ ਪੁੱਛੋ ਕਿ ਕਿਸ ਨੇ ਹੁਕਮ ਦਿੱਤਾ, ਥਾਣੇਦਾਰ ਸਭ ਤੋਂ ਥੱਲੇ ਹੁੰਦਾ ਹੈ ਔਰ ਪੁਲਿਸ ਹਾਇਰਾਰਕੀ ਵਿੱਚ ਕੰਮ ਕਰਦੀ ਹੈ। ਸਪੀਕਰ ਸਾਹਿਬ, ਵਿਆਨਾ ਕਾਂਡ ਯਾਦ ਕਰੋ, ਉਦੋਂ ਡੀ.ਆਈ.ਜੀ. ਕਾਰਾਂ ਛੱਡ ਕੇ ਭੱਜ ਗਏ ਸੀ, ਕਿਸੇ ਨੇ ਗੋਲੀ ਨਹੀਂ ਚਲਾਈ ਸੀ, ਜਿਪਸੀਆਂ ਛੱਡ ਕੇ ਭੱਜ ਗਏ ਸੀ। ਸਪੀਕਰ ਸਾਹਿਬ, ਉਦੋਂ ਕਿਸੇ ਨੇ ਗੋਲੀ ਨਹੀਂ ਚਲਾਈ ਸੀ ਪ੍ਰੰਤੂ ਹੁਣ ਜੇ ਥਾਣੇਦਾਰ ਨੂੰ ਪੁੱਛਿਆ ਕਿ ਤੈਨੂੰ ਕਿਸ ਨੇ ਹੁਕਮ ਦਿੱਤਾ ਸੀ ਤਾਂ ਉਹ ਕਹਿੰਦਾ, "ऊपर से आया था ।" ਉਸ ਤੋਂ ਬਾਅਦ ਐਸ.ਐਸ.ਪੀ. ਨੂੰ ਪੁੱਛਿਆ ਕਿ ਹੁਕਮ ਕਿਸ ਨੇ

---

** **Expunged as ordered by the Hon'ble Speaker.

[ ਸਥਾਨਕ ਸਰਕਾਰ ਮੰਤਰੀ ]

ਦਿੱਤਾ ਸੀ ਤਾਂ ਉਹ ਵੀ ਕਹਿੰਦਾ, "ऊपर से आया था।" ਆਈ.ਜੀ. ਨੂੰ ਪੁੱਛਿਆ ਤਾਂ ਉਸ ਨੇ ਵੀ ਕਿਹਾ, "ऊपर से आया था।" और ऊपर से..., और ऊपर से..., और ऊपर से..... ऊपर तो फिर बादल थे। ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਗੋਲੀਆਂ ਚਲਾਈਆਂ, ਜਿੰਨਾ ਉਨ੍ਹਾਂ ਦਾ ਕਸੂਰ ਹੈ, ਉਨ੍ਹਾਂ ਤੋਂ ਕਿਤੇ 100 ਗੁਣਾ ਕਸੂਰ ਇਸ ** ** ਦਾ ਹੈ, ਇਹ ** ** ਹੈ, ਛੇ ਫੁੱਟ ਦੋ ਇੰਚ ਉਤੇ ਹੈ ਅਤੇ 120 ਫੁੱਟ ਥੱਲੇ ਹੈ। ਠੀਕ ਕਹਿ ਰਿਹਾ ਹਾਂ, ਇਹ ਗੁੜ ਦੇ ਕੇ ਮਾਰਦਾ ਹੈ। ਅਸੀਂ ਤਾਂ ਖੜ੍ਹੇ ਹਾਂ, ਗੁੜ ਤਾਂ ਦਿੱਤਾ ਸੀ ਪਰ ਹਜ਼ਮ ਹੋ ਗਿਆ ਤਾਂ ਹੀ ਇੱਥੇ ਖੜ੍ਹੇ ਹਾਂ। ਸਪੀਕਰ ਸਾਹਿਬ, ਕਿਉਂਕਿ ਸਾਡੀ ਨੀਅਤ ਸਾਫ ਸੀ। ਜਿਸ ਦੀ ਨੀਅਤ ਸਾਫ ਹੁੰਦੀ ਹੈ, ਉਸ ਨਾਲ ਰੱਬ ਖੜ੍ਹਦਾ ਹੈ। ਸੁਣ ਸਰਦਾਰ ਸੁਖਬੀਰ ਸਿੰਘ ਬਾਦਲ, ਸੁਣ। ਜੇ ** ** ਤੇ ਸੁਣਦਾ ਹੈਂ ਤਾਂ ਸੁਣ, ਤੂੰ ਆਕਸਫੋਰਡ ਵਿੱਚ ਪੜ੍ਹ ਕੇ ਆਇਆ ਹੈ। ਬੜੇ ** ** ਕਮਾਏ। (ਸਪੀਕਰ ਸਾਹਿਬ ਵੱਲ ਦੇਖਦੇ ਹੋਏ: ਐਕਸਪੰਜ ਕਰ ਦੇਣਾ ਜੀ, ਕੋਈ ਗੱਲ ਨਹੀਂ, ਮੈਂ ਵਾਪਸ ਲੈ ਲੈਂਦਾ ਹਾਂ, ਖਿੱਚ ਲੈਂਦਾ ਹਾਂ।) ਮੈਂ ਕੀ ਕਹਿੰਦਾ ਹਾਂ ਕਿ ਤੂੰ ਆਕਸਫੋਰਡ ਪੜ੍ਹ ਕੇ ਆਇਆ ਹੈ ਅਤੇ ਤੇਰੀ ਤਕੜੀ ਤਾਲੀਮ ਹੈ। ਸਪੀਕਰ ਸਾਹਿਬ, ਇਸ ਸਬੰਧ ਵਿੱਚ ਇੱਕ ਸ਼ੇਅਰ ਹੈ:

> "तालीम का ज़ोर इतना, तहज़ीब का शोर इतना, बरकत क्यों नहीं होती ?
> तुम्हारी नीयत में खराबी है, तुम्हारी नीयत में खराबी है । (ਥੰਪਿੰਗ)
> "नीयत में भी आ जाये फर्क अगर, नज़ारा चाहे जन्नत का भी क्यों न हो, गर्क हो जाता है।"

ਸੁਖਬੀਰ ਸਿੰਘ ਬਾਦਲਾ, ** ** ਹੈਂ। ਤੂੰ ਹਰੇਕ ਨੂੰ ਪੈਸਿਆਂ ਵਿੱਚ ਤੋਲ ਲੈਂਦਾ ਹੈ, ਤੂੰ ਹਰੇਕ ਦੀ ਬਾਂਹ ਮਰੋੜ ਲੈਂਦਾ ਹੈਂ। ਸਿੱਧੂ ਤੇਰੇ ਸਾਹਮਣੇ ਇਸ ਲਈ ਖੜ੍ਹੋਤਾ ਹੈ ਕਿਉਂਕਿ ਮੱਥੇ ਤੇ 'Not for Sale' ਲਿਖਿਆ ਹੋਇਆ ਹੈ। ** ** ਪੰਜਾਬ ਦੀ ਜਨਤਾ ਤੈਨੂੰ ਮੁਆਫ ਨਹੀਂ ਕਰਦੀ। ਸੁਣੋ, ਇਹ ਸਿਆਸੀ ਬੰਦਾ ਨਹੀਂ। ਇਹ ਸਿਆਸਤਦਾਨ ਨਹੀਂ। ਇਹ ਕਿਸਾਨ ਨਹੀਂ। ਇਹ ਸੌਦਾਗਰ ਹਨ। ਇਹ ** ** ਹਨ। ਸਪੀਕਰ ਸਾਹਿਬ, ਸੌ ਕਰੋੜ ਰੁਪਏ ਦਾ ਸੌਦਾ ਹੋਇਆ ਡੇਰਾ ਸਾਧ ਨਾਲ 100 ਕਰੋੜ ਰੁਪਏ ਦਾ ਸੌਦਾ ਹੋਇਆ, ਇਹ ਮੁੰਬਈ ਗਏ, ਮੁੰਬਈ ਵਿੱਚ ਬੈਠ ਕੇ ਫਿਲਮ ਰਿਲੀਜ਼ ਕਰਨ ਦਾ ਸੌਦਾ ਹੋਇਆ। ਵਾਹ ਉਏ ** ** ਮੁਹਾਵਰਾ ਹੈ, 'ਭੈੜੇ ਭੈੜੇ ਯਾਰ ਮੇਰੀ ਫੱਤੋ ਦੇ।' ਇਹ ਸੌਦਾ ਹੋਇਆ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ 100 ਕਰੋੜ ਰੁਪਿਆ ਕਿੱਥੇ ਹੈ? ਕੀ ਉਹ ਪੰਜਾਬ ਦੇ ਦੁਖਾਂ ਤੇ ਬਣਾਏ ਹੋਏ ਸੁਖ ਵਿਲਾਸ ਤੇ ਲੱਗਿਆ ਹੈ? ਕੀ ਬੱਸਾਂ ਖਰੀਦਣ ਤੇ ਲੱਗਿਆ ਹੈ? ਕਿਸ ਤੇ ਲੱਗਿਆ ਹੈ? ਅੱਜ ਦੱਸ? ਅੱਜ

---

** **Expunged as ordered by the Hon'ble Speaker.

ਭੱਜਿਆ ਕਿਉਂ ਹੈ? ** ** ਕਿਉਂ ਹੈਂ? ਦੱਸ ਕਿ ਉਹ 100 ਕਰੋੜ ਰੁਪਿਆ ਕਿੱਥੇ ਗਿਆ? ਸਪੀਕਰ ਸਾਹਿਬ, ਇਹ ਕਿਸੇ ਨੂੰ ਸਮਝ ਨਹੀਂ ਆਇਆ ਕਿ ਜੇ ਮੁਆਫੀ ਦਿੱਤੀ ਹੀ ਸੀ ਤਾਂ ਫਿਰ ਵਾਪਸ ਕਿਉਂ ਲੈ ਲਈ ਸੀ। ਇਹ ਉਹ ਰਾਮ ਰਹੀਮ ਹੈ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੁਸ਼ਾਕ ਪਾਈ ਸੀ, ਉਸ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ, ਉਸ ਨੂੰ ਪੰਥ ਵਿੱਚੋਂ ਛੇਕਿਆ ਗਿਆ ਸੀ, ਉਸ ਨੂੰ ਪੰਥ ਵਿੱਚੋਂ ਛੇਕਣ ਤੋਂ ਬਾਅਦ ਇਹ ਉਸ ਦੇ ਚਰਨਾਂ ਵਿੱਚ ਵੋਟਾਂ ਦੀ ਖਾਤਰ ਬੈਠ ਗਿਆ। ਉਸ ਦੇ ਚਰਨਾਂ ਵਿੱਚ ਬੈਠਣ ਦੀਆਂ ਫੋਟੋਆਂ ਵੀ ਹਨ। ਕੀ ਇਹ ਇਨਸਾਫ ਹੈ? ਇਸ ਦੀ ਕਹਾਣੀ ਵੀ ਸੁਣ ਲਵੋ। ਮੈਂ ਸੁਣਾ ਦਿੰਦਾ ਹਾਂ। ਸਪੀਕਰ ਸਾਹਿਬ, ਮੇਰੇ ਕੋਲ ਜ਼ਿਆਦਾ ਇਨਫਰਮੇਸ਼ਨ ਹੈ, ਕਿਉਂਕਿ ਲੋਕ ਮੇਰੇ ਤੇ ਕਈ ਵਾਰ ਭਰੋਸਾ ਕਰ ਜਾਂਦੇ ਹਨ। ਬੰਦਾ ਉਹ ਚੰਗਾ ਹੁੰਦਾ ਹੈ ਜਿਸ ਦੀ ਜ਼ੁਬਾਨ ਪੱਕੀ ਹੋਵੇ। ਜਿਸ ਨੇ ਜ਼ੁਬਾਨ ਦਿੱਤੀ ਹੋਵੇ ਤੇ ਫਿਰ ਉਹ ਜ਼ੁਬਾਨ ਤੋਂ ਫਿਰੇ ਨਾ, ਨਾ ਹੀ ਮੈਂ ਅਹਿਸਾਨ-ਫਰਾਮੋਸ਼ ਹਾਂ। ਮੈਂ ਜੋ ਕੁਝ ਕਹਾਂਗਾ, ਸਰਦਾਰ ਬਾਦਲ ਇੱਥੇ ਬੈਠ ਕੇ ਇਹ ਕਹਿ ਦੇਵੇ ਕਿ ਇਹ ਠੀਕ ਨਹੀਂ ਹੈ, ਇਹ ਗਲਤ ਹੈ ਤਾਂ ਮੈਂ ਮੰਨ ਜਾਵਾਂਗਾ। ਉਸ ** ** ਨੂੰ ਬੁਲਾ ਲੈਣਾ ਔਰ ਕਹਾ ਦੇਣਾ ਕਿ ਇਹ ਠੀਕ ਨਹੀਂ ਹੈ। ਸਭ ਤੋਂ ਪਹਿਲੀ ਗੱਲ ਹੈ ਕਿ ਸੀ.ਐਮ. ਬਾਦਲ ਨੇ ਆਪਣੇ ਡੀ.ਜੀ.ਪੀ. ਨੂੰ ਰਾਤ ਨੂੰ ਦੋ ਵਜੇ ਅਤੇ ਸਵਾ ਦੋ ਵਜੇ ਦੋ ਫੋਨ ਕੀਤੇ। ਕਮਿਸ਼ਨ ਨੂੰ ਝੂਠ ਬੋਲਿਆ ਗਿਆ। ਇਨ੍ਹਾਂ ਨੇ ਤਾਂ ਕਮਿਸ਼ਨ ਨੂੰ ਆਈ.ਐਸ.ਆਈ. ਏਜੰਟ ਤੇ ਹੋਰ ਬਹੁਤ ਕੁਝ ਕਿਹਾ। ਹੋ ਸਕਦਾ ਹੈ ਮੈਨੂੰ ਕਿਸੇ ਬੱਡੀ (Buddy) ਨੇ ਦੱਸਿਆ ਹੋਵੇ ਜਾਂ ਮੈਨੂੰ ਇਨਫਰਮੇਸ਼ਨ ਹੋਵੇ। ਸੀ.ਐਮ. ਬਾਦਲ ਨੇ ਦੋ ਫੋਨ ਕੀਤੇ, ਦੂਜੀ ਵਾਰ ਜਦੋਂ ਫੋਨ ਕੀਤਾ ਤਾਂ ਸੁਮੇਧ ਸੈਣੀ ਨੇ ਕਿਹਾ ਕਿ ਅਮਨ-ਅਮਾਨ ਹੈ ਪਰ ਜੇਕਰ ਉਥੋਂ ਧਰਨਾ ਹਟਾਵਾਂਗੇ ਤਾਂ ਵਾਇਲੈਂਸ ਹੋ ਸਕਦੀ ਹੈ। ਅੱਗਿਉਂ ਕਿਹਾ ਜਾਂਦਾ ਹੈ ਕਿ ਹਟਾਓ ਜੀ, ਇਨ੍ਹਾਂ ਨੂੰ ਹਟਾਓ। ਇਹ ਸ਼ਬਦ ਕਹੇ ਹਨ। ਇਸ ਰਿਪੋਰਟ ਵਿੱਚ ਇਹ ਸਭ ਤੋਂ ਅਹਿਮ ਚੀਜ਼ ਹੈ। ਸਪੀਕਰ ਸਾਹਿਬ, ਤੁਸੀਂ ਇੰਟੈਂਸ਼ਨ/ਮੋਟਿਵ ਦੇਖੋ। ਇਹ ਸਾਰਾ ਕੁਝ ਰਿਪੋਰਟ ਵਿੱਚ ਦਰਜ ਹੈ। ਸੀ.ਐਮ. ਬਾਦਲ ਨੇ ਆਪਣੇ ਡੀ.ਜੀ.ਪੀ. ਨਾਲ ਗੱਲ ਉਦੋਂ ਕੀਤੀ, ਜਦੋਂ ਸਰਦਾਰ ਮਨਤਾਰ ਸਿੰਘ ਬਰਾੜ ਕੋਟਕਪੂਰਾ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਨਾਲ ਬੈਠਾ ਸੀ, ਉਦੋਂ ਗਗਨ ਬਰਾੜ ਨੇ ਸੀ.ਐਮ. ਨਾਲ ਗੱਲ ਕਰਵਾਈ । ਪ੍ਰੰਤੂ ਗਗਨ ਬਰਾੜ ਤੇ ਸਰਦਾਰ ਮਨਤਾਰ ਸਿੰਘ ਬਰਾੜ ਕਮਿਸ਼ਨ ਕੋਲ ਕੀ ਕਹਿੰਦੇ ਹਨ? ਇੱਕ ਦੀ ਤਾਂ ਬੁੱਧੀ ਹੀ ਭ੍ਰਿਸ਼ਟ ਹੋ ਗਈ, ਕਹਿੰਦਾ ਹੈ ਕਿ ਮੈਨੂੰ ਤਾਂ ਯਾਦ ਨਹੀਂ। ਦੂਜਾ ਕਹਿੰਦਾ ਕਿ ਮੈਂ ਤਾਂ ਗਗਨ ਬਰਾੜ ਨਾਲ ਗੱਲ ਕਰਦਾ ਸੀ । ਸੋ, ਸਰਦਾਰ ਬਾਦਲ ਨੇ ਉਨ੍ਹਾਂ ਤੋਂ ਕਮਿਸ਼ਨ ਕੋਲ ਝੂਠ ਬੁਲਵਾਇਆ ਹੈ। ਇਨ੍ਹਾਂ ਨੇ ਕਮਿਸ਼ਨ ਨਾਲ ਕੋਆਪਰੇਸ਼ਨ

** **Expunged as ordered by the Hon'ble Speaker.

[ ਸਥਾਨਕ ਸਰਕਾਰ ਮੰਤਰੀ ]

ਨਹੀਂ ਕੀਤੀ। ਅੱਗੇ ਚੱਲੋ, ਲੋਕ ਕਹਿੰਦੇ ਹਨ ਕਿ ਸਰਦਾਰ ਬਾਦਲ 9.00 ਵਜੇ ਰਾਤ ਨੂੰ ਸੌਂ ਜਾਂਦਾ ਹੈ। ਸਪੀਕਰ ਸਾਹਿਬ, ਉਸ ਵੇਲੇ ਸਰਦਾਰ ਬਾਦਲ ਕੋਲ ਤਿੰਨ ਲਾਈਨਾਂ ਖੁੱਲ੍ਹੀਆਂ ਸਨ, ਇੱਕ ਐਡਮਨਿਸਟਰੇਟਿਵ, ਇੱਕ ਪੁਲੀਟੀਕਲ ਅਤੇ ਤੀਜੀ ਪੁਲਿਸ ਵਾਲੀ। ਜੇਕਰ ਕੋਈ ਮੈਨੂੰ ਇਹ ਕਹੇ ਕਿ ਹਾਹਾਕਾਰ ਮੱਚੀ ਹੋਵੇ ਔਰ ਬਰਗਾੜੀ ਕਾਂਡ ਹੋਇਆ ਹੋਵੇ ਅਤੇ ਕੋਈ ਸੀ.ਐਮ. ਸੁੱਤਾ ਪਿਆ ਹੋਵੇ ਤਾਂ ਮੈਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ। ਉਸ ਵੇਲੇ ਤਿੰਨ ਲਾਈਨਾਂ ਖੁੱਲ੍ਹੀਆਂ ਸਨ। ਕੋਟਕਪੂਰਾ ਐਡਮਨਿਸਟਰੇਸ਼ਨ ਅਤੇ ਮਨਤਾਰ ਬਰਾੜ ਜੋ ਕੁਝ ਦੱਸ ਰਿਹਾ ਸੀ, ਉਸ ਤੋਂ ਬਾਅਦ ਉਸ ਵੇਲੇ ਦਾ ਸੀ.ਐਮ. ਡੀ.ਜੀ.ਪੀ ਨੂੰ ਹਦਾਇਤਾਂ ਦੇ ਰਿਹਾ ਸੀ। ਇੱਥੇ ਬੁਲਾ ਲੈਣਾ ਬਾਦਲ ਨੂੰ ਤੇ ਉਹ ਕਹਿ ਦੇਵੇ ਕਿ ਮੈਂ ਹਦਾਇਤਾਂ ਨਹੀਂ ਦਿੱਤੀਆਂ ਤਾਂ ਮੈਂ ਮੰਨ ਜਾਵਾਂਗਾ ਤੇ ਫੇਰ ਜੋ ਉਹ ਕਹੇਗਾ, ਮੈਂ ਉਹ ਵੀ ਮੰਨਾਂਗਾ। ਅੱਗੇ ਸੁਣੋ, ਧਰਨੇ ਨੂੰ ਚੁਕਾਉਣ ਦਾ ਹੁਕਮ ਕਿਸ ਨੇ ਦਿੱਤਾ? ਕੋਈ ਪੁਲਿਸ ਵਾਲਿਆਂ ਤੇ ਇਲਜ਼ਾਮ ਲਗਾ ਰਿਹਾ ਹੈ, ਕੋਈ ਕਿਸੇ ਤੇ ਲਗਾ ਰਿਹਾ ਹੈ ਪਰ ਇਹ ਹੁਕਮ ਸੀ.ਐਮ. ਬਾਦਲ ਨੇ ਦਿੱਤਾ। ਕਮਿਸ਼ਨ ਵਿੱਚ ਮਨਤਾਰ ਬਰਾੜ ਤੇ ਗਗਨ ਬਰਾੜ ਤੋਂ ਬਾਦਲ ਨੇ ਝੂਠ ਬੁਲਵਾਇਆ। ਗਗਨ ਬਰਾੜ ਦੀ ਯਾਦਾਸ਼ਤ ਚਲੀ ਗਈ, ਉਹ ਭੁੱਲ ਗਿਆ ਕਿ ਤਿੰਨ ਸਾਲ ਪਹਿਲਾਂ ਕੀ ਹੋਇਆ ਸੀ। ਮਨਤਾਰ ਬਰਾੜ ਕਹਿੰਦਾ ਕਿ ਮੈਂ ਤਾਂ ਉਸ ਵੇਲੇ ਦੇ ਸੀ.ਐਮ. ਨਾਲ ਗਗਨ ਬਰਾੜ ਰਾਹੀਂ ਗੱਲ ਕਰਦਾ ਸੀ। ਸਪੀਕਰ ਸਾਹਿਬ, ਸੁਮੇਧ ਸੈਣੀ ਦੇ ਬਿਆਨ ਹਨ, ਉਸ ਬਿਆਨ ਨੇ ਸਾਬਕਾ ਸੀ.ਐਮ. ਦੇ ਪੈਰਾਂ ਥੱਲਿਓਂ ਜ਼ਮੀਨ ਕੱਢ ਲਈ ਹੈ। ਫਿਰ ਇਹ ਕਹਿੰਦੇ ਹਨ ਕਿ ਗਵਾਹ ਮੁੱਕਰ ਗਏ। ਇਹ ਰਿਪੋਰਟ ਦੀਆਂ ਅਹਿਮ ਚੀਜ਼ਾਂ ਹਨ। ਇਹ ਕਹਿੰਦੇ ਹਨ ਕਿ ਗਵਾਹ ਮੁੱਕਰ ਗਏ। ਮੈਂ ਉਹ ਗੱਲਾਂ ਨਹੀਂ ਕਰਨੀਆਂ ਜਿਹੜੀਆਂ ਭਾਅ ਜੀ ਕਰ ਗਏ। ਮੈਂ ਤਾਂ ਉਹ ਗੱਲਾਂ ਕਰਨੀਆਂ ਹਨ ਜਿਨ੍ਹਾਂ ਦੀ ਐਡਵੋਕੇਟ ਜਨਰਲ ਸਾਹਿਬ ਤਸਦੀਕ ਕਰਨਗੇ। ਬਾਦਲ ਤੇ ਜਦੋਂ ਕੁਰੱਪਸ਼ਨ ਦੇ ਕੇਸ ਪਏ ਤਾਂ 104 ਗਵਾਹ ਮੁੱਕਰੇ ਸੀ। ਹਿੰਮਤ ਸਿੰਘ ਦੀ ਤਾਂ ਮੈਂ ਦਾਦ ਦਿੰਦਾ ਹਾਂ, ਬੱਲੇ ਓ ਤੇਰੇ, ਹਿੰਮਤ ਮਿਆਂ। ਮਾਂ ਨੇ ਕਿਆ ਨਾਮ ਰੱਖਿਆ ਹਿੰਮਤ? ਇੰਨੀ ਬੇਸ਼ਰਮੀ ਲਈ ਹਿੰਮਤ ਚਾਹੀਦੀ ਹੀ ਹੁੰਦੀ ਹੈ।(ਹਾਸਾ) ਇੰਨੀ ਬੇਸ਼ਰਮੀ ਕੋਈ ਕਰ ਜਾਵੇ ਤਾਂ ਵਾਕਿਆ ਹੀ ਉਹ ਹਿੰਮਤ ਵਾਲਾ ਹੈ।

ਸਪੀਕਰ ਸਾਹਿਬ, ਇਸ ਤੋਂ ਅੱਗੇ ਚੱਲਦਾ ਹਾਂ। ਬਾਦਲ ਭੁਲੇਖੇ ਵਿੱਚ ਨਾ ਰਹੇ ਕਿ ਗੱਲ ਮੁੱਕ ਗਈ। ਗੱਲ ਮੁੱਕੀ ਨਹੀਂ, ਗੱਲ ਤਾਂ ਹਾਲੇ ਸ਼ੁਰੂ ਹੋਈ ਹੈ। "अभी तो पार्टी शुरू हुई है।" ਗੱਲ ਲੋਕਾਂ ਦੀ ਕਚਹਿਰੀ ਵਿੱਚ ਹੈ, ਲੋਕ ਦੇਖ ਰਹੇ ਹਨ। ਇਨ੍ਹਾਂ ਭਗੌੜਿਆਂ ਨੂੰ, ਇਨ੍ਹਾਂ ਦੇ ਕਾਲੇ ਕਾਰਨਾਮਿਆਂ ਨੂੰ, ਇਨ੍ਹਾਂ ਦੀ ਭੁੱਖ ਨੂੰ ਅਤੇ ਇਨ੍ਹਾਂ ਦੀ greed ਨੂੰ ਲੋਕ ਦੇਖ ਰਹੇ ਹਨ। ਅੱਜ ਵੀ ਕਮਿਸ਼ਨ ਦੇ ਵਿੱਚ ਖਤੋ-ਕਿਤਾਬਤ ਹੋ ਰਹੀ

ਹੈ। ਉਸ ਖਤੋ-ਕਿਤਾਬਤ ਦੇ ਵਿੱਚ ਕੀ ਨਿਕਲਦਾ ਹੈ, ਇਹ ਤਾਂ ਵਕਤ ਹੀ ਦੱਸੇਗਾ। स्पीकर साहब, "वक्त दिखाई नहीं देता पर बहुत कुछ दिखा देता है", "वक्त की अजब चाल है प्यारे, पल में प्यादे को वज़ीर बना दे और कभी ज़रा सी एक गलती पे शहजादों को फकीर बना दे।" ਇਹ 'ਜ਼ਰਾ ਸੀ' ਗਲਤੀ ਨਹੀਂ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੈ। ਸਪੀਕਰ ਸਾਹਿਬ, ਲੋਕਾਂ ਦੀ ਕਚਹਿਰੀ ਵੀ ਬਹੁਤ ਵੱਡੀ ਹੁੰਦੀ ਹੈ। ਸਪੀਕਰ ਸਾਹਿਬ, ਜੇ ਲੋਕਾਂ ਦੀ ਕਚਹਿਰੀ ਨਾ ਹੁੰਦੀ ਤਾਂ ਤੁਸੀਂ ਮੈਨੂੰ ਇਹ ਦੱਸ ਦਿਓ ਕਿ ਕੀ ਡੇਢ ਮਹੀਨਾ ਇਹ ਨਜ਼ਰਬੰਦ ਰਹਿੰਦੇ? ਡੇਢ ਮਹੀਨਾ ਇਹ ਚੰਡੀਗੜ੍ਹ ਦੀ ਲਾਲ ਲਕੀਰ ਨਹੀਂ ਪਾਰ ਕਰ ਸਕੇ। ਸਰਦਾਰ ਬਾਦਲ ਦੇ ** ** ਪੰਜ ਵਾਰ ਦੇ ਸੀ.ਐਮ ਦਾ ਬੇਟਾ, ਸੁਖਬੀਰ ਬਾਦਲ ਕੰਧ ਭੰਨ ਕੇ ਭੱਜਿਆ, ਕੰਧ ਪਾੜ ਕੇ ਭੱਜਿਆ। ਜਦੋਂ ਇਹ ਪੰਜਾਬ ਦਾ ਸੀਨਾ ਪਾੜੂ ਤਾਂ ਕੰਧ ਤਾਂ ਇਸ ਨੂੰ ਪਾੜਨੀ ਪਵੇਗੀ। ਭੱਜਣਾ ਤਾਂ ਇਸ ਨੂੰ ਪਵੇਗਾ। ਮਲੂਕੇ ਦੇ ** **, ਅੱਜ ਵੀ ** **, ਵੱਜਣਗੇ। "पापी के मारने को पाप महांबली है।" ਛੁੱਪ ਕੇ ਵੀ ਕੋਈ ਦਾਣਾ ਖਾਣਾ ਕੋਹੜ ਬਣ ਕੇ ਫੁੱਟਦਾ ਹੈ। ਤੁਸੀਂ ਕਚਹਿਰੀਆਂ ਤੋਂ ਡਰਦੇ ਹੋ। ** ** ਤੁਸੀਂ ਕਚਹਿਰੀਆਂ ਤੋਂ ਡਰਦੇ ਹੋ। ਤੁਸੀਂ ਭੱਜਣ ਤੋਂ ਡਰਦੇ ਹੋ। ** ** ਜੋ ਤੁਸੀਂ ਕੀਤਾ, ਉਹ ਕੋਈ ਕਰ ਨਹੀਂ ਸਕਦਾ। ਕਹਿੰਦੇ ਜੀ ਕਮਿਸ਼ਨ ਬਣਾ ਦਿੱਤਾ, ਕਮਿਸ਼ਨ ਗਲਤ ਹੈ। ਸ੍ਰੀ ਜ਼ੋਰਾ ਸਿੰਘ ਕਮਿਸ਼ਨ ਬਣਿਆ, ਉਹ ਵੀ ਇੱਕ ਜਸਟਿਸ ਸੀ, ਜਿਸ ਤਰ੍ਹਾਂ ਰਣਜੀਤ ਸਿੰਘ ਜੀ ਹਨ। 1952 ਦਾ ਐਕਟ ਹੈ, ਉਸੇ ਐਕਟ ਦੇ ਥੱਲੇ ਉਹ ਕਮਿਸ਼ਨ ਬਣਿਆ ਸੀ, ਤੁਸੀਂ ਕੀ ਕੀਤਾ ? ਕੀ ਐਕਸ਼ਨ ਲਿਆ? ਕੀ ਤੁਸੀਂ ਕਾਰਵਾਈ ਕੀਤੀ? ਜਸਟਿਸ ਜ਼ੋਰਾ ਸਿੰਘ, ਚੀਫ ਸੈਕਟਰੀ ਦੇ ਆਫਿਸ ਦੇ ਬਾਹਰ ਇੱਕ ਬੈਂਚ ਦੇ ਉੱਤੇ 8 ਘੰਟੇ ਬੈਠਾ ਰਿਹਾ। ਕਿਸੇ ਨੇ ਉਸ ਨੂੰ ਅੰਦਰ ਨਹੀਂ ਬੁਲਾਇਆ। ਕਿਉਂਕਿ ਸਾਰੇ ** ** ਸੀ, ਇਨ੍ਹਾਂ ਦੇ ਦਿਲਾਂ ਦੇ ਅੰਦਰ ** ** ਸੀ। ਫਿਰ ਉਹ ਰਿਪੋਰਟ ਜੁਆਇੰਟ ਸੈਕਟਰੀ ਨੇ ਰਾਤ ਦੇ ਅੱਠ ਵਜੇ ਹਨੇਰਿਆਂ ਦੇ ਵਿੱਚ ਲਈ । ਉਸ ਤੋਂ ਬਾਅਦ ਉਸ ਰਿਪੋਰਟ ਦੇ ਉੱਤੇ ਸੈਕਰੀਟੇਰੀਏਟ ਦੇ ਕੋਰੀਡੋਰਜ਼ ਦੇ ਵਿੱਚ ਧੂੜ ਪੈਂਦੀ ਰਹੀ। ਸਪੀਕਰ ਸਾਹਿਬ, ਇਹ ਕਮਿਸ਼ਨ ਮਾੜਾ, ਉਹ ਕਮਿਸ਼ਨ ਚੰਗਾ ਸੀ। ਮੈਂ ਕਹਿੰਦਾ ਹਾਂ ਕਿ ਜਸਟਿਸ ਰਣਜੀਤ ਸਿੰਘ ਨੇ ਠੀਕ ਕੀਤਾ ਕਿ ਉਸ ਨੂੰ ਮੰਨਿਆ ਹੀ ਨਹੀਂ ਹੈ ਅਤੇ ਆਪਣੀ ਕਾਰਵਾਈ ਪੂਰੀ ਕੀਤੀ। ਸਪੀਕਰ ਸਾਹਿਬ, ਮੈਂ ਸ਼ੈਕਸਪੀਅਰ ਦੀਆਂ ਟਰੈਜ਼ਡੀਆਂ ਬਾਰੇ ਪੜ੍ਹਦਾ ਹਾਂ ਪਰ ਦੁਨੀਆਂ ਵਿੱਚ ਸਭ ਤੋਂ ਵੱਡੀ ਟਰੈਜ਼ਡੀ ਜਿਹੜੀ ਸ਼ੈਕਸਪੀਅਰ ਦੀ ਟਰੈਜ਼ਡੀ ਨੂੰ ਵੀ ਮਾਤ ਪਾਉਂਦੀ ਹੈ, ਉਹ ਇਹ ਟਰੈਜ਼ਡੀ ਹੈ। ਪੰਜਾਬ ਦੇ ਲਈ ਇਹ ਸਭ ਤੋਂ ਵੱਡੀ ਟਰੈਜ਼ਡੀ ਹੈ। 'ਬਰੂਟਸ' ਜਿਹੜਾ ਸਭ ਤੋਂ ਜ਼ਿਆਦਾ ਵੱਡਾ ਵਫਾਦਾਰ ਸੀ, ਜਦੋਂ

** **Expunged as ordered by the Hon'ble Speaker.

[ ਸਥਾਨਕ ਸਰਕਾਰ ਮੰਤਰੀ ]

ਬਰੂਟਸ ਨੇ ਉਸ ਦੀ ਪਿੱਠ ਵਿੱਚ ਠਾਹ ਕਰਕੇ ਛੁਰਾ ਮਾਰਿਆ ਤਾਂ ਉਹ ਕਹਿੰਦਾ, "You too Brutus? Et tu, Brute? If it is you, then I must die." ਜਿਨ੍ਹਾਂ ਨੇ 40 ਸਾਲ ਪੰਥ ਦੇ ਨਾਮ ਦੇ ਉੱਤੇ ਪੰਜਾਬ ਵਿੱਚ ਰਾਜ ਕੀਤਾ, ਉਨ੍ਹਾਂ ਨੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਪੜਵਾਏ, ਗਲੀਆਂ ਵਿੱਚ ਸੁਟਵਾਏ। ਇਹ ਬਹੁਤ ਸੰਗੀਨ ਮਾਮਲਾ ਹੈ, ਇਹ ਕੌਮ ਦੀ ਇੱਜ਼ਤ ਅਤੇ ਸਾਡੀ ਪੱਗ ਦਾ ਮਾਮਲਾ ਹੈ। ਭਗਤ ਸਿੰਘ ਕਹਿੰਦਾ ਹੁੰਦਾ ਸੀ, "ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਉਏ, ਵੈਰੀਆਂ ਨੇ ਅੱਜ ਤੇਰਾ ਲੁੱਟ ਲਿਆ ਮਾਲ ਉਏ।" ਅੱਜ ਸਾਡਾ ਸਭ ਕੁਝ ਲੁੱਟ ਗਿਆ, ਕੱਖ ਨਹੀਂ ਰਿਹਾ। ਜਦ ਤੱਕ ਇਨ੍ਹਾਂ ਨੂੰ ਸਜ਼ਾ ਨਹੀਂ ਮਿਲਦੀ, ਪੰਜਾਬੀ ਕੌਮ ਦੇ ਕਾਲਜੇ ਠੰਢ ਨਹੀਂ ਪੈਂਦੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸੀ.ਐਮ. ਸਾਹਿਬ, ਮੈਂ ਤਾਂ ਜ਼ਿੰਦਗੀ ਵਿੱਚ ਕਦੇ ਮੰਗਿਆ ਹੀ ਨਹੀਂ। ਮੈਂ ਉਸ ਗੁਰੂ ਦਾ ਸਿੱਖ ਹਾਂ ਜਿਸ ਦੀ ਮਾਂ ਨੇ ਉਸ ਨੂੰ ਦੱਸਿਆ ਸੀ ਕਿ ਤਿਨਕੇ ਤੋਂ ਹਲਕੀ ਰੂੰਈ ਹੁੰਦੀ ਹੈ ਅਤੇ ਰੂੰਈ ਤੋਂ ਹਲਕਾ ਮੰਗਣ ਵਾਲਾ ਆਦਮੀ ਹੁੰਦਾ ਹੈ। ਬਿਨ ਮੰਗੇ ਮੋਤੀ ਮਿਲਦੇ ਹਨ ਪਰ ਮੰਗ ਕੇ ਭੀਖ ਵੀ ਨਹੀਂ ਮਿਲਦੀ। ਸਪੀਕਰ ਸਾਹਿਬ, ਅੱਜ ਇਸ ਪਾਕ ਪਵਿੱਤਰ ਸਦਨ ਵਿੱਚ ਮੈਂ ਪੁੱਤਰ ਸਰਦਾਰ ਭਗਵੰਤ ਸਿੰਘ ਸਿੱਧੂ, ਨੇਕ ਮਾਂ ਦਾ ਦੁੱਧ ਪੀ ਕੇ, ਅੱਡੀਆਂ ਲਗਾ ਕੇ ਸੀ.ਐਮ. ਸਾਹਿਬ ਤੋਂ ਮੰਗ ਕਰਦਾ ਹਾਂ, ਝੋਲੀ ਅੱਡ ਕੇ ਮੰਗ ਕਰਦਾ ਹਾਂ ਕਿ ਇਨ੍ਹਾਂ ਨੂੰ ਛੱਡਿਉ ਨਾ। ਮਤ ਰੋਕੋ, ਮਤ ਰੋਕੋ, ਇਨ੍ਹਾਂ ਨੂੰ ** **। ਸਰ, ਇਨ੍ਹਾਂ ਨੂੰ ** ** । (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) It should be a deterrent, it should be deterrent for generations. Generations must tremble, generations must tremble so that nobody can't ever dare to do this. (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਇਹ ਕੋਈ ਭਾਸ਼ਣ ਨਹੀਂ ਹੈ, ਇਹ ਮੇਰੀ ਰੂਹ ਦੀ ਕੁਰਲਾਉਂਦੀ ਹੋਈ ਆਵਾਜ਼ ਹੈ। ਇਹ ਪੰਜਾਬ ਦੀ ਆਵਾਜ਼ ਹੈ, ਪੰਜਾਬੀਆਂ ਦੀ ਆਵਾਜ਼ ਹੈ ਅਤੇ ਮੈਂ ਉਨ੍ਹਾਂ ਦੇ ਚਰਨਾਂ ਦੀ ਧੂੜ ਹਾਂ। ਉਨ੍ਹਾਂ ਦੇ ਮੇਰੇ ਤੇ ਅਹਿਸਾਨ ਹਨ। ਉਨ੍ਹਾਂ ਨੇ ਮੈਨੂੰ ਪੰਜ ਇਲੈਕਸ਼ਨ ਜਿਤਾਏ ਹਨ, ਉਨ੍ਹਾਂ ਨੂੰ ਮੇਰੇ ਤੋਂ ਉਮੀਦ ਹੈ, ਉਹ ਵਿਸ਼ਵਾਸ ਕਰਦੇ ਹਨ। ਸਿੱਧੂ ਅਮੀਰ ਇਸ ਕਰਕੇ ਨਹੀਂ ਕਿ ਮੇਰੇ ਕੋਲ ਚਾਰ ਪੈਸੇ ਹਨ, ਸਿੱਧੂ ਅਮੀਰ ਇਸ ਕਰਕੇ ਹੈ ਕਿ ਪੰਜਾਬ ਦੇ ਲੋਕਾਂ ਦਾ ਪਿਆਰ ਅਤੇ ਵਿਸ਼ਵਾਸ ਅੱਜ ਵੀ ਸਿੱਧੂ ਵਾਸਤੇ ਬਰਕਰਾਰ ਹੈ। ਇਹ ਸਭ ਤੋਂ ਵੱਡੀ ਗੱਲ ਹੈ। ਸੋ, ਸਪੀਕਰ ਸਾਹਿਬ, ਮੈਂ ਸਭ ਤੋਂ ਵੱਡੀ ਗੱਲ ਕਹਿ ਰਿਹਾ ਹਾਂ ਕਿ ਇਨ੍ਹਾਂ ਨੂੰ ਸਜ਼ਾਯਾਫਤਾ ਕਰੋ, ਧਾਰਾ 302 ਤਾਂ ਕੋਈ ਹੈ ਹੀ ਨਹੀਂ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਫੜ੍ਹ ਕੇ ਅੰਦਰ ਦਿਉ।** ** ਇਹ ਕਹਿਣ ਦੇ ਨਾਲ ਕੁਝ ਨਹੀਂ ਹੋਣਾ। ਹੁਣ ਤਾਂ ਸਾਰੇ ਪਾਸੇ ਤੋਂ ਐਵੀਡੈਂਸ ਹੈ। ਸਪੀਕਰ ਸਾਹਿਬ, ਸੀ.ਬੀ.ਆਈ. ਕੀ ਹੈ? ਸੀ.ਬੀ.ਆਈ. ਤਾਂ ਸੈਂਟਰ ਸਰਕਾਰ ਦੀ ਕਠਪੁਤਲੀ ਹੈ। ਮੈਂ ਇਸ ਸਦਨ ਵਿੱਚ ਖੜ੍ਹ ਕੇ ਕਹਿ ਰਿਹਾ

** **Expunged as ordered by the Hon'ble Speaker.

ਹਾਂ। ਸੀ.ਬੀ.ਆਈ. ਤਾਂ ਸੈਂਟਰ ਸਰਕਾਰ ਦੀ ਕਠਪੁਤਲੀ ਹੈ। ਬਹਿਬਲ ਕਲਾਂ ਕਾਂਡ ਬਾਰੇ ਸੀ.ਬੀ.ਆਈ. ਕਿਉਂ ਫੈਸਲਾ ਕਰੇ? ਸੀ.ਬੀ.ਆਈ. ਕਿਉਂ ਫੈਸਲਾ ਕਰੇ, ਮੋਦੀ ਸਰਕਾਰ ਕਿਉਂ ਫੈਸਲਾ ਕਰੇ? ਫੈਸਲਾ ਕਰੇ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਰੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਹ ਫੈਸਲਾ ਕਰੇ, ਕੋਈ ਡਰ ਨਹੀਂ। ਧਰਮ ਤੇ ਖੜ੍ਹੇ ਬੰਦੇ ਕਦੇ ਡਰਦੇ ਨਹੀਂ ਹੁੰਦੇ। ਧਰਮ ਤੇ ਖੜ੍ਹੇ ਬੰਦੇ ਕਦੇ ਹਾਰਦੇ ਨਹੀਂ ਹੁੰਦੇ। ਇਹ ਕਦੇ ਹਾਰਦੇ ਨਹੀਂ ਹੁੰਦੇ, ਸਪੀਕਰ ਸਾਹਿਬ, ਇਸ ਕਰਕੇ ਲੋਕਾਂ ਦੀ ਕਚਹਿਰੀ ਨੇ ਉਨ੍ਹਾਂ ਦਾ ਫੈਸਲਾ ਕਰ ਦਿੱਤਾ ਹੈ। ਇੱਕ ਸ਼ਾਇਰ ਕਹਿੰਦਾ ਹੈ ਕਿ-

दरबार ए वतन में जब एक दिन सब जाने वाले जायेंगे, कुछ अपनी कज़ा को पहुंचेंगे

ਭਾਵ ਹੈ ਕਿ ਵਤਨ ਦਾ ਦਰਬਾਰ ਲੱਗਾ ਹੈ। 'ਕਜ਼ਾ' ਮੌਤ ਹੁੰਦੀ ਹੈ।

कुछ अपनी कज़ा को पहुंचेंगे, कुछ अपनी सज़ा को पहुंचेंगे ।

ऐ खाक-नशीनों....

ਲੋਕਾਂ ਨੂੰ ਕਹਿੰਦਾ ਹੈ:

ऐ खाकनशीनों, उठ बैठो, अब वक्त कहां आन पहुंचा है,

जब तख्त गिराये जाएंगे और ताज उछाले जाएंगे ।

ਸਪੀਕਰ ਸਾਹਿਬ, ਇਨ੍ਹਾਂ ਦੇ ਤਾਜ ਵੀ ਉਲਟੇ, ਇਨ੍ਹਾਂ ਦੇ ਤਖਤ ਵੀ ਉਲਟੇ। ਇਹ 14 ਸੀਟਾਂ ਤੇ ਆ ਕੇ ਬੈਠੇ ਹਨ।

(**ਇੱਕ ਆਵਾਜ਼** : 13 ਸੀਟਾਂ ਹਨ।)

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ** ** (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਮੈਂ ਤੈਨੂੰ ਟਿਕਾ ਕੇ ਕਹਿੰਦਾ ਹਾਂ ਕਿ ਤੇਰੇ ਮੂਹਰੇ ਖੜ੍ਹਾਂਗਾ, ਕਾਇਰ ਰੋਜ਼ ਮਰਦਾ ਹੈ ਸੁਖਬੀਰ ਸਿੰਘ ਬਾਦਲ, ਬਹਾਦਰ ਜੀਵਨ ਵਿੱਚ ਇੱਕ ਵਾਰ ਮਰਦਾ ਹੈ। ਅਸੀਂ ਬਹਾਦਰ ਹਾਂ, ਧਰਮ ਤੇ ਖੜ੍ਹੋਤੇ ਹਾਂ, ਧਰਮ ਕਦੇ ਹਾਰਦਾ ਨਹੀਂ। ਲਕਸ਼ਮੀ, ਸਰੀਰ, ਪ੍ਰਾਣ ਚਲਾਏਮਾਨ ਹਨ ਲੇਕਿਨ ਧਰਮ ਸਥਿਰ ਹੈ। ਧਰਮ ਅਡਿੱਗ ਹੈ। ਸਪੀਕਰ ਸਾਹਿਬ, ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ - ਝੰਡੇ ਬੁੰਗੇ, ਜੁਗੋ ਜੁਗ ਅਟੱਲ, ਜੁਗੋ ਜੁਗ ਅਟੱਲ। ਛੇਵੀਂ ਪਾਤਸ਼ਾਹੀ ਦੇ ਮੀਰੀ-ਪੀਰੀ ਦੇ ਝੰਡੇ ਸ੍ਰੀ ਦਰਬਾਰ ਸਾਹਿਬ ਜਾ ਕੇ ਦੇਖੋ। ਉਥੇ ਧਰਮ ਦਾ ਝੰਡਾ, ਰਾਜਨੀਤੀ ਦੇ ਝੰਡੇ ਤੋਂ ਢਾਈ ਫੁੱਟ ਉੱਚਾ ਹੈ, ਢਾਈ ਫੁੱਟ ਉੱਚਾ.... (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਰਾਜ ਬਿਨਾਂ ਨਹੀਂ ਧਰਮ ਚਲੇ ਹੈਂ, ਧਰਮ ਬਿਨਾਂ ਸਭ ਦਲੇ ਮਲੇ ਹੈਂ।

---

** **Expunged as ordered by the Hon'ble Speaker.

ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਵਾਜ਼ ਆਉਂਦੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਧਰਮ ਦੀ ਵੀ ਬੋਲੀ ਲਗਾ ਦਿੱਤੀ। ਸਰਦਾਰ ਸੁਖਬੀਰ ਸਿੰਘ ਬਾਦਲ, ** ** ਸਹਿ ਲਿਆ ਪਰ ਤੂੰ ਧਰਮ ਦੀ ਬੋਲੀ ਲਾਈ, ਬਚਣਾ ਨਹੀਂ, ਮੱਸਾ ਰੰਗੜ ਨਹੀਂ ਬਚਿਆ । (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਬੜੇ-ਬੜੇ ਕਸਾਈ ਸਿੱਖ ਕੌਮ ਦੇ ਅੱਗੇ ਆਏ ਸਨ, ਉਹ ਨਹੀਂ ਬਚੇ ਤੇ ਤੂੰ ਕਿੱਥੋਂ ਬਚ ਜਾਵੇਗਾ? ਜਿਸ ਗੱਲ ਤੇ ਮੈਂ ਆ ਰਿਹਾ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ, ਆਦਿ ਅਨੰਤ, ਜਿਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਆਦਿ ਅਨੰਤ ਹੈ, ਉਸੇ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਵੀ ਆਦਿ ਅਨੰਤ ਹੈ। ਕੀ ਉਸ ਆਦਿ ਅਨੰਤ ਨੂੰ ਇਨ੍ਹਾਂ ਦੀ ਸੁਣਨੀ ਪਵੇਗੀ? ਕੀ ਧਾਰਮਿਕ ਸਥਾਨਾਂ ਨੂੰ ਚਲਾਉਣ ਵਾਲੇ ਇਨ੍ਹਾਂ ਦੇ ਲਿਫਾਫਿਆਂ ਵਿੱਚੋਂ ਨਿਕਲਦੇ ਰਹਿਣਗੇ? ਸਪੀਕਰ ਸਾਹਿਬ, ਮੈਨੂੰ ਵਕਤ ਦਿਓ, ਮੈਂ ਆਪਣੀ ਆਰਗੂਮੈਂਟ ਰਿਪੀਟ ਨਹੀਂ ਕਰਨਾ ਚਾਹੁੰਦਾ ਸੀ, ਜੋ ਭਾਅ ਜੀ ਨੇ ਕਿਹਾ ਹੈ। ਇਸ ਲਈ ਮੈਂ ਅਖੀਰ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਚੰਦਨ ਦਾ ਇੱਕ ਟੁਕੜਾ ਬਬੂਲ ਦੇ ਜੰਗਲ ਨਾਲੋਂ ਬਿਹਤਰ ਹੁੰਦਾ ਹੈ। A drop of honey catches more flies than a gallon of vinegar. ਇਸ ਕਰਕੇ ਕੁਆਲਟੀ ਦੀ ਗੱਲ ਹੁੰਦੀ ਹੈ। ਇਸ ਕਰਕੇ ਉਹ ਚੀਜ਼ਾਂ ਕੁਆਲੀਟੇਟਿਵ ਹਨ।

ਸਪੀਕਰ ਸਾਹਿਬ, ਹੁਣ ਮੈਂ ਅਖੀਰ ਵਿੱਚ ਪਨੂੰ ਸਾਹਿਬ ਦੀ ਗੱਲ ਕਰਦਾ ਹਾਂ, ਮੈਂ ਤੁਹਾਨੂੰ ਦੱਸ ਰਿਹਾ ਹਾਂ, ਮੈਂ ਸਦਕੇ ਜਾਵਾਂ ਪਨੂੰ ਸਾਹਿਬ ਦੇ, ਮੈਂ ਅਸ਼ਕੇ ਜਾਵਾਂ ਪਨੂੰ ਸਾਹਿਬ ਦੇ ਜਿਹੜੇ ਹਮੇਸ਼ਾ ਡੱਟ ਕੇ ਇਨ੍ਹਾਂ ਦੇ ਖਿਲਾਫ ਬੋਲਦੇ ਰਹੇ ਹਨ, ਡੱਟ ਕੇ ਇਨ੍ਹਾਂ ਦੀ ਮੰਜੀ ਠੋਕਦੇ ਰਹੇ ਹਨ। ਸੋ, ਪਨੂੰ ਸਾਹਿਬ ਕੀ ਕਹਿ ਰਹੇ ਹਨ, ਇਹ ਜ਼ਰਾ ਸੁਣਿਓ। ਸਪੀਕਰ ਸਾਹਿਬ, ਇਹ ਜਵਾਬ ਦੋ ਪੇਜਾਂ ਦਾ ਹੈ, ਮੈਨੂੰ ਟਾਈਮ ਦੇ ਦਿਓ। ਕੈਪਟਨ ਸਾਹਿਬ, ਹਿੰਮਤ ਸਿੰਘ ਤੇ ਗੁਰਮੁਖ ਸਿੰਘ ਗਵਾਹਾਂ ਦੀ ਗੱਲ ਕਰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਗਵਾਹਾਂ ਦਾ ਕੀ ਕਿਰਦਾਰ ਹੈ ਤੇ ਇਹ ਕਿਸ ਕਿਰਦਾਰ ਦੇ ਮਾਲਕ ਹਨ। Men of genius are admired, ਕੋਈ ਜੀਨੀਅਸ ਹੋਵੇ, ਉਸ ਦੀ ਅਸੀਂ ਪ੍ਰਸੰਸਾ ਕਰਦੇ ਹਾਂ। Men of power are feared, ਕੋਈ ਤਕੜਾ ਹੋਵੇ ਤਾਂ ਅਗਲਾ ਅੱਗੋਂ ਡਰਦਾ ਹੈ, but men of character are trusted. ਸਮਾਜ ਦੇ ਵਿੱਚ ਕੈਰੇਕਟਰ ਕ੍ਰਾਇਸਿਸ ਹੈ ਤਾਂ ਹੀ ਸਾਡੇ ਗੁਰੂ ਸਾਹਿਬ ਦੀ ਬੇਅਦਬੀ ਨੂੰ ਸਾਨੂੰ ਦੇਖਣਾ ਪਿਆ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਪਨੂੰ ਸਾਹਿਬ ਦਾ ਪੂਰਾ ਨਾਂ ਕੀ ਹੈ?

**ਸਥਾਨਕ ਸਰਕਾਰ ਮੰਤਰੀ :** ਉਨ੍ਹਾਂ ਦਾ ਪੂਰਾ ਨਾਮ ਜਤਿੰਦਰ ਪਨੂੰ ਹੈ। ਤੁਸੀਂ ਵੇਖਿਆ ਹੋਣਾ ਹੈ ਕਿ ਸੂਰਜ ਪ੍ਰਮਾਣ ਨਹੀਂ ਦਿੰਦਾ, ਉਸ ਦੇ ਵਿੱਚ ਪ੍ਰਕਾਸ਼ ਹੈ, ਉਹੀ ਉਸ ਦਾ ਤੇਜ਼ ਪ੍ਰਮਾਣ ਹੁੰਦਾ ਹੈ। ਬੌਨਾ ਫਿਰ ਬੌਨਾ ਹੈ, ਚਾਹੇ ਉਹ ਪਰਬਤ ਦੇ ਸਿਖਰ ਤੇ ਖੜ੍ਹਾ

** Expunged as ordered by the Hon'ble Speaker.

ਹੋਵੇ ਅਤੇ ਦੇਵਤਾ ਫਿਰ ਦੇਵਤਾ ਹੀ ਹੈ ਚਾਹੇ ਉਹ ਖੂਹ ਦੀ ਗਹਿਰਾਈ ਵਿੱਚ ਖੜ੍ਹਾ ਹੋਵੇ। ਇਹ ਉਸ ਦਾ ਹੀ ਜਵਾਬ ਦੇ ਰਿਹਾ ਹਾਂ। ਉਹ ਸਵਾਲ-ਜਵਾਬ ਲਿਖਦਾ ਹੈ, "ਪਨੂੰ ਸਾਹਿਬ, ਸਿੰਘ ਸਾਹਿਬ ਭਾਈ ਗੁਰਮੁਖ ਸਿੰਘ ਤੇ ਉਨ੍ਹਾਂ ਦੇ ਭਾਈ ਹਿੰਮਤ ਸਿੰਘ ਅੱਜਕਲ੍ਹ ਕਿਹੜੀਆਂ ਖੇਡਾਂ ਖੇਡ ਰਹੇ ਹਨ?" ਜਵਾਬ, ਗਿਆਨੀ ਗੁਰਮੁਖ ਸਿੰਘ ਪਹਿਲਾਂ ਸੌਦੇਬਾਜ਼ੀ ਵਿੱਚ ਗ੍ਰੰਥੀ ਬਣਿਆ, ਫਿਰ ਹੈੱਡ ਗ੍ਰੰਥੀ ਬਣਿਆ ਤੇ ਆਪਣੇ ਪਰਿਵਾਰ ਦੇ ਤਿੰਨ-ਚਾਰ ਜੀਆਂ ਨੂੰ ਗ੍ਰੰਥੀ ਲਵਾਇਆ ਅਤੇ ਫਿਰ ਭਾਈ ਬਲਵੰਤ ਸਿੰਘ ਨੰਦਗੜ੍ਹ ਜੋ ਕਿ ਸ਼੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਸੀ, ਉਨ੍ਹਾਂ ਦੇ ਨਾਲ ਮਤਭੇਦ ਹੋ ਜਾਣ ਕਾਰਨ ਬਾਦਲਾਂ ਨੇ ਉਸ ਨੂੰ ਕਢਵਾਇਆ ਪ੍ਰੰਤੂ ਇਹ ਗਿਆਨੀ ਗੁਰਮੁਖ ਸਿੰਘ ਇੱਕ ਵਕਤ ਦੇ ਵਿੱਚ ਦੋ ਪਦਵੀਆਂ ਦਾ ਸਵਾਮੀ ਬਣਿਆ। ਇਹ ਉਸ ਸਮੇਂ ਸ਼੍ਰੀ ਅਕਾਲ ਤਖਤ ਸਾਹਿਬ ਦਾ ਹੈੱਡ ਗ੍ਰੰਥੀ ਵੀ ਸੀ ਤੇ ਤਖਤ ਸ਼੍ਰੀ ਦਮਦਮਾ ਸਾਹਿਬ ਦਾ ਕਾਰਜਕਾਰੀ ਜੱਥੇਦਾਰ ਵੀ ਸੀ। ਜਦੋਂ ਸੱਚੇ ਸੌਦੇ ਵਾਲੇ ਨੂੰ ਮੁਆਫੀਨਾਮਾ ਦਿੱਤਾ, ਉਦੋਂ ਮੁਆਫੀ ਦੇਣ ਵਿੱਚ ਵੀ ਇਹ ਸ਼ਾਮਲ ਸੀ ਅਤੇ ਦਿੱਤੀ ਹੋਈ ਮੁਆਫੀ ਵਾਪਸ ਲੈਣ ਵਾਲਿਆਂ ਵਿੱਚ ਵੀ ਇਹ ਸ਼ਾਮਲ ਸੀ। ਫਿਰ ਇਸ ਨੂੰ ਸਾਰੇ ਪਾਸਿਓਂ ਲੋਕਾਂ ਨੇ ਲਾਹਨਤਾਂ ਪਾਈਆਂ, ਉਦੋਂ ਇਸ ਦੀ ਇੱਕ-ਦੋ ਰਿਸ਼ਤੇਦਾਰੀਆਂ ਵਿੱਚ ਵਿਆਹ ਵੀ ਸੀ, ਉਨ੍ਹਾਂ ਨੇ ਇਸ ਨੂੰ ਵਿਆਹਾਂ ਤੇ ਸੱਦਿਆ ਹੀ ਨਹੀਂ। ਇਹ ਵਿਆਹ ਤੇ ਗਿਆ ਤਾਂ ਇਸ ਨੂੰ ਪੈਲੇਸ ਦੇ ਅੰਦਰ ਵੜਨ ਹੀ ਨਾ ਦਿੱਤਾ ਗਿਆ ਅਤੇ ਦਰਵਾਜ਼ੇ ਤੋਂ ਹੀ ਮੋੜ ਦਿੱਤਾ ਗਿਆ। ਇਸ ਨੇ ਫਿਰ ਭੜਕ ਕੇ ਕਹਿ ਦਿੱਤਾ ਕਿ ਮੈਂ ਥੋੜ੍ਹਾ ਕੁਝ ਕੀਤਾ ਹੈ, ਮੇਰੇ ਤੋਂ ਤਾਂ ਬਾਦਲਾਂ ਨੇ ਕਰਵਾਇਆ ਸੀ। ਦੇਖੋ, ਇਹ ਕੌਣ ਕਹਿ ਰਿਹਾ ਹੈ। ਸਾਡੇ ਇਤਿਹਾਸ ਵਿੱਚ ਸੱਜਣ ਠੱਗ ਵੀ ਸੀ ਤੇ ਬਨਾਰਸੀ ਠੱਗ ਵੀ ਸੀ, ਇੱਕ ਇਹ ਜੱਥੇਦਾਰ ਹਨ ਅਤੇ ਇੱਕ ਸਾਡੇ ** ** ਹਨ। (ਹਾਸਾ) ਵਾਹ ਜੀ ਵਾਹ, ਹੁਣ ਮੈਂ ਕੀ ਕਹਾਂ? ਸਭ ਕੁਝ ਹੋ ਲਿਆ ਹੈ। (ਹਾਸਾ) ਫਿਰ ਉਨ੍ਹਾਂ ਨੇ ਭੜਕ ਕੇ ਕਹਿ ਦਿੱਤਾ ਕਿ ਮੈਂ ਥੋੜ੍ਹਾ ਕੁਝ ਕੀਤਾ ਸੀ, ਮੇਰੇ ਤੋਂ ਤਾਂ ਬਾਦਲਾਂ ਨੇ ਕਰਵਾਇਆ ਸੀ, ਸਾਨੂੰ ਸਾਰਿਆਂ ਨੂੰ ਚੰਡੀਗੜ੍ਹ ਸੱਦਿਆ ਸੀ। ਇਸ ਨੇ ਆਪ ਹੀ ਉਦੋਂ ਸਾਰਾ ਭੇਦ ਖੋਲ੍ਹਿਆ ਸੀ। ਜਦੋਂ ਇਸ ਨੇ ਭੇਦ ਖੋਲ੍ਹਿਆ ਤਾਂ ਬਾਦਲਾਂ ਨੇ ਰਾਤੋ-ਰਾਤ ਇਸ ਦਾ ਬਿਸਤਰਾ ਚੁਕਾ ਕੇ ਇਸ ਨੂੰ ਹਰਿਆਣੇ ਵਿੱਚ ਭੇਜ ਦਿੱਤਾ। ਸਪੀਕਰ ਸਾਹਿਬ, ਸੁਣੋ, ਇਨ੍ਹਾਂ ਦੀਆਂ ਖੇਡਾਂ ਸੁਣੋ, ਇਨ੍ਹਾਂ ਦੀਆਂ ਸ਼ਤਰੰਜ ਦੀਆਂ ਚਾਲਾਂ ਸੁਣੋ। ਇਹ ਹਵਾ ਵਿੱਚ ਉਡਦੇ ਜਾਂਦੇ ਹਨ। ਮੈਂ ** ** ਦੇਵਾਂਗਾ, ** ** ਕਰ ਦੇਵਾਂਗਾ। ਵੇਖੋ ਤਾਂ ਸਹੀ। ਪਰ ਇਹ ** ** ਕੀ ਕਹਿ ਰਹੇ ਹਨ, ਇਨ੍ਹਾਂ ਨੇ ਧੰਦਾ ਬਣਾ ਲਿਆ।

---

** Expunged as ordered by the Hon'ble Speaker.

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਬੈਠੇ-ਬੈਠੇ):** ਸਪੀਕਰ ਸਾਹਿਬ, ਐਕਸ਼ਨ ਲਵੋ, ਗੱਲਾਂ ਨਹੀਂ।

**ਸਥਾਨਕ ਸਰਕਾਰ ਮੰਤਰੀ:** ਹੋਰ ਤੁਸੀਂ ਕੀ ਕੀਤਾ ਹੈ? ਤੁਸੀਂ ਵੀ ਗੱਲਾਂ ਹੀ ਕੀਤੀਆਂ ਹਨ। (ਵਿਘਨ..ਸ਼ੋਰ)

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਬੈਠੇ-ਬੈਠੇ):** ਐਕਸ਼ਨ ਲਵੋ, ਐਕਸ਼ਨ। (ਵਿਘਨ..ਸ਼ੋਰ)

**ਸਥਾਨਕ ਸਰਕਾਰ ਮੰਤਰੀ:** ਫੂਲਕਾ ਸਾਹਿਬ, ਕੀ ਮੈਂ ਤੁਹਾਨੂੰ ਰੋਕਿਆ ਸੀ? ਮੈਂ ਤੁਹਾਨੂੰ ਨਹੀਂ ਰੋਕਿਆ। (ਵਿਘਨ..ਸ਼ੋਰ) ਜਿਹੜੀ ਗੱਲ ਤੇ ਮੈਂ ਬੋਲ ਰਿਹਾ ਹਾਂ, ਉਹ ਬੜੀ ਅਹਿਮ ਗੱਲ ਹੈ। ਫੂਲਕਾ ਜੀ, ਮੇਰੇ ਤੋਂ ਗਲਤੀ ਹੋ ਗਈ, ਮੈਂ ਤੁਹਾਡੇ ਤੋਂ ਛੋਟਾ ਹਾਂ, ਮੈਂ ਤੁਹਾਨੂੰ ਗਲਤ ਕਹਿ ਗਿਆ। ਮੈਂ ਉਸੇ ਗੁਰਮੁਖ ਸਿੰਘ ਦੀ ਗੱਲ ਕਰਦਾ ਹਾਂ ਕਿ ਉਸ ਨੇ ਆਪ ਹੀ ਸਾਰਾ ਭੇਦ ਖੋਲ੍ਹਿਆ ਕਿ ਮੇਰੇ ਤੋਂ ਤਾਂ ਬਾਦਲਾਂ ਨੇ ਕਰਵਾਇਆ ਸੀ ਅਤੇ ਸਾਨੂੰ ਸਾਰਿਆਂ ਨੂੰ ਚੰਡੀਗੜ੍ਹ ਸੱਦਿਆ ਸੀ। ਜਦੋਂ ਇਸ ਨੇ ਭੇਦ ਖੋਲ੍ਹਿਆ ਤਾਂ ਬਾਦਲਾਂ ਨੇ ਰਾਤੋ-ਰਾਤ ਇਸ ਦਾ ਬਿਸਤਰਾ ਚੁਕਾ ਕੇ ਹਰਿਆਣੇ ਵਿੱਚ ਭੇਜ ਦਿੱਤਾ। ਉਹ ਹਰਿਆਣਾ ਵਿੱਚ ਕਾਫ਼ੀ ਚਿਰ ਰਿਹਾ। ਜਦੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਆਈ ਤੇ ਰਿਪੋਰਟ ਨਾਲ ਸਨਸਨੀ ਫੈਲ ਗਈ ਕਿ ਬਾਦਲਾਂ ਤੱਕ ਗੱਲ ਆ ਗਈ ਹੈ। ਲੈ ਫੜ੍ਹ ਲਓ ਪੂੰਛ (ਹਾਸਾ) ਗੱਲ ਬਾਦਲਾਂ ਉੱਤੇ ਆ ਗਈ। ਹੁਣ ਤਾਂ ** ** ਪੈਣੇ ਹੀ ਹਨ ਕਿ ਬਾਦਲਾਂ ਤੇ ਗੱਲ ਆ ਗਈ। ਸਪੀਕਰ ਸਾਹਿਬ, ਇਹ ਤੁਸੀਂ ਦੇਖੋ ਕਿ ਕੌਣ ਕਹਿ ਰਿਹਾ ਹੈ, ਇਹ ਸਿੱਧੂ ਨਹੀਂ ਕਹਿ ਰਿਹਾ। ਇਹ ਸਾਰਾ ਪੰਜਾਬ ਕਹਿ ਰਿਹਾ ਹੈ ਔਰ ਇਹ ਕੌਣ ਜਥੇਦਾਰ ਸਾਹਿਬ ਹਨ, ਇਹ ਤੁਸੀਂ ਸਾਰੇ ਜਾਣਦੇ ਹੋ। ਹੁਣ ਤਾਂ ਬਾਦਲਾਂ ਤੱਕ ਗੱਲ ਆ ਗਈ ਤੇ ਉਸ ਗੱਲਬਾਤ ਵਿੱਚ ਵੱਡਾ ਜ਼ਿਕਰ ਗਿਆਨੀ ਗੁਰਮੁਖ ਸਿੰਘ ਅਤੇ ਉਸ ਦੇ ਭਰਾ ਹਿੰਮਤ ਸਿੰਘ ਦਾ ਹੈ। ਉਸ ਦੇ ਫਿਰ ਰਾਤੋ-ਰਾਤ ਸੋਟਾ ਮਾਰਿਆ। ਬਾਦਲਾਂ ਨੇ ਰਾਤੋ-ਰਾਤ ਸੋਟਾ ਮਾਰ ਕੇ ਇਸ ਨੂੰ ਹਰਿਆਣੇ ਤੋਂ ਪੰਜਾਬ ਲਿਆਂਦਾ ਤੇ ਪੰਜਾਬ ਲਿਆ ਕੇ ਸਵੇਰੇ ਦਿਨ ਚੜ੍ਹਦੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਫਿਰ ਹੈੱਡ ਗ੍ਰੰਥੀ ਬਣਾ ਦਿੱਤਾ। ਅੱਗੇ ਸੁਣੋ, ਜੇ ਤਾਂ ਉਨ੍ਹਾਂ ਦੇ ਖਿਲਾਫ ਬੋਲੇ ਫਿਰ ਤਾਂ ਰਾਤੋ-ਰਾਤ ਚੁੱਕ ਕੇ ਹਰਿਆਣਾ ਵਿੱਚ ਸੁੱਟ ਦਿੱਤੇ। ਪ੍ਰੰਤੂ ਜੇ ਸੌਦਾ ਵੱਜ ਜਾਵੇ ....ਅਤੇ ਹੁਣ ਸੌਦਾ ਨਗਦ ਨਾਰਾਇਣ ਵੱਲੋਂ ਜਾਂ ਅਹੁਦਾ ਨਾਰਾਇਣ ਵੱਲੋਂ ਹੋਇਆ। ਦੇਖੋ ਜੀ, ਦੋ ਤਰ੍ਹਾਂ ਦੇ ਅਹੁਦੇ ਹੁੰਦੇ ਹਨ, ਇੱਕ ਤਾਂ ਨਗਦ ਨਾਰਾਇਣ ਵੱਲੋਂ ਹੁੰਦਾ ਹੈ। ਹੋ ਸਕਦਾ ਹੈ ਦੋਨੋਂ ਹੋ ਗਏ ਹੋਣ।

---

** **Expunged as ordered by the Hon'ble Speaker.

(**ਕੁਝ ਅਵਾਜ਼ਾਂ:** ਇਹ ਹੋ ਸਕਦਾ ਹੈ ਜੀ।)

**ਸਥਾਨਕ ਸਰਕਾਰ ਮੰਤਰੀ:** ਸੌਦਾ ਨਗਦ ਨਾਰਾਇਣ ਵੱਲੋਂ ਹੋਇਆ ਜਾਂ ਅਹੁਦਾ ਨਾਰਾਇਣ ਵਲੋਂ, ਇਸ ਦਾ ਤਾਂ ਪਤਾ ਨਹੀਂ ਲੇਕਿਨ ਇਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਹੈੱਡ ਗ੍ਰੰਥੀ ਬਣਾ ਦਿੰਦੇ ਹਨ। ਉਸ ਤੋਂ ਬਾਅਦ ਉਸ ਦਾ ਭਰਾ ਵੀ ਪਹਿਲਾਂ ਦਿੱਤੇ ਗਏ ਬਿਆਨਾਂ ਤੋਂ ਮੁਕਰ ਜਾਂਦਾ ਹੈ। ਮੈਂ ਤਾਂ ਹੀ ਕਿਹਾ ਹੈ ਕਿ ਇੰਨੀ ਬੇਸ਼ਰਮੀ ਲਈ ਵਾਕਿਆ ਹੀ ਹਿੰਮਤ ਚਾਹੀਦੀ ਹੈ ਤਾਂ ਹੀ ਇਸ ਦੇ ਮਾਂ-ਪਿਉ ਵੱਲੋਂ ਇਸ ਦਾ ਸਹੀ ਨਾਂ ਰੱਖਿਆ ਹੈ। ਹੁਣ ਤੁਸੀਂ ਵੇਖੋਗੇ ਕਿ ਇਹ ਉਹੀ ਲੋਕ ਹਨ ਜੋ ਗੁਰੂ ਨੂੰ ਵੀ ਟਿੱਚ ਜਾਣਦੇ ਹਨ ਅਤੇ ਸੰਗਤ ਨੂੰ ਵੀ ਟਿੱਚ ਜਾਣਦੇ ਹਨ। ਅੱਜ ਇਹ ਜੋ ਗੱਲ ਕਰਦੇ ਹਨ, ਭਲਕੇ ਨੂੰ ਕਹਿੰਦੇ ਹਨ ਕਿ ਝੂਠ ਹੈ। ਅਗਲੇ ਦਿਨ ਪਹਿਲਾਂ ਕਹੀ ਗੱਲ ਨੂੰ ਝੂਠ ਕਹਿ ਦਿੰਦੇ ਹਨ। ਇਹ ** ** ਹਨ। ਅਜਿਹੀਆਂ ਧਾਰਮਿਕ ਪਦਵੀਆਂ ਤੇ ਬੈਠਿਆਂ ਨੂੰ ਸਿੱਖ ਪੰਥ ਪਤਾ ਨਹੀਂ ਬਰਦਾਸ਼ਤ ਕਿਵੇਂ ਕਰਦਾ ਹੈ? ਇਹ ਮੇਰਾ ਸਵਾਲ ਹੈ। ਇਹ ਕੌਮ ਦੇ ਉੱਤੇ ** ** ਹਨ। ਸੋ, ਮੇਰੇ ਸੁੱਖੀ ਭਾਅ ਜੀ, ਠੀਕ ਚੱਲ ਰਹੇ ਹੋ, ਤੁਸੀਂ ਐਸ.ਜੀ.ਪੀ.ਸੀ. ਵੱਲ ਵਧੋ, हम तुम्हारे साथ हैं। ਸਪੀਕਰ ਸਾਹਿਬ, ਕੋਈ ਗੱਲ ਨਹੀਂ। ਇਨ੍ਹਾਂ ਨੇ (ਮੁੱਖ ਮੰਤਰੀ ਵੱਲ ਇਸ਼ਾਰਾ) ਮੈਨੂੰ ਕਿਹਾ ਸੀ you are like my son. Today a son I. ਝੋਲੀ ਅੱਡ ਕੇ asks his father ਕਿ ਉਹ ਗੁਰੂ ਜਿਸ ਨੇ ਮੇਰੇ ਅੰਦਰ ਬੀਜ ਰੂਪੀ ਸ਼ਕਤੀ ਨੂੰ ਅੰਕੁਰਿਤ ਕੀਤਾ, ਉਹ ਗੁਰੂ ਜਿਸ ਦਾ ਦਰਜਾ ਮੇਰੇ ਮਾਤਾ-ਪਿਤਾ ਨਾਲੋਂ ਲੱਖਾਂ ਗੁਣਾ ਉੱਚਾ ਹੈ, ਉਸ ਗੁਰੂ ਦੀ ਬੇਅਦਬੀ ਲਈ, ਕਾਣ ਦੇ ਲਈ ਇਨ੍ਹਾਂ ਨੂੰ ਟੰਗ ਦਿਓ, ** ** ਦਿਓ, ** ** ਇਹ ਤੁਹਾਡੇ ਤੇ ਛੱਡ ਦਿੱਤਾ। Sir, I beg you, you must do it.

**Mr. Speaker:** Thank you.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੋਂ ਥੋੜ੍ਹਾ ਅੱਗੇ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਸਬੰਧੀ ਪੋਸਟਰ ਲਹਿਰਾ ਰਹੇ ਸਨ।) (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਤੁਸੀਂ ਆਪਣੀਆਂ ਸੀਟਾਂ ਤੇ ਜਾਓ ਜੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸੀ.ਐਮ. ਸਾਹਿਬ, ਇੱਕ ਮਿੰਟ ਮੇਰੀ ਗੱਲ ਸੁਣੋ। ਸਪੀਕਰ ਸਾਹਿਬ, ਸਿੱਧੂ ਸਾਹਿਬ ਨੇ ਇੱਕ ਆਈ.ਏ.ਐਸ. ਅਫ਼ਸਰ ਦਾ ਨਾਮ ਲਿਆ, ਉਸ ਨੂੰ ਗਗਨ ਬਰਾੜ ਕਹਿੰਦੇ ਹਨ। ਉਸ ਨੇ ਆਪਣੀ ਸਟੇਟਮੈਂਟ ਵਿੱਚ ਕਿਹਾ

** **Expunged as ordered by the Hon'ble Speaker.

[ ਸਹਿਕਾਰਤਾ, ਜੇਲ੍ਹਾਂ ਮੰਤਰੀ ]

ਕਿ ਮੇਰੀ ਯਾਦਾਸ਼ਤ ਖਤਮ ਹੋ ਗਈ, ਮੈਮੋਰੀ ਲੌਸ ਹੋ ਗਈ। ਉਸ ਦੀ ਉਮਰ ਪੰਜਾਹ ਸਾਲ ਤੋਂ ਵੱਧ ਹੋ ਗਈ ਹੈ, ਉਸ ਬੰਦੇ ਨੂੰ ਨੌਕਰੀ ਤੋਂ ਰਿਜ਼ਾਇਨ ਕਰਨਾ ਚਾਹੀਦਾ ਹੈ। ਉਹ ਨੌਕਰੀ ਦੇ ਯੋਗ ਹੀ ਨਹੀਂ। ਉਸ ਨੂੰ ਅੱਜ ਹੀ ਡਿਸਮਿਸ ਕਰਕੇ ਘਰ ਭੇਜਣਾ ਚਾਹੀਦਾ ਹੈ।

**Mr. Speaker:** Thank you. ਸ਼੍ਰੀ ਅਮਨ ਅਰੋੜਾ ਜੀ।

**Shri Aman Arora (Sunam) :** Thank you, Speaker Sahib. ਸਪੀਕਰ ਸਾਹਿਬ, ਵੈਸੇ ਤਾਂ ਸਿੱਧੂ ਸਾਹਿਬ ਨੇ ਬੜੇ ਵਿਸਥਾਰ ਨਾਲ ਸਾਰੀ ਗੱਲ ਕੀਤੀ ਹੈ। ਮੈਂ ਐਡਜਰਨਮੈਂਟ ਤੋਂ ਪਹਿਲਾਂ ਬੇਨਤੀ ਕਰ ਰਿਹਾ ਸੀ ਕਿ ਅੱਜ ਬਹਿਸ ਲਈ ਦੋ ਘੰਟੇ ਦੀ ਬਜਾਇ ਪਹਿਲਾਂ ਹੀ ਖੁੱਲ੍ਹਾ ਟਾਈਮ ਕੀਤਾ ਹੁੰਦਾ ਤਾਂ ਜ਼ਿਆਦਾ ਠੀਕ ਸੀ ਕਿਉਂਕਿ ਉਹ (ਸ਼੍ਰੋਮਣੀ ਅਕਾਲੀ ਦਲ) ਅੱਜ 14 ਮਿੰਟ ਦਾ ਬਹਾਨਾ ਲੈ ਕੇ ਭੱਜ ਗਏ, ਜੋ ਗੱਲਾਂ ਮੂੰਹ ਤੇ ਕਰਨ ਦਾ ਸੁਆਦ ਹੈ, ਉਹ ਪਿੱਠ ਪਿੱਛੇ ਕਰਨ ਦਾ ਨਹੀਂ ਕਿਉਂਕਿ ਜਿਸ ਨੇ ਇਹ ਰਿਪੋਰਟ ਪੜ੍ਹ ਲਈ ਤਾਂ ਇਕੱਲੇ-ਇਕੱਲੇ ਪੰਨੇ ਤੇ ਜੋ ਇਨ੍ਹਾਂ ਦੀ ਸ਼ਮੂਲੀਅਤ ਹੈ, ਉਹ ਸਾਫ ਨਜ਼ਰ ਆਉਂਦੀ ਹੈ। ਜਿੱਥੋਂ ਤੱਕ ਪਿਛਲੇ ਤਿੰਨਾਂ ਸਾਲਾਂ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ......

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਇਹ ਇੱਕ ਬਹੁਤ ਹੀ ਦੁਖਦਾਈ ਘਟਨਾ ਹੈ, ਜੋ ਅਸੀਂ ਡਿਸਕਸ ਕਰ ਰਹੇ ਹਾਂ, ਇਹ ਕੋਈ ਪੁਲੀਟੀਕਲ ਡਿਬੇਟ ਨਹੀਂ। ਮੇਰੀ ਸਾਰੇ ਟਰੇਜ਼ਰੀ ਬੈਂਚਿਜ਼ ਨੂੰ ਰਿਕੁਐਸਟ ਹੈ ਕਿ ਦੁੱਖ ਜ਼ਾਹਰ ਕਰਨਾ ਚਾਹੀਦਾ ਹੈ, ਹੱਸ-ਹੱਸ ਕੇ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ। ਸਾਰਾ ਕੁਝ ਟੀ.ਵੀ. ਤੇ ਦਿਖ ਰਿਹਾ ਹੈ, ਸਾਰੇ ਲੋਕ ਦੇਖ ਰਹੇ ਹਨ। ਜੋ ਗੱਲਾਂ ਅਸੀਂ ਕਰ ਰਹੇ ਹਾਂ, ਉਹ ਹੱਸਣ ਵਾਲੀਆਂ ਗੱਲਾਂ ਨਹੀਂ ਹਨ। ਨਾਲੇ ਬੋਲਣ ਦਿਓ, ਨਾਲੇ ਉਨ੍ਹਾਂ ਨੂੰ ਸੁਣੋ।

**ਸ਼੍ਰੀ ਅਮਨ ਅਰੋੜਾ:** ਸਪੀਕਰ ਸਾਹਿਬ, ਪਿਛਲੇ ਸਮੇਂ ਦੇ ਵਿੱਚ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ ਔਰ ਦੋ ਨੌਜਵਾਨ ਸਿੱਖਾਂ ਨੂੰ, ਬੇਗੁਨਾਹਾਂ ਨੂੰ ਕਤਲ ਕਰ ਦਿੱਤਾ ਗਿਆ, ਇਸ ਦੇ ਨਾਲ-ਨਾਲ ਟੋਟਲ 122 ਬੇਅਦਬੀ ਦੀਆਂ ਘਟਨਾਵਾਂ ਹੋਈਆਂ ਹਨ। ਮੈਂ ਸਮਝਦਾ ਹਾਂ ਕਿ ਸਮਾਂ ਔਰ ਸ਼ਬਦ ਮੁੱਕ ਸਕਦੇ ਹਨ ਪਰ ਜਿਹੜੀ ਪੀੜਾ ਅੱਜ ਪੰਜਾਬ ਭੁਗਤ ਰਿਹਾ ਹੈ, ਉਸ ਪੀੜਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਓਵਰਆਲ, ਜੇਕਰ ਦੇਖਿਆ ਜਾਵੇ ਤਾਂ ਜਿਹੜਾ ਟੋਟਲ ਜਸਟਿਸ ਡਿਲੀਵਰੀ ਸਿਸਟਮ ਹੈ, ਉਹ ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਟੋਟਲ ਕੋਲੈਪਸ ਕਰ ਚੁੱਕਿਆ ਹੈ। ਦੋ ਸਰਕਾਰਾਂ ਵਿੱਚ ਦੋ ਕਮਿਸ਼ਨ ਬਣੇ, ਅੱਜ ਤੋਂ ਤਿੰਨ ਸਾਲ ਪਹਿਲਾਂ ਵੀ ਇਨਸਾਫ ਲੈਣ ਲਈ ਉਥੇ ਬਰਗਾੜੀ ਔਰ ਬਹਿਬਲ ਕਲਾਂ ਵਿੱਚ ਬੇਗੁਨਾਹ ਲੋਕ ਸ਼ਾਂਤੀਪੂਰਨ ਧਰਨੇ ਤੇ

ਬੈਠੇ ਸੀ, ਅੱਜ ਤਿੰਨ ਸਾਲ ਬਾਅਦ ਵੀ ਲੋਕ ਉਥੇ ਬੈਠੇ ਹਨ। ਸੋ, ਪਰਨਾਲਾ ਉਥੇ ਦਾ ਉਥੇ ਹੀ ਹੈ। ਸਰ, ਗੱਲ ਕਰ ਲਈਏ, ਜਦੋਂ ਜਿਸ ਨੇ ਵੀ ਇਹ ਰਿਪੋਰਟ ਪੜ੍ਹੀ ਹੈ, ਕ੍ਰਿਸ਼ਨ ਭਗਵਾਨ ਸਿੰਘ ਦੇ ਪਿਤਾ ਮਹਿੰਦਰ ਸਿੰਘ ਦਾ ਜੋ ਬਿਆਨ ਹੈ ਕਿ ਉਨ੍ਹਾਂ ਦਾ ਬੇਟਾ ਕ੍ਰਿਸ਼ਨ ਭਗਵਾਨ ਲੰਗਰ ਵਰਤਾ ਰਿਹਾ ਸੀ ਤੇ ਗੋਲੀ ਉਸ ਦੇ ਪੇਟ ਵਿੱਚ ਲੱਗੀ।ਉਸ ਦਾ ਸਾਰਾ ਪੇਟ ਫਟ ਗਿਆ। ਉਸ ਨੇ ਆਪਣੇ ਬੇਟੇ ਦਾ ਪਰਨੇ ਨਾਲ ਢਿੱਡ ਬੰਨ੍ਹਿਆ ਤੇ ਟਰਾਲੀ ਵਿੱਚ ਲੈ ਕੇ ਹਸਪਤਾਲ ਵਿੱਚ ਪਹੁੰਚਾਇਆ ਪ੍ਰੰਤੂ ਹਸਪਤਾਲ ਪਹੁੰਚਣ ਤੱਕ ਹੀ ਉਹ ਬੱਚਾ ਦਮ ਤੋੜ ਚੁੱਕਿਆ ਸੀ। ਮੈਂ ਸਮਝਦਾ ਹਾਂ ਕਿ ਇਹ ਸੁਣ ਕੇ ਦਿਲ ਦਹਿਲ ਜਾਂਦਾ ਹੈ।

| | |
|---|---|
| *3.43 ਵਜੇ) ਬਾਅਦ ਦੁਪਹਿਰ) | (*ਇਸ ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।) |

**ਸ਼੍ਰੀ ਅਮਨ ਅਰੋੜਾ:** ਸਰ, ਜਲ੍ਹਿਆਂਵਾਲੇ ਬਾਗ ਦਾ ਜਿਹੜਾ ਸਾਕਾ ਹੈ, ਉਹ ਯਾਦ ਆਉਂਦਾ ਹੈ ਪਰ ਅੱਜ ਵੱਡੀ ਗੱਲ ਅਤੇ ਵੱਡਾ ਸਵਾਲ ਇੱਥੇ ਖੜ੍ਹਾ ਹੁੰਦਾ ਹੈ ਕਿ ਅੱਜ ਇਸ ਮਾਡਰਨ ਡੇਅ ਜਲ੍ਹਿਆਂਵਾਲੇ ਬਾਗ ਦਾ ਅਸਲੀ ਡਾਇਰ ਕੌਣ ਸੀ? ਅਸਲੀ ਡਾਇਰ ਕੌਣ ਸੀ, ਇਹ ਵੱਡਾ ਸਵਾਲ ਅੱਜ ਖੜ੍ਹਾ ਹੁੰਦਾ ਹੈ। ਤੁਸੀਂ ਇਹ ਰਿਪੋਰਟ ਚੁੱਕ ਕੇ ਦੇਖ ਲਓ। ਮੈਂ ਤਾਂ ਇਸ ਦੀ ਇਕੱਲੀ-ਇਕੱਲੀ ਲਾਈਨ ਪੜ੍ਹ ਲਈ ਹੈ, ਇਸ ਵਿੱਚ ਇਕੱਲੇ-ਇਕੱਲੇ ਪੇਜ ਤੇ ਸਪੱਸ਼ਟ ਲਿਖਿਆ ਹੈ ਕਿ ਜਿਹੜਾ ਪ੍ਰੋਟੈਸਟ ਸੀ, ਉਹ ਬੜਾ ਪੀਸਫੁਲ ਸੀ। ਉਥੇ ਧੱਕੇ ਨਾਲ ਫੋਰਸ ਯੂਜ਼ ਕੀਤੀ ਗਈ।ਜਿਵੇਂ ਸਿੱਧੂ ਸਾਹਿਬ ਨੇ ਕਿਹਾ ਹੈ ਕਿ ਜਿਹੜੇ ਆਰਡਰ ਸੀ, ਉਹ ਉੱਪਰੋਂ ਆਉਂਦੇ ਸਨ ਔਰ ਡਾਕਟਰ ਦੀ ਪੋਸਟ-ਮਾਰਟਮ ਦੀ ਜੇ ਰਿਪੋਰਟ ਪੜ੍ਹ ਲਓ ਤਾਂ ਉਸ ਵਿੱਚ ਸਪੱਸ਼ਟ ਲਿਖਿਆ ਹੈ ਕਿ ਇੱਕ ਯਾਰਡ, ਇੱਕ ਗਜ਼ ਦੇ ਡਿਫਰੈਂਸ ਦੇ ਉੱਪਰੋਂ ਗੋਲੀ ਚਲਾਈ ਗਈ ਹੈ ਔਰ ਗੋਲੀ ਉੱਪਰੋਂ ਚਲੀ ਹੈ, ਯਾਨਿ ਕਿ ਉਹ ਲੋਕ ਬੈਠੇ ਹੋਏ ਸੀ, ਉਨ੍ਹਾਂ ਬੈਠਿਆਂ ਲੋਕਾਂ ਦੇ ਉੱਪਰ ਗੋਲੀਆਂ ਚਲਾਈਆਂ ਗਈਆਂ ਹਨ।ਇਸ ਵਿੱਚ ਕਿਤੇ ਕੋਈ ਸ਼ੱਕ ਨਹੀਂ ਰਹਿ ਜਾਂਦਾ। ਐਸ.ਐਸ.ਪੀ. ਚਰਨਜੀਤ ਸ਼ਰਮਾ ਦੀ ਜੇ ਗੱਲ ਕਰੀਏ ਤਾਂ ਉਸ ਦੇ ਬਿਆਨ ਇਸ ਵਿੱਚ ਦਰਜ ਹਨ, ਉਸ ਨੇ ਬੜਾ ਕਲੀਅਰ ਲਿਖਿਆ ਹੈ ਕਿ ਡੀਪੋਜ਼ ਇਸ ਕਮਿਸ਼ਨ ਦੇ ਅੱਗੇ ਪੇਸ਼ ਹੋਇਆ, ਆਈ.ਜੀ. ਉਮਰਾਨੰਗਲ ਦੀ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਦੇ ਨਾਲ ਬੜੀ ਵਾਰੀ ਰਾਤ ਨੂੰ ਗੱਲ ਹੋਈ, ਉਸ ਤੋਂ ਬਾਅਦ ਡੀ.ਸੀ. ਫਰੀਦਕੋਟ ਨੇ ਸਿਵਲ ਐਡਮਨਿਸਟਰੇਸ਼ਨ, ਚੰਡੀਗੜ੍ਹ ਵਿੱਚ, ਸੀ.ਐਮ. ਆਫਿਸ ਵਿੱਚ 66 ਵਾਰੀ ਐਸ.ਐਮ.ਐਸ. ਕੀਤੇ, 8 ਵਾਰੀ ਫੋਨ ਤੇ ਗੱਲ ਕੀਤੀ। ਐਸ.ਡੀ.ਐਮ. ਵੀ.ਕੇ. ਸਿਆਲ, ਫਰੀਦਕੋਟ ਦੇ ਬਿਆਨਾਂ ਵਿੱਚ ਕਲੀਅਰਲੀ ਦਰਜ ਹੈ ਕਿ ਉਹ ਡੀ.ਸੀ. ਕੋਲ ਗਏ। ਡੀ.ਸੀ. ਡਵੀਜ਼ਨਲ ਕਮਿਸ਼ਨਰ ਦੇ ਕੋਲ ਗਿਆ, ਡਵੀਜ਼ਨਲ ਕਮਿਸ਼ਨਰ

[ ਸ਼੍ਰੀ ਅਮਨ ਅਰੋੜਾ ]

ਨੇ ਮਨਤਾਰ ਬਰਾੜ ਜਿਹੜਾ ਮੌਕੇ ਤੇ ਮੌਜੂਦਾ ਐਮ.ਐਲ.ਏ. ਸੀ, ਉਨ੍ਹਾਂ ਦੇ ਨਾਲ ਗੱਲ ਕੀਤੀ। ਮਨਤਾਰ ਬਰਾੜ ਨੇ ਉਦੋਂ ਦੇ ਤਤਕਾਲੀ ਮੁੱਖ ਮੰਤਰੀ, ਪਰਕਾਸ਼ ਸਿੰਘ ਬਾਦਲ ਦੇ ਓ.ਐਸ.ਡੀ. ਗਗਨਦੀਪ ਬਰਾੜ ਦੇ ਨਾਲ ਗੱਲ ਕੀਤੀ ਅਤੇ ਫਿਰ ਸੀ.ਐਮ. ਕੋਲ ਜਾ ਕੇ ਸੀ.ਐਮ. ਦੀ ਮਨਤਾਰ ਬਰਾੜ ਦੇ ਨਾਲ ਗੱਲ ਕਰਵਾਈ। ਮਨਤਾਰ ਬਰਾੜ ਨੂੰ ਕਿਹਾ ਗਿਆ ਕਿ ਮੈਂ ਡੀ.ਜੀ.ਪੀ. ਨਾਲ ਗੱਲ ਕਰਦਾ ਹਾਂ। ਤੁਸੀਂ ਡੀ.ਜੀ.ਪੀ. ਦੇ ਫੋਨ ਦੀ ਉਡੀਕ ਕਰੋ। ਉਸ ਤੋਂ ਬਾਅਦ ਉਸ ਵਿੱਚ ਬੜਾ ਸਪੱਸ਼ਟ ਹੈ ਕਿ ਡੀ.ਜੀ.ਪੀ. ਦਾ ਫੋਨ ਮਨਤਾਰ ਬਰਾੜ ਨੂੰ ਆਇਆ। ਸਰ, ਜਿਹੜੀ chain ਹੈ, ਜਿਹੜੀ ਟਰੇਲ ਹੈ, ਉਹ ਬੜੀ ਕਲੀਅਰਲੀ establish ਹੁੰਦੀ ਹੈ। ਇਸ ਵਿੱਚ ਕੋਈ ਵੀ ਦੋ ਰਾਏ ਨਹੀਂ ਹਨ। ਜਿਹੜਾ sufficient evidence ਹੈ, ਉਹ ਵੀ ਇਸ ਦੇ ਵਿੱਚ ਦਰਜ ਹੈ। ਡੀ.ਜੀ.ਪੀ. ਸੈਣੀ ਨੇ ਆਪਣੇ ਬਿਆਨਾਂ ਦੇ ਵਿੱਚ, ਸਪਲੀਮੈਂਟਰੀ ਰਿਪੋਰਟ ਦੇ ਵਿੱਚ ਜਦੋਂ ਕਿਹਾ ਕਿ ਰਾਤ ਦੇ 2 ਵਜੇ ਮੇਰੀ ਮੁੱਖ ਮੰਤਰੀ, ਪਰਕਾਸ਼ ਸਿੰਘ ਬਾਦਲ ਜੀ ਨਾਲ ਗੱਲ ਹੋਈ ਹੈ ਔਰ ਬੜਾ ਕਲੀਅਰਲੀ ਕਿਹਾ ਕਿ he was in loop. ਇਸ ਸਪਲੀਮੈਂਟਰੀ ਰਿਪੋਰਟ ਦੇ ਵਿੱਚ ਜੇਕਰ ਮੈਂ ਸਾਰਾ ਪੜ੍ਹ ਕੇ ਸੁਣਾਵਾਂ ਤਾਂ ਬਹੁਤ ਟਾਈਮ ਲੱਗੇਗਾ, ਇਹ ਸਾਰੀ ਟਰੇਲ ਹੈ। ਇਸ ਵਿੱਚ ਉਨ੍ਹਾਂ ਨੇ ਬੜਾ ਕਲੀਅਰਲੀ ਕਿਹਾ ਕਿ they both were on the same wave length about the proposed action which ultimately was taken on Kotkapura. ਸਰ, ਇਸ ਤੋਂ ਅੱਗੇ ਚੱਲੀਏ ਪਰ ਸਵਾਲ ਇਹ ਹੈ ਕਿ ਇੰਨਾ ਕੁਝ ਹੋਣ ਦੇ ਬਾਵਜੂਦ ਅਕਾਲੀ ਦਲ, ਉਦੋਂ ਦੇ ਮੁੱਖ ਮੰਤਰੀ ਸਾਹਿਬ, ਡਿਪਟੀ ਸੀ.ਐਮ. ਸਾਹਿਬ ਜਿਹੜਾ ਸਾਰੇ ਦਾ ਸਾਰਾ ਲਾਣਾ ਅੱਜ ਹਾਊਸ ਵਿੱਚੋਂ ਉੱਠ ਕੇ ਚਲਾ ਗਿਆ, ਸਾਰੇ ਦੇ ਸਾਰੇ ਇਹ ਕਹਿੰਦੇ ਹਨ ਕਿ ਅਸੀਂ ਰਿਪੋਰਟ ਰਿਜੈਕਟ ਕਰਦੇ ਹਾਂ, ਅਸੀਂ ਕਮਿਸ਼ਨ ਰਿਜੈਕਟ ਕਰਦੇ ਹਾਂ। ਸਰ, ਇੱਥੇ ਵੱਡਾ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਇਹ ਜਿਹੜਾ ਕਮਿਸ਼ਨ ਬਣਿਆ ਸੀ, ਕੀ ਕੋਈ ਇਸ ਕਮਿਸ਼ਨ ਨੂੰ ਐਵੇਂ ਹੀ ਰਿਜੈਕਟ ਕਰ ਸਕਦਾ ਹੈ? ਇਹ ਕਮਿਸ਼ਨ, ਕਮਿਸ਼ਨ ਆਫ ਇਨਕੁਆਰੀ ਐਕਟ, 1952 ਦੇ ਤਹਿਤ ਬਣਿਆ ਸੀ ਜਿਹੜਾ ਕਿ ਆਪਣੇ ਆਪ ਦੇ ਵਿੱਚ ਸਿਵਲ ਕੋਰਟ ਹੈ। ਅੱਜ ਤੱਕ ਤੁਸੀਂ ਕਦੇ ਸੁਣਿਆ ਹੈ ਕਿ ਕੋਈ ਕੋਰਟ ਨੂੰ ਕਹੇ ਕਿ ਮੈਂ ਤਾਂ ਕੋਰਟ ਦੇ ਵਿੱਚ ਜਾਂਦਾ ਹੀ ਨਹੀਂ, ਕੀ ਇਹ contempt of court ਨਹੀਂ ਹੈ? ਇਹ ਮੇਰੇ ਕੋਲ ਜਿਹੜਾ 1952 ਦਾ ਐਕਟ ਹੈ, ਇਸ ਵਿੱਚ ਕਿਤੇ ਨਾ ਕਿਤੇ ਮੈਂ ਸਮਝਦਾ ਹਾਂ ਕਿ ਕਮਿਸ਼ਨ ਵੱਲੋਂ ਵੀ ਸੰਮਨਿੰਗ ਦੇ ਵਿੱਚ ਥੋੜ੍ਹੀ ਨਰਮੀ ਰਹਿ ਗਈ ਕਿਉਂਕਿ ਜਿਹੜਾ "Section 4(a) - Powers of Commission: The Commission shall have the powers of a Civil Court while trying a suit under the Code of Civil Procedure 1908 in respect of the following: "Summoning and enforcing the attendance of any person from any part of India and

examining him on oath." ਇਸ ਦਾ ਜਿਹੜਾ ਪੁਆਇੰਟ 5(II) ਹੈ, ਇਸ ਵਿੱਚ ਕਲੀਅਰਲੀ ਲਿਖਿਆ ਹੈ ਕਿ ਬੰਦਾ ਚਾਹੇ ਜਿੰਨਾ ਮਰਜ਼ੀ privileged ਹੈ, ਚਾਹੇ ਮੁੱਖ ਮੰਤਰੀ ਹੈ, ਚਾਹੇ ਪ੍ਰਧਾਨ ਮੰਤਰੀ ਹੈ, ਜਿੰਨਾ ਮਰਜ਼ੀ privileged ਹੈ, ਉਸ ਦੀ ਡਿਊਟੀ ਬਣਦੀ ਹੈ, ਉਹ ਕਮਿਸ਼ਨ ਦੇ ਅੱਗੇ ਅਪੀਅਰ ਹੋਣ ਦੇ ਲਈ ਡਿਊਟੀ ਬਾਊਂਡ ਹੈ ਪਰ ਕਮਿਸ਼ਨ ਨੇ ਆਪਣੀਆਂ ਤਾਕਤਾਂ ਵਰਤ ਕੇ ਇਨ੍ਹਾਂ ਨੂੰ ਸੰਮਨ ਕੀਤਾ ਅਤੇ ਐਗਜ਼ਾਮਿਨ ਕੀਤਾ। ਇਹ ਅੱਜ ਵੀ ਬੜੇ ਹੌਸਲੇ ਨਾਲ ਕਹਿੰਦੇ ਹਨ ਕਿ ਅਸੀਂ ਇਹ ਰਿਪੋਰਟ ਰਿਜੈਕਟ ਕਰਦੇ ਹਾਂ। ਇਹ ਸਿਵਲ ਕੋਰਟ ਨੂੰ ਕਿਵੇਂ ਰਿਜੈਕਟ ਕਰ ਸਕਦੇ ਹਨ? ਜਦੋਂ ਇਹ ਸਾਰਾ ਕੁਝ ਪੜ੍ਹਦੇ ਹਾਂ ਤਾਂ ਅੱਜ ਮੈਨੂੰ ਇੱਕ ਬੜਾ ਖਦਸ਼ਾ ਹੈ ਅਤੇ ਇਸ ਵਿੱਚ ਸੀਰੀਅਸ doubt ਮੈਨੂੰ ਇਹ ਹੈ ਕਿ ਇਹ ਜੋ ATR (Action Taken Report) ਦਿੱਤੀ ਗਈ ਹੈ, "Action Taken Report on the recommendations of the Commission of Inquiry headed by Justice Ranjit Singh." ਇਸ ਦੇ ਉੱਪਰ ਇਹ ਲਿਖਿਆ ਹੋਇਆ ਹੈ। ਸਰ, ਸਵਾਲ ਇਹ ਹੈ ਇਸ ਦੇ ਪੇਜ਼ ਨੰਬਰ 2 ਦੇ ਉੱਪਰ role of gunmen carrying AK47 ਕਿਹਾ ਗਿਆ ਹੈ, ਇਸ ਨੂੰ ਐਗਜ਼ਾਮਿਨ ਕਰਨ ਦੀ ਲੋੜ ਹੈ। ਸਰ, ਪਿਛਲੇ ਸਮੇਂ ਦੇ ਵਿੱਚ ਸਰਕਾਰ ਦੀਆਂ ਹਦਾਇਤਾਂ ਦੇ ਉੱਪਰ ਪੁਲਿਸ ਨੇ ਇੰਨੀ ਲਾਪਰਵਾਹੀ ਵਰਤੀ ਹੈ ਕਿ ਜਦੋਂ ਤੁਸੀਂ ਕਮਿਸ਼ਨ ਦੀ ਰਿਪੋਰਟ ਚੁੱਕਦੇ ਹੋ ਤਾਂ ਇਸ ਦੇ ਪੇਜ਼ ਨੰ: 86 ਦੇ ਉੱਪਰ ਕਲੀਅਰਲੀ CFSL ਲਿਖਿਆ ਹੋਇਆ ਹੈ ਔਰ ਮੋਹਾਲੀ ਦੇ ਵਿੱਚ ਇਕ ਸਟੇਟ ਫੋਰੈਂਸਿਕ ਲੈਬ ਹੈ, ਉਹ ਹਾਲੇ ਤੱਕ, 3 ਸਾਲਾਂ ਵਿੱਚ ਕੋਈ ਡਿਸੀਜ਼ਨ ਹੀ ਨਹੀਂ ਦੇ ਸਕੀ, ਕੁਝ ਕਨਕਲੂਡ ਹੀ ਨਹੀਂ ਕਰ ਸਕੀ। ਇਹ ਕਨਕਲੂਡ ਹੀ ਨਹੀਂ ਕਰ ਸਕੀ ਕਿ ਜਿਹੜੀ ਗੋਲੀ ਚੱਲੀ ਹੈ, ਇਹ SLR ਤੋਂ ਚੱਲੀ ਹੈ ਜਾਂ AK47 ਤੋਂ ਚੱਲੀ ਹੈ, ਉਸ ਲੈਬ ਦੀ ਅਜੇ ਤੱਕ ਕੋਈ ਵੀ opinion ਨਹੀਂ ਬਣੀ। ਅਜੇ ਤੱਕ ਪੁਲਿਸ ਅਣਪਛਾਤੀ ਫਿਰਦੀ ਹੈ, ਉਹ ਜਿਹੜੀ ਗੋਲੀ ਹੈ, ਉਹ ਹੁਣ ਟੈਂਪਰ ਹੋ ਚੁੱਕੀ ਹੈ । ਜੇ ਤੁਸੀਂ ਪੇਜ ਨੰਬਰ 86 ਉਤੇ ਪੜ੍ਹਦੇ ਹੋ ਤਾਂ ਹੈਰਾਨੀ ਹੁੰਦੀ ਹੈ ਕਿ ਕਿਵੇਂ ਸਰਕਾਰਾਂ ਵੱਲੋਂ ਆਪਣੇ ਫਾਇਦੇ ਲਈ ਆਪਣੇ ਬਚਾਅ ਦੇ ਲਈ ਲਾਅ ਨਾਲ ਖੇਡਿਆ ਜਾਂਦਾ ਹੈ। ਸਰ, ਇਸ ਵਿੱਚ ਬੇਅੰਤ ਸਿੰਘ ਦੇ ਸਰੀਰ ਵਿੱਚੋਂ ਜਿਹੜੀ ਗੋਲੀ ਮਿਲੀ, ਉਹ ਦੋ ਸਾਲ ਅਪੋਲੋ ਹਸਪਤਾਲ, ਲੁਧਿਆਣੇ ਰੁਲਦੀ ਰਹੀ, ਕੋਈ ਲੈਣ ਹੀ ਨਹੀਂ ਗਿਆ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਐਕਸ਼ਨ ਟੇਕਨ ਰਿਪੋਰਟ ਵਿੱਚ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਜਾਂਚ ਸੀ.ਬੀ.ਆਈ.ਨੂੰ ਦਿਆਂਗੇ, ਸੀ.ਬੀ.ਆਈ. ਦੋ ਸਾਲਾਂ ਦੇ ਬਾਅਦ ਇਸ ਵਿੱਚੋਂ ਕੀ ਕੱਢੇਗੀ ਜਿਹੜੀ ਉਸ ਦੀ, botch ਦੀ ਜਿਹੜੀ ਇਨਕੁਆਰੀ ਹੈ, ਉਹ ਪੰਜਾਬ ਪੁਲਿਸ ਹੁਣ ਤੱਕ ਇੰਨੀ ਵਿਗਾੜ ਚੁੱਕੀ ਹੈ। ਸਰ, ਇਸ ਤੋਂ ਅਗਲੀ ਗੱਲ ਹੈ, ਇਸ ਵਿੱਚ ਏ.ਟੀ.ਆਰ. ਵਿੱਚ ਪੰਜ ਜਗ੍ਹਾ ਉਤੇ ਲਿਖਿਆ ਹੈ, ਮੇਰੇ ਕੋਲ ਸਾਰੇ ਮਾਰਕ ਕੀਤੇ ਹੋਏ ਹਨ। ਸਾਰਿਆਂ ਵਿੱਚ

[ ਸ਼੍ਰੀ ਅਮਨ ਅਰੋੜਾ ]
ਇਹ ਕਿਹਾ ਗਿਆ ਹੈ ਕਿ ਇਹ ਜਿਹੜੀ ਇਨਕੁਆਰੀ ਹੈ, ਇਹ ਸੀ.ਬੀ.ਆਈ. ਨੂੰ ਦੇ ਦਿੱਤੀ ਗਈ । ਸਰ, ਮੈਂ ਤੁਹਾਡਾ ਧਿਆਨ ਇਸੇ ਰਿਪੋਰਟ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਹੜੀ ਕਮਿਸ਼ਨ ਦੀ ਰਿਪੋਰਟ ਹੈ, ਇਹ ਐਕਸ਼ਨ ਟੇਕਨ ਰਿਪੋਰਟ on the basis of recommendation of Justice Ranjit Singh ਹੈ। ਸਰ, ਜੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਦੀ ਗੱਲ ਕਰ ਲਈਏ ਤਾਂ ਇਨ੍ਹਾਂ ਦੀ ਕਮਿਸ਼ਨ ਦੀ ਰਿਪੋਰਟ ਵਿੱਚ ਕਲੀਅਰਲੀ ਲਿਖਿਆ ਗਿਆ ਹੈ, ਜਸਟਿਸ ਰਣਜੀਤ ਸਿੰਘ ਲਿਖਦੇ ਹਨ ਜੋ ਕਿ ਪੇਜ ਨੰ: 170 ਉਤੇ ਹੈ। "In fact the CBI has done nothing to further investigation and has been following the Punjab Police investigation."

ਪੇਜ ਨੰਬਰ 179 ਉਤੇ ਆ ਜਾਉ, ਉਥੇ ਲਿਖਿਆ ਹੋਇਆ ਹੈ:

"The commission is of the view that the CBI is following the Punjab Police in the course of investigation. The CBI has done virtually nothing."

ਸਰ, ਇਸ ਤੋਂ ਅੱਗੇ ਆ ਜਾਉ, ਇਹ ਆਪਣੀ ਸਾਰੀ ਰਿਕੁਮੈਂਡੇਸ਼ਨ ਦੇ ਕੇ ਜੱਜ ਸਾਹਿਬ ਲਿਖਦੇ ਹਨ, "Hopefully the CBI is not allowed to dilute the case in any manner."

ਸਰ, ਅੱਜ ਮੇਰਾ ਸਵਾਲ ਤੁਹਾਡੀ ਸਰਕਾਰ ਕੋਲੋਂ ਇਹ ਹੈ ਕਿ ਇਸ ਕਮਿਸ਼ਨ ਦੀ ਰਿਪੋਰਟ ਸਰਕਾਰ ਕੋਲ ਪਹੁੰਚਣ ਤੋਂ ਬਾਅਦ, ਤੁਸੀਂ ਏ.ਟੀ.ਆਰ. ਤਿਆਰ ਕਰ ਰਹੇ ਹੋ ਅਤੇ ਜੋ ਜਸਟਿਸ ਰਣਜੀਤ ਸਿੰਘ ਕਹਿ ਰਹੇ ਹਨ, ਉਨ੍ਹਾਂ ਦੀਆਂ ਰਿਕੁਮੈਂਡੇਸ਼ਨਾਂ ਨੂੰ ਛਿੱਕੇ ਟੰਗ ਕੇ ਸਰਕਾਰ ਸੀ.ਬੀ.ਆਈ.ਕੋਲ ਕਿਉਂ ਭੇਜ ਰਹੀ ਹੈ? ਜਿੱਥੋਂ ਤੱਕ ਸੀ.ਬੀ.ਆਈ.ਦੀ ਗੱਲ ਹੈ ਤਾਂ ਆਰੂਸ਼ੀ ਕੇਸ ਵਿੱਚ ਸੀ.ਬੀ.ਆਈ. ਨੇ ਕੀ ਰੰਗ ਲਗਾਏ? ਉਸ ਬਾਰੇ ਆਪਾਂ ਨੂੰ ਪਤਾ ਲੱਗ ਗਿਆ ਹੈ? ਜੇ ਇਸ ਤੋਂ ਅਗਲੀ ਗੱਲ ਕਰੀਏ ਤਾਂ ਸੀ.ਬੀ.ਆਈ. ਬਾਰੇ ਕੈਪਟਨ ਅਮਰਿੰਦਰ ਸਿੰਘ ਜੀ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ, ਜਦੋਂ ਮਜੀਠੀਆ ਡਰੱਗਜ਼ ਕੇਸ ਸੀ.ਬੀ.ਆਈ.ਨੂੰ ਦੇਣ ਦੀ ਗੱਲ ਆਈ ਸੀ ਤਾਂ ਉਦੋਂ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਸੀ.ਬੀ.ਆਈ. ਨੂੰ ਕੇਸ ਦੇਣਾ ਮਤਲਬ ਠੰਡੇ ਬਸਤੇ ਵਿੱਚ ਪਾਉਣਾ ਹੈ। ਅੱਜ ਉਹ ਇਨਵੈਸਟੀਗੇਸ਼ਨ ਏਜੰਸੀ ਨਹੀਂ ਰਹੀ । ਉਸ ਨੂੰ ਅੱਜ ਕੋਲਡ ਬੈਗ ਆਫ ਇੰਡੀਆ ਵਿੱਚ ਕਿਉਂ ਪਾਇਆ ਜਾ ਰਿਹਾ ਹੈ? ਸਰ, ਮੇਰੇ ਪਾਸ ਇੱਕ ਹੋਰ ਪੇਪਰ ਹੈ ਜਿਸ ਵਿੱਚ ਰਾਜ ਸਭਾ ਵਿੱਚ ਜਿਹੜੇ ਮਨਿਸਟਰ ਆਫ ਸਟੇਟ ਇਨ ਪ੍ਰਾਈਮ ਮਨਿਸਟਰਜ਼ ਆਫਿਸ ਵਿਖੇ ਸ਼੍ਰੀ ਜਤਿੰਦਰ ਸਿੰਘ ਹਨ, ਉਨ੍ਹਾਂ ਨੇ ਪਿਛਲੇ ਸਾਲ ਰਾਜ ਸਭਾ ਵਿੱਚ ਇੱਕ ਜਵਾਬ ਦਿੱਤਾ ਸੀ ਕਿ 2555

cases in CBI are pending in for over a decade. ਸਰ, 2555 ਕੇਸਿਜ਼ ਉਥੇ ਪੈਂਡਿੰਗ ਪਏ ਹਨ । ਸਰ, ਮੇਰੀ ਮੁੱਕਦੀ ਗੱਲ ਇਹ ਹੈ ਅਤੇ ਜੇ ਕਮਿਸ਼ਨ ਦੀ ਗੱਲ ਕਰ ਲਈਏ, ਇਸੇ ਕਮਿਸ਼ਨ ਦੇ ਵਿੱਚ ਜਿਹੜੇ ਆਈ.ਜੀ. ਖੱਟੜਾ ਹਨ, ਉਨ੍ਹਾਂ ਦੀ ਇਨਕੁਆਰੀ ਵਾਸਤੇ, ਘੱਟੋ-ਘੱਟ ਸੱਤ-ਅੱਠ ਜਗ੍ਹਾ ਉਨ੍ਹਾਂ ਦੀ ਪਿੱਠ ਥਾਪੜੀ ਗਈ ਹੈ ਕਿ ਉਨ੍ਹਾਂ ਨੇ ਬਹੁਤ ਵਧੀਆ ਕੰਮ ਕੀਤਾ ਹੈ। ਸੋ, ਮੇਰੀ ਤੁਹਾਨੂੰ ਇੰਨੀ ਬੇਨਤੀ ਹੈ ਕਿ ਮੈਂ ਕੋਈ ਸਿਆਸੀ ਗੱਲ ਨਹੀਂ ਕਰਨੀ, ਮੈਂ ਕੋਈ ਲੱਛੇਦਾਰ ਭਾਸ਼ਣ ਨਹੀਂ ਕਰਨਾ, ਮੁੱਕਦੀ ਗੱਲ ਇੰਨੀ ਹੈ ਕਿ ਜੇ ਸਰਕਾਰ ਨੇ ਇਹ ਕੰਮ ਕਿਸੇ ਸਿਰੇ ਲਗਾਉਣਾ ਹੈ, ਕਿਸੇ ਪੱਤਣ ਲਗਾਉਣਾ ਹੈ ਤਾਂ ਇਸ ਨੂੰ ਅੱਜ ਹੀ ਸੀ.ਬੀ.ਆਈ. ਤੋਂ ਵਾਪਸ ਲਵੋ ਔਰ ਤਿੰਨ ਮਹੀਨੇ ਦੇ ਵਿੱਚ-ਵਿੱਚ ਚਾਹੇ ਉਸੇ SIT ਨੂੰ ਦੇ ਕੇ ਫੈਸਲਾ ਕਰਵਾਉ, ਚਾਹੇ ਹੋਰ ਮੈਟਰ, ਜਿਸ ਤਰ੍ਹਾਂ ਇਹ ਠੀਕ ਸਮਝਦੇ ਹਨ ਤਾਂ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਇਸ ਨੂੰ ਖਤਮ ਕਰਕੇ ਜਿਹੜੇ ਦੋਸ਼ੀ ਹਨ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ । ਵੋਟਾਂ ਦੀ polarisation ਹੁੰਦੀ ਹੈ, ਮੈਂ ਸਿੱਧੂ ਸਾਹਿਬ ਦੀ ਗੱਲ ਨਾਲ ਸਹਿਮਤ ਹਾਂ ਕਿ ਇਹ ਸਾਰਾ ਕੁਝ ਉਦੋਂ ਹੁੰਦਾ ਹੈ, ਜਦੋਂ ਵੋਟਾਂ ਦੀ polarisation ਹੁੰਦੀ ਹੈ। ਅੱਜ ਮੈਂ ਕਹਿਣਾ ਨਹੀਂ ਚਾਹੁੰਦਾ ਸੀ ਲੇਕਿਨ ਜੇ ਕਿਤੇ ਸਾਲ 2007 ਵਿੱਚ ਇਸੇ ਡੇਰੇ ਸਿਰਸੇ ਨੇ ਕਾਂਗਰਸ ਦੀ ਮਦਦ ਨਾ ਕੀਤੀ ਹੁੰਦੀ ਅਤੇ ਅਕਾਲੀ ਦਲ ਦੀ ਸਰਕਾਰ ਨਾ ਬਣੀ ਹੁੰਦੀ ਤਾਂ ਹੁਣ ਤੱਕ ਇਹ ਸਾਰਾ ਕੁਝ ਨਾ ਹੁੰਦਾ । ਸੋ, ਮੇਰੀ ਤੁਹਾਨੂੰ ਇੰਨੀ ਬੇਨਤੀ ਹੈ ਕਿ ਤਿੰਨਾਂ ਮਹੀਨਿਆਂ ਦੇ ਵਿੱਚ ਇਸ ਸਾਰੇ ਇਸ਼ੂ ਨੂੰ ਖਤਮ ਕਰੋ । ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਨੂੰ ਹੋਰ ਲੰਮਾ ਨਹੀਂ ਲਟਕਾਇਆ ਜਾ ਸਕਦਾ, ਇਹ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੀਆਂ ਹੋਈਆਂ ਗੱਲਾਂ ਹਨ । ਜੇ ਤਾਂ ਇਨਸਾਫ ਦੇਣਾ ਹੈ ਫਿਰ ਤਾਂ ਤਰੀਕਾ ਇਹੀ ਹੈ ਕਿ ਇਸ ਨੂੰ ਵਾਪਸ ਲਓ ਅਤੇ SIT ਨੂੰ ਦਿਓ। ਤਿੰਨ ਮਹੀਨਿਆਂ ਵਿੱਚ ਉਸ ਨੂੰ indict ਕਰੋ ਜਾਂ acquit ਕਰੋ, ਇਕੱਲੇ ਭਾਸ਼ਣ ਦੇ ਕੇ, ਲੱਛੇਦਾਰ ਭਾਸ਼ਣ ਦੇ ਕੇ ਕੁਝ ਨਹੀਂ ਬਣਨਾ। ਮੈਂ ਤੁਹਾਡੇ ਸਾਰਿਆਂ ਦੀਆਂ ਭਾਵਨਾਵਾਂ ਨਾਲ ਸਹਿਮਤ ਹਾਂ। ਜਦੋਂ ਸਰਕਾਰ ਇੱਥੇ ਬੈਠੀ ਹੈ, ਤਿੰਨ ਮਹੀਨਿਆਂ ਵਿੱਚ ਜੇਕਰ ਤੁਸੀਂ ਇਹ ਮਸਲਾ ਹੱਲ ਕਰ ਲਿਆ ਤਾਂ ਠੀਕ ਹੈ, ਨਹੀਂ ਤਾਂ ਤਿੰਨ ਮਹੀਨਿਆਂ ਬਾਅਦ ਫੇਰ ਕੋਈ ਨਾ ਕੋਈ ਇਲੈਕਸ਼ਨ ਆ ਜਾਣੀ ਹੈ ਅਤੇ ਫੇਰ ਵੋਟਾਂ ਦਾ ਚੱਕਰ ਪੈ ਜਾਣਾ ਹੈ ਅਤੇ ਇਹ ਹੁੰਦਾ ਸਾਰਾ ਕੁਝ ਉਦੋਂ ਹੀ ਹੈ ਜਦੋਂ ਵੋਟਾਂ ਗਵਰਨੈਂਸ ਤੇ ਭਾਰੂ ਹੋ ਜਾਂਦੀਆਂ ਹਨ। ਜੇ ਟ੍ਰਾਂਸਪੇਰੈਂਟ ਤਰੀਕੇ ਨਾਲ, ਇਮਾਨਦਾਰ ਤਰੀਕੇ ਨਾਲ ਲੋਕਾਂ ਦੇ ਕੰਮ ਕਰੀਏ ਤਾਂ ਨਾ ਕਿਸੇ ਡੇਰੇ ਤੇ ਵੋਟਾਂ ਮੰਗਣ ਲਈ ਜਾਣ ਦੀ ਲੋੜ ਪੈਂਦੀ ਹੈ ਅਤੇ ਨਾ ਹੀ ਕਿਸੇ ਧਰਮ ਨੂੰ ਮਿਸਯੂਜ਼ ਕਰਨ ਦੀ ਲੋੜ ਹੈ। ਸੋ, ਮੇਰੀ ਤੁਹਾਡੇ ਰਾਹੀਂ ਸਾਰਿਆਂ ਦੇ ਚਰਨਾਂ ਵਿੱਚ ਬੇਨਤੀ ਇਹ ਹੈ ਕਿ within three months ਸਰਕਾਰ ਫੈਸਲਾ ਕਰੇ ਕਿ 31 ਦਸੰਬਰ ਤੋਂ ਪਹਿਲਾਂ-ਪਹਿਲਾਂ ਦੋਸ਼ੀਆਂ ਨੂੰ ਵੱਡੀ ਤੋਂ ਵੱਡੀ ਅਤੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇਗੀ ਤਾਂ ਕਿ ਮੁੜ ਕੇ ਕੋਈ ਅਜਿਹੀ

ਬੇਅਦਬੀ ਕਰਨ ਬਾਰੇ ਸੋਚ ਵੀ ਨਾ ਸਕੇ ਅਤੇ ਜੇ ਉਸ ਦੇ ਦਿਲ ਵਿੱਚ ਖਿਆਲ ਆਵੇ ਤਾਂ ਉਸ ਦੇ ਸਰੀਰ ਵਿੱਚੋਂ ਉੱਪਰ ਤੋਂ ਥੱਲੇ ਤੱਕ ਭਾਂਬੜ ਨਿਕਲ ਜਾਣ, ਅਜਿਹੀ ਸਖਤ ਸਜ਼ਾ ਮਿਲਣੀ ਚਾਹੀਦੀ ਹੈ। ਧੰਨਵਾਦ।(ਥੰਪਿੰਗ)

**ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ (ਫਰੀਦਕੋਟ) :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਇਸ ਬਹੁਤ ਦੁਖਦਾਈ ਘਟਨਾ, ਜੋ ਮੇਰੇ ਜ਼ਿਲ੍ਹੇ ਵਿੱਚ ਹੋਈ, ਉਸ ਦੀ ਰਿਪੋਰਟ ਸਦਨ ਵਿੱਚ ਪੇਸ਼ ਹੋਈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਮ੍ਹਣੇ ਬੈਂਚਾਂ ਵਾਲੇ ਵੀ ਮੇਰੇ ਵੱਲ ਦੇਖਦੇ ਹਨ ਅਤੇ ਕਈ ਮੇਰੇ ਸਾਥੀ ਵੀ ਮੇਰੇ ਵੱਲ ਦੇਖਦੇ ਹਨ ਕਿ ਇਹ ਜਲਦੀ ਹੀ ਆਪਣੀ ਗੱਲ ਨਿਬੇੜੇ ਅਤੇ ਸਾਨੂੰ ਬੋਲਣ ਦਾ ਮੌਕਾ ਮਿਲੇ। ਮੈਂ ਰੈਪੀਟੀਸ਼ਨ ਨਹੀਂ ਕਰਨਾ ਚਾਹੁੰਦਾ ਕਿਉਂਕਿ ਜਿਹੜੀ ਰਿਪੋਰਟ ਹੈ, ਇਹ ਸਭ ਨੇ ਪੜ੍ਹੀ ਹੈ ਅਤੇ ਸਾਰਿਆਂ ਨੇ ਉਸ ਤੇ ਆਪਣੇ ਵਿਚਾਰ ਰੱਖੇ ਹਨ। ਡਿਪਟੀ ਸਪੀਕਰ ਸਾਹਿਬ, ਸਾਰਿਆਂ ਨੇ ਰਿਪੋਰਟ ਪੜ੍ਹੀ ਹੈ ਪਰ ਮੇਰੀਆਂ ਇਨ੍ਹਾਂ ਅੱਖਾਂ ਨੇ ਉਹ ਲਾਸ਼ਾਂ ਦੇਖੀਆਂ ਹਨ। ਸਾਰਿਆਂ ਨੇ ਰਿਪੋਰਟ ਪੜ੍ਹ ਕੇ ਆਪਣੇ ਵਿਚਾਰ ਰੱਖੇ ਹਨ ਪਰ ਮੇਰੀਆਂ ਇਨ੍ਹਾਂ ਟੱਡਾਂ ਨੇ ਉਨ੍ਹਾਂ ਮਾਵਾਂ ਨੂੰ, ਧੀਆਂ ਨੂੰ, ਪੁੱਤਰਾਂ ਨੂੰ ਕੁਰਲਾਉਂਦੇ ਦੇਖਿਆ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਮੈਂ ਉਸ ਕ੍ਰਿਸ਼ਨ ਭਗਵਾਨ ਦੇ ਘਰ ਗਿਆ ਜਿਸ ਦੀ ਇਸ ਇੰਸੀਡੈਂਟ ਵਿੱਚ ਜਾਨ ਗਈ ਤਾਂ ਉਸ ਦਾ ਬਾਪ ਉੱਤੇ ਪ੍ਰਮਾਤਮਾ ਵੱਲ, ਅਸਮਾਨ ਵੱਲ ਮੂੰਹ ਕਰਕੇ ਧਾਹਾਂ ਮਾਰ ਰਿਹਾ ਸੀ ਕਿ ਮੇਰਾ ਕੀ ਕਸੂਰ ਹੈ? ਉਸ ਦੀ ਜਿਹੜੀ ਬੇਟੀ ਹੈ, ਉਸ ਦੇ ਪੈਰਾਂ ਨੂੰ ਚਿੰਬੜੀ ਬੈਠੀ ਸੀ ਅਤੇ ਰੋ-ਰੋ ਕੇ ਕਹਿੰਦੀ ਸੀ ਕਿ ਬਾਪੂ, ਤੂੰ ਮੈਨੂੰ ਕਹਿੰਦਾ ਹੁੰਦਾ ਸੀ ਕਿ ਸਭ ਤੋਂ ਵੱਡਾ ਰੱਬ ਹੈ। ਤੂੰ ਮੈਨੂੰ ਕਹਿੰਦਾ ਹੁੰਦਾ ਸੀ ਕਿ ਸਭ ਤੋਂ ਵੱਡਾ ਗੁਰੂ ਹੈ ਅਤੇ ਅੱਜ ਗੁਰੂ ਪਿੱਛੇ ਗਿਆ ਤੇ ਗੁਰੂ ਤੈਨੂੰ ਲੈ ਗਿਆ। ਜਦੋਂ ਇਹ ਸਾਰਾ ਕੁਝ ਇਨ੍ਹਾਂ ਅੱਖਾਂ ਨੇ ਦੇਖਿਆ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਜਿਹੜੇ ਸਿਆਸੀ ਬੰਦੇ ਹਾਂ, ਅਸੀਂ ਦੁੱਖ-ਸੁੱਖ ਤੇ ਸਾਰੇ ਜਾਂਦੇ ਰਹਿੰਦੇ ਹਾਂ ਅਤੇ ਸਾਡੇ ਮਨ ਦੂਜਿਆਂ ਨਾਲੋਂ ਜ਼ਿਆਦਾ ਪੱਕੇ ਹੁੰਦੇ ਹਨ ਕਿਉਂਕਿ ਇਨ੍ਹਾਂ ਹਾਲਾਤਾਂ ਨੂੰ ਅਸੀਂ ਦੇਖਦੇ ਰਹਿੰਦੇ ਹਾਂ ਪਰ ਡਿਪਟੀ ਸਪੀਕਰ ਸਾਹਿਬ, ਅੱਜ ਮੈਂ ਇਸ ਪਵਿੱਤਰ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ, ਉਥੇ ਮੇਰੇ ਅੱਥਰੂ ਵੀ ਨਹੀਂ ਰੁਕਦੇ ਸਨ। ਜਦੋਂ ਮੈਂ ਬੇਟੀ ਨੂੰ, ਉਸ ਪਿਓ ਨੂੰ ਦੇਖਦਾ ਸੀ ਤਾਂ ਮੈਂ ਵੀ ਸੋਚਦਾ ਸੀ ਕਿ ਇਹ ਕਿਉਂ ਹੋਇਆ? ਕਿਵੇ ਂ ਹੋਇਆ? ਕਿਸ ਵਾਸਤੇ ਹੋਇਆ?

ਅੱਜ ਹੈਰਾਨੀ ਹੋ ਰਹੀ ਸੀ, ਵੈਸੇ ਮਨ ਨਹੀਂ ਸੀ, ਮੈਂ ਮਨ ਬਣਾਇਆ ਸੀ, ਤੁਸੀਂ ਨਾਂ ਲੈ ਦਿੱਤਾ, ਮੈਂ ਵੜਿੰਗ ਸਾਹਿਬ ਨੂੰ ਕਿਹਾ ਸੀ। ਮੈਂ ਸਮਝਦਾ ਹਾਂ ਕਿ ਜੇ ਇਨਸਾਨ ਨੂੰ ਕੁਝ ਕਰਨ ਦਾ ਮੌਕਾ ਮਿਲਿਆ ਹੈ, ਕੋਈ ਵੀ ਜਿਨ੍ਹਾਂ ਨੇ ਸਰਕਾਰਾਂ ਚਲਾਉਣੀਆਂ ਹਨ, ਜੇ ਲੋਕਾਂ ਨੇ ਸ਼ਕਤੀ ਬਖਸ਼ੀ ਹੈ ਪਰ ਮੈਂ ਇਕ ਗੱਲ ਸਮਝਦਾ ਹਾਂ

ਕਿ ਇਹ ਜਿਹੜੀ ਸ਼ਕਤੀ ਹੈ, ਇਹ ਪ੍ਰਮਾਤਮਾ ਬਖਸ਼ਦਾ ਹੈ। ਪ੍ਰਮਾਤਮਾ ਮਹਾਨ ਲੋਕਾਂ ਰਾਹੀਂ ਬਖ਼ਸ਼ਦਾ ਹੈ ਅਤੇ ਜਦੋਂ ਉਸ ਗੁਰੂ ਨੇ ਸ਼ਕਤੀ ਬਖ਼ਸ਼ੀ ਹੈ ਤਾਂ ਜੇ ਕੁਝ ਕਰਦਿਆਂ ਗਲਤੀ ਹੋ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਗੁਰੂ ਬਖ਼ਸ਼ਣਹਾਰ ਹੈ। ਅਸੀਂ ਸਾਰੇ ਜਦੋਂ ਅਰਦਾਸ ਕਰਦੇ ਹਾਂ ਤਾਂ ਉਥੇ ਇੱਕ ਲਫਜ਼ ਕਹਿੰਦੇ ਹਾਂ ਕਿ ਭੁੱਲ-ਚੁੱਕ ਦੀ ਮੁਆਫੀ ਦਿਉ। ਡਿਪਟੀ ਸਪੀਕਰ ਸਾਹਿਬ, ਭੁੱਲਾਂ ਇਨਸਾਨ ਕਰਦੇ ਹਨ ਪਰ ਜਿਹੜੇ ਕਾਇਰ ਲੋਕ ਹੁੰਦੇ ਹਨ, ਉਨ੍ਹਾਂ ਭੁੱਲਾਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ। ਕਾਇਰ ਲੋਕ ਉਨ੍ਹਾਂ ਭੁੱਲਾਂ ਨੂੰ ਲੁਕਾ ਕੇ ਬਹਾਨੇ ਬਣਾਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਸੱਚ ਮੰਨਣ ਅਤੇ ਗਲਤੀ ਮੰਨਣ ਵਾਸਤੇ ਵੀ ਦਲੇਰੀ ਚਾਹੀਦੀ ਹੈ। ਇਹ ਜਿਹੜੇ ਕਾਇਰ ਤੇ ਬੁਜ਼ਦਿਲ ਲੋਕ ਹੁੰਦੇ ਹਨ, ਉਹ ਸੱਚ ਦਾ ਸਾਹਮਣਾ ਨਹੀਂ ਕਰ ਸਕਦੇ। ਉਹ ਗਲਤੀ ਨਹੀਂ ਮੰਨ ਸਕਦੇ, ਉਨ੍ਹਾਂ ਵਿਚ ਹੌਸਲਾ ਹੀ ਨਹੀਂ ਹੁੰਦਾ। ਮੈਂ ਅੱਜ ਸੋਚ ਰਿਹਾ ਸੀ ਕਿ ਉਹ ਇਥੇ ਬੈਠੇ ਨਹੀਂ ਹਨ। ਜੇ ਕਿਤੇ ਬੈਠੇ ਹੁੰਦੇ ਤਾਂ ਅੱਖ ਵਿਚ ਅੱਖ ਪਾ ਕੇ ਗੱਲ ਕਰਨ ਦਾ ਸੁਆਦ ਆ ਜਾਣਾ ਸੀ। ਡਿਪਟੀ ਸਪੀਕਰ ਸਾਹਿਬ, ਬਦਕਿਸਮਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਵੇ, ਉਸ ਵੇਲੇ ਦਾ ਡਿਪਟੀ ਮੁੱਖ ਮੰਤਰੀ ਹੋਵੇ, ਹੋਮ ਮਨਿਸਟਰ ਹੋਵੇ ਅਤੇ ਪਿਤਾ ਜੀ ਪੰਜਾਬ ਦੇ ਮੁੱਖ ਮੰਤਰੀ ਹੋਣ ਅਤੇ ਕਹਿਣ ਕਿ ਇਹ ਰਿਪੋਰਟ ਝੂਠੀ ਹੈ, ਇਹ ਰਿਪੋਰਟ ਗਲਤ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਚੰਦ ਸਵਾਲ ਪੁੱਛਣੇ ਚਾਹੁੰਦਾ ਹਾਂ। ਅਸਲ ਵਿੱਚ ਤਾਂ ਇਸ ਬੰਦੇ ਦਾ ਦਿਮਾਗ ਕੁਝ ਚਮਚਿਆਂ ਨੇ ਖਰਾਬ ਕੀਤਾ ਹੈ ਅਤੇ ਜਦੋਂ ਸਾਲ 2012 ਵਿੱਚ ਕਾਂਗਰਸ ਪਾਰਟੀ ਦੀਆਂ ਗਲਤੀਆਂ ਦੇ ਕਾਰਨ ਇਨ੍ਹਾਂ ਦੀ ਸਰਕਾਰ ਬਣੀ, ਉਦੋਂ ਡਿਪਟੀ ਸੀ.ਐਮ. ਸਾਹਿਬ ਬਾਰੇ ਅਖਬਾਰਾਂ ਨੇ ਬਹੁਤ ਵੱਡਾ-ਵੱਡਾ ਲਿਖਿਆ। ਚੈਨਲਾਂ ਨੇ ਵੀ ਬਹੁਤ ਵੱਡਾ-ਵੱਡਾ ਦਿਖਾਇਆ ਕਿ ਸੁਖਬੀਰ ਸਿੰਘ ਬਾਦਲ ਮੈਨੇਜਮੈਂਟ ਦੇ ਬਾਦਸ਼ਾਹ ਹਨ ਅਤੇ ਸੁਖਬੀਰ ਸਿੰਘ ਬਾਦਲ ਹਰੇਕ ਚੀਜ਼ ਮੈਨੇਜ ਕਰ ਸਕਦੇ ਹਨ। ਸੁਖਬੀਰ ਸਿੰਘ ਬਾਦਲ ਝੂਠ ਨੂੰ ਸੱਚ ਕਰ ਸਕਦੇ ਹਨ ਕਿਉਂਕਿ ਉਨ੍ਹਾਂ ਕੋਲ ਪੈਸਾ ਹੈ। ਜਦੋਂ ਜਿਹੜਾ ਵਿਅਕਤੀ ਜਿਸ ਚੀਜ਼ ਨੂੰ ਡਿਜ਼ਰਵ ਨਾ ਕਰਦਾ ਹੋਵੇ, ਜੇ ਉਸ ਨੂੰ ਚੁੱਕ ਕੇ ਉਤਾਂਹ ਬਿਠਾ ਦਿੱਤਾ ਜਾਵੇ ਤਾਂ ਸਬੰਧਿਤ ਵਿਅਕਤੀ ਦਾ ਦਿਮਾਗ ਵੀ ਚੁੱਕਿਆ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਉਸ ਮੈਨੇਜਮੈਂਟ ਨੇ ਹੀ ਮਾਰ ਦਿੱਤਾ। ਮੈਂ ਗੱਲਾਂ ਰਿਪੀਟ ਨਹੀਂ ਕਰਨਾ ਚਾਹੁੰਦਾ ਕਿਉਂਕਿ ਸਾਰਿਆਂ ਨੇ ਕਹਿ ਦਿੱਤੀਆਂ ਹਨ। ਹੋਇਆ ਕੀ ਕਿ ਜਨਾਬ ਦੇ ਦਿਲ ਵਿੱਚ ਇੱਕ ਤਮੰਨਾ ਉਠੀ ਕਿ ਪੰਜਾਬ 'ਤੇ 25 ਸਾਲ ਰਾਜ ਕਰਨਾ ਹੈ। ਤਮੰਨਾ ਉਠੀ ਤਾਂ ਇਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ 25 ਸਾਲ ਰਾਜ ਕਰਨਾ ਹੈ। ਫਿਰ ਸੋਚਿਆ ਕਿ ਮੈਨੇਜ ਕਿਵੇਂ ਕਰਨਾ ਹੈ, 25 ਸਾਲ ਰਾਜ ਕਰਨਾ ਕਿਵੇਂ ਹੈ। ਕਿਸੇ ਨੇ ਕਿਹਾ ਕਿ ਪੰਥ ਤਾਂ ਆਪਣੇ ਕੋਲ ਹੈ ਹੀ, ਪੰਥ ਨੇ ਕਿੱਥੇ ਜਾਣਾ ਹੈ। ਸਾਡੀਆਂ

ਮਾਵਾਂ-ਭੈਣਾਂ ਅਤੇ ਸਾਡੀਆਂ ਪਿੰਡਾਂ ਵਿੱਚ ਰਹਿੰਦੀਆਂ ਬੀਬੀਆਂ ਸੋਚਦੀਆਂ ਹਨ ਕਿ ਪੰਥ ਨੂੰ ਵੋਟ ਪਾਉਣੀ ਮਤਲਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੋਟ ਪਾਉਣੀ ਹੁੰਦੀ ਹੈ। ਇਨ੍ਹਾਂ ਨੇ ਸੋਚਿਆ ਕਿ ਪੰਥ ਤਾਂ ਹੈ ਹੀ ਅਤੇ ਪ੍ਰੇਮੀਆਂ ਨੂੰ ਵੀ ਨਾਲ ਲਗਾ ਲਈਏ। ਜਨਾਬ ਨੇ ਇਹ ਸੋਚਿਆ ਸੀ। ਸਾਲ 2007 ਵਿੱਚ ਪ੍ਰੇਮੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਲਟ ਵੋਟ ਪਾਈ ਸੀ। ਇਹ ਸਾਰਿਆਂ ਨੂੰ ਪਤਾ ਹੈ ਅਤੇ ਇਨ੍ਹਾਂ ਨੇ ਉਸੇ ਬਾਬੇ ਤੇ ਪਰਚਾ ਦਿੱਤਾ। ਉਸ ਦਾ ਨੱਕ ਘਸਾਇਆ, ਜਦੋਂ ਉਹ ਲੋਟ ਆ ਗਿਆ ਤਾਂ ਮੁੜ ਕੇ ਗੱਲਬਾਤ ਤੈਅ ਕੀਤੀ ਗਈ ਕਿ ਅਗਾਂਹ ਨੂੰ ਸਾਡੀ ਮਦਦ ਕਰੇਗਾ । ਫਿਰ ਵੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੁਆਫੀਨਾਮਾ ਦਿਵਾਇਆ ਗਿਆ ਪਰ ਬਦਕਿਸਮਤੀ ਨਾਲ ਮੈਂ ਨਾ ਅੰਮ੍ਰਿਤ ਛਕਿਆ ਹੈ ਅਤੇ ਨਾ ਹੀ ਮੈਂ ਪੂਰਨ ਸਿੱਖ ਹਾਂ। ਡਿਪਟੀ ਸਪੀਕਰ ਸਾਹਿਬ, ਪਰ ਮੇਰਾ ਗੁਰੂ ਜਾਣਦਾ ਹੈ ਕਿ ਮੈਂ ਇਨ੍ਹਾਂ ਨਾਲੋਂ ਚੰਗਾ ਸਿੱਖ ਹਾਂ ਕਿਉਂਕਿ ਮੈਂ ਉਸ ਗੁਰੂ ਤੋਂ ਡਰਦਾ ਹਾਂ, ਮੈਂ ਉਸ ਦੀਆਂ ਰਹਿਮਤਾਂ ਦਾ ਸ਼ੁਕਰਾਨਾ ਕਰਦਾ ਹਾਂ ਅਤੇ ਮੇਰੇ ਮਨ ਵਿੱਚ ਉਸ ਗੁਰੂ ਦਾ ਡਰ ਹੈ। ਇਸ ਕਰਕੇ ਮੈਂ ਕੋਈ ਇਹੋ ਜਿਹੀ ਗੱਲ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਜਿਸ ਵਿੱਚ ਉਸ ਗੁਰੂ ਦੀ ਸ਼ਾਨ ਦੇ ਖਿਲਾਫ ਕੋਈ ਗੱਲ ਹੋਵੇ। ਇਤਿਹਾਸ ਗਵਾਹ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਜਿਸ ਨੂੰ ਵੀ ਬੁਲਾਇਆ ਗਿਆ ਹੈ, ਜਿਸ ਨੂੰ ਤਨਖਾਹ ਲੱਗੀ ਹੈ, ਉਸ ਨੇ ਆਪ ਹਾਜ਼ਰ ਹੋ ਕੇ ਮੁਆਫੀ ਮੰਗੀ ਹੈ ਪਰ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਚਿੱਠੀ ਤੇ ਮੁਆਫੀਨਾਮਾ ਦਿੱਤਾ ਗਿਆ ਹੈ। ਜਿਹੜੇ ਸੱਜਣਾਂ ਨੇ ਇਹ ਕੀਤਾ ਹੈ, ਮੈਂ ਉਨ੍ਹਾਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਜਿਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਹਸਤੀ ਨੂੰ ਕੁਝ ਨਹੀਂ ਸਮਝਿਆ, ਜਿਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸ਼ਾਨ ਨੂੰ ਨਹੀਂ ਸਮਝਿਆ ਤਾਂ ਉਨ੍ਹਾਂ ਲੋਕਾਂ ਬਾਰੇ ਕੀ ਕਹਿਣਾ ਹੈ? ਇਨ੍ਹਾਂ ਨੇ ਫਿਲਮ ਦਾ ਸੌਦਾ ਕੀਤਾ। ਜਦੋਂ ਇਨ੍ਹਾਂ ਨੇ ਦੇਖਿਆ ਕਿ ਪੰਥ ਨੂੰ ਗੁੱਸਾ ਆ ਗਿਆ ਤਾਂ ਫਿਰ ਮੁਆਫੀਨਾਮਾ ਵਾਪਸ ਲੈ ਲਿਆ। ਮੇਰਾ ਸਿੱਧਾ ਸਵਾਲ ਹੈ ਕਿ ਕੀ ਜ਼ਰੂਰਤ ਸੀ ਮੁਆਫੀਨਾਮੇ ਦੀ, ਜਦੋਂ ਕੋਈ ਮੁਆਫੀ ਮੰਗਣ ਹੀ ਨਹੀਂ ਆਇਆ, ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੀ ਨਹੀਂ ਹੋਇਆ ਤਾਂ ਫਿਰ ਉਹ ਮੁਆਫੀਨਾਮਾ ਵਾਪਸ ਲੈਣ ਦੀ ਕੀ ਜ਼ਰੂਰਤ ਸੀ? ਇਹ ਕੋਈ ਸੁਖਬੀਰ ਬਾਦਲ ਦਾ ਬਿਆਨ ਨਹੀਂ ਹੈ ਕਿ ਸਵੇਰੇ ਕੁਝ ਕਹਿ ਦਿੱਤਾ, ਦੁਪਹਿਰ ਨੂੰ ਕੁਝ ਕਹਿ ਦਿੱਤਾ ਅਤੇ ਸ਼ਾਮ ਨੂੰ ਕੁਝ ਹੋਰ ਕਹਿ ਦਿੱਤਾ। ਬਦਕਿਸਮਤੀ ਹੈ ਕਿ ਉਸ ਜਗ੍ਹਾ ਦੀ ਹਸਤੀ ਨੂੰ ਇਨ੍ਹਾਂ ਨੇ ਠੇਸ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੀ SIT ਇਨ੍ਹਾਂ ਨੇ ਬਣਾਈ, ਉਹ SIT ਉਦੋਂ ਵੀ ਨਤੀਜੇ ਤੇ ਪਹੁੰਚ ਗਈ ਸੀ। ਮੇਰਾ ਜ਼ਿਲ੍ਹਾ ਹੈ, ਮੈਂ ਇੱਕ-ਇੱਕ ਬੰਦੇ ਨੂੰ ਜਾਣਦਾ ਹਾਂ ਪਰ ਜਦੋਂ ਇਨ੍ਹਾਂ ਬਾਦਲ ਪਿਓ-ਪੁੱਤਰਾਂ ਨੂੰ ਪਤਾ ਲੱਗਿਆ ਤਾਂ ਇਨ੍ਹਾਂ ਨੇ ਕਿਹਾ ਕਿ ਖੜ੍ਹ ਜਾਓ, ਕੁਝ ਨਹੀਂ ਕਰਨਾ। ਹੁਣ ਅਸੀਂ ਬਾਬੇ ਨੂੰ ਡਰਾ ਕੇ ਵੋਟਾਂ ਹਥਿਆਵਾਂਗੇ। ਇਨ੍ਹਾਂ ਨੇ ਸਾਰੀ ਇਨਵੈਸਟੀਗੇਸ਼ਨ

ਰੋਕੀ, ਸਾਰਾ ਜੋੜ-ਤੋੜ ਲਗਾਇਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ 2017 ਦੀਆਂ ਵੋਟਾਂ ਵਿੱਚ ਪ੍ਰੇਮੀਆਂ ਨੇ ਠੋਕ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਪਾਈਆਂ। ਇਹ ਜਿੰਨੇ ਮਰਜ਼ੀ ਸੌਦੇ ਕਰ ਲੈਣ, ਮੈਨੂੰ ਕੋਈ ਅਫਸੋਸ ਨਹੀਂ ਪਰ ਡਿਪਟੀ ਸਪੀਕਰ ਸਾਹਿਬ, ਸੌਦਾ ਕਿਸ ਦਾ ਕੀਤਾ? ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੀਤਾ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਹ ਸੌਦਾ ਵੋਟਾਂ ਵਾਸਤੇ, ਪੈਸੇ ਵਾਸਤੇ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਉਹ ਗੁਰੂ ਬੜਾ ਮਹਾਨ ਹੈ, ਇਨ੍ਹਾਂ ਨੇ ਸਭ ਕੁਝ ਮੈਨੇਜ ਕੀਤਾ ਪਰ ਸੀਟਾਂ ਕਿੰਨੀਆਂ ਆਈਆਂ? ਤੁਹਾਡੇ ਸਾਹਮਣੇ ਹੈ। ਹਰ ਇੱਕ ਨੇ ਇਸ ਦੁਨੀਆਂ ਤੋਂ ਚਲੇ ਜਾਣਾ ਹੈ। ਜਿਸ ਦਿਨ ਜਾਣਾ ਹੈ, ਉਸ ਦਿਨ ਜਿਹੜੀ ਅੰਤਿਮ ਅਰਦਾਸ ਹੋਣੀ ਹੈ, ਉਹ ਵੀ ਉਸ ਗੁਰੂ ਦੇ ਸਾਹਮਣੇ ਹੋਣੀ ਹੈ, ਜਿਹੜੇ ਗੁਰੂ ਨੂੰ ਇਨ੍ਹਾਂ ਨੇ ਸੌਦਾ ਕਰਕੇ ਵੇਚਿਆ ਹੈ। ਜੇਕਰ ਇਹ ਸੱਚੇ ਹੁੰਦੇ ਤਾਂ ਇੱਥੇ ਬਹਿ ਕੇ ਸਾਡੀ ਗੱਲ ਸੁਣਦੇ ਅਤੇ ਆਪਣੀ ਗੱਲ ਕਹਿੰਦੇ ਪਰ ਇਹ ਕੀ ਬਹਾਨਾ ਹੋਇਆ ਕਿ ਸਾਨੂੰ ਬੋਲਣ ਲਈ ਇੰਨੇ ਮਿੰਟ ਨਹੀਂ ਦਿੱਤੇ। ਇਹ ਗੱਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਮੂੰਹੋਂ ਨਹੀਂ ਫਬਦੀਆਂ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਹੋਵੇ ਤਾਂ ਅਕਾਲੀ ਦਲ ਦਾ ਪ੍ਰਧਾਨ ਪਿੱਠ ਦਿਖਾ ਕੇ ਭੱਜ ਜਾਵੇ ਅਤੇ ਆਪਣੀ ਗੱਲ ਨਾ ਰੱਖ ਸਕੇ। (ਟਰੇਜ਼ਰੀ ਬੈਚਿਜ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਡਿਪਟੀ ਸਪੀਕਰ ਸਾਹਿਬ, ਮੈਨੂੰ ਇੱਕ ਗੱਲ ਦਾ ਜੁਆਬ ਦਿਵਾ ਦਿਓ ਕਿ ਉਸ ਸਮੇਂ ਸਰਕਾਰ ਕਿਸ ਦੀ ਸੀ, ਮੁੱਖ ਮੰਤਰੀ ਕੌਣ ਸੀ, ਉੱਪ ਮੁੱਖ ਮੰਤਰੀ ਕੌਣ ਸੀ, ਗ੍ਰਹਿ ਵਿਭਾਗ ਕਿਸ ਕੋਲ ਸੀ ਅਤੇ ਡੀ.ਜੀ.ਪੀ. ਕਿਸ ਦਾ ਸੀ? ਇੱਕ ਗੱਲ ਦਾ ਜਵਾਬ ਦੇ ਦੇਣ ਕਿ ਕੀ ਇਨ੍ਹਾਂ ਨੂੰ ਪੁੱਛ ਕੇ ਗੋਲੀ ਚਲਾਉਣ ਦੇ ਆਰਡਰ ਹੋਏ ਸੀ ਕਿ ਨਹੀਂ ਹੋਏ? ਜੇ ਹੋਏ ਤਾਂ ਬੰਦੇ ਦੇ ਪੁੱਤ ਵਾਂਗ ਜ਼ਿੰਮੇਵਾਰੀ ਚੁੱਕਣ। ਜੇ ਨਹੀਂ ਹੋਏ ਤਾਂ ਇਨ੍ਹਾਂ ਨੇ ਉਸ ਦੇ ਖਿਲਾਫ ਮੌਕੇ ਤੇ ਪਰਚਾ ਕਿਉਂ ਨਹੀਂ ਦਿੱਤਾ ਜਿਸ ਨੇ ਬਗੈਰ ਪੁੱਛੇ ਗੋਲੀ ਚਲਾਈ? ਕਮਾਲ ਹੋ ਗਈ। ਇਹ ਕਿਹਾ ਗਿਆ ਹੈ ਕਿ ਇਹ ਰਿਪੋਰਟ ਮਾੜੀ ਹੈ, ਇਹ ਰਿਪੋਰਟ ਚੰਗੀ ਹੈ। ਇਨ੍ਹਾਂ ਨੂੰ ਕੌਣ ਫਸਾ ਸਕਦਾ ਹੈ? ਇਨ੍ਹਾਂ ਦਾ ਤਾਂ ਗੁਰੂ ਹੀ ਉਲਟ ਹੈ। ਇਨ੍ਹਾਂ ਨੂੰ ਅਸੀਂ ਕਿਉਂ ਫਸਾਈਏ? ਸਾਨੂੰ ਕੀ ਇੰਟੱਰਸਟ ਹੈ? ਸਾਡੇ ਵੇਲੇ ਬੇਅਦਬੀ ਨਹੀਂ ਹੋਈ ਸਗੋਂ ਇਨ੍ਹਾਂ ਦੀ ਸਰਕਾਰ ਵੇਲੇ ਹੋਈ ਸੀ। ਸਰਕਾਰ ਇਨ੍ਹਾਂ ਦੀ ਸੀ। ਜੇ ਇਹ ਇੰਨੇ ਹੀ ਗੁਰੂ ਦੇ ਉਪਾਸਕ ਸੀ ਅਤੇ ਸਭ ਕੁਝ ਪਤਾ ਸੀ ਪਰ ਹੁਣ ਭੱਜਦੇ ਹਨ। ਡਿਪਟੀ ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ, ਮੈਂ ਆਖਿਰ ਵਿੱਚ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਸੋਚ ਰਿਹਾ ਸੀ ਕਿ ਆਪਾਂ ਸ੍ਰੀ ਦਰਬਾਰ ਸਾਹਿਬ ਜਾਂਦੇ ਹਾਂ, ਜੇ ਉਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾ ਹੋਣ ਤਾਂ ਸੋਚੋ ਕਿਸ ਨੂੰ ਨਤਮਸਤਕ ਹੋਵਾਂਗੇ? ਸੀ.ਐਮ. ਸਾਹਿਬ ਇੱਥੇ ਬੈਠੇ ਨਹੀਂ ਹਨ, ਮੈਂ ਉਨ੍ਹਾਂ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਚੰਗਾ-ਮਾੜਾ ਸਮਾਂ ਆਉਂਦਾ ਹੈ। ਬਿਲਕੁਲ

[ ਸਰਦਾਰ ਕੁਸਲਦੀਪ ਸਿੰਘ ਕਿੱਕੀ ਢਿੱਲੋਂ ]

ਵਡਾਲਾ ਸਾਹਿਬ ਨੇ ਠੀਕ ਕਿਹਾ ਕਿ ਕਰਮਾਂ ਦੀਆਂ ਗੱਲਾਂ ਹਨ। ਹਮੇਸ਼ਾ ਜਦੋਂ ਵੀ ਸਿੱਖ ਕੌਮ ਜਾਂ ਪੰਜਾਬ ਤੇ ਭੀੜ ਪਈ ਤਾਂ ਫਰਜ਼ ਨਿਭਾਉਣਾ ਇਨ੍ਹਾਂ ਦੇ ਹਿੱਸੇ ਆਇਆ, ਕੈਪਟਨ ਅਮਰਿੰਦਰ ਸਿੰਘ ਹੋਰਾਂ ਦੇ, ਇਨ੍ਹਾਂ ਨੇ ਮੂਹਰੇ ਖੜ੍ਹੇ ਹੋ ਕੇ ਫੈਸਲਾ ਲਿਆ। ਜੇ ਬਲਿਊ ਸਟਾਰ ਹੋਇਆ ਤਾਂ ਇਨ੍ਹਾਂ ਨੇ ਕੁਰਸੀ ਨੂੰ ਲੱਤ ਮਾਰੀ। ਜੇ ਬਲੈਕ ਥੰਡਰ ਹੋਇਆ ਤਾਂ ਵੀ ਇਨ੍ਹਾਂ ਨੇ ਕੁਰਸੀ ਨੂੰ ਲੱਤ ਮਾਰੀ। ਐਤਕੀਂ ਵੀ ਜਦੋਂ ਬੜਾ ਵੱਡਾ ਦੁਖਾਂਤ ਵਾਪਰਿਆ, ਸਭ ਤੋਂ ਪਹਿਲੇ ਲੀਡਰ ਜਿਹੜੇ ਉਥੇ ਗਏ, ਲੋਕਾਂ ਦੇ ਘਰਾਂ ਵਿੱਚ ਗਏ, ਲੋਕਾਂ ਦੇ ਧਰਨਿਆਂ ਵਿੱਚ ਬੈਠੇ, ਉਹ ਕੈਪਟਨ ਅਮਰਿੰਦਰ ਸਿੰਘ ਜੀ ਸਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਇਹ ਗੱਲ ਇਸ ਕਰਕੇ ਕਹਿ ਰਿਹਾ ਹਾਂ ਕਿ ਮੈਂ ਇਨ੍ਹਾਂ ਦੀ ਗੱਡੀ ਚਲਾ ਰਿਹਾ ਸੀ। ਜਦੋਂ ਇਨ੍ਹਾਂ ਨੇ ਕੁਰਲਾਹਟ ਪੈਂਦੇ ਦੇਖਿਆ, ਸਭ ਕੁਝ ਦੇਖਿਆ। ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਤਾਂ ਅੱਜ ਕਹਿੰਦੇ ਹਨ ਕਿ ਸਾਨੂੰ ਫਸਾਉਣ ਦੀਆਂ ਕੋਸ਼ਿਸ਼ਾਂ ਹਨ। ਕਾਂਗਰਸ ਇਸ ਤਰ੍ਹਾਂ ਕਰ ਰਹੀ ਹੈ ਪ੍ਰੰਤੂ ਮੈਂ ਸਮਝਦਾ ਹਾਂ ਕਿ ਸਭ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਸਿੱਖ ਹੋਣ ਦੇ ਨਾਤੇ ਆਪਣਾ ਫਰਜ਼ ਨਿਭਾ ਰਹੇ ਹਨ। ਦੂਜਾ ਪੰਜਾਬ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਫਰਜ਼ ਨਿਭਾ ਰਹੇ ਹਨ। ਕੈਪਟਨ ਸਾਹਿਬ ਦੀ ਸਰਕਾਰ ਦਾ ਫਰਜ਼ ਹੈ ਕਿ ਜੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਜਿਹੜਾ ਦੁਖਾਂਤ ਹੈ, ਉਹ ਹੀ ਲੋਕਾਂ ਸਾਹਮਣੇ ਪਾਰਦਰਸ਼ੀ ਢੰਗ ਨਾਲ ਨਹੀਂ ਰੱਖ ਸਕਦੇ ਤਾਂ ਅਸੀਂ ਫਿਰ ਕਿਸੇ ਨੂੰ ਕੀ ਇਨਸਾਫ ਦਿਆਂਗੇ? ਡਿਪਟੀ ਸਪੀਕਰ ਸਾਹਿਬ, ਮੈਂ ਸ਼੍ਰੋਮਣੀ ਅਕਾਲੀ ਦਲ ਵਿੱਚ ਸੀ, ਮੇਰਾ ਪਰਿਵਾਰ ਸ਼ੁਰੂ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਰਿਹਾ ਹੈ, ਮੈਂ ਸਿਆਸੀ ਕਾਰਨ ਕਰਕੇ ਛੱਡ ਕੇ ਆ ਗਿਆ। ਮੈਂ ਇੱਕ ਗੱਲ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮੈਂ ਛੱਡ ਕੇ ਆਇਆ ਤਾਂ ਮੇਰੇ ਮਾਤਾ ਜੀ ਮੇਰੇ ਨਾਲ ਨਰਾਜ਼ ਹੋਏ ਕਿ ਕਾਕਾ ਪੰਥ ਨੂੰ ਨਹੀਂ ਛੱਡਣਾ। ਸ਼੍ਰੋਮਣੀ ਅਕਾਲੀ ਦਲ ਨੂੰ ਨਹੀਂ ਛੱਡਣਾ। ਉਨ੍ਹਾਂ ਨੇ ਕਈ ਸਾਲ ਮੇਰੇ ਨਾਲ ਚੰਗੀ ਤਰ੍ਹਾਂ ਗੱਲ ਨਹੀਂ ਕੀਤੀ। ਜਿਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਦੁਖਾਂਤ ਹੋਇਆ ਤਾਂ ਸਵੇਰੇ ਮੇਰੀ ਮਾਤਾ ਜੀ ਨੇ ਕਿਹਾ ਕਾਕਾ, ਇੱਕ ਮਿੰਟ ਮੇਰੀ ਗੱਲ ਸੁਣ ਕੇ ਜਾਈਂ। ਉਹ ਮੈਨੂੰ ਕਹਿੰਦੇ ਕਾਕਾ, ਤੂੰ ਸਹੀ ਸੀ ਅਤੇ ਮੈਂ ਗਲਤ ਸੀ। ਤੂੰ ਵੇਲੇ ਸਿਰ ਇਨ੍ਹਾਂ ** ** ਨੂੰ ਛੱਡ ਕੇ ਚਲਾ ਗਿਆ। ਇਹ ਉਹ ਸ਼੍ਰੋਮਣੀ ਅਕਾਲੀ ਦਲ ਨਹੀਂ ਰਹਿ ਗਿਆ, ਇਹ ਉਹ ਪਾਰਟੀ ਨਹੀਂ ਹੈ ਜਿਨ੍ਹਾਂ ਨੇ ਪੰਜਾਬ ਵਾਸਤੇ, ਸਿੱਖਾਂ ਵਾਸਤੇ ਜਾਂ ਪੰਜਾਬੀਅਤ ਵਾਸਤੇ ਕੁਰਬਾਨੀਆਂ ਦਿੱਤੀਆਂ। ਇਹ ਤਾਂ ਹੋਰ ਹੀ ਟੋਲਾ ਹੈ, ਜਿਹੜਾ ਸਿਰਫ ਆਪਣੇ ਵਾਸਤੇ ਹੀ ਹੈ। ਇਸ ਕਰਕੇ ਇਹ ਕੀ ਜਾਨਣ। ਮੈਂ ਅਖੀਰ ਵਿੱਚ ਇੱਕ ਮਿੰਟ ਲੈਣਾ ਹੈ। ਕੱਲ੍ਹ ਮੈਂ ਪ੍ਰੈਸ ਕਾਨਫਰੰਸ ਦੇਖ ਰਿਹਾ ਸੀ। ਅੱਜ ਕੱਲ੍ਹ ਹਰੇਕ ਦੇ

---

** **Expunged as ordered by the Hon'ble Speaker.

ਹੱਥ ਵਿੱਚ ਟੈਲੀਫੋਨ ਹੈ, ਚੈਨਲ ਵੀ ਸੁੱਖ ਨਾਲ ਬਹੁਤ ਹਨ। ਸਾਰਾ ਕੁਝ ਹੀ ਦੇਖਣ ਨੂੰ ਮਿਲਦਾ ਹੈ ਪਰ ਥੋੜ੍ਹੇ ਦਿਨ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੈਂ ਪ੍ਰੈਸ ਕਾਨਫਰੰਸ ਕਰਾਂਗਾ ਤਾਂ ਧਮਾਕਾ ਕਰਾਂਗਾ। ਕੱਲ੍ਹ ਜਿਹੜਾ ਕਰਨਾ ਸੀ, ਉਹ ਮੈਂ ਦੇਖਿਆ ਕਿ ਕੀ ਕੀਤਾ ਹੈ। ਕਹਿੰਦੇ ਕਿ ਦਾਦੂਵਾਲ, ਇੱਕ ਫੋਟੋ ਦਿਖਾ ਦਿੱਤੀ, ਇਸ ਫੋਟੋ ਵਿੱਚ ਤਾਂ ਮੈਂ ਹੀ ਨਹੀਂ ਹਾਂ। ਉਹ ਪੰਜਾਬ ਭਵਨ ਮੀਟਿੰਗ ਹੋਈ, ਸਾਰੀ ਪ੍ਰੈਸ ਨੇ ਕਵਰ ਕੀਤੀ। ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਸ਼ੂ ਹੋਵੇ ਅਤੇ ਉਹ ਇਹੋ ਜਿਹੇ ਇਸ਼ੂ ਚੁੱਕੇ ਤਾਂ ਉਸ ਨੂੰ ਸ਼ਰਮ ਆਉਣੀ ਚਾਹੀਦੀ ਹੈ। ਕਹਿੰਦੇ ਹਨ ਕਿ ਟਾਵਰ ਲੋਕੇਸ਼ਨ ਸੀ। ਡਿਪਟੀ ਸਪੀਕਰ ਸਾਹਿਬ, ਇੱਕ ਟਾਵਰ ਵਿੱਚ ਚਾਰ ਸੈਕਟਰ ਪੈਂਦੇ ਹਨ। ਅਗਲਾ ਭਾਵੇਂ ਘਰੇ ਬੈਠਾ ਹੋਵੇ ਅਤੇ ਇਹ ਕਹਿੰਦੇ ਹਨ ਕਿ ਟਾਵਰ ਲੋਕੇਸ਼ਨ ਸੀ। ਮੇਰਾ ਕਹਿਣ ਤੋਂ ਭਾਵ ਹੈ ਕਿ ਬਹਾਨੇ ਬਣਾਉਣ ਨਾਲ, ਸਫਾਈਆਂ ਦੇਣ ਨਾਲ ਖਹਿੜਾ ਨਹੀਂ ਛੁਟਣਾ। ਇਸ ਤਰ੍ਹਾਂ ਖਹਿੜਾ ਨਹੀਂ ਛੁਟਣਾ। ਪੰਜਾਬ ਦੇ ਲੋਕ ਹਿਸਾਬ ਲੈਣਗੇ। ਮੈਂ ਅੱਜ ਪੰਜਾਬੀਆਂ ਨੂੰ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਹਾਊਸ ਹੈ, ਇਹ ਪੰਜਾਬ ਦੀ ਚੁਣੀ ਹੋਈ ਪੰਚਾਇਤ ਹੈ ਅਤੇ ਪਿੰਡਾਂ ਵਿੱਚ ਇੱਕ ਗੱਲ ਕਹਿੰਦੇ ਹਨ ਕਿ ਜਿਹੜਾ ਬੰਦਾ ਪੰਚਾਇਤ ਵਿੱਚੋਂ ਭੱਜ ਜਾਵੇ ਉਸ ਦੇ ਨਾਲ ਦਾ ਮਾੜਾ ਬੰਦਾ ਕੋਈ ਨਹੀਂ ਹੈ। ਪੰਜਾਬੀਓ, ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ ਤੇ ਇਹ ਪੰਚਾਇਤ ਵਿੱਚੋਂ ਭੱਜੇ ਹਨ ਅਤੇ ਪੰਜਾਬੀਓ, ਜੇ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਪਿਆਰ ਕਰਦੇ ਹੋ, ਉਸ ਗੁਰੂ ਨੂੰ ਮੰਨਦੇ ਹੋ ਤਾਂ ਇਨ੍ਹਾਂ ਨੂੰ ਪੰਜਾਬ ਵਿੱਚੋਂ ਭਜਾ ਦਿਉ। (ਥੰਪਿੰਗ) ਜੇ ਤੁਸੀਂ ਉਸ ਗੁਰੂ ਦੀ ਗੱਲ ਰੱਖਣੀ ਹੈ ਤਾਂ ਇਨ੍ਹਾਂ ਨੂੰ ਪਤਾ ਲੱਗੇ ਕਿ ਜਿਹੜਾ ਬੰਦਾ ਗੁਰੂ ਤੋਂ ਬੇਮੁੱਖ ਹੋ ਗਿਆ, ਉਹ ਪੰਜਾਬੀਆਂ ਦੇ ਦਿਲਾਂ ਵਿੱਚੋਂ ਬੇਮੁੱਖ ਹੋ ਗਿਆ। ਪੰਜਾਬੀਓ, ਇਹ ਸਿਲਾ ਦਿਉ। ਅੱਜ ਦੇਖਦੇ ਹਾਂ ਅਤੇ ਕਹਿੰਦੇ ਹਨ ਕਿ ਲਾਈਵ ਕਵਰੇਜ ਹੋ ਰਹੀ ਹੈ। ਮੇਰੀ ਤਾਂ ਪੰਜਾਬੀਆਂ ਨੂੰ ਹੱਥ ਬੰਨ ਕੇ ਮਿੰਨਤ ਹੈ ਕਿ ਜੇ ਤੁਸੀਂ ਹੁਣ ਇਨ੍ਹਾਂ ਨੂੰ ਸਾਫ ਨਾ ਕੀਤਾ, ਜੇ ਹੁਣ ਗੱਲ ਨਾ ਮੁਕਾਈ ਤੇ ਜੇ ਗੁਰੂ ਦੀ ਬੇਅਦਬੀ ਬਾਅਦ ਵੀ ਸੁੱਤੇ ਨਾ ਉੱਠੇ ਤਾਂ ਫਿਰ ਤੁਹਾਡਾ ਕੋਈ ਰਾਖਾ ਨਹੀਂ ਹੈ। ਪੰਜਾਬੀਓ, ਫਿਰ ਤੁਹਾਨੂੰ ਕੋਈ ਨਹੀਂ ਬਚਾ ਸਕਦਾ। ਫਿਰ ਤੁਹਾਡਾ ਅੰਤ ਕੋਈ ਨਹੀਂ ਰੋਕ ਸਕਦਾ। ਇਸ ਕਰਕੇ ਉਸ ਗੁਰੂ ਦੀ ਗੱਲ ਹੈ। ਉਸ ਗੁਰੂ ਦੀ ਇੱਜ਼ਤ ਦੀ ਗੱਲ ਹੈ। ਇਹ ਸਿਆਸਤਾਂ ਆਉਂਦੀਆਂ-ਜਾਂਦੀਆਂ ਰਹਿਣੀਆਂ ਹਨ, ਇਹ ਸ਼ਕਤੀਆਂ ਆਉਂਦੀਆਂ-ਜਾਂਦੀਆਂ ਰਹਿਣੀਆਂ ਹਨ ਪਰ ਜੇ ਅਸੀਂ ਆਪਣੇ ਗੁਰੂ ਦੀ ਗੱਲ ਤੇ ਨਾ ਖੜ੍ਹ ਸਕੇ ਅਤੇ ਜਿਹੜੇ ਗੁਰੂ ਤੋਂ ਬੇਮੁੱਖ ਹੋਏ ਹਨ ਜੇ ਉਨ੍ਹਾਂ ਨੂੰ ਉਨ੍ਹਾਂ ਦਾ ਚਿਹਰਾ ਨਾ ਦਿਖਾ ਸਕੇ ਤਾਂ ਮੈਂ ਸਮਝਦਾ ਹਾਂ ਕਿ ਜਿਸ ਦਿਨ ਸਾਡੀਆਂ ਅੰਤਿਮ ਅਰਦਾਸਾਂ ਹੋਣੀਆਂ ਹਨ, ਉਸ ਦਿਨ ਵੀ ਅਸੀਂ ਗੁਰੂ ਨੂੰ ਮੂੰਹ ਨਹੀਂ ਦਿਖਾ ਸਕਾਂਗੇ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦੀ ਹਾਂ। ਮੈਂ ਸੀ.ਐਮ. ਸਾਹਿਬ ਨੂੰ, ਸਾਰੇ ਸਦਨ ਨੂੰ ਬੇਨਤੀ ਕਰਨੀ

ਚਾਹੁੰਦਾ ਹਾਂ ਕਿ ਇਹ ਗੱਲ ਇਹੋ ਜਿਹੀ ਹੈ ਕਿ ਜੇ ਇਸ ਵਿੱਚ ਚੰਗੀ ਤਰ੍ਹਾਂ ਇੱਕ ਆਇਨੇ ਵਾਂਗ ਦੁਨੀਆਂ ਨੂੰ ਨਾ ਦਿਖਾਇਆ ਗਿਆ, ਜਿਨ੍ਹਾਂ ਨੇ ਇੰਨੀ ਘਿਨਾਉਣੀ ਗੱਲ ਕੀਤੀ ਹੈ, ਉਨ੍ਹਾਂ ਨੂੰ ਸਿਰੇ ਨਾ ਲਗਾਇਆ ਗਿਆ ਤਾਂ ਕਿਸੇ ਨੇ ਯਕੀਨ ਨਹੀਂ ਕਰਨਾ। ਸਰਕਾਰਾਂ ਦੇ ਵਜੂਦ ਖਤਮ ਹੋ ਜਾਣਗੇ। ਡਿਪਟੀ ਸਪੀਕਰ ਸਾਹਿਬ, ਅਖੀਰ ਵਿੱਚ ਮੇਰੀ ਇਹ ਬੇਨਤੀ ਹੈ, ਸਾਰੇ ਮੈਂਬਰ ਸਾਹਿਬਾਨ ਨੂੰ, ਮੈਂ ਤਾਂ ਉਨ੍ਹਾਂ ਨੂੰ ਵੀ ਕਹਿੰਦਾ ਹਾਂ ਕਿ ਇਸ ਗੱਲ ਨੂੰ ਸਾਰੇ ਜਣੇ, ਪਾਰਟੀ ਲਾਈਨ ਤੋਂ ਵੀ ਉਪਰ ਉੱਠ ਕੇ ਸੋਚੀਏ ਕਿਉਂਕਿ ਕੁਝ ਗੱਲਾਂ ਇਹੋ ਜਿਹੀਆਂ ਹਨ ਜਿਨ੍ਹਾਂ ਦਾ ਜਵਾਬ ਇਕੱਲਾ ਇੱਥੇ ਨਹੀਂ ਦੇਣਾ ਪੈਣਾ, ਜਵਾਬ ਉੱਤੇ ਜਾ ਕੇ ਵੀ ਦੇਣਾ ਪੈਣਾ ਹੈ। ਸੋ, ਇੰਨਾ ਕਹਿੰਦਾ ਹੋਇਆ ਮੈਂ ਖਿਮਾ ਮੰਗਦਾ ਹਾਂ, ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਦੱਸੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਡਿਪਟੀ ਸਪੀਕਰ ਸਾਹਿਬ, ਸਾਡੇ ਮੈਂਬਰ ਵੀ ਬੈਠੇ ਹਨ, ਇਨ੍ਹਾਂ ਨੂੰ ਵੀ ਟਾਈਮ ਦੇ ਦਿਓ।

**ਮਾਨਯੋਗ ਡਿਪਟੀ ਸਪੀਕਰ:** ਖਹਿਰਾ ਸਾਹਿਬ, ਡੈਫੀਨੇਟਲੀ ਟਾਈਮ ਮਿਲੇਗਾ, ਜਿਹੜਾ ਤੁਹਾਨੂੰ ਪ੍ਰੋਮਿਸ ਕੀਤਾ ਹੈ, ਉਹ ਪੂਰਾ ਕਰਾਂਗੇ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਕੀ ਇਸ ਤੋਂ ਪਹਿਲਾਂ ਸਾਡਾ ਨਾਂ ਹੀ ਨਹੀਂ ਹੈ?

**ਮਾਨਯੋਗ ਡਿਪਟੀ ਸਪੀਕਰ:** ਨਾਂ ਹੈ, ਜਿਨ੍ਹਾਂ ਦੇ ਨਾਂ ਹਨ, ਉਹ ਆਲਰੇਡੀ ਤੁਹਾਡੇ ਵੱਲੋਂ ਹੀ ਭੇਜੇ ਹੋਏ ਹਨ ਤੇ ਉਹ ਨਾਂ ਮੇਰੇ ਸਾਹਮਣੇ ਪਏ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਰ, ਉਸ ਵਿੱਚ ਸੰਧੂ ਸਾਹਿਬ ਦਾ ਨਾਂ ਵੀ ਪਾ ਦਿਓ। Some meaningful contribution to the debate, ਸਾਡੇ ਸਾਰੇ ਐਮ.ਐਲ.ਏਜ਼ ਨੂੰ ਥੋੜ੍ਹਾ-ਥੋੜ੍ਹਾ ਸਮਾਂ ਦਿਵਾ ਦਿਓ, ਭਾਵੇਂ ਪੰਜ-ਪੰਜ ਮਿੰਟ ਦਾ ਸਮਾਂ ਦਿਵਾ ਦਿਓ। ਇੱਕ ਵਾਰੀ ਸਾਰਿਆਂ ਨੂੰ ਬੋਲ ਲੈਣ ਦਿਓ।

**ਮਾਨਯੋਗ ਡਿਪਟੀ ਸਪੀਕਰ:** ਹਾਂ ਜੀ, ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ):** ਬਹੁਤ ਹੀ ਧੰਨਵਾਦ ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਜਸਟਿਸ ਰਣਜੀਤ ਸਿੰਘ ਜੀ ਦੀ ਰਿਪੋਰਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਾਰੀ ਰਾਤ ਇਹ ਗੱਲ ਸੋਚਦਾ ਰਿਹਾ ਕਿ ਕੱਲ੍ਹ ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤੇ ਬੋਲਣਾ

ਹੈ। ਅਗਰ ਕੇਵਲ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤੇ ਬੋਲਣਾ ਹੁੰਦਾ ਤਾਂ ਸ਼ਾਇਦ ਬਹੁਤਾ ਸੋਚਣ ਦੀ ਕੋਈ ਲੋੜ ਨਹੀਂ ਸੀ ਲੇਕਿਨ ਸਾਰੀ ਰਾਤ ਇਸ ਕਰਕੇ ਸੋਚਦਾ ਰਿਹਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਹਿਬ ਦੇ ਉੱਪਰ ਬੋਲਣਾ ਹੈ ਤੇ ਰਾਜਾ ਵੜਿੰਗ ਵੱਲੋਂ ਜੇ ਰੱਤੀ ਵੱਧ ਜਾਂ ਰੱਤੀ ਘੱਟ ਬੋਲਿਆ ਗਿਆ ਤਾਂ ਸ਼ਾਇਦ ਮੈਨੂੰ ਜਨਤਾ ਦੀ ਕਚਹਿਰੀ ਵਿੱਚ ਤਾਂ ਮੁਆਫੀ ਮਿਲ ਜਾਵੇਗੀ ਪਰ ਪ੍ਰਮਾਤਮਾ ਦੀ ਕਚਹਿਰੀ ਵਿੱਚ ਮੁਆਫੀ ਨਹੀਂ ਮਿਲੇਗੀ। ਡਿਪਟੀ ਸਪੀਕਰ ਸਾਹਿਬ, ਜਸਟਿਸ ਰਣਜੀਤ ਸਿੰਘ ਜੀ ਕੀ ਲਿਖਦੇ ਹਨ ਤੇ ਰਿਪੋਰਟ ਵਿੱਚ ਕੀ ਹੈ, ਮੇਰਾ ਖਿਆਲ ਹੈ ਕਿ ਇਸ ਬਾਰੇ ਸਾਰੇ ਬੁਲਾਰਿਆਂ ਨੇ ਬੋਲਿਆ ਹੈ ਤੇ ਮੈਂ ਇਸ ਨੂੰ ਦੁਬਾਰਾ-ਦੁਬਾਰਾ ਦੁਹਰਾਵਾਂ ਤਾਂ ਇਹ ਚੰਗੀ ਗੱਲ ਨਹੀਂ, ਇਹ ਤਾਂ ਹਾਊਸ ਦਾ ਵੀ ਸਮਾਂ ਖਰਾਬ ਕਰਨ ਵਾਲੀ ਗੱਲ ਹੈ। ਨਿਚੋੜ ਕੀ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬੇਅਦਬੀ ਕਿਨ੍ਹਾਂ ਲੋਕਾਂ ਨੇ ਕੀਤੀ ਤੇ ਬਹਿਬਲ ਕਲਾਂ ਕਾਂਡ ਦੇ ਅੰਦਰ ਜਿਹੜੀ ਗੋਲੀ ਚੱਲੀ ਜਾਂ ਬਰਗਾੜੀ ਕਾਂਡ ਹੋਇਆ, ਉਥੇ ਕਿਨ੍ਹਾਂ ਨੇ ਗੋਲੀ ਚਲਾਈ ਤੇ ਕਿਨ੍ਹਾਂ ਨੇ ਗੋਲੀ ਚਲਾਉਣ ਦੇ ਹੁਕਮ ਦਿੱਤੇ? ਉਨ੍ਹਾਂ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਵੇ ਅਤੇ ਉਸ ਘਟਨਾਕ੍ਰਮ ਨੂੰ ਹਿੰਦੁਸਤਾਨ ਦੇ ਅੱਗੇ ਤੇ ਹਿੰਦੁਸਤਾਨ ਵਿੱਚ ਰਹਿੰਦੇ ਪੰਜਾਬੀਆਂ ਦੇ ਅੱਗੇ ਰੱਖਿਆ ਜਾਵੇ ਕਿ ਇਹ ਕੀ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਜ਼ਰਾ ਪਿੱਛੇ ਜਾਣਾ ਚਾਹੁੰਦਾ ਹਾਂ ਕਿ ਇਸ ਪਿੱਛੇ ਇਨ੍ਹਾਂ ਲੋਕਾਂ ਦੀ ਕੀ ਰਾਜਨੀਤੀ ਹੈ, ਜਿਹੜੇ ਅੱਜ ਸੀਟਾਂ ਛੱਡ ਕੇ ਚਲੇ ਗਏ ਹਨ। ਇਹ ਚਰਚਾ ਅਹਿਮ ਚਰਚਾ ਹੈ।ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਤੇ ਚਰਚਾ ਦੇ ਨਾਲ-ਨਾਲ ਸਾਡੇ ਆਪਣੇ ਬਾਪ 'ਤੇ ਜਿਸ ਨੂੰ ਅਸੀਂ ਆਪਣਾ ਬਾਪ ਕਹਿੰਦੇ ਹਾਂ, ਉਨ੍ਹਾਂ ਦੀ ਬੇਅਦਬੀ ਬਾਰੇ ਅਸੀਂ ਅੱਜ ਚਰਚਾ ਕਰਨੀ ਸੀ, ਬੋਲਣਾ ਸੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣੀਆਂ ਸੀ। ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਇੱਥੇ ਹਾਊਸ ਵਿੱਚ ਰਹਿਣਾ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਇਹ ਕਿਉਂ ਹੋਇਆ? ਕਈ ਬੁਲਾਰਿਆਂ ਨੇ ਡੇਰੇ ਦੀ ਗੱਲ ਕੀਤੀ ਕਿ ਇਹ ਕੰਮ ਉਥੋਂ ਚੱਲਿਆ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਕੰਮ ਇੱਥੋਂ ਚੱਲਿਆ ਕਿ ਜਦੋਂ ਪੈਕਟਾਂ ਵਿੱਚ ਜਾਂ ਲਿਫਾਫੇ ਵਿੱਚ ਨਾਮ ਬੰਦ ਕਰਕੇ ਸ੍ਰੀ ਅਕਾਲ ਤਖਤ ਦੇ ਜੱਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਜਾਣ ਲੱਗੇ ਤਾਂ ਇਸ ਪਿੱਛੇ ਸ਼੍ਰੋਮਣੀ ਅਕਾਲੀ ਦਲ ਦੀ, ਸਰਦਾਰ ਪਰਕਾਸ਼ ਸਿੰਘ ਬਾਦਲ ਹੋਰਾਂ ਦੀ ਗਹਿਰੀ ਸਾਜ਼ਿਸ਼ ਸੀ, ਪੰਜਾਬ ਦੇ ਪੰਜਾਬੀ ਲੋਕ ਉਨ੍ਹਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਏ ਤੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਗਿਆ ਸੀ । ਸਾਜ਼ਿਸ਼ ਇਹ ਸੀ ਕਿ ਪੰਜਾਬੀਆਂ ਨੂੰ ਭੰਬਲਭੂਸੇ ਵਿੱਚ ਪਾਈ ਰੱਖੋ। ਲਿਫਾਫਾ ਆਉਂਦਾ ਸੀ ਕਿ ਫਲਾਣਾ ਝੋਲੀ ਚੁੱਕ ਵਿਅਕਤੀ ਅੱਜ ਤੁਹਾਡਾ ਪੋਪ

[ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ]

ਬਣਾ ਦਿੱਤਾ ਗਿਆ ਹੈ, ਅੱਜ ਸ੍ਰੀ ਅਕਾਲ ਤਖਤ ਸਾਹਿਬ ਦਾ ਜੱਥੇਦਾਰ ਬਣਾ ਦਿੱਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੇਰੇ ਵਰਗੇ ਨਵੀਂ ਪੀੜ੍ਹੀ ਵਾਲੇ, ਜਿਨ੍ਹਾਂ ਨੂੰ ਗੁਰੂਆਂ ਦੀ ਕੁਰਬਾਨੀ ਬਾਰੇ ਚਾਨਣਾ ਨਹੀਂ ਹੈ, ਜਿਹੜੇ ਨਿੱਕੇ-ਨਿੱਕੇ ਨਿਆਣੇ ਤੇ ਬੱਚੇ ਹਨ, ਜਿਨ੍ਹਾਂ ਨੂੰ ਜਾ ਕੇ ਦੱਸਣਾ ਸੀ ਕਿ ਗੁਰੂਆਂ ਦੀ ਕੁਰਬਾਨੀ ਕੀ ਹੈ, ਸਿੱਖੀ ਦੀ ਕੀ ਕੁਰਬਾਨੀ ਹੈ, ਸਾਡੇ ਵਰਗੇ ਲੋਕਾਂ ਦਾ ਵਿਸ਼ਵਾਸ ਉੱਠ ਗਿਆ। ਗਿੱਲ ਸਾਹਿਬ ਹੁਰਾਂ ਨੇ ਇੱਥੇ ਬੋਲਦੇ ਹੋਇਆ ਦੱਸਿਆ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜੱਥੇਦਾਰ ਇਹ ਵਿਅਕਤੀ ਬਣ ਗਏ ਅਤੇ ਕਿੱਥੋਂ ਲੈ ਕੇ ਕਿੱਥੇ ਤੱਕ ਪਹੁੰਚ ਗਏ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਕਾਰਨ ਲੋਕਾਂ ਦਾ ਵਿਸ਼ਵਾਸ ਉੱਠ ਗਿਆ। ਕੋਈ ਸਮਾਂ ਹੁੰਦਾ ਸੀ ਕਿ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਵਰਗੇ ਮੀਤ ਪ੍ਰਧਾਨ ਸਨ, ਜਿਨ੍ਹਾਂ ਦੇ ਨਾਮ ਤੇ ਤੇਜਾ ਸਿੰਘ ਸਮੁੰਦਰੀ ਹਾਲ ਹੈ ਤੇ ਜਿਸ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਿਹਾ ਜਾਂਦਾ ਹੈ। ਟੌਹੜਾ ਸਾਹਿਬ ਵਰਗੇ ਵੀ ਪ੍ਰਧਾਨ ਰਹੇ ਹਨ, ਬੇਸ਼ੱਕ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਨਾਤਾ ਰਿਹਾ ਹੈ। ਜਿੱਥੇ ਕਿਤੇ ਟੌਹੜਾ ਸਾਹਿਬ ਵਰਗੇ, ਮਾਸਟਰ ਤਾਰਾ ਸਿੰਘ ਵਰਗੇ ਸਿੱਖ ਕੌਮ ਵਾਸਤੇ ਹੁਕਮ ਸੁਣਾਇਆ ਕਰਦੇ ਸੀ ਅਤੇ ਨਾ ਕੇਵਲ ਸਿੱਖ ਕੌਮ ਬਲਕਿ ਪੂਰੇ ਹਿੰਦੁਸਤਾਨ ਦੇ ਲੋਕ ਉਸ ਫੁਰਮਾਨ ਨੂੰ ਮੰਨਦੇ ਸਨ ਕਿ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਤੋਂ ਇਹ ਫੁਰਮਾਨ ਆਇਆ ਹੈ। ਡਿਪਟੀ ਸਪੀਕਰ ਸਾਹਿਬ, ਤੇਜਾ ਸਿੰਘ ਸਮੁੰਦਰੀ ਹਾਲ ਵਿੱਚੋਂ ਫੁਰਮਾਨ ਆਉਂਦਾ ਸੀ ਅਤੇ ਉਹ ਸਭ ਵੱਲੋਂ ਮੰਨਿਆ ਜਾਂਦਾ ਸੀ, ਇਨ੍ਹਾਂ ਨੇ ਉਹ ਤੋੜਿਆ ਅਤੇ ਡੇਰਾਵਾਦ ਪੈਦਾ ਕੀਤਾ, ਕੋਈ ਇੱਕ ਡੇਰਾ ਨਹੀਂ, ਤਮਾਮ ਡੇਰੇ ਪੈਦਾ ਹੋਏ ਕਿਉਂਕਿ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜਿਹੇ ਬੰਦੇ ਲਾਏ ਗਏ ਜਿਨ੍ਹਾਂ ਦਾ ਨਾਮ ** ** ਸੀ। ਇਨ੍ਹਾਂ ਵਰਗੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਬਣੇ। ਧਰਮ ਦਾ ਪ੍ਰਚਾਰ ਕਿਸ ਨੇ ਕਰਨਾ ਸੀ ਤੇ ਮੇਰੇ ਵਰਗੇ ਨੇ ਦਸਤਾਰ ਕਿਵੇਂ ਸਜਾਉਣੀ ਸੀ? ਜਿਹੜੇ ਨਵੇਂ ਨਿਆਣੇ ਹਨ, ਉਨ੍ਹਾਂ ਨੂੰ ਸਿੱਖੀ ਦੀਆਂ ਕੁਰਬਾਨੀਆਂ ਦਾ ਕਿਵੇਂ ਪਤਾ ਲੱਗਣਾ ਸੀ? ਇਨ੍ਹਾਂ ਨੇ ਧਰਮ ਪ੍ਰਚਾਰ ਕਮੇਟੀ ਦਾ ਮੈਂਬਰ ** ** ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਾਈਸ ਪ੍ਰਧਾਨ ਕਿਸ ਨੂੰ ਲਾਇਆ? ** ** (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ** ** ਵਰਗੇ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਬੈਠੇ ਅਤੇ ਸਿੱਖਾਂ ਦੀ ਨਸਲ ਖਤਮ ਕਰਨ ਦੀ ਕੋਸ਼ਿਸ਼ ਇਨ੍ਹਾਂ ਸਾਜ਼ਿਸ਼ੀ ਲੋਕਾਂ ਨੇ ਰਚੀ ਜਿਹੜੀ ਕਿ ਅੱਜ ਤੱਕ ਲੋਕਾਂ ਨੂੰ ਸਮਝ ਨਹੀਂ ਆਈ, ਲੋਕਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਿਆ। (ਥੰਪਿੰਗ) ਜਿਹੜਾ ** ** ਵਿਅਕਤੀ ਹੈ, ਉਸ ਨੂੰ ਸ੍ਰੀ ਅਕਾਲ ਤਖਤ ਦਾ ਜੱਥੇਦਾਰ ਬਣਾ ਦਿੱਤਾ ਜਾਂਦਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਜਾਂਦਾ। ਜਿਵੇਂ ਪੋਪ

---

** **Expunged as ordered by the Hon'ble Speaker.

ਨੂੰ ਚੁਣਿਆ ਜਾਂਦਾ ਹੈ, ਤਮਾਮ ਬੁੱਧੀਜੀਵੀ ਲੋਕ ਜਿਵੇਂ ਪੋਪ ਨੂੰ ਚੁਣਦੇ ਹਨ, ਕਿਉਂ ਨਹੀਂ ਕੋਈ ਅਜਿਹਾ ਸਿੱਖ ਬਣਾਉਂਦੇ ਕਿ ਜਿੰਨਾ ਚਿਰ ਜੀਵਤ ਰਹੇਗਾ, ਉਹੀ ਸਾਡੇ ਸ੍ਰੀ ਅਕਾਲ ਤਖਤ ਸਾਹਿਬ ਦਾ ਜੱਥੇਦਾਰ ਰਹੇਗਾ। ਉਹ ਇਸ ਕਰਕੇ ਨਹੀਂ ਬਣਾਇਆ ਜਾਂਦਾ ਕਿ ਜਿਹੜਾ ਜੱਥੇਦਾਰ ਬਣਦਾ ਹੈ, ਦੋ ਕੁ ਸਾਲਾਂ ਬਾਅਦ ਕਿਤੇ ਨਾ ਕਿਤੇ ਉਸ ਦੀ ਅੰਤਰ ਆਤਮਾ ਅਵਾਜ਼ ਦਿੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਬੈਠ ਕੇ ਤੂੰ ਵੱਡਾ ਪਾਪ ਕਰ ਰਿਹਾ ਹੈ। ਜਦੋਂ ਕੋਈ ਜਥੇਦਾਰ ਇੱਕ-ਅੱਧਾ ਫਰਮਾਨ ਉਲਟ ਕਰਦਾ ਹੈ ਤਾਂ ਫਿਰ ਲਿਫਾਫੇ ਵਿੱਚ ਫ਼ਰਮਾਨ ਭੇਜ ਕੇ ਉਸ ਨੂੰ ਬਦਲ ਦਿੱਤਾ ਜਾਂਦਾ ਹੈ। ਅੱਜ ਇਹ ਲੋਕ ਸ੍ਰੀ ਅਕਾਲ ਤਖਤ ਸਾਹਿਬ ਦਾ ਜੱਥੇਦਾਰ ਅਤੇ ਪ੍ਰਧਾਨ ਚੁਣਦੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਇੱਥੋਂ ਕੰਮ ਚੱਲਿਆ ਹੈ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਘਟਨਾਵਾਂ ਦਾ ਵੇਰਵਾ ਦਿੰਦਾ ਹਾਂ। ਮਿਤੀ 1 ਜੂਨ, 2015 ਨੂੰ ਪਿੰਡ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਚੋਰੀ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, 1 ਜੂਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਏ ਤੇ 11 ਜੂਨ ਨੂੰ ਪੁਲਿਸ ਸਟੇਸ਼ਨ ਦੇ ਅੱਗੇ ਧਰਨਾ ਲੱਗਿਆ। ਫਿਰ 24 ਸਤੰਬਰ, 2015 ਨੂੰ ਪੋਸਟਰ ਲਾਏ ਜਾਂਦੇ ਹਨ ਕਿ ਤੁਹਾਡਾ ਗੁਰੂ ਚੁੱਕ ਲਿਆ ਗਿਆ ਹੈ ਤੇ ਚੰਦ ਦਿਨਾਂ ਵਿੱਚ ਤੁਹਾਡੇ ਗੁਰੂ ਨੂੰ ਪੈਰਾਂ ਵਿੱਚ ਰੋਲਿਆ ਜਾਵੇਗਾ। ਇਸ ਦੇ ਬਾਵਜੂਦ, ਇਹ ਸਿੱਖਾਂ ਦੇ ਸਿਰਮੌਰ ਆਗੂਆਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ ਕਿ ਇੱਕ ਜੂਨ ਨੂੰ ਸਾਡੇ ਪਿਉ ਨੂੰ ਚੁੱਕ ਲਿਆ ਗਿਆ ਸੀ। ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕਹਿੰਦੇ ਹਨ ਕਿ ਜਸਟਿਸ ਰਣਜੀਤ ਸਿੰਘ ਨੇ ਝੂਠ ਲਿਖ ਦਿੱਤਾ, ਜੇ ਮੈਂ ਇਨ੍ਹਾਂ ਦੇ ਮੁਤਾਬਿਕ ਕਹਾਂ ਪਰ ਕੀ ਇੱਕ ਜੂਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਨਹੀਂ ਹੋਏ ? ਇਸ ਘਟਨਾ ਦੀ ਦੁਨੀਆ ਗਵਾਹ ਹੈ, ਪ੍ਰੈਸ ਗਵਾਹ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਤਕਰੀਬਨ-ਤਕਰੀਬਨ 116 ਦਿਨਾਂ ਬਾਅਦ ਤੱਕ ਵੀ ਪੰਜਾਬ ਦਾ ਗ੍ਰਹਿ ਮੰਤਰੀ ਸੁੱਤਾ ਪਿਆ ਰਿਹਾ, ਜਦੋਂ ਤੱਕ ਪੋਸਟਰ ਲਗਾਏ ਗਏ, ਉਸ ਸਮੇਂ ਤੱਕ ਕੋਈ ਕਾਰਵਾਈ ਨਹੀਂ ਹੋਈ । 12 ਅਕਤੂਬਰ ਯਾਨੀ ਕਿ ਸਾਢੇ ਚਾਰ ਮਹੀਨੇ ਦੇ ਲਗਪਗ ਵਕਫੇ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ 110 ਅੰਗ ਬਰਗਾੜੀ ਪਿੰਡ ਵਿੱਚ ਖਿਲਾਰੇ ਗਏ। ਫਿਰ ਵੀ ਇਨ੍ਹਾਂ ਨੂੰ ਰੋਹ ਨਹੀਂ ਆਇਆ। ਫਿਰ ਵੀ ਇਹ ਗੱਲ ਨਹੀਂ ਹੋਈ ਕਿ ਦੋਸ਼ੀਆਂ ਨੂੰ ਭਾਲ਼ੋ ਅਤੇ ਫੜੋ, ਜਿਨ੍ਹਾਂ ਨੇ ਇਹ ਕੰਮ ਕੀਤਾ ਹੈ, ਜਿਨ੍ਹਾਂ ਨੇ ਇਹ ਸਾਜ਼ਿਸ਼ ਰਚੀ ਹੈ, ਉਨ੍ਹਾਂ ਨੂੰ ਛਿੱਕੇ ਤੇ ਟੰਗੋ, ਇਹ ਕਿਸੇ ਨੇ ਨਹੀਂ ਕਿਹਾ। ਡਿਪਟੀ ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਖਿਲਾਰੇ ਗਏ, ਇਨ੍ਹਾਂ ਨੇ ਕੋਈ ਤਵੱਜੋ ਨਹੀਂ ਦਿੱਤੀ, ਕੀ ਇਹ ਗੁਨਾਹਗਾਰ ਨਹੀਂ ਕਿ ਸਾਡੇ ਪਿਓ ਦੀ ਬੇਅਦਬੀ ਹੋਈ ਹੋਵੇ ਤੇ ਮੁੱਖ ਮੰਤਰੀ ਫਖਰ-ਏ-ਕੌਮ ਪਰਕਾਸ਼ ਸਿੰਘ ਬਾਦਲ ਹੋਣ ਤੇ

ਮੁੰਡਾ ਗ੍ਰਹਿ ਮੰਤਰੀ ਹੋਵੇ। ਇਹ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ? ਡਿਪਟੀ ਸਪੀਕਰ ਸਾਹਿਬ, ਇਹ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਸੀ।ਉਨ੍ਹਾਂ ਦੋਸ਼ੀਆਂ ਤੇ ਕਾਰਵਾਈ ਕਰਨੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਸੀ। ਡਿਪਟੀ ਸਪੀਕਰ ਸਾਹਿਬ, ਹੋਇਆ ਕੀ ਕਿ 13 ਅਕਤੂਬਰ, 2015 ਨੂੰ ਕੋਟਕਪੂਰਾ ਚੌਂਕ ਵਿੱਚ ਧਰਨਾ ਲਾਇਆ ਗਿਆ। ਮੇਰਾ ਹਲਕਾ ਗਿੱਦੜਬਾਹਾ ਹੈ, ਜੈਤੋ ਦਾ ਪਿੰਡ ਮੱਲ੍ਹਣ ਮੇਰੇ ਹਲਕੇ ਦਾ ਅਖੀਰਲਾ ਪਿੰਡ ਹੈ ਜੋ ਕਿ ਜੈਤੋ ਤੇ ਬਰਗਾੜੀ ਦੇ ਨਾਲ ਲੱਗ ਜਾਂਦਾ ਹੈ। ਡਿਪਟੀ ਸਪੀਕਰ ਸਾਹਿਬ, 14 ਤਾਰੀਖ ਨੂੰ ਸਵੇਰੇ 6 ਵਜੇ ਉਹ ਲੋਕ ਨੌਕਰੀ ਮੰਗਣ ਨਹੀਂ ਆਏ ਸੀ, ਉਹ ਕੋਈ ਪਰਚਾ ਖਾਰਜ ਕਰਵਾਉਣ ਨਹੀਂ ਆਏ ਸੀ, ਉਹ ਕਿਸੇ ਨੂੰ ਗਾਲ੍ਹਾਂ ਕੱਢਣ ਨਹੀਂ ਆਏ ਸੀ ਸਗੋਂ ਉਹ ਆਪਣੇ ਪਿਓ ਦੀ ਬੇਅਦਬੀ ਖਿਲਾਫ ਲੜਾਈ ਲੜਨ ਲਈ ਉਸ ਚੌਂਕ ਵਿੱਚ ਬੈਠ ਕੇ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ, ਜਿਹੜੇ ਕਿ ਰਾਤ ਦੇ ਧਰਨੇ ਤੇ ਬੈਠੇ ਸਨ। 6 ਵੱਜ ਕੇ 15 ਮਿੰਟ ਤੇ ਕੀ ਹੋਇਆ, ਇਹ ਡਿਟੇਲ ਸਾਰਿਆਂ ਨੇ ਪੜ੍ਹ ਦਿੱਤੀ ਹੈ, ਅਮਨ ਅਰੋੜਾ ਜੀ ਨੇ ਵੀ, ਸਿੱਧੂ ਸਾਹਿਬ ਨੇ ਵੀ ਅਤੇ ਢਿੱਲੋਂ ਸਾਹਿਬ ਨੇ ਵੀ ਪੜ੍ਹ ਦਿੱਤੀ ਹੈ ਕਿ ਕਾਲ ਡਿਟੇਲਡ ਕਿਸ ਦੀਆਂ ਕਿਸ-ਕਿਸ ਨਾਲ ਕਿੰਨੀਆਂ-ਕਿੰਨੀਆਂ ਹੋਈਆਂ ਸਨ। ਡਿਪਟੀ ਸਪੀਕਰ ਸਾਹਿਬ, ਜਦੋਂ ਲਾਠੀਚਾਰਜ ਹੋਇਆ, ਮੈਂ ਉਹ ਵੀਡੀਓ ਵੀ ਦੇਖੀ ਹੈ। ਜੇ ਕਿਤੇ ਇੱਥੇ ਚਲਾ ਦਿਓ ਤਾਂ ਮੈਨੂੰ ਲੱਗਦਾ ਹੈ ਕਿ ਸਾਰੇ ਪੰਜਾਬ ਦੇ ਪੰਜਾਬੀਆਂ ਦੇ ਟੈਲੀਫੋਨ ਵਿੱਚ ਉਹ ਵੀਡੀਓ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਲਾਠੀਚਾਰਜ ਦੌਰਾਨ ਕਈਆਂ ਦੇ ਲੱਕ ਤੋੜ ਦਿੱਤੇ ਗਏ ਤੇ ਅੱਜ ਵੀ ਉਹ ਚੱਲ ਨਹੀਂ ਸਕਦੇ, ਕਈਆਂ ਨੂੰ ਕੁੱਟ-ਕੁੱਟ ਕੇ ਪਾਣੀਆਂ ਦੀਆਂ ਬੁਛਾੜਾਂ ਮਾਰ-ਮਾਰ ਕੇ ਇਸ ਤਰ੍ਹਾਂ ਭਜਾਇਆ ਗਿਆ ਜਿਵੇਂ ਉਹ ਕੋਈ ਬੈਂਕ ਲੁੱਟਣ ਆਏ ਸੀ। ਜੇ ਕੋਟਕਪੂਰਾ ਚੌਂਕ ਵਿੱਚ ਦਸ ਦਿਨ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਧਰਨਾ ਲੱਗਿਆ ਰਹਿੰਦਾ ਤਾਂ ਕੀ ਫਰਕ ਪੈਂਦਾ ਸੀ? ਜਿੱਥੇ ਪਹਿਲਾਂ 116 ਦਿਨ ਟਪਾਏ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਚੋਰੀ ਹੋਣ ਤੋਂ ਬਾਅਦ 116 ਦਿਨ ਕਿਸੇ ਨੇ ਬਾਤ ਨਹੀਂ ਪੁੱਛੀ ਸੀ, ਫਿਰ ਦੋ ਦਿਨਾਂ ਵਿੱਚ ਕਿਹੜੀ ਹਨੇਰੀ ਆ ਗਈ ਸੀ ਕਿ ਤੁਸੀਂ ਸਿੱਖ ਸੰਗਤਾਂ ਨੂੰ ਖਦੇੜਨ ਲੱਗ ਪਏ ਅਤੇ ਕੁੱਟਣ ਲੱਗ ਪਏ। ਸੰਗਤਾਂ ਨੂੰ ਲਾਚਾਰ ਕਰ ਦਿੱਤਾ ਗਿਆ, ਕਈ ਜਿਹੜੇ ਤੁਰ ਨਹੀਂ ਸਕਦੇ, ਉਹ ਅੱਜ ਵੀ ਪੁਲਿਸ ਦੇ ਡਰ ਦੇ ਮਾਰੇ ਆਪਣੇ ਘਰਾਂ ਵਿੱਚ ਪਏ ਹਨ। ਡਿਪਟੀ ਸਪੀਕਰ ਸਾਹਿਬ, ਇੱਥੇ ਸਾਰਿਆਂ ਨੇ ਜਲ੍ਹਿਆਂ ਵਾਲੇ ਬਾਗ ਦੀ ਗੱਲ ਕੀਤੀ ਹੈ। ਜਲ੍ਹਿਆਂ ਵਾਲੇ ਬਾਗ ਦਾ ਸਾਕਾ ਬਿਲਕੁਲ ਹੂ-ਬ-ਹੂ ਵਾਪਰਿਆ ਸੀ। ਮੈਨੂੰ ਲੱਗਦਾ ਹੈ ਕਿ ਅੱਜ ਇਨ੍ਹਾਂ ਨੇ ਜਨਰਲ ਡਾਇਰ ਨੂੰ ਵੀ ਚੰਗਾ ਕਹਾ ਦਿੱਤਾ ਕਿਉਂਕਿ ਜਨਰਲ ਡਾਇਰ ਇੱਕ ਅੰਗਰੇਜ਼ ਸੀ। ਜਦੋਂ ਅਜ਼ਾਦੀ ਦੇ ਦੀਵਾਨੇ ਜਲ੍ਹਿਆਂ ਵਾਲੇ ਬਾਗ ਦੇ ਵਿੱਚ ਸ਼ਾਂਤੀਪੂਰਨ ਤਰੀਕੇ ਨਾਲ ਆਪਣਾ ਪ੍ਰਦਰਸ਼ਨ ਕਰ ਰਹੇ ਸਨ, ਆਜ਼ਾਦੀ ਔਰ

ਦੇਸ਼ ਨੂੰ ਆਜ਼ਾਦ ਕਰਵਾਉਣ ਦੀਆਂ ਗੱਲਾਂ ਕਰ ਰਹੇ ਸਨ ਤਾਂ ਉਸ ਸਮੇਂ ਉਸ ਵੇਲੇ ਦੇ ਅੰਗਰੇਜ਼ ਹੁਕਮਰਾਨ ਮਾਈਕਲ ਓਡਵਾਇਰ ਨੇ ਚਾਰ ਫੁੱਟ ਦੇ ਗੇਟ ਤੇ ਤੋਪ ਬੀੜ ਦਿੱਤੀ ਸੀ। ਡਿਪਟੀ ਸਪੀਕਰ ਸਾਹਿਬ, ਇਤਿਹਾਸ ਗਵਾਹ ਹੈ ਕਿ 4 ਫੁੱਟ ਦੇ ਗੇਟ ਤੇ ਤੋਪ ਬੀੜ ਦਿੱਤੀ ਗਈ ਅਤੇ ਬਿਨਾਂ ਅਲਟੀਮੇਟਮ ਦਿੱਤਿਆਂ ਨਿਹੱਥਿਆਂ ਤੇ 15 ਮਿੰਟਾਂ ਵਿੱਚ 1650 ਰਾਊਂਡ ਗੋਲੀਆਂ ਚਲਾ ਕੇ ਹਜ਼ਾਰਾਂ ਲੋਕਾਂ ਨੂੰ ਛੱਲਣੀ ਕਰ ਦਿੱਤਾ ਗਿਆ ਸੀ। ਜਲ੍ਹਿਆਂ ਵਾਲੇ ਬਾਗ ਵਿੱਚ ਇੱਕ ਖੂਹ ਹੈ, ਉਹ ਖੂਹ ਲਾਸ਼ਾਂ ਨਾਲ ਭਰ ਗਿਆ ਸੀ । ਉਥੇ ਭਗਦੜ ਮਚ ਗਈ, ਉਨ੍ਹਾਂ ਵਿੱਚ ਛੋਟੇ-ਛੋਟੇ ਬੱਚੇ ਵੀ ਸਨ। ਉਦੋਂ ਸ਼ਹੀਦ ਊਧਮ ਸਿੰਘ ਉੱਥੇ ਪਾਣੀ ਪਿਲਾ ਰਿਹਾ ਸੀ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੇ ਜੋ ਸਾਡੇ ਲੋਕਾਂ ਦੇ ਹਾਲਾਤ ਕੀਤੇ ਹਨ, ਉਹ ਤੁਹਾਡੇ ਸਾਹਮਣੇ ਹਨ, ਜੋ ਕੋਟਕਪੂਰਾ ਕਾਂਡ ਵਿੱਚ ਹੋਇਆ ਅਤੇ ਫਿਰ ਬਹਿਬਲ ਕਲਾਂ ਵਿੱਚ 2 ਸਿੰਘਾਂ ਨੂੰ ਗੋਲੀ ਨਾਲ ਮਾਰ ਮੁਕਾਇਆ ਅਤੇ ਦੋਹਾਂ ਦੇ ਬਾਰੇ ਅਲੱਗ-ਅਲੱਗ ਬੁਲਾਰਿਆਂ ਨੇ ਇੱਥੇ ਬੋਲਿਆ ਹੈ। ਇੱਕ ਦਾ ਨਾਮ ਗੁਰਜੀਤ ਸਿੰਘ ਸੀ ਜਿਸ ਦੀ ਉਮਰ 23 ਸਾਲ ਦੀ ਸੀ। ਜਿਸ ਮਾਂ ਦਾ 23 ਸਾਲ ਦਾ ਉਹ ਨੌਜਵਾਨ ਕੁਆਰਾ ਪੁੱਤ ਗਿਆ, ਉਹ ਦੁਬਾਰਾ ਵਾਪਸ ਨਹੀਂ ਆਉਣਾ। ਸਾਡੇ ਗੁਰੂ ਜੀ ਦੀ ਲੜਾਈ ਲੜਦਿਆਂ ਉਹ ਸ਼ਹੀਦ ਹੋ ਗਿਆ। ਦੂਜੇ ਦਾ ਨਾਮ ਕ੍ਰਿਸ਼ਨ ਭਗਵਾਨ ਸੀ, ਮੇਰੇ ਤੋਂ ਪਹਿਲਾਂ ਬੋਲਦੇ ਹੋਏ ਦੱਸਿਆ ਗਿਆ ਹੈ ਕਿ ਜਦੋਂ ਕ੍ਰਿਸ਼ਨ ਭਗਵਾਨ ਦੇ ਗੋਲੀ ਲੱਗੀ, ਇਹ ਕ੍ਰਿਸ਼ਨ ਭਗਵਾਨ ਬਾਰੇ ਇੱਕ ਗੱਲ ਦੱਸਣੀ ਭੁੱਲ ਗਏ, ਉਦੋਂ ਕ੍ਰਿਸ਼ਨ ਭਗਵਾਨ ਲੰਗਰ ਵਰਤਾ ਰਹੇ ਸਨ ਤਾਂ ਉਨ੍ਹਾਂ ਦੇ ਪਿਤਾ ਜੀ ਉੱਥੇ ਮੌਜੂਦ ਸਨ ਅਤੇ ਜਦੋਂ ਬਾਪ ਨੇ ਦੇਖਿਆ ਕਿ ਗੋਲੀ ਚੱਲੀ ਹੈ ਤਾਂ ਉੱਥੇ ਭਗਦੜ ਮਚ ਗਈ, ਉਸ ਨੇ ਦੇਖਿਆ ਕਿ ਕ੍ਰਿਸ਼ਨ ਭਗਵਾਨ ਕਿੱਥੇ ਹੈ। ਉਸ ਨੇ ਜਦੋਂ ਦੇਖਿਆ ਕਿ ਕ੍ਰਿਸ਼ਨ ਭਗਵਾਨ ਤਾਂ ਲੰਮਾ ਪਿਆ ਹੈ, ਬਿਨਾਂ ਕਿਸੇ ਗੱਲ ਤੋਂ ਸਾਡੇ ਉਸ ਭਰਾ ਤੇ ਸਾਡੇ ਉਸ ਸ਼ਹੀਦ 'ਤੇ ਲੰਗਰ ਵਰਤਾਉਂਦਿਆਂ ਦੇ ਗੋਲੀ ਚਲਾਈ। ਇਨ੍ਹਾਂ ਨੂੰ ਗੋਲੀ ਚਲਾਉਣ ਦਾ ਹੱਕ ਕਿਸ ਨੇ ਦਿੱਤਾ ਸੀ? ਇਹ ਕਹਿੰਦੇ ਹਨ ਕਿ ਜਸਟਿਸ ਰਣਜੀਤ ਸਿੰਘ ਰਿਪੋਰਟ ਟੇਬਲ ਤੇ ਰੱਖਣ ਤੋਂ ਪਹਿਲਾਂ ਹੀ ਲੀਕ ਹੋ ਗਈ। ਮੈਂ ਪੱਤਰਕਾਰਾਂ ਨੂੰ ਵੀ ਇਹ ਗੱਲ ਕਹਿਣਾ ਚਾਹੁੰਦਾ ਹਾਂ, ਫਿਰ ਕੀ ਹੋ ਗਿਆ ਜੇ ਲੀਕ ਹੋ ਗਈ? That is not any secret document. ਅਸੀਂ ਇਸ ਵਿੱਚ ਕੋਈ ਚੇਂਜ ਨਹੀਂ ਕੀਤਾ। ਕਿਸੇ ਬੁਜ਼ਦਿਲ ਇਨਸਾਨ ਨੇ ਹਿੰਮਤ ਸਿੰਘ ਦੀ ਤਰ੍ਹਾਂ, ਕਿਸੇ ਬੁਜ਼ਦਿਲ ਇਨਸਾਨ ਨੇ ਗਿਆਨੀ ਗੁਰਮੁਖ ਸਿੰਘ ਦੀ ਤਰ੍ਹਾਂ ਰਿਪੋਰਟ ਚੁੱਕ ਕੇ ਫੜ੍ਹਾ ਦਿੱਤੀ ਹੋਣੀ ਹੈ ਪਰ ਕੀ ਰਿਪੋਰਟ ਵਿੱਚ ਕੋਈ ਤਬਦੀਲੀ ਹੋਈ? ਬੇਸ਼ੱਕ ਰਿਪੋਰਟ ਲੀਕ ਹੋ ਗਈ ਪਰ ਉਸ ਵਿੱਚ ਕੋਈ ਤਬਦੀਲੀ ਤਾਂ ਨਹੀਂ ਹੋਈ, ਉਹੀ ਸੇਮ ਰਿਪੋਰਟ ਹੈ ਜਿਹੜੀ ਅਸੀਂ ਟੇਬਲ ਕਰਨੀ ਸੀ । ਟੇਬਲ ਤੇ ਰੱਖਣ ਤੋਂ ਬਾਅਦ ਇਹ ਕਹਿਣਾ ਸੀ ਕਿ ਮਾਨਯੋਗ ਮੁੱਖ ਮੰਤਰੀ ਸਾਹਿਬ ਉਹ ਰਿਪੋਰਟ

ਜਨਤਕ ਕਰਨਗੇ। ਜੇਕਰ ਉਹ ਰਿਪੋਰਟ ਪਹਿਲਾਂ ਲੀਕ ਹੋ ਗਈ ਤਾਂ ਫਿਰ ਵੀ ਕਿਹੜੀ ਆਫਤ ਆ ਗਈ? ਉਸ ਵਿੱਚ ਪੁੱਛਿਆ ਕੀ ਹੈ, ਇਹ ਤਾਂ ਸਾਰੀ ਦੁਨੀਆ ਹੀ ਜਾਣਦੀ ਹੈ ਕਿ ਦੋ ਸਿੰਘ ਸ਼ਹੀਦ ਹੋਏ, ਸਾਰੀ ਦੁਨੀਆ ਜਾਣਦੀ ਹੈ ਕਿ ਕੋਟਕਪੂਰੇ ਵਿੱਚ ਕੀ ਹੋਇਆ। ਅਸੀਂ ਇਹ ਕਹਿਣਾ ਚਾਹੁੰਦੇ ਹਾਂ ਜਸਟਿਸ ਰਣਜੀਤ ਸਿੰਘ ਜੀ ਨੇ ਕਿਹਾ ਹੈ ਕਿ ਅਫਸਰਾਂ ਨੂੰ ਇਹ ਪੁੱਛਿਆ ਗਿਆ ਸੀ ਕਿ ਗੋਲੀ ਚਲਾਉਣ ਦਾ ਕਿਸ ਦਾ ਹੁਕਮ ਸੀ, ਜਿਵੇਂ ਸਿੱਧੂ ਸਾਹਿਬ ਕਹਿੰਦੇ ਸੀ ਕਿ ਉੱਤੋਂ ਹੁਕਮ ਸੀ, ਸੈਣੀ ਸਾਹਿਬ ਤੇ ਐਫੀਡੇਵਿਟ ਉਹ ਦੱਸਦਾ ਹੈ ਕਿ ਕਿਸ ਦੇ ਹੁਕਮ ਸੀ। ਡਿਪਟੀ ਸਪੀਕਰ ਸਾਹਿਬ, ਫਖਰ-ਏ-ਕੌਮ ਦਾ ਖਿਤਾਬ ਹੋਵੇ, ਪੰਜਾਬ ਦੀ ਪੰਜਾਬੀਅਤ ਦੀ ਗੱਲ ਕਰਦੇ ਹੋਣ, ਪੰਜਾਬ ਦੇ ਵਾਰਿਸ ਬਣਦੇ ਹੋਣ, ਸਿੱਖ ਪੰਥ ਦੀ ਦੁਹਾਈ ਦੇ ਕੇ ਹਮੇਸ਼ਾ ਪੰਜਾਬ ਤੇ 40 ਸਾਲ ਰਾਜ ਕੀਤਾ ਹੋਵੇ ਤੇ ਗੋਲੀ ਚਲਾਉਣ ਦੇ ਹੁਕਮ ਦੇ ਦੇਣ? ਇਸ ਕਰਕੇ ਮੈਂ ਕਿਹਾ ਹੈ ਕਿ ਇਹ ਜਨਰਲ ਡਾਇਰ ਤੋਂ ਵੀ ਖਤਰਨਾਕ ਲੋਕ ਹਨ। ਉਹ ਤਾਂ ਅੰਗਰੇਜ਼ ਸੀ, ਉਸ ਨੂੰ ਹਿੰਦੁਸਤਾਨੀਆਂ ਤੇ ਤਰਸ ਨਹੀਂ ਸੀ। ਸਿੱਖ ਹੋ ਕੇ, ਪੰਜਾਬੀ ਹੋ ਕੇ ਜੋ ਸਿੱਖਾਂ ਨਾਲ ਇਨ੍ਹਾਂ ਨੇ ਹਸ਼ਰ ਕੀਤਾ ਹੈ , ਉਸ ਨੂੰ ਬਖਸ਼ਿਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਕਿਸੇ ਨੇ ਵੀ ਨਹੀਂ ਬਖਸ਼ਣਾ। ਡਿਪਟੀ ਸਪੀਕਰ ਸਾਹਿਬ, ਜੇ ਪੰਜਾਬ ਦੀ ਵਿਧਾਨ ਸਭਾ ਨੇ ਅਤੇ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਨੂੰ ਬਖਸ਼ ਦਿੱਤਾ, ਮੇਰੀ ਇਸ ਗੱਲ ਨੂੰ ਯਾਦ ਰੱਖਿਓ ਜੇ ਇੱਥੇ ਇਨ੍ਹਾਂ ਨੂੰ ਬਖਸ਼ ਦਿੱਤਾ ਤਾਂ ਵੀ ਪ੍ਰਮਾਤਮਾ ਦੀ ਕਚਹਿਰੀ ਦੇ ਵਿੱਚ ਤਾਂ ਬਿਲਕੁਲ ਵੀ ਬਖਸ਼ਿਆ ਨਹੀਂ ਜਾਣਾ। ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਸਾਹਿਬ, ਮੈਂ ਤੁਹਾਨੂੰ 46 ਮਿੰਟ ਸੁਣਿਆ ਹੈ। ਮੇਰੀ ਇਹੀ ਬੇਨਤੀ ਹੈ। ਜਦੋਂ ਅਰਦਾਸ ਕਰਦੇ ਹਾਂ, ਇਹ ਅਰਦਾਸ ਵਿੱਚ ਆਉਂਦਾ ਹੈ, ਮੈਨੂੰ ਇਹ ਕਹਿਣਗੇ ਕਿ ਇਹ ਤਾਂ ਸਿੱਖ ਹੀ ਨਹੀਂ ਹੈ। ਮੈਨੂੰ ਕਹਿਣਗੇ ਇਸ ਨੇ ਦਾਹੜਾ ਪ੍ਰਕਾਸ਼ ਨਹੀਂ ਕੀਤਾ, ਦਸਤਾਰ ਨਹੀਂ ਸਜਾਈ। ਡਿਪਟੀ ਸਪੀਕਰ ਸਾਹਿਬ, ਅਰਦਾਸ ਵਿੱਚ ਕੀ ਆਉਂਦਾ ਹੈ ? ਅਰਦਾਸ ਵਿੱਚ ਆਉਂਦਾ ਹੈ, ''ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ,'' ਇਨ੍ਹਾਂ ਸਿੰਘਾਂ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸਾਰਾ) ਨੇ ਉਨ੍ਹਾਂ ਸਿੱਖਾਂ ਤੇ ਗੋਲੀਆਂ ਚਲਾਈਆਂ । ਕੀ ਇਹ ਸਿੱਖ ਹਨ? ਇਹ ** ** ਹਨ। ਇਹ ** ** ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਸਾਡੇ ** ** ਹਨ ਅਤੇ ਗੁਨਾਹਗਾਰ ਹਨ। ਬੇਸ਼ੱਕ ਅੱਜ ਤੋਂ ਬਾਅਦ ਰਾਜਾ ਵੜਿੰਗ ਕਦੇ ਪੰਜਾਬ ਦੀ ਵਿਧਾਨ ਸਭਾ ਵਿੱਚ ਆਵੇ ਨਾ ਆਵੇ। ਜੇ ਮੈਂ ਆਪਣੇ ਬਾਪ ਦਾ ਨਹੀਂ ਹੋ

** **Expunged as ordered by the Hon'ble Speaker.

ਸਕਦਾ, ਜੇ ਰਾਜਾ ਵੜਿੰਗ ਆਪਣੇ ਬਾਪ ਦਾ ਨਹੀਂ ਹੋ ਸਕਦਾ ਤਾਂ ਸਮਝ ਲਵੋ ਮੈਂ ਪੰਜਾਬ ਦੇ ਕਿਸੇ ਵਿਅਕਤੀ ਦਾ ਨਹੀਂ ਹੋ ਸਕਦਾ।

*4.41 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਬਾਰੇ ਕਿਸੇ ਦੇ ਮਨ ਦੇ ਵਿੱਚ ਪਾਪ ਹੈ ਤਾਂ ਮੈਨੂੰ ਲਗਦਾ ਹੈ ਕਿ ਉਹ ਇਨਸਾਨ ਨਹੀਂ ਹੈ, ਉਹ ਦਰਿੰਦਾ ਹੈ, ਉਹ ਜ਼ਾਲਮ ਹੈ। ਚਾਹੇ ਉਹ ਕਿਸੇ ਵੀ ਪਾਰਟੀ ਦਾ ਹੋਵੇ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਰਿਪੋਰਟ ਲਿਆਂਦੀ। ਸਪੀਕਰ ਸਾਹਿਬ, ਸਦਨ ਵਿੱਚ ਇਹ ਰਿਪੋਰਟ ਲਿਆਉਣ ਦੀ ਲੋੜ ਕਿਉਂ ਪਈ? ਸਦਕੇ ਜਾਈਏ ਕੈਪਟਨ ਅਮਰਿੰਦਰ ਸਿੰਘ ਦੇ ' ਬਹੁਤ ਮੁੱਦਿਆਂ ਤੇ ਮਹਾਰਾਜਾ ਸਾਹਿਬ ਨਾਲ ਮੱਤਭੇਦ ਵੀ ਰਹਿੰਦੇ ਹਨ। ਸਾਡੇ ਮੁੱਖ ਮੰਤਰੀ ਸਾਹਿਬ ਨਾਲ ਜੇ ਕਿਸੇ ਗੱਲ ਤੇ ਸਹਿਮਤੀ ਨਹੀਂ ਹੁੰਦੀ ਤਾਂ ਉਨ੍ਹਾਂ ਨੂੰ ਜਾ ਕੇ ਕਹਿ ਦਿੰਦੇ ਹਾਂ ਕਿ ਇਸ ਗੱਲ ਤੇ ਸਹਿਮਤੀ ਨਹੀਂ ਹੈ ਲੇਕਿਨ ਇੱਕ ਗੱਲ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਪੰਜਾਬ ਦੇ ਹਿੱਸੇ ਜਾਂਦੀ ਹੈ। ਸਾਰੇ ਬੁਲਾਰਿਆਂ ਨੇ ਕਿਹਾ ਹੈ ਕਿ 1984 ਦੇ ਵੇਲੇ ਇਨ੍ਹਾਂ ਨੇ ਆਪਣੀ ਕੁਰਸੀ ਨੂੰ ਲੱਤ ਮਾਰੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਇਹ ਰਿਪੋਰਟ ਲਿਆਉਣ ਦੀ ਲੋੜ ਕਿਉਂ ਪਈ ? ਅੱਜ 1047 ਦਿਨਾਂ ਬਾਅਦ ਰਿਪੋਰਟ ਆਈ ਹੈ, ਉਸ ਘਟਨਾ ਕ੍ਰਮ ਨੂੰ 1047 ਦਿਨ ਹੋ ਗਏ ਹਨ ਯਾਨੀ ਕਿ ਘਟਨਾ ਵਾਪਰਨ ਤੋਂ ਬਾਅਦ ਇੱਕ ਸਾਲ ਦੋ ਮਹੀਨੇ ਅਕਾਲੀ ਦਲ ਦੀ ਸਰਕਾਰ ਵੀ ਸੱਤਾ ਵਿੱਚ ਰਹੀ ਹੈ। ਸਪੀਕਰ ਸਾਹਿਬ, 1047 ਦਿਨਾਂ ਬਾਅਦ ਇਹ ਰਿਪੋਰਟ ਆਈ ਹੈ। ਇਨ੍ਹਾਂ (ਮੁੱਖ ਮੰਤਰੀ) ਨੇ ਵਾਅਦਾ ਕੀਤਾ ਸੀ ਕਿ ਜਦ ਸਰਕਾਰ ਆਏਗੀ, ਮੈਂ ਬਹਿਬਲ ਕਲਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਵਾਂਗਾ। ਪੰਜਾਬ ਦੇ ਲੋਕਾਂ ਨਾਲ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਸੀ। (ਥੰਪਿੰਗ) ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ 14 ਦੀ ਗਿਣਤੀ ਇਸੇ ਕਾਰਨ ਰਹਿ ਗਈ ਹੈ। ਪੰਜਾਬ ਦੇ ਲੋਕਾਂ ਲਈ ਬੇਸ਼ੱਕ ਸੜਕਾਂ ਬਣਾਓ, ਭਾਵੇਂ ਨਾ ਬਣਾਓ ਕਿਉਂਕਿ ਪੰਜਾਬ ਕੋਲ ਪੈਸਾ ਘੱਟ ਹੈ। ਬੇਸ਼ੱਕ ਕਰਜ਼ਾ ਮੁਆਫ ਕਰੋ, ਭਾਵੇਂ ਨਾ ਕਰੋ, ਬੇਸ਼ੱਕ ਪੈਨਸ਼ਨ ਵਧਾ ਕੇ 2000/- ਰੁਪਏ ਪ੍ਰਤੀ ਮਹੀਨਾ ਕਰੋ ਭਾਵੇਂ ਨਾ ਕਰੋ। ਬੇਸ਼ੱਕ 50,000/- ਰੁਪਏ ਸ਼ਗਨ ਸਕੀਮ ਤਹਿਤ ਕਰੋ ਜਾਂ ਨਾ ਕਰੋ, ਪੰਜਾਬ ਦੇ ਲੋਕ ਇਹ ਸਹਿ ਲੈਣਗੇ ਲੇਕਿਨ ਪੰਜਾਬ ਦੇ ਲੋਕ ਇਹ ਗੱਲ ਸਹਿਣ ਨਹੀਂ ਕਰਨਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦਿੱਤੀਆਂ ਜਾਣ। ਸਪੀਕਰ ਸਾਹਿਬ, ਜੇ ਅਸੀਂ ਨਹੀਂ ਦੇਵਾਂਗੇ ਤਾਂ ਮੈਨੂੰ ਲਗਦਾ ਹੈ ਕਿ ਅਸੀਂ ਵੀ ਉਨੇ ਹੀ ਗੁਨਾਹਗਾਰ ਹੋਵਾਂਗੇ, ਜਿੰਨੇ ਉਹ ਸਨ। (ਥੰਪਿੰਗ) ਸਪੀਕਰ ਸਾਹਿਬ, 1047 ਦਿਨਾਂ ਬਾਅਦ ਰਿਪੋਰਟ ਆਈ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ

ਕਮ-ਅਜ਼-ਕਮ ਸਾਡੇ ਪਿਓ ਲਈ ਇਨ੍ਹਾਂ ਨੇ ਪ੍ਰਣ ਕੀਤਾ। ਅੱਜ ਸਾਡੇ ਮਨ ਵਿੱਚ, ਸੀਨੇ ਅੱਧੀ ਠੰਡ ਪੈ ਗਈ ਹੈ ਕਿ ਕਮ-ਅਜ਼-ਕਮ ਕਿਸੇ ਇਨਸਾਨ ਨੇ ਇਹ ਪ੍ਰਣ ਕੀਤਾ ਕਿ ਮੈਂ ਪੰਜਾਬ ਦੇ ਲੋਕਾਂ ਨੂੰ ਇਨਸਾਫ ਦੇਣਾ ਹੈ। ਇਹ ਅੱਜ ਕਹਿੰਦੇ ਹਨ, ਆਹ ਲੰਬਾ ਜਿਹਾ ਬੰਦਾ ਕਹਿੰਦਾ ਹੈ, ਕਦੇ ਸਿੱਧੂ ਸਾਹਿਬ ਨੂੰ ਕਹਿੰਦਾ ਹੈ। ਸਿੱਧੂ ਸਾਹਿਬ ਨੂੰ ਪੱਪੀ ਅਤੇ ਜੱਫੀ ਨਾਲ ਕੋਈ ਫਰਕ ਨਹੀਂ ਪੈਂਦਾ ਮਿੱਤਰਾ। ਕਦੇ ਪੱਪੀ ਕਰਦਾ ਹੈ, ਕਦੇ ਜੱਫੀ ਪਾਉਂਦਾ ਹੈ। ਸਿੱਧੂ ਆਪਣੇ ਨਿਸ਼ਾਨੇ ਦਾ ਪੱਕਾ ਹੈ। ਜਿਥੇ ਉਸ ਨੇ ਲਾਉਣਾ ਹੈ, ਉਸ ਨੇ ਮੱਛੀ ਦੀ ਅੱਖ ਵਾਂਗ ਉਥੇ ਹੀ ਰੱਖਣਾ ਹੈ, ਭਾਵੇਂ ਇਧਰੋਂ ਕਰ ਲੈ, ਭਾਵੇਂ ਉਧਰੋਂ ਕਰ ਲੈ। ਮੈਂ ਇੱਕ ਗੱਲ ਤਮਾਮ ਪੱਤਰਕਾਰ ਸਾਹਿਬਾਨ ਨੂੰ ਦੱਸਣੀ ਚਾਹੁੰਦਾ ਹਾਂ ਕਿ ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕਹਿੰਦੇ ਹਨ, ਮਹਾਰਾਜਾ ਸਾਹਿਬ ਨੂੰ ਕਹਿੰਦੇ ਕਿ ਇਹ ਜਸਟਿਸ ਰਣਜੀਤ ਸਿੰਘ ਦੀ ਜਿਹੜੀ ਰਿਪੋਰਟ ਹੈ, ਇਹ ਖਹਿਰਾ ਸਾਹਿਬ, ਤ੍ਰਿਪਤ ਰਾਜਿੰਦਰ ਬਾਜਵਾ ਸਾਹਿਬ, ਸੁੱਖੀ ਰੰਧਾਵਾ ਸਾਹਿਬ ਅਤੇ ਕੈਪਟਨ ਸਾਹਿਬ ਨੇ ਬਣਾਈ ਹੈ, ਇਹ ਗੱਲ ਕਹਿ ਰਹੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਹਾਦਸੇ ਤੋਂ ਬਾਅਦ ਇੱਕ ਸਾਲ ਅਤੇ ਦੋ ਮਹੀਨੇ ਤੁਹਾਡੀ ਸਰਕਾਰ ਸੱਤਾ ਵਿੱਚ ਰਹੀ ਹੈ। ਤੁਸੀਂ ਬੇਅਦਬੀ ਮਾਮਲਿਆਂ ਬਾਰੇ ਕਿਉਂ ਨਹੀਂ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਦੇ ਥੱਲੇ ਇਨਕੁਆਇਰੀ ਬਿਠਾਈ? ਉਦੋਂ ਤੁਸੀਂ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਨੂੰ ਇਨਕੁਆਇਰੀ ਕਿਉਂ ਨਹੀਂ ਦਿੱਤੀ? ਅੱਜ ਕੈਪਟਨ ਸਾਹਿਬ ਦੇ ਰਾਜ ਵਿੱਚ ਅਜਿਹਾ ਕਿਉਂ ਮੰਗ ਰਹੇ ਹੋ? ਇਹ ਕਹਿੰਦੇ ਕਿ ਮੈਂ ਇਹ ਚਾਹੁੰਦਾ ਹਾਂ। ਬਿਕਰਮ ਸਿੰਘ ਮਜੀਠੀਆ ਕਹਿੰਦਾ ਹੈ ਕਿ ਮੈਂ ਇਹ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਤੋਂ ਇਨਕੁਆਇਰੀ ਹੋਣੀ ਚਾਹੀਦੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਕਿਸ ਨੇ ਰੋਕਿਆ ਸੀ? ਉਦੋਂ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਸਨ, ਸਾਰਾ ਕੋੜਮਾ ਮੰਤਰੀ ਸੀ, ਤੁਸੀਂ ਇਨ੍ਹਾਂ ਮਾਮਲਿਆਂ ਦੀ ਸਿਟਿੰਗ ਜੱਜ ਤੋਂ ਇਨਕੁਆਰੀ ਕਰਵਾਉਂਦੇ। ਸਾਨੂੰ ਇਸ ਦੇ ਪਿੱਛੇ ਕੋਈ ਖਦਸ਼ਾ ਨਹੀਂ ਸੀ, ਲੋਕਾਂ ਨੂੰ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਦਿੰਦੇ ਤਾਂ ਅੱਜ ਸਾਨੂੰ ਇਹ ਰਿਪੋਰਟ ਲੈ ਕੇ ਆਉਣ ਦੀ ਲੋੜ ਨਹੀਂ ਸੀ । ਸਪੀਕਰ ਸਾਹਿਬ, ਜੋ ਪੰਜਾਬ ਦੇ ਲੋਕਾਂ ਨਾਲ ਹੋਇਆ, ਜੋ ਉਨ੍ਹਾਂ ਸਿੰਘਾਂ ਨਾਲ ਹੋਇਆ, ਉਹ ਤੁਸੀਂ ਭਲੀ-ਭਾਂਤ ਵੇਖਿਆ ਹੈ। ਅੱਜ ਹਿੰਮਤ ਸਿੰਘ ਮੁੱਕਰ ਗਿਆ, ਇਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਕਿ ਕੀ ਕੇਵਲ ਪੰਥ ਦੇ ਵਾਰਸ ਇਹੀ ਰਹਿ ਗਏ? ਕੀ ਸ੍ਰੀ ਹਰਿਮੰਦਰ ਸਾਹਿਬ ਇਨ੍ਹਾਂ ਦਾ ਬਣ ਕੇ ਰਹਿ ਗਿਆ? ਕੀ ਸ੍ਰੀ ਅਕਾਲ ਤਖਤ ਦੇ ਮਾਲਕ ਇਹ ਰਹਿ ਗਏ ਹਨ? ਇਨ੍ਹਾਂ ਨੇ ਗਿਆਨੀ ਗੁਰਮੁੱਖ ਸਿੰਘ ਨੂੰ ਕਦੇ ਲਾਹ ਦਿੱਤਾ ਤੇ ਕਦੇ ਵਾਪਸ ਲੈ ਆਉਂਦਾ । ਕਿਉਂ? ਸਪੀਕਰ ਸਾਹਿਬ, ਕਾਰਨ ਕੀ ਹੈ? ਅੱਜ ਸੌਦਾ ਹੋ ਗਿਆ ਹੈ । ਸਪੀਕਰ ਸਾਹਿਬ, ਸੌਦਾ ਹੋ ਗਿਆ ਹੈ ਕਿ ਤੂੰ ਗਵਾਹੀ ਤੋਂ ਮੁੱਕਰ ਗਿਆ ਹੈ, ਤੈਨੂੰ ਆਉਣ ਵਾਲੀ ਸਰਕਾਰ ਵੇਲੇ, ਜੇ ਕਿਤੇ ਭਵਿੱਖ ਵਿੱਚ

ਆਈ, ਜਿਹੜੀ ਕਿ ਇਸ ਤੋਂ ਬਾਅਦ ਆਉਣੀ ਨਹੀਂ,ਅੱਜ ਡਰ ਇਹੀ ਹੈ, ਹੋ ਸਕਦਾ ਹੈ ਕਿ ਕੱਲ੍ਹ ਨੂੰ ਹਿੰਮਤ ਸਿੰਘ ਨੂੰ, ਅਗਰ ਇਨ੍ਹਾਂ ਨੂੰ ਕਿਤੇ ਕਦੇ ਤਾਕਤ ਬਖਸ਼ ਦਿੱਤੀ ਤਾਂ ਉਸ ਨੂੰ ਫਖਰ-ਏ-ਕੌਮ ਦਾ ਐਵਾਰਡ ਵੀ ਦੇ ਦੇਣ। ਇਹ ਗੱਲਾਂ ਕਰਦੇ ਹਨ ? ਸਪੀਕਰ ਸਾਹਿਬ, ਗੁਰੂ ਦਾ ਸਿੱਖ ਕੌਣ ਹੈ? ਗੁਰੂ ਦਾ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਹਾਰਾਜ ਸਾਹਿਬ ਕਹਿੰਦੇ ਹਨ ਕਿ ਬੇਸ਼ਕ ਕੇਸਾਂ ਵਾਲਾ ਹੋਵੇ, ਬੇਸ਼ਕ ਨਾ ਹੋਵੇ, ਬੇਸ਼ਕ ਪਾਠ ਕਰਨ ਵਾਲਾ ਹੋਵੇ ਤੇ ਬੇਸ਼ਕ ਨਾ ਹੋਵੇ ਲੇਕਿਨ ਜਿਹੜਾ ਔਖੇ ਵੇਲੇ ਕਿਸੇ ਦੇ ਕੰਮ ਆਵੇ, ਜੇ ਕਿਸੇ ਸਿੱਖ ਦੇ ਕੰਮ ਆਵੇ ਤਾਂ ਉਹ ਅਸਲੀ ਸਿੱਖ ਹੈ । ਸਪੀਕਰ ਸਾਹਿਬ, ਇਹ 40 ਦਿਨ ਨਜ਼ਰਬੰਦ ਰਹੇ। ਸਪੀਕਰ ਸਾਹਿਬ, ਮੈਂ 'ਬਗਰਾੜੀ' ਵਿੱਚ ਆਪਣੇ ਫਰਜ਼ਾਂ ਦੀ ਪੂਰਤੀ ਕਰਨ ਵਾਸਤੇ, ਪਰਨਾ ਬੰਨ੍ਹ ਕੇ ਉਸ ਧਰਨੇ ਵਿੱਚ ਲਗਾਤਾਰ ਤਿੰਨ ਦਿਨ ਬੈਠਾ ਰਿਹਾ। ਮੈਂ ਕਿਸੇ ਵਾਸਤੇ ਨਹੀਂ ਬੈਠਿਆ ਤੇ ਨਾ ਹੀ ਮੈਂ ਕੋਈ ਲਾਹਾ ਲੈਣਾ ਚਾਹੁੰਦਾ ਹਾਂ । ਮੈਂ ਆਪਣੇ ਪਿਉ ਵਾਸਤੇ ਬੈਠਾ ਰਿਹਾ ਲੇਕਿਨ ਇਨ੍ਹਾਂ ਵਿੱਚੋਂ ਕੋਈ ਬੰਦਾ 'ਬਗਰਾੜੀ' ਨਹੀਂ ਗਿਆ।

(**ਆਮ ਆਦਮੀ ਪਾਰਟੀ ਦੇ ਕੁਝ ਮੈਂਬਰਾਂ ਵੱਲੋਂ ਅਵਾਜ਼:** ਰਾਜਾ ਜੀ, ਪਿੰਡ ਦਾ ਨਾਂ ਬਰਗਾੜੀ ਹੈ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** 'ਬਗਰਾੜੀ' ਤੇ ਬਰਗਾੜੀ ਦੀ ਜਿਹੜੀ ਤੁਸੀਂ ਗੱਲ ਕਰਦੇ ਹੋ, ਇਹ ਮੇਰੇ ਪਿੰਡਾਂ ਦੇ ਨਾਲ ਹੈ । ਕੋਈ ਗੱਲ ਨਹੀਂ। ਇਨ੍ਹਾਂ ਵਿੱਚੋਂ ਕੋਈ ਬਰਗਾੜੀ ਨਹੀਂ ਗਿਆ। ਸਪੀਕਰ ਸਾਹਿਬ, ਉਥੇ ਕੌਣ ਗਿਆ? ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕੌਣ ਉਥੇ ਗਿਆ ਸੀ, ਜਿਸ ਨੂੰ ਅੱਜ ਇਹ ਕਹਿੰਦੇ ਹਨ ਕਿ ਕਾਤਲ ਹੈ। ਪੰਜਾਬ ਦੀ ਇੰਟੈਲੀਜੈਂਸੀ ਨੇ ਲਿਖ ਕੇ ਦਿੱਤਾ ਸੀ, ਇਹ ਆਨ ਰਿਕਾਰਡ ਹੈ ਕਿ ਅਗਰ ਤੁਸੀਂ ਬਹਿਬਲ ਕਲਾਂ ਜਾਂ ਬਰਗਾੜੀ ਜਾਉਗੇ ਤਾਂ ਤੁਹਾਡੀ ਜਾਨ ਨੂੰ ਖਤਰਾ ਹੈ। ਫਿਰ ਵੀ ਰਾਹੁਲ ਗਾਂਧੀ ਚੱਲ ਕੇ ਬਰਗਾੜੀ ਆਏ, ਉਨ੍ਹਾਂ ਨੇ ਦੋ ਦਿਨ ਦੀ ਪੈਦਲ ਯਾਤਰਾ ਕੀਤੀ (ਥੰਪਿੰਗ) ਫਿਰ ਸਿੰਘਾਂ ਦੇ ਘਰੇ ਗਏ । ਫਖਰ-ਏ-ਕੌਮ ਦਾ ਐਵਾਰਡ ਲੈਣ ਵਾਲਿਆਂ ਨੂੰ ਕਿਸੇ ਨੂੰ ਚੇਤਾ ਨਹੀਂ ਆਇਆ । ਇਹ ਉਥੇ ਨਹੀਂ ਗਏ, ਨਾ ਡਿਪਟੀ ਮੁੱਖ ਮੰਤਰੀ ਨੂੰ ਚੇਤੇ ਆਇਆ ਅਤੇ ਨਾ ਮਾਝੇ ਦੇ ਜਰਨੈਲ ਮਜੀਠੀਏ ਨੂੰ ਚੇਤੇ ਆਇਆ । ਉਹ (ਸ਼੍ਰੀ ਰਾਹੁਲ ਗਾਂਧੀ) ਦਿੱਲੀ ਤੋਂ ਚੱਲ ਕੇ ਆਏ ਤਾਂ ਉਸ ਵੇਲੇ ਮੈਂ ਆਲ ਇੰਡੀਆ ਕਾਂਗਰਸ ਦਾ ਪ੍ਰਧਾਨ ਸੀ । ਉਦੋਂ ਮੈਨੂੰ ਕਈ ਵੱਡੇ-ਵੱਡੇ ਕਾਂਗਰਸੀ ਆਗੂਆਂ ਨੇ ਕਿਹਾ, ਕਈਆਂ ਨੇ ਟੈਲੀਫੋਨ ਵੀ ਕੀਤੇ ਕਿ ਇਹ ਤੁਸੀਂ ਕੀ ਕਰੀ ਜਾਂਦੇ ਹੋ, ਇਹ ਗਲਤ ਕੰਮ ਨਾ ਕਰੋ, ਰਾਹੁਲ ਗਾਂਧੀ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ । ਮੈਨੂੰ ਤਿੰਨ-ਚਾਰ ਵੱਡੇ ਲੀਡਰਾਂ ਨੇ ਕਿਹਾ ਸੀ । ਮੈਂ ਵੀ ਆਪਣੇ ਮਨ ਵਿੱਚ ਦੁਚਿੱਤੀ ਵਿੱਚ ਸੀ ਕਿ ਜੇ ਮੁੱਖ ਮੰਤਰੀ ਉਥੇ ਨਹੀਂ ਜਾ ਰਿਹਾ ਤਾਂ ਕੋਈ ਗੜਬੜ ਨਾ ਹੋ ਜਾਵੇ।

ਇੰਟੈਲੀਜੈਂਸ ਨੇ ਲਿਖ ਦਿੱਤਾ ਸੀ ਕਿ ਆਉਣਾ ਨਹੀਂ, ਰੁਕ ਜਾਓ, ਇਹ ਰਿਕਾਰਡ ਉਤੇ ਹੈ ਲੇਕਿਨ ਰਾਹੁਲ ਗਾਂਧੀ, ਸਦਕੇ ਜਾਈਏ ਉਸ ਮਾਂ ਦੇ ਪੁੱਤ ਦੇ ਜਿਹੜੇ ਉਨ੍ਹਾਂ ਸਿੰਘਾਂ ਦੇ ਘਰੇ ਗਏ ਜਿਹੜੇ ਸ਼ਹੀਦ ਹੋਏ, ਪੈਦਲ ਚੱਲ ਕੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਨਿਭਾਈ । (ਥੰਪਿੰਗ) ਉਹ ਪੈਦਲ ਚੱਲ ਕੇ ਗਏ ਅਤੇ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੀ ਸੁਨੀਲ ਜਾਖੜ ਹੁਰਾਂ ਨੇ ਉਨ੍ਹਾਂ ਦਾ ਸਾਥ ਦਿੱਤਾ । ਕੀ ਅਜਿਹੇ ਮਾਹੌਲ ਵਿੱਚ ਕੋਈ ਜਾ ਸਕਦਾ ਹੈ? ਜਿਹੜੇ 40 ਦਿਨ ਲੁਕ ਕੇ ਬੈਠ ਗਏ, ਉਹ ਅੱਜ ਰਾਹੁਲ ਗਾਂਧੀ ਬਾਰੇ ਕਹਿੰਦੇ ਹਨ ਕਿ ਸੰਨ 1984 ਵੇਲੇ ਰਾਹੁਲ ਗਾਂਧੀ 14 ਸਾਲ ਦਾ ਸੀ। ਸਪੀਕਰ ਸਾਹਿਬ, 1984 ਦਾ ਬੜਾ ਵੱਡਾ ਦੁਖਾਂਤ ਹੈ, ਇਹ ਬਹੁਤ ਵੱਡਾ ਦੁੱਖ ਹੈ, ਜਿਹੜਾ ਭੁੱਲਿਆ ਨਹੀਂ ਜਾ ਸਕਦਾ, ਕਦੇ ਭੁਲਾਇਆ ਨਹੀਂ ਜਾ ਸਕਦਾ ਲੇਕਿਨ ਜਦੋਂ-ਜਦੋਂ ਸਿੱਖੀ ਦੀ ਗੱਲ ਹੋਈ, ਇਹ ਕਿਹੜੀ ਸਿੱਖੀ ਦੀ ਗੱਲ ਕਰਦੇ ਹਨ, ਜਦੋਂ ਵੀ ਸਿੱਖੀ ਦੀ ਗੱਲ ਹੋਈ, ਗਿਆਨੀ ਜ਼ੈਲ ਸਿੰਘ ਸਾਈਕਲ ਤੇ ਜਾਇਆ ਕਰਦੇ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਿਆ ਕਰਦੇ ਸਨ, ਉਹ ਗ੍ਰੰਥੀ ਸਨ, ਗ੍ਰੰਥੀ। ਗੁਰਦੁਆਰਾ ਸਾਹਿਬ ਪਾਠ ਕਰਿਆ ਕਰਦੇ ਸਨ, ਗੁਰੂ ਸਾਹਿਬ ਦੀ ਸੇਵਾ ਕਰਿਆ ਕਰਦੇ ਸਨ । ਸਾਈਕਲ ਤੇ ਚੱਲਣ ਵਾਲੇ ਵਿਅਕਤੀ ਨੂੰ ਕਾਂਗਰਸ ਪਾਰਟੀ ਨੇ ਦੇਸ਼ ਦਾ ਪਹਿਲਾ ਪੱਗ ਵਾਲਾ ਸਰਦਾਰ ਰਾਸ਼ਟਰਪਤੀ ਬਣਾ ਕੇ ਸਾਨੂੰ ਮਾਣ ਬਖਸ਼ਿਆ। (ਥੰਪਿੰਗ) ਸਪੀਕਰ ਸਾਹਿਬ, ਇੱਥੇ ਹੀ ਬਸ ਨਹੀਂ, ਇਹ ਕਹਿੰਦੇ ਹਨ ਕਿ ਸਿਆਸਤ ਵਿੱਚ ਮੈਨੀਪੁਲੇਸ਼ਨ ਤੋਂ ਬਿਨਾਂ ਕੋਈ ਬੰਦਾ ਐਮ.ਐਲ.ਏ. ਨਹੀਂ ਬਣ ਸਕਦਾ, ਮੰਤਰੀ ਤਾਂ ਕੀ ਬਣਨਾ ਹੈ....

**ਮਾਨਯੋਗ ਸਪੀਕਰ :** ਤੁਸੀ ਹੋਰ ਕਿੰਨਾ ਟਾਈਮ ਲਓਗੇ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਬਸ ਇੱਕ ਮਿੰਟ ਜੀ।

(**ਕੁਝ ਆਵਾਜ਼ਾਂ :** ਸਪੀਕਰ ਸਾਹਿਬ, ਇਨ੍ਹਾਂ ਨੂੰ ਬੋਲਣ ਦਿਓ।)

**ਮਾਨਯੋਗ ਸਪੀਕਰ :** ਨਹੀਂ ਜੀ, ਹੋਰ ਵੀ ਤਾਂ ਬੋਲਣ ਵਾਲੇ ਰਹਿੰਦੇ ਹਨ, ਸਾਰੇ ਬੁਲਾਰੇ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਡਾਕਟਰ ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਕਾਂਗਰਸ ਪਾਰਟੀ ਦੇ ਹਿੱਸੇ ਆਇਆ ਅਤੇ ਸਾਡੀ ਇਸ ਪੱਗ ਦੀ ਪੂਰੀ ਦੁਨੀਆਂ ਵਿੱਚ ਸ਼ਾਨ ਵਧਾਈ ਕਿ ਪੱਗ ਵਾਲਾ ਸਰਦਾਰ ਪ੍ਰਧਾਨ ਮੰਤਰੀ ਬਣਿਆ ਹੈ। (ਥੰਪਿੰਗ) ਕਾਂਗਰਸ ਪਾਰਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਉਨ੍ਹਾਂ ਨੇ ਸਰਦਾਰ ਪ੍ਰਧਾਨ ਮੰਤਰੀ ਦਾ ਐਲਾਨ ਕੀਤਾ ਹੋਵੇ ਅਤੇ ਇਹ ਮਾਣ ਡਾਕਟਰ ਮਨਮੋਹਨ ਸਿੰਘ, ਇੱਕ ਪੰਜਾਬੀ ਨੂੰ ਮਿਲਿਆ ਹੈ ਅਤੇ ਯੂ.ਪੀ.ਏ. ਦੇ, ਕਾਂਗਰਸ ਦੇ ਲਈ ਇਹ ਮਾਣ ਵਾਲੀ ਗੱਲ ਹੈ। ਫੌਜ ਦੇ ਜਰਨੈਲਾਂ ਅਤੇ ਸਰਦਾਰ ਮੋਨਟੇਕ ਸਿੰਘ

ਆਹਲੂਵਾਲੀਆ ਦੀ ਮੈਂ ਗੱਲ ਨਹੀਂ ਕਰਨਾ ਚਾਹੁੰਦਾ। ਸਪੀਕਰ ਸਾਹਿਬ, ਅੱਜ ਮੈਂ ਗੱਲ ਕੀ ਕਰਨੀ ਚਾਹੁੰਦਾ ਹਾਂ, ਮੈਂ ਇਸ ਦਾ ਕ੍ਰੈਡਿਟ ਨਹੀਂ ਲੈਣਾ ਚਾਹੁੰਦਾ ਅਤੇ ਨਾ ਹੀ ਕਾਂਗਰਸ ਪਾਰਟੀ ਲੈਣਾ ਚਾਹੁੰਦੀ ਹੈ, ਜਨਤਾ ਜਾਣਦੀ ਹੈ। ਅੱਜ ਦੀ ਇਸ ਬਹਿਸ ਤੋਂ ਬਾਅਦ ਸਿੱਖਾਂ ਨੂੰ ਪਤਾ ਲੱਗ ਜਾਵੇਗਾ ਕਿ ਸਿੱਖਾਂ ਦਾ ਹਿਤੈਸ਼ੀ ਕੌਣ ਹੈ ਅਤੇ ਸਿੱਖਾਂ ਦਾ ਦੋਸ਼ੀ ਕੌਣ ਹੈ? ਅੱਜ ਹਿੰਦੁਸਤਾਨ ਦੀ ਕੈਬਨਿਟ ਵਿੱਚ ਪੰਜਾਬ ਦਾ ਇੱਕ ਵੀ ਪੱਗ ਵਾਲਾ ਸਰਦਾਰ ਮੈਂਬਰ ਨਹੀਂ ਹੈ। ਸਪੀਕਰ ਸਾਹਿਬ, ਇਹ ਗੱਲ ਮੈਂ ਜਿੱਥੋਂ ਸ਼ੁਰੂ ਕੀਤੀ ਸੀ, ਉਥੇ ਹੀ ਖਤਮ ਕਰਨੀ ਚਾਹੁੰਦਾ ਹਾਂ ਕਿ ਸਿੱਖਾਂ ਨੂੰ ਮਾਰਨ ਵਾਸਤੇ ਕਿਸ ਤਰ੍ਹਾਂ ਦੀਆਂ ਸਾਜਿਸ਼ਾਂ ਰਚੀਆਂ ਗਈਆਂ ਤਾਂ ਜੋ ਸਿੱਖ ਕੌਮ ਜਿਹੜੀ ਮਾਰਸ਼ਲ ਕੌਮ ਹੈ, ਅਗਰ ਇਨ੍ਹਾਂ ਨੂੰ ਦਬਾ ਕੇ ਨਾ ਰੱਖਿਆ ਤਾਂ ਕਿਸੇ ਦਿਨ ਸਾਡਾ ਸਰਵਨਾਸ਼ ਹੋ ਜਾਵੇਗਾ ਲੇਕਿਨ ਪ੍ਰਮਾਤਮਾ ਨੂੰ ਜੋ ਮਨਜ਼ੂਰ ਹੈ, ਉਹ ਹੋ ਕੇ ਰਹਿੰਦਾ ਹੈ। ਸਪੀਕਰ ਸਾਹਿਬ, ਰਾਵਣ ਕਹਿੰਦਾ ਸੀ ਕਿ ਮੈਂ ਕਿਸੇ ਤੋਂ ਨਹੀਂ ਮਰਨਾ ਪਰ ਜਦੋਂ ਮੌਤ ਆਉਂਦੀ ਹੈ ਤਾਂ ਉਹ ਪੁੱਛ ਕੇ ਨਹੀਂ ਆਉਂਦੀ। ਅੱਜ ਪੰਜਾਬ ਦੇ ਲੋਕ ਜਾਣ ਚੁੱਕੇ ਹਨ, ਦੇਸ਼ਾਂ-ਵਿਦੇਸ਼ਾਂ ਵਿੱਚ ਅਤੇ ਹਿੰਦੁਸਤਾਨ ਦੇ ਲੋਕ ਜਾਣ ਚੁੱਕੇ ਹਨ ਅਤੇ ਇਨ੍ਹਾਂ ਦੇ ਚਿਹਰਿਆਂ ਤੋਂ ਲੋਕ ਵਾਕਿਫ ਹੋ ਚੁੱਕੇ ਹਨ।

ਕੈਪਟਨ ਮਹਾਰਾਜਾ ਅਮਰਿੰਦਰ ਸਿੰਘ ਨੂੰ ਤਮਾਮ ਲੋਕਾਂ ਨੇ ਬੇਨਤੀ ਕੀਤੀ ਹੈ ਪਰ ਮੈਂ ਬੇਨਤੀ ਨਹੀਂ ਕਰਦਾ। ਸਾਨੂੰ ਹਮੇਸ਼ਾ ਉਹ ਪਿਆਰ ਦਿੰਦੇ ਹਨ, ਸਤਿਕਾਰ ਦਿੰਦੇ ਹਨ। ਮੈਂ ਤੁਹਾਡੇ ਰਾਹੀਂ ਇੱਕ ਹੀ ਗੱਲ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮਹਾਰਾਜਾ ਸਾਹਿਬ, ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਗੁਰੂ ਮਹਾਰਾਜ ਨੂੰ ਹਾਜ਼ਰ-ਨਾਜ਼ਰ ਸਮਝ ਕੇ ਇੰਨ-ਬਿੰਨ ਮੰਨੋ, ਇਸ ਵਾਸਤੇ ਦਿਮਾਗ ਵਿੱਚ ਕੋਈ ਵੀ ਕਿੰਤੂ-ਪ੍ਰੰਤੂ ਨਹੀਂ ਹੋਣਾ ਚਾਹੀਦਾ, ਕਿਸੇ ਬਿਊਰੋਕ੍ਰੇਸੀ ਜਾਂ ਅਫਸਰਸ਼ਾਹੀ ਦੀ ਗੱਲ ਵਿੱਚ ਆ ਕੇ ਕੋਈ ਨੁਕਤਾਚੀਨੀ ਨਹੀਂ ਕਰਨੀ ਕਿ ਫਲਾਣਾ ਇਵੇਂ ਹੋ ਜਾਵੇਗਾ, ਉਥੇ ਇਹ ਹੋ ਜਾਵੇਗਾ। ਗੁਰੂ ਮਹਾਰਾਜ ਨੂੰ ਹਾਜ਼ਰ-ਨਾਜ਼ਰ ਸਮਝ ਕੇ ਆਪਣੇ ਦਿਲ ਤੇ ਹੱਥ ਰੱਖ ਕੇ ਮੰਨੋ ਕਿ ਮੈਂ ਗੁਰੂ ਦਾ ਸੱਚਾ ਸਿੱਖ ਹਾਂ, ਜਿੰਨੀ ਜ਼ਿੰਦਗੀ ਤੁਸੀਂ ਹੁਣ ਤੱਕ ਨਿਭਾਈ ਹੈ, ਉਹ ਸੱਚਾ ਸਿੱਖ ਹੋਣ ਤੇ ਨਾਤੇ ਨਿਭਾਈ ਹੈ। ਕੈਪਟਨ ਸਾਹਿਬ, ਲੋਕ ਕਿਸੇ ਨੂੰ ਇਸ ਕਰਕੇ ਪਿਆਰ ਨਹੀਂ ਕਰਦੇ ਕਿ ਤੁਸੀਂ ਜਨਤਾ ਵਿੱਚ ਬਹੁਤ ਜਾਂਦੇ ਹੋ। ਕਿਸੇ ਨੂੰ ਇਸ ਕਰਕੇ ਲੋਕ ਪਿਆਰ ਨਹੀਂ ਕਰਦੇ ਕਿ ਲੋਕਾਂ ਦੇ ਦੁੱਖ-ਸੁੱਖ ਵਿੱਚ ਜਾਂਦੇ ਹੋ, ਤੁਸੀਂ ਬਹੁਤ ਘੱਟ ਜਾਂਦੇ ਹੋ, ਤੁਹਾਨੂੰ ਇਸ ਕਰਕੇ ਪਿਆਰ ਕਰਦੇ ਹਨ ਕਿ ਇਹ ਗੁਰੂ ਦਾ ਪੱਕਾ ਸਿੱਖ ਹੈ। (ਥੰਪਿੰਗ)

(ਇਸ ਸਮੇਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਲਗਾਇਆ ਗਿਆ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਕੋਈ ਵਿਅਕਤੀ ਇੱਧਰ-ਉੱਧਰ ਹੋ ਸਕਦਾ ਹੈ ਪਰ ਜਦੋਂ ਗੁਰੂ ਮਹਾਰਾਜ ਦੀ ਗੱਲ ਆਵੇਗੀ ਤਾਂ ਕੈਪਟਨ ਅਮਰਿੰਦਰ ਸਿੰਘ ਸਭ ਕੁਝ ਛੱਡ ਕੇ ਜੋ ਸਹੀ ਫੈਸਲਾ ਹੋਇਆ, ਉਹ ਲੈਣਗੇ ਅਤੇ ਦੋਸ਼ੀਆਂ ਨੂੰ ਟੰਗਣਗੇ। ਮੈਂ ਤੁਹਾਡੇ ਕੋਲ ਮੰਗ ਰੱਖਦਾ ਹਾਂ। ਬਹੁਤ-ਬਹੁਤ ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਹ ਲਾਈਵ ਡਿਸਕਸ਼ਨ ਹੋ ਰਹੀ ਹੈ ਅਤੇ ਸਾਰੀ ਦੁਨੀਆਂ ਦੇਖ ਰਹੀ ਹੈ ਪਰ ** ** ਹੋ? ਸਾਡੀਆਂ ** ** ਰਹੇ ਹੋ।

**ਮਾਨਯੋਗ ਸਪੀਕਰ :** ਸਾਰਾ ਦੇਖਿਆ ਜਾ ਰਿਹਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਕਿੱਥੇ ਦੇਖਿਆ ਜਾ ਰਿਹਾ ਹੈ ਜੀ? ਇਹ ਸਿਰਫ in House ਦਿਖ ਰਿਹਾ ਹੈ। ਜਦੋਂ ਅਮਨ ਅਰੋੜਾ ਬੋਲ ਰਿਹਾ ਸੀ, ਸ਼੍ਰੀ ਕੰਵਰ ਸੰਧੂ ਸਾਹਿਬ ਆਫਿਸ ਵਿੱਚ ਨੋਟ ਕਰਕੇ ਆਏ ਹਨ, ਸ਼੍ਰੀ ਅਮਨ ਅਰੋੜਾ ਜੀ ਦੀ ਪਿੱਠ ਦਿਖ ਰਹੀ ਹੈ।

**ਮਾਨਯੋਗ ਸਪੀਕਰ :** ਤੁਸੀਂ ਹੁਣ ਬੋਲ ਰਹੇ ਹੋ, ਇਹ ਦਿਖ ਰਿਹਾ ਹੈ ਕਿ ਨਹੀਂ?

**ਸਰਦਾਰ ਸੁਖਪਾਲ ਸਿੰਘ ਖਹਿਰਾ :** ਨਹੀਂ ਜੀ, ਇਹ ਅੰਦਰਲੇ ਟੀ.ਵੀ. ਹਨ। ਅਮਨ ਅਰੋੜਾ ਨੂੰ ਸੰਧੂ ਸਾਹਿਬ ਟੀ.ਵੀ. ਤੇ ਦੇਖ ਕੇ ਆਏ ਹਨ, ਉਨ੍ਹਾਂ ਦੀ ਪਿੱਠ ਦਿਖ ਰਹੀ ਹੈ।

**ਮਾਨਯੋਗ ਸਪੀਕਰ :** ਤੁਸੀਂ ਸਾਰਿਆਂ ਕੈਮਰਿਆਂ ਵਿੱਚ ਦੇਖ ਲਓ, ਪਿੱਛੇ ਵੀ ਦੇਖੋ, ਸਾਹਮਣੇ ਵੀ ਦੇਖੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਹ ਜਿਹੜੇ ਕੈਮਰੇ ਹਨ, ਇਹ in House ਹਨ।

**Mr. Speaker:** They have made an arrangement.

**Sardar Sukhpal Singh Khaira:** No, they have not made an arrangement. This is in House camera. The main camera is behind us.

**ਮਾਨਯੋਗ ਸਪੀਕਰ :** ਤੁਹਾਡੇ ਸਾਹਮਣੇ ਵੀ ਕੈਮਰਾ ਲੱਗਿਆ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਉਹ ਸਿਰਫ ਤੁਹਾਡੇ ਲਈ ਲੱਗਿਆ ਹੈ। ਕੈਮਰਾ ਸਾਡੀ ਪਿੱਠ ਤੇ ਹੈ ਕਿਉਂਕਿ ਅਸੀ ਤਾਂ ਇੱਧਰੋਂ ਬੋਲਣਾ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ** **, ਬਹੁਤ ਛੋਟੀ ਜਿਹੀ ਗੱਲ ਹੈ। ** ** ਅਗਰ ਇਸ ਤਰ੍ਹਾਂ ਕਰਨਾ ਹੈ, ਸਾਨੂੰ ਕੋਈ ਇਤਰਾਜ਼ ਨਹੀਂ ਹੈ, ਅਸੀਂ ਤਾਂ ਬੋਲਾਂਗੇ ** ** ।

-------

** **Expunged as ordered by the Hon'ble Speaker.

## CENSURE MOTION REGARDING CONDEMNING THE MOCK ASSEMBLY

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਮਾਨਯੋਗ ਸਪੀਕਰ ਸਾਹਿਬ, ਮੈਂ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮੈਂਬਰ ਲੌਂਜ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਮੌਕ ਸੈਸ਼ਨ ਚਲਾਇਆ ਜਾ ਰਿਹਾ ਹੈ, ਇਹ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੀ ਘੋਰ ਉਲੰਘਣਾ ਹੈ। ਇਸ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਚੈਪਟਰ-1 ਵਿੱਚ ਹੇਠ ਲਿਖੇ ਅਨੁਸਾਰ ਵਿਵਸਥਾ ਹੈ-

> "Precincts of the House" means and includes the Chamber, the Lobbies, the Galleries, the Members' Lounge and such other places as the Speaker may from time to time specify."

ਮਿਤੀ 18.3.2013 ਨੂੰ ਚੇਅਰ ਵੱਲੋਂ ਸਾਰੇ ਵਿਧਾਨ ਭਵਨ ਨੂੰ ਅਹਾਤੇ (Precincts) ਵਜੋਂ ਘੋਸ਼ਿਤ ਕੀਤਾ ਜਾ ਚੁੱਕਿਆ ਹੈ।

ਮਾਨਯੋਗ ਸਪੀਕਰ ਸਾਹਿਬ, ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 97 (1) ਅਤੇ ਸੰਸਦੀ ਪ੍ਰਣਾਲੀ ਦੀਆਂ ਪਰੰਪਰਾਵਾਂ ਜੋ ਕੌਲ ਐਂਡ ਸ਼ਕਦਰ ਕਿਤਾਬ ਦੇ ਪੰਨਾ ਨੰ: 127 ਵਿੱਚ ਦਰਜ ਹਨ, ਦੇ ਅਨੁਸਾਰ ਸਦਨ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਅਤੇ ਸਦਨ ਅੰਦਰ ਸ਼ਾਂਤੀ ਬਣਾਏ ਰੱਖਣ ਦੀ ਮੌਲਿਕ ਜ਼ਿੰਮੇਵਾਰੀ ਸਪੀਕਰ ਦੀ ਹੈ। ਵਿਧਾਨ ਸਭਾ ਅਤੇ ਇਸ ਦੇ ਅਹਾਤੇ ਵਿੱਚ ਸ਼ਾਂਤੀ ਬਣਾਏ ਰੱਖਣ ਲਈ ਸਪੀਕਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਯਕੀਨੀ ਬਣਵਾਉਣਾ ਸਪੀਕਰ ਦੇ ਅਧਿਕਾਰ ਖੇਤਰ ਵਿੱਚ ਸ਼ਾਮਲ ਹੈ। ਇਸ ਦੇ ਨਾਲ ਹੀ ਮਾਨਯੋਗ ਮੈਂਬਰਾਂ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵੀ ਉਚ ਪੱਧਰ ਦੀ ਮਰਿਆਦਾ, ਸ਼ਿਸ਼ਟਾਚਾਰ ਅਤੇ ਨੈਤਿਕਤਾ ਬਣਾਈ ਰੱਖਣ। ਕਿਸੇ ਵੀ ਮੈਂਬਰ ਵੱਲੋਂ ਵਿਧਾਨ ਸਭਾ ਅਹਾਤੇ ਵਿੱਚ, ਵਿਧਾਨ ਸਭਾ ਦੇ ਬਰਾਬਰ ਕਾਰਵਾਈ ਚਲਾਉਣੀ ਨਿਯਮਾਂ ਅਤੇ ਸੰਸਦੀ ਪਰੰਪਰਾਵਾਂ ਦੇ ਉਲਟ ਹੈ। ਜੇਕਰ ਉਨ੍ਹਾਂ ਵੱਲੋਂ ਬਹਿਸ ਹੀ ਕਰਨੀ ਸੀ ਤਾਂ ਉਹ ਸਦਨ ਦੇ ਅੰਦਰ ਆ ਕੇ ਲੋਕਤੰਤਰਿਕ ਤਰੀਕੇ ਨਾਲ ਬਹਿਸ ਕਰ ਸਕਦੇ ਸੀ ਅਤੇ ਮਾਨਯੋਗ ਸਪੀਕਰ ਸਾਹਿਬ ਵੱਲੋਂ ਸਾਰਿਆਂ ਨੂੰ ਖੁੱਲ੍ਹਾ ਸਮਾਂ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ। ਸਪੀਕਰ ਸਾਹਿਬ, ਇਸ ਤਰ੍ਹਾਂ ਉਨ੍ਹਾਂ ਨੇ ਵਿਧਾਨ ਸਭਾ ਦੀ ਤੌਹੀਨ, ਤੁਹਾਡੀ ਕੁਰਸੀ ਦੀ ਤੌਹੀਨ ਅਤੇ ਸੰਵਿਧਾਨ ਦੀ ਤੌਹੀਨ ਕੀਤੀ ਹੈ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਇਹ ਪ੍ਰਸਤਾਵ ਪੇਸ਼ ਕਰਦਾ ਹਾਂ–

"ਕਿ ਜੋ ਅੱਜ ਮੈਂਬਰ ਲੌਂਜ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲੋਂ ਮੌਕ ਅਸੰਬਲੀ ਲਗਾਈ ਗਈ ਹੈ, ਇਹ most undemocratic, most condemnable and unjustified ਹੈ। ਕਿਸੇ ਵੀ ਮੈਂਬਰ ਵੱਲੋਂ ਵਿਧਾਨ ਸਭਾ ਅਹਾਤੇ ਵਿੱਚ, ਵਿਧਾਨ ਸਭਾ ਦੇ ਬਰਾਬਰ ਕਾਰਵਾਈ ਚਲਾਉਣੀ ਨਿਯਮਾਂ ਅਤੇ ਸੰਸਦੀ ਪਰੰਪਰਾਵਾਂ ਦੇ ਉਲਟ ਹੈ। ਜੇਕਰ ਉਨ੍ਹਾਂ ਵੱਲੋਂ ਬਹਿਸ ਹੀ ਕਰਨੀ ਸੀ ਤਾਂ ਉਹ ਸਦਨ ਦੇ ਅੰਦਰ ਆ ਕੇ ਲੋਕਤੰਤਰਿਕ ਤਰੀਕੇ ਨਾਲ ਬਹਿਸ ਕਰ ਸਕਦੇ ਸੀ ਅਤੇ ਮਾਨਯੋਗ ਸਪੀਕਰ ਸਾਹਿਬ ਵੱਲੋਂ ਸਾਰਿਆਂ ਨੂੰ ਖੁੱਲ੍ਹਾ ਸਮਾਂ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ। ਅਜਿਹਾ ਕਰਕੇ ਉਨ੍ਹਾਂ ਵੱਲੋਂ ਵਿਧਾਨ ਸਭਾ ਦੀ, ਚੇਅਰ ਦੀ ਅਤੇ ਸੰਵਿਧਾਨ ਦੀ ਤੌਹੀਨ ਕੀਤੀ ਗਈ ਹੈ, ਜਿਸ ਦੀ ਇਹ ਸਦਨ ਘੋਰ ਨਿੰਦਾ ਕਰਦਾ ਹੈ। "

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

"ਕਿ ਜੋ ਅੱਜ ਮੈਂਬਰ ਲੌਂਜ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲੋਂ ਮੌਕ ਅਸੰਬਲੀ ਲਗਾਈ ਗਈ ਹੈ, ਇਹ most undemocratic, most condemnable and unjustified ਹੈ। ਕਿਸੇ ਵੀ ਮੈਂਬਰ ਵੱਲੋਂ ਵਿਧਾਨ ਸਭਾ ਅਹਾਤੇ ਵਿੱਚ, ਵਿਧਾਨ ਸਭਾ ਦੇ ਬਰਾਬਰ ਕਾਰਵਾਈ ਚਲਾਉਣੀ ਨਿਯਮਾਂ ਅਤੇ ਸੰਸਦੀ ਪਰੰਪਰਾਵਾਂ ਦੇ ਉਲਟ ਹੈ। ਜੇਕਰ ਉਨ੍ਹਾਂ ਵੱਲੋਂ ਬਹਿਸ ਹੀ ਕਰਨੀ ਸੀ ਤਾਂ ਉਹ ਸਦਨ ਦੇ ਅੰਦਰ ਆ ਕੇ ਲੋਕਤੰਤਰਿਕ ਤਰੀਕੇ ਨਾਲ ਬਹਿਸ ਕਰ ਸਕਦੇ ਸੀ ਅਤੇ ਮਾਨਯੋਗ ਸਪੀਕਰ ਸਾਹਿਬ ਵੱਲੋਂ ਸਾਰਿਆਂ ਨੂੰ ਖੁੱਲ੍ਹਾ ਸਮਾਂ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ। ਅਜਿਹਾ ਕਰਕੇ ਉਨ੍ਹਾਂ ਵੱਲੋਂ ਵਿਧਾਨ ਸਭਾ ਦੀ, ਚੇਅਰ ਦੀ ਅਤੇ ਸੰਵਿਧਾਨ ਦੀ ਤੌਹੀਨ ਕੀਤੀ ਗਈ ਹੈ, ਜਿਸ ਦੀ ਇਹ ਸਦਨ ਘੋਰ ਨਿੰਦਾ ਕਰਦਾ ਹੈ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

"ਕਿ ਜੋ ਅੱਜ ਮੈਂਬਰ ਲੌਂਜ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਵੱਲੋਂ ਮੌਕ ਅਸੰਬਲੀ ਲਗਾਈ ਗਈ ਹੈ, ਇਹ most undemocratic, most condemnable and unjustified ਹੈ। ਕਿਸੇ ਵੀ ਮੈਂਬਰ ਵੱਲੋਂ ਵਿਧਾਨ ਸਭਾ ਅਹਾਤੇ ਵਿੱਚ, ਵਿਧਾਨ ਸਭਾ ਦੇ ਬਰਾਬਰ ਕਾਰਵਾਈ ਚਲਾਉਣੀ ਨਿਯਮਾਂ ਅਤੇ ਸੰਸਦੀ ਪਰੰਪਰਾਵਾਂ ਦੇ ਉਲਟ ਹੈ। ਜੇਕਰ ਉਨ੍ਹਾਂ ਵੱਲੋਂ ਬਹਿਸ ਹੀ ਕਰਨੀ ਸੀ ਤਾਂ ਉਹ ਸਦਨ ਦੇ ਅੰਦਰ ਆ ਕੇ ਲੋਕਤੰਤਰਿਕ ਤਰੀਕੇ ਨਾਲ ਬਹਿਸ ਕਰ ਸਕਦੇ ਸੀ ਅਤੇ ਮਾਨਯੋਗ ਸਪੀਕਰ ਸਾਹਿਬ ਵੱਲੋਂ ਸਾਰਿਆਂ ਨੂੰ ਖੁੱਲ੍ਹਾ ਸਮਾਂ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ। ਅਜਿਹਾ ਕਰਕੇ ਉਨ੍ਹਾਂ ਵੱਲੋਂ ਵਿਧਾਨ ਸਭਾ ਦੀ, ਚੇਅਰ ਦੀ ਅਤੇ ਸੰਵਿਧਾਨ ਦੀ ਤੌਹੀਨ ਕੀਤੀ ਗਈ ਹੈ, ਜਿਸ ਦੀ ਇਹ ਸਦਨ ਘੋਰ ਨਿੰਦਾ ਕਰਦਾ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

-----

## DISCUSSION ON THE REPORT OF JUSTICE (RETD.) SHRI RANJIT SINGH COMMISSION OF ENQUIRY ALONGWITH ACTION TAKEN REPORT THEREON
## *(Resumption)*

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਸਾਰੇ ਮੈਂਬਰਾਂ ਨੂੰ ਆਦਰ ਤੇ ਸਤਿਕਾਰ ਸਹਿਤ ਫਤਹਿ ਅਰਜ਼ ਕਰਦਾ ਹਾਂ। "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।" ਸਪੀਕਰ ਸਾਹਿਬ, ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾ ਕੇ ਗਏ ਹਨ-

ਚਿੜੀਆਂ ਕੋਲੋਂ ਬਾਜ ਤੁੜਾਊਂ, ਗਿੱਦੜਾਂ ਤੋਂ ਮੈਂ ਸ਼ੇਰ ਬਨਾਊਂ,
ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਨਾਲ ਹੀ ਹੁਕਮ ਉਚਾਰਨ ਕਰਕੇ ਗਏ ਹਨ ਕਿ-

ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥

ਸਪੀਕਰ ਸਾਹਿਬ, ਅੱਜ ਜੋ ਸਾਡੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਡੇ ਬਾਪ ਦੀ ਜਿਹੜੀ ਬੇਅਦਬੀ ਹੋਈ ਹੈ, ਇਸ ਬੇਅਦਬੀ ਮਾਮਲੇ ਵਿੱਚ ਦੋਸ਼ੀ ਪਰਦੇ ਦੇ ਪਿੱਛੇ ਛੁਪੇ ਹੋਏ ਹਨ। ਅੱਜ ਇਹ ਪਵਿੱਤਰ ਸਦਨ, ਸਾਰੇ ਮੈਂਬਰਜ਼, ਮੈਂ ਇਹ ਨਹੀਂ ਕਹਿੰਦਾ ਕਿ ਇਕੱਲੇ ਵਿਧਾਨ ਸਭਾ ਦੇ ਵਿੱਚ, ਸਗੋਂ ਪੂਰੀ ਦੁਨੀਆਂ ਦੇ ਵਿੱਚ ਵਸਦੇ ਪੰਜਾਬੀ ਅੱਜ

ਟਿਕਟਿਕੀ ਲਗਾ ਕੇ ਪ੍ਰਸਾਰਨ ਵੇਖ ਰਹੇ ਹਨ ਕਿ ਅੱਜ ਨਿਆਂ ਮਿਲੇਗਾ, ਅੱਜ ਇਨਸਾਫ ਮਿਲੇਗਾ। ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਉਨ੍ਹਾਂ ਦਿਨਾਂ ਦੀ ਗੱਲ ਕਰਦਾ ਹਾਂ ਜਦੋਂ ਬਰਗਾੜੀ, ਬਹਿਬਲ ਕਾਂਡ ਅਤੇ ਕੋਟਕਪੂਰਾ ਕਾਂਡ ਵਾਪਰੇ। ਮੇਰੇ ਘਰ ਦੇ ਗੁਆਂਢ ਦੇ ਵਿੱਚ ਸ਼ਹੀਦ ਗੁਰਜੀਤ ਸਿੰਘ, ਜਿਹੜਾ 23 ਸਾਲ ਦੀ ਉਮਰ ਦਾ ਸਿੰਘ ਸ਼ਹੀਦ ਹੋਇਆ ਹੈ, ਦੀ ਸਕੀ ਭੈਣ ਵਿਆਹੀ ਹੋਈ ਹੈ। ਅਸੀਂ ਬਰਗਾੜੀ ਗਏ, ਸ਼ਹੀਦ ਗੁਰਜੀਤ ਸਿੰਘ ਦੇ ਘਰ ਗਏ, ਕ੍ਰਿਸ਼ਨ ਭਗਵਾਨ ਸਿੰਘ ਹੋਰਾਂ ਦੇ ਘਰ ਗਏ, ਉਨ੍ਹਾਂ ਦੇ ਘਰ ਦੇ ਹਾਲਾਤ ਕਿਹੋ ਜਿਹੇ ਸੀ, ਇਹ ਦੱਸਿਆ ਜਾ ਚੁੱਕਿਆ ਹੈ। ਪੰਜਾਬ ਦੇ ਲੋਕ ਬੇਅਦਬੀ ਮਾਮਲਿਆਂ ਸਬੰਧੀ ਬਹੁਤ ਲੰਮਾ ਸਮਾਂ ਸੜਕਾਂ ਤੇ ਕਾਲੀਆਂ ਝੰਡੀਆਂ ਲੈ ਕੇ ਵਿਰੋਧ ਕਰਦੇ ਰਹੇ। ਮੇਰਾ ਖਿਆਲ ਹੈ ਕਿ ਤੁਹਾਨੂੰ ਯਾਦ ਹੋਵੇਗਾ ਕਿ 42 ਦਿਨ ਪੰਜਾਬ ਦੀਆਂ ਸੜਕਾਂ ਤੇ ਜਾਮ ਲੱਗੇ ਰਹੇ। ਮੈਂ ਉਨ੍ਹਾਂ ਸੰਤ-ਮਹਾਂਪੁਰਸ਼ਾਂ ਨੂੰ, ਜਿਹੜੇ ਸਾਡੇ ਧਾਰਮਿਕ ਆਗੂ ਸਾਹਿਬਾਨ ਧਰਨੇ ਨੂੰ ਲੀਡ ਕਰਦੇ ਸੀ, ਨੂੰ ਉਦੋਂ ਕਿਹਾ ਕਿ ਅਵਾਜ਼-ਏ -ਖਲਕ ਨੂੰ ਨਗਾਰਾ-ਏ-ਖੁਦਾ ਸਮਝੋ ਕਿਉਂਕਿ ਪੂਰੀ ਦੁਨੀਆਂ ਜਾਣਦੀ ਹੈ ਕਿ ਇਸ ਕਾਂਡ ਦੇ ਦੋਸ਼ੀ ਕੌਣ ਹਨ, ਉਥੇ ਰਾਹਗੀਰਾਂ ਦਾ ਕੀ ਕਸੂਰ ਹੈ, ਆਓ, ਪਿੰਡ ਬਾਦਲ ਚੱਲੀਏ ਅਤੇ ਜਾ ਕੇ ਧਰਨੇ ਤੇ ਬੈਠੀਏ। ਜੇਕਰ ਬਾਦਲ ਪਿੰਡ ਨਹੀਂ ਜਾਣਾ ਤਾਂ ਸੀ.ਐਮ. ਹਾਊਸ ਚੱਲੀਏ, ਜਿਥੋਂ ਸੂਬੇ ਦੇ ਹਰ ਬਾਸ਼ਿੰਦੇ ਨੂੰ ਇੱਕ ਆਸ ਹੁੰਦੀ ਹੈ ਕਿ ਇਸ ਘਰ ਵਿੱਚੋਂ ਸਾਨੂੰ ਨਿਆਂ ਮਿਲਣਾ ਹੈ। ਉਸ ਘਰ ਵਿੱਚ ਰਹਿਣ ਵਾਲਿਆਂ ਨੇ ਸਾਡੇ ਗੁਰੂ ਦੀ ਬੇਅਦਬੀ ਕੀਤੀ ਹੈ, ਚੱਲੋ ਉਥੇ ਚੱਲੀਏ ਪਰ ਸ਼ਾਇਦ ਉਨ੍ਹਾਂ ਦਾ ਕੋਈ ਹੋਰ ਪ੍ਰੋਗਰਾਮ ਹੋਣਾ ਹੈ। ਅਸੀਂ ਲੁਧਿਆਣਾ ਤੋਂ ਪ੍ਰੋਗਰਾਮ ਉਲੀਕਿਆ, ਚੰਡੀਗੜ੍ਹ ਰੋਡ ਤੇ ਵਰਧਮਾਨ ਗਰਾਊਂਡ ਚ ਇਕੱਠੇ ਹੋਏ, ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਅਤੇ ਉਸ ਸਮੇਂ ਦੇ ਮੁੱਖ ਮੰਤਰੀ ਦੇ ਘਰ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਬਣਾਇਆ, ਜਿਹੜਾ ਇਸ ਕਾਂਡ ਦਾ ਅਸਲ ਦੋਸ਼ੀ ਹੈ, ਉਸ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਬਣਾਇਆ। ਉਥੇ ਸਾਡੇ ਤੇ ਬਹੁਤ ਸਾਰੀ ਪੁਲਿਸ ਨੇ ਲਾਠੀਚਾਰਜ ਕੀਤਾ ਅਤੇ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਵੀ ਕੀਤਾ। ਮੈਂ ਅਤੇ ਮੇਰੇ ਤਕਰੀਬਨ 150-200 ਸਾਥੀ ਬਚਦੇ-ਬਚਾਉਂਦੇ ਆਪਣੇ ਮਿੱਥੇ ਪ੍ਰੋਗਰਾਮ ਦੇ ਅਨੁਸਾਰ ਚੰਡੀਗੜ੍ਹ ਸੀ.ਐਮ. ਹਾਊਸ ਕੋਲ ਪਹੁੰਚ ਗਏ। ਉਥੇ ਪੁਲਿਸ ਵੱਡੀ ਗਿਣਤੀ ਵਿੱਚ ਮੌਜੂਦ ਸੀ, ਘੋੜਾ ਪੁਲਿਸ ਅਤੇ ਵਾਟਰ ਵੈਨ ਵੀ ਸਨ। ਸਾਡੇ ਤੇ ਪਾਣੀ ਦੀਆਂ ਬੁਛਾੜਾਂ ਛੱਡੀਆਂ ਗਈਆਂ। ਮੇਰੇ ਕੂਹਣੀਆਂ ਤੇ ਹਾਲੇ ਵੀ ਨਿਸ਼ਾਨ ਮੌਜੂਦ ਹਨ। ਸਾਨੂੰ ਉਥੇ ਅਰੈਸਟ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਆਪਣੇ ਗੁਰੂ ਵਾਸਤੇ ਸੁਭਾਗ ਸਮਾਂ ਪ੍ਰਾਪਤ ਹੋਇਆ ਹੈ। ਪੁਲਿਸ ਨੇ ਅਰੈਸਟ ਕੀਤਾ ਅਤੇ ਸੈਕਟਰ-39 ਦੇ ਥਾਣੇ ਵਿੱਚ ਬੰਦ ਕਰ ਦਿੱਤਾ। ਰਾਤ ਨੂੰ ਕੋਈ ਸਾਢੇ 12 ਵਜੇ ਦੇ ਕਰੀਬ ਐਸ.ਡੀ.ਐਮ. ਸਾਹਿਬ ਦਾ ਹੁਕਮ ਆਇਆ ਕਿ

ਤੁਹਾਨੂੰ ਰਿਹਾਅ ਕੀਤਾ ਜਾਂਦਾ ਹੈ ਪਰ ਸਪੀਕਰ ਸਾਹਿਬ, ਦੂਸਰੇ ਦਿਨ ਦੁਸਹਿਰੇ ਦਾ ਪਵਿੱਤਰ ਤਿਉਹਾਰ ਸੀ। ਉਸ ਦਿਨ ਪੁਲਿਸ ਵੱਲੋਂ ਮੇਰੀ ਰਿਹਾਇਸ਼ ਵਾਲੀ ਕਲੋਨੀ ਵਿੱਚ ਇਸ ਤਰ੍ਹਾਂ ਘੇਰਾਬੰਦੀ ਕੀਤੀ ਗਈ ਜਿਵੇਂ ਕਿਸੇ ਬਹੁਤ ਹਾਰਡ ਕੋਰ ਕ੍ਰਿਮੀਨਲ ਨੂੰ ਅਰੈਸਟ ਕਰਨ ਜਾਣਾ ਹੁੰਦਾ ਹੈ, ਉਨ੍ਹਾਂ ਨੇ ਸਿਮਰਜੀਤ ਬੈਂਸ ਨੂੰ ਅਰੈਸਟ ਕਰਨਾ ਸੀ। ਮੇਰਾ ਕਸੂਰ ਸੀ ਕਿ ਮੈਂ ਚੰਡੀਗੜ੍ਹ ਵਿੱਚ ਧਰਨਾ ਦਿੱਤਾ ਸੀ ਪਰ ਮੁਕੱਦਮਾ ਲੁਧਿਆਣਾ ਵਿੱਚ ਦਰਜ ਕੀਤਾ ਗਿਆ, ਮੇਰੀ ਰਿਹਾਇਸ਼ ਤੇ ਆ ਕੇ ਅਰੈਸਟ ਕੀਤਾ ਗਿਆ। ਸਪੀਕਰ ਸਾਹਿਬ, ਮੈਨੂੰ ਇੰਜ ਅਰੈਸਟ ਕੀਤਾ ਗਿਆ ਜਿਵੇਂ ਕਿਸੇ ਹਾਰਡ ਕੋਰ ਕ੍ਰਿਮੀਨਲ ਨੂੰ ਅਰੈਸਟ ਕਰਨਾ ਹੋਵੇ। ਮੈਨੂੰ ਜਮਾਲਪੁਰ ਥਾਣੇ ਵਿੱਚ ਲਿਜਾ ਕੇ ਬੰਦ ਕੀਤਾ ਗਿਆ। ਇਸ ਰਿਪੋਰਟ ਵਿੱਚ ਕੁਝ ਅਫਸਰਾਂ ਦੇ ਨਾਮ ਆਏ ਹਨ। ਉਨ੍ਹਾਂ ਵਿੱਚੋਂ ਇੱਕ ਨਾਮ 'ਉਮਰਾਨੰਗਲ' ਦਾ ਵੀ ਸੀ ਜੋ ਉਸ ਵੇਲੇ ਸਾਡੇ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਹੋਇਆ ਕਰਦੇ ਸੀ, ਜਿਨ੍ਹਾਂ ਨੂੰ ਸਪੈਸ਼ਲ ਇਸ ਕੰਮ ਵਾਸਤੇ ਉੱਥੇ ਲੈ ਕੇ ਗਏ। ਮੈਂ ਰਾਤ ਨੂੰ ਤਕਰੀਬਨ ਸਾਢੇ 11 ਵਜੇ ਐਸ.ਐਚ.ਓ. ਦੇ ਕਮਰੇ ਵਿੱਚ ਬੈਠਾ ਸੀ। ਉਹ ਐਸ.ਐਚ.ਓ. ਬਹੁਤ ਘਬਰਾਇਆ ਹੋਇਆ, ਉਹ ਕਦੇ ਅੰਦਰ ਆਵੇ ਤੇ ਕਦੇ ਬਾਹਰ ਨਿਕਲ ਜਾਵੇ। ਮੈਂ ਸਮਝ ਗਿਆ ਕਿ ਇਸ ਦੇ ਮਨ ਤੇ ਕੋਈ ਬਿਪਤਾ ਹੈ, ਕੋਈ ਭਾਰ ਹੈ। ਉਹ ਮੈਨੂੰ ਕਹਿੰਦਾ ਹੈ ਕਿ ਜ਼ਿਲ੍ਹੇ ਦੇ ਸੀਨੀਅਰ ਪੁਲਿਸ ਅਧਿਕਾਰੀ ਆਏ ਹਨ। ਸਪੀਕਰ ਸਾਹਿਬ, ਇਹ ਉਹੀ ਸ਼੍ਰੋਮਣੀ ਅਕਾਲੀ ਦਲ ਹੈ ਜਿਹੜਾ ਪੂਰੇ ਹਿੰਦੁਸਤਾਨ ਅੰਦਰ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਅਲੰਬਰਦਾਰ ਰਿਹਾ ਹੈ, ਉਹ ਅੱਜ ਪਿਓ-ਪੁੱਤਾਂ ਦੀ ਪ੍ਰਾਈਵੇਟ ਲਿਮਟਿਡ ਕੰਪਨੀ ਬਣਿਆ ਹੋਇਆ ਹੈ। ਜੇਕਰ ਪੰਜਾਬ ਵਿੱਚ ਮਾਫੀਆ ਦੀ ਸ਼ੁਰੂਆਤ ਹੋਈ ਹੈ ਤਾਂ ਪਿਛਲੇ 10 ਸਾਲਾਂ ਤੋਂ ਹੋਈ ਹੈ। ਉਸ ਤੋਂ ਪਹਿਲਾਂ ਮਾਫੀਆ ਲਫਜ਼ ਪੰਜਾਬ ਵਿੱਚ ਨਹੀਂ ਹੁੰਦਾ ਸੀ। ਮੈਂ ਦੱਸ ਰਿਹਾ ਸੀ ਕਿ ਉਹ ਐਸ.ਐਚ.ਓ. ਬੜਾ ਪ੍ਰੇਸ਼ਾਨ ਸੀ। ਸਪੀਕਰ ਸਾਹਿਬ, ਉਸ ਦਿਨ 25-30 ਪੁਲਿਸ ਵਾਲੇ ਇੱਕ ਐਮ.ਐਲ.ਏ ਨੂੰ ਥਾਣੇ ਵਿੱਚ ਕੁੱਟਣ, ਮੈਂ ਸਮਝਦਾ ਹਾਂ ਕਿ ਮੈਂ ਖੁਸ਼ਕਿਸਮਤ ਹਾਂ ਕਿ ਮੈਂ ਪੁਲਿਸ ਦਾ ਤਸ਼ੱਦਦ ਝੱਲਿਆ ਹੈ। ਮੈਂ ਆਪਣੇ ਸਕੇ ਭਰਾ ਨੂੰ ਆ ਕੇ ਨਹੀਂ ਦੱਸਿਆ, ਮੈਂ ਆਪਣੇ ਪਰਿਵਾਰ ਨੂੰ ਨਹੀਂ ਦੱਸਿਆ ਕਿ ਰਾਤ ਪੁਲਿਸ ਨੇ ਮੇਰੀ ਬੇਤਹਾਸ਼ਾ ਕੁੱਟਮਾਰ ਕੀਤੀ ਹੈ। ਮੈਂ ਆਪਣੇ ਗੁਰੂ ਵਾਸਤੇ ਕੀਤਾ। ਕੁੱਟਮਾਰ ਕਰਨ ਤੋਂ ਬਾਅਦ ਥਾਣੇ ਦਾ ਗੇਟ ਖੁੱਲ੍ਹਦਾ ਸੀ, ਮੈਂ ਕਮਿਸ਼ਨਰ ਨੂੰ ਇਹ ਗੱਲ ਕਹੀ ਕਿ ਮੈਂ ਜਦੋਂ ਹਵਾਲਾਤ ਵਿੱਚ ਗਿਆ ਤਾਂ ਮੂਤ ਵਾਲੀ ਦਰੀ, ਗੰਦੀ ਬਦਬੂਦਾਰ ਦਰੀ ਮੈਨੂੰ ਪੈਣ ਵਾਸਤੇ ਦਿੱਤੀ। ਉਨ੍ਹਾਂ ਦੇ ਨਾਲ ਇੱਕ ਸਿਵਲ ਵਰਦੀ ਵਿੱਚ ਵੀ ਸੀ ਜੋ ਕਿ ਹਵਾਲਾਤ ਦੇ ਵਿੱਚ ਮੇਰੇ ਦਰੀ ਤੇ ਬੈਠੇ ਦੀਆਂ ਫੋਟੋਆਂ ਖਿੱਚ ਰਿਹਾ ਸੀ। ਮੈਂ ਪੁਲਿਸ ਦੇ ਕਮਿਸ਼ਨਰ ਦੇ ਆਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਮੇਰੀ ਫੋਟੋ ਨਾ ਖਿੱਚੋ ਸਗੋਂ ਮੇਰੀ ਵੀਡੀਓ ਬਣਾ ਕੇ ਬਾਦਲਾਂ ਨੂੰ ਭੇਜੋ ਤੇ ਉਨ੍ਹਾਂ

ਨੂੰ ਕਹੋ ਕਿ ਗੁਰੂ ਵਾਸਤੇ ਜਿਹੜਾ ਅੰਦੋਲਨ ਚੱਲਿਆ ਹੈ, ਉਸ ਵਿੱਚ ਬੈਂਸ ਸ਼ਾਮਲ ਹੋਇਆ ਹੈ। ਇਸ ਅੰਦੋਲਨ ਵਿੱਚ ਜੇਲ੍ਹ ਮਿਲ ਜਾਏ, ਹਵਾਲਾਤ ਦੇ ਵਿੱਚ ਮੂਤ ਵਾਲੀ ਦਰੀ ਮਿਲ ਜਾਵੇ, ਪੁਲਿਸ ਦੀਆਂ ਡਾਂਗਾਂ ਮਿਲ ਜਾਣ, ਪੁਲਿਸ ਦੀਆਂ ਡਾਂਗਾਂ ਦੀ ਕੋਈ ਪਰਵਾਹ ਨਹੀਂ ਹੈ। ਮੇਰਾ ਖਿਆਲ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਪਿਛਲੀ ਸਰਕਾਰ ਦੇ ਵਿੱਚ ਸੁਖਬੀਰ ਸਿੰਘ ਬਾਦਲ ਸ਼ਾਇਦ ਦੋ ਦਿਨ ਜੇਲ੍ਹ ਦੇ ਵਿੱਚ ਰਿਹਾ ਸੀ ਤੇ ਟੀਸ਼ੂ ਪੇਪਰ ਭਾਲਦਾ ਸੀ। ਮੈਂ ਵਾਹਿਗੁਰੂ ਦੇ ਅੱਗੇ ਅਰਦਾਸ ਬੇਨਤੀ ਕਰਦਾ ਹਾਂ ਕਿ ਮੈਨੂੰ ਮੇਰੀ ਕੌਮ ਵਾਸਤੇ, ਮੇਰੀ ਸਟੇਟ ਵਾਸਤੇ, ਮੇਰੇ ਗੁਰੂ ਵਾਸਤੇ ਤੇ ਮੇਰੇ ਲੋਕਾਂ ਵਾਸਤੇ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ ਲੜਾਈ ਲੜਦਿਆਂ ਬੇਸ਼ੱਕ ਜੇਲ੍ਹਾਂ ਮਿਲਣ ਪਰ ਕਦੇ ਬੇਈਮਾਨ ਬਣ ਕੇ ਜੇਲ੍ਹ ਨਾ ਮਿਲੇ।

ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ। ਮੇਰੇ ਤੋਂ ਸੀਨੀਅਰ ਮੇਰੇ ਸਤਿਕਾਰਯੋਗ ਸਾਥੀਆਂ ਨੇ ਸਾਰੀਆਂ ਗੱਲਾਂ ਇੱਥੇ ਕੀਤੀਆਂ ਹਨ । ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਉਨ੍ਹਾਂ ਤੋਂ ਲੋਕਾਂ ਨੂੰ ਬਹੁਤ ਆਸਾਂ ਹਨ। ਮੁੱਖ ਮੰਤਰੀ ਸਾਹਿਬ, ਤੁਹਾਨੂੰ ਸ਼ਹੀਦ-ਏ-ਆਜ਼ਮ, ਸਰਦਾਰ ਊਧਮ ਸਿੰਘ ਸੁਨਾਮ ਦੀ ਸਹੁੰ ਹੈ, ਜਿਨ੍ਹਾਂ ਨੇ ਕਈ ਸਾਲਾਂ ਬਾਅਦ ਜਾ ਕੇ ਜਨਰਲ ਡਾਇਰ ਤੋਂ ਜਲ੍ਹਿਆਂ ਵਾਲੇ ਬਾਗ ਵਿੱਚ ਵਾਪਰੇ ਕਾਂਡ ਦਾ ਬਦਲਾ ਲਿਆ ਸੀ। ਤੁਹਾਨੂੰ ਅੱਜ ਉਸ ਸ਼ਹੀਦ ਊਧਮ ਸਿੰਘ ਸੁਨਾਮ ਦੀ ਸਹੁੰ ਹੈ ਜੇ ਤੁਸੀਂ ਬਦਲਾ ਨਾ ਲਿਆ। ਤੁਸੀਂ ਅੱਜ ਉਸ ਕੁਰਸੀ ਤੇ ਬੈਠੇ ਹੋ, ਜਿੱਥੇ ਰੱਬ ਨੇ ਇੱਕ ਸ਼ਕਤੀ ਬਖਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ । ਗਿੱਲ ਸਾਹਿਬ ਨੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਹਿਸਟਰੀ ਬਾਰੇ ਬਹੁਤ ਡਿਟੇਲ ਵਿੱਚ ਦੱਸਿਆ ਹੈ। ਉਨ੍ਹਾਂ ਨੂੰ ਬਹੁਤ ਵੱਡੀ ਦਾਤ ਬਖਸ਼ਿਸ਼ ਹੋਈ ਹੈ। ਗੁਰੂ ਸਾਹਿਬ ਨੇ ਫੁਰਮਾਇਆ ਹੈ, "ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥" ਅੱਜ ਇਹ ਕਿਸ ਤੇ ਢੁੱਕਦੀ ਹੈ? ਕੈਪਟਨ ਅਮਰਿੰਦਰ ਸਿੰਘ ਜੀ ਦੇ ਉੱਤੇ। ਅੱਜ ਇਨ੍ਹਾਂ ਨੂੰ ਮੈਦਾਨ-ਏ-ਜੰਗ ਵਿੱਚ ਆਉਣਾ ਪਵੇਗਾ, ਸ਼ਮਸ਼ੀਰ ਖਿੱਚਣੀ ਪਵੇਗੀ ਕਿਉਂਕਿ ਸਾਡੇ ਬਾਪ ਦੀ ਬੇਇੱਜ਼ਤੀ ਹੋਈ ਹੈ। (ਥੰਪਿੰਗ) ਅੱਜ ਪੂਰੀ ਦੁਨੀਆਂ ਦੇ ਪੰਜਾਬੀ ਟਿਕਟਿਕੀ ਲਗਾਈ ਬੈਠੇ ਹਨ। ਮੈਂ ਆਸ ਕਰਦਾ ਹਾਂ ਕਿ ਇਹ ਸਾਰੇ ਸਦਨ ਦੀਆਂ ਭਾਵਨਾਵਾਂ ਹਨ, ਪੂਰੀ ਦੁਨੀਆਂ ਵਿੱਚ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਅਤੇ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਕੈਪਟਨ ਅਮਰਿੰਦਰ ਸਿੰਘ ਕਦਰ ਕਰਦੇ ਹੋਏ, ਜਿਹੜੇ ਦੋਸ਼ੀ ਹਨ, ਉਨ੍ਹਾਂ ਨੂੰ ਸਜ਼ਾਵਾਂ ਦੇਣਗੇ। ਇਹ ਗੱਲ ਬੱਚੇ-ਬੱਚੇ ਨੂੰ ਪਤਾ ਹੈ, ਮੈਂ ਇਸ ਨੂੰ ਰਿਪੀਟ ਕਰਾਂ ਤਾਂ ਅਜ਼ੀਮ ਸਦਨ ਦਾ ਸਮਾਂ ਜ਼ਾਇਆ ਕਰਨ ਵਾਲੀ ਗੱਲ ਹੋਵੇਗੀ। ਇਸ ਰਿਪੋਰਟ ਦੇ ਵਿੱਚ ਇਕੱਲੀ-ਇਕੱਲੀ

ਗੱਲ ਆ ਚੁੱਕੀ ਹੈ। ਕੈਪਟਨ ਅਮਰਿੰਦਰ ਸਿੰਘ ਜੀ ਦੋਸ਼ੀਆਂ ਨੂੰ ਜ਼ਰੂਰ ਸਜ਼ਾਵਾਂ ਦੇਣਗੇ। ਪੂਰੀ ਦੁਨੀਆਂ ਦੇ ਪੰਜਾਬੀ ਇਸ ਗੱਲ ਦੀ ਆਸ ਕਰਦੇ ਹਨ। ਬਹੁਤ-ਬਹੁਤ ਧੰਨਵਾਦ। ਸ਼ੁਕਰੀਆ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਸਰਦਾਰ ਦਰਸ਼ਨ ਸਿੰਘ ਬਰਾੜ:** ਸਪੀਕਰ ਸਾਹਿਬ, ਬੇਨਤੀ ਹੈ, ਜਿੰਨੇ ਵੀ ਅੱਜ ਬੁਲਾਰੇ ਬੋਲੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਬੋਲੇ ਹਨ। ਸਭ ਨੇ ਕਾਰਵਾਈ ਦੀ ਮੰਗ ਕੀਤੀ ਹੈ। ਮੰਤਰੀ ਬੋਲੇ ਹਨ, ਆਪੋਜ਼ੀਸ਼ਨ ਬੈਂਚਿਜ਼ ਤੋਂ ਬੋਲੇ ਹਨ, ਸਾਡੇ ਸਾਰਿਆਂ ਦੀ ਬੇਨਤੀ ਹੈ ਕਿ ਦੋਸ਼ੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਖਿਲਾਫ ਪਰਚਾ ਦਰਜ ਕਰਕੇ ਉਨ੍ਹਾਂ ਨੂੰ ਅੰਦਰ ਦੇਣਾ ਚਾਹੀਦਾ ਹੈ। ਕੋਈ ਸੀ.ਬੀ.ਆਈ. ਇਨਕੁਆਰੀ ਨਹੀਂ ਹੋਣੀ ਚਾਹੀਦੀ, 47 ਦਿਨ ਲੰਘ ਗਏ ਹਨ, ਹੁਣ ਵੇਟ ਨਾ ਕਰੋ। ਸਾਡੇ ਨਾਲ ਬਹੁਤ ਧੱਕਾ ਹੋਇਆ ਹੈ। ਸਾਡੇ ਤੇ ਅਕਾਲੀ ਦਲ ਨੇ ਬਹੁਤ ਹੀ ਪਰਚੇ ਦਰਜ ਕਰਵਾਏ ਹਨ। ਉਨ੍ਹਾਂ ਨੂੰ ਦੱਸਣ ਦਾ ਸਮਾਂ ਹੈ ਕਿ ਤੁਸੀਂ ਸਾਡੇ ਬਾਪੂ ਦੀ ਬੇਇੱਜ਼ਤੀ ਕੀਤੀ ਹੈ, ਬੇਪੱਤੀ ਕੀਤੀ ਹੈ, ਉਸ ਦਾ ਬਦਲਾ ਲੈਣ ਦਾ ਸਮਾਂ ਹੈ । ਸਾਡੀ ਕੌਮ, ਸਾਰੇ ਪੰਜਾਬ ਨੇ ਤੁਹਾਡੇ ਤੇ ਨਜ਼ਰਾਂ ਰੱਖੀਆਂ ਹੋਈਆਂ ਹਨ ਕਿ ਸਰਕਾਰ ਕੀ ਕਰਦੀ ਹੈ। ਸਪੀਕਰ ਸਾਹਿਬ, ਕੈਪਟਨ ਸਾਹਿਬ ਨੂੰ ਕਹਿ ਕੇ ਅੱਜ ਹੀ ਪਰਚਾ ਦਰਜ ਕਰਵਾਓ। ਬਹੁਤ-ਬਹੁਤ ਧੰਨਵਾਦ।

**Mr. Speaker:** Thank you. ਸਰਦਾਰ ਸੁਖਪਾਲ ਸਿੰਘ ਖਹਿਰਾ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਅੱਜ ਬੜੇ ਦੁੱਖਦਾਈ, ਬਹੁਤ ਮੰਦਭਾਗੇ ਅਤੇ ਬਹੁਤ ਹੀ ਦਿਲ ਨੂੰ ਦਹਿਲਾ ਦੇਣ ਵਾਲੇ ਮਸਲੇ ਤੇ ਬਹਿਸ ਹੋ ਰਹੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ, ਬਹਿਬਲ ਕਲਾਂ ਦੇ ਵਿੱਚ ਦੋ ਸਿੱਖ ਨੌਜਵਾਨ ਮਾਰੇ ਗਏ, ਕੋਟਕਪੂਰੇ ਵਿਖੇ ਔਰਤਾਂ, ਬਜ਼ੁਰਗਾਂ ਔਰ ਸਾਰੇ ਬੇਸਹਾਰਾ ਲੋਕਾਂ ਤੇ ਮਾਰਚ ਕਰਦੇ ਹੋਏ ਬੇਦਰਦੀ ਨਾਲ ਜ਼ੁਲਮ ਢਾਹਿਆ ਗਿਆ, ਉਸ ਮਸਲੇ ਤੇ ਆਪਾਂ ਇਕੱਤਰ ਹੋਏ ਹਾਂ। ਮੇਰੇ ਤੋਂ ਪਹਿਲਾਂ ਬਹੁਤ ਸਾਰੇ ਸਤਿਕਾਰਯੋਗ ਬੁਲਾਰਿਆਂ ਨੇ ਜਿਹੜੇ ਈਵੇਂਟਸ ਸਨ, ਡੇਟਸ ਸਨ, ਕਮਿਸ਼ਨ ਦੀਆਂ ਬਹੁਤ ਸਾਰੀਆਂ ਫਾਈਂਡਿੰਗਜ਼ ਸਨ, ਰਿਪੋਰਟ ਦੇ ਪੰਨਿਆਂ ਤੇ ਕੀ ਲਿਖਿਆ ਹੋਇਆ ਹੈ ਅਤੇ ਰਿਕੁਮੈਂਡੇਸ਼ਨਜ਼ ਕੀ ਹਨ, ਬਾਰੇ ਕਾਫੀ ਕੁਝ ਕਹਿ ਦਿੱਤਾ ਹੈ, ਮੈਂ ਉਸ ਗੱਲ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਹਾਲਾਂਕਿ ਟਾਈਮਲਾਈਨ ਪੜ੍ਹ ਕੇ ਬਣਾਈ ਸੀ ਪਰ ਮੈਂ ਸਮਝਦਾ ਹਾਂ ਕਿ ਉਹ ਗੱਲਾਂ ਰਿਪੀਟ ਕਰਨ ਦਾ ਕੋਈ ਫਾਇਦਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇਸ ਵਿਸ਼ਵ ਵਿੱਚ ਸਾਂਝੀਵਾਲਤਾ ਦਾ ਪ੍ਰਤੀਕ ਹਨ।

[ ਸਰਦਾਰ ਸੁਖਪਾਲ ਸਿੰਘ ਖਹਿਰਾ ]

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਫਰਮਾਨ ਹੈ:

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥

ਅਗਰ ਸਰਬੱਤ ਦੇ ਭਲੇ ਦੀ ਕੋਈ ਗੱਲ ਕਰਦਾ ਹੈ ਤਾਂ ਸਾਰੀ ਦੁਨੀਆਂ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਇਸ ਵਿੱਚ ਸਾਰੇ ਧਰਮਾਂ ਦੀ ਬਾਣੀ ਦਰਜ ਹੈ। ਇੱਕ ਵਾਰ ਇਰਾਨ ਦੇ ਰਾਸ਼ਟਰਪਤੀ ਰਫਸਨਜਾਨੀ ਨੇ ਵੀ ਗੱਲ ਪੁੱਛੀ ਸੀ, ਉਦੋਂ ਸ਼੍ਰੀ ਨਰਸਿਮ੍ਹਾ ਰਾਓ ਪ੍ਰਾਈਮ ਮਨਿਸਟਰ ਸਨ, ਸ਼ਾਇਦ 1993 ਦੀ ਗੱਲ ਹੈ। ਇਹ ਮੈਂ ਆਪ ਆਪਣੇ ਕੰਨਾਂ ਨਾਲ ਲਫਜ਼ ਸੁਣੇ। ਜਦੋਂ ਰਫਸਨਜਾਨੀ ਜੀ ਬੈਠੇ ਤਾਂ ਉਨ੍ਹਾਂ ਨੇ ਨਰਸਿਮ੍ਹਾ ਰਾਓ ਜੀ ਨੂੰ ਪੁੱਛਿਆ ਕਿ ਇਹ ਜਿਹੜੇ ਸਿੱਖ ਹਨ ਅਤੇ ਇਨ੍ਹਾਂ ਦੀ ਜਿਹੜੀ ਫਿਲਾਸਫੀ ਹੈ, ਤੁਸੀਂ ਇਸ ਨੂੰ ਕਿਸ ਤਰ੍ਹਾਂ ਡਿਸਕ੍ਰਾਈਬ ਕਰੋਗੇ? ਨਰਸਿਮ੍ਹਾ ਰਾਓ ਕਿਉਂਕਿ ਆਪ ਵਿਦਵਾਨ ਸਨ, ਸੱਤ ਜ਼ੁਬਾਨਾਂ ਦੇ ਮਾਹਿਰ ਸਨ, ਉਨ੍ਹਾਂ ਨੇ ਬਿਨਾਂ ਝਿਜਕ ਤੋਂ ਇੱਕ ਦਮ ਜਵਾਬ ਦਿੱਤਾ ਕਿ ਅਗਰ ਸਾਰੇ ਧਰਮਾਂ ਦਾ ਕੋਈ ਨਿਚੋੜ ਕੱਢਣਾ ਹੋਵੇ ਅਤੇ ਉਸ ਨਿਚੋੜ ਨੂੰ ਕੋਈ ਨਾਮ ਦੇਣਾ ਹੋਵੇ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇੰਨਾ ਵੱਡਾ ਹਿਰਦਾ, ਫਰਾਖਦਿਲੀ ਜੀ ਔਰ ਗੁਰੂ ਨਾਨਕ ਨਾਮ ਲੇਵਾ ਨੇ, ਸਾਰੀ ਦੁਨੀਆਂ ਵਿੱਚ ਸਾਡੇ ਗੁਰੂ ਸਾਹਿਬਾਨ ਦੀ ਬਦੌਲਤ, ਉਨ੍ਹਾਂ ਦੀ ਆਈਡਿਓਲੋਜੀ ਦੀ ਬਦੌਲਤ, ਜੋ ਸਾਡੇ ਪੁਰਖਿਆਂ ਨੇ ਕੁਰਬਾਨੀਆਂ ਦਿੱਤੀਆ ਅਤੇ ਵਿਚਾਰਧਾਰਾ ਪੈਦਾ ਕੀਤੀ, ਉਸ ਵਿਚਾਰਧਾਰਾ ਨੇ ਸਭ ਤੋਂ ਪਹਿਲਾਂ ਸਾਡੇ ਦੇਸ਼ ਦੀ ਆਜ਼ਾਦੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਇਤਿਹਾਸ ਕੱਢ ਕੇ ਦੇਖ ਲਉ, ਫਾਂਸੀਆਂ ਦੀ ਗਿਣਤੀ ਕੱਢ ਕੇ ਦੇਖ ਲਉ, ਕਾਲੇ ਪਾਣੀ ਦੀਆਂ ਸਜ਼ਾਵਾਂ ਕੱਢ ਕੇ ਦੇਖ ਲਉ, ਕੁਰਬਾਨੀਆਂ ਦਾ ਰਿਕਾਰਡ ਕੱਢ ਕੇ ਦੇਖ ਲਉ, ਜੇਲ੍ਹਾਂ ਦਾ ਅਤੇ ਮੋਰਚਿਆਂ ਦਾ ਰਿਕਾਰਡ ਕੱਢ ਕੇ ਦੇਖ ਲਉ, ਸਭ ਤੋਂ ਜ਼ਿਆਦਾ ਕੰਟਰੀਬਿਊਸ਼ਨ, approximately 90% contribution towards independence of India ਪੰਜਾਬੀਆਂ ਦੀ ਹੈ, more precisely ਸਿੱਖਾਂ ਦੀ ਹੈ। ਹਾਲਾਂਕਿ ਸਾਡੇ ਨਾਲ ਉਸ ਤੋਂ ਬਾਅਦ ਵਿਤਕਰਾ ਹੋਇਆ। ਸਾਰੇ ਦੇਸ਼ ਨੇ ਭਾਸ਼ਾ ਦੇ ਆਧਾਰ ਤੇ ਸੂਬੇ ਬਣਾਏ ਪ੍ਰੰਤੂ ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਸੂਬਾ ਬਣਾਉਣ ਵਾਸਤੇ 'ਪੰਜਾਬੀ ਸੂਬਾ ਮੋਰਚਾ' ਲਾਉਣਾ ਪਿਆ। ਸੰਨ 1947 ਤੋਂ ਬਾਅਦ 1966 ਵਿੱਚ ਇਸ ਸ਼ਕਲ ਵਿੱਚ ਸਾਡਾ ਸੂਬਾ ਬਣਾਇਆ ਗਿਆ। ਫਿਰ ਸਾਡੇ ਪਾਣੀ ਖੋਹੇ ਗਏ। ਸਾਡਾ ਪਾਣੀ ਜਿਹੜਾ ਦੂਜੇ ਸੂਬਿਆਂ ਨੂੰ ਚਲਾ ਗਿਆ, ਯੂਨੀਵਰਸਿਟੀਆਂ ਦੇ ਮਾਹਿਰਾਂ ਨੇ ਕੈਲਕੁਲੇਟ ਕੀਤਾ ਹੈ, ਅੱਜ ਲਗਭਗ ਇਕੱਲਾ ਰਾਜਸਥਾਨ owes us 60 lac crore rupees, ਇਸੇ ਤਰ੍ਹਾਂ ਹਰਿਆਣਾ ਅਤੇ ਦੂਜੇ ਸੂਬਿਆਂ ਦਾ ਵੀ ਹੈ। ਇਸ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਹੋਇਆ, ਫਿਰ ਉਸ ਤੋਂ ਬਾਅਦ ਸਿੱਖਾਂ ਦੇ ਕਤਲੇਆਮ ਹੋਏ। ਉਸ ਤੋਂ

ਬਾਅਦ ਬਹੁਤ ਛੋਟੇ ਲੈਵਲ ਦੇ ਵਿਤਕਰੇ ਹਨ, ਜਿਵੇਂ ਕੋਈ ਇੰਡਸਟਰੀਅਲ ਪਾਲਿਸੀ ਬਣਦੀ ਹੈ ਤਾਂ ਨਾਲ ਦੇ ਗੁਆਂਢੀ ਸੂਬਿਆਂ ਨੂੰ ਤਾਂ ਰਿਆਇਤ ਦੇ ਦਿੱਤੀ ਜਾਂਦੀ ਹੈ ਪ੍ਰੰਤੂ ਪੰਜਾਬ ਨਾਲ ਵਿਤਕਰਾ ਕੀਤਾ ਜਾਂਦਾ ਹੈ ਲੇਕਿਨ ਪੰਜਾਬੀ ਇਸ ਦੀ ਗੌਰ ਨਾ ਕਰਦੇ ਹੋਏ ਆਪਣੀ ਗੱਲ ਕਹਿੰਦੇ ਰਹੇ ਅਤੇ ਨਾਲ ਤੁਰਦੇ ਰਹੇ। ਅੱਜ ਪੰਜਾਬੀਆਂ ਅਤੇ ਸਿੱਖਾਂ ਦੇ ਇਹ ਹਾਲਾਤ ਹੋ ਗਏ ਹਨ ਕਿ ਵਰਲਡ ਵਾਈਡ ਕੰਟਰੀਬਿਊਸ਼ਨ ਪਾਈ ਜਾਂਦੀ ਹੈ, ਕੇਰਲਾ ਵਿੱਚ ਹੜ੍ਹ ਆਏ, ਉੱਥੇ ਜਾ ਕੇ ਦੇਖ ਲਉ, ਖਾਲਸੇ ਪਹੁੰਚੇ ਹੋਏ ਹਨ, ਪੰਜਾਬੀ ਉਨ੍ਹਾਂ ਦੀ ਮਦਦ ਲਈ ਪਹੁੰਚੇ ਹੋਏ ਹਨ। ਖਾਲਸਾ ਏਡ, ਯੂਨਾਈਟਿਡ ਸਿੱਖਸ ਅਤੇ ਹੋਰ ਬਹੁਤ ਸਾਰੀਆਂ ਜਥੇਬੰਦੀਆਂ, ਮਨੁੱਖਤਾ ਦੀ ਸੇਵਾ ਵਾਸਤੇ ਲੰਗਰ ਅਤੇ ਹਰ ਕਿਸਮ ਦੀ ਮਦਦ ਮੁਹੱਈਆ ਕਰਵਾ ਰਹੀਆਂ ਹਨ। ਇਕੱਲੇ ਕੇਰਲਾ ਵਿੱਚ ਨਹੀਂ, ਸੀਰੀਆ ਵਿੱਚ ਲੱਖਾਂ ਰਿਫਿਊਜ਼ੀ ਡਿਸਪਲੇਸ ਹੋ ਗਏ, ਉੱਥੇ ਵੀ ਪੰਜਾਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਣ, ਉਸ ਦੀ ਆਈਡਿਓਲਿਜੀ ਦੇ ਮੁਤਾਬਕ ਮਦਦ ਲਈ ਪਹੁੰਚੇ ਹੋਏ ਹਨ। ਉਹ ਸਪਿਰਿਟ ਇੰਨੀ ਵੱਡੀ ਪੈਦਾ ਹੋਈ, ਮੈਂ ਕਹਿੰਦਾ ਕਿ ਪਿੱਛੇ ਜਿਹੇ ਬਰਮਾ ਤੋਂ ਲੋਕ ਡਿਸਪਲੇਸ ਹੋਏ, ਬਰਮਾ (Myanmar) ਵਿੱਚ ਰੋਹਿੰਗਿਆ ਕਮਿਊਨਿਟੀ ਹੈ, ਉੱਥੋਂ ਦੀ ਸਰਕਾਰ ਨੇ ਉਨ੍ਹਾਂ ਨਾਲ ਧੱਕਾ ਕੀਤਾ ਅਤੇ ਜ਼ਿਆਦਤੀ ਕੀਤੀ ਤਾਂ ਉੱਥੇ ਵੀ ਉਨ੍ਹਾਂ ਦੀ ਮਦਦ ਕਰਨ ਵਾਸਤੇ ਪੰਜਾਬੀ ਪਹੁੰਚ ਗਏ। ਅਨੇਕਾਂ ਹੋਰ ਸਥਾਨ ਹਨ, ਜਿਹੜੇ ਮੈਂ ਜ਼ਿਕਰ ਨਹੀਂ ਕਰ ਸਕਿਆ। ਸੋ, ਇਸ ਸਾਰੀ ਗੱਲ ਵਿੱਚ ਇਸ ਦਾ ਜਿਹੜਾ ਸਿਹਰਾ ਹੈ, ਇਹ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਂਦਾ ਹੈ। ਇਸ ਨੂੰ ਦੁੱਖਦਾਈ ਅਤੇ ਮੰਦਭਾਗੀ ਘਟਨਾ ਮੈਂ ਇਸ ਲਈ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਉਦੋਂ ਹੋਈ ਜਦੋਂ ਸਰਕਾਰ ਚਲਾਉਣ ਵਾਲੇ ਆਪਣੇ ਆਪ ਨੂੰ ਪੰਥਕ ਕਹਿੰਦੇ ਸੀ। ਉਨ੍ਹਾਂ ਦਾ ਨਾਂ ਅਸਲ ਵਿੱਚ ਅਖੌਤੀ ਅਕਾਲੀ ਹੈ। ਇਹ ਪੰਜਾਬ ਦੇ ਲੋਕਾਂ ਦੇ, ਪੰਜਾਬੀਆਂ ਦੇ, ਆਪਣੀ ਕੌਮ ਦੇ ਜ਼ਜ਼ਬਾਤਾਂ ਨਾਲ ਖੇਡੇ ਹਨ। ਅਗਰ ਮੈਂ ਨਾਮ ਲਵਾਂ, ਲੈਣਾ ਹੀ ਪੈਣਾ ਹੈ, ਸਰਦਾਰ ਪਰਕਾਸ਼ ਸਿੰਘ ਬਾਦਲ ਕਹਿੰਦੇ ਕਿ ਮੇਰਾ 65-70 ਸਾਲ ਦਾ ਸਿਆਸੀ ਤਜਰਬਾ ਹੈ ਅਤੇ ਅਗਰ ਇਨ੍ਹਾਂ ਦੇ ਕੁੱਲ ਟੋਟਲ ਜੀਵਨ ਤੇ ਝਾਤ ਮਾਰਾਂਗੇ ਤਾਂ ਇਹ ਕੋਰੇ ਸਫੇ ਦੀ ਤਰ੍ਹਾਂ ਹੈ, ਉਨ੍ਹਾਂ ਦੀ ਇੱਕ ਵੀ ਅਚੀਵਮੈਂਟ ਨਹੀਂ ਹੈ। ਹਰ ਵਿਅਕਤੀ ਨੇ ਜੇ ਆਪਣੇ ਜੀਵਨ ਵਿੱਚ ਕੋਈ ਮੁੱਦੇ ਉਠਾਏ ਹਨ ਤਾਂ ਕਿਤੇ ਨਾ ਕਿਤੇ ਉਸ ਨੂੰ ਰਿਜ਼ੋਲਵ ਵੀ ਕੀਤਾ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਸਿੱਖ ਇਤਿਹਾਸ ਵਿੱਚ ਇੱਕ ਲੀਡਰ ਗਿਣਿਆ ਜਾਵੇਗਾ ਜਿਸ ਦਾ ਪਹਿਲਾਂ ਕੋਰਾ ਸਫਾ ਸੀ ਤੇ ਸਾਲ 2015 ਵਿੱਚ ਆਪਣੀ ਕੌਮ ਦੇ ਦੋ ਸਿੱਖਾਂ ਨੂੰ ਆਪਣੀ ਹੀ ਪੁਲਿਸ ਤੋਂ ਗੋਲੀ ਮਰਵਾ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਬਚਾ ਕੇ, ਜਿਹੜਾ ਉਨ੍ਹਾਂ ਦਾ ਚਿੱਟਾ ਸਫਾ ਸੀ ਕਿਉਂਕਿ posterity ਲਿਖਿਆ ਹੀ ਨਹੀਂ,

ਇਤਿਹਾਸ ਤਾਂ ਲਿਖਿਆ ਜਾਣਾ ਹੈ ਤਾਂ ਜਿਹੜਾ ਚਿੱਟਾ ਸਫਾ ਸੀ, ਜਿਸ ਵਿੱਚ nothing, no achievement at all , ਆਪਣੀ ਜ਼ਿੰਦਗੀ ਵਿੱਚ ਉਸ ਤੇ ਕਾਲਾ ਧੱਬਾ ਲਗਵਾ ਲਿਆ ਹੈ। ਇਹ ਉਨ੍ਹਾਂ ਦੀ ਦੇਣ ਹੈ। ਉਨ੍ਹਾਂ ਨੇ ਮੋਰਚੇ ਲਗਵਾਏ, ਜ਼ਜ਼ਬਾਤ ਭੜਕਾਏ, ਚਾਹੇ ਉਹ ਧਰਮ ਯੁੱਧ ਦਾ ਮੋਰਚਾ ਸੀ ਚਾਹੇ ਉਹ ਕਪੂਰੀ ਨਹਿਰ ਦਾ ਮੋਰਚਾ ਸੀ, ਚਾਹੇ ਮਰਜੀਵੜਿਆਂ ਦੀ ਸਹੁੰ ਸੀ, ਜਿਸ ਤਰ੍ਹਾਂ ਵੀ ਪਾਲੀਟੀਕਲ ਹਾਲਾਤ ਬਦਲਦੇ ਰਹੇ, ਉਸੇ-ਉਸੇ ਤਰ੍ਹਾਂ ਉਨ੍ਹਾਂ ਦੀ ਸੋਚ ਵਿਚਾਰ, opportunist, ਜਿਹੜੀ ਉਹ ਮੌਕਾ ਪ੍ਰਸਤੀ ਦੀ ਸੋਚ ਸੀ, ਉਸ ਦਾ ਫਾਇਦਾ ਲੈਂਦੀ ਰਹੀ ਤੇ ਉਸੇ ਤਰ੍ਹਾਂ ਤੁਰਦੀ ਰਹੀ। ਜਦੋਂ ਮੋਰਚਿਆਂ ਦਾ ਵਾਤਾਵਰਣ ਸੀ ਤਾਂ ਉਹ ਮੋਰਚਿਆਂ ਦੇ ਨਾਲ ਜਾ ਕੇ ਖੜ੍ਹ ਗਏ ਅਤੇ ਜਦੋਂ ਖਾੜਕੂ ਲਹਿਰ ਚੱਲੀ ਤਾਂ ਮੈਨੂੰ ਯਾਦ ਹੈ, ਮੈਂ ਪੜ੍ਹਿਆ ਹੋਇਆ ਹੈ ਕਿ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਹੋਰਾਂ ਦੇ ਭੋਗ ਤੇ, ਇਹ ਜਿਹੜੇ ਕਹਿੰਦੇ ਹਨ ਕਿ ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਛੱਜ ਚੁੱਕਿਆ ਹੈ, ਇਹ ਉਨ੍ਹਾਂ ਦੇ ਭੋਗਾਂ ਤੇ ਗਏ ਸਨ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਜਦੋਂ ਜ਼ਜ਼ਬਾਤਾਂ ਨਾਲ ਖੇਡਣ ਦੀ ਲੋੜ ਪਈ ਤਾਂ ਮਰਜੀਵੜਿਆਂ ਦੀ ਸਹੁੰ ਚੁਕਾ ਲਈ। ਇਹ ਆਪਣੇ ਸਪੁੱਤਰ ਨੂੰ ਕਹਿੰਦੇ, ਜਿਹੜਾ Oxford ਗਿਆ ਹੋਇਆ ਸੀ, ਮੇਰਾ ਖਿਆਲ ਹੈ ਕਿ ਬੇਕਰਜ਼ਫੀਲਡ ਗਿਆ ਸੀ, ਬੇਕਰਜ਼ਫੀਲਡ ਅਮਰੀਕਾ ਦੀ ਕੋਈ ਫਰਜ਼ੀ ਡਿਗਰੀ ਹੈ, ਇਹ ਪੜ੍ਹੇ ਨਹੀਂ ਹਨ। ਇਹ ਇਸ ਲਈ ਉੱਥੇ ਗਿਆ ਕਿਉਂਕਿ ਪੰਜਾਬ ਵਿੱਚ ਆਮ ਲੋਕਾਂ ਦੇ ਬੱਚੇ ਮਰ ਰਹੇ ਸਨ, ਜਦੋਂ ਖਾੜਕੂ ਲਹਿਰ ਉਠੀ ਤਾਂ ਤਿੰਨ ਤਰ੍ਹਾਂ ਦੇ ਲੋਕ ਮਰੇ ਸਨ। ਇੱਕ ਤਾਂ ਸਾਡੇ ਨੌਜਵਾਨ ਜਿਨ੍ਹਾਂ ਦੇ ਹੱਥਾਂ ਵਿੱਚ ਬੰਦੂਕਾਂ ਫੜਾ ਦਿੱਤੀਆਂ ਗਈਆਂ ਸਨ, ਸਹੁੰਆਂ ਖੁਆ ਦਿੱਤੀਆਂ ਗਈਆਂ ਸਨ, ਦੂਜੇ ਸਾਧਾਰਨ ਨਾਗਰਿਕ ਸ਼ਿਕਾਰ ਹੋਏ ਤੇ ਤੀਜੇ ਪੁਲਿਸ ਵਾਲੇ ਵੀ ਸ਼ਿਕਾਰ ਹੋਏ ਲੇਕਿਨ ਇਨ੍ਹਾਂ ਨੇ ਆਪਣੇ ਟੱਬਰ ਨੂੰ ਮਹਿਫੂਜ਼ ਕਰਨ ਲਈ ਆਪਣੇ ਬੱਚਿਆਂ ਨੂੰ ਬੇਕਰਜ਼ਫੀਲਡ ਭੇਜ ਦਿੱਤਾ। ਉੱਥੇ ਉਨ੍ਹਾਂ ਨੂੰ ** ** ਕਰਵਾਈ, ਕੋਈ ਪੜ੍ਹਾਈ ਨਹੀਂ ਕਰਵਾਈ। ਜੇਕਰ ਪੜ੍ਹਾਈ ਕਰਵਾਈ ਹੁੰਦੀ ਤਾਂ ਇਸ ਤਰ੍ਹਾਂ ਦਾ ** ** ਨਾ ਹੁੰਦਾ। ਅੱਜ ਸਾਰਿਆਂ ਨੂੰ ਜਦੋਂ ਟਾਈਮ ਲਗਦਾ ਹੈ ਤਾਂ ਇਹ ਕਹਿੰਦੇ ਹਨ ਕਿ ਆਈ.ਐਸ.ਆਈ. ਦੇ ਏਜੰਟ ਹਨ, ਇਹ ਪਾਕਿਸਤਾਨ ਤੋਂ ਪੈਸੇ ਲੈਂਦੇ ਹਨ, ਇਨ੍ਹਾਂ ਨੂੰ ਫੌਰਨ ਫੰਡਿੰਗ ਆਉਂਦੀ ਹੈ, ਇਹ ਖਾਲਿਸਤਾਨੀ ਹਨ, ਜਿਸ ਉਤੇ ਵੀ ਦਿਲ ਕਰਦਾ ਹੈ, ਉਸ ਬਾਰੇ ਬੋਲ ਦਿੰਦੇ ਹਨ। ਪੰਥਕ ਜਥੇਬੰਦੀਆਂ ਦਾ ਬਰਗਾੜੀ ਵਿਖੇ ਇੱਕ ਇਨਸਾਫ ਮੋਰਚਾ ਲੱਗਿਆ ਹੋਇਆ ਹੈ, ਕੀ ਤੁਹਾਨੂੰ ਲਗਦਾ ਹੈ ਕਿ ਉਹ ਆਈ.ਐਸ.ਆਈ. ਦੇ ਏਜੰਟ ਹੋਣਗੇ? ਉਹ ਇਨ੍ਹਾਂ ਦੇ ਅਖੌਤੀ ਜੱਥੇਦਾਰਾਂ ਨਾਲੋਂ ਸੌ ਗੁਣਾ ਚੰਗੇ ਹਨ । ਉਹ ਲੋਕ ਇਨ੍ਹਾਂ ਤੋਂ ਸੌ ਗੁਣਾ ਚੰਗੇ ਹਨ, ਉਹ ਲੋਕ ਪੰਜਾਬ ਦੇ ਗੈਰਤਮੰਦ ਲੋਕ ਹਨ। (ਥੰਪਿੰਗ) ਇਹ ਉਨ੍ਹਾਂ ਨੂੰ ਆਈ.ਐਸ.ਆਈ. ਦੇ ਏਜੰਟ ਕਰਾਰ

---

** **Expunged as ordered by the Hon'ble Speaker.

ਦਿੰਦੇ ਹਨ। ਜੇ ਸਾਡਾ ਕੋਈ ਬੋਲਦਾ ਹੈ ਤਾਂ ਕਹਿੰਦੇ ਨੇ ਇਸ ਦੇ ਤਾਂ ਬਾਹਰੋਂ ਪੈਸੇ ਆਉਂਦੇ ਹਨ, ਇਹ ਤਾਂ ਆਈ.ਐਸ.ਆਈ. ਦਾ ਏਜੰਟ ਹੈ। ਸਪੀਕਰ ਸਾਹਿਬ, ਰੰਧਾਵਾ ਸਾਹਿਬ ਜਿਹੜੀ ਫੋਟੋ ਦਿਖਾ ਰਹੇ ਸੀ, ਉਹ ਕੀ ਸੀ ** ** ਉਸ ਨੂੰ ਕਿਉਂ ਕੁੱਟ ਪਈ, ਮੈਂ ਹਿੰਸਾ ਦਾ ਮੁਦੱਈ ਨਹੀਂ ਹਾਂ ਪ੍ਰੰਤੂ ਕਿਸੇ ਕਾਰਨ ਕਰਕੇ ਹੀ ਲੋਕਾਂ ਵਿੱਚ ਜ਼ਜ਼ਬਾਤ ਭੜਕੇ ਹੋਏ ਹਨ । ਪਹਿਲੇ ਉਸ ਨੂੰ ਨਿਊਯਾਰਕ ਵਿੱਚ ਘੇਰਿਆ ਗਿਆ ਸੀ ਅਤੇ ਉਹ ਉੱਥੋਂ ਬਚ ਕੇ ਨਿਕਲਿਆ ਸੀ।ਇਹ ਇੰਨੇ ਢੀਠ ਹਨ ਕਿ ਮੁੜ ਕੇ ਬਾਹਰ ਆ ਕੇ ਵੀਡਿਓ ਪਾਉਂਦੇ ਹਨ ਕਿ ਸਾਡੇ ਤੇ ਤਾਂ ਕੋਈ ਅਸਰ ਹੀ ਨਹੀਂ। ਉਨ੍ਹਾਂ ਨੇ ਕਿਹਾ, ਫਿਰ ਆ ਜਾ ਪੁੱਤ ਤੈਨੂੰ ਯੂਬਾ ਸਿਟੀ ਘੇਰਦੇ ਹਾਂ। ਮੈਂ violence ਦਾ ਮੁਦੱਈ ਨਹੀਂ ਹਾਂ ਪ੍ਰੰਤੂ these people should realise. ਇਨ੍ਹਾਂ ਨੇ ਪੰਥ ਦੇ ਮਖੌਟੇ ਦੇ ਵਿਚ, ਆਪਣੇ ਪਹਿਰਾਵੇ ਦੀ ਸ਼ਕਲ ਦੇ ਥੱਲੇ ਸਾਡੀ ਕੌਮ ਅਤੇ ਸਾਡੇ ਸੂਬੇ ਨਾਲ ਬਹੁਤ ਧ੍ਰੋਹ ਕੀਤਾ। ਅਬਦਾਲੀ, ਦੁਰਾਨੀ, ਮੁਗਲ, ਮੀਰ ਮਨੂੰ, ਵਜ਼ੀਦ ਖਾਨ ਅਤੇ ਕਾਂਗਰਸ, ਇਨ੍ਹਾਂ ਲੋਕਾਂ ਨੇ ਤਾਂ ਬਿਲਡਿੰਗਾਂ ਢਾਹੀਆਂ, ਸ੍ਰੀ ਅਕਾਲ ਤਖਤ ਢਾਹਿਆ, ਇਨ੍ਹਾਂ ਨੇ ਕਤਲੇਆਮ ਕੀਤਾ ਅਤੇ ਘੱਲੂਘਾਰੇ ਕੀਤੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਫਤਹਿਜੰਗ ਸਿੰਘ ਬਾਜਵਾ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਹਿਕਾਰਤਾ ਮੰਤਰੀ ਅਤੇ ਸਰਦਾਰ ਸਾਧੂ ਸਿੰਘ, ਜੰਗਲਾਤ ਮੰਤਰੀ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਫਤਿਹਜੰਗ ਬਾਜਵਾ ਜੀ, ਬੈਠੋ। (ਵਿਘਨ, ਸ਼ੋਰ) ਕਨਕਲੂਡ ਕਰਨ ਦਿਓ। ਬੈਠ ਜਾਓ, ਬਾਜਵਾ ਸਾਹਿਬ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਬੋਲ ਲੈਣ ਦਿਓ। It is a matter of record. ਸਪੀਕਰ ਸਾਹਿਬ, ਉਨ੍ਹਾਂ ਲੋਕਾਂ ਨੇ ਤਾਂ ਘੱਲੂਘਾਰੇ ਕੀਤੇ ਲੇਕਿਨ ਇਨ੍ਹਾਂ ਅਖੌਤੀ ਅਕਾਲੀਆਂ ਨੇ ਜਿਹੜੇ ਅੱਜ ਗੈਰਹਾਜ਼ਰ ਹਨ, ਇਨ੍ਹਾਂ ਨੇ ਸਿੱਖਾਂ ਦੀ ਵਿਚਾਰਧਾਰਾ ਦਾ ਕਤਲ ਕੀਤਾ, ਇਨ੍ਹਾਂ ਨੇ ਸਾਡੀ ideology ਮਾਰੀ ਹੈ, ਇਨ੍ਹਾਂ ਨੇ ਸਾਡਾ ਘਾਣ ਕੀਤਾ ਹੈ। ਸਪੀਕਰ ਸਾਹਿਬ, ਇਹ ਬਹੁਤ ਵੱਡੇ ਦੋਸ਼ੀ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਬਹੁਤ ਅਹਿਮ ਮੁੱਦੇ ਤੇ ਬਹਿਸ ਹੋ ਰਹੀ ਹੈ। ਅਸੀਂ ਖਹਿਰਾ ਸਾਹਿਬ ਦਾ ਸਤਿਕਾਰ ਕਰਦੇ ਹਾਂ ਪਰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬੇਅਦਬੀ ਤੇ ਬਹਿਸ ਹੋ ਰਹੀ ਹੈ।ਇਹ ਇੱਥੇ ਸਿਆਸਤ ਨਾ ਕਰਨ, ਇਹ 16 ਮਹੀਨੇ ਪਹਿਲਾਂ ਇਸੇ

---

** Expunged as ordered by the Hon'ble Speaker.

ਕਾਂਗਰਸ ਦੇ ਗੁਣ ਗਾਇਆ ਕਰਦੇ ਸੀ। ਕਾਂਗਰਸ ਹਮੇਸ਼ਾ ਤੋਂ ਸਿੱਖਾਂ ਦੀ ਹਿਤੈਸ਼ੀ ਪਾਰਟੀ ਹੈ ਜਿਸ ਨੇ ਹਮੇਸ਼ਾ ਸਿੱਖਾਂ ਨੂੰ ਮਾਣ ਬਖਸ਼ਿਆ ਹੈ। ਗਿਆਨੀ ਜ਼ੈਲ ਸਿੰਘ ਜੀ ਤੋਂ ਲੈ ਕੇ ਮੈਂ ਪਹਿਲਾਂ ਵੀ ਨਾਮ ਗਿਣਾ ਚੁੱਕਿਆ ਹਾਂ। (ਵਿਘਨ..ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ..... (ਵਿਘਨ..ਸ਼ੋਰ)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਅਸੀਂ ਤੁਹਾਡਾ ਸਤਿਕਾਰ ਕਰਦੇ ਹਾਂ ਪਰ ਤੁਸੀਂ ਇਹ ਗੱਲ ਨਾ ਕਰੋ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਰਾਜਾ ਜੀ, ਬੈਠ ਜਾਓ। ਬੈਠੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ..... (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਖਹਿਰਾ ਸਾਹਿਬ ਨੂੰ ਬੋਲ ਲੈਣ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਂ ਗੱਲ ਕਹਿ ਰਿਹਾ ਸੀ ਕਿ ਇਨ੍ਹਾਂ ਲੋਕਾਂ ਨੇ ਸਾਡੀ ਵਿਚਾਰਧਾਰਾ ਦਾ ਕਤਲ ਕੀਤਾ ਹੈ। ਜਦੋਂ ਇਨ੍ਹਾਂ ਨੂੰ ਸੂਟ ਕੀਤਾ, ਹਾਲਾਤ ਬਦਲੇ, ਪੰਜਾਬ ਵਿੱਚ peace ਆਇਆ ਤਾਂ ਆਪਣਾ ਮੁੰਡਾ ਮੰਤਰੀ ਬਣਾ ਲਿਆ, ਨੂੰਹ ਐਮ.ਪੀ. ਬਣਾ ਲਈ, ਮੁੰਡੇ ਦਾ ਸਾਲਾ ਮੰਤਰੀ ਬਣਾ ਲਿਆ, ਜਵਾਈ ਵੀ ਮੰਤਰੀ ਬਣਾ ਲਿਆ। ਇਹ ਉਹੀ ਲੋਕ ਹਨ ਜਦੋਂ ਲੋਕਾਂ ਦੇ ਹੱਥਾਂ ਵਿੱਚ ਬੰਦੂਕਾਂ ਦੇਖਦੇ ਸਨ ਤਾਂ ਵੀ ਆਪਣਾ ਫਾਇਦਾ ਦੇਖਦੇ ਸਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਯੂ.ਐਨ.ਓ. ਦੇ ਸੈਕਟਰੀ ਜਨਰਲ Mr. Boutros Boutros-Ghali ਸਾਲ 1992 ਦੇ ਵਿੱਚ ਇੱਥੇ ਆਏ ਸੀ। ਇਨ੍ਹਾਂ ਨੇ ਸੋਵਰਨ ਸਿੱਖ ਸਟੇਟ ਦਾ ਇੱਕ ਮੈਮੋਰੰਡਮ ਉਸ ਨੂੰ ਜਾ ਕੇ ਦਿੱਤਾ। ਜਿਹੜੇ ਕਹਿੰਦੇ ਹਨ ਸਾਨੂੰ ਇਸ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਬਹੁਤ ਚਿੰਤਾ ਹੈ। ਇਸੇ ਬਾਦਲ ਸਾਹਿਬ ਨੇ ਦਿੱਲੀ ਦੀ ਪਾਰਲੀਮੈਂਟ ਦੇ ਮੂਹਰੇ ਜਾ ਕੇ ਆਰਟੀਕਲ 25 ਦੀ ਕਲਾਜ਼ (ਬੀ) ਤਹਿਤ ਕਿ ਸਿੱਖ ਇੱਕ ਵੱਖਰੀ ਕੌਮ ਹੈ, ਉਸ ਦੀ ਮੰਗ ਉਠਾਈ। ਪ੍ਰੰਤੂ ਫਿਰ ਮੁੜ ਜਾ ਕੇ ਉਸੇ ਸੰਵਿਧਾਨ ਦੀਆਂ ਕਾਪੀਆਂ ਫਾੜੀਆਂ। ਉਸੇ ਸੰਵਿਧਾਨ ਰਾਹੀਂ ਮੁੜ ਕੇ ਚਾਰ-ਪੰਜ ਵਾਰ ਸਹੁੰ ਚੁੱਕ ਕੇ ਮੁੱਖ ਮੰਤਰੀ ਬਣੇ। ਸਪੀਕਰ ਸਾਹਿਬ, ਪੰਜਾਬ ਦੇ ਲੋਕ ਜਾਣਨਾ ਚਾਹੁੰਦੇ ਹਨ ਕਿ ਇਨ੍ਹਾਂ ਨੇ ਇੰਨਾ ਵੱਡਾ ਖੋਰਾ ਲਾਇਆ ਮੈਂ ਕਈ ਵਾਰ ਸੁਖਬੀਰ ਬਾਦਲ ਦਾ ਬਿਆਨ ਸੁਣਿਆ, ਉਹ ਆਪਣੇ ਪਿਉ ਦੀ ਤੁਲਨਾ ਨੈਲਸਨ ਮੰਡੇਲਾ ਨਾਲ ਕਰਦੇ ਹਨ। ਸਪੀਕਰ ਸਾਹਿਬ, ਨੈਲਸਨ ਮੰਡੇਲਾ ਨੇ ਰੰਗ-ਭੇਦ ਦੀ ਲੜਾਈ ਵਿੱਚ 27 ਸਾਲ ਦੀ ਕੈਦ ਕੱਟੀ ਪ੍ਰੰਤੂ ਕਿਤੇ ਵੀ ਕੰਪਰੋਮਾਈਜ਼ ਨਹੀਂ ਕੀਤਾ। ਉਨ੍ਹਾਂ ਨੇ ਦੇਸ਼ ਵਾਸਤੇ ਆਜ਼ਾਦੀ ਹਾਸਲ ਕੀਤੀ। ਉਹ ਇੱਕ ਟਰਮ ਬਤੌਰ ਪ੍ਰੈਜ਼ੀਡੈਂਟ ਰਹੇ। ਜਦੋਂ ਉਨ੍ਹਾਂ ਦੇਖਿਆ ਕਿ ਮੇਰੀ ਉਮਰ 75 ਸਾਲ ਹੋ ਗਈ ਹੈ ਤਾਂ ਇਹ ਡਿਊਟੀ ਛੱਡ ਦਿੱਤੀ ਅਤੇ ਆਪਣੇ ਸਾਥੀ ਮਿਸਟਰ ਵਿਵੇਕੀ ਨੂੰ ਜ਼ਿੰਮੇਵਾਰੀ

ਦੇ ਕੇ ਆਪ ਰਿਟਾਇਰ ਹੋ ਗਏ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ, ਸੁਖਬੀਰ ਸਿੰਘ ਜੀ ਇੱਥੇ ਮੌਜੂਦ ਨਹੀਂ ਹਨ। ਕੀ ਨੈਲਸਨ ਮੰਡੇਲਾ ਨੇ ਆਪਣੀਆਂ ਬੱਸਾਂ ਬਣਾਈਆਂ ਸਨ? ਜਿਹੜਾ ਕਹਿੰਦਾ ਹੈ ਕਿ ਮੇਰਾ ਪਿਉ ਨੈਲਸਨ ਮੰਡੇਲਾ ਵਰਗਾ ਹੈ। ਕੀ ਨੈਲਸਨ ਮੰਡੇਲਾ ਨੇ ਆਪਣੇ 7 ਸਟਾਰ ਹੋਟਲਜ਼ ਬਣਾਏ ਸਨ? ਕੀ ਉਸ ਨੇ ਠੱਗੀਆਂ-ਠੋਰੀਆਂ ਮਾਰੀਆਂ ਸਨ? ਕੀ ਉਨ੍ਹਾਂ ਨੇ ਹਜ਼ਾਰਾਂ-ਕਰੋੜਾਂ ਰੁਪਏ ਦੀ ਜਾਇਦਾਦ ਬਣਾਈ ਸੀ? ਇਸ ਲਈ ਇਹ ਤਾਂ ਸਾਡੀ ਪੰਜਾਬ ਦੀ ਅਤੇ ਸਾਡੀ ਕੌਮ ਦੀ ਬਦਕਿਸਮਤੀ ਹੈ ਕਿ ਸਾਨੂੰ ਇਹੋ ਜਿਹੇ ਲੀਡਰ ਮਿਲੇ ਜਿਸ ਨੇ 50-60 ਸਾਲ ਸਾਡੀ ਕੌਮ ਅਤੇ ਸੂਬੇ ਦੇ ਬਰਬਾਦ ਕਰ ਦਿੱਤੇ। ਇਨ੍ਹਾਂ ਦੀ ਬਦੌਲਤ ਹੈ ਕਿ ਅੱਜ ਸਾਡੀ ਸਟੇਟ ਵਿੱਚ ਨਸ਼ੇ ਵੇਚੇ ਜਾ ਰਹੇ ਹਨ, ਇਨ੍ਹਾਂ ਦੀ ਬਦੌਲਤ ਹੈ ਕਿ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਕਿਸਾਨਾਂ ਦਾ ਹਿਤੈਸ਼ੀ ਕਹਾਉਣ ਵਾਲਾ ਚੌਧਰੀ ਦੇਵੀ ਲਾਲ ਦੇ ਨਾਲ ਸਮਝੌਤਾ ਕਰਕੇ ਆਪਣੇ ਮੁੰਡੇ ਵਾਸਤੇ ਓਰਬਿਟ ਲਈ 25 ਏਕੜ ਜਗ੍ਹਾ ਲੈ ਗਿਆ। ਸਾਰੇ ਪੰਜਾਬ ਦੇ ਪਾਣੀਆਂ ਦਾ ਮੁਫਾਦ ਅਤੇ ਇੰਟਰੈਸਟ ਵੇਚ ਦਿੱਤਾ। ਮੈਂ ਸਾਲ 2007 ਤੋਂ ਲੈ ਕੇ ਸਾਲ 2012 ਤੱਕ ਐਮ.ਐਲ.ਏ. ਸੀ ਅਤੇ ਹਰ ਗਵਰਨਰ ਐਡਰੈਸ ਨੂੰ ਸੁਣਦਾ ਹੁੰਦਾ ਸੀ। ਉਹ ਰਸਮੀ ਪੜ੍ਹ ਦਿੰਦੇ ਸੀ ਕਿ ਪੰਜਾਬ ਨੂੰ ਚੰਡੀਗੜ੍ਹ ਲੈ ਕੇ ਦਿਆਂਗੇ, ਪੰਜਾਬੀ ਬੋਲਦੇ ਇਲਾਕੇ ਸਾਨੂੰ ਚਾਹੀਦੇ ਹਨ, ਪੰਜਾਬ ਦਾ ਪਾਣੀ ਸਿਰਫ ਅਸੀਂ ਲਵਾਂਗੇ ਜੋ ਕਿ ਮਹਿਜ਼ ਰਸਮੀ ਗੱਲਾਂ ਸਨ । ਇਨ੍ਹਾਂ ਨੇ ਅੰਦਰੋਂ ਕੇਵਲ ਐਂਟੀ ਪੰਜਾਬ ਸੋਚ ਰੱਖ ਕੇ ਦਿੱਲੀ ਵਾਲਿਆਂ ਦੇ ਇਸ਼ਾਰਿਆਂ ਤੇ ਕੰਮ ਕਰਕੇ ਕੇਵਲ ਭ੍ਰਿਸ਼ਟਾਚਾਰ ਰਾਹੀਂ ਆਪਣੀਆਂ ਜਾਇਦਾਦਾਂ ਬਣਾਈਆਂ। ਦਿੱਲੀ ਅਜਿਹਾ ਚਾਹੁੰਦਾ ਹੈ ਕਿਉਂਕਿ ਪੰਜਾਬ ਬਾਰਡਰ ਸਟੇਟ ਹੈ। ਇਹ ਕਸ਼ਮੀਰ ਦੇ ਨਾਲ ਲਗਦਾ ਹੈ। ਉਨ੍ਹਾਂ ਨੂੰ ਅਜਿਹਾ ਬਾਦਲ ਵਰਗਾ ਸਿੱਖ ਚਾਹੀਦਾ ਸੀ ਜਿਸ ਦਾ ਪਹਿਰਾਵਾ ਦੇਖਣ ਨੂੰ ਇਸ ਤਰ੍ਹਾਂ ਦਾ ਹੋਵੇ। ਇਸ ਲਈ ਉਸ ਦੇ ਕੀਤੇ ਹੋਏ ਭ੍ਰਿਸ਼ਟਾਚਾਰ ਦੀ ਕੋਈ ਤਹਿਕੀਕਾਤ ਨਹੀਂ ਹੋਈ ਅਤੇ ਨਾ ਹੀ ਹੋਵੇਗੀ। ਸਪੀਕਰ ਸਾਹਿਬ, ਜੋ ਕੁਝ ਵੀ ਇਨ੍ਹਾਂ ਨੇ ਬਣਾਉਣਾ ਸੀ, ਉਹ ਬਣਾ ਕੇ ਚਲੇ ਗਏ।

**Mr. Speaker:** Thank you

**Sardar Sukhpal Singh Khaira:** Thank you, ਕਿੱਥੇ ਜੀ। ਤੁਸੀਂ ਦੂਜੇ ਮੈਂਬਰਾਂ ਨੂੰ 40-40, 45-45 ਮਿੰਟ ਸੁਣਿਆ ਹੈ ਜੀ। I started off at 5.10 P.M.

**ਮਾਨਯੋਗ ਸਪੀਕਰ:** ਤੁਸੀਂ ਆਪਣੀ ਪਾਰਟੀ ਦੀ ਸਟਰੈਂਥ ਵੀ ਦੇਖੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇਹ ਤਾਂ ਬਹੁਤ ਮਾੜੀ ਗੱਲ ਹੈ ਜੀ।

**ਮਾਨਯੋਗ ਸਪੀਕਰ:** ਗੱਲ ਮਾੜੀ ਨਹੀਂ ਹੈ। ਤੁਸੀਂ ਆਪਣੀ ਪਾਰਟੀ ਦੀ ਸਟਰੈਂਥ ਵੀ ਦੇਖੋ।

**ਸਰਦਾਰ ਦਰਸ਼ਨ ਸਿੰਘ ਬਰਾੜ:** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੋਲ ਲੈਣ ਦਿਓ। (ਵਿਘਨ..ਸ਼ੋਰ) ਹਾਂ ਜੀ, ਸਰਦਾਰ ਦਰਸ਼ਨ ਸਿੰਘ ਜੀ।

**ਸਰਦਾਰ ਦਰਸ਼ਨ ਸਿੰਘ ਬਰਾੜ:** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਅੱਜ ਖਹਿਰਾ ਸਾਹਿਬ ਬੋਲੇ ਹਨ। ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਤੇ ਬੋਲਣ ਬਾਰੇ ਕਿਹਾ ਗਿਆ ਸੀ। (ਵਿਘਨ..ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਉਸੇ ਤੇ ਬੋਲ ਰਿਹਾ ਹਾਂ ਜੀ।

**ਸਰਦਾਰ ਦਰਸ਼ਨ ਸਿੰਘ ਬਰਾੜ:** ਕਿੱਥੇ ਬੋਲ ਰਹੇ ਹੋ? ਤੁਸੀਂ ਤਾਂ ਹੋਰ ਹੀ ਗੱਲ ਕਰ ਰਹੇ ਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੈਂ ਬੇਅਦਬੀ ਦੇ ਮਾਮਲੇ ਤੇ ਬੋਲਣ ਲੱਗਿਆ ਹਾਂ।

**ਸਰਦਾਰ ਦਰਸ਼ਨ ਸਿੰਘ ਬਰਾੜ:** ਸਪੀਕਰ ਸਾਹਿਬ, ਇਹ ਤਾਂ ਹੋਰ ਹੀ ਗੱਲਾਂ ਕਰੀ ਜਾਂਦੇ ਹਨ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਸ ਤਰ੍ਹਾਂ ਨਾ ਕਰੋ, ਇੱਥੇ ਦਰਸ਼ਕ ਬੈਠੇ ਹਨ।

**ਸਰਦਾਰ ਦਰਸ਼ਨ ਸਿੰਘ ਬਰਾੜ:** ਇਹ ਤਾਂ ਹੋਰ ਹੀ ਕੁਝ ਬੋਲੀ ਜਾਂਦਾ ਹੈ (ਹਾਸਾ)।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਅਕਾਲੀ ਦਲ ਦੀ ਸਰਕਾਰ ਹੋਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਕੰਮ ਇੱਕ ਜੂਨ ਨੂੰ ਸ਼ੁਰੂ ਹੋ ਜਾਵੇ। ਬੁਰਜ ਜਵਾਹਰ ਸਿੰਘ ਵਾਲੇ ਤੋਂ ਪੋਸਟਰ ਲੱਗ ਜਾਣ ਪ੍ਰੰਤੂ ਅਕਾਲੀ ਦਲ ਕੁਝ ਵੀ ਨਾ ਕਰੇ। ਮੈਂ ਇਹ ਸਭ ਕੁਝ ਗਿਣਾ ਦਿੱਤਾ ਹੈ। ਹਾਰ ਕੇ ਜਦੋਂ ਆਮ ਲੋਕਾਂ ਨੇ ਕੋਟਕਪੂਰਾ, ਬਹਿਬਲ ਕਲਾਂ ਵਿੱਚ ਮੋਰਚਾ ਲਗਾ ਦਿੱਤਾ ਤਾਂ ਉਨ੍ਹਾਂ ਦੇ ਉੱਤੇ ਗੋਲੀ ਚਲਾ ਦਿੱਤੀ ਗਈ।

**ਮਾਨਯੋਗ ਸਪੀਕਰ:** ਤੁਸੀਂ ਕਨਕਲੂਡ ਕਰੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਮੇਰਾ ਇਹ ਕਹਿਣਾ ਹੈ ਕਿ ਇਹ ਸਭ ਕੁਝ ਜਾਣਦੇ ਸੀ। ਮਹਿਜ਼ ਵੋਟ ਬੈਂਕ ਦੀ ਰਾਜਨੀਤੀ ਕਰਕੇ ਅਜਿਹਾ ਵਾਪਰਿਆ ਕਿਉਂਕਿ ਵੋਟਾਂ ਲੈਣੀਆਂ ਸਨ, ਇੱਥੇ ਇਹ ਜ਼ਿਕਰ ਹੋਇਆ। ਇਨ੍ਹਾਂ ਨੇ ਇਨਵੈਸਟੀਗੇਸ਼ਨ ਜਾਣਬੁੱਝ ਕੇ ਰੋਕੀ ਹੈ। ਜੋ ਰਣਬੀਰ ਸਿੰਘ ਖੱਟੜਾ ਦੀ ਐਸ.ਆਈ.ਟੀ.

ਦੀ ਰਿਪੋਰਟ ਹੈ, ਜੇ ਬੇਅਦਬੀ ਦੇ ਸੈਂਕੜੇ ਗੁਨਾਹਗਾਰਾਂ ਦੀ ਲਿਸਟ ਪਹੁੰਚ ਸਕਦੀ ਹੈ ਪ੍ਰੰਤੂ ਉਹ ਵੀ ਕੰਪਲੀਟ ਨਹੀਂ, ਇਸ ਦਾ ਮਤਲਬ ਹੈ ਕਿ ਹਾਲੇ ਵੀ ਕਿਤੇ ਨਾ ਕਿਤੇ ਵੋਟ ਬੈਂਕ ਪਾਲਿਟਿਕਸ ਬਕਾਇਆ ਹੈ। ਜਿਹੜਾ ਡੇਰਾ ਸੱਚਾ ਸੌਦਾ ਦਾ ਮੁੱਖੀ ਸੀ, ਜਿਹੜੀ ਕਾਂਸਪੇਰੇਸੀ ਰਚੀ ਗਈ, ਜਿਹੜੀ ਉਨ੍ਹਾਂ ਦੀ 45 ਮੈਂਬਰ ਕਮੇਟੀ ਸੀ, ਤੁਹਾਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਕੋਈ ਅਧਿਕਾਰ ਸੀ ਕਿ ਤੁਸੀਂ ਬੇਅਦਬੀ ਕਰਾਓ, ਅੰਗ ਖਿਲਾਰੋ, ਪੋਸਟਰ ਲਗਾਓ ਅਤੇ ਫਲਾਣੇ ਨੂੰ ਮਾਰਨ ਦੀ ਸਾਜ਼ਿਸ਼ ਬਣਾਓ? ਤੁਹਾਡੇ ਖਿਆਲ ਵਿੱਚ ਉਨ੍ਹਾਂ ਨੂੰ ਕੀ ਲੋੜ ਸੀ? ਉਥੇ ਹੈੱਡਕੁਆਰਟਰ ਤੇ ਸਭ ਕੁਝ ਕੀਤਾ ਗਿਆ ਸੀ। ਜਿਹੜੀ ਐਸ.ਆਈ.ਟੀ. ਨੇ ਇਨਵੈਸਟੀਗੇਸ਼ਨ ਕੀਤੀ ਹੈ, ਉਨ੍ਹਾਂ ਨੇ ਦਸ ਕੁ ਬੰਦਿਆਂ ਦੇ ਨਾਮ ਲਏ ਹਨ, ਉਨ੍ਹਾਂ ਵਿੱਚ ਇੱਕ ਜ਼ਿਕਰਯੋਗ ਰਾਕੇਸ਼ ਦਿੜ੍ਹਬਾ ਦਾ ਨਾਮ ਹੈ, ਨੰਬਰ-ਟੂ ਸਪੋਕਸਪਰਸਨ ਪੀ.ਏ. ਆਫ ਦਿ ਹੈੱਡ ਹੈ, ਉਸ ਨੂੰ ਫੜ੍ਹਨਾ ਵੀ ਬਕਾਇਆ ਹੈ।

**ਮਾਨਯੋਗ ਸਪੀਕਰ:** ਕਨਕਲੂਡ ਕਰੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਜਦੋਂ ਤੱਕ ਪੁਲਿਸ ਪਹੁੰਚੇਗੀ ਨਹੀਂ, ਐਸ.ਆਈ.ਟੀ. ਪਹੁੰਚੇਗੀ ਨਹੀਂ, ਉਦੋਂ ਤੱਕ ਫਿਰ ਜਿਹੜਾ ਮੇਨ ਅਸਲ ਦੋਸ਼ੀ ਹੈ, ਜਿੱਥੋਂ ਬੇਅਦਬੀ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ, ਜਿੱਥੋਂ ਪੋਸਟਰ ਲਗਾਏ ਗਏ, ਵਿਵਾਦ ਖੜ੍ਹਾ ਕੀਤਾ ਗਿਆ, ਉਹ ਕਿਵੇਂ ਪਤਾ ਲੱਗੇਗਾ? ਪਿਛਲੀ ਸਰਕਾਰ ਵੇਲੇ ਲੱਗੇ ਧਰਨੇ ਅਤੇ ਮੁਜ਼ਾਹਰਿਆਂ ਵਿੱਚ ਇੱਥੋਂ ਤੱਕ ਜ਼ਿਕਰ ਹੋਇਆ ਕਿ ਉਨ੍ਹਾਂ ਨੂੰ ਪ੍ਰੋਟੈਕਸ਼ਨ ਆਫਰ ਕੀਤੀ ਗਈ ਹੈ। ਕੀ ਅਕਾਲੀਆਂ ਨੂੰ ਨਹੀਂ ਪਤਾ ਸੀ ਕਿ ਗੋਲੀ ਕਿਸ ਕਿਸ ਨੇ ਚਲਾਈ ਹੈ? ਅਗਰ ਜਸਟਿਸ ਰਣਜੀਤ ਸਿੰਘ ਕਮਿਸ਼ਨ ਸੀ.ਸੀ.ਟੀ.ਵੀ. ਫੁਟੇਜ ਲੱਭ ਸਕਦਾ ਹੈ ਤਾਂ ਫਿਰ ਢਾਈ ਸਾਲਾਂ ਵਿੱਚ ਅਕਾਲੀਆਂ ਨੂੰ ਕੁਝ ਵੀ ਕਿਉਂ ਨਹੀਂ ਲੱਭਿਆ ? ਸਭ ਨੂੰ ਪਤਾ ਸੀ ਕਿ ਗੋਲੀ ਕਿੱਥੋਂ ਚੱਲੀ ਹੈ ਲੇਕਿਨ FIR was lodged against unidentified persons. ਸਪੀਕਰ ਸਾਹਿਬ, ਕੋਟਕਪੂਰਾ ਚੌਂਕ ਦੇ ਵਿੱਚ ਇੱਕ ਹੋਰ ਸਿੰਘ ਨੂੰ ਵੀ ਗੋਲੀ ਲੱਗੀ ਸੀ। ਅਪੋਲੋ ਹਸਪਤਾਲ ਵਿੱਚ ਜਾ ਕੇ ਉਸ ਦੀ ਗੋਲੀ ਕੱਢੀ ਗਈ ਪ੍ਰੰਤੂ ਅੱਠ ਮਹੀਨੇ ਤੱਕ ਉਹ ਗੋਲੀ ਫਾਰੈਂਸਿਕ ਲੈਬ ਵਿੱਚ ਜਾਂਚ ਲਈ ਨਹੀਂ ਭੇਜੀ ਗਈ। ਇਹ ਬਾਜਾਖਾਨਾ ਪੁਲਿਸ ਸਟੇਸ਼ਨ ਵਿੱਚ ਦੋ ਸਾਲ ਪਈ ਰਹੀ।ਇਹ ਤਾਂ ਜਦੋਂ ਜਸਟਿਸ ਰਣਜੀਤ ਸਿੰਘ ਨੇ ਵਿਜਿਟ ਕੀਤਾ, ਉਸ ਗੋਲੀ ਤੇ ਐਕਸ਼ਨ ਸ਼ੁਰੂ ਕਰਵਾਇਆ ਤੇ ਫਿਰ ਫਾਰੈਂਸਿਕ ਰਿਪੋਰਟ ਆਈ। ਬੇਅੰਤ ਸਿੰਘ ਤੇ ਗੋਲੀ ਚਲਾਉਣ ਵਾਲਿਆਂ ਤੇ ਧਾਰਾ 307 ਦਾ ਮੁਕੱਦਮਾ ਚਲਾਇਆ ਗਿਆ। ਜੋ ਸਾਜ਼ਿਸ਼ ਹੋਈ ਹੈ, ਉਸ ਬਾਰੇ ਸਭ ਕੁਝ ਪਤਾ ਸੀ, ਗੋਲੀ ਕਿੱਦਾਂ ਚੱਲੀ, ਕਿਵੇਂ ਚੱਲੀ.....

**ਮਾਨਯੋਗ ਸਪੀਕਰ:** ਵਾਈਂਡ ਅੱਪ ਕਰੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਗੋਲੀਆਂ ਕਿਨ੍ਹਾਂ ਨੇ ਚਲਾਈਆਂ, ਕੌਣ ਜ਼ਿੰਮੇਵਾਰ ਹਨ? ਇੱਕ ਪਾਸੇ ਕਹਿੰਦੇ ਹਨ ਕਿ ਪੰਥ ਦੀ ਸਰਕਾਰ ਹੈ ਪ੍ਰੰਤੂ ਦੂਜੇ ਪਾਸੇ ਕਹਿੰਦੇ ਜਿਨ੍ਹਾਂ ਨੇ ਪੰਥ ਦਾ ਘਾਣ ਕੀਤਾ, ਜਿਨ੍ਹਾਂ ਲੋਕਾਂ ਨੇ ਫੇਕ ਇਨਕਾਊਂਟਰਾਂ ਦੇ ਵਿੱਚ ਕੋਲਡ ਬਲੱਡਿਡ ਐਕਸਟਰਾ ਜੁਡੀਸ਼ੀਅਲ ਕਿਲਿੰਗਜ਼ ਵਿੱਚ ਬੰਦੇ ਮਾਰੇ, ਚਾਹੇ ਇਜ਼ਹਾਰ ਆਲਮ ਸੀ, ਉਸ ਦੀ ਘਰ ਵਾਲੀ ਨੂੰ ਮਲੇਰਕੋਟਲੇ ਦਾ ਐਮ.ਐਲ.ਏ. ਇਨ੍ਹਾਂ ਨੇ ਬਣਾਇਆ। ਡੀ.ਜੀ.ਪੀ. ਸੁਮੇਧ ਸੈਣੀ, ਜਿਸ ਦੇ ਖਿਲਾਫ ਤਿੰਨ ਆਦਮੀਆਂ ਨੂੰ ਭੱਠੀ ਵਿੱਚ ਸੁੱਟਣ ਦਾ ਇਲਜ਼ਾਮ ਸੀ, ਉਸ ਕੇਸ ਦੀ ਸੀ.ਬੀ.ਆਈ. ਦੀ ਅਦਾਲਤ ਵਿੱਚ ਡੇਅ-ਟੂ-ਡੇਅ ਹੀਅਰਿੰਗ ਚਲਦੀ ਰਹੀ ਸੀ, ਉਸ ਨੂੰ ਇਨ੍ਹਾਂ ਨੇ ਡੀ.ਜੀ.ਪੀ. ਪੰਜਾਬ ਬਣਾ ਕੇ ਹਰ ਕਿਸਮ ਦੇ ਗਲਤ ਕੰਮ ਕਰਵਾਏ ਹਨ। ਇਹ ਤਾਂ ਉਹ ਗੁਨਾਹ ਹਨ, ਜਿਹੜੇ ਆਪਣੇ ਸਾਹਮਣੇ ਨਜ਼ਰ ਆ ਗਏ ਹਨ।

**Mr. Speaker:** Thank you. Thank you.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, please be fair. ਸਪੀਕਰ ਸਾਹਿਬ, ਕੁਝ ਮੈਂਬਰ 45-45 ਅਤੇ 50-50 ਮਿੰਟ ਬੋਲ ਗਏ ਹਨ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਮੈਨੂੰ ਸਿਰਫ ਪੰਜ ਮਿੰਟ ਹੋਰ ਦਿਓ ਜੀ।

**ਮਾਨਯੋਗ ਸਪੀਕਰ:** ਨਹੀਂ ਜੀ, ਨਹੀਂ ਤੁਸੀ ਆਪਣੀ ਪਾਰਟੀ ਸਟਰੈਂਥ ਵੀ ਦੇਖੋ। ਸਿਰਫ ਦੋ ਮਿੰਟ ਜੀ। ਤੁਸੀਂ ਦੋ ਮਿੰਟ ਵਿੱਚ ਵਾਈਂਡ ਅੱਪ ਕਰ ਦਿਓ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਨ੍ਹਾਂ ਨੇ ਐਫ.ਆਈ.ਆਰ. ਵਿੱਚ ਅਣਪਛਾਤੇ ਲਿਖਿਆ, ਅਸਲੀਅਤ ਕੀ ਹੈ ਇਸ ਸਬੰਧੀ ਸਿੱਧੂ ਸਾਹਿਬ ਨੇ, ਰੰਧਾਵਾ ਸਾਹਿਬ ਨੇ ਅਤੇ ਹੋਰ ਬੋਲਣ ਵਾਲਿਆਂ ਨੇ ਇਹ ਗੱਲਾਂ ਪਹਿਲਾਂ ਕਹਿ ਦਿੱਤੀਆਂ ਹਨ। ਇਹ ਸਾਰੇ ਹੁਕਮ ਚੀਫ ਮਨਿਸਟਰ, ਪੰਜਾਬ ਵੱਲੋਂ ਹੋਏ, which is on record ਲੇਕਿਨ ਪੰਜਾਬ ਦਾ ਡੀ-ਫੈਕਟੋ ਚੀਫ ਮਨਿਸਟਰ ਉਸ ਵੇਲੇ ਕੌਣ ਸੀ, ਸੁਖਬੀਰ ਸਿੰਘ ਬਾਦਲ, ਸੁਮੇਧ ਸਿੰਘ ਸੈਣੀ, down the line ਜਿੰਨੇ ਅਫਸਰ ਹਨ। ਸਰਕਾਰ ਨੇ ਉਸ ਐਫ.ਆਈ.ਆਰ. ਵਿੱਚ ਧਾਰਾ 302 ਦੇ ਅੰਡਰ ਹਾਲੇ ਚਾਰ ਆਦਮੀਆਂ ਨੂੰ ਨਾਮੀਨੇਟ ਕੀਤਾ ਹੈ। ਸਾਡੀ ਸਾਰਿਆਂ ਦੀ ਮੰਗ ਹੈ ਬਲਕਿ ਪੰਜਾਬ ਦੇ ਅਵਾਮ ਦੀ ਮੰਗ ਹੈ ਕਿ ਜਿਹੜੀ ਬਾਜਾਖਾਨਾ ਦੀ 130 ਨੰਬਰ ਐਫ.ਆਈ.ਆਰ. ਹੈ, ਉਸ ਦੇ ਵਿੱਚ start from the top, ਬਾਕੀ ਵੀ ਕਹਿ ਰਹੇ ਸੀ ਕਿ ਉੱਪਰੋਂ ਸਜ਼ਾ ਮਿਲੇ, ਸਮਾਜ ਨੂੰ exemplary punishment ਦਾ ਮੈਸੇਜ ਜਾਵੇ । ਦੋਸ਼ੀਆਂ ਨੂੰ ਮੈਸੇਜ ਉਦੋਂ ਹੀ ਜਾਏਗਾ ਜਦੋਂ ਵੱਡੇ ਬੰਦੇ ਨੂੰ ਤੁਸੀਂ ਹੱਥ

ਪਾਓਗੇ। ਇਸ ਲਈ ਉਸ ਐਫ.ਆਈ.ਆਰ. ਵਿੱਚ without any further delay ਐਕਸ਼ਨ ਲਿਆ ਜਾਵੇ। ਇਹ ਇਨਵੈਸਟੀਗੇਸ਼ਨ ਸੀ.ਬੀ.ਆਈ. ਕੋਲ ਚਲੀ ਗਈ ਹੈ, ਤੁਸੀਂ ਸਭ ਨੇ ਕਿਹਾ ਹੈ, ਮਤਾ ਪਾਸ ਕਰਵਾਇਆ ਹੈ, that should come back to Punjab Police, to the same SIT, which is investigating into the matter. ਉਸ ਐਫ.ਆਈ.ਆਰ. ਦੇ ਵਿੱਚ ਚੀਫ ਮਨਿਸਟਰ, ਉਸ ਵਕਤ ਦੇ ਡਿਪਟੀ ਚੀਫ ਮਨਿਸਟਰ, ਡੀ.ਜੀ.ਪੀ. down the line ਜਿੰਨੇ ਪੁਲਿਸ ਵਾਲੇ ਹਨ, ਉਨ੍ਹਾਂ ਦੇ ਖਿਲਾਫ ਕਤਲ ਦਾ ਪਰਚਾ ਦਰਜ ਹੋਣਾ ਚਾਹੀਦਾ ਹੈ। ਹਾਲੇ ਚਾਰ ਬੰਦੇ ਹੀ ਨਾਮੀਨੇਟ ਹੋਏ ਹਨ, ਇਨ੍ਹਾਂ ਨੂੰ ਹਾਲੇ ਤੱਕ ਅਰੈਸਟ ਨਹੀਂ ਕੀਤਾ ਗਿਆ.....

**Mr. Speaker:** Thank you.

**ਸਰਦਾਰ ਸੁਖਪਾਲ ਸਿੰਘ ਖਹਿਰਾ :** ਉਨ੍ਹਾਂ ਲੋਕਾਂ ਨੂੰ ਬੁਲਾ ਕੇ ਉਨ੍ਹਾਂ ਲੋਕਾਂ ਤੋਂ ਹਰ ਕਿਸਮ ਦੇ ਗਲਤ ਕੰਮ ਕਰਵਾਏ ਹਨ। (ਵਿਘਨ) ਇਹ ਤਾਂ ਉਹ ਹਨ ਜਿਹੜੇ ਆਪਣੇ ਸਾਹਮਣੇ ਨਜ਼ਰ ਆ ਗਏ ਹਨ।

**Mr. Speaker:** Thank you, thank you.

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਇੱਕ ਮਿੰਟ ਜੀ, ਇਹ ਚਾਰ ਬੰਦਿਆਂ ਨੂੰ ਹਾਲੇ ਅਰੈਸਟ ਨਹੀਂ ਕੀਤਾ ਗਿਆ। ਧਾਰਾ 302 ਤਹਿਤ ਐਫ.ਆਈ.ਆਰ. ਦਰਜ ਹੈ, ਜ਼ਮਾਨਤ ਵੀ ਕੋਈ ਨਹੀਂ ਹੈ। ਉਹ ਜਿਹੜੇ ਪੁਲਿਸ ਵਾਲੇ 11 ਬੰਦੇ ਹਨ, ਹਾਲੇ 7 ਨੂੰ ਤਾਂ ਨਾਮੀਨੇਟ ਹੀ ਨਹੀਂ ਕੀਤਾ ਗਿਆ। ਇਹ ਜਿਹੜੇ ਵੱਡੇ top three people responsible ਹਨ, ਇਨ੍ਹਾਂ ਨੂੰ ਅਤੇ ਜਿਨ੍ਹਾਂ ਲੋਕਾਂ ਨੇ ਸਾਜ਼ਿਸ਼ ਕੀਤੀ ਹੈ, ਨੂੰ ਸ਼ਾਮਲ ਕਰੋ। It should not stop at Rakesh Dirhba. It is all vote bank politics. ਜੇ ਬਾਦਲਾਂ ਨੇ compromise ਕਰਕੇ ਅਤੇ ਡੇਰੇ ਦੀਆਂ ਵੋਟਾਂ ਲੈਣ ਵਾਸਤੇ ਇਹ ਗੰਦੀ ਰਾਜਨੀਤੀ ਕੀਤੀ, ਅਗਰ ਤੁਸੀਂ ਵੀ ਕਾਂਗਰਸ ਵਾਲੇ ਇਹੀ ਕੰਮ ਕਰੋਗੇ (ਵਿਘਨ) (ਸ਼ੋਰ)

**Mr. Speaker:** Thank you, thank you, thank you. ਹਾਂ ਜੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਜੇ ਤੁਸੀਂ ਸਿਰੇ ਤੱਕ ਨਹੀਂ ਜਾਓਗੇ, ਜੋ ਅਕਾਲੀਆਂ ਦਾ ਹਸ਼ਰ 14 ਸੀਟਾਂ ਆਉਣ ਦਾ ਹੋਇਆ ਸੀ। (ਵਿਘਨ) ਜਿਹੜਾ ਤੁਸੀਂ ਸਪੀਕਰ ਸਾਹਿਬ, ਸਮਾਂ ਦਿੱਤਾ ਹੈ ** ** ਮੈਂ ਫਿਰ ਵੀ ਤੁਹਾਡਾ ਧੰਨਵਾਦ ਕਰਦਾ ਹਾਂ।

** **Expunged as ordered by the Hon'ble Speaker.

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ):** ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਅਤੇ ਮਮਨੂਨ ਹਾਂ ਕਿ ਤੁਸੀਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਇਸ ਰਿਪੋਰਟ ਤੇ ਮੈਨੂੰ ਆਪਣਾ ਅਤੇ ਆਪਣੀ ਪਾਰਟੀ ਦਾ ਨੁਕਤੇ ਨਜ਼ਰ ਰੱਖਣ ਦਾ ਮੌਕਾ ਦਿੱਤਾ ਹੈ। ਮੈਥੋਂ ਪਹਿਲਾਂ ਇਸ ਸਦਨ ਵਿੱਚ ਬੋਲਦਿਆਂ ਇਨ੍ਹਾਂ ਨੇ ਰਿਪੋਰਟ ਦੇ ਹਰ ਪਹਿਲੂ ਤੇ ਰੌਸ਼ਨੀ ਪਾਈ ਹੈ। ਇਨ੍ਹਾਂ ਸਭ ਨੇ ਬੜਾ ਸੋਹਣਾ ਬੋਲਿਆ ਹੈ। ਮੇਰੇ ਖੱਬੇ ਹੱਥ ਸਿੱਧੂ ਸਾਹਿਬ ਬੈਠੇ ਹਨ, ਇਹ ਜਦੋਂ ਬੋਲਦੇ ਹਨ ਤਾਂ ਇਨ੍ਹਾਂ ਦੀ ਗੱਲ ਦੇ ਵਿੱਚ ਇੱਕ ਜਾਦੂ ਜਿਹਾ ਹੁੰਦਾ ਹੈ ਜੋ ਕਿ ਸਾਰਿਆਂ ਤੇ ਹੋ ਜਾਂਦਾ ਹੈ। ਉਹ ਲੋਕਾਂ ਤੇ ਵੀ ਹੋ ਜਾਂਦਾ ਹੈ ਅਤੇ ਮੇਰੇ ਤੇ ਵੀ ਹੋ ਜਾਂਦਾ ਹੈ ਪਰ ਮੈਂ ਇਹ ਕੋਸ਼ਿਸ਼ ਕਰਾਂਗਾ ਕਿ ਜਿਹੜੀਆਂ ਗੱਲਾਂ ਸਦਨ ਵਿੱਚ ਕਹੀਆਂ ਜਾ ਚੁੱਕੀਆਂ ਹਨ, ਉਨ੍ਹਾਂ ਨੂੰ ਦੁਬਾਰਾ ਕਹਿ ਕੇ ਮੈਂ ਸਦਨ ਦਾ ਟਾਈਮ ਜ਼ਾਇਆ ਨਹੀਂ ਕਰਨਾ ਚਾਹੁੰਦਾ। ਸਪੀਕਰ ਸਾਹਿਬ, ਇਹ ਜਿਹੜੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਹੈ, ਜੇ ਇਸ ਦੀ ਤਹਿ ਤੱਕ ਪਹੁੰਚਣਾ ਹੈ ਤਾਂ ਮੈਂ ਸਦਨ ਦੀ ਤਵੱਜੋ ਇਸ ਗੱਲ ਵੱਲ ਦਿਵਾਵਾਂਗਾ ਕਿ ਅੱਜ ਤੋਂ 40 ਸਾਲ ਪਹਿਲਾਂ ਇੱਕ ਵਾਕਿਆ ਹੋਇਆ ਜਿਸ ਦਾ ਜ਼ਿਕਰ ਬਹੁਤ ਹੀ ਜ਼ਰੂਰੀ ਹੈ। 13 ਅਪ੍ਰੈਲ, 1978 ਨੂੰ ਅੰਮ੍ਰਿਤਸਰ ਦੇ ਵਿੱਚ ਨਿਰੰਕਾਰੀਆਂ ਅਤੇ ਸਿੱਖਾਂ ਦੀ ਮੁੱਠਭੇੜ ਹੋਈ ਸੀ। ਉਸ ਵੇਲੇ ਜਿਹੜੇ ਸੀ.ਆਈ.ਡੀ. ਦੇ ਐਸ.ਪੀ. ਸਨ, ਉਨ੍ਹਾਂ ਦਾ ਨਾਮ ਦਲੀਪ ਸਿੰਘ ਢੀਂਡਸਾ ਸੀ ਅਤੇ ਉਸ ਵੇਲੇ ਦੂਜੇ ਡੀ.ਆਈ.ਜੀ. ਇੰਟੈਲੀਜੈਂਸ ਨਹੀਂ ਹੁੰਦੇ ਸਨ, ਸਿਰਫ ਇੱਕ ਡੀ.ਆਈ.ਜੀ. ਇੰਟੈਲੀਜੈਂਸ ਹੁੰਦਾ ਸੀ। ਉਸ ਮੌਕੇ ਤੇ ਦੋਨਾਂ ਅਫਸਰਾਂ ਨੇ, ਹੋਮ ਮਨਿਸਟਰ ਅਤੇ ਚੀਫ ਮਨਿਸਟਰ, ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਰਿਟਨ ਸਲਾਹ ਦਿੱਤੀ ਕਿ ਨਿਰੰਕਾਰੀਆਂ ਦਾ ਸਮਾਗਮ ਜਾਂ ਤਾਂ ਮੁਲਤਵੀ ਕਰਵਾ ਦੇਵੋ ਜਾਂ ਫਿਰ ਪੰਜਾਬ ਤੋਂ ਬਾਹਰ ਲੈ ਜਾਓ। ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਉਸ ਵੇਲੇ ਨਿਰੰਕਾਰੀਆਂ ਦਾ ਸਮਾਗਮ ਅੰਮ੍ਰਿਤਸਰ ਵਿੱਚ ਹੀ ਮੁਨੱਕਤ ਕਰਵਾਇਆ। ਇਹ ਤਾਂ ਹਿਸਟਰੀ ਦੀ ਗੱਲ ਹੈ ਕਿ ਉਸ ਵਿੱਚ 16 ਬੰਦੇ, 13 ਅਖੰਡ ਕੀਰਤਨੀ ਜੱਥੇ ਦੇ, 3 ਨਿਰੰਕਾਰੀ ਫਿਰਕੇ ਦੇ ਬੰਦੇ ਜਹਾਂਬਾਤ ਹੋ ਗਏ। ਸਪੀਕਰ ਸਾਹਿਬ, ਸਰਕਾਰ ਦੀ ਕਾਰਕਰਦਗੀ ਦੇਖੋ ਕਿ 13 ਅਪ੍ਰੈਲ ਦਾ ਦਿਨ ਹੋਵੇ ਤਾਂ ਜਿਹੜੇ ਅੰਮ੍ਰਿਤਸਰ ਦੇ ਡੀ.ਸੀ. ਸਨ, ਉਹ ਲਾਪਤਾ ਸੀ, ਜਿਹੜੇ ਉਸ ਵੇਲੇ ਦੇ ਐਸ.ਐਸ.ਪੀ. ਸੀ, ਉਹ ਆਊਟ ਆਫ ਸਟੇਸ਼ਨ ਸੀ, ਏ.ਡੀ.ਸੀ. ਗੈਰ ਹਾਜ਼ਰ ਸੀ, ਐਸ.ਪੀ. ਸਿਟੀ ਵੀ ਗੈਰ ਹਾਜ਼ਰ ਸੀ, ਐਸ.ਡੀ.ਐਮ. ਮੌਕੇ ਤੇ ਭੱਜ ਗਿਆ ਅਤੇ ਸਿਰਫ ਇੱਕ ਡੀ.ਐਸ.ਪੀ. ਉਸ ਮੌਕੇ ਤੇ ਸੀ, ਜਦੋਂ 16 ਬੰਦੇ ਉੱਥੇ ਹਲਾਕ ਹੋ ਗਏ। ਸਪੀਕਰ ਸਾਹਿਬ, ਜਿਹੜਾ ਉਸ ਵੇਲੇ ਮੀਡੀਆ ਸੀ ਜਾਂ ਜਿਹੜੇ ਅਖਬਾਰ, ਕਲਮਕਾਰ, ਕਰਜ਼ੀਆਕਾਰ ਸਨ, ਉਹ ਲਿਖ ਰਹੇ ਸੀ ਕਿ ਇਹ ਸਰਕਾਰ ਦੀ incompetence ਅਤੇ ਨਾ ਕਾਬਲੀਅਤ

ਹੈ। ਸਪੀਕਰ ਸਾਹਿਬ, ਹਕੀਕਤ ਇਹ ਸੀ ਕਿ ਇਹ ਪੰਜਾਬ ਦੇ ਵਿੱਚ ਫਿਰਕਾਵਾਰੀਅਤ ਪੈਦਾ ਕਰਨ ਦੀ ਬੜੀ ਸੋਚੀ ਸਮਝੀ ਸਾਜ਼ਿਸ਼ ਸੀ ਕਿਉਂਕਿ 10-12 ਸਾਲ ਪਹਿਲਾਂ ਇਸੇ ਅਕਾਲੀ ਦਲ ਦੀ ਇਸੇ ਫਿਰਕਾਵਾਰੀਅਤ ਦੀ ਬਿਨਾ ਤੇ ਇੱਕ ਪੰਜਾਬੀ ਸੂਬਾ ਇੱਥੇ ਕਾਇਮ ਹੋਇਆ ਸੀ ਜਿਹੜਾ ਕਿ ਅੱਜ ਦਾ ਪੰਜਾਬ ਹੈ। ਅਕਾਲੀ ਦਲ ਬੜੀ ਅੱਛੀ ਤਰ੍ਹਾਂ ਸਮਝ ਚੁੱਕਿਆ ਸੀ ਕਿ ਜਿਹੜੀ ਇਹ polarisation of vote ਹੈ, ਜੇ ਇਹ ਇਸੇ ਤਰ੍ਹਾਂ ਚਲਦੀ ਰਹੇ ਤਾਂ ਦਰਹਮੇਸ਼ ਅਕਾਲੀ ਦਲ ਇਕਤਗਾਰ ਵਿੱਚ ਰਹੇਗਾ, ਇਨ੍ਹਾਂ ਨੂੰ ਕੋਈ ਹਟਾ ਨਹੀਂ ਸਕਦਾ। ਇਹ ਹੁਣ ifs and buts of ਹਿਸਟਰੀ ਹੈ ਪਰ, ਸਪੀਕਰ ਸਾਹਿਬ, ਸੋਚਣ ਵਾਲੀ ਗੱਲ ਹੈ ਕਿ ਜੇ ਸੰਨ 1978 ਵਿੱਚ ਅਕਾਲੀ ਦਲ ਪੰਜਾਬ ਦਾ ਮਾਹੌਲ ਨਾ ਵਿਗਾੜਦਾ, 21000 ਬੰਦੇ ਦਾ ਪੰਜਾਬ ਦੀ ਧਰਤੀ ਤੇ ਕਤਲੇ ਆਮ ਹੋਇਆ, 8200 ਮਿਲੀਟੈਂਟ ਮਾਰਿਆ ਗਿਆ, 1800 ਪੁਲਿਸ ਅਹਿਲਕਾਰ ਸ਼ਹੀਦ ਹੋਏ ਜਿਸ ਵਿੱਚ 7 ਆਈ.ਪੀ.ਐਸ. ਅਫਸਰ ਸੀ ਅਤੇ 3 ਸਿਟਿੰਗ ਜੱਜ ਸੀ। ਸਪੀਕਰ ਸਾਹਿਬ, ਅੱਜ ਪੰਜਾਬ ਦੀ ਤਰੱਕੀ ਦਾ ਜਿਹੜਾ ਮੰਜ਼ਰਨਾਮਾ ਹੈ, ਉਹ ਕਿਸ ਕਿਸਮ ਦਾ ਹੋਣਾ ਸੀ। ਮੈਂ ਇਹ ਗੱਲ ਇਸ ਕਰਕੇ ਯਾਦ ਕਰਵਾਈ ਹੈ ਕਿ ਜਿਵੇਂ ਖਹਿਰਾ ਸਾਹਿਬ ਨੇ ਕਿਹਾ, ਸਾਡੀ ਸਿਤਮਜ਼ਰੀਫੀ ਦੇਖੋ, 37 ਸਾਲ ਬਾਅਦ ਫਿਰ ਬਾਦਲ ਸਾਹਿਬ ਸੀ.ਐਮ. ਹੋਣ, ਉਨ੍ਹਾਂ ਦਾ ਬੇਟਾ ਹੋਮ ਮਨਿਸਟਰ ਹੋਵੇ, ਫਿਰ ਸਰਕਾਰ ਅਕਾਲੀ ਦਲ ਦੀ ਹੋਵੇ ਔਰ ਸੁੱਤੇ ਪਏ, ਨਿਹੱਥੇ, ਮਾਸੂਮ ਸਿੱਖਾਂ ਤੇ ਗੋਲੀਆਂ ਚਲਦੀਆਂ ਹਨ ਕਿਉਂਕਿ ਇਹ ਫਿਰਕਾਵਾਰੀਅਤ ਦੀ ਕਮਿਊਨਲ ਪਾਲਿਟਿਕਸ ਅਕਾਲੀ ਦਲ ਨੂੰ ਸੂਟ ਕਰਦੀ ਸੀ। ਜੇ ਤੁਸੀਂ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਪੜ੍ਹੋ ਤਾਂ ਇਸ ਵਿੱਚ ਇੱਕ ਗੱਲ ਬੜੀ ਕੈਟੇਗਰੀਕਲੀ ਉਨ੍ਹਾਂ ਨੇ ਬਿਆਨ ਕੀਤੀ ਹੈ ਕਿ ਪੁਲਿਸ ਜਾਂ ਇੰਟੈਲੀਜੈਂਸ ਨੇ ਇਹ ਗੱਲ ਬਾਜ਼੍ਹੇ ਤੌਰ ਤੇ ਦੱਸ ਦਿੱਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਬੇਹੁਰਮਤੀ, ਬੇਅਦਬੀ ਹੋਣ ਜਾ ਰਹੀ ਹੈ। ਇਹ ਹੱਥ ਤੇ ਹੱਥ ਧਰ ਕੇ ਬੈਠੇ ਰਹੇ, ਇਨ੍ਹਾਂ ਨੇ ਕੋਈ ਐਕਸ਼ਨ ਨਹੀਂ ਲਿਆ। ਸਪੀਕਰ ਸਾਹਿਬ, ਜਸਟਿਸ ਰਣਜੀਤ ਸਿੰਘ ਨੇ ਇਹ ਵੀ ਬੜੇ ਬਾਜ਼੍ਹੇ ਤੌਰ ਤੇ ਰਿਪੋਰਟ ਵਿੱਚ ਲਿਖਿਆ ਹੈ ਕਿ ਬਿਲਕੁਲ ਅਨਆਰਮਡ ਪ੍ਰੋਟੈਸਟਸ ਸੀ, ਜਿਨ੍ਹਾਂ ਦਾ ਇੱਕ ਆਈਨੀ ਹੱਕ ਹੈ ਕਿ ਉਹ ਮੁਜ਼ਾਹਰਾ ਕਰ ਸਕਦੇ ਹਨ, ਇਤਜਾਜ਼ ਕਰ ਸਕਦੇ ਹਨ ਲੇਕਿਨ ਉਨ੍ਹਾਂ ਤੇ ਗੋਲੀਆਂ ਚਲਾਈਆਂ। ਇਹ ਇਸ ਰਿਪੋਰਟ ਵਿੱਚ ਬਜ਼੍ਹਾ ਤੌਰ ਤੇ ਲਿਖਿਆ ਗਿਆ ਹੈ। ਸਪੀਕਰ ਸਾਹਿਬ, ਇਸ ਰਿਪੋਰਟ ਵਿੱਚ ਗੌਰ ਤਲਬ ਇਹ ਵੀ ਹੈ ਕਿ ਜਿਹੜਾ ਉਥੇ ਮੌਕੇ ਤੇ ਐਸ.ਐਸ.ਪੀ. ਸੀ, ਉਸ ਦਾ ਜਿਹੜਾ ਸਬਸਟੈਂਟਿਵ ਰੈਂਕ ਸੀ, ਉਹ ਡੀ.ਐਸ.ਪੀ. ਸੀ। ਇਨ੍ਹਾਂ ਨੇ ਉਸ ਨੂੰ ਕਾਬਲ ਸਮਝਿਆ ਕਿ ਉਸ ਨੂੰ ਐਸ.ਐਸ.ਪੀ. ਲਗਾਇਆ ਜਾਵੇ। ਡੀ.ਜੀ.ਪੀ. ਨੂੰ ਬੜੇ ਭਰੇ ਮਨ ਨਾਲ ਇੱਕ ਹਫਤੇ ਤੋਂ ਬਾਅਦ ਸਿਰਫ ਟਰਾਂਸਫਰ ਕੀਤਾ ਗਿਆ ਜੀ।

There is no accountability ਇੱਕ ਸਪੀਕਰ ਨੇ ਇੱਥੇ ਬੋਲਦਿਆਂ, ਸ਼ਾਇਦ ਸਿੱਧੂ ਸਾਹਿਬ ਨੇ ਇਹ ਗੱਲ ਕਹੀ ਕਿ ਫਿਰ ਇਨ੍ਹਾਂ ਨੇ ਮੁਨਾਸਿਬ ਸਮਝਿਆ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਜਲਦੀ ਨਾਲ ਬਣਾਇਆ ਜਾਵੇ ਔਰ ਜਿਸ ਦਿਨ ਜਸਟਿਸ ਸਾਹਿਬ ਚੀਫ ਸੈਕ੍ਰੇਟਰੀ ਤੋਂ ਟਾਈਮ ਲੈ ਕੇ ਰਿਪੋਰਟ ਦੇਣ ਆਏ ਤਾਂ ਚੀਫ ਸੈਕ੍ਰੇਟਰੀ ਜਾਣ-ਬੁੱਝ ਕੇ ਗੈਰ-ਹਾਜ਼ਰ ਹੋ ਗਏ ਅਤੇ ਇੱਕ ਚਪੜਾਸੀ ਰਿਪੋਰਟ ਲੈਣ ਵਾਸਤੇ ਉਥੇ ਖੜ੍ਹਾ ਸੀ। ਜਦੋਂ ਉਨ੍ਹਾਂ ਨੇ ਚਪੜਾਸੀ ਨੂੰ ਰਿਪੋਰਟ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੇ ਇੱਕ ਕਲਰਕ ਸੱਦ ਲਿਆ, ਇੱਕ ਬੰਦਾ ਹੋਰ ਆ ਗਿਆ। ਜਦੋਂ ਉਸ ਨੂੰ ਵੀ ਇਨਕਾਰ ਕਰ ਦਿੱਤਾ ਤਾਂ ਉਸ ਨੇ ਇੱਕ ਅਸਿਸਟੈਂਟ ਸੱਦ ਲਿਆ ਅਤੇ ਫਿਰ ਜਸਟਿਸ ਸਾਹਿਬ ਘੰਟਾ ਬਰਾਂਡੇ ਵਿੱਚ ਬੈਠੇ ਰਹੇ ਅਤੇ ਫੇਰ ਕੰਟਰੋਲ ਰੂਮ ਤੋਂ ਕੋਈ ਅਫਸਰ ਆਇਆ। ਸਪੀਕਰ ਸਾਹਿਬ, ਇਨ੍ਹਾਂ ਦੀ ਇਸ ਦੇ ਵਿੱਚ ਇਸ ਕਿਸਮ ਦੀ ਸੰਜੀਦਗੀ ਸੀ। ਸਪੀਕਰ ਸਾਹਿਬ, ਆਪਣੀ ਗੱਲ ਅੱਗੇ ਤੋਰਨ ਤੋਂ ਪਹਿਲਾਂ, ਖਾਸ ਕਰਕੇ ਉਹ ਲੋਕ ਜਿਨ੍ਹਾਂ ਦੀ ਯਾਦਾਸ਼ਤ ਕਮਜ਼ੋਰ ਹੈ, ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਸਿਆਸੀ ਮੁਫਾਦ ਜਾਂ ਦਬਾਅ ਦੀ ਬਿਨ੍ਹਾ ਤੇ ਇਸ ਨੂੰ ਤਸਲੀਮ ਕਰਨ ਤੋਂ ਹਿਚਕਚਾਹਟ ਹੈ ਜਾਂ ਜਿਹੜੇ ਜ਼ਾਲਮ ਨੂੰ ਜ਼ਾਲਮ ਨਹੀਂ ਕਹਿ ਸਕਦੇ, ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਉਨ੍ਹਾਂ ਲੋਕਾਂ ਲਈ ਬੜੀ ਅਹਿਮ ਹੈ। ਮੈਂ ਆਪਣੀ ਗੱਲ ਅੱਗੇ ਵਧਾਉਣ ਤੋਂ ਪਹਿਲਾਂ ਮੁਅੱਜ਼ਜ਼ ਜੱਜ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਪੇਸ਼ ਕਰਾਂਗਾ ਕਿ ਇਹ ਜਿਹੜੀ ਇਨਸਾਫ ਤੇ ਮਦਨੀ ਜਿਹੜੀ ਉਨ੍ਹਾਂ ਦੀ ਰਿਪੋਰਟ ਹੈ, ਇਹ ਜ਼ੁਰਅਤਾਨਾ ਰਿਪੋਰਟ ਹੈ, ਇਹ ਦਿਆਨਤ ਤੇ ਮਦਨੀ ਰਿਪੋਰਟ ਹੈ । ਸਪੀਕਰ ਸਾਹਿਬ, ਜਿਹੜੀ ਉਨ੍ਹਾਂ ਨੇ ਆਪਣੀ ਫਰਜ਼ਸ਼ਨਾਸੀ ਕੀਤੀ ਹੈ, ਮੈਂ ਆਨ ਰਿਕਾਰਡ ਜਸਟਿਸ ਸਾਹਿਬ ਦਾ ਧੰਨਵਾਦ ਵਿਧਾਨ ਸਭਾ ਵਿੱਚ ਕਰਨਾ ਚਾਹੁੰਦਾ ਹਾਂ। ਇਹ ਇਨਸਾਫ ਦੀ ਫਤਹਿ ਅਤੇ ਮਜ਼ਲੂਮਾਂ ਨੂੰ ਇਨਸਾਫ ਦਿਵਾਉਣ ਦੀ ਪੇਸ਼ਰਫਤ ਹੈ। ਸਪੀਕਰ ਸਾਹਿਬ, just for the record ਕਿਉਂਕਿ ਗੱਲਾਂ ਤਾਂ ਸਾਰੀਆਂ ਕਹੀਆਂ ਜਾ ਚੁੱਕੀਆਂ ਹਨ। ਮੈਂ ਪੰਜਾਬ ਦੇ ਮੀਡੀਆ ਦਾ ਵੀ ਧੰਨਵਾਦ ਕਰਦਾ ਹਾਂ ਕਿ ਜਦੋਂ ਗੋਲੀਆਂ ਦੀ ਬਰਸਾਤ ਚੱਲ ਰਹੀ ਸੀ, ਇਨ੍ਹਾਂ ਨੇ ਆਪਣੀ ਜ਼ਿੰਦਗੀ, ਆਪਣੀ ਜਾਨ ਤੋਂ ਬੇਪਰਵਾਹ ਹੋ ਕੇ ਆਪਣੀ ਡਿਊਟੀ ਨਿਭਾਈ। ਜੇ ਕਿਤੇ ਉਹ ਉਸ ਵੇਲੇ ਹਕਾਇਕ ਨਾ ਦਿਖਾਉਂਦੇ ਤਾਂ ਮੈਨੂੰ ਲਗਦਾ ਹੈ ਕਿ ਤਸਵੀਰ ਹੋਰ ਹੋਣੀ ਸੀ। ਫਿਰ ਪਰਚੇ ਇਨ੍ਹਾਂ ਲੋਕਾਂ ਤੇ ਬਣ ਜਾਣੇ ਸੀ, ਜਿਨ੍ਹਾਂ ਨੂੰ ਗੋਲੀਆਂ ਲੱਗੀਆਂ ਹਨ। ਸੱਚ ਇਹ ਹੈ ਕਿ it was the media and media alone, ਜਿਨ੍ਹਾਂ ਨੇ ਅਕਾਲੀ ਦਲ ਦੇ ਜਿਹੜੇ ਝੂਠੇ ਦਾਅਵੇ ਸੀ, ਉਨ੍ਹਾਂ ਨੂੰ ਮੁਸ਼ਤਰਫ਼ ਕੀਤਾ ਹੈ। ਅੱਜ ਦੀ ਰਿਪੋਰਟ, ਜਿਹੜੇ ਸਾਡੇ ਫਰੀਕ ਇੱਥੇ ਨਹੀਂ ਹਨ, ਇਨ੍ਹਾਂ ਦੇ ਮੂੰਹ ਤੇ ਤਮਾਚਾ ਹੈ ਪਰ ਸਪੀਕਰ ਸਾਹਿਬ, ਸੋਚਣ ਵਾਲੀ ਗੱਲ ਇਹ ਹੈ ਕਿ ਕਈ ਸਪੀਕਰ ਇਸ ਗੱਲ ਨੂੰ ਬੋਲ ਵੀ ਗਏ ਹਨ ਕਿ ਇਸ ਸਾਨਿਆ ਦੇ ਵਿੱਚ ਤਿੰਨ ਫਰੀਕ ਹਨ। ਇੱਕ, ਜਿਨ੍ਹਾਂ

ਨੇ ਕਤਲੇਆਮ ਦੀ ਪਲੈਨਿੰਗ ਕੀਤੀ। ਦੂਜੇ, ਜਿਨ੍ਹਾਂ ਨੇ ਕਤਲੇਆਮ ਦੇ ਆਰਡਰ ਦਿੱਤੇ। ਤੀਜੇ, ਜਿਨ੍ਹਾਂ ਨੇ ਗੋਲੀਆਂ ਚਲਾਈਆਂ ਔਰ ਇਹ ਤਿੰਨੇ ਜਿਹੜੇ ਹਨ, ਬੜੇ ਬਜ਼ਾ ਤੌਰ ਤੇ ਇਸ ਰਿਪੋਰਟ ਦੇ ਵਿੱਚ ਉਨ੍ਹਾਂ ਦੇ ਨਾਮ ਛਾਇਆ ਹੋਏ ਹਨ। ਸਪੀਕਰ ਸਾਹਿਬ, ਇਹ ਮਾਲੂਮ ਹੈ ਕਿ ਜਿਹੜੇ ਬੰਦੇ ਅੱਜ ਹਾਊਸ ਵਿੱਚ ਨਹੀਂ ਆਏ, ਕੀ ਇਨ੍ਹਾਂ ਨੂੰ ਮਾਲੂਮ ਹੈ ਕਿ ਜਿਨ੍ਹਾਂ ਦੇ ਜਵਾਨ ਪੁੱਤ ਮਰ ਗਏ, ਉਨ੍ਹਾਂ ਦੀਆਂ ਰਾਤਾਂ ਕਿਵੇਂ ਗੁਜ਼ਰਦੀਆਂ ਹੋਣਗੀਆਂ? ਉਨ੍ਹਾਂ ਦੇ ਦਿਨ ਕਿਵੇਂ ਬੀਤਦੇ ਹੋਣੇ ਹਨ? ਉਨ੍ਹਾਂ ਦੀ ਜ਼ਿੰਦਗੀ ਕਿਵੇਂ ਗੁਜ਼ਰੇਗੀ ਪਰ ਅੱਜ ਦੀ ਰਿਪੋਰਟ ਪੜ੍ਹ ਕੇ ਘੱਟੋ-ਘੱਟ ਮੇਰੇ ਦਿਲ ਨੂੰ ਇਹ ਸੰਤੁਸ਼ਟੀ ਮਿਲੀ ਹੈ ਕਿ ਉਨ੍ਹਾਂ ਮਜ਼ਲੂਮਾਂ ਨੂੰ ਦੁਨੀਆਂ ਦੀ ਕੋਈ ਤਾਕਤ ਹੁਣ ਇਨਸਾਫ ਤੋਂ ਦੂਰ ਨਹੀਂ ਰੱਖ ਸਕਦੀ । ਸਪੀਕਰ ਸਾਹਿਬ, ਰੱਬ ਦਾ ਤਾਂ ਇਸ ਗੱਲ ਦਾ ਸ਼ੁਕਰ ਹੈ ਕਿ ਬਾਵਜੂਦ ਪੰਜਾਬ ਵਾਸਤੇ ਇਸ ਤੋਂ ਵੱਡੀ ਪ੍ਰੋਵੋਕੇਸ਼ਨ ਨਹੀਂ ਹੋ ਸਕਦੀ ਸੀ ਪਰ ਪੰਜਾਬ ਦੇ ਲੋਕਾਂ ਨੇ ਕਾਨੂੰਨ ਨੂੰ ਗਾਲ੍ਹ ਨਹੀਂ ਕੱਢੀ, ਪੰਜਾਬ ਦੇ ਲੋਕਾਂ ਨੇ ਅਦਾਲਤਾਂ ਨੂੰ ਗਾਲ੍ਹ ਨਹੀਂ ਕੱਢੀ । ਪੰਜਾਬ ਦੇ ਲੋਕਾਂ ਨੇ ਸਬਰ ਦਾ ਦਾਮਨ ਨਹੀਂ ਛੱਡਿਆ । ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਿਹੜੀ ਰਿਪੋਰਟ ਹੈ, ਇਹ ਬੜੇ ਲੰਮੇ ਸਮੇਂ ਬਾਅਦ, ਰਾਜਾ ਜੀ ਕਹਿ ਰਹੇ ਸਨ ਕਿ ਪਤਾ ਨਹੀਂ ਕਿੰਨੇ ਹਜ਼ਾਰ ਦਿਨ ਤੋਂ ਬਾਅਦ ਇੱਕ ਪਹਿਲਾ ਠੰਡੀ ਹਵਾ ਦਾ ਝੋਕਾ ਪੰਜਾਬ ਦੇ ਲੋਕਾਂ ਵਾਸਤੇ ਆਇਆ ਹੈ ।ਜਿਹੜੇ ਅੱਜ ਮੈਦਾਨ ਛੱਡ ਕੇ ਭੱਜ ਗਏ, ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਇਸ ਰਿਪੋਰਟ ਦੇ ਮੁਤਾਬਿਕ ਤੁਸੀਂ ਕਤਲੇਆਮ ਦਾ ਹੁਕਮ ਨਹੀਂ ਦਿੱਤਾ, ਜੇ ਇਸ ਰਿਪੋਰਟ ਦੇ ਖਿਲਾਫ ਤੁਸੀਂ ਕਤਲੇਆਮ ਦੀ ਮਨਸੂਬਾਬੰਦੀ ਨਹੀਂ ਕੀਤੀ, ਜੇ ਜ਼ਿੰਮੇਵਾਰੀ ਦੇ ਛਿੱਟੇ ਤੁਹਾਡੇ ਤੱਕ ਨਹੀਂ ਪਹੁੰਚਦੇ ਤਾਂ ਫਿਰ ਤੁਹਾਨੂੰ ਹਾਊਸ ਵਿਚ ਬੈਠਣਾ ਚਾਹੀਦਾ ਸੀ, ਜੇ ਤੁਹਾਡੀ ਨਿਯਤ ਸਾਫ਼ ਹੁੰਦੀ, ਜੇ ਤੁਹਾਡਾ ਕਿਰਦਾਰ ਸਾਫ ਹੁੰਦਾ। ਸਪੀਕਰ ਸਾਹਿਬ, ਰੱਬ ਨੂੰ ਜਵਾਬ ਦੇਣਾ ਹੈ । ਇਹ ਤਾਂ ਫਿਲਮੀ ਜੁਮਲੇ ਬੋਲਦੇ ਹਨ ਪਰ ਮੈਂ ਇੱਕ ਗੱਲ ਜ਼ਰੂਰ ਕਹਿ ਸਕਦਾ ਹਾਂ, ਮੇਰੇ ਇਮਾਨ ਦਾ ਹਿੱਸਾ ਹੈ ਕਿ ਜਿਸ ਦਿਨ ਰੱਬ ਦੀ ਦਰਗਾਹ ਵਿੱਚ ਜਾਣਾ ਹੈ ਤਾਂ ਸਭ ਤੋਂ ਪਹਿਲਾਂ ਜਿਹੜਾ ਹਿਸਾਬ ਹੋਣਾ ਹੈ ਤਾਂ ਇਸ ਕਤਲ ਦਾ ਹੋਣਾ ਹੈ । ਇਨ੍ਹਾਂ ਦੀ ਰਾਤਾਂ ਦੀ ਜਿਹੜੀ ਨੀਂਦ ਹੈ, ਇਹ ਖਤਮ ਹੋ ਚੁੱਕੀ ਹੈ । ਸਪੀਕਰ ਸਾਹਿਬ, ਕਦੇ ਇਨ੍ਹਾਂ ਨੇ ਸੋਚਿਆ ਸੀ ਕਿ ਇਹ 13 ਸੀਟਾਂ ਉਤੇ ਮੁਸਤਬਿਲ ਰਹਿ ਜਾਣਗੇ, 25 ਸਾਲ ਰਾਜ ਕਰਨ ਦੇ ਖਵਾਬ ਦੇਖਣ ਵਾਲੇ, ਜਿਹੜੇ ਸੋਚਦੇ ਸੀ ਕਿ ਅਸੀਂ ਪੰਜਾਬ ਦੇ ਸਿਆਹ ਤੇ ਸਫੈਦ ਦੇ ਮਾਲਕ ਹਾਂ, ਕੀ ਕਦੇ ਇਨ੍ਹਾਂ ਨੇ ਸੋਚਿਆ ਸੀ ਕਿ ਇਹ ਹਾਲਾਤ ਹੋਣਗੇ ? ਸਪੀਕਰ ਸਾਹਿਬ, ਸਿਆਸਤ ਦਾ ਮੁਕਾਬਲਾ ਸਿਆਸਤ ਨਾਲ ਕਰਨਾ ਚਾਹੀਦਾ ਹੈ । ਉਨ੍ਹਾਂ ਮਜ਼ਲੂਮਾਂ ਦਾ ਕੀ ਦੋਸ਼ ਸੀ ਕਿ ਜਿਨ੍ਹਾਂ ਨੂੰ ਤੁਸੀਂ ਰਾਤ ਦੇ ਹਨੇਰੇ ਵਿੱਚ ਉਠਾ ਕੇ ਉਨ੍ਹਾਂ ਉਤੇ ਗੋਲੀਆਂ ਮਾਰ ਦਿੱਤੀਆਂ। ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਕੀਤਾ ਹੈ, ਅਕਾਲੀ ਦਲ

ਨੇ, ਸੁਖਬੀਰ ਬਾਦਲ ਜਿਹੜੇ ਮੌਕੇ ਦੇ ਹੋਮ ਮਨਿਸਟਰ ਸੀ, ਇਹ ਬੁਜ਼ਦਿਲੀ ਹੈ । ਸਪੀਕਰ ਸਾਹਿਬ, ਮੈਂ ਮੁਕਤਸਿਰ ਗੱਲ ਕਰਨੀ ਚਾਹੁੰਦਾ ਹਾਂ ਕਿਉਂਕਿ ਬਹੁਤ ਸਾਰੇ ਮੈਂਬਰ ਅਜੇ ਬੋਲਣ ਵਾਲੇ ਰਹਿੰਦੇ ਹਨ। ਜੋ ਇਸ ਸਾਰੇ ਹਾਊਸ ਦੀ ਇਸ ਵੇਲੇ ਮਨਸ਼ਾ ਹੈ, ਉਹ ਸੀ.ਐਮ. ਸਾਹਿਬ ਕੋਲ ਇਹੀ ਹੈ, ਸੀ.ਐਮ.ਸਾਹਿਬ ਸਭ ਤੋਂ ਪਹਿਲਾਂ ਤਾਂ ਇਹ ਜਿਹੜੇ ਲੋਕ ਹਨ, ਇਹ ਜਿਹੜੇ ਫਰੀਕ ਹਨ ਜਿਨ੍ਹਾਂ ਦੀ ਨਿਸ਼ਾਨਦੇਹੀ ਜਸਟਿਸ ਰਣਜੀਤ ਸਿੰਘ ਨੇ ਕੀਤੀ ਹੈ, ਇਨ੍ਹਾਂ ਨੂੰ ਤੁਸੀਂ ਕਿਸੇ ਐਗਜ਼ਿਟ ਕੰਟਰੋਲ ਲਿਸਟ ਵਿੱਚ ਪਾਉ ਤਾਂ ਕਿ ਇਨ੍ਹਾਂ ਨੂੰ ਕਾਨੂੰਨ ਕੇ ਕਟਹਿਰੇ ਵਿੱਚ ਖੜਾਉਣ ਵਿੱਚ ਫਿਰ ਸਾਨੂੰ ਅੱਗੇ ਕੋਈ ਮੁਸ਼ਕਲਾਂ ਪੇਸ਼ ਨਾ ਆਉਣ । ਸਪੀਕਰ ਸਾਹਿਬ, ਮੈਂ ਇੱਕ ਗੱਲ ਇੱਥੇ ਜ਼ਰੂਰ ਕਹਿਣੀ ਚਾਹਾਂਗਾ ਹਾਲਾਂਕਿ ਇਹ ਗੱਲ ਦੁਹਰਾਉਣੀ ਪਵੇਗੀ ਕਿ ਜਿਹੜੀ ਐਸ.ਜੀ.ਪੀ.ਸੀ. ਹੈ ਇਹ ਅਕਾਲੀ ਦਲ ਦੀ ਜੇਬ ਦੀ ਘੜੀ ਹੈ, ਇਹ ਇਨ੍ਹਾਂ ਦੇ ਹੱਥ ਦੀ ਛੜੀ ਹੈ। ਜਦੋਂ ਦਿਲ ਕਰਦਾ ਹੈ ਤਾਂ ਹੁਕਮਨਾਮਾ ਡੇਰੇ ਦੇ ਖਿਲਾਫ ਦੇ ਦਿੱਤਾ, ਫਿਰ ਮੁਆਫੀਨਾਮਾ ਦੇ ਦਿੱਤਾ । ਸਪੀਕਰ ਸਾਹਿਬ, ਸਾਡੀ ਨਸਲ ਦੇ ਸਿੱਧੇ-ਸਾਦੇ ਲੋਕ ਹਨ, ਇਨ੍ਹਾਂ ਦੀਆਂ ਗੱਲਾਂ ਵਿੱਚ ਫਸ ਜਾਂਦੇ ਹਨ । ਬਦਕਿਸਮਤੀ ਸਾਡੀ ਹੈ ਕਿ ਅਸੀਂ ਉਨ੍ਹਾਂ ਨੂੰ ਸਮਝਾ ਨਹੀਂ ਸਕੇ । ਮੇਰੀ ਕੌਮ ਦੀ ਜਿਹੜੀ ਸ਼ਾਨ ਸੀ, ਮੇਰੀ ਸਿੱਖ ਪੰਥ ਦੀ ਜਿਹੜੀ ਸ਼ਾਨ ਸੀ, ਉਸ ਦੇ ਇਖਲਾਕ ਵਿੱਚ ਸੀ ਲੇਕਿਨ ਜਦੋਂ ਦਾ ਇਖਲਾਕ ਇਨ੍ਹਾਂ ਦੇ ਹੱਥਾਂ ਵਿੱਚ ਆ ਗਿਆ ਤਾਂ ਪੰਜਾਬ ਵਾਸਤੇ ਸਵੇਰ ਹੀ ਨਹੀਂ ਹੋ ਰਹੀ । ਇਸ ਕਰਕੇ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸ਼੍ਰੀ ਗੁਰੂ ਨਾਨਕ ਦੇਵ ਪਾਤਸ਼ਾਹ, ਉਨ੍ਹਾਂ ਦੀ ਬਾਤ, ਉਨ੍ਹਾਂ ਦੀ ਜ਼ਾਤ, ਉਨ੍ਹਾਂ ਦੀ ਜਮਾਤ ਦੀ, ਕੋਈ ਬੇਅਦਬੀ ਕਰਦਾ ਹੈ, ਬੇਹੁਰਮਤੀ ਕਰਦਾ ਹੈ ਤਾਂ ਇਹ ਪੰਜਾਬ ਦੇ ਲੋਕਾਂ ਵਾਸਤੇ ਨਾ-ਕਾਬਲੇ ਕਬੂਲ ਤੇ ਨਾ ਕਾਬਲੇ ਬਰਦਾਸ਼ਤ ਹੈ । ਸੀ.ਐਮ. ਸਾਹਿਬ ਇਨਸਾਫ ਦੇ ਤਕਾਜ਼ੇ ਉਦੋਂ ਹੀ ਪੂਰੇ ਹੋਣਗੇ ਜਦੋਂ ਇਨ੍ਹਾਂ ਦੇ ਦਸਤੇ ਗਿਰੇਬਾਨ ਤੱਕ ਕੋਈ ਪਹੁੰਚੇਗਾ। ਮੈਂ ਇੱਕ ਵਾਰੀ ਫਿਰ ਤੁਹਾਡਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ, ਹਾਲਾਂਕਿ ਮੇਰਾ ਨਾਂ ਬੋਲਣ ਵਾਲਿਆਂ ਵਿੱਚ ਨਹੀਂ ਸੀ ਲੇਕਿਨ ਫਿਰ ਵੀ ਤੁਸੀਂ ਮੈਨੂੰ ਪੰਜ ਮਿੰਟ ਦੇ ਦਿੱਤੇ ਹਨ। ਮੈਂ ਤੁਹਾਡਾ ਬਹੁਤ-ਬਹੁਤ ਸ਼ੁਕਰਗੁਜ਼ਾਰ ਹਾਂ। Thank you. (ਥੰਪਿੰਗ)

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ):** ਸਪੀਕਰ ਸਾਹਿਬ, ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੜ੍ਹਨ ਤੋਂ ਬਾਅਦ ਤਿੰਨ ਧਿਰਾਂ ਇਤਿਹਾਸ ਦੇ ਕਟਹਿਰੇ ਵਿੱਚ ਮੈਨੂੰ ਖੜ੍ਹੀਆਂ ਹੋਈਆਂ ਦਿਸਦੀਆਂ ਹਨ । ਇੱਕ ਪਾਸੇ ਬਾਦਲ ਪਰਿਵਾਰ ਹੈ ਅਤੇ ਦੂਜੇ ਪਾਸੇ ਅਕਾਲੀ ਲੀਡਰਸ਼ਿਪ ਹੈ ਤੇ ਤੀਜੇ ਤਖਤਾਂ ਦੇ ਜਥੇਦਾਰ ਹਨ। ਜਦੋਂ ਮੈਂ ਗੱਲ ਕਰਾਂਗੀ ਤਾਂ ਤਖਤਾਂ ਦੇ ਜਥੇਦਾਰਾਂ ਬਾਰੇ ਕੁਝ ਨਹੀਂ ਕਹਾਂਗੀ ਪਰ ਬਾਦਲ ਪਰਿਵਾਰ ਨੇ ਅਤੇ ਅਕਾਲੀ ਲੀਡਰਸ਼ਿਪ ਨੇ ਆਪਣੇ ਨਿੱਜੀ ਸਵਾਰਥਾਂ ਲਈ ਧਰਮ ਨੂੰ

ਇਸਤੇਮਾਲ ਕੀਤਾ, ਕਿਵੇਂ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਭੁਲਾ ਕੇ, ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਕਿਵੇਂ ਆਪਣੇ ਨਿੱਜੀ ਹਿਤਾਂ ਲਈ ਵੱਡੇ-ਵੱਡੇ ਹੋਟਲ ਬਣਾਏ, ਵੱਡੀਆਂ-ਵੱਡੀਆਂ ਬੱਸਾਂ ਪਾਈਆਂ ਅਤੇ ਕਿਵੇਂ ਆਪਣੇ ਨਿੱਜੀ ਚੈਨਲਾਂ ਤੇ ਆਪਣੀਆਂ ਮਸ਼ਹੂਰੀਆਂ ਕੀਤੀਆਂ। ਮੈਨੂੰ ਇੱਥੇ ਸ਼ਾਇਰ ਦੀਆਂ ਦੋ ਲਾਈਨਾਂ ਯਾਦ ਆਉਂਦੀਆਂ ਹਨ :

ख़ुदा हम को ऐसी ख़ुदाई न दे कि अपने सिवा हमें कुछ दिखाई न दे।

ਸਬਰ ਸ਼ੁਕਰ ਦੇ ਜਗਦੇ-ਮਘਦੇ ਜ਼ਜ਼ਬੇ ਜੋ ਗੁਰੂ ਸਾਹਿਬਾਨਾਂ ਨੇ ਸਾਨੂੰ ਤੋਹਫੇ ਵਿੱਚ ਦਿੱਤੇ ਸਨ, ਉਹ ਕਿਤੇ ਵੀ ਇਨ੍ਹਾਂ ਦੀ ਰਫਤਾਰ ਵਿੱਚ, ਇਨ੍ਹਾਂ ਦੀ ਗੁਫਤਾਰ ਵਿੱਚ ਮੈਨੂੰ ਨਜ਼ਰ ਨਹੀਂ ਆਉਂਦੇ ਕਿਉਂਕਿ ਇਨ੍ਹਾਂ ਦਾ ਰਾਜਨੀਤਿਕ ਤੇ ਧਾਰਮਿਕ ਸਫਰ ਆਪਣੇ ਤੋਂ ਲੈ ਕੇ ਆਪਣੇ ਤੱਕ ਹੀ ਸਿਮਟ ਕੇ ਰਹਿ ਜਾਂਦਾ ਹੈ। ਸਪੀਕਰ ਸਾਹਿਬ, ਮੈਂ ਅਕਾਲੀ ਲੀਡਰਸ਼ਿਪ ਦੀ ਗੁਫਤਾਰ ਤੇ ਰਫਤਾਰ ਦੀ ਗੱਲ ਕਰ ਰਹੀ ਸੀ। ਪਿਛਲੇ ਦਿਨਾਂ ਵਿੱਚ ਇਸ ਹਾਊਸ ਵਿੱਚ ਵੀ ਅਤੇ ਵੈਸੇ ਵੀ ਮੀਡੀਆ ਦੇ ਜ਼ਰੀਏ ਬਹੁਤ ਸਾਰੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ। ਟਿੱਪਣੀਆਂ ਕਿੱਥੇ ਕੀਤੀਆਂ ਹਨ, ਇਹ ਕਹਿੰਦੇ ਹਨ ਕਿ ਜਸਟਿਸ ਰਣਜੀਤ ਸਿੰਘ, ਜਸਟਿਸ ਨਹੀਂ ਹੈ, ਇਹ ਇਨਜਸਟਿਸ ਹੈ। ਅਗਲੀ ਟਿੱਪਣੀ ਕੀ ਆਉਂਦੀ ਹੈ ਕਿ ਰਣਜੀਤ ਸਿੰਘ, ਸਿੰਘ ਹੀ ਨਹੀਂ ਹੈ। ਮੈਂ ਕੱਲ੍ਹ ਵੀ ਇਸ ਗੱਲ ਬਾਰੇ ਬੋਲਣਾ ਚਾਹੁੰਦੀ ਸੀ ਪਰ ਅਨਫਾਰਚੂਨੇਟਲੀ ਮੈਨੂੰ ਟਾਈਮ ਨਹੀਂ ਮਿਲਿਆ। ਮੈਂ ਇਸ ਪਵਿੱਤਰ ਹਾਊਸ ਦੇ ਜ਼ਰੀਏ ਪੁੱਛਣਾ ਚਾਹੁੰਦੀ ਹਾਂ ਕਿ ਜਿਹੜੇ ਲੋਕ ਇਹ ਕਹਿ ਰਹੇ ਹਨ ਜਾਂ ਸੁਖਬੀਰ ਬਾਦਲ ਜੀ, ਜਿਹੜੇ ਵਾਰ-ਵਾਰ ਇਹ ਕਹਿ ਰਹੇ ਹਨ ਕਿ ਰਣਜੀਤ ਸਿੰਘ, ਸਿੰਘ ਨਹੀਂ ਹੈ, ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਸਿੱਖੀ ਸਿਧਾਂਤਾਂ ਦੇ ਅਨੁਸਾਰ ਇਹ ਆਪ ਸੱਚਮੁੱਚ ਸਿੰਘ ਹਨ? ਮੈਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਇਹ ਉਸ ਅਕਾਲੀ ਦਲ ਨੂੰ ਸੱਚਮੁੱਚ belong ਕਰਦੇ ਹਨ ਜਿਸ ਅਕਾਲੀ ਦਲ ਦੀ ਸ਼ਮੂਲੀਅਤ, ਜਿਸ ਅਕਾਲੀ ਦਲ ਦੇ ਆਗੂ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਸਨ ? (ਥੰਪਿੰਗ) ਜਾਂ ਫਿਰ ਕੀ ਇਹ ਸੱਚਮੁੱਚ ਉਸ ਅਕਾਲੀ ਦਲ ਨੂੰ belong ਕਰਦੇ ਹਨ, ਜਿਸ ਦਾ ਇਤਿਹਾਸ ਇਹ ਕਹਿੰਦਾ ਹੈ ਕਿ ਇਨ੍ਹਾਂ ਨੇ ਅੰਮ੍ਰਿਤ ਉਸ ਵੇਲੇ ਛਕਿਆ ਜਿਸ ਵੇਲੇ ਇਨ੍ਹਾਂ ਨੇ ਉਸ ਅਕਾਲੀ ਦਲ ਦੀ ਪ੍ਰਧਾਨਗੀ ਲੈਣੀ ਸੀ।

ਸੋ, ਸਪੀਕਰ ਸਾਹਿਬ, ਇਸ ਤੋਂ ਅਗਲੀ ਗੱਲ ਮੈਂ ਕਰਾਂ ਕਿ ਕਿਵੇਂ ਇਨ੍ਹਾਂ ਨੇ ਧਰਮ ਨੂੰ ਆਪਣੇ ਨਿੱਜੀ ਹਿਤਾਂ ਲਈ ਇਸਤੇਮਾਲ ਕੀਤਾ। ਮੈਂ ਕਹਿਣਾ ਚਾਹੁੰਦੀ ਹਾਂ ਕਿ ਕਿਵੇਂ ਇਨ੍ਹਾਂ ਨੇ ਸਾਡੇ ਦਸਾਂ ਗੁਰੂ ਸਾਹਿਬਾਨਾਂ ਦੀ ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਮਹਾਰਾਜ ਦਾ ਇਸਤੇਮਾਲ ਕੀਤਾ ਅਤੇ ਕਿਵੇਂ ਉਨ੍ਹਾਂ ਦਾ ਇਸਤੇਮਾਲ ਇਹ ਕਰ ਰਹੇ ਹਨ। ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੂਹਾਨੀ, ਧਾਰਮਿਕ, ਰਾਜਨੀਤਿਕ, ਸਮਾਜਿਕ ਮਹਾਨਤਾ ਬਾਰੇ Nobel Prize winner Pearl S. Buck ਦੀ ਟਿੱਪਣੀ ਇਹ ਕਹਿੰਦੀ ਹੈ ਕਿ ਮੈਂ ਸਾਰੇ ਵੱਡੇ ਧਰਮਾਂ ਦੇ ਗ੍ਰੰਥਾਂ ਨੂੰ ਪੜ੍ਹਿਆ ਹੈ ਪਰ ਮੇਰੇ ਮਨ ਅਤੇ ਮੇਰੀ ਰੂਹ ਨੂੰ ਜੋ ਇਸ ਪਵਿੱਤਰ ਗ੍ਰੰਥ ਤੋਂ ਮਿਲਿਆ ਹੈ, ਉਹ ਮੈਨੂੰ ਕਿਤੇ ਵੀ ਨਹੀਂ ਮਿਲਿਆ। ਸਪੀਕਰ ਸਾਹਿਬ, ਗੱਲ ਇੱਥੇ ਹੀ ਖਤਮ ਨਹੀਂ ਹੁੰਦੀ, ਦੁਨੀਆਂ ਦੇ ਮਹਾਨ ਵਿਦਵਾਨ biggest historian ਜਿਹੜੇ ਕਿ ਕੱਟੜ ਕ੍ਰਿਸਚੀਅਨ ਹਨ, Arnold Toynbee, ਉਹ ਵੀ ਕਹਿੰਦੇ ਹਨ, ਜਿਨ੍ਹਾਂ ਨੇ ਸੱਭਿਆਤਾਵਾਂ ਦੇ ਚੜ੍ਹਦੇ ਅਤੇ ਲਹਿੰਦੇ ਸੂਰਜ ਦੀ ਗੱਲ ਕੀਤੀ ਹੈ, he says ਮਾਨਵਤਾ ਦਾ ਭਵਿੱਖ ਕੋਈ ਬਹੁਤਾ ਚੰਗਾ ਨਹੀਂ ਪਰ ਆਉਣ ਵਾਲੇ ਦਿਨਾਂ ਵਿੱਚ great religions ਵਿੱਚ ਕੋਈ ਵੱਡੀ ਡਿਬੇਟ ਹੋਵੇਗੀ ਤਾਂ ਉਸ ਡਿਬੇਟ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੀ ਦੁਨੀਆਂ ਨੂੰ ਕੋਈ ਵਿਸ਼ੇਸ਼ ਗੱਲ ਦੱਸਣਗੇ । ਸਪੀਕਰ ਸਾਹਿਬ, ਅਫਸੋਸ ਹੈ ਕਿ ਪੰਜਾਬ ਦੀ ਪਿਛਲੀ ਸਰਕਾਰ ਦੇ ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ, ਪਰਕਾਸ਼ ਸਿੰਘ ਬਾਦਲ ਨੇ 13 ਅਤੇ 14 ਅਕਤੂਬਰ, 2015 ਦੀ ਵਿਚਕਾਰਲੀ ਰਾਤ ਨੂੰ ਜੋ ਕੁਝ ਰਲ਼ ਕੇ ਕੀਤਾ ਹੈ, ਸਮੁੱਚੀ ਮਾਨਵਤਾ ਅਤੇ ਸਿੱਖ ਇਤਿਹਾਸ ਉਨ੍ਹਾਂ ਨੂੰ ਕਦੇ ਵੀ ਇਸ ਗੱਲ ਲਈ ਮੁਆਫ ਨਹੀਂ ਕਰੇਗਾ। ਮੈਂ ਇਸ ਪੁਆਇੰਟ ਤੇ ਆਉਂਦੀ ਹਾਂ, ਜਿਹੜਾ ਇਸ ਰਿਪੋਰਟ ਦਾ turning point ਹੈ, ਸੈਂਟਰਲ ਪੁਆਇੰਟ ਹੈ, ਇਸ ਰਿਪੋਰਟ ਦਾ ਮੇਨ ਪੁਆਇੰਟ ਹੈ। ਮੇਰੇ ਤੋਂ ਪਹਿਲਾਂ ਵੀ ਇਸ ਹਾਊਸ ਵਿਚ ਸਾਰੇ ਮੈਂਬਰ ਸਾਹਿਬਾਨਾਂ ਨੇ ਤਕਰੀਬਨ ਇਸ ਗੱਲ ਬਾਰੇ ਅਤੇ ਇਸ ਮੇਨ ਪੁਆਇੰਟ ਬਾਰੇ ਜ਼ਿਕਰ ਕੀਤਾ ਹੈ, ਇਸ ਦਾ ਜ਼ਿਕਰ ਕਰਨਾ ਇੱਥੇ ਬਹੁਤ ਇੰਪਾਰਟੈਂਟ ਹੈ ਕਿਉਂਕਿ ਜਿਹੜੀ ਸਾਰੀ ਰਿਪੋਰਟ ਹੈ, ਉਹ ਇਸ ਦੁਆਲੇ ਘੁੰਮਦੀ ਹੈ। ਸਪੀਕਰ ਸਾਹਿਬ, 14 ਅਕਤੂਬਰ ਦੀ ਰਾਤ ਨੂੰ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਸੁਮੇਧ ਸੈਣੀ ਨੂੰ ਫੋਨ ਕਰਦੇ ਹਨ। ਇਹ ਮੈਂ ਨਹੀਂ ਕਹਿ ਰਹੀ, ਇਹ ਉਸ ਰਿਪੋਰਟ ਵਿੱਚ ਮੈਨਸ਼ਨਡ ਹੈ, ਜਦੋਂ ਸੁਮੇਧ ਸਿੰਘ ਸੈਣੀ ਆਪ ਇਸ ਗੱਲ ਨੂੰ ਕੁਮਿਟ ਕਰਦੇ ਹਨ ਕਿ ਉਨ੍ਹਾਂ ਨੂੰ ਦੋ ਵਾਰ ਸੰਮਨ ਕਰਨ ਤੋਂ ਬਾਅਦ ਉਨ੍ਹਾਂ ਨੇ ਇਕ ਪੱਤਰ ਲਿਖਿਆ, ਉਸ ਪੱਤਰ ਦੇ ਵਿੱਚ ਉਹ ਕੁਮਿਟ ਕਰਦੇ ਹਨ ਕਿ ਉਨ੍ਹਾਂ ਨੂੰ ਸਰਦਾਰ ਪਰਕਾਸ਼ ਸਿੰਘ ਬਾਦਲ ਸਾਹਿਬ ਦਾ ਫੋਨ ਗਿਆ ਹੈ। ਸੋ, ਕਿਸੇ ਨੂੰ ਨਹੀਂ ਪਤਾ ਕਿ ਉਹ ਫੋਨ ਕਿਸ ਲਈ ਗਿਆ। ਇਸ ਬਾਰੇ ਕਮਿਸ਼ਨ ਨੂੰ ਨਹੀਂ ਪਤਾ, ਇਥੇ ਸੁਮੇਧ ਸੈਣੀ ਖਾਮੋਸ਼ ਹਨ। ਇੱਥੇ ਮੈਂ ਕਹਾਂਗੀ ਕਿ ਜਿਹੜੇ ਬਾਦਲ ਸਾਹਿਬ ਹਨ, ਉਨ੍ਹਾਂ ਦਾ ਵੀ ਬਾਈਕਾਟ ਹੈ। ਕੁਐਸਚਨ ਇੱਥੇ ਅਰਾਈਜ਼ ਹੁੰਦਾ ਹੈ ਕਿ ਸੁਮੇਧ ਸਿੰਘ ਸੈਣੀ ਕੌਣ ਹਨ। ਮੇਰਾ ਖਿਆਲ ਹੈ ਕਿ ਸੁਮੇਧ ਸਿੰਘ ਸੈਣੀ ਉਹ ਸ਼ਖਸ ਹੈ ਜਿਸ ਨੇ ਪੰਜਾਬ ਦੇ ਹਜ਼ਾਰ ਮੁੰਡੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਰਵਾਏ ਹਨ। ਉਸ ਸਕੂਲ ਆਫ ਥਾਟ

ਦਾ ਉਹ ਸ਼ਖਸ ਹੈ। ਮੈਂ ਕਹਿਣਾ ਚਾਹਾਂਗੀ ਕਿ ਜਦੋਂ ਫਖ਼ਰ-ਏ-ਕੌਮ ਮੁੱਖ ਮੰਤਰੀ, ਪਰਕਾਸ਼ ਸਿੰਘ ਬਾਦਲ ਜਦੋਂ ਇਹੋ ਜਿਹੇ ਅਫ਼ਸਰਾਂ ਦੀ ਨਿਯੁਕਤੀ ਕਰਦੇ ਹਨ ਤਾਂ ਫਿਰ ਉਨ੍ਹਾਂ ਦੀ ਸੋਚ ਬਾਰੇ, ਉਨ੍ਹਾਂ ਦੇ ਖਿਆਲ ਬਾਰੇ, ਉਨ੍ਹਾਂ ਦੇ ਗਿਆਨ ਬਾਰੇ ਕਿ ਉਹ ਕੀ ਕਰਦੇ ਹਨ ਅਤੇ ਉਹ ਪੰਜਾਬ ਲਈ ਕੀ ਸੋਚ ਸਕਦੇ ਹਨ, ਇਹ ਸਾਡੇ ਬਹੁਤ ਵੱਡੇ ਸਵਾਲ ਖੜ੍ਹੇ ਹੁੰਦੇ ਹਨ। ਸੋ, ਕਮਿਸ਼ਨ ਨੇ ਇਸ ਗੱਲ ਨੂੰ ਵੀ ਕੁਮਿਣ ਕੀਤਾ ਕਿ ਜਿੰਨੀਆਂ ਸੰਗਤਾਂ ਉਸ ਵੇਲੇ ਧਰਨੇ ਤੇ ਬੈਠੀਆਂ ਸੀ, ਉਹ ਬਿਲਕੁਲ ਸ਼ਾਂਤਮਈ ਤਰੀਕੇ ਨਾਲ ਬੈਠੀਆਂ ਸਨ। ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਇਸ ਗੱਲ ਨੂੰ ਕੁਮਿਣ ਕੀਤਾ ਹੈ ਕਿ ਸੰਗਤਾਂ ਬਿਲਕੁਲ ਅਮਨ-ਅਮਾਨ ਨਾਲ ਬੈਠੀਆਂ ਸਨ। ਇਲਾਕੇ ਦੇ ਵਿਧਾਇਕ ਵੀ ਇਸ ਗੱਲ ਨੂੰ ਕੁਮਿਣ ਕਰਦੇ ਹਨ। ਉਸ ਵੇਲੇ ਸਵੇਰ ਦੇ ਪੰਜ ਵੱਜੇ ਹੋਏ ਸਨ ਅਤੇ ਮੇਰਾ ਖਿਆਲ ਹੈ ਕਿ ਪੰਜ ਵਜੇ ਜਿਹੜੇ ਛੋਟੇ ਬੱਚੇ ਹੁੰਦੇ ਹਨ, ਉਹ ਨੀਂਦ ਵਿੱਚ ਸੌਂ ਰਹੇ ਹੁੰਦੇ ਹਨ, ਉਹ ਸੁੱਤੇ ਉਠੇ ਨਹੀਂ ਹੁੰਦੇ। ਸਪੀਕਰ ਸਾਹਿਬ, ਜਦੋਂ ਕਮਿਸ਼ਨ ਨੇ ਇਸ ਗੱਲ ਨੂੰ ਮੰਨ ਲਿਆ ਕਿ ਉਸ ਵੇਲੇ ਧਰਨਾ ਸ਼ਾਂਤਮਈ ਤਰੀਕੇ ਨਾਲ ਚੱਲ ਰਿਹਾ ਸੀ, ਪਰ ਇੱਥੇ ਇੱਕ ਬੜਾ ਵੱਡਾ ਕੁਐਸਚਨ ਮਾਰਕ ਅਰਾਈਜ਼ ਹੁੰਦਾ ਹੈ ਕਿ ਆਖਿਰ ਫਿਰ ਚੰਡੀਗੜ੍ਹ ਦੇ ਵਿੱਚ ਬੈਠੇ ਹੋਏ ਬਾਦਲ ਸਾਹਿਬ, ਚਾਹੇ ਉਹ ਸੁਖਬੀਰ ਬਾਦਲ ਸਾਹਿਬ ਆਪ ਹਨ, ਚਾਹੇ ਵੱਡੇ ਬਾਦਲ ਸਾਹਿਬ ਹਨ, ਆਖਿਰ ਉਨ੍ਹਾਂ ਨੂੰ ਇਹ ਗੱਲ ਕਿਉਂ ਨਹੀਂ ਜਚਦੀ ਜਾਂ ਫਿਰ ਉਨ੍ਹਾਂ ਦੇ ਕੰਨਾਂ ਤੱਕ ਇਹ ਗੱਲ ਕਿਉਂ ਨਹੀਂ ਪਹੁੰਚਦੀ, ਜਦੋਂ ਪੂਰਾ ਪ੍ਰਸ਼ਾਸਨ, ਪੂਰਾ ਇਲਾਕਾ ਅਤੇ ਪੂਰੇ ਇਲਾਕੇ ਦੇ ਲੋਕ ਅਤੇ ਉਥੋਂ ਦੇ ਵਿਧਾਇਕ ਇਸ ਗੱਲ ਨੂੰ ਕੁਮਿਣ ਕਰਦੇ ਹਨ ਕਿ ਜਿਹੜਾ ਧਰਨਾ ਹੈ, ਉਹ ਅਮਨ-ਅਮਾਨ ਨਾਲ ਚੱਲ ਰਿਹਾ ਹੈ। ਆਖਿਰ ਇਨ੍ਹਾਂ ਨੂੰ ਇਥੇ ਚੰਡੀਗੜ੍ਹ ਬੈਠਿਆਂ ਨੂੰ ਇਹ ਗੱਲ ਕਿਉਂ ਨਹੀਂ ਜਚਦੀ? ਇੱਥੋਂ ਗੋਲੀ ਦੇ ਆਰਡਰ ਜਾਰੀ ਕਰਦੇ ਹਨ, ਗੋਲੀ ਦੇ ਆਰਡਰ ਜਾਰੀ ਹੁੰਦੇ ਹਨ ਕਿ ਉਸ ਧਰਨੇ ਨੂੰ ਜਲਦ ਤੋਂ ਜਲਦ ਖਤਮ ਕੀਤਾ ਜਾਵੇ। ਸਪੀਕਰ ਸਾਹਿਬ, ਅਨਫਾਰਚੂਨੇਟਲੀ ਉਹ ਇਸ ਸਮੇਂ ਹਾਊਸ ਵਿੱਚ ਬੈਠੇ ਨਹੀਂ ਹਨ। ਮੈਂ ਪੁੱਛਣਾ ਚਾਹੁੰਦੀ ਸੀ ਕਿ ਜੇ ਇਹ ਆਰਡਰ ਇਸ ਪੰਥਕ ਸਰਕਾਰ ਨੇ ਨਹੀਂ ਦਿੱਤੇ ਤਾਂ ਫਿਰ ਕੀ ਸੁਮੇਧ ਸਿੰਘ ਸੈਣੀ ਇੰਨੀ ਜੁਰੱਅਤ ਕਰ ਸਕਦੇ ਹਨ ਕਿ ਉਨ੍ਹਾਂ ਵਲੋਂ ਆਰਡਰ ਦਿੱਤੇ ਜਾਣ। ਸਪੀਕਰ ਸਾਹਿਬ, ਇਸ ਤੋਂ ਇਹ ਸਾਫ ਤੇ ਸਪੱਸ਼ਟ ਹੁੰਦਾ ਹੈ ਕਿ ਜਿਹੜੇ ਗੋਲੀਆਂ ਚਲਾਉਣ ਦੇ ਆਰਡਰ ਦਿੱਤੇ ਹਨ, ਇਹ ਉਸ ਵੇਲੇ ਦੀ ਪੰਥਕ ਸਰਕਾਰ ਨੇ ਦਿੱਤੇ ਸਨ। ਕਮਿਸ਼ਨ ਇਸ ਗੱਲ ਨੂੰ ਵੀ ਸਪੱਸ਼ਟ ਕਰ ਰਿਹਾ ਹੈ ਕਿ ਇਨ੍ਹਾਂ ਘਟਨਾਵਾਂ ਦਾ ਤਾਲੁਕਾਤ ਡੇਰਾ ਸਿਰਸਾ ਦੇ ਨਾਲ ਵੀ ਜੁੜਦਾ ਹੈ। ਡੇਰਾ ਸਿਰਸਾ ਨਾਲ ਇਸ ਕਾਰਨ ਜੁੜਦਾ ਹੈ ਕਿਉਂਕਿ ਉਸ ਵੇਲੇ ਦੇ ਐਸ.ਐਸ.ਪੀ. ਚਰਨਜੀਤ ਸ਼ਰਮਾ ਇਸ ਗੱਲ ਨੂੰ ਮੰਨਦੇ ਹਨ ਕਿ ਬਾਦਲ ਸਰਕਾਰ ਵੱਲੋਂ ਉਨ੍ਹਾਂ ਨੂੰ ਸਖਤ ਹਦਾਇਤਾਂ ਸੀ ਕਿ ਜਿਹੜੇ ਡੇਰਾ ਪ੍ਰੇਮੀ ਧਰਨੇ ਤੇ ਬੈਠੇ ਹੋਏ ਹਨ,

[ ਪ੍ਰੋਫੈਸਰ ਬਲਜਿੰਦਰ ਕੌਰ ]

ਉਨ੍ਹਾਂ ਖਿਲਾਫ ਕੋਈ ਕਾਰਵਾਈ ਨਾ ਕੀਤੀ ਜਾਵੇ। ਇਸ ਤੋਂ ਵੀ ਅੱਗੇ, ਰਿਪੋਰਟ ਦੇ ਵਿੱਚ ਇਹ ਵੀ ਮੈਨਸ਼ਨਡ ਹੈ ਕਿ ਬਠਿੰਡਾ ਦੇ ਇੰਟੈਲੀਜੈਂਸੀ ਏਜੰਸੀ ਦੇ ਆਈ.ਜੀ. ਜਤਿੰਦਰ ਜੈਨ ਵੀ ਇਸ ਗੱਲ ਦਾ ਖੁਲਾਸਾ ਕਰਦੇ ਹਨ ਕਿ ਸ਼ੱਕ ਦੀ ਸੂਈ ਸ਼ੁਰੂ ਤੋਂ ਹੀ ਸੀ ਪਰ ਉੱਪਰੋਂ ਦਬਾਅ ਇੰਨਾ ਸੀ ਕਿ ਜਾਂਚ ਇਸ ਡਾਇਰੈਕਸ਼ਨ ਵੱਲ ਨਹੀਂ ਜਾ ਸਕੀ। ਸੋ, ਸਪੀਕਰ ਸਾਹਿਬ, ਹੁਣ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੀਆਂ ਘਟਨਾਵਾਂ ਦੀ ਜਾਂਚ ਨੂੰ ਲੰਬਾ ਖਿੱਚਣਾ, ਡੇਰਾ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣਾ ਅਤੇ ਜਥੇਦਾਰਾਂ ਨੂੰ ਘਰ ਬੁਲਾ ਕੇ ਉਨ੍ਹਾਂ ਦਾ ਨਿਰਾਦਰ ਕਰਨਾ ਅਤੇ ਇਸ ਤੋਂ ਇਲਾਵਾ ਰਾਮ ਰਹੀਮ ਦੀ ਫਿਲਮ ਨੂੰ ਰਿਲੀਜ਼ ਕਰਵਾਉਣ ਦੀ ਇਜਾਜ਼ਤ ਦੇਣੀ, ਇਹ ਸਾਰੀਆਂ ਗੱਲਾਂ ਸਪੱਸ਼ਟ ਕਰਦੀਆਂ ਹਨ ਕਿ ਡਾਇਰੈਕਟਲੀ ਅਤੇ ਇਨਡਾਇਰੈਕਟਲੀ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇ ਅਦਬੀਆਂ ਦਾ ਕੋਈ ਦੋਸ਼ੀ ਹੈ ਤਾਂ ਉਹ ਬਾਦਲ ਪਰਿਵਾਰ ਹੈ। ਅਕਾਲੀ ਲੀਡਰਸ਼ਿਪ ਪੂਰੀ ਤਰ੍ਹਾਂ ਇਸ ਵਿੱਚ ਸ਼ਾਮਲ ਹੈ। ਇਹ ਰਿਪੋਰਟ ਸਾਰਾ ਕੁਝ ਸਪੱਸ਼ਟ ਕਰਦੀ ਹੈ।

ਕੈਪਟਨ ਸਾਹਿਬ, ਪੰਜਾਬ ਦੇ ਲੋਕਾਂ ਨੂੰ ਤੁਹਾਡੇ ਤੋਂ ਬਹੁਤ ਉਮੀਦਾਂ ਹਨ। ਮੈਂ ਤੁਹਾਨੂੰ ਦਿਲ ਦੀ ਗਹਿਰਾਈ ਤੋਂ ਦੋ ਬੇਨਤੀਆਂ ਕਰਨੀਆਂ ਹਨ। ਮੈਨੂੰ ਪੂਰੀ ਉਮੀਦ ਹੈ ਕਿ ਮੇਰੇ ਸਾਹਮਣੇ ਬੈਠੇ ਸਾਥੀ ਵੀ ਇਸ ਗੱਲ ਨਾਲ ਇਤਫਾਕ ਰੱਖਣਗੇ। ਇੱਕ ਤਾਂ ਇਹ ਹੈ ਕਿ ਅੱਜ ਪੂਰਾ ਪੰਜਾਬ ਨਿਗਾਹਾਂ ਟਿਕਾ ਕੇ ਇਸ ਗੱਲ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਹੈ ਕਿ ਖੁਲਾਸਾ ਹੋਵੇ ਕਿ ਅਸਲੀ ਕਾਤਲ ਕੌਣ ਹਨ। ਮੈਂ ਚਾਹੁੰਦੀ ਹਾਂ ਕਿ ਇਸ ਰਿਪੋਰਟ ਦੀ ਸੌਖੀ ਪੰਜਾਬੀ ਵਿੱਚ ਟਰਾਂਸਲੇਸ਼ਨ ਕਰਵਾਈ ਜਾਵੇ ਤਾਂ ਕਿ ਇਹ ਪੰਜਾਬੀਆਂ ਦੇ ਦਿਲਾਂ ਦੀ ਅਵਾਜ਼ ਬਣ ਸਕੇ। ਦੂਜੀ ਬੇਨਤੀ ਹੈ ਕਿ ਕੈਪਟਨ ਸਾਹਿਬ ਤੁਹਾਡੀ ਸੈਂਸ ਆਫ ਹਿਸਟਰੀ ਦਾ ਲੈਵਲ ਬਹੁਤ ਹਾਈ ਹੈ। ਤੁਸੀਂ ਖੁਦ ਹਿਸਟਰੀ ਦੇ ਇੱਕ ਗੰਭੀਰ ਵਿਦਿਆਰਥੀ ਰਹੇ ਹੋ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

**ਮਾਨਯੋਗ ਸਪੀਕਰ:** ਇਨ੍ਹਾਂ ਤੋਂ ਬਾਅਦ ਬੋਲ ਲੈਣਾ, let her finish.

**ਪ੍ਰੋਫੈਸਰ ਬਲਜਿੰਦਰ ਕੌਰ:** ਮੈਂ ਤਾਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨੀ ਹੈ ਜੀ।

**ਮਾਨਯੋਗ ਸਪੀਕਰ:** ਕਰੋ ਜੀ, ਕਰੋ।

**ਪ੍ਰੋਫੈਸਰ ਬਲਜਿੰਦਰ ਕੌਰ:** ਮੁੱਖ ਮੰਤਰੀ ਜੀ, ਮੈਂ ਤੁਹਾਡੀ ਇੱਕ ਕਿਤਾਬ ਪੜ੍ਹੀ ਸੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਛਿਪਣ ਦੀ ਦਾਸਤਾਨ। ਸੋ, ਮੈਂ ਬੇਨਤੀ ਕਰਦੀ ਹਾਂ ਕਿ ਇਸ ਕੇਸ ਨੂੰ ਕ੍ਰਿਪਾ ਕਰਕੇ ਸੀ.ਬੀ.ਆਈ. ਦੇ ਹਵਾਲੇ ਨਾ ਕੀਤਾ ਜਾਵੇ ਅਤੇ ਇਹ ਕੇਸ ਸੀ.ਬੀ.ਆਈ ਤੋਂ ਵਾਪਸ ਲਿਆ ਜਾਵੇ ਕਿਉਂਕਿ ਕਿਤੇ ਇਹ ਨਾ ਹੋਵੇ ਕਿ ਆਉਣ ਵਾਲੀਆਂ ਪੀੜ੍ਹੀਆਂ ਇਹ ਕਹਿਣ ਕਿ ਕੈਪਟਨ ਸਾਹਿਬ ਤੁਸੀਂ ਜਿੱਤ ਕੇ ਵੀ ਬਾਜ਼ੀ ਹਾਰ ਗਏ। ਧੰਨਵਾਦ ਜੀ। (ਥੰਪਿੰਗ)

**ਮਾਨਯੋਗ ਸਪੀਕਰ:** ਹਾਂ ਜੀ, ਨਾਭਾ ਸਾਹਿਬ।

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ। ਮੈਂ ਸਵਰਗੀ ਸਰਦਾਰ ਗੁਰਦਰਸ਼ਨ ਸਿੰਘ ਜੀ ਦੇ ਪਰਿਵਾਰ ਨਾਲ ਜੁੜਿਆ ਹੋਇਆ ਹਾਂ, ਜਿਨ੍ਹਾਂ ਦੀ ਕਹਿਣੀ ਤੇ ਕਰਨੀ ਇੱਕ ਸੀ ਔਰ ਉਸ ਰਿਆਸਤ ਨਾਲ ਜੁੜਿਆ ਹਾਂ ਜਿਹੜੀ ਰਿਆਸਤ ਨੇ ਮਹਾਂਕੋਸ਼ ਰਚਾਇਆ ਸੀ। ਫਾਰਸੀ 'ਚੋਂ ਗੁਰਮੁਖੀ ਵਿੱਚ ਤਬਦੀਲ ਕੀਤਾ ਸੀ ਔਰ ਸਿੱਖ ਕੌਮ ਦਾ ਇਤਿਹਾਸ ਗੁਰਮੁਖੀ ਵਿੱਚ ਲਿਖਵਾਇਆ ਸੀ। ਇਸ ਵਿੱਚ ਤਿੰਨ ਸਟੇਟਾਂ ਦਾ ਯੋਗਦਾਨ ਰਿਹਾ ਸੀ।

**ਮਾਨਯੋਗ ਸਪੀਕਰ:** ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ?

**ਸਰਦਾਰ ਰਣਦੀਪ ਸਿੰਘ :** ਸਪੀਕਰ ਸਾਹਿਬ, ਮੇਰਾ ਮੰਨਣਾ ਹੈ ਕਿ ਜਿਵੇਂ ਅੰਗਰੇਜ਼ੀ ਦੀ ਕਹਾਵਤ ਹੈ, Charity begins at home. ਦਸਵੇਂ ਪਾਤਸ਼ਾਹ ਨੇ ਫ਼ਰਮਾਇਆ ਹੈ ਕਿ ਗੁਰੂ ਮਾਨਿਓ ਗ੍ਰੰਥ। ਜਦੋਂ ਅਸੀਂ ਸ਼ਰਧਾਂਜਲੀ ਸਮਾਰੋਹ ਵਿੱਚ ਮਹਾਰਾਜ ਦਾ ਪ੍ਰਕਾਸ਼ ਕਰਦੇ ਹਾਂ ਅਤੇ ਜਦੋਂ ਅਸੀਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਜਾ ਕੇ ਨਤਮਸਤਕ ਹੁੰਦੇ ਹਾਂ ਤਾਂ ਸਾਡੇ ਤੋਂ ਕਿਤੇ ਨਾ ਕਿਤੇ ਕੁਤਾਹੀ ਹੋ ਜਾਂਦੀ ਹੈ। ਸੋ, ਮੇਰੀ ਬੇਨਤੀ ਹੈ ਕਿ ਅਸੀਂ ਰਲ਼-ਮਿਲ ਕੇ ਇਹ ਪਿਰਤ ਸ਼ੁਰੂ ਕਰੀਏ। ਅਸੀਂ ਆਪਣੇ ਘਰ ਤੋਂ ਸ਼ੁਰੂਆਤ ਕਰੀਏ ਕਿ ਸ਼ਰਧਾਂਜਲੀ ਸਮਾਰੋਹ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਕੀਤਾ ਜਾਵੇ ਕਿਉਂਕਿ ਕਿਤੇ ਨਾ ਕਿਤੇ ਮਨੁੱਖਤਾ ਤੋਂ ਕੁਤਾਹੀ ਹੋ ਜਾਂਦੀ ਹੈ। ਮੇਰੀ ਜ਼ਮੀਰ ਇਹ ਇਜਾਜ਼ਤ ਨਹੀਂ ਦਿੰਦੀ।

**ਮਾਨਯੋਗ ਸਪੀਕਰ:** ਬੈਠੋ ਜੀ। ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਬਹੁਤ ਹੀ ਸੰਵੇਦਨਸ਼ੀਲ ਰਿਪੋਰਟ ਤੇ ਬੋਲਣ ਦੀ ਇਜਾਜ਼ਤ ਦਿੱਤੀ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਨ੍ਹਾਂ ਦੇ ਸਿੱਖ ਦੁਨੀਆ ਦੇ ਹਰ ਕੋਨੇ ਵਿੱਚ ਬੈਠੇ ਹਨ। ਦੁਨੀਆ ਦੇ ਹਰ ਕੋਨੇ ਵਿੱਚ ਇਨ੍ਹਾਂ ਨੂੰ ਗੁਰੂ ਮੰਨਿਆ ਜਾਂਦਾ ਹੈ। ਦੁਨੀਆ ਦੇ ਹਰ ਕੋਨੇ ਵਿੱਚ ਇਨ੍ਹਾਂ ਦੇ ਗੁਰਦੁਆਰੇ ਹਨ। ਹਰ ਗੁਰੂ ਦਾ ਸਿੱਖ ਇਹ ਕਹਿੰਦਾ ਹੈ ਕਿ ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ। ਸਪੀਕਰ ਸਾਹਿਬ, ਅੱਜ ਦਾ ਦਿਨ ਇਤਿਹਾਸਕ ਵੀ ਹੈ। ਅੱਜ ਦਾ ਦਿਨ ਮੰਦਭਾਗਾ ਵੀ ਹੈ। ਮੰਦਭਾਗਾ ਇਸ ਕਰਕੇ ਹੈ ਕਿ ਸਾਨੂੰ ਆਪਣੇ ਬਾਪ, ਆਪਣੇ ਗੁਰੂ ਦੀ ਬੇਅਦਬੀ 'ਤੇ ਅੱਜ ਇੱਥੇ ਚਰਚਾ ਕਰਨੀ ਪੈ ਰਹੀ ਹੈ ਜਿਹੜੀ ਕਿ ਕਦੇ ਹੋਣੀ ਨਹੀਂ ਚਾਹੀਦੀ ਸੀ। ਇਤਿਹਾਸਕ ਇਸ ਕਰਕੇ ਹੈ ਕਿ ਅੱਜ ਅਸੀਂ ਆਪਣੇ ਬਾਪ ਦੀ ਬੇਅਦਬੀ ਦਾ ਬਦਲਾ ਲੈਣ ਲਈ ਰਾਹ ਪੱਧਰਾ ਕਰਨ ਲਈ ਮੁੱਖ

ਮੰਤਰੀ ਜੀ ਨੂੰ ਬੇਨਤੀ ਕਰ ਰਹੇ ਹਾਂ। ਮੈਂ ਉਹ ਦਿਨ ਦੇਖੇ ਹਨ, ਤੁਸੀਂ ਸਾਰਿਆਂ ਨੇ ਵੀ ਦੇਖੇ ਹਨ, ਜਦੋਂ ਇਨ੍ਹਾਂ ਲੋਕਾਂ ਦਾ ਜਿਹੜੇ ਇੱਥੋਂ ਉਠ ਕੇ ਚਲੇ ਗਏ, ਪੰਜਾਬ ਦੇ ਵਿੱਚ ਲੋਕਾਂ ਨੇ ਵੜਨਾ ਬੰਦ ਕਰ ਦਿੱਤਾ ਸੀ। ਪੰਜਾਬ ਦੇ ਹਿਰਦੇ ਵਲੂੰਧਰੇ ਗਏ ਸੀ। ਅੱਜ ਵੀ ਵਲੂੰਧਰੇ ਗਏ ਹਨ। ਉਦੋਂ ਚੋਣਾਂ ਦੇ ਵਿੱਚ ਮੈਂ ਸੀ.ਐਲ.ਪੀ. ਦਾ ਲੀਡਰ ਸੀ, ਮੈਂ ਕੈਪਟਨ ਸਾਹਿਬ ਦੇ ਬਰਾਬਰ ਖੜ੍ਹਾ ਸੀ। ਜਦ ਇਨ੍ਹਾਂ ਨੇ ਅਨਾਊਂਸ ਕੀਤਾ ਸੀ ਕਿ ਮੈਂ ਇਸ ਬੇਅਦਬੀ ਦਾ ਬਦਲਾ ਲੈ ਕੇ ਰਹਾਂਗਾ, ਇਹ ਪੈੜ ਕੱਢਾਂਗਾ, ਜਿਹੜੇ ਘਰ ਦੇ ਵਿੱਚ ਪੈੜ ਜਾਂਦੀ ਹੈ, ਮੈਂ ਉਸ ਘਰ ਦੇ ਬੰਦੇ ਬਾਹਰ ਕੱਢ ਕੇ ਤੁਹਾਡੇ ਕਟਹਿਰੇ ਵਿੱਚ ਖੜ੍ਹੇ ਕਰਾਂਗਾ। ਸਭ ਤੋਂ ਪਹਿਲਾਂ ਮੈਂ ਅੱਜ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਅੱਜ ਇਨ੍ਹਾਂ ਨੇ ਉਸ ਵਾਅਦੇ ਨੂੰ ਪੂਰਾ ਕਰਨ ਵਾਸਤੇ ਇੱਕ ਰਾਹ ਪੱਧਰਾ ਕਰ ਲਿਆ। ਉਸ ਕਤਾਰ ਤੇ ਲਿਆ ਕੇ ਖੜ੍ਹਾ ਕਰ ਲਿਆ ਹੈ ਜਿਥੇ ਲੋਕਾਂ ਨੂੰ ਅੱਜ ਉਨ੍ਹਾਂ ਦੇ ਗੁਰੂ ਦਾ, ਉਨ੍ਹਾਂ ਦੇ ਬਾਪ ਦੀ ਬੇਅਦਬੀ ਦੀ ਸਜ਼ਾ ਦੇਣ ਦਾ ਮੌਕਾ ਮਿਲਿਆ ਹੈ। ਮੈਂ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ। ਕੈਪਟਨ ਅਮਰਿੰਦਰ ਸਿੰਘ ਜੀ, ਪੰਜਾਬੀ ਵਿੱਚ ਇੱਕ ਗੀਤ ਦੇ ਬੋਲ ਕਹਿੰਦੇ ਹਨ, "ਨਾਮ ਚੱਲੇਗਾ ਬਾਬਲਾ ਤੇਰਾ ਲੋਟਣ ਮਿੱਤਰਾਂ ਦੇ"। ਅਸੀਂ ਤਾਂ ਇਹ ਜਿਹੜੀਆਂ ਗੱਲਾਂ ਕਰ ਰਹੇ ਹਾਂ ਇਹ ਕਿਸੇ ਇਤਿਹਾਸ ਵਿੱਚ ਨਹੀਂ ਆਉਣੀਆਂ। ਇਤਿਹਾਸ ਵਿੱਚ ਤੁਹਾਡਾ ਨਾਮ ਆਏਗਾ ਕਿ ਤੁਸੀਂ ਗੁਰੂ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ ਸੀ, ਦੋਸ਼ੀਆਂ ਨੂੰ ਸਜ਼ਾਵਾਂ ਦਿਵਾਈਆਂ ਸਨ। ਇਸ ਕਰਕੇ ਅੱਜ ਉਹ ਮੌਕਾ ਹੈ। ਜਿਸ ਤਰ੍ਹਾਂ ਤੁਸੀਂ ਪਾਣੀਆਂ ਦੇ ਮੁੱਦੇ ਤੇ ਖੜ੍ਹੇ ਸੀ, ਜਿਸ ਤਰ੍ਹਾਂ ਤੁਸੀਂ ਸਿੱਖ ਕੌਮ ਦੇ ਰਹਿਬਰ ਸ੍ਰੀ ਹਰਿਮੰਦਰ ਸਾਹਿਬ 'ਤੇ ਅਟੈਕ ਦੇ ਮੁੱਦੇ ਤੇ ਖੜ੍ਹੇ ਸੀ, ਅੱਜ ਮੌਕਾ ਹੈ ਉਸੇ ਤਰ੍ਹਾਂ ਖੜ੍ਹੇ ਹੋ ਕੇ ਸਿੱਖ ਕੌਮ ਨੂੰ ਦੱਸਣ ਦਾ ਕਿ ਇਹ ਸਿੱਖ ਕੌਮ ਦਾ ਸਰਦਾਰ ਹੈ ਜਿਸ ਨੇ ਉਨ੍ਹਾਂ ਜਰਵਾਣਿਆਂ ਤੋਂ, ਇਸ ਪੰਥ ਦੇ ਦੋਸ਼ੀਆਂ ਤੋਂ ਬਦਲਾ ਲੈ ਲਿਆ ਹੈ। ਜੇਕਰ ਤੁਸੀਂ ਉਨ੍ਹਾਂ ਨੂੰ ਧੂਹ ਕੇ ਜੇਲ੍ਹ ਵਿੱਚ ਲੈ ਗਏ ਤਾਂ ਤੁਹਾਨੂੰ ਸਿੱਖ ਕੌਮ ਜਾਣੇਗੀ ਕਿ ਤੁਸੀਂ ਇੱਕ ਸੱਚੇ ਤੇ ਪੱਕੇ ਸਿੱਖ ਹੋ। ਸਾਨੂੰ ਵੀ ਮਾਣ ਹੋਵੇਗਾ ਕਿ ਅਸੀਂ ਤੁਹਾਡੀ ਰਹਿਨੁਮਾਈ ਵਿੱਚ ਮੰਤਰੀ ਬਣੇ ਹਾਂ ਅਤੇ ਅਸੀਂ ਤੁਹਾਡੀ ਰਹਿਨੁਮਾਈ ਵਿੱਚ ਇਲੈਕਸ਼ਨ ਲੜਿਆ ਹੈ। ਸੋ, ਜੋ ਤੁਸੀਂ ਵਾਅਦਾ ਕੀਤਾ ਸੀ, ਉਹ ਪੂਰਾ ਕੀਤਾ ਜਾਵੇ। ਮਾਨਯੋਗ ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ, ਜਦੋਂ ਤੋਂ ਬਾਦਲ ਪਰਿਵਾਰ ਦੇ ਹੱਥ ਵਿੱਚ ਆਇਆ ਹੈ, ਇਸ ਦੇ ਵਿੱਚ ਨਿਘਾਰ ਹੀ ਆਉਂਦਾ ਰਿਹਾ ਹੈ। ਦਿਨ-ਬ-ਦਿਨ ਨਿਘਾਰ ਹੀ ਆਉਂਦਾ ਗਿਆ ਹੈ। ਕਹਿੰਦੇ :

ਅਮਰ ਵੇਲ ਨਹੀਂ ਸੁੱਟੀਦੀ, ਬਲਿਹਾਰੇ ਬੂਟੇ 'ਤੇ।
ਪੁੱਤ ਕਿਸੇ ਦਾ ਕਦੇ ਨਾ ਲਾਈਏ ਸੁਲਫੇ ਸੂਟੇ 'ਤੇ।

ਸਪੀਕਰ ਸਾਹਿਬ, ਇਸ ਪਰਿਵਾਰ ਨੇ ਸਾਡੇ ਬੱਚਿਆਂ ਨੂੰ ਨਸ਼ਿਆਂ ਤੇ ਲਗਾਇਆ ਹੈ। ਇਹ ਗੱਲਾਂ ਭੁੱਲ ਜਾਣਗੀਆਂ, ਬਾਅਦ ਵਿੱਚ ਕਰ ਲਵਾਂਗੇ ਲੇਕਿਨ ਇਨ੍ਹਾਂ ਨੇ ਨਾ ਭੁੱਲਣ ਵਾਲੀ ਬੇਅਦਬੀ ਕਰਵਾਈ ਹੈ। ਮਹਾਂਭਾਰਤ ਦੇ ਵਿੱਚ ਜ਼ਿਕਰ ਹੈ ਕਿ ਜਿਸ ਦਿਨ

ਧ੍ਰਿਤਰਾਸ਼ਟਰ ਦੇ ਘਰ ਦੁਰਯੋਧਨ ਜੰਮਿਆ, ਉਸ ਦਿਨ ਪੰਡਿਤਾਂ/ਪੱਤਰੀ ਪੜ੍ਹਨ ਵਾਲਿਆਂ ਨੇ ਧ੍ਰਿਤਰਾਸ਼ਟਰ ਨੂੰ ਕਿਹਾ ਸੀ ਕਿ ਅੱਜ ਹੀ ਇਸ ਨੂੰ ਮਾਰ ਦੇ ਕਿਉਂਕਿ ਨਹੀਂ ਤਾਂ ਇਹ ਤੇਰੀ ਕੌਮ ਨੂੰ ਅਤੇ ਤੇਰੇ ਨਾਮ ਨੂੰ ਬਦਨਾਮੀ ਦੇਵੇਗਾ। ** ** ਤੁਸੀਂ ਉਸ ਸੌਦੇ ਸਾਧ ਨਾਲ ਮਿਲ ਕੇ ਗੁਰੂ ਦੀ ਬੇਅਦਬੀ ਨਾ ਕਰੋ। ਉਸ ਟਾਈਮ ਰੋਕਦਾ, ਉਸ ਟਾਈਮ ਤਾਂ 25 ਸਾਲ ਦਾ ਨਸ਼ਾ ਚੜ੍ਹਿਆ ਹੋਇਆ ਸੀ ਕਿ 25 ਸਾਲ ਰਾਜ ਕਰਾਂਗੇ। ਅਸੀਂ ਉੱਧਰ ਬੈਠੇ ਹੁੰਦੇ ਸੀ। ਇਨ੍ਹਾਂ ਨੇ ਐਵੇਂ ਹੀ ਦਬਕੇ ਮਾਰੀ ਜਾਣੇ। ਹੁਰਰਰਰਰਰ..... ਪਿੱਛੇ ਤੋਂ ਕੋਈ ਬੋਲੀ ਜਾਇਆ ਕਰੇ। (ਹਾਸਾ) ਅੱਜ ਕਿੱਥੇ ਗਏ ਉਹ ** ** ਹੋਰੀਂ? ਲੋਕਾਂ ਨੇ ਸਾਰੇ ਘਰ ਬਿਠਾ ਦਿੱਤੇ। ਪਿੱਛੇ ਬੈਠੇ ਹੁਰਰਰਰ-ਹੁਰਰਰਰ ਕਰੀ ਜਾਣ, ਉੱਧਰ ਮੈਨੂੰ ਬੋਲੀ ਜਾਇਆ ਕਰਨ। ਮੈਨੂੰ ਹੁਣੇ ਕਹਿ ਰਹੇ ਸੀ ਕਿ ਇਹ ਸਿੱਖ ਕੌਮ ਦੇ ਕਾਬਲ ਹੀ ਨਹੀਂ ਹਨ, ਸਿੱਖ ਕੌਮ ਇੰਨੀ ਤਕੜੀ ਕੌਮ ਹੈ, ਉਸ ਵਿੱਚ ਇਹ ਮਸੰਦ ਕਿੱਥੋਂ ਆ ਗਏ, ਮੈਨੂੰ ਸਮਝ ਨਹੀਂ ਆ ਰਹੀ? ਸਪੀਕਰ ਸਾਹਿਬ, ਪਿਛਲੀ ਵਿਧਾਨ ਸਭਾ ਵਿੱਚ ਮੈਂ ਕਿਹਾ ਕਿ ਤੁਸੀਂ (ਸਰਦਾਰ ਸੁਖਬੀਰ ਸਿੰਘ ਬਾਦਲ) ਮੈਨੂੰ ਆਪਣੀ ਕਿਰਪਾਨ ਦਿਖਾ ਦਿਉ, ਜੇ ਸਿੱਖ ਹੋ, ਜੇ ਤੁਸੀਂ ਅੰਮ੍ਰਿਤ ਛਕਿਆ ਹੋਇਆ ਹੈ। ਸਪੀਕਰ ਸਾਹਿਬ, ਅੱਜ ਤੱਕ ਅਕਾਲੀ ਦਲ ਦੇ ਜਿੰਨੇ ਵੀ ਪ੍ਰਧਾਨ ਹੋਏ ਹਨ, ਉਨ੍ਹਾਂ ਸਾਰਿਆਂ ਨੇ ਅੰਮ੍ਰਿਤ ਛਕਿਆ ਸੀ। ਬਾਦਲ ਸਾਹਿਬ ਨੇ ਵੀ ਛਕਿਆ ਸੀ ਪਰ ਬਾਅਦ ਵਿੱਚ ਤੋੜ ਦਿੱਤਾ, ਕੋਈ ਗੱਲ ਨਹੀਂ। ਉਸ ਤੋਂ ਬਾਅਦ ਇਸ ਨੇ ਛਕਿਆ, ਇਸ ਨੇ ਵੀ ਤੋੜ ਦਿੱਤਾ। ਮੈਂ ਕਿਹਾ ਕਿ ਆਪਣੀ ਕਿਰਪਾਨ ਦਿਖਾਉ ਪ੍ਰੰਤੂ ਇਹ ਨਹੀਂ ਦਿਖਾ ਸਕਿਆ। ਹੁਣ ਪਰਸੋਂ ਹੀ ਮੈਨੂੰ ਇੱਕ ਬੜਾ ਕਾਨਫੀਡੈਂਸ਼ੀਅਲ ਸੁਨੇਹਾ ਆਇਆ, ਕਹਿੰਦੇ ਕਿ ਚੰਨੀ ਇਸ ਵਾਰ ਉਸ ਦੀ ਨਾ ਗੱਲ ਕਰ ਲਈਂ, ਕਿਰਪਾਨ ਖਰੀਦ ਲਈ ਹੈ। ਜਦੋਂ ਤੂੰ ਐਤਕੀਂ ਕਹਿਣਾ ਕਿ ਕਿਰਪਾਨ ਦਿਖਾ, ਉਸ ਨੇ ਉਸੇ ਵੇਲੇ ਦਿਖਾ ਦੇਣੀ ਹੈ। ਤੁਸੀਂ ਇਹ ਦੇਖੋ ਕਿ ਮੈਨੂੰ ਪਤਾ ਸੀ ਕਿ ਇਸ ਨੇ ਕਿਰਪਾਨ ਪਾਈ ਹੋਈ ਹੈ, ਜੇ ਅੱਜ ਬੈਠਦਾ ਤਾਂ ਮੈਂ ਕਹਿਣਾ ਸੀ ਕਿ ਜਿਹੜੀ ਪਰਸੋਂ ਖਰੀਦੀ ਹੈ, ਉਹ ਦਿਖਾ। (ਹਾਸਾ) ਮੈਨੂੰ ਉਸ ਦੱਸਣ ਵਾਲੇ ਨੇ ਇਹ ਵੀ ਕਿਹਾ ਸੀ, ਕਹਿੰਦਾ ਕਿ ਕਛਹਿਰੇ ਅਤੇ ਕੰਘੇ ਦੀ ਕੋਈ ਗਾਰੰਟੀ ਨਹੀਂ ਹੈ। ਉਹ ਹਾਲੇ ਵੀ ਨਹੀਂ ਪਾਏ। ਇਹ ਬੰਦੇ ਸਿੱਖ ਕੌਮ ਦੇ ਕਾਬਲ ਨਹੀਂ ਹਨ। ਮੈਂ, ਸਪੀਕਰ ਸਾਹਿਬ, ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਜਿਵੇਂ ਕਿ ਭਾਈ ਗੁਰਦਾਸ ਜੀ ਨੇ ਕਿਹਾ ਹੈ:

ਆਪਣ ਹਥੀ ਆਪਣੀ ਜੜ ਆਪਿ ਉਪਟੈ।

ਕੁਤਾ ਰਾਜ ਬਹਾਲੀਐ ਫਿਰਿ ਚਕੀ ਚਟੈ।

ਸਪੀਕਰ ਸਾਹਿਬ, ਇਨ੍ਹਾਂ ਨੇ ਉਹ ਕੰਮ ਕੀਤਾ ਹੈ। ਇਹ ਗੱਲ ਇਨ੍ਹਾਂ ਵਾਸਤੇ ਲਿਖੀ ਗਈ ਹੈ। ਇਨ੍ਹਾਂ ਨੂੰ ਸਿੱਖ ਕੌਮ ਨੇ, ਪੰਜਾਬ ਨੇ, ਪੰਜਾਬ ਦੇ ਲੋਕਾਂ ਨੇ ਰਾਜ ਦਿੱਤਾ ਪਰ ਇਨ੍ਹਾਂ ਨੇ ਜਿਹੜੇ ਕਰਮ ਕੀਤੇ ਹਨ, ਅੱਜ ਇਹ ਬੈਠੇ ਕਿਉਂ ਨਹੀਂ ਹਨ ਕਿਉਂਕਿ

** Expunged as ordered by the Hon'ble Speaker.

ਸਾਨੂੰ ਫੇਸ ਨਹੀਂ ਕਰ ਸਕਦੇ, ਕੌਮ ਨੂੰ ਫੇਸ ਨਹੀਂ ਕਰ ਸਕਦੇ, ਪੰਜਾਬ ਨੂੰ ਫੇਸ ਨਹੀਂ ਕਰ ਸਕਦੇ। ਕਦੇ ਕੋਈ ਬਹਾਨੇ ਕਰਕੇ ਭੱਜਣ ਲੱਗੇ, ਕਦੇ ਕਿਸੇ ਬਹਾਨੇ ਤੇ ਭੱਜਣ ਲੱਗੇ। ਮੈਂ ਨਾਲ ਦੇ ਮੈਂਬਰਜ਼ ਨੂੰ ਕਹੀ ਜਾ ਰਿਹਾ ਸੀ ਕਿ ਇਨ੍ਹਾਂ ਨੇ ਇੱਥੋਂ ਭੱਜਣਾ ਹੈ। ਸਪੀਕਰ ਸਾਹਿਬ, ਤੁਸੀਂ ਇਹ ਵੀ ਕਹਿ ਦਿੱਤਾ ਕਿ ਮੈਂ ਰਾਤ ਦੇ 8 ਵਜੇ ਤੱਕ ਟਾਈਮ ਦਿੰਦਾ ਹਾਂ, ਜਿੰਨਾ ਮਰਜ਼ੀ ਬੋਲ ਲਉ, ਫਿਰ ਤੁਸੀਂ ਇਹ ਵੀ ਕਹਿ ਦਿੱਤਾ ਕਿ 12 ਵਜੇ ਤੱਕ ਬੋਲ ਲਉ, ਜਿੰਨਾ ਬੋਲਣਾ ਹੈ ਲੇਕਿਨ ਅਕਾਲੀ ਦਲ ਦਾ ਪ੍ਰਧਾਨ ਹੋਵੇ ਅਤੇ ਬਾਹਰ ਜਾ ਕੇ ਝੂਠ ਬੋਲੇ ਕਿ ਮੈਨੂੰ ਤਾਂ ਸਿਰਫ 12 ਮਿੰਟ ਬੋਲਣ ਲਈ ਦੇ ਰਹੇ ਸਨ। ਸਰ, ਇਹ ਆਨ ਰਿਕਾਰਡ ਹੈ, ਪੱਤਰਕਾਰਾਂ ਨੇ ਦੇਖਿਆ ਹੈ, ਲੋਕਾਂ ਨੇ ਦੇਖਿਆ ਹੈ ਕਿ ਤੁਸੀਂ ਕਿਹਾ ਕਿ ਰਾਤੀ 12 ਵਜੇ ਤੱਕ ਵੀ ਬੋਲ ਲਉ, ਅਸੀਂ ਤੁਹਾਨੂੰ ਟਾਈਮ ਦੇਵਾਂਗੇ ਲੇਕਿਨ ਇਹ ਬਾਹਰ ਜਾ ਕੇ ਕਹਿੰਦੇ ਕਿ ਸਾਨੂੰ ਟਾਈਮ ਨਹੀਂ ਸੀ ਦੇ ਰਹੇ, ਸਿਰਫ 12 ਮਿੰਟ ਦੇ ਰਹੇ ਸਨ। ਇਨ੍ਹਾਂ ਬੰਦਿਆਂ ਨੇ ਅੱਜ ਤੱਕ ਜਿਹੜਾ ਕੋਈ ਵਿਅਕਤੀ ਅਕਾਲੀ ਦਲ ਦੇ ਖਿਲਾਫ ਬੋਲਿਆ, ਉਸ ਨੂੰ ਇਨ੍ਹਾਂ ਨੇ ਖਾਲਿਸਤਾਨੀ ਕਹਿ ਦਿੱਤਾ। ਜਿਹੜੀ ਸੰਸਥਾ ਇਨ੍ਹਾਂ ਦੇ ਖਿਲਾਫ ਬੋਲੀ, ਉਸ ਦੀ ਟੱਕਰ ਸਿੱਧੀ ਸ੍ਰੀ ਅਕਾਲ ਤਖਤ ਨਾਲ ਕਰਵਾ ਦਿੱਤੀ ਅਤੇ ਆਪ ਬਾਹਰ ਹੋ ਗਏ। ਇਸ ਤਰ੍ਹਾਂ ਸਿੱਖਾਂ ਦਾ ਨੁਕਸਾਨ ਕੀਤਾ, ਇਹ ਇਨ੍ਹਾਂ ਦੀ ਹਿਸਟਰੀ ਰਹੀ ਹੈ। ਇਹ ਕਹਾਣੀ ਸਾਲ 2007 ਤੋਂ ਸ਼ੁਰੂ ਹੋਈ ਹੈ। ਮੈਂ ਉਸ ਸਮੇਂ ਦਾ ਚਸ਼ਮਦੀਦ ਗਵਾਹ ਹਾਂ। ਇੱਥੇ ਸਰਦਾਰ ਮਨਪ੍ਰੀਤ ਬਾਦਲ ਸਾਹਿਬ ਬੈਠੇ ਹਨ, ਗਿਲਜੀਆਂ ਜੀ ਬੈਠੇ ਹਨ, ਜਲਾਲਪੁਰੀਆ ਜੀ ਬੈਠੇ ਹਨ, ਅਸੀਂ ਚਸ਼ਮਦੀਦ ਗਵਾਹ ਹਾਂ। ਸਭ ਤੋਂ ਪਹਿਲੇ ਦਿਨ ਸਾਲ 2007 ਵਿੱਚ ਖੁਸ਼ ਸੀ ਕਿ ਜਿੱਤ ਗਏ ਹਾਂ। ਅਸੀਂ ਅਜ਼ਾਦ ਜਿੱਤ ਗਏ। ਅਕਾਲੀ ਦਲ ਦੀ ਲੈਜਿਸਲੇਟਿਵ ਪਾਰਟੀ ਦੀ ਮੀਟਿੰਗ ਹੋਈ। ਕੋਈ ਖੁਸ਼ੀ ਨਾ ਮਨਾਵੇ ਕਿ ਜਿੱਤ ਕੇ ਆਏ ਹਾਂ। ਸਾਰੇ ਕਹਿੰਦੇ ਸੱਚੇ ਸੌਦੇ ਵਾਲੇ ਨੂੰ ਦੇ ਖੋ, ਸੱਚੇ ਸੌਦੇ ਵਾਲੇ ਨੂੰ ਦੇਖੋ, ਉਸ ਨੇ ਵੋਟਾਂ ਕਾਂਗਰਸ ਨੂੰ ਪਾ ਦਿੱਤੀਆਂ ਹਨ। ਡਿਊਟੀ ਬਾਦਲ ਸਾਹਿਬ ਦੀ ਲੱਗ ਗਈ ਕਿ ਜੋ ਤੁਸੀਂ ਕਰਨਾ ਹੈ, ਅਸੀਂ ਸਾਰਿਆਂ ਨੇ ਤੁਹਾਨੂੰ ਅਧਿਕਾਰ ਦਿੱਤੇ, ਸੱਚੇ ਸੌਦੇ ਵਾਲੇ ਨੂੰ ਦੇਖਣਾ ਹੀ ਦੇਖਣਾ ਹੈ। ਸੁਖਬੀਰ ਬਾਦਲ ਨੇ ਰਮਜ਼ ਬਣਾਈ। ਸੱਚੇ ਸੌਦੇ ਵਾਲੇ ਕੋਲ ਪਹਿਰਾਵਾ ਭੇਜਿਆ। ਇੱਕ ਵਿਉਂਤ ਨਾਲ ਸਿੱਖ ਕੌਮ ਅਤੇ ਸੱਚੇ ਸੌਦੇ ਵਾਲੇ ਨੂੰ ਲੜਵਾ ਦਿੱਤਾ ਅਤੇ ਸਿੱਖ ਮਰਵਾ ਦਿੱਤੇ। ਉਸ ਤੋਂ ਬਾਅਦ ਇਨ੍ਹਾਂ ਨੇ ਸੱਚੇ ਸੌਦੇ ਵਾਲੇ ਨਾਲ ਫੈਸਲਾ ਕਰ ਲਿਆ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇ ਮ ਦੀਆਂ ਆਵਾਜ਼ਾਂ) ਸੱਚੇ ਸੌਦੇ ਵਾਲਾ ਕਹਿੰਦਾ ਹੈ ਕਿ ਆਪਣੀ ਕਾਹਦੀ ਲੜਾਈ ਹੈ ਯਾਰ, ਪਿਛਲੀ ਵਾਰ ਵੋਟਾਂ ਉਨ੍ਹਾਂ ਨੂੰ ਪਾਈਆਂ ਸੀ, ਐਤਕੀਂ ਤੁਹਾਨੂੰ ਪਾ ਦਿਆਂਗੇ, ਪੈਸੇ ਦੱਸੋ ਕਿੰਨੇ ਚਾਹੀਦੇ ਹਨ, ਫੈਸਲਾ ਕਰੋ। ਫੈਸਲਾ ਕਰ ਲਿਆ ਕਿ ਅਗਲੀ ਵਾਰੀ ਵੋਟਾਂ ਸਾਨੂੰ ਪਾਈਂ। ਫਿਰ ਇਹ ਸਾਰੇ ਕੰਮਾਂ ਵਿੱਚ ਭਾਈਵਾਲ ਹੋ ਗਏ। ਅਗਲੀ ਵਾਰ ਵੋਟਾਂ ਲੈ ਲਈਆਂ। ਉਸ ਤੋਂ ਬਾਅਦ ਜਦ ਕਿਸਾਨਾਂ ਦਾ ਮਸਲਾ ਆਇਆ। ਸਾਰੀ

ਦੁਨੀਆ ਜਾਣਦੀ ਹੈ ਕਿ ਪੰਜਾਬ ਵਿੱਚ ਕਿਸਾਨਾਂ ਨੇ ਐਜੀਟੇਸ਼ਨ ਕੀਤਾ। ਨਰਮੇ ਤੇ ਚਿੱਟੀ ਮੱਖੀ ਪੈ ਗਈ ਸੀ, ਕਿਸਾਨ ਕਿਸੇ ਤਰ੍ਹਾਂ ਲੋਟ ਨਾ ਆਉਣ। ਇਨ੍ਹਾਂ ਨੂੰ ਕਿਸਾਨਾਂ ਦੀ ਵੋਟ ਬੜੀ ਪੈਂਦੀ ਸੀ। ** ** ਹਮੇਸ਼ਾ ਕਿਸਾਨਾਂ ਨੂੰ ਬੇਵਕੂਫ ਬਣਾ ਕੇ ਵੋਟ ਲੈਂਦਾ ਰਿਹਾ। ਜਦੋਂ ਕਿਸਾਨ ਹੀ ਉਲਟ ਹੋ ਗਏ, ਲੋਕਾਂ ਦੀ ਅਟੈਂਸ਼ਨ ਡਾਈਵਰਟ ਕਰਨ ਵਾਸਤੇ ਜਿੰਨੀਆਂ ਬੇਅਦਬੀਆਂ ਕਰਵਾਈਆਂ, ਉਹ ਸੁਖਬੀਰ ਬਾਦਲ ਨੇ ਕਰਵਾਈਆਂ (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਲੋਕਾਂ ਦੀ ਅਟੈਂਸ਼ਨ ਡਾਈਵਰਟ ਕਰਨ ਵਾਸਤੇ ਜਿੰਨੀਆਂ ਵੀ ਬੇਅਦਬੀਆਂ ਕਰਵਾਈਆਂ, ਉਹ ਸਰਦਾਰ ਸੁਖਬੀਰ ਬਾਦਲ ਨੇ ਸੱਚੇ ਸੌਦੇ ਵਾਲੇ ਨਾਲ ਮਿਲ ਕੇ ਸਾਰੀਆਂ ਬੇਅਦਬੀਆਂ ਕਰਵਾਈਆਂ ਸਨ। ਇਸ ਵਿੱਚ ਕੋਈ ਝੂਠ ਨਹੀਂ ਹੈ। ਇਹੀ ਰਿਪੋਰਟ ਕਹਿੰਦੀ ਹੈ, ਇਹ ਮੈਂ ਵੀ ਪਹਿਲੇ ਦਿਨ ਤੋਂ ਕਹਿ ਰਿਹਾ ਹਾਂ ਕਿ ਇਨ੍ਹਾਂ ਦੀ ਪੈੜ ਬਾਦਲਾਂ ਦੇ ਘਰ ਜਾਂਦੀ ਹੈ। ਕੈਪਟਨ ਅਮਰਿੰਦਰ ਸਿੰਘ ਜੀ ਦੋ ਸਾਲ ਪਹਿਲਾਂ ਕਹਿ ਚੁੱਕੇ ਹਨ ਕਿ ਬਾਦਲਾਂ ਦੇ ਘਰ ਤੱਕ ਇਹ ਪੈੜ ਜਾਂਦੀ ਹੈ, ਪੰਜਾਬ ਦੇ ਹਾਲਾਤ ਬਾਰੇ ਸਿਰਫ ਲੋਕਾਂ ਦੀ ਅਟੈਂਸ਼ਨ ਡਾਈਵਰਟ ਕਰਨ ਵਾਸਤੇ ਇਨ੍ਹਾਂ ਨੇ ਇਹ ਬੇਅਦਬੀਆਂ ਕਰਵਾਈਆਂ ਹਨ। ਸੋ, ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਕਿਉਂਕਿ ਅਜੇ ਸੀ.ਐਮ. ਸਾਹਿਬ ਨੇ ਵੀ ਬੋਲਣਾ ਹੈ, ਮੇਰੇ ਪਾਸ ਕਾਫੀ ਕੁਝ ਬੋਲਣ ਨੂੰ ਸੀ ਲੇਕਿਨ ਸੀ.ਐਮ. ਸਾਹਿਬ ਨੇ ਬੋਲਣਾ ਹੈ।

**Mr Speaker:** Thank you, ਵਾਈਂਡ ਅੱਪ ਕਰ ਲਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਹੁਣ ਕਿਹੜੀ-ਕਿਹੜੀ ਗੱਲ ਤੇ ਆਈਏ? ਹੁਣ ਦੱਸੋ ਢੱਡਰੀਆਂ ਵਾਲੇ ਦਾ ਕੀ ਕਸੂਰ ਸੀ? ਉਹ ਸੰਤ ਹੈ, ਪ੍ਰਚਾਰਕ ਹੈ, ਉਸ ਨੂੰ ਮਾਰਨ ਲੱਗੇ ਸੀ। ਬੁਰਛਾਗਰਦੀ ਕੀਤੀ ਪਰ ਨਾਲ ਦਾ ਸੰਤ ਮਰ ਗਿਆ ਔਰ ਉਹ ਆਪ ਪਤਾ ਨਹੀਂ ਕਿਸ ਤਰ੍ਹਾਂ ਬਚ ਗਿਆ। ਇੰਨਾ ਤਕੜਾ ਸੰਤ, ਦੱਸੋ ਢੱਡਰੀਆਂ ਵਾਲੇ ਦਾ ਕੀ ਕਸੂਰ ਸੀ ? ਕਿਉਂਕਿ ਉਹ ਇਨ੍ਹਾਂ ਦੀ ਬੋਲੀ ਨਹੀਂ ਬੋਲਦਾ ਸੀ, ਇਸ ਕਰਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਮੈਂ ਇਹ ਵੀ ਸੀ.ਐਮ. ਸਾਹਿਬ ਨੂੰ ਕਹਿੰਦਾ ਹਾਂ ਕਿ ਉਸ ਕੇਸ ਦੀ ਵੀ ਇਨਕੁਆਰੀ ਕਰਵਾਓ। ਇਨ੍ਹਾਂ ਦੇ ਘਰ ਉਸ ਦੀ ਵੀ ਪੈੜ ਜਾਂਦੀ ਹੈ। ਇਹ ਤਾਂ ਪੰਜਾਬ ਨੂੰ ਲੁੱਟ ਕੇ ਖਾ ਗਏ ਹਨ। ਇਨ੍ਹਾਂ ਨੇ ਪੰਜਾਬ ਨੂੰ ਬਰਬਾਦ ਕੀਤਾ ਹੈ ਔਰ ਇਹ ਪੰਜਾਬ ਦੇ ਸਿਰ ਤੇ ਸਰਾਪ ਹਨ ਜਦ ਤੱਕ ਇਹ ਪੰਜਾਬ ਵਿੱਚ ਹਨ, ਪੰਜਾਬ ਕਿਸ ਤਰ੍ਹਾਂ ਸਹੀ ਹੋਵੇਗਾ? ਪੰਜਾਬ ਵਿੱਚ ਬਾਦਲਾਂ ਨੇ ਲੜਾਈਆਂ ਕਰਵਾਈਆਂ ਹਨ। ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਬੋਲਦਾ ਹੋਇਆ ਸੀ.ਐਮ. ਸਾਹਿਬ ਨੂੰ ਕਹਿੰਦਾ ਹਾਂ ਕਿ ਸੀ.ਐਮ. ਸਾਹਿਬ ਕੈਪਟਨ ਅਮਰਿੰਦਰ ਸਿੰਘ ਤੋਂ ਵੱਡਾ ਪੰਜਾਬ ਵਿੱਚ ਅੱਜ ਕੋਈ ਵੀ ਐਡਮਨਿਸਟ੍ਰੇਟਰ ਨਹੀਂ ਹੈ।

** **Expunged as ordered by the Hon'ble Speaker.

(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਹਰ ਕੋਈ ਮੰਨਦਾ ਹੈ ਔਰ ਇਨ੍ਹਾਂ ਨੇ ਇਹ ਗੱਲ ਸਾਬਤ ਵੀ ਕੀਤੀ ਹੈ। ਜਦੋਂ ਤੁਸੀਂ ਇੰਨੇ ਤਕੜੇ ਐਡਮਨਿਸਟ੍ਰੇਟਰ ਹੋ ਤਾਂ ਫਿਰ ਇਸ ਕੇਸ ਦੀ ਇਨਕੁਆਰੀ ਕਰਨ ਵਾਲੀ ਸੀ.ਬੀ.ਆਈ. ਕੌਣ ਹੁੰਦੀ ਹੈ ? ਸੀ.ਐਮ. ਸਾਹਿਬ, ਇਹ ਸਾਰੀ ਇਨਕੁਆਰੀ ਤੁਸੀਂ ਆਪਣੇ ਕੋਲ ਰੱਖੋ, ਅਸੀਂ ਸੀ.ਬੀ.ਆਈ. ਨੂੰ ਨਹੀਂ ਦੇਣੀ। ਤੁਸੀਂ ਅੱਜ ਐਲਾਨ ਕਰੋ। ਪੁਰਾਣੀਆਂ ਇਨਕੁਆਰੀਆਂ ਜਿਹੜੀਆਂ ਇਨ੍ਹਾਂ ਨੇ (ਸ਼੍ਰੋਮਣੀ ਅਕਾਲੀ ਦਲ) ਉੱਥੇ ਦਿੱਤੀਆਂ ਹਨ, ਉਹ ਕਿਉਂ ਦਿੱਤੀਆਂ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਸੈਂਟਰ ਵਿੱਚ ਸਾਡੀ ਬੀ.ਜੇ.ਪੀ. ਦੀ ਸਰਕਾਰ ਹੈ, ਉੱਥੇ ਸਾਡੀ ਤੂਤੀ ਬੋਲਦੀ ਹੈ, ਸਾਨੂੰ ਸੀ.ਬੀ.ਆਈ. ਨੇ ਕੁਝ ਨਹੀਂ ਕਹਿਣਾ। ਮੈਂ ਚਾਹੁੰਦਾ ਹਾਂ ਕਿ ਉਹ ਕੇਸ ਵੀ ਵਾਪਸ ਲਓ ਤੇ ਉਨ੍ਹਾਂ ਦੀ ਇਨਕੁਆਰੀ ਵੀ ਇੱਥੇ ਹੀ ਹੋਵੇ ਅਤੇ ਬਾਦਲਾਂ ਤੇ ਪਰਚਾ ਦਰਜ ਹੋਵੇ। ਬਾਦਲਾਂ ਨੇ ਸਾਰਾ ਕੁਝ ਸੱਚੇ ਸੌਦੇ ਨਾਲ ਮਿਲ ਕੇ ਕਰਿਆ ਹੈ। ਜਿੱਥੇ ਗਿਆ ਸੱਚੇ ਸੌਦੇ ਵਾਲਾ ਉੱਥੇ ਹੀ ਜਾਵੇ ਜੀਜਾ-ਸਾਲਾ। (ਥੰਪਿੰਗ) ਇਹ ਕਿਉਂ ਬਾਹਰ ਬੈਠਣ ? ਇਨ੍ਹਾਂ ਨੇ ਪੰਜਾਬ ਦਾ ਸਾਰਾ ਕੁਝ ਤਾਂ ਉਸ ਨਾਲ ਮਿਲ ਕੇ ਬਰਬਾਦ ਕੀਤਾ ਹੈ। ਸਪੀਕਰ ਸਾਹਿਬ, ਅੱਜ ਰਾਜਨੀਤਿਕ grave ਬਣੀ ਹੋਈ ਹੈ। ਕਬਰ ਇੱਕ ਹੈ ਜਾਂ ਤਾਂ ਇਸ ਵਿੱਚ ਪੰਥ ਦੇ, ਦੇਸ਼ ਦੇ , ਸੂਬੇ ਦੇ ਦੋਖੀਆਂ ਨੂੰ ਪਾ ਦਿਓ, ਨਹੀਂ ਤਾਂ ਲੋਕ ਸਾਨੂੰ ਵੀ ਨਹੀਂ ਬਖਸ਼ਣਗੇ। (ਥੰਪਿੰਗ) ਜੇ ਅਸੀਂ ਅੱਜ ਇਨ੍ਹਾਂ ਨੂੰ ਬਖਸ਼ ਦਿੱਤਾ ਤਾਂ ਕਬਰ ਫਿਰ ਸਾਡੇ ਵਾਸਤੇ ਵੀ ਤਿਆਰ ਹੈ। ਇਨ੍ਹਾਂ ਨੂੰ ਕਰੜੀ ਤੋਂ ਕਰੜੀ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਕੱਲ੍ਹ ਨੂੰ ਭਾਜੜਾਂ ਪਈਆਂ ਹੋਣ, ਗਲੀਆਂ ਵਿੱਚ ਘੁੰਮਦੇ ਹੋਏ ਪਤੀੜੀ ਪਈ ਹੋਵੇ। ਮੈਂ ਕਹਿੰਦਾ ਹਾਂ ਕਿ ਮੈਂ ਸੁਖਬੀਰ ਬਾਦਲ ਨੂੰ ਲੋਕਾਂ ਦੇ ਬਿਹਾਫ ਤੇ ਚੈਲੰਜ ਕਰਦਾ ਹਾਂ ਕਿ ਉਹ ਸਕਿਉਰਿਟੀ ਛੱਡ ਕੇ ਪਿੰਡ ਬਾਦਲ ਹੀ ਵੜ੍ਹ ਕੇ ਦਿਖਾ ਦੇਵੇ। ਜੇ ਸਕਿਉਰਿਟੀ ਨੂੰ ਛੱਡ ਕੇ ਪਿੰਡ ਬਾਦਲ ਵਿੱਚ ਜਾਵੇ ਤਾਂ ਬਾਦਲ ਵਾਲਿਆਂ ਨੇ ਹੀ ਮੂਹਰੇ-ਮੂਹਰੇ ਭਜਾ ਲੈਣਾ ਹੈ। (ਥੰਪਿੰਗ) ਇਹ ਲੋਕਾਂ ਨੇ ਹੀ ਕੁੱਟ-ਕੁੱਟ ਕੇ ਮਾਰ ਦੇਣੇ ਹਨ। ਇਨ੍ਹਾਂ ਦੇ ਡਲ੍ਹੇ ਪੈਣਗੇ ਪਰ ਪੰਜਾਬ ਦੀਆਂ ਜੇਲ੍ਹਾਂ ਨੇ ਇਨ੍ਹਾਂ ਨੂੰ ਨਹੀਂ ਝੱਲਣਾ। ਸਪੀਕਰ ਸਾਹਿਬ, ਇੱਕ ਗੱਲ ਹੋਰ ਦੱਸਦਾ ਹਾਂ, ਇੱਥੇ ਸਰਦਾਰ ਸੁੱਖੀ ਜੀ (ਜੇਲ੍ਹਾਂ ਮੰਤਰੀ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਵੱਲ ਇਸ਼ਾਰਾ ਕਰਦੇ ਹੋਏ) ਬੈਠੇ ਹਨ, ਦੱਸੋ ਉਹ ਇਨ੍ਹਾਂ ਦੀਆਂ ਜੇਲ੍ਹਾਂ ਵਿੱਚ ਕਿੱਥੋਂ ਆ ਜਾਣਗੇ? ਜਿੰਨੇ ਉੱਥੇ ਕੈਦੀ ਹਨ, ਉਨ੍ਹਾਂ ਨੇ ਹੀ ਕੁੱਟ-ਕੁੱਟ ਕੇ ਮਾਰ ਦੇਣਾ ਹੈ। ਇਨ੍ਹਾਂ ਨੂੰ ਤਾਂ ਉੱਥੇ ਬਾਬੇ ਨਾਲ ਹੀ ਛੱਡਣਾ ਪੈਣਾ ਹੈ। ਸੋ, ਮੈਂ ਆਖਰ ਨੂੰ ਸੀ.ਐਮ.ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਰੇ ਸਦਨ ਵੱਲੋਂ ਤੁਹਾਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਇੱਕ ਵਾਰੀ ਉਹ ਗੱਲ ਦਿਖਾ ਦਿਓ ਜਿਹੜੀ ਪਿਛਲੀ ਵਾਰੀ ਕੀਤੀ ਸੀ। ਉਹ ਜਿਹੜੀ ਬਲੂੰਗੜੇ ਵਾਲੀ ਗੱਲ ਸੀ, ਸਾਲ 2002 ਤੋਂ ਬਾਅਦ ਇੱਕ ਵਾਰ ਇਨ੍ਹਾਂ ਨੂੰ ਫਿਰ ਝਟਕਾ ਜਿਹਾ ਦਿਖਾ ਦਿਓ। ਸਿੱਖ ਕੌਮ ਤੁਹਾਨੂੰ ਉਡੀਕ ਰਹੀ ਹੈ ਕਿ ਇਨ੍ਹਾਂ ਨੂੰ ਫੜ ਕੇ ਅੰਦਰ ਕਰੋ। ਸਿੱਖ ਕੌਮ ਇਨ੍ਹਾਂ ਨੂੰ ਅੰਦਰ

ਫੜ ਕੇ ਲਿਜਾਂਦਿਆਂ ਨੂੰ ਦੇਖਣਾ ਚਾਹੁੰਦੀ ਹੈ, ਜਿਨ੍ਹਾਂ ਨੇ ਸਾਡੇ ਨੌਜਵਾਨ ਜੇਲ੍ਹਾਂ ਵਿੱਚ ਵਾੜੇ ਹਨ। (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲੋਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਲਗਾਇਆ ਗਿਆ) ਮੈਂ ਅਖੀਰ ਵਿੱਚ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ, ਸੀ.ਐਮ. ਸਾਹਿਬ ਆਪ ਜਾਣੀ-ਜਾਣ ਹਨ, ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਵਾਰੀ ਹੱਥ ਖੜ੍ਹੇ ਕਰਕੇ ਜ਼ਰੂਰ ਕਹਿ ਦਿਓ ਕਿ ਸੀ.ਬੀ.ਆਈ. ਨੂੰ ਕੇਸ ਨਹੀਂ ਜਾਣਾ ਚਾਹੀਦਾ, ਕੇਸ ਇੱਥੇ ਹੀ ਰਹਿਣਾ ਚਾਹੀਦਾ ਹੈ ਔਰ ਇਨ੍ਹਾਂ ਤੇ ਪਰਚਾ ਦਰਜ ਕਰਕੇ ਇਨ੍ਹਾਂ ਨੂੰ ਅਰੈਸਟ ਕਰਨਾ ਚਾਹੀਦਾ ਹੈ। (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲੋਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਫਿਰ ਲਗਾਇਆ ਗਿਆ) ਪੁਰਾਣੇ ਕੇਸ ਵਾਪਸ ਲਿਆਉਣੇ ਚਾਹੀਦੇ ਹਨ, ਇਨ੍ਹਾਂ ਦਾ ਕੋਈ ਵੀ ਕੇਸ ਸੀ.ਬੀ.ਆਈ. ਕੋਲ ਨਾ ਰਹੇ, ਸਾਰੇ ਕੇਸ ਇੱਥੇ ਆਉਣ। ਸੀ.ਐਮ. ਸਾਹਿਬ, ਮੈਂ ਫਿਰ ਉਹੀ ਤੁਕ ਕਹਿੰਦਾ ਹਾਂ, "ਨਾਂਅ ਵੱਜਣਾ ਬਾਬਲਾ ਤੇਰਾ, ਲੋਟਣ ਮਿੱਤਰਾਂ ਦੇ।" ਸੀ.ਐਮ. ਸਾਹਿਬ, ਸਾਡਾ ਨਾਮ ਨਹੀਂ, ਸਗੋਂ ਤੁਹਾਡਾ ਨਾਮ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕੋਈ ਰਿਪੋਰਟ ਬਣਾਈ ਸੀ, (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਸ ਤੇ ਐਕਸ਼ਨ ਲਿਆ ਸੀ ਔਰ ਮੇਰੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲਿਆ ਸੀ। "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥"

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੈ ਕਿ ਕੋਟਕਪੂਰਾ ਦੇ ਐਮ.ਐਲ.ਏ. ਸਰਦਾਰ ਕੁਲਤਾਰ ਸਿੰਘ ਅਤੇ ਬਰਗਾੜੀ ਦੇ ਐਮ.ਐਲ.ਏ. ਸਰਦਾਰ ਬਲਦੇਵ ਸਿੰਘ, ਇਹ ਉਨ੍ਹਾਂ ਹਲਕਿਆਂ ਦੇ ਵਿੱਚੋਂ ਹਨ, ਇਨ੍ਹਾਂ ਨੂੰ ਟਾਈਮ ਜ਼ਰੂਰ ਦਿੱਤਾ ਜਾਵੇ। ਮੇਰੀ ਬੇਨਤੀ ਹੈ ਜੀ, ਇਹ ਉੱਥੋਂ ਦੇ ਐਮ.ਐਲ.ਏ. ਹਨ। (ਵਿਘਨ..ਸ਼ੋਰ)। ਇਨ੍ਹਾਂ ਨੂੰ ਬੋਲਣ ਲਈ 2-2 ਮਿੰਟ ਦਾ ਟਾਈਮ ਦੇ ਦਿਓ ਜੀ। (ਵਿਘਨ..ਸ਼ੋਰ)। ਉਹ ਘੰਟਾ-ਘੰਟਾ ਬੋਲੇ ਹਨ। (ਵਿਘਨ..ਸ਼ੋਰ)।

**ਮਾਨਯੋਗ ਸਪੀਕਰ:** ਤੁਹਾਡੀ ਪਾਰਟੀ ਦੀ ਸਟਰੈਂਥ ਮੁਤਾਬਿਕ ਸਮਾਂ ਦਿੱਤਾ ਜਾ ਚੁੱਕਾ ਹੈ। (ਵਿਘਨ..ਸ਼ੋਰ)

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਮੇਰੇ 15 ਮਿੰਟ ਸਨ, ਮੈਂ ਮੁਸ਼ਕਿਲ ਨਾਲ 7-8 ਮਿੰਟ ਬੋਲਿਆ ਹਾਂ। ਮੇਰਾ ਟਾਈਮ ਇਨ੍ਹਾਂ ਨੂੰ ਦੇ ਦਿੱਤਾ ਜਾਵੇ ਜੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਤੁਹਾਡੇ 20 ਮੈਂਬਰਾਂ ਵਿੱਚੋਂ ਪੰਜ ਬੋਲ ਚੁੱਕੇ ਹਨ। (ਵਿਘਨ..ਸ਼ੋਰ) Many speakers have spoken from your side.

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਇਹ ਉਨ੍ਹਾਂ ਹਲਕਿਆਂ ਦੇ ਐਮ.ਐਲ.ਏ. ਹਨ। ਸਾਰਾ ਹਾਊਸ ਮੰਨੇ। (ਵਿਘਨ..ਸ਼ੋਰ)

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਇਹ ਦੋਨੋਂ ਉਸੀ ਪਿੰਡ ਦੇ ਹਨ, ਜਿੱਥੇ ਗੋਲੀ ਚੱਲੀ ਹੈ। ਅਸੀਂ ਸਾਰੇ ਰਿਕੁਐਸਟ ਕਰਦੇ ਹਾਂ ਕਿ ਉਨ੍ਹਾਂ ਨੂੰ ਦੋ-ਦੋ ਮਿੰਟ ਬੋਲ ਲੈਣ ਦਿਓ।

**ਮਾਨਯੋਗ ਸਪੀਕਰ:** ਹਾਂ ਜੀ, ਚਲੋ ਠੀਕ ਹੈ ਜੀ, ਸਰਦਾਰ ਬਲਦੇਵ ਸਿੰਘ ਜੀ।

**ਸਰਦਾਰ ਬਲਦੇਵ ਸਿੰਘ (ਜੈਤੋ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਹੀ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ। ਮੈਂ ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਹ ਰਿਪੋਰਟ ਪੇਸ਼ ਕੀਤੀ ਹੈ। ਇਹ ਬਹੁਤ ਗੰਭੀਰ ਮੁੱਦਾ ਹੈ ਜੀ। ਮੈਂ ਇੱਕ-ਦੋ ਸ਼ਬਦ ਸ਼ਾਇਦ ਤੁਹਾਡੇ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਖਿਲਾਫ ਵੀ ਬੋਲ ਸਕਦਾ ਹਾਂ ਪਰ ਤੁਸੀਂ ਵਿੱਚ ਨਾ ਬੋਲਿਓ, ਬਰਦਾਸ਼ਤ ਕਰ ਲੈਣਾ। ਤੁਹਾਡੇ ਹੱਕ ਦੀ ਗੱਲ ਹੈ। ਸਭ ਤੋਂ ਪਹਿਲਾਂ ਮੈਂ ਬੇਅਦਬੀ ਬਾਰੇ ਗੱਲ ਕਰਦਾ ਹਾਂ। ਜੋ ਅੱਜ ਬਹਿਸ ਹੋਈ ਹੈ। ਲਗਭਗ ਟੋਟਲ 600 ਸਫਿਆਂ ਦੇ ਉੱਤੇ ਸਾਰਿਆਂ ਨੇ ਬੋਲ ਹੀ ਦਿੱਤਾ ਹੈ। ਜਿਹੜੇ ਇੱਥੋਂ ਉੱਠ ਕੇ ਭੱਜ ਗਏ ਹਨ, ਮੈਂ ਉਨ੍ਹਾਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕਰਦਾ। ਮੈਂ ਇੱਕ ਦਿਨ ਇੱਕ ਸਿਆਣੇ ਬੰਦੇ ਕੋਲ ਬੈਠ ਗਿਆ। ਮੈਂ ਕਿਹਾ ਕਿ ਇਨ੍ਹਾਂ ਨੇ ਇੰਨਾ ਕੁਝ ਕਰ ਦਿੱਤਾ, ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਜ਼ਾ ਕਿਉਂ ਨਹੀਂ ਦਿੰਦੇ ਜਿਨ੍ਹਾਂ ਨੂੰ ਅਸੀਂ ਪਿਤਾ ਮੰਨਦੇ ਹਾਂ। ਉਹ ਬਹੁਤ ਸਿਆਣਾ ਬੰਦਾ ਸੀ, ਉਸ ਨੇ ਕਿਹਾ ਕਿ ਇਹ ਜ਼ਰੂਰੀ ਨਹੀਂ ਕਿ ਹੁਣੇ ਸਜ਼ਾ ਮਿਲ ਜਾਵੇ। ਉਹ ਕਹਿੰਦਾ ਹੈ ਕਿ ਸਮਾਂ ਆਵੇਗਾ ਅਤੇ ਇਨ੍ਹਾਂ ਦੀ ਕੁਲ ਖਤਮ ਹੋ ਜਾਵੇਗੀ। ਜੋ ਵੀ ਇਨ੍ਹਾਂ ਨੇ ਕੀਤਾ ਹੈ, ਉਸ ਲਈ ਇਨ੍ਹਾਂ ਦੀ ਕੁਲ ਖਤਮ ਹੋਵੇਗੀ। ਫਿਰ ਕਹਿੰਦਾ ਕਿ ਰੱਬ ਨੇੜੇ ਹੈ ਜਾਂ ਘਸੁੰਨ। ਰੱਬ ਨੇ ਕੁਲ ਤਾਂ ਬਾਅਦ ਵਿੱਚ ਖਤਮ ਕਰਨੀ ਹੈ। ਮੇਰੀ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਤੁਸੀਂ ਪਿੱਛੇ ਨਾ ਹਟਿਓ। ਇਨ੍ਹਾਂ ਨੂੰ ਚੰਗੀ ਤਰ੍ਹਾਂ ਠੋਕ ਦਿਓ। (ਥੰਪਿੰਗ)। ਮੈਂ ਹੁਣ ਕੁਝ ਸ਼ਬਦ ਬੋਲਾਂਗਾ, ਤੁਸੀਂ ਸੁਣ ਲੈਣਾ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ)। ਕਹਾਵਤ ਹੈ, "ਆਪੇ ਬੀਬੀ ਮੱਥਾ ਟੇਕਦੀ, ਆਪੇ ਬੁੱਢ ਸੁਹਾਗਣ।" (ਥੰਪਿੰਗ) ਮੁੱਖ ਮੰਤਰੀ ਸਾਹਿਬ ਜੀ, ਜਿਹੜੀ ਤੁਸੀਂ 600 ਪੰਨਿਆਂ ਦੀ ਕਮਿਸ਼ਨ ਦੀ ਰਿਪੋਰਟ ਬਣਾਈ ਹੈ, ਕੀ ਤੁਹਾਨੂੰ ਇਸ ਤੇ ਵਿਸ਼ਵਾਸ ਨਹੀਂ? ਤੁਸੀਂ ਕੇਸ ਸੀ.ਬੀ.ਆਈ. ਨੂੰ ਦੇਈ ਜਾਂਦੇ ਹੋ। (ਟਰੇਜ਼ਰੀ ਬੈਂਚਿਜ਼ ਵੱਲੋਂ ਹਾਸਾ) ਕਿਸੇ ਨੇ ਮੰਗ ਹੀ ਨਹੀਂ ਕੀਤੀ। ਮੇਰੀ ਹੱਥ ਬੰਨ ਕੇ ਬੇਨਤੀ ਹੈ ਕਿ ਇਹ ਸੀ.ਬੀ.ਆਈ. ਨੂੰ ਨਾ ਦਿੱਤੀ ਜਾਵੇ ਅਤੇ ਸਿੱਧਾ ਇਨ੍ਹਾਂ ਨੂੰ ਜੇਲ੍ਹਾਂ ਵਿੱਚ ਭੇਜੋ। (ਥੰਪਿੰਗ)

**ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸੀ.ਬੀ.ਆਈ. ਨੂੰ ਕੋਈ ਰਿਪੋਰਟ ਹੀ ਨਹੀਂ ਦਿੱਤੀ। ਜਿਹੜੀ ਪੁਰਾਣੀ ਹੈ, ਉਹ ਦਿੱਤੀ ਹੋਈ ਹੈ।

**ਸਰਦਾਰ ਬਲਦੇਵ ਸਿੰਘ:** ਹਾਂ ਜੀ, ਉਹ ਵਾਪਸ ਲੈ ਲਓ। ਦੂਸਰੀ ਬੇਨਤੀ ਇਹ ਹੈ ਕਿ ਜਿਹੜੇ ਕਾਂਡ ਹੋਏ ਹਨ, ਬੁਰਜ ਜਵਾਹਰ ਸਿੰਘ ਵਾਲਾ, ਬਰਗਾੜੀ, ਬਹਿਬਲ ਕਲਾਂ ਅਤੇ ਸਰਾਵਾਂ ਇਹ ਸਾਰੇ ਮੇਰੇ ਹਲਕੇ ਦੇ ਪਿੰਡ ਹਨ। ਸਪੀਕਰ ਸਾਹਿਬ, ਸਰਕਾਰ ਬਣੀ ਨੂੰ ਸਵਾ ਸਾਲ ਹੋ ਗਿਆ ਹੈ ਪਰ ਉਸ ਹਲਕੇ ਵਿੱਚ ਅੱਜ ਵੀ ਲੋਕ ਡਰੇ ਹੋਏ ਹਨ। ਅੱਜ ਵੀ ਜਦੋਂ ਲੰਗਰ ਲੈ ਕੇ ਜਾਂਦੇ ਹਾਂ ਤਾਂ ਉੱਥੇ ਬਰਗਾੜੀ ਵਿੱਚ ਧਰਨਾ ਲੱਗਿਆ ਹੋਇਆ ਹੈ। ਅੱਜ ਵੀ ਲੋਕ ਡਰੇ ਹੋਏ ਹਨ। ਜੇ ਇਹ ਜਾਂਚ ਸੀ.ਬੀ.ਆਈ. ਨੂੰ ਦੇ ਦਿੱਤੀ ਤਾਂ ਇਹ ਬਹੁਤ ਮਾੜੀ ਗੱਲ ਹੋਵੇਗੀ, ਇਹ ਸੀ.ਬੀ.ਆਈ. ਦੀ ਜਾਂਚ ਵਾਪਸ ਹੋਣੀ ਚਾਹੀਦੀ ਹੈ। ਬਹੁਤ ਸਾਰੇ ਬੰਦੇ ਜਿਨ੍ਹਾਂ ਦੇ ਗੋਲੀਆਂ ਲੱਗੀਆਂ ਹਨ, 3-4 ਮੇਰੀ ਨਿਗ੍ਹਾ ਦੇ ਵਿੱਚ ਹਨ। ਰੋੜੀਪੁਰਾ ਮੇਰੇ ਹਲਕੇ ਦੇ ਵਿੱਚ ਪੈਂਦਾ ਹੈ। ਸਪੀਕਰ ਸਾਹਿਬ, ਇੱਕ ਬੱਚੇ ਦੇ ਕੋਟਕਪੂਰੇ ਚੌਂਕ ਦੇ ਵਿੱਚ ਪੱਟ ਤੇ ਗੋਲੀ ਲੱਗੀ ਹੈ। ਉਹ ਸੱਤ-ਅੱਠ ਕਿਲੋਮੀਟਰ ਤੁਰ ਕੇ ਗਿਆ। ਚੌਂਕ ਦੇ ਵਿੱਚੋਂ ਮੁਕਤਸਰ ਰੋਡ ਤੋਂ ਬਾਹਰ ਨਿਕਲਦਿਆਂ ਸਾਰ ਹੀ ਸਾਡਾ ਸ਼ਹਿਰ ਹੈ।ਉਥੇ ਜਾ ਕੇ ਆਪਣੇ ਮਾਂ-ਪਿਓ ਨੂੰ ਕਹਿੰਦਾ ਕਿ ਮੇਰੇ ਗੋਲੀ ਲੱਗ ਗਈ ਹੈ ਤੇ ਮੈਨੂੰ ਲੈ ਕੇ ਚੱਲੋ। ਉਹ ਉਥੋਂ ਚੁੱਕ ਕੇ ਬਠਿੰਡਾ ਲੈ ਕੇ ਗਏ। ਬਠਿੰਡੇ ਵਾਲਿਆਂ ਨੇ ਪੰਜ-ਸੱਤ ਮਿੰਟ ਰੱਖ ਕੇ ਕਹਿ ਦਿੱਤਾ ਕਿ ਇਹ ਸਾਡੇ ਵੱਸ ਦੀ ਗੱਲ ਨਹੀਂ, ਫਿਰ ਮੁਕਤਸਰ ਜਾ ਕੇ ਉਹ ਗੋਲੀ ਕਢਵਾਈ।ਉਸ ਬੱਚੇ ਦਾ ਸ਼ਾਇਦ ਇਸ ਰਿਪੋਰਟ ਵਿੱਚ ਨਾਂ ਨਹੀਂ ਹੈ। ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਇੱਕ ਵਾਰ ਫਿਰ ਉਨ੍ਹਾਂ ਤੋਂ ਜ਼ਰੂਰ ਐਪਲੀਕੇਸ਼ਨ ਲੈ ਲੈਣੀਆਂ ਚਾਹੀਦੀਆਂ ਹਨ ਜਿਵੇਂ ਰਾਜਾ ਵੜਿੰਗ ਜੀ ਨੇ ਕਿਹਾ ਸੀ ਕਿ ਅਰਦਾਸ ਵਿੱਚ ਆਉਂਦਾ ਹੈ:

"ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ"

ਜੇ ਆਪਾਂ ਅਰਦਾਸ ਨੂੰ ਵੀ ਮੰਨਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਮੰਨਦੇ ਹਾਂ ਤੇ ਉਹ ਧਰਮ ਦੀ ਖਾਤਰ ਸ਼ਹੀਦ ਹੋਏ ਅਤੇ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦੇਣਾ ਬਣਦਾ ਹੈ।(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਬੇਨਤੀ ਕਰਾਂਗਾ ਕਿ ਇਹ ਮਤਾ ਪਾਸ ਕਰਕੇ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦੇਣਾ ਚਾਹੀਦਾ ਹੈ।ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੱਲ ਕਰਦੇ ਹਾਂ।ਅਗਲੀ ਮੈਂ ਬੇਨਤੀ ਕਰਾਂਗਾ ਇਹ ਪਿੰਡ ਜਿਹੜੇ ਹਨ, ਇਨ੍ਹਾਂ ਨੇ ਪਿਛਲੇ ਤਿੰਨਾਂ ਸਾਲਾਂ ਦੇ ਵਿੱਚ ਬਹੁਤ ਦੁੱਖ ਭੋਗਿਆ ਹੈ ਅਤੇ ਹੁਣ ਵੀ ਬਹੁਤ ਦੁੱਖ ਭੋਗ ਰਹੇ ਹਨ।ਉਨ੍ਹਾਂ ਤੇ ਮੱਲ੍ਹਮ ਲਾਉਣ ਦੀ ਖਾਤਰ ਮੁੱਖ ਮੰਤਰੀ ਸਾਹਿਬ ਜੀ ਤੁਹਾਨੂੰ ਰਿਕੁਐਸਟ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੁੱਖ ਮੰਤਰੀ

ਸਾਹਿਬ ਜੀ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਤਿੰਨਾਂ ਪਿੰਡਾਂ ਵਿੱਚ, ਉਨ੍ਹਾਂ ਬੱਚਿਆਂ ਦੀ ਯਾਦਗਾਰ ਵਿੱਚ ਜਿਵੇਂ ਸਰਾਵਾਂ ਪਿੰਡ ਤੋਂ ਗੁਰਜੀਤ ਸਿੰਘ ਸੀ, ਉਥੇ ਸੌ ਬਿਸਤਰਿਆਂ ਦਾ ਹਸਪਤਾਲ ਬਣਾਇਆ ਜਾਵੇ। ਉਨ੍ਹਾਂ ਦੀ ਯਾਦ ਵਿੱਚ ਹਸਪਤਾਲ ਬਣਾਇਆ ਜਾਵੇ ਤਾਂ ਕਿ ਇਲਾਕੇ ਦੇ ਲੋਕ ਉਸ ਹਸਪਤਾਲ ਵਿੱਚ ਆਪਣਾ ਇਲਾਜ ਕਰਵਾ ਸਕਣ। ਇਹ ਮੇਰੇ ਇਕੱਲੇ ਦੀ ਮੰਗ ਨਹੀਂ ਹੈ, ਬਲਕਿ ਮੇਰੇ ਹਲਕੇ ਵਾਲਿਆਂ ਦੀ ਮੰਗ ਹੈ। ਬਹਿਬਲ ਖੁਰਦ ਜਿੱਥੇ ਸ਼੍ਰੀ ਕ੍ਰਿਸ਼ਨ ਭਗਵਾਨ ਸ਼ਹੀਦ ਹੋਏ ਹਨ, ਉਥੇ ਇੱਕ ਨੈਸ਼ਨਲ ਸਟੇਡੀਅਮ ਬਣਨਾ ਚਾਹੀਦਾ ਹੈ ਤਾਂ ਕਿ ਜਿਨ੍ਹਾਂ ਨੇ ਧਰਮਾਂ ਦੀ ਖਾਤਰ ਸ਼ਹੀਦੀ ਦਿੱਤੀ ਹੈ, ਆਉਣ ਵਾਲੀਆਂ ਨਸਲਾਂ ਉਨ੍ਹਾਂ ਨੂੰ ਜਾਣ ਸਕਣ, ਉਥੇ ਸਟੇਡੀਅਮ ਬਣੇ। ਬੁਰਜ ਜਵਾਹਰ ਸਿੰਘ ਵਾਲੇ ਪਿੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਹੋਇਆ ਹੈ, ਉਸ ਦੇ ਉੱਤੇ ਉਸ ਪਿੰਡ ਵਿੱਚ ਸਿੱਖ ਇਤਿਹਾਸ ਨਾਲ ਸਬੰਧਿਤ ਇੱਕ ਸਕੂਲ ਬਣਾਇਆ ਜਾਵੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ ਤੇ ਸਕੂਲ ਦਾ ਨਾਮ ਰੱਖਿਆ ਜਾਵੇ। ਇਨ੍ਹਾਂ ਬੇਨਤੀਆਂ ਦੇ ਨਾਲ-ਨਾਲ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਮੱਲ੍ਹਮ ਲਗਾ ਦਿਓ ਅਤੇ ਜਿਹੜੇ ਪੁਲਿਸ ਵਾਲਿਆਂ ਦੇ ਇਸ ਵਿੱਚ ਨਾਂ ਆ ਗਏ ਹਨ, ਉਨ੍ਹਾਂ ਨੂੰ ਚੁੱਕ ਕੇ ਸਾਰਿਆਂ ਨੂੰ ਜੇਲ੍ਹ ਵਿੱਚ ਡੱਕੋ। ਬਾਜਾਖਾਨੇ ਥਾਣੇ ਵਿੱਚ ਜਿੰਨਿਆਂ ਦੇ ਉੱਤੇ ਰਿਪੋਰਟ ਦਿੱਤੀ ਹੈ, ਉਨ੍ਹਾਂ ਨੂੰ ਚੁੱਕ ਕੇ ਜੇਲ੍ਹ ਵਿੱਚ ਡੱਕ ਦਿੱਤਾ ਜਾਵੇ। ਦੂਸਰੇ ਨੰਬਰ ਤੇ ਜਿਹੜੇ ਪ੍ਰੇਮੀਆਂ ਨੇ ਬੇਅਦਬੀ ਕੀਤੀ ਹੈ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸਖਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਜਿਹੜੇ ਅੱਜ ਵੀ ਸਿੰਘ ਉਥੇ ਬੈਠੇ ਹਨ, ਅਤੇ ਜਿਨ੍ਹਾਂ ਦੀ ਮੰਗ ਹੈ ਕਿ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ, ਉਨ੍ਹਾਂ ਨੂੰ ਅੰਦਰ ਕੀਤਾ ਜਾਵੇ, ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਉਹ ਮੰਗ ਪੂਰੀ ਹੋਵੇ। ਜਿਹੜੇ ਪੁਲਿਸ ਵਾਲਿਆਂ ਨੇ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਹੈ, ਉਨ੍ਹਾਂ ਨੂੰ ਸਜ਼ਾ ਮਿਲੇ। ਤੀਸਰੀ ਮੰਗ ਹੈ ਕਿ ਜਿਨ੍ਹਾਂ ਬੰਦੀ ਸਿੱਖਾਂ ਨੇ ਆਪਣੀ ਜਿਹੜੀ ਸਜ਼ਾ ਪੂਰੀ ਕਰ ਲਈ ਹੈ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ ਕਿਉਂਕਿ ਜਿਨ੍ਹਾਂ ਦੀ ਸਜ਼ਾ ਹੀ ਪੂਰੀ ਹੋ ਗਈ ਤਾਂ ਉਨ੍ਹਾਂ ਨੂੰ ਰਿਹਾਅ ਕਰਨਾ ਬਣਦਾ ਹੈ। ਇੰਨੀਆਂ ਬੇਨਤੀਆਂ ਕਰਦਾ ਹੋਇਆ ਮੈਂ ਸਾਰੇ ਹਾਊਸ ਦਾ ਧੰਨਵਾਦ ਕਰਦਾ ਹਾਂ। ਮੈਂ ਆਪਣੇ ਹਲਕੇ ਦੀ ਗੱਲ ਵੀ ਕਰਨੀ ਚਾਹੁੰਦਾ ਸੀ। ਬਹੁਤ-ਬਹੁਤ ਧੰਨਵਾਦ। (ਵਿਘਨ)

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ):** ਸਪੀਕਰ ਸਾਹਿਬ, ਦੋ ਜਹਾਂ ਦੇ ਵਾਲੀ, ਬਾਣੀ ਕੇ ਬੋਹਿਥ, ਸ਼ਬਦ ਗੁਰੂ ਸੱਚੇ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਹੋਈ ਬੇਅਦਬੀ ਦੇ ਸਬੰਧ ਵਿੱਚ ਸਰਕਾਰ ਨੇ ਇੱਕ ਬਹੁਤ ਵੱਡੀ ਪਹਿਲ ਕੀਤੀ ਹੈ ਕਿਉਂਕਿ ਜਿਹੜੀ ਪਿਛਲੀ ਸਰਕਾਰ ਸੀ, ਉਸ ਨੇ ਇਸ ਉੱਤੇ ਹਰ ਤਰੀਕੇ ਨਾਲ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ ਇੱਕ ਫ਼ਰਮਾਨ ਕੀਤਾ ਹੋਇਆ ਹੈ:

"ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥

ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਇਸ ਗੱਲ ਤੇ, ਇਸ ਹੁਕਮ ਨੇ ਲੀਡਰ ਆਫ ਦਿ ਹਾਊਸ ਦੇ ਦਿਲ ਤੇ ਕੁਝ ਅਸਰ ਕੀਤਾ। ਉਨ੍ਹਾਂ ਨੂੰ ਸਮਝ ਲੱਗ ਗਈ ਕਿ ਇਹ ਸਰਕਾਰਾਂ, ਇਹ ਸਾਰੀਆਂ ਚੀਜ਼ਾਂ ਉਨੀ ਦੇਰ ਤੱਕ ਕਿਸੇ ਕੰਮ ਨਹੀਂ ਹਨ, ਇੱਕ ਤਰ੍ਹਾਂ ਦਾ ਹਰਾਮ ਹੀ ਹੈ, ਜੇ ਸਾਡੇ ਪਿਓ ਦੀ ਪੱਗ ਰੁਲੀ ਰਹੀ ਤੇ ਅਸੀਂ ਬਦਲਾ ਨਾ ਲਿਆ ਅਤੇ ਅਗਰ ਅਸੀਂ ਉਨ੍ਹਾਂ ਦੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੀ। ਵੈਸੇ ਚੰਗਾ ਹੁੰਦਾ ਜੇ ਸਾਡੇ ਪੰਥਕ ਅਖੌਤੀ ਲੀਡਰ ਇੱਥੇ ਬੈਠੇ ਹੁੰਦੇ ਕਿਉਂਕਿ ਗੱਲ ਰਿਪੋਰਟ ਦੀ ਹੈ। ਲਗਭਗ ਸਾਰਾ ਕੁਝ ਹੀ ਹੋ ਗਿਆ ਹੈ ਲੇਕਿਨ ਕੁਝ ਸਵਾਲ ਜਿਹੜੇ ਜ਼ਿਹਨ ਵਿੱਚ ਆਏ ਸੀ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਸੀ ਕਿ ਹੁਣ ਵੀ ਇਹ ਪਰਕਾਸ਼ ਟਰੇਡਿੰਗ ਕਾਰਪੋਰੇਸ਼ਨ, ਜਿਵੇਂ ਸੀ.ਐਮ. ਸਾਹਿਬ ਕਹਿੰਦੇ ਹੁੰਦੇ ਹਨ, ਪੀ.ਟੀ.ਸੀ. ਤੇ ਬੈਠੇ ਹਨ, ਉਨ੍ਹਾਂ ਨੂੰ ਕਹਿ ਕੇ ਜਵਾਬ ਦੇ ਦੇਣ ਕਿ ਜਦੋਂ ਬਰਗਾੜੀ ਕਾਂਡ ਵਾਪਰਿਆ, ਉਸ ਤੋਂ ਪਹਿਲਾਂ 1 ਜੂਨ, 2015 ਨੂੰ ਜਦੋਂ ਬੀੜ ਸਾਹਿਬ ਦੀ ਚੋਰੀ ਦੀ ਘਟਨਾ ਹੋਈ ਸੀ ਤੇ ਅਕਤੂਬਰ, 2015 ਤੱਕ ਬੇਅਦਬੀ ਖਿਲਾਫ਼ ਧਰਨਾ ਦੇ ਰਹੇ ਦੋ ਸਿੱਖ ਨੌਜਵਾਨਾਂ ਦਾ ਜਦੋਂ ਸਰਕਾਰੀ ਕਤਲ ਕੀਤਾ ਗਿਆ ਸੀ, ਉਦੋਂ ਇਹ ਚੁੱਪ ਕਿਉਂ ਰਹੇ? ਉਦੋਂ ਇਨ੍ਹਾਂ ਨੇ ਪਰਦਾ ਪਾਉਣ ਦੀ ਕੋਸ਼ਿਸ਼ ਕਿਉਂ ਕੀਤੀ? ਇਸ ਦਾ ਜਵਾਬ ਸਰਦਾਰ ਸੁਖਬੀਰ ਸਿੰਘ ਬਾਦਲ ਦੇਣ। ਇਹ ਅਕਾਲੀ ਨਹੀਂ ਹਨ, ਅਕਾਲੀਆਂ ਨੇ ਤਾਂ ਪੰਜਾਬ ਦੇ ਲਈ, ਦੇਸ਼ ਦੇ ਲਈ ਕੁਰਬਾਨੀਆਂ ਦਿੱਤੀਆਂ ਹਨ, ਇਹ ਤਾਂ ਕਾਲੇ ਕਾਰਨਾਮਿਆਂ ਵਾਲੀ ਸਰਕਾਰ ਸੀ।ਮੈਂ ਸਦਨ ਵਿੱਚ ਕਹਿੰਦਾ ਹਾਂ ਕਿ ਅਸੀਂ ਰਾਜਨੀਤੀ ਭੁਲਾ ਦੇਈਏ, ਐਸ.ਜੀ.ਪੀ.ਸੀ. ਬਾਰੇ ਜਦੋਂ ਮੈਂ ਰਿਪੋਰਟ ਨੂੰ ਪੜ੍ਹਿਆ ਤਾਂ ਉਸ ਵਿੱਚ ਕਿਹਾ ਸੀ ਕਿ ਇਨ੍ਹਾਂ ਨੇ ਕੋਈ ਕੋਆਪ੍ਰੇਸ਼ਨ ਨਹੀਂ ਕੀਤੀ, ਇਹ ਸਭ ਤੋਂ ਮਾੜੀ ਗੱਲ ਹੈ। ਜੇ ਐਸ.ਜੀ.ਪੀ.ਸੀ ਕੋਆਪਰੇਸ਼ਨ ਨਹੀਂ ਕਰਦੀ (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਜਿਹੜੀ ਉਸ ਦੀ ਡਿਊਟੀ ਬਣਦੀ ਹੈ....

**ਸਹਿਕਾਰਤਾ, ਜੇਲ੍ਹਾਂ ਮੰਤਰੀ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ):** ਐਸ.ਜੀ.ਪੀ.ਸੀ. ਦਾ ਪ੍ਰਧਾਨ ਉਨ੍ਹਾਂ ਦਾ ਆਪਣਾ ਬੰਦਾ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਬਿਲਕੁਲ ਠੀਕ ਜੀ, ਆਪਾਂ ਰਾਜਨੀਤਿਕ ਵਖਰੇਵੇਂ ਭੁੱਲ ਜਾਈਏ। ਫਿਰ ਆਪਾਂ ਨੂੰ ਜ਼ਿੰਦਗੀ ਦੇ ਵਿੱਚ ਕਿਸੇ ਗੱਲ ਦੀ ਕਮੀ ਨਹੀਂ ਆਉਣੀ। ਪ੍ਰਮਾਤਮਾ ਸਾਰਿਆਂ ਨੂੰ ਖੁਸ਼ੀਆਂ ਬਖਸ਼ੇਗਾ ਅਤੇ ਪੰਜਾਬ ਨੂੰ ਖੁਸ਼ਹਾਲੀ ਬਖਸ਼ੇਗਾ। ਮੈਨੂੰ ਨਹੀਂ ਪਤਾ, ਸਿੱਧੂ ਸਾਹਿਬ ਨੂੰ ਪਤਾ ਹੈ ਕਿ ਉੱਧਰ ਵਾਲੇ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਕਿੰਨੇ ਬਦਨਾਮ ਹਨ। ਮੈਨੂੰ ਇਹ ਗੱਲ ਕਹਿਣ ਵਿੱਚ ਕੋਈ

[ ਸਰਦਾਰ ਕੁਲਤਾਰ ਸਿੰਘ ਸੰਧਵਾਂ ]

ਸ਼ਰਮ ਨਹੀਂ ਹੈ ਕਿ ਆਪਾਂ ਸਾਰੇ ਰਲ਼ ਕੇ ਗੁਰਦੁਆਰਿਆਂ ਵਿੱਚੋਂ ਇਨ੍ਹਾਂ ** ** ਨੂੰ ਕੱਢ ਦੇਈਏ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਐਸ.ਏ.ਡੀ. ਦੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਉਸ ਸਮੇਂ ਦੇ ਜਿਹੜੇ ਡਿਪਟੀ ਕਮਿਸ਼ਨਰ ਸੀ, ਉਹ ਵੀ ਅੱਜ ਇੱਥੇ ਬੈਠੇ ਹੋਣਗੇ। ਜੇਕਰ ਮੈਂ ਇੱਥੇ ਗਲਤ ਹੋਵਾਂ ਤਾਂ ਉਨ੍ਹਾਂ ਤੋਂ ਕਲੈਰੀਫਿਕੇਸ਼ਨ ਲਈ ਜਾ ਸਕਦੀ ਹੈ ਕਿ ਮੈਂ ਗਲਤ ਤਾਂ ਨਹੀਂ ਕਹਿ ਰਿਹਾ। ਜੱਗੀ ਸਾਹਿਬ ਵੀ ਇੱਥੇ ਬੈਠੇ ਹੋਣਗੇ, ਉਨ੍ਹਾਂ ਤੋਂ ਵੀ ਤੁਸੀਂ ਪੁੱਛ ਸਕਦੇ ਹੋ ਕਿ ਕੁਲਤਾਰ ਸਿੰਘ ਗਲਤ ਤਾਂ ਨਹੀਂ ਕਹਿ ਰਿਹਾ। ਉਹ ਇਸ ਮਸਲੇ ਨੂੰ ਹੱਲ ਕਰਨ ਦੀ ਬਜਾਏ ਲਗਾਤਾਰ ਹਰ ਰੋਜ਼ ਨਵੀਂ ਉਲਝਣਾਂ ਅਤੇ ਨਵੀਆਂ ਗੁੰਝਲਾਂ ਪਾਉਂਦੇ ਗਏ। ਇਸ ਦਾ ਜਵਾਬ ਸੁਖਬੀਰ ਸਿੰਘ ਬਾਦਲ ਨੂੰ ਦੇਣਾ ਬਣਦਾ ਹੈ ਕਿ ਕਿਉਂ ਤੁਸੀਂ ਗੁੰਝਲ ਪਵਾਈ ਹੈ? ਜਿਹੜਾ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਹੈ, ਉਸ ਦੇ ਸਰਕਾਰ ਵਿੱਚ ਬੈਠਿਆਂ ਦੇ ਨਾਲ ਲਿੰਕ ਹਨ। ਇਹ ਵੀ ਦੱਸਣ ਕਿ ਬਿੱਟੂ ਦੇ ਸਰਕਾਰ ਦੇ ਵਿੱਚ ਨੇੜਲੇ ਸਬੰਧ ਸਨ ਜਾਂ ਨਹੀਂ ਸਨ। ਉਸ ਦੇ ਟੈਲੀਫੋਨ ਤੇ ਉਸ ਸਮੇਂ ਆਰਮ ਲਾਇਸੰਸ ਬਣਦੇ ਸੀ। ਇਹ ਡਿਪਟੀ ਕਮਿਸ਼ਨਰ ਸਾਹਿਬ ਵੀ ਦੱਸ ਸਕਦੇ ਹਨ। ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਤੇ ਕਿੰਤੂ ਕਰਨ ਵਾਲੇ ਇਹ ਸਾਬਕਾ ਸੱਤਾਧਾਰੀ ਟੀ.ਵੀ. ਕੋਲ ਬੈਠੇ ਹੋਣਗੇ, ਬਾਦਲ ਸਾਹਿਬ ਟੀ.ਵੀ. ਤੇ ਬੈਠੇ ਹੋਣਗੇ, ਜਦੋਂ ਤੁਸੀਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਕਿੰਤੂ ਕਰ ਰਹੇ ਹੋ ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਤੁਹਾਡਾ ਆਪਣਾ ਹੀ ਬਣਾਇਆ ਹੋਇਆ ਜ਼ੋਰਾ ਸਿੰਘ ਕਮਿਸ਼ਨ ਸੀ, ਉਸ ਦੀ ਰਿਪੋਰਟ ਜਨਤਕ ਕਿਉਂ ਨਹੀਂ ਕੀਤੀ? ਉਹ ਤਾਂ ਤੁਹਾਡਾ ਆਪਣਾ ਹੀ ਬਣਾਇਆ ਹੋਇਆ ਸੀ। ਉਸ ਦੀ ਰਿਪੋਰਟ ਨੂੰ ਲਾਗੂ ਵੀ ਨਹੀਂ ਕੀਤਾ ਅਤੇ ਉਸ ਨੂੰ ਜਨਤਕ ਵੀ ਨਹੀਂ ਕੀਤਾ। ਮੈਨੂੰ ਇਹ ਲੱਗਦਾ ਹੈ ਕਿ ਕਿਤੇ ਨਾ ਕਿਤੇ ਜਸਟਿਸ ਜ਼ੋਰਾ ਸਿੰਘ ਦੀ ਜ਼ਮੀਰ ਵੀ ਜਾਗੀ ਹੋਣੀ ਹੈ। ਸਿੱਖ ਭਾਈਚਾਰੇ ਨੇ ਗੁਰੂ ਸਾਹਿਬ ਦੀ ਬੇਅਦਬੀ ਦੇ ਪ੍ਰਤੀ ਅਤੇ ਅਤਿ ਘਿਨਾਉਣੇ ਕੰਮਾਂ ਖਿਲਾਫ ਸ਼ਾਂਤਮਈ ਸੰਘਰਸ਼ ਕੀਤਾ, ਇਹ ਸਾਰੇ ਜਾਣਦੇ ਹੀ ਹਨ ਪਰ ਸਰਕਾਰ ਨੇ ਇਸ ਨੂੰ ਹਿੰਸਕ ਰੂਪ ਦਿੱਤਾ, ਇਸ ਦਾ ਗਵਾਹ ਕੁਲਤਾਰ ਸਿੰਘ ਸੰਧਵਾਂ ਹੈ। ਅਸੀਂ ਉੱਥੇ ਇੱਕ ਐਨ.ਜੀ.ਓ. ਬਣਾਈ ਹੋਈ ਹੈ, 'ਭਾਈ ਘਨੱਈਆ ਕੈਂਸਰ ਰੋਕੂ ਲੋਕ ਸੇਵਾ ਸੁਸਾਇਟੀ', ਜਿਸ ਦਿਨ ਇਹ ਗੋਲੀ ਕਾਂਡ ਹੋਇਆ ਤਾਂ ਸਾਡੇ ਪ੍ਰਧਾਨ, ਗੁਰਪ੍ਰੀਤ ਸਿੰਘ ਜੰਡਬਾਜਾ ਨੇ ਕਿਹਾ ਕਿ ਕੁਲਤਾਰ ਨੂੰ ਚੌਂਕ ਜਾਣ ਦੀ ਲੋੜ ਨਹੀਂ, ਉਹ ਹਸਪਤਾਲ ਆ ਜਾਣ। ਅਸੀਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਪਹੁੰਚੇ, ਉੱਥੇ ਮੈਨੂੰ ਇੱਕ ਰੋਂਦੇ ਹੋਏ ਹੌਲਦਾਰ ਨੇ ਦੱਸਿਆ, he was crying, ਉਹ ਕਹਿਣ ਲੱਗਾ ਕਿ ਅਸੀਂ ਅਫਸਰਾਂ ਨੂੰ ਬਹੁਤ ਕਿਹਾ ਸੀ, ਇਹ ਤਾਂ ਪਾਪ ਕਰ ਰਹੇ ਹੋ। ਇਹ ਤਾਂ ਕਿਸੇ ਨੂੰ ਕੁਝ ਵੀ ਨਹੀਂ ਕਹਿ

** **Expunged as ordered by the Hon'ble Speaker.

ਰਹੇ ਪਰ ਉਨ੍ਹਾਂ ਨੇ ਸਾਡੀ ਗੱਲ ਨਹੀਂ ਮੰਨੀ ਅਤੇ ਗੋਲੀ ਚਲਾ ਦਿੱਤੀ। ਇਹ ਸਰਕਾਰ ਨੇ conspiracy ਕੀਤੀ ਹੈ। ਪੰਜਾਬ ਦੇ ਵਿੱਚ ਫਿਰਕਾਪ੍ਰਸਤੀ ਦੇ ਆਧਾਰ ਤੇ ਮਾਹੌਲ ਖਰਾਬ ਕਰਨ ਲਈ ਪਵਿੱਤਰ ਗੀਤਾ ਅਤੇ ਮੁਕੱਦਸ ਕੁਰਾਨ ਦੀ ਬੇਅਦਬੀ ਕਰਵਾਈ ਗਈ, ਜਿਸ ਦਾ ਦੋਸ਼ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਲਗਾਇਆ ਗਿਆ। ਝੂਠਾ ਦੋਸ਼ ਲਗਾਇਆ ਗਿਆ ਔਰ ਅੱਜ ਰਿਪੋਰਟ ਦੇ ਵਿੱਚ ਇਹ ਸਾਬਤ ਹੋ ਗਿਆ ਹੈ ਕਿ ਜਿਹੜਾ ਬੰਦਾ ਦੋਸ਼ੀ ਸੀ, ਜਿਹੜਾ ਵਿਜੇ ਕੁਮਾਰ ਸੀ, ਉਸ ਦੇ ਖਾਤੇ ਵਿੱਚ 90 ਲੱਖ ਰੁਪਏ ਜਮ੍ਹਾਂ ਹੋਏ। ਉਹ ਸੰਘ ਦਾ ਵਰਕਰ ਸੀ। ਇਸ ਚੀਜ਼ ਨੂੰ ਢੱਕ ਕੇ ਰੱਖਣ ਦੀ ਕੋਸ਼ਿਸ਼ ਕੀਤੀ ਗਈ। ਇੱਕ ਗੱਲ ਹੋਰ ਹੈ ਜੀ, ਜੇ ਸਰਕਾਰ ਕਹਿੰਦੀ ਹੈ ਕਿ ਇਹ ਡੈਲੀਬਰੇਟਲੀ ਨਹੀਂ ਹੋਇਆ। ਡਿਪਟੀ ਕਮਿਸ਼ਨਰ ਸਾਹਿਬ ਉਦੋਂ ਦੇ ਇੱਥੇ ਮੌਜੂਦ ਹਨ, ਉਹ ਦੱਸ ਸਕਦੇ ਹਨ ਕਿ ਸੁਬ੍ਹਾ 3.00 ਵਜੇ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਿਵਲ ਹਸਪਤਾਲ ਵਿੱਚ ਹਾਜ਼ਰ ਹੋਣ ਦਾ ਹੁਕਮ ਦਿੱਤਾ ਗਿਆ ਸੀ ਕਿ ਨਹੀਂ ਦਿੱਤਾ ਗਿਆ ਸੀ? 6.30 ਵਜੇ ਇਹ ਕਾਰਾ ਹੁੰਦਾ ਹੈ। 4.00 ਵਜੇ ਤੱਕ ਜਿੰਨੇ ਪੇਸ਼ੈਂਟ ਉਥੇ ਦਾਖਲ ਸੀ, ਜਿਹੜੇ ਜਾ ਸਕਦੇ ਸੀ, ਉਨ੍ਹਾਂ ਨੂੰ ਛੁੱਟੀ ਦੇ ਕੇ ਹਸਪਤਾਲ ਖਾਲੀ ਕਰਵਾਇਆ ਗਿਆ ਸੀ ਕਿ ਨਹੀਂ ਕਰਵਾਇਆ ਗਿਆ ਸੀ? ਮੈਂ ਇਹ ਪੁੱਛਣਾ ਚਾਹੁੰਦਾ ਹਾਂ। ਮਾਰਨ ਦਾ ਪਲਾਨ ਬਣਾਇਆ ਗਿਆ ਸੀ। ਪੰਜਾਬ ਨੂੰ ਅੱਗ ਲਗਾਉਣ ਦੀ ਸੋਚੀ ਸਮਝੀ ਸਾਜ਼ਿਸ਼ ਸੀ। ਅੱਛਾ, ਫਿਰ ਹੋਰ ਗੱਲ ਕਰਦੇ ਹਾਂ। ਜਿਹੜੀ ਹਿੰਮਤ ਵਾਲੇ ਦੀ ਤੁਸੀਂ ਗੱਲ ਕਰਦੇ ਹੋ। ਗਿਆਨੀ ਗੁਰਮਖ ਸਿੰਘ ਨੇ ਪ੍ਰੈਸ ਕਾਨਫਰੰਸ ਜ਼ਰੀਏ, ਇਨ੍ਹਾਂ ਦੇ, ਬਾਦਲ ਸਰਕਾਰ ਅਤੇ ਸੌਦਾ ਸਾਧ ਦੀ ਸਾਂਝ ਦੇ ਬਖੀਏ ਉਧੇੜੇ ਸੀ ਕਿ ਨਹੀਂ ਉਧੇੜੇ ਸੀ? ਇਹ ਦੱਸਣ। ਫਿਰ ਉਸ ਦਾ ਤਬਾਦਲਾ ਇਨ੍ਹਾਂ ਨੇ ਜੀਂਦ ਕਰ ਦਿੱਤਾ ਸੀ। ਜਦ ਤੱਕ ਉਸ ਨੂੰ ਦੁਬਾਰਾ ਸ੍ਰੀ ਅਕਾਲ ਤਖਤ ਸਾਹਿਬ ਤੇ ਨਿਯੁਕਤ ਕੀਤਾ ਗਿਆ ਅਤੇ ਸਾਡੇ ਅਖੌਤੀ ਪੰਥਕ ਆਗੂ ਇਹ ਸਪੱਸ਼ਟ ਕਰਨ ਕਿ ਗੁਰਮਖ ਸਿੰਘ ਵੱਲੋਂ ਉਸ ਵੇਲੇ ਲਗਾਏ ਦੋਸ਼ਾਂ ਦੇ ਆਧਾਰ ਤੇ ਅਕਾਲੀ ਆਗੂਆਂ ਦਾ ਕੀ ਸਪੱਸ਼ਟੀਕਰਨ ਹੈ? ਇਹ ਦੱਸਣ। ਉਦੋਂ ਉਹ ਸੱਚ ਬੋਲਦਾ ਸੀ ਕਿ ਅੱਜ ਉਸ ਦਾ ਹਿੰਮਤ ਸਿੰਘ ਸੱਚ ਬੋਲ ਰਿਹਾ ਹੈ? ਕੀ ਤੁਸੀਂ ਇਸ ਵਾਸਤੇ ਹਿੰਮਤ ਸਿੰਘ ਨੂੰ ਕਹੋਗੇ ਕਿ ਉਹ ਆਪਣਾ ਡੋਪ ਟੈਸਟ ਦੇਵੇ, ਜੇ ਤੁਹਾਡੇ ਨਾਲ ਹੈ, ਜੇ ਉਹ ਸੱਚਾ ਹੈ ਤਾਂ?

(ਕੁਝ ਆਵਾਜ਼ਾਂ : ਨਾਰਕੋ ਟੈਸਟ)

ਨਾਰਕੋ ਟੈਸਟ। ਡੋਪ ਟੈਸਟ ਦੀ ਇਨ੍ਹਾਂ ਨੂੰ ਲੋੜ ਹੈ। ਗੁਰੂ ਸਹੀ ਗੱਲ ਕਢਾ ਲੈਂਦਾ ਹੈ, ਉਹ ਨਾਰਕੋ ਟੈਸਟ ਦੇਵੇ। ਜਿਹੜੇ ਗਿਆਨੀ ਗੁਰਮਖ ਸਿੰਘ ਹਨ, ਉਨ੍ਹਾਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਉਹ ਬੜੇ ਸਨਮਾਨਜਨਕ ਥਾਂ ਤੇ ਹਨ। ਇੱਕ ਬੰਦਾ ਜਿਹੜਾ ਬਿਆਨ ਪਲਟਦਾ ਹੈ, ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਦੀ ਨਿਯੁਕਤੀ ਦਿੱਤੀ ਜਾਂਦੀ ਹੈ। ਇਸ ਤੋਂ ਵੱਡੀ ਘਿਨਾਉਣੀ ਸਾਜ਼ਿਸ਼, ਇਸ ਤੋਂ ਵੱਡਾ

ਘਿਨਾਉਣਾ ਕਾਰਾ ਹੋਰ ਕੀ ਹੋ ਸਕਦਾ ਹੈ? ਰੰਧਾਵਾ ਸਾਹਿਬ, ਬਾਜਵਾ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਦੁੱਖ ਹੁੰਦਾ ਹੈ ਜਦੋਂ ਰੁਪਿੰਦਰ ਤੇ ਜਸਵਿੰਦਰ 'ਤੇ ਇਨ੍ਹਾਂ ਨੇ ਉਹੀ ਦੋਸ਼ ਲਗਾਏ, ਜਿਹੜੇ ਆਪਣੇ ਤੇ ਲਗਾਏ ਹਨ। ਆਪਾਂ ਨੂੰ ਵੀ ਇਨ੍ਹਾਂ ਨੇ ਆਈ.ਐਸ.ਆਈ. ਵਾਲੇ ਬਣਾਇਆ ਹੈ । ਉਥੇ ਬਰਗਾੜੀ ਵਿਖੇ ਕਿੰਨੇ ਸੰਤ-ਮਹਾਂਪੁਰਸ਼, ਸਾਰੇ ਧਰਮਾਂ ਦੇ, ਹਿੰਦੂ, ਮੁਸਲਿਮ, ਸਿੱਖ, ਇਸਾਈ, ਜੈਨੀ, ਬੋਧੀ ਸਾਰੇ ਉਥੇ ਜਾ ਕੇ ਆਏ ਹਨ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ, ਸੱਚੇ ਪਾਤਸ਼ਾਹ ਨੂੰ, ਧੰਨ ਧੰਨ ਮਹਾਰਾਜ ਨੂੰ ਸਾਰੇ ਪਿਆਰ ਕਰਦੇ ਹਨ । ਉਹ ਚਾਹੁੰਦੇ ਹਨ ਕਿ ਦੋਸ਼ੀ ਨੰਗੇ ਹੋਣ। ਤੁਸੀਂ ਉਨ੍ਹਾਂ ਨੂੰ ਆਈ.ਐਸ.ਆਈ. ਵਾਲੇ ਬਣਾ ਦਿੱਤਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਏ.ਡੀ.ਜੀ.ਪੀ. ਸਹੋਤਾ ਸਾਹਿਬ ਹਨ, ਉਹ ਵੀ ਦੱਸਣਗੇ ਕਿ ਆਈ.ਐਸ.ਆਈ. ਵਾਲੀ ਇਨਪੁਟ ਸੁਖਬੀਰ ਸਿੰਘ ਬਾਦਲ ਤੁਹਾਨੂੰ ਦੇ ਕੇ ਗਿਆ ਸੀ ਕਿ ਕਿੱਥੋਂ ਆਈ ਸੀ? ਇਹ ਜ਼ਰਾ ਦੇਖਣੀ ਚਾਹੀਦੀ ਹੈ। ਇਨ੍ਹਾਂ ਦੀ ਇਨਵੈਸਟੀਗੇਸ਼ਨ ਕਰੋ ਕਿ ਆਈ.ਐਸ.ਆਈ. ਹਰ ਵਾਰੀ ਤੁਹਾਡੇ ਸਾਹਮਣੇ ਕਿਉਂ ਆ ਜਾਂਦੀ ਹੈ। ਸਾਡੇ ਗੁਰੂ ਦਾ ਅਪਮਾਨ ਹੋਇਆ, ਸਾਡੇ ਪੰਜਾਬ ਵਿੱਚ ਹੋਇਆ, ਸਾਡੀ ਅਖੌਤੀ ਪੰਥਕ ਸਰਕਾਰ ਦੇ ਸਮੇਂ ਵਿੱਚ ਹੋਇਆ ਅਤੇ ਉਸ ਦਾ ਦੋਸ਼ ਵੀ ਸਾਡੇ ਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਗਈ। ਇਹ ਤਾਂ ਗੁਰੂ ਨੇ ਬਚਾ ਲਿਆ। ਇਸ ਤੋਂ ਮਾੜੀ ਗੱਲ ਤਾਂ ਕੋਈ ਹੋ ਹੀ ਨਹੀਂ ਸਕਦੀ ਸੀ। ਅੰਤ ਵਿੱਚ ....

**ਮਾਨਯੋਗ ਸਪੀਕਰ :** ਸੰਧਵਾਂ ਸਾਹਿਬ, ਵਾਈਂਡ ਅੱਪ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਰ, ਮੈਂ ਬਿਲਕੁੱਲ ਵਾਈਂਡ ਅੱਪ ਕਰ ਰਿਹਾ ਹਾਂ। ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਸਮਾਂ ਦਿੱਤਾ ਹੈ ਪਰ ਥੋੜ੍ਹੀ ਜਿਹੀ ਤੁਸੀਂ ਕੰਜੂਸੀ ਕਰ ਜਾਂਦੇ ਹੋ, ਸਾਡੇ ਹੋਰ ਸਾਥੀਆਂ ਨੇ ਵੀ ਬੋਲਣਾ ਸੀ। ਮੈਂ ਸੀ.ਐਮ. ਸਾਹਿਬ ਦਾ ਵੀ ਬਹੁਤ ਧੰਨਵਾਦੀ ਹਾਂ ਅਤੇ ਤੁਹਾਡਾ ਵੀ ਕਿਉਂਕਿ ਤੁਸੀਂ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਦੂਜੇ ਸਾਥੀਆਂ ਨੂੰ ਵੀ ਸਮਾਂ ਦੇ ਦਿਓ ਕਿਉਂਕਿ ਗੁਰੂ ਦੇ ਪ੍ਰਤੀ ਸਾਰਿਆਂ ਦਾ ਸਤਿਕਾਰ ਹੈ ....

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਆਪਣੀ ਗੱਲ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਸਰ, ਸਾਰਿਆਂ ਦੇ ਨਾਲ ਹੀ ਹਾਂ ਜੀ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਕਰੋ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਦੋ-ਦੋ ਮਿੰਟ ਸੀ.ਐਮ. ਸਾਹਿਬ ਤੁਸੀਂ ਕਰਵਾ ਦੇਣਾ ਜੀ। ਅੰਤ ਵਿੱਚ ਮੈਂ ਇੱਕ ਗੱਲ ਕਹਿੰਦਾ ਹਾਂ। ਇਹ ਸਦਨ ਸਰਕਾਰ ਤੋਂ ਤੁਹਾਡੇ ਰਾਹੀਂ ਹੱਥ ਜੋੜ ਕੇ, ਪੈਰ੍ਹੀਂ ਪੈ ਕੇ, ਜਿਸ ਤਰ੍ਹਾਂ ਤੁਸੀਂ ਕਹੋ, ਜ਼ੋਰਦਾਰ ਮੰਗ ਕਰਦਾ ਹੈ ਕਿ ਬੇਅਦਬੀ ਕਾਂਡ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਦੇ ਦੋਸ਼ੀ ਪੁਲਿਸ ਅਧਿਕਾਰੀਆਂ,

ਸਿਆਸਤਦਾਨਾਂ ਤੇ ਕਾਰਵਾਈ ਕਰਨ ਦੇ ਨਾਲ-ਨਾਲ, ਡੇਰਾ ਮੁਖੀ ਨੂੰ ਵੀ ਉਥੋਂ ਰਿਮਾਂਡ ਤੇ ਲਿਆ ਕੇ ਸਖਤੀ ਨਾਲ ਪੁੱਛਗਿਛ ਕੀਤੀ ਜਾਵੇ । (ਥੰਪਿੰਗ) ਇਹ ਬਹੁਤ ਵੱਡੀ ਮੰਗ ਹੈ। ਉਨ੍ਹਾਂ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾਵੇ ਕਿਉਂਕਿ ਉਸ ਦੇ ਨਾਲ ਮੌੜ ਬੰਬ ਕਾਂਡ ਵੀ ਜੁੜਿਆ ਹੈ। ਉਸ ਦੇ ਵਿੱਚ ਬੱਚੇ ਮਰੇ ਸੀ ਜੀ, ਉਸ ਦੀਆਂ ਤਾਰਾਂ ਵੀ ਉਥੇ ਜਾਂਦੀਆਂ ਹਨ। ਸੋ, ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ। ਬਾਕੀ ਇਹ (ਸ਼੍ਰੋਮਣੀ ਅਕਾਲੀ ਦਲ ਬੈਂਚਿਜ਼ ਵੱਲ ਇਸ਼ਾਰਾ) ਪਤਾ ਨਹੀਂ ਕਿੱਥੇ ਗਏ ਹਨ ? ਪਤਾ ਨਹੀਂ ਆਪਣੇ ਪਿਤਾ ਜੀ ਤੋਂ ਅਸ਼ੀਰਵਾਦ ਲੈਣ ਗਏ ਹਨ, ਇਹ ਜਵਾਬ ਦੇ ਦੇਣ। ਬਾਕੀ ਗੱਲ ਇਹ ਹੈ, ਕੈਪਟਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਪਾਤਸ਼ਾਹੀਆਂ ਗੁਰੂ ਨੇ ਬਖਸ਼ਣੀਆਂ ਹਨ, ਅਕਾਲ ਪੁਰਖ ਨੇ ਬਖਸ਼ਣੀਆਂ ਹਨ। ਉਹ ਬਖਸ਼ ਦਿੰਦਾ ਹੈ। ਜਦੋਂ-ਜਦੋਂ, ਜਿਸਦੇ-ਜਿਸਦੇ ਸਿਰ ਤੇ ਉਸ 'ਪਿਤਾ ਜੀ' ਨੇ ਹੱਥ ਰੱਖਿਆ, ਉਸ ਦਾ ਟਪਲੂ ਲੱਗਿਆ। ...(ਹਾਸਾ)... ਪਹਿਲਾਂ ਕਾਂਗਰਸ ਨੂੰ, ਫਿਰ ਅਕਾਲੀ ਦਲ ਨੂੰ। ਆਹ ਦੇਖੋ ਇੱਥੇ ਠੋਕੇ ਪਏ ਹਨ। ਸੱਚ ਨਾਲ ਖੜ੍ਹ ਜਾਈਏ ਤਾਂ ਪੰਜਾਬ ਪੀੜ੍ਹੀਆਂ ਤੱਕ ਬਚ ਜਾਵੇਗਾ। ਗੁਰਬਾਣੀ ਵਿੱਚ ਆਉਂਦਾ ਹੈ:

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨਾ ਆਵਈ ਤ ਵਾਤ ਨ ਪੁਛੈ ਕੇ॥

**ਮਾਨਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ:** ਸਪੀਕਰ ਸਾਹਿਬ, ਮੈਨੂੰ ਸਿਰਫ ਇੱਕ ਗੱਲ ਕਰ ਲੈਣ ਦਿਉ।ਇਹ ਗੁਰੂ ਦੀ ਗੱਲ ਹੈ। ਤੁਹਾਡੀ ਬਹੁਤ ਮਿਹਰਬਾਨੀ । ਗੁਰੂ ਸਾਹਿਬ ਕਹਿੰਦੇ ਹਨ ਕਿ : 'ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ' ਜਿਹੜੇ ਬੰਦਿਆਂ ਦੇ ਦਰਬਾਰ ਹਨ, ਜਿਹੜਾ ਅੱਜ ਆਪਣਾ ਦਰਬਾਰ ਲੱਗਿਆ ਹੋਇਆ ਹੈ, ਪੰਜਾਬ ਦੀ ਕਚਹਿਰੀ ਦਾ ਲੱਗਿਆ ਹੋਇਆ ਹੈ, ਇਸ ਦੇ ਵਿੱਚੋਂ ਕੋਈ ਨੱਸ-ਭੱਜ ਕੇ ਨਿਕਲ ਸਕਦਾ ਹੈ, 'ਹਰਿ ਦੀਬਾਣਹੁ ਕੋਈ ਕਿਥੈ ਜਾਇਆ॥' ਪ੍ਰਮਾਤਮਾ ਦੀ ਕਚਹਿਰੀ ਵਿੱਚੋਂ ਤਾਂ ਕੋਈ ਭੱਜ ਨਹੀਂ ਸਕਦਾ । ਸਜ਼ਾ ਮਿਲਣੀ ਹੀ ਮਿਲਣੀ ਹੈ ਜੇ ਤੁਸੀਂ ਦੇ ਦਿਉਗੇ ਤਾਂ ਸਿਹਰਾ ਤੁਹਾਡੇ ਸਿਰ ਹੀ ਜਾਵੇਗਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਸਰਦਾਰ ਕੁਲਦੀਪ ਸਿੰਘ ਵੈਦ (ਬੁਲਾਰਾ):** ਆਨਰੇਬਲ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਮੈਂ ਸਿਰਫ ਇੱਕ ਮਿੰਟ ਹੀ ਲੈਣਾ ਹੈ। ਮੈਂ ਹਾਊਸ ਦੀ ਜਾਣਕਾਰੀ ਵਾਸਤੇ ਔਰ ਆਨਰੇਬਲ ਸੀ.ਐਮ. ਸਾਹਿਬ ਤੇ ਹਾਊਸ ਨੂੰ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਮੀਟਿੰਗ ਬੁਲਾ ਕੇ ਜਿਹੜੀ ਜਸਟਿਸ ਰਣਜੀਤ ਸਿੰਘ ਰਿਪੋਰਟ ਹੈ, ਉਸ ਨੂੰ ਖਾਰਜ

ਕੀਤਾ ਹੈ। ਮੈਂ ਚਾਹੁੰਦਾ ਹਾਂ ਕਿ ਇਹੋ ਜਿਹਾ ਮਤਾ ਹਾਊਸ ਲੈ ਕੇ ਆਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਰਫ ਅਕਾਲੀ ਦਲ ਦੀ ਨਹੀਂ ਹੈ, ਇਹ ਸਿੱਖਾਂ ਦੀ ਸਾਂਝੀ ਐਸ.ਜੀ.ਪੀ.ਸੀ. ਹੈ। ਇਸ ਲਈ ਕੋਈ ਇਹੋ ਜਿਹਾ ਮਤਾ ਲਿਆਂਦਾ ਜਾਵੇ, ਅਸੀਂ ਉਨ੍ਹਾਂ ਨੂੰ ਡਾਇਰੈਕਟ ਤਾਂ ਨਹੀਂ ਕਰ ਸਕਦੇ । ਪਰ ਉਨ੍ਹਾਂ ਨੂੰ ਬੇਨਤੀ ਜ਼ਰੂਰ ਕਰ ਸਕਦੇ ਹਾਂ ਕਿ ਇਹ ਜਿਹੜੇ ਸਾਰੇ ਬੰਦੇ ਬੈਠੇ ਹਨ, ਸਾਰਾ ਪੰਜਾਬ ਐਸ.ਜੀ.ਪੀ.ਸੀ. ਦਾ ਹੈ, ਐਸ.ਜੀ.ਪੀ.ਸੀ. ਇਕੱਲੀ ਅਕਾਲੀ ਦਲ ਦੀ ਨਹੀਂ ਹੈ। ਇਹ ਮੈਂ ਚਾਹੁੰਦਾ ਸੀ ਕਿ ਇੱਕ ਮਤਾ ਲਿਆ ਕੇ ਐਸ.ਜੀ.ਪੀ.ਸੀ. ਦੇ ਮੈਂਬਰਾਂ ਨੂੰ ਅਤੇ ਉਨ੍ਹਾਂ ਦੇ ਪ੍ਰਧਾਨ ਨੂੰ ਬੇਨਤੀ ਕੀਤੀ ਜਾਵੇ ਕਿ ਇਹ ਸਾਰੇ ਸਿੱਖਾਂ ਦੀ ਸਾਂਝੀ ਹੈ...ਆਪਾਂ ਐਸ.ਜੀ.ਪੀ.ਸੀ.ਨੂੰ ਬੇਨਤੀ ਕਰਾਂਗੇ, ਆਪਾਂ ਉਸ ਨੂੰ ਡਾਇਰੈਕਟ ਨਹੀਂ ਕਰਦੇ ।

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਜੀ।

**ਸਹਿਕਾਰਤਾ, ਜੇਲ੍ਹਾਂ ਮੰਤਰੀ :** ਸਪੀਕਰ ਸਾਹਿਬ, ਇਹ ਹਾਊਸ ਵਿੱਚ ਜਿਹੜਾ ਕਮਿਸ਼ਨ ਬਣਿਆ ਹੈ, ਉਸ ਦੀ ਰਿਪੋਰਟ ਆਈ। ਸ਼੍ਰੋਮਣੀ ਕਮੇਟੀ ਇੱਕ ਇਲੈਕਟਿਡ ਬਾਡੀ ਹੈ, ਉਹ ਧਾਰਮਿਕ ਬਾਡੀ ਨਹੀਂ ਹੈ । ਉਸ ਨੇ ਜਿਹੜੀ ਰਿਪੋਰਟ ਰਿਜੈਕਟ ਕੀਤੀ ਹੈ, ਸਾਨੂੰ ਹਾਊਸ ਵਿੱਚ ਮਤਾ ਲਿਆ ਕੇ ਕੰਡੈਮਨੇਸ਼ਨ ਪਾਉਣੀ ਚਾਹੀਦੀ ਹੈ ਔਰ ਉਸ ਦੇ ਉਤੇ ਐਕਸ਼ਨ ਲੈਣਾ ਚਾਹੀਦਾ ਹੈ ਤਾਂਕਿ ਕੋਈ ਦੁਬਾਰਾ ਗਲਤ ਗੱਲ ਨਾ ਕਰ ਸਕਣ। (ਵਿਘਨ) ਜ਼ੋਰਾ ਸਿੰਘ ਵੇਲੇ ਮਤਾ ਕਿਉਂ ਨਹੀਂ ਪਾਇਆ ?

**ਸਥਾਨਕ ਸਰਕਾਰ ਮੰਤਰੀ:** ਸਪੀਕਰ ਸਾਹਿਬ, ਇਹ ਅੱਜ ਸਾਡੇ ਖਿਲਾਫ ਮਤਾ ਪਾਉਂਦੇ ਹਨ ਤਾਂ ਇਨ੍ਹਾਂ ਨੇ ਪਹਿਲਾਂ ਮਤਾ ਕਿਉਂ ਨਹੀਂ ਪਾਇਆ?

(**ਇੱਕ ਅਵਾਜ਼:** ਬਰੀਚ ਆਫ ਪ੍ਰੀਵਿਲੇਜ ਦਾ ਮਤਾ ਆਉਣਾ ਚਾਹੀਦਾ ਹੈ।)

**ਸਹਿਕਾਰਤਾ, ਜੇਲ੍ਹਾਂ ਮੰਤਰੀ:** ਸਪੀਕਰ ਸਾਹਿਬ, ਇਹ ਜਿਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੈ, ਉਹ ਸਿਰਸੇ ਵਾਲੇ ਬਾਬੇ ਦਾ ਚੇਲਾ ਹੈ, ਉਸ ਦੇ ਚਰਨਾਂ ਵਿੱਚ ਬੈਠ ਕੇ ਉਸ ਨੇ ਵੋਟਾਂ ਮੰਗੀਆਂ, ਉਸ ਨੂੰ ਤਨਖਾਹੀਆ ਕਰਾਰ ਕੀਤਾ ਗਿਆ ਅਤੇ ਉਸ ਤੋਂ ਬਾਅਦ ਉਸੇ ਬੰਦੇ ਨੂੰ ਇਸੇ ਅਕਾਲੀ ਦਲ ਵਾਲੇ, ਸੁਖਬੀਰ ਸਿੰਘ ਬਾਦਲ ਨੇ ਜਿਹੜਾ ਆਪ ਉਸ ਸਿਰਸੇ ਵਾਲੇ ਨੂੰ 'ਪਿਤਾ ਜੀ' ਕਹਿੰਦਾ ਹੈ ਫਿਰ ਉਸ ਦੇ ਚੇਲੇ ਨੂੰ ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ । ਅਸੀਂ ਸਿੱਖ ਕੌਮ, ਪੂਰਾ ਪੰਜਾਬ ਇਸ ਦੀ ਕੰਡੈਮਨੇਸ਼ਨ ਕਰਦਾ ਹੈ ਤੇ ਹਾਊਸ ਮਤਾ ਪਾਸ ਕਰੇ ਕਿ ਜੋ ਉਨ੍ਹਾਂ ਨੇ ਕੀਤਾ ਹੈ, ਉਸ ਦੀ ਅਸੀਂ ਨਿਖੇਧੀ ਕਰਦੇ ਹਾਂ ਅਤੇ ਉਸ ਨੂੰ ਅਸੀਂ ਨਾ ਮਨਜ਼ੂਰ ਕਰਦੇ ਹਾਂ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਤੁਸੀਂ ਬਰੀਚ ਆਫ ਪ੍ਰੀਵਿਲੇਜ ਦਾ ਮੋਸ਼ਨ ਮੂਵ ਕਰੋ।

(ਇਸ ਸਮੇਂ ਸਥਾਨਕ ਸਰਕਾਰ ਮੰਤਰੀ, ਸਹਿਕਾਰਤਾ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਤਾ ਪੇਸ਼ ਕਰਨ ਦੀ ਮੰਗ ਕਰ ਰਹੇ ਸਨ।)

**ਸਥਾਨਕ ਸਰਕਾਰ ਮੰਤਰੀ:** ਸਪੀਕਰ ਸਾਹਿਬ, ਬਰੀਚ ਆਫ ਪ੍ਰੀਵਿਲੇਜ ਮੋਸ਼ਨ ਮੂਵ ਕਰਨੀ ਚਾਹੀਦੀ ਹੈ।

**ਮਾਨਯੋਗ ਸਪੀਕਰ:** ਹਾਂ ਜੀ, ਫੂਲਕਾ ਜੀ।

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਸਪੀਕਰ ਸਾਹਿਬ, ਇੱਕ ਮਿੰਟ ਦਿਉ ਜੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਇਹ ਇੱਕ attempt ਹੈ to over reach the House. ਹਾਊਸ ਨੇ ਜਿਸ ਦਿਨ ਮੈਟਰ ਡਿਸਕਸ ਕਰਨਾ ਹੈ, ਉਸ ਤੋਂ ਪਹਿਲਾਂ ਉਨ੍ਹਾਂ ਦਾ ਰਿਪੋਰਟ ਰਿਜੈਕਟ ਕਰਨ ਕੋਈ ਮਤਲਬ ਨਹੀਂ ਹੈ। ਰਿਪੋਰਟ ਅਜੇ ਤੱਕ ਹਾਊਸ ਵਿਚ ਲੇਅ ਨਹੀਂ ਹੋਈ। ਜੇਕਰ ਉਹ ਰਿਪੋਰਟ ਦੀ ਸਪੋਰਟ ਨਹੀਂ ਕਰ ਸਕਦੇ ਤਾਂ ਉਸ ਰਿਪੋਰਟ ਨੂੰ ਐਸ.ਜੀ.ਪੀ.ਸੀ. ਨੂੰ ਰਿਜੈਕਟ ਕਰਨ ਦਾ ਮਤਲਬ ਨਹੀਂ ਸੀ। ਇਹ over reach ਦਾ ਇੱਕ preemptive attempt ਸੀ। ਇਸ ਲਈ ਹਾਊਸ ਦੀ ਪ੍ਰੋਸੀਡਿੰਗਜ਼ ਬਾਰੇ ਬਰੀਚ ਆਫ ਪ੍ਰੀਵਿਲੇਜ ਮੋਸ਼ਨ ਐਸ.ਜੀ.ਪੀ.ਸੀ. ਦੇ ਪ੍ਰਧਾਨ ਖਿਲਾਫ ਮੂਵ ਕਰੋ ਜੀ।

**ਮਾਨਯੋਗ ਸਪੀਕਰ:** ਹਾਂ ਜੀ, ਸਿੱਧੂ ਸਾਹਿਬ।

**ਸਥਾਨਕ ਸਰਕਾਰ ਮੰਤਰੀ:** ਸਪੀਕਰ ਸਾਹਿਬ, ਇਸ ਹਾਊਸ ਦੇ ਵਿੱਚ ਤਿੰਨ ਕਰੋੜ ਪੰਜਾਬੀਆਂ ਦੀ ਅਵਾਜ਼ ਬੋਲਦੀ ਹੈ। ਇਸ ਕਰਕੇ ਕੋਈ ਇਸ ਮੁਕੱਦਸ ਹਾਊਸ ਦੇ ਉੱਤੋਂ ਨਹੀਂ ਹੈ। ਜੇ ਹਾਊਸ ਚਾਹਵੇ ਤਾਂ ਬਰੀਚ ਆਫ ਪ੍ਰੀਵਿਲੇਜ ਮੋਸ਼ਨ ਮੂਵ ਕਰ ਸਕਦੇ ਹਾਂ ਔਰ ਕਰਨੀ ਚਾਹੀਦੀ ਹੈ ਔਰ 100 ਫੀਸਦੀ ਅੱਜ ਹੀ ਕਰਨੀ ਚਾਹੀਦੀ ਹੈ।

---

## PRIVILEGE MOTION AGAINST THE SHIROMANI GURDWARA PRABHANDHAK COMMITTEE FOR REJECTING THE REPORT OF JUSTICE RANJIT SINGH COMMISSION IN ITS MEETING EVEN BEFORE THE PRESENTATION OF THE SAID REPORT IN THE HOUSE

**ਮਾਨਯੋਗ ਸਪੀਕਰ :** ਹੁਣ ਸੰਸਦੀ ਮਾਮਲੇ ਮੰਤਰੀ ਮਤਾ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਮਹਿਸੂਸ ਕਰਦਾ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਦਨ ਵਿੱਚ ਪੇਸ਼ ਹੋਣ ਤੋਂ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਬੁਲਾ ਕੇ ਅਤੇ ਇਸ ਰਿਪੋਰਟ ਨੂੰ ਖਾਰਜ ਕਰਕੇ ਸਦਨ ਦੀ ਮਾਣ ਮਰਿਆਦਾ ਦਾ ਹਨਨ ਕੀਤਾ ਹੈ। ਇਹ ਸਦਨ ਮੰਗ ਕਰਦਾ ਹੈ ਕਿ ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਿਰੁੱਧ ਕਾਰਵਾਈ ਕਰਨ ਹਿੱਤ ਮਾਮਲਾ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ –

"ਕਿ ਇਹ ਸਦਨ ਮਹਿਸੂਸ ਕਰਦਾ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਦਨ ਵਿੱਚ ਪੇਸ਼ ਹੋਣ ਤੋਂ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਬੁਲਾ ਕੇ ਅਤੇ ਇਸ ਰਿਪੋਰਟ ਨੂੰ ਖਾਰਜ ਕਰਕੇ ਸਦਨ ਦੀ ਮਾਣ ਮਰਿਆਦਾ ਦਾ ਹਨਨ ਕੀਤਾ ਹੈ। ਇਹ ਸਦਨ ਮੰਗ ਕਰਦਾ ਹੈ ਕਿ ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਿਰੁੱਧ ਕਾਰਵਾਈ ਕਰਨ ਹਿੱਤ ਮਾਮਲਾ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

"ਕਿ ਇਹ ਸਦਨ ਮਹਿਸੂਸ ਕਰਦਾ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਸਦਨ ਵਿੱਚ ਪੇਸ਼ ਹੋਣ ਤੋਂ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਬੁਲਾ ਕੇ ਅਤੇ ਇਸ ਰਿਪੋਰਟ ਨੂੰ ਖਾਰਜ ਕਰਕੇ ਸਦਨ ਦੀ ਮਾਣ ਮਰਿਆਦਾ ਦਾ ਹਨਨ ਕੀਤਾ ਹੈ। ਇਹ ਸਦਨ ਮੰਗ ਕਰਦਾ ਹੈ ਕਿ ਮਾਮਲੇ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਿਰੁੱਧ ਕਾਰਵਾਈ ਕਰਨ ਹਿੱਤ ਮਾਮਲਾ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

***ਪ੍ਰਸਤਾਵ ਪ੍ਰਵਾਨ ਹੋਇਆ।***

-------

## DISCUSSION ON THE REPORT OF JUSTICE (RETD.) SHRI RANJIT SINGH COMMISSION OF ENQUIRY ALONGWITH ACTION TAKEN REPORT THEREON

## *(Resumption)*

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਭਾਵੇਂ ਮੈਂ ਅੱਜ ਇਸ ਹਾਊਸ ਦਾ ਮੈਂਬਰ ਹਾਂ ਪਰ ਹਾਲੇ ਵੀ ਮੇਰੇ ਵਿੱਚ ਪੱਤਰਕਾਰਿਤਾ ਜਾਗਦੀ ਹੈ ਅਤੇ ਮੈਂ ਸਮਾਂ ਲਗਾ ਕੇ ਇਹ 563 ਪੇਜ ਦੀ ਜਿਹੜੀ ਰਿਪੋਰਟ ਹੈ, ਇਹ ਰਾਤੀਂ ਪੜ੍ਹੀ ਹੈ ਅਤੇ ਸਿਰਫ ਇਹੀ ਨਹੀਂ, 64 ਪੇਜ ਦੀ ATR ਵੀ ਪੜ੍ਹੀ ਹੈ। ਹੋ ਸਕਦਾ ਹੈ ਕਿ ਮੈਂ ਕੁਝ ਰੈਪੀਟੀਸ਼ਨ ਕਰਾਂ, ਉਸ ਵਾਸਤੇ ਮੈਂ ਮੁਆਫੀ ਮੰਗਦਾ ਹਾਂ। ਮੈਂ ਬੜਾ ਸਿਸਟੇਮੈਟੀਕਲੀ ਕੁਝ ਪੁਆਇੰਟ ਰੱਖਣਾ ਚਾਹੁੰਦਾ ਹਾਂ ਪਰ ਉਸ ਤੋਂ ਪਹਿਲਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਹਾਊਸ ਵਿੱਚ ਗੱਲ ਹੋਈ, ਕੁਝ ਰਿਸਟ੍ਰਿਕਸ਼ਨਜ਼ ਮੀਡੀਆ ਉੱਤੇ ਕੀਤੀਆਂ ਗਈਆਂ ਹਨ, ਬਲੈਕਆਊਟ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇੱਕ ਚੈਨਲ ਲਗਾਤਾਰ ਪੈਰੇਲਲ ਪ੍ਰੋਸੀਡਿੰਗਜ਼ ਕਰ ਰਿਹਾ ਹੈ ਕਿਉਂਕਿ ਜਦੋਂ ਮੈਂ day and night channel ਚਲਾਉਂਦਾ ਸੀ ਤਾਂ ਮੈਂ ਇਸ ਦਾ ਖਮਿਆਜ਼ਾ ਭੁਗਤਿਆ ਹੈ। ਮੈਂ ਉਦੋਂ ਸਾਰਿਆਂ ਨੂੰ ਅਪੀਲ ਕਰਦਾ ਰਿਹਾ ਹਾਂ। Martin Heidegger ਜਿਹੜੇ German thinker ਹਨ, ਉਨ੍ਹਾਂ ਦੇ thought processes ਬਾਰੇ ਮੈਂ ਦੁਬਾਰਾ-ਦੁਬਾਰਾ ਕਹਿੰਦਾ ਰਿਹਾ ਕਿ ਅੱਜ ਮੇਰੇ ਨਾਲ ਹੋ ਰਿਹਾ ਹੈ ਅਤੇ ਕੱਲ੍ਹ ਨੂੰ ਤੁਹਾਡੇ ਨਾਲ ਵੀ ਹੋ ਸਕਦਾ ਹੈ। ਅੱਜ ਉਹੀ ਗੱਲ ਹੋਈ ਹੈ ਅਤੇ ਵਾਕਿਆ ਹੀ ਅੱਜ ਸਾਰੇ ਪੰਜਾਬ ਦੀ ਅਵਾਜ਼ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਮੈਂ ਸੀ.ਐਮ. ਸਾਹਿਬ ਨੂੰ ਅਪੀਲ ਕਰਦਾ ਹਾਂ ਅਤੇ ਮੈਂ ਉਦੋਂ ਵੀ ਕਹਿੰਦਾ ਰਿਹਾ ਹਾਂ ਕਿ ਇਸ ਦਾ ਇੱਕ ਪਰਮਾਨੈਂਟ ਹੱਲ ਲੱਭਣਾ ਚਾਹੀਦਾ ਹੈ। ਸਭ ਨੂੰ level playing field ਜ਼ਰੂਰ ਮਿਲੇ ਅਤੇ ਕਿਸੇ ਨੂੰ blackout ਨਹੀਂ ਕਰਨਾ ਚਾਹੀਦਾ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਥੋੜ੍ਹੀ ਦੇਰ ਪਹਿਲਾਂ ਮੈਨੂੰ ਇੱਕ ਬੜੀ ਇਮੋਸ਼ਨਲ ਈਮੇਲ ਇੱਕ ਸੱਜਣ, ਬਲਦੇਵ ਸਿੰਘ ਲਿੱਧੜਾਂ ਤੋਂ ਆਈ ਹੈ, ਉਨ੍ਹਾਂ ਨੇ ਦੱਸਿਆ ਹੈ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਜਿਹੜਾ ਸਿਸਟਮ ਹੈ, ਇਹ ਹੁਣ ਹੀ ਨਹੀਂ, ਅੱਜ ਤੋਂ 30 ਸਾਲ ਪਹਿਲਾਂ, ਉਸ ਵੇਲੇ ਵੀ ਅਕਾਲੀ ਦਲ ਦੀ ਸਰਕਾਰ ਸੀ, ਉਦੋਂ ਨਕੋਦਰ ਵਿੱਚ 2 ਫਰਵਰੀ, 1986 ਵਿੱਚ ਹੋਇਆ ਸੀ। ਉਸ ਵੇਲੇ ਗੁਰੂ ਸਾਹਿਬ ਦੇ ਪੰਜ ਸਰੂਪਾਂ ਦੀ ਬੇਅਦਬੀ ਹੋਈ ਸੀ ਅਤੇ 4 ਫਰਵਰੀ ਨੂੰ ਨਕੋਦਰ ਵਿੱਚ ਫਾਇਰਿੰਗ ਹੋਈ ਅਤੇ ਚਾਰ ਨੌਜਵਾਨ ਮਾਰੇ ਗਏ। ਉਹ ਸਟੂਡੈਂਟਸ ਸਨ, ਤਿੰਨ ਉਥੇ ਮੌਕੇ ਤੇ ਮਾਰੇ ਗਏ ਅਤੇ ਇੱਕ ਬਾਅਦ ਵਿੱਚ ਪੁਲਿਸ

ਸਟੇਸ਼ਨ ਵਿੱਚ ਲਿਜਾ ਕੇ point blank range ਤੋਂ ਮਾਰਿਆ ਗਿਆ ਅਤੇ ਉਸ ਵੇਲੇ ਉਥੋਂ ਦੇ ਐਸ.ਐਸ.ਪੀ. ਇਜ਼ਹਾਰ ਆਲਮ ਸਨ, ਇਹ ਈਮੇਲ ਵਿੱਚ ਲਿਖਿਆ ਹੋਇਆ ਹੈ। ਉਸ ਵੇਲੇ ਦੇ ਏ.ਡੀ.ਸੀ. ਸ਼੍ਰੀ ਡੀ.ਐਸ. ਗੁਰੂ ਸਨ। ਇਸ ਤੇ ਫਿਰ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬੈਠਾ ਸੀ, ਜਿਸ ਨੇ 29 ਮਾਰਚ, 1987 ਵਿੱਚ ਆਪਣੀ ਰਿਪੋਰਟ ਦਿੱਤੀ ਸੀ ਅਤੇ ਉਦੋਂ ਵੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਸੀ ਜਿਹੜੀ ਕਿ ਮਈ, 1987 ਤੱਕ ਰਹੀ ਹੈ। ਇਹ ਰਿਪੋਰਟ ਅੱਜ ਤੱਕ ਹਾਊਸ ਵਿੱਚ ਪੇਸ਼ ਨਹੀਂ ਹੋਈ। ਉਸ ਸੱਜਣ ਦੀ ਅਪੀਲ ਹੈ ਕਿ ਉਸ ਫਾਇਰਿੰਗ ਵਿੱਚ ਜਿਹੜੇ ਚਾਰ ਸਟੂਡੈਂਟਸ ਮਾਰੇ ਗਏ ਸੀ, ਉਸ ਵਿੱਚ ਇੱਕ ਰਵਿੰਦਰ ਸਿੰਘ ਵੀ ਸੀ, ਜਿਸ ਦੇ ਫਾਦਰ ਬਲਦੇਵ ਸਿੰਘ ਲਿੱਧੜਾਂ ਹਨ, ਉਹ ਕਹਿੰਦੇ ਹਨ ਕਿ ਮੈਂ ਅੱਖਾਂ ਬੰਦ ਕਰਨ ਤੋਂ ਪਹਿਲਾਂ ਚਾਹੁੰਦਾ ਹਾਂ ਕਿ ਹਾਊਸ ਵਿੱਚ ਇਹ ਰਿਪੋਰਟ ਜ਼ਰੂਰ ਰੱਖੀ ਜਾਵੇ। ਸੋ, ਮੇਰੀ ਸੀ.ਐਮ. ਸਾਹਿਬ ਨੂੰ ਅਪੀਲ ਹੈ ਕਿ ਜਸਟਿਸ ਗੁਰਨਾਮ ਸਿੰਘ ਰਿਪੋਰਟ, ਜਿਹੜੀ ਕਿ 29 ਮਾਰਚ, 1987 ਵਿੱਚ ਸਰਕਾਰ ਨੂੰ ਪੇਸ਼ ਹੋਈ ਸੀ, ਉਹ ਇਸ ਹਾਊਸ ਵਿੱਚ ਜ਼ਰੂਰ ਰੱਖੀ ਜਾਵੇ ਅਤੇ ਜੋ ਵੀ ਸਜ਼ਾ ਅੱਜ ਪਤਾ ਨਹੀਂ ਕਿਸ-ਕਿਸ ਨੂੰ ਮਿਲ ਸਕਦੀ ਹੈ, ਉਸ ਹਿਸਾਬ ਨਾਲ ਸਜ਼ਾ ਜ਼ਰੂਰ ਦਿੱਤੀ ਜਾਵੇ।

ਸਪੀਕਰ ਸਾਹਿਬ, ਹੁਣ ਮੈਂ ਇਸ ਰਿਪੋਰਟ ਦੀ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ 1984 ਤੋਂ ਬਾਅਦ ਇਹ ਪਹਿਲਾ ਵਾਕਿਆ ਹੋਵੇਗਾ ਕਿ ਸਾਰੇ ਪੰਜਾਬ ਵਿੱਚੋਂ ਇੱਕ ਅਵਾਜ਼ ਉੱਠੀ ਹੈ ਅਤੇ ਸਿਰਫ ਪੰਜਾਬ ਵਿੱਚੋਂ ਹੀ ਨਹੀਂ, ਬਾਹਰ ਵਸਦੇ ਪੰਜਾਬੀਆਂ ਵਿੱਚੋਂ ਵੀ ਇਹ ਅਵਾਜ਼ ਉੱਠੀ ਹੈ। ਜੂਨ, 1984 ਵਿੱਚ ਜੋ ਘਟਨਾਵਾਂ ਹੋਈਆਂ, ਮੈਂ ਉਸ ਵਿੱਚ ਨਹੀਂ ਜਾਣਾ ਚਾਹੁੰਦਾ, ਮੈਂ ਕਿਸੇ blame-game ਵਿੱਚ ਨਹੀਂ ਪੈਣਾ ਚਾਹੁੰਦਾ। ਉਸ ਤੋਂ ਬਾਅਦ ਦਿੱਲੀ ਵਿੱਚ ਜੋ ਕਤਲੇਆਮ ਹੋਇਆ, ਮੇਰੇ ਸਾਥੀ ਫੂਲਕਾ ਸਾਹਿਬ ਅੱਜ ਵੀ ਕੇਸ ਲੜ ਰਹੇ ਹਨ। ਪਿਛਲੇ ਢਾਈ ਜਾਂ ਤਿੰਨ ਸਾਲ ਵਿੱਚ ਜਿਹੜੇ ਵਾਕਿਆਤ ਹੋਏ ਹਨ, ਜਿਸ ਤਰੀਕੇ ਨਾਲ ਪੰਜਾਬ ਦੇ ਲੋਕਾਂ ਨੂੰ ਦਰਦ ਪਹੁੰਚਿਆ ਹੈ, ਪੰਜਾਬ, ਪੰਜਾਬੀਆਂ ਅਤੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ, ਮੇਰਾ ਖਿਆਲ ਹੈ ਕਿ ਅੱਜ ਤੱਕ ਇਹ ਨਹੀਂ ਹੋਇਆ। ਇਹ ਇੱਕ ਵਾਕਿਆ ਨਹੀਂ, ਦੋ ਨਹੀਂ, ਪੰਜ ਨਹੀਂ, ਦਸ ਨਹੀਂ ਸਗੋਂ ਪੂਰੇ 162 ਵਾਕਿਆ ਹੋਏ ਹਨ। ਉਸ ਵਿੱਚੋਂ ਵੀ 60 ਵਾਕਿਆ ਸਿਰਫ ਚਾਰ ਮਹੀਨੇ ਵਿੱਚ ਵਾਪਰੇ ਹਨ। ਇਹ ਉਸ ਵੇਲੇ ਹੋਏ ਜਦੋਂ ਇੱਥੇ ਪੰਥਕ ਸਰਕਾਰ ਸੀ ਅਤੇ ਉਸ ਵੇਲੇ ਦੇ ਮੁੱਖ ਮੰਤਰੀ ਨੂੰ ਫਖ਼ਰ-ਏ-ਕੌਮ ਦਾ ਖਿਤਾਬ ਵੀ ਦਿੱਤਾ ਗਿਆ ਸੀ ਲੇਕਿਨ ਸਰਕਾਰ ਦੋਸ਼ੀਆਂ ਖਿਲਾਫ ਕੁਝ ਨਹੀਂ ਕਰਦੀ। ਇਹ ਬੜੇ ਅਫਸੋਸ ਦੀ ਗੱਲ ਹੈ ਕਿ ਹੋਮ ਡਿਪਾਰਟਮੈਂਟ ਨੂੰ ਕੁਝ ਨਹੀਂ ਪਤਾ ਕਿ ਕੀ ਹੋ ਰਿਹਾ ਹੈ। ਇੱਕ ** ** ਸੀ ਜਿਹੜਾ ਕਿ ਸਰਕਾਰ ਚਲਾ ਰਿਹਾ

** Expunged as ordered by the Hon'ble Speaker.

ਸੀ। ਇੱਕ ਪੁਲਿਸ ਦਾ ** ** ਅਤੇ ਉਸ ਦਾ ਮੁਖੀ ਹੋਮ ਮਨਿਸਟਰ ਸੀ। ਇਸ ਰਿਪੋਰਟ ਦੇ ਵਿੱਚ ਸਿਸਟੇਮੈਟੀਕਲੀ ਸਭ ਕੁਝ ਦਰਜ ਹੋਇਆ ਹੈ। ਜਦੋਂ ਕੋਈ ਵਿਅਕਤੀ ਬੇਅਦਬੀ ਕਰਦਾ ਹੈ ਜਾਂ ਤਨਖਾਹੀਆ ਕਰਾਰ ਹੋ ਜਾਂਦਾ ਹੈ, ਉਸ ਨੂੰ ਸਿੱਖੀ ਵਿੱਚੋਂ ਖਾਰਜ ਕਰਨ ਦਾ ਜਿਨ੍ਹਾਂ ਕੋਲ ਅਖਤਿਆਰ ਹੈ, ਉਹ ਹੋਰ ਗੱਲ ਹੈ ਪਰ ਜਿਹੋ ਜਿਹੇ ਕੰਮ ਉਦੋਂ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ, ਉਸ ਤੋਂ ਬਾਅਦ ਜਿਹੜੇ ਮੁਲਜ਼ਮ ਸੀ, ਉਨ੍ਹਾਂ ਨੂੰ ਬਚਾਇਆ ਗਿਆ। ਮੁਲਜ਼ਮਾਂ ਖਿਲਾਫ 19-20 ਮਹੀਨੇ ਕੋਈ ਕਾਰਵਾਈ ਨਹੀਂ ਹੋਈ। ਮੇਰਾ ਖਿਆਲ ਹੈ ਕਿ ਇਹੋ ਜਿਹੇ ਲੋਕਾਂ ਨੂੰ ਜੇ ਕੋਈ ਇਨਸਾਨੀਅਤ ਤੋਂ ਖਾਰਜ ਕਰ ਸਕਦਾ ਹੈ ਤਾਂ ਉਨ੍ਹਾਂ ਨੂੰ ਇਨਸਾਨੀਅਤ ਤੋਂ ਹੀ ਖਾਰਜ ਕਰ ਦੇਣਾ ਚਾਹੀਦਾ ਹੈ, ਸਿਰਫ ਸਿੱਖੀ ਤੋਂ ਹੀ ਖਾਰਜ ਕਰਕੇ ਨਾ ਛੱਡਿਆ ਜਾਵੇ। (ਥੰਪਿੰਗ) ਇਹੋ ਜਿਹੇ ਲੋਕ ਕਿਹੜੇ ਮੂੰਹ ਦੇ ਨਾਲ ਅੱਜ ਬੜੀਆਂ ਛਾਤੀਆਂ ਚੌੜੀਆਂ ਕਰ ਕਰ ਕੇ ਵੱਡੀਆਂ-ਵੱਡੀਆਂ ਗੱਲਾਂ ਕਰਕੇ ਇਥੇ ਤੁਰੇ ਫਿਰਦੇ ਹਨ? ਮੈਨੂੰ ਯਾਦ ਹੈ ਕਿ ਉਨ੍ਹਾਂ ਦਿਨਾਂ ਵਿਚ ਦੋ ਐਨ.ਆਰ.ਆਈ. ਭਰਾਵਾਂ ਨੂੰ ਇਹ ਪੁੱਠੇ ਟੰਗਣ ਤੱਕ ਗਏ। ਉਨ੍ਹਾਂ ਤੇ ਪਤਾ ਨਹੀਂ ਕੀ-ਕੀ ਇਲਜ਼ਾਮ ਲੱਗਾ। ਉਦੋਂ ਦੇ ਏ.ਡੀ.ਜੀ.ਪੀ. ਵੀ ਕਹਿੰਦੇ ਸਨ ਕਿ ਕੇਸ ਸੌਲਵ ਹੋ ਗਿਆ ਹੈ ਔਰ ਵਿੱਚੋਂ ਕੀ ਨਿਕਲਿਆ ਕਿ ਉਹ ਵਿਚਾਰੇ ਬੇਗੁਨਾਹ ਸਨ। ਹੁਣ ਜਿਵੇਂ ਸਾਥੀਆਂ ਨੇ ਕਿਹਾ ਹੈ ਕਿ ਇੱਕ ਅਕਾਲੀ ਲੀਡਰ 'ਤੇ ਬਾਹਰ ਹਮਲਾ ਹੋਇਆ ਹੈ, ਅਸੀਂ ਬਿਲਕੁਲ ਹਿੰਸਾ ਦੇ ਖਿਲਾਫ ਹਾਂ। ਲੇਕਿਨ ਗੱਲ ਇਹ ਹੈ ਕਿ ਸਾਲ 1984 ਤੋਂ ਬਾਅਦ ਜਦੋਂ ਵੀ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਉਹ ਇਸ ਕਰਕੇ ਵਾਪਰਦੀਆਂ ਹਨ ਕਿ ਜਿਹੜਾ ਅਕਿਊਮੀਲੇਟਿਡ ਐਂਗਰ ਹੁੰਦਾ ਹੈ, ਉਹ ਬਾਹਰ ਨਿਕਲ ਕੇ ਆ ਰਿਹਾ ਹੁੰਦਾ ਹੈ। ਮੈਂ ਦੇਖ ਰਿਹਾ ਸੀ ਕਿ ਜਿਹੜੇ ਲੋਕ ਬਰਗਾੜੀ ਵਿੱਚ ਬੈਠੇ ਸਨ, ਉਨ੍ਹਾਂ ਨੂੰ ਕਿਹਾ ਗਿਆ ਕਿ ਇਹ ਕਾਂਗਰਸ ਦੇ ਜਥੇਦਾਰ ਹਨ। ਜਦੋਂ ਤੁਸੀਂ ਇਹੋ ਜਿਹੀ ਗੱਲ ਕਰਦੇ ਹੋ ਤਾਂ you are stoking the anger and the fire. ਮੈਨੂੰ ਅਫਸੋਸ ਹੈ, ਮੈਂ ਨਹੀਂ ਚਾਹੁੰਦਾ ਕਿ ਹੋਰ ਕਿਸੇ ਤੇ ਫਿਰ ਇਹੋ ਜਿਹਾ ਅਟੈਕ ਹੋਵੇ ਜਾਂ ਹਿੰਸਾ ਹੋਵੇ ਪਰ ਹੁਣ ਇਹ ਸਕਿਉਰਿਟੀ ਦੇ ਨਾਲ ਤੁਰੇ ਫਿਰਦੇ ਹਨ। ਇਹੋ ਜਿਹਾ ਅਟੈਕ, ਜਿਹੜੇ ਲੋਕ, ਲੋਕਾਂ ਦੀਆਂ ਭਾਵਨਾਵਾਂ ਨਾਲ ਛੇੜਛਾੜ ਕਰਦੇ ਹਨ, ਉਨ੍ਹਾਂ ਵਿੱਚੋਂ ਕਿਸੇ ਤੇ ਵੀ ਹੋ ਸਕਦਾ ਹੈ। ਸਪੀਕਰ ਸਾਹਿਬ, ਮੈਂ ਕੱਲ੍ਹ ਦਾ ਵੇਖ ਰਿਹਾ ਹਾਂ ਕਿ ਇੱਥੇ ਗੱਲਾਂ ਹੋ ਰਹੀਆਂ ਹਨ ਕਿ ਕਿਸੇ ਫਾਰਮ ਹਾਊਸ ਵਿੱਚ ਮੀਟਿੰਗ ਹੋਈ ਹੈ, ਜਸਟਿਸ ਰਣਜੀਤ ਸਿੰਘ ਉਥੇ ਗਏ, ਖਹਿਰਾ ਸਾਹਿਬ ਉਥੇ ਗਏ। ਇਸ ਨੂੰ ਨਕਾਰਿਆ ਨਹੀਂ ਗਿਆ ਕਿ ਮੀਟਿੰਗ ਹੋਈ ਹੈ ਜਾਂ ਨਹੀਂ ਹੋਈ। ਮੈਂ ਕਹਿੰਦਾ ਹਾਂ ਕਿ ਜੇਕਰ ਮੀਟਿੰਗ ਹੋਈ ਵੀ ਹੈ ਤਾਂ ਇਹ ਜਿਹੜੀ ਰਿਪੋਰਟ ਹੈ, ਇਹ ਇਸ ਮੀਟਿੰਗ ਦੇ ਨਾਲ ਕਿਵੇਂ ਸੈੱਟ ਹੋ ਗਈ? ਜੋ ਕੁਝ ਰਿਪੋਰਟ ਦੇ ਵਿੱਚ ਹੈ, ਇਸ ਨੂੰ ਤੁਸੀਂ ਤੱਥਾਂ ਦੇ ਅਧਾਰ ਤੇ ਨਕਾਰੋ,

** Expunged as ordered by the Hon'ble Speaker.

[ ਸ਼੍ਰੀ ਕੰਵਰ ਸੰਧੂ ]

ਮੀਟਿੰਗ ਹੋਈ ਜਾਂ ਨਹੀਂ ਹੋਈ, ਇਹ ਅਲੱਗ ਗੱਲ ਹੈ। ਸਰਦਾਰ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਜਾ ਕੇ ਆਏ ਹਨ। ਇਹ ਉਥੇ ਕਿਹੜੇ ਸੀਕਰੇਟ ਦੇ ਕੇ ਆ ਗਏ ਹਨ ਜੇਕਰ ਇਹ ਆਪਣੇ ਦੋਸਤ ਇਮਰਾਨ ਖਾਨ ਨੂੰ ਉਥੇ ਮਿਲ ਕੇ ਆਏ ਹਨ ਤਾਂ ਉਥੇ ਕਿਹੜਾ ਕੋਈ ਸੀਕਰੇਟ ਦੇ ਕੇ ਆਏ ਹਨ? ਜੇ ਮੀਟਿੰਗ ਹੁੰਦੀ ਹੈ ਤਾਂ ਮੀਟਿੰਗ ਦਾ ਮਤਲਬ ਕੀ ਹੈ? ਮਤਲਬ ਐਵੇਂ ਹੀ ਇੱਕ ਸਨਸਨੀ ਫੈਲਾਉਣ ਦੀ ਗੱਲ ਕਰਦੇ ਹਨ ਕਿ ਮੀਟਿੰਗ ਹੋਈ ਹੈ। ਸੁਖਬੀਰ ਸਿੰਘ ਬਾਦਲ ਲਗਾਤਾਰ ਕਹਿੰਦੇ ਆਏ ਹਨ ਕਿ ਇਹ ਇੰਟਰਨੈਸ਼ਨਲ ਕਾਂਸਪੀਰੇਸੀ ਹੈ। ਰਿਪੋਰਟ ਦੇ 146 ਪੇਜ ਨੰਬਰ, 148 ਅਤੇ 149 ਨੰਬਰ ਪੇਜਾਂ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਕਿਹਾ ਹੈ ਕਿ ਇਹ ਦੁਬਾਰਾ-ਦੁਬਾਰਾ ਕਹਿ ਰਹੇ ਹਨ ਕਿ ਕੋਈ ਅੰਤਰਰਾਸ਼ਟਰੀ ਕਾਂਸਪੀਰੇਸੀ ਹੈ, ਆਈ.ਐਸ.ਆਈ. ਦੀ ਕੋਈ ਕਾਂਸਪੀਰੇਸੀ ਹੈ, ਇਹ ਗਵਰਨਰ ਨੂੰ ਵੀ ਮਿਲੇ ਹਨ। ਇਹ ਬੜਾ ਸੀਰੀਅਸ ਐਲੀਗੇਸ਼ਨ ਹੈ। ਇਹ ਦੱਸਣ ਜੇ ਇਨ੍ਹਾਂ ਕੋਲ ਕੋਈ ਇਨਫਰਮੇਸ਼ਨ ਹੈ, ਮੁੱਖ ਮੰਤਰੀ ਕਹਿ ਰਹੇ ਹਨ ਅਤੇ ਡਿਪਟੀ ਸੀ.ਐਮ. ਕਹਿ ਰਹੇ ਹਨ, ਨਾਲ ਸਾਂਪਲਾ ਸਾਹਿਬ ਵੀ ਸੀ। ਇੰਨੇ ਸੀਨੀਅਰ ਅਧਿਕਾਰੀ, ਜਿਹੜੇ ਇੰਨੇ ਸੀਨੀਅਰ ਆਫੀਸਰਜ਼ ਗਏ ਹਨ, ਉਹ ਕਹਿ ਰਹੇ ਹਨ ਕਿ ਜੇ ਆਈ.ਐਸ.ਆਈ. ਦੀ ਕਾਂਸਪੀਰੇਸੀ ਹੈ ਤਾਂ ਇਹ ਕਾਂਸਪੀਰੇਸੀ ਦੱਸਣ। ਜੇ ਇਹ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਨਹੀਂ ਮੰਨਦੇ ਤਾਂ ਹੋਰ ਜਿਹੜੇ ਵੀ ਕਮਿਸ਼ਨ ਨੂੰ ਇਹ ਮੰਨਦੇ ਹਨ ਤਾਂ ਉਥੇ ਆ ਕੇ ਦੱਸਣ। ਇੱਥੇ ਆ ਕੇ ਸਦਨ ਨੂੰ ਦੱਸਣ ਕਿ ਕਿਹੜੀ ਕਾਂਸਪੀਰੇਸੀ ਹੈ। ਜਦੋਂ ਇਨ੍ਹਾਂ ਨੂੰ ਕੋਈ ਗੱਲ ਨਹੀਂ ਆਉਂਦੀ ਤਾਂ ਉਦੋਂ ਕਹਿ ਦਿੰਦੇ ਹਨ ਕਿ ਇਹ ਕੋਈ ਕਾਂਸਪੀਰੇਸੀ ਹੈ। ਮੈਨੂੰ ਜਸਟਿਸ ਰਣਜੀਤ ਸਿੰਘ ਤੇ ਵੀ ਅਫਸੋਸ ਹੈ ਕਿ ਉਨ੍ਹਾਂ ਨੇ ਇਨ੍ਹਾਂ ਦੇ ਖਿਲਾਫ ਆਈ.ਪੀ.ਸੀ. ਐਕਟ ਦੀ ਧਾਰਾ 176 ਅਤੇ 177 ਇਨਵੋਕ ਕਿਉਂ ਨਹੀਂ ਕੀਤੀਆਂ। ਇਨ੍ਹਾਂ ਨੂੰ ਤਲਬ ਤੇ ਸੰਮਨ ਕਰਨਾ ਚਾਹੀਦਾ ਸੀ ਕਿ ਦੱਸੋ, ਇਹ ਕਿਉਂ ਨਹੀਂ ਦੱਸਦੇ? ਪਹਿਲਾਂ ਗਵਰਨਰ ਨੂੰ ਮਿਲ ਕੇ ਆਉਂਦੇ ਹਨ ਪ੍ਰੰਤੂ ਕਾਂਸਪੀਰੇਸੀ ਕੀ ਹੈ, ਇਸ ਬਾਰੇ ਨਹੀਂ ਦੱਸਦੇ। ਜੇ ਇਨ੍ਹਾਂ ਕੋਲ ਇਨਫਰਮੇਸ਼ਨ ਹੈ, ਵਿਦਹੋਲਡ ਇਨਫਰਮੇਸ਼ਨ ਕਰਦੇ ਹਨ, ਇਹ ਆ ਕੇ ਦੱਸਣ ਕਿ ਇਨ੍ਹਾਂ ਕੋਲ ਕਿਹੜੀ ਇਨਫਰਮੇਸ਼ਨ ਹੈ। ਇਹ ਜਸਟਿਸ ਰਣਜੀਤ ਸਿੰਘ ਦੇ ਉਤੇ ਕਈ ਇਲਜ਼ਾਮ ਲਗਾ ਰਹੇ ਹਨ ਕਿ ਉਹ ਕਿਸੇ ਦੇ ਰਿਸ਼ਤੇਦਾਰ ਹਨ। ਮੈਂ ਜਸਟਿਸ ਰਣਜੀਤ ਸਿੰਘ ਨੂੰ ਉਦੋਂ ਦਾ ਜਾਣਦਾ ਹਾਂ ਜਦੋਂ ਉਹ ਫੌਜ ਵਿਚ ਮੇਜਰ ਸਨ। ਮੈਂ ਉਸ ਵੇਲੇ ਪੱਤਰਕਾਰ ਦੇ ਤੌਰ ਤੇ ਮਿਲਟਰੀ ਨੂੰ ਕਵਰ ਕਰਦਾ ਹੁੰਦਾ ਸੀ। ਮੈਨੂੰ ਯਾਦ ਹੈ ਕਿ ਜਦੋਂ 1984 ਆਪਰੇਸ਼ਨ ਬਲਿਊ ਸਟਾਰ ਹੋਇਆ ਤਾਂ ਇੱਥੇ ਇੱਕ ਕਾਨਫਰੰਸ ਹੋਈ। ਉਸ ਕਾਨਫਰੰਸ ਨੂੰ ਜਨਰਲ ਸੁੰਦਰਜੀ ਐਡਰੈਸ ਕਰ ਰਹੇ ਸੀ। ਮੇਜਰ ਰਣਜੀਤ ਸਿੰਘ ਨੇ ਉਸ ਵੇਲੇ ਉਨ੍ਹਾਂ ਨੂੰ ਕਹਿਣ ਦੀ ਜੁਅੱਰਤ ਕੀਤੀ ਕਿ ਜੋ ਤੁਸੀਂ ਕਹਿ ਰਹੇ ਹੋ, ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਇਹ ਉਹ ਬੰਦਾ ਹੈ। ਉਸ ਤੋਂ ਬਾਅਦ

ਇਹ ਹਾਈ ਕੋਰਟ ਦੇ ਜੱਜ ਬਣੇ, ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਉਨ੍ਹਾਂ ਦੀ ਰੈਪੂਟੇਸ਼ਨ ਕੀ ਹੈ। ਅੱਜ ਇਹ ਉਨ੍ਹਾਂ ਨੂੰ ਪਤਾ ਨਹੀਂ ਕੀ-ਕੀ ਕਹਿ ਰਹੇ ਹਨ। ਮੈਂ ਜਸਟਿਸ ਰਣਜੀਤ ਸਿੰਘ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਉਨ੍ਹਾਂ ਨੇ ਨਾ ਕੇਵਲ ਆਪਣੀ ਰਿਪੋਰਟ ਬਹੁਤ ਬਰੀਕੀ ਨਾਲ ਪੇਸ਼ ਕੀਤੀ ਹੈ ਬਲਕਿ ਜਸਟਿਸ ਜ਼ੋਰਾ ਸਿੰਘ ਦੀ ਰਿਪੋਰਟ, ਏ.ਡੀ.ਜੀ.ਪੀ. ਸਹੋਤਾ ਦੀ ਐਸ.ਆਈ.ਟੀ. ਦੀ ਰਿਪੋਰਟ, ਰਣਬੀਰ ਸਿੰਘ ਖੱਟੜਾ ਦੀ ਐਸ.ਆਈ.ਟੀ. ਦੀ ਰਿਪੋਰਟ ਨੂੰ ਇਕੱਠਾ ਕਰਕੇ ਇਸ ਦਾ ਨਿਚੋੜ ਕੱਢ ਕੇ ਉਨ੍ਹਾਂ ਨੇ ਆਪਣੀ ਰਿਪੋਰਟ ਦਿੱਤੀ ਹੈ। ਇਸ ਰਿਪੋਰਟ ਵਿੱਚ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫੀ ਦਾ ਜ਼ਿਕਰ ਵੀ ਆਉਂਦਾ ਹੈ। ਵੈਸੇ ਤਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਨੂੰ ਮੁਆਫੀ ਨਹੀਂ ਦੇਣੀ ਚਾਹੀਦੀ ਸੀ। ਇਸ ਰਿਪੋਰਟ ਦੇ 158 ਨੰਬਰ ਪੇਜ ਤੇ ਹਿੰਮਤ ਸਿੰਘ ਗੱਲ ਕਰਦਾ ਹੈ ਕਿ ਕਿਵੇਂ ਉਨ੍ਹਾਂ ਦੇ ਭਰਾ ਗਿਆਨੀ ਗੁਰਮੁੱਖ ਸਿੰਘ ਨੂੰ ਸੀ.ਐਮ. ਹਾਊਸ ਵਿੱਚ ਸੱਦਿਆ ਗਿਆ। ਉਨ੍ਹਾਂ ਦੀਆਂ ਸਟੇਟਮੈਂਟਸ ਅੱਜ ਵੀ ਸੋਸ਼ਲ ਮੀਡੀਆ ਤੇ ਚੱਲ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਐਸ.ਜੀ.ਪੀ.ਸੀ. ਨੇ ਦੁਬਾਰਾ ਜਥੇਦਾਰ ਲਾਇਆ ਹੈ। ਇਸ ਦੇ ਨਾਲ-ਨਾਲ ਜੋ 163 ਨੰਬਰ ਪੇਜ ਤੇ ਹਰਬੰਸ ਸਿੰਘ ਜਲਾਲ ਨੇ ਸਟੇਟਮੈਂਟ ਦਿੱਤੀ ਹੈ, ਉਹ ਬਹੁਤ ਅਹਿਮ ਹੈ। ਉਸ ਦਾ ਸਬੰਧ ਡਾਇਰੈਕਟਲੀ ਉਨ੍ਹਾਂ ਘਟਨਾਵਾਂ ਨਾਲ ਹੈ ਜਿਹੜੀ ਮੀਟਿੰਗ ਦਾ ਜ਼ਿਕਰ ਉਨ੍ਹਾਂ ਨੇ ਕੀਤਾ ਹੈ। ਵੈਸੇ ਅਫਸੋਸ ਦੀ ਗੱਲ ਹੈ ਕਿ ਉਹ ਬਾਅਦ ਵਿੱਚ ਆਪਣੀ ਸਟੇਟਮੈਂਟ ਦਾ ਐਫੀਡੈਵਿਟ ਦੇਣ ਨਹੀਂ ਆਏ। ਜਿਹੜੀ ਮੀਟਿੰਗ ਦਾ ਜ਼ਿਕਰ ਉਨ੍ਹਾਂ ਨੇ ਕੀਤਾ ਹੈ, ਉਸ ਮੀਟਿੰਗ ਵਿਚ 100 ਕਰੋੜ ਦਾ ਲੈਣ-ਦੇਣ ਹੋਇਆ ਹੈ। ਇੱਕ ਐਕਟਰ ਦੇ ਘਰ ਮੀਟਿੰਗ ਹੁੰਦੀ ਹੈ। ਇਹ ਭ੍ਰਿਸ਼ਟਾਚਾਰ ਦਾ ਕੇਸ ਵੀ ਬਣਦਾ ਹੈ ਕਿ ਉਹ ਪੈਸਾ ਕਿੱਥੇ ਗਿਆ। ਸਪੀਕਰ ਸਾਹਿਬ, ਬਹੁਤ ਸੀਰੀਅਸ ਗੱਲਾਂ ਦਾ ਜ਼ਿਕਰ ਇਸ ਰਿਪੋਰਟ ਵਿੱਚ ਕੀਤਾ ਗਿਆ ਹੈ, ਸ਼ਾਇਦ ਇਸੇ ਕਰਕੇ ਇਹ ਸੱਜਣ ਭੱਜ ਗਏ ਹਨ। ਮੇਰਾ ਖਿਆਲ ਹੈ ਕਿ ਇਹ ਕਿਤੇ ਬੈਠੇ ਸੁਣ ਵੀ ਰਹੇ ਹੋਣਗੇ ਔਰ ਜਵਾਬ ਵੀ ਦੇਣਗੇ। ਮੈਂ ਦੋ ਘਟਨਾਵਾਂ ਦਾ ਜ਼ਿਕਰ ਜ਼ਰੂਰ ਕਰਨਾ ਚਾਹੁੰਦਾ ਹਾਂ। ਵੈਸੇ ਤਾਂ ਹਰ ਘਟਨਾ ਦਾ ਜ਼ਿਕਰ ਜਸਟਿਸ ਰਣਜੀਤ ਸਿੰਘ ਨੇ ਬੜੇ ਵਿਸਥਾਰ ਨਾਲ ਕੀਤਾ ਹੈ। ਉਸ ਜੱਜ ਨੇ ਬੜੀ ਮਿਹਨਤ ਕੀਤੀ ਹੈ। ਮੈਂ 1 ਜੂਨ, 2015 ਦੀ ਘਟਨਾ ਦਾ ਜ਼ਿਕਰ ਕਰਦਾ ਹਾਂ ਕਿਉਂਕਿ ਉਥੇ ਜਸਟਿਸ ਸਾਹਿਬ ਦੀ ਆਬਜ਼ਰਵੇਸ਼ਨ ਹੈ ਕਿ ਜੇਕਰ ਉਸ ਘਟਨਾ ਦੀ ਪਰਾਪਰ ਇਨਕੁਆਰੀ ਕੀਤੀ ਗਈ ਹੁੰਦੀ ਤਾਂ ਬਾਕੀ ਕੋਈ ਘਟਨਾ ਨਾ ਵਾਪਰਦੀ। ਇਹ ਬਹੁਤ ਅਹਿਮ ਚੀਜ਼ ਹੈ। ਉਸ ਘਟਨਾ ਦਾ ਜਿਹੜਾ ਅਸਲੀ ਕਲਪਰਿੱਟ ਸੀ, ਜਿਸ ਦੀ ਮੌਤ ਹੋ ਚੁੱਕੀ ਹੈ ਗੁਰਦੇਵ ਸਿੰਘ, ਉਸ ਨੂੰ ਕੁਐਸਚਨ ਹੀ ਨਹੀਂ ਕੀਤਾ ਗਿਆ ਜਦੋਂ ਕਿ ਕਿਸੇ ਹੋਰ ਬੰਦੇ ਨੂੰ ਥਰਡ ਡਿਗਰੀ ਇੰਟੈਰੋਗੇਸ਼ਨ ਕਰਕੇ ਜਬਰਦਸਤੀ ਮਨਵਾ ਲਿਆ ਗਿਆ। ਅਸਲੀ ਬੰਦੇ ਨੂੰ ਤਾਂ

[ ਸ਼੍ਰੀ ਕੰਵਰ ਸੰਧੂ ]

ਇੰਟੈਰੋਗੇਟ ਹੀ ਨਹੀਂ ਕੀਤਾ ਗਿਆ। ਜਸਟਿਸ ਰਣਜੀਤ ਸਿੰਘ ਨੇ ਬੜਾ ਕਲੀਅਰਲੀ ਮੈਨਸ਼ਨ ਕੀਤਾ ਹੈ ਕਿ ਗ੍ਰਹਿ ਵਿਭਾਗ ਨੂੰ ਇਸ ਬਾਰੇ ਪਤਾ ਹੀ ਨਹੀਂ ਸੀ। ਇਸ ਘਟਨਾ ਵਿੱਚ ਉਥੋਂ ਦੇ ਐਸ.ਐਸ.ਪੀ. ਅਤੇ ਉੱਪ ਮੁੱਖ ਮੰਤਰੀ ਦੀ ਡਾਇਰੈਕਟ ਕਨਵਰਸੇਸ਼ਨ ਸੀ। ਤੁਸੀਂ ਦੇਖੋ ਕੁਨੈਕਸ਼ਨ ਕਿੱਥੇ ਨਿਕਲਦਾ ਹੈ। ਇਸ ਦਾ ਮਤਲਬ ਹੈ ਕਿ ਸਾਰਾ ਸਿਸਟਮ ਬਾਈਪਾਸ ਕੀਤਾ ਗਿਆ ਹੈ। 24 ਸਤੰਬਰ, 2015 ਦਾ ਦੂਜਾ ਵਾਕਿਆ ਹੈ, ਜਿਹੜੇ ਬਰਗਾੜੀ ਵਿੱਚ ਪੋਸਟਰ ਲੱਗੇ ਹਨ। ਉਹ ਪੋਸਟਰ ਬੜੇ ਕਲੀਅਰ ਸਨ ਕਿ ਕਿਸੇ ਫਿਲਮ ਨੂੰ ਦਿਖਾਉਣ ਦਾ ਪੋਸਟਰ ਸੀ। ਉਸ ਤੋਂ ਬਾਅਦ ਵੀ ਜਿਹੜੀ ਇਨਵੈਸਟੀਗੇਸ਼ਨ ਹੈ, ਜਿਹੜੇ ਪਾਸੇ ਜਾਣੀ ਚਾਹੀਦੀ ਸੀ ਕਿ ਉਹ ਫਿਲਮ ਕਿਨ੍ਹਾਂ ਦੀ ਹੈ, ਉਧਰ ਇਨਵੈਸਟੀਗੇਸ਼ਨ ਨਹੀਂ ਗਈ। ਜਿਹੜਾ ਗੁਰਦੁਆਰੇ ਦਾ ਮੈਨੇਜਰ ਸੀ, ਉਸ ਦੀ ਇੰਟੈਰੋਗੇਸ਼ਨ ਨਹੀਂ ਹੋਈ ਔਰ ਜਿਹੜਾ ਪਿੰਡ ਦਾ ਅਕਾਲੀ ਲੀਡਰ ਗੁਰਤੇਜ ਸਿੰਘ ਢਿੱਲੋਂ ਸੀ, ਪੰਥਕ ਸਰਕਾਰ ਦਾ ਲੀਡਰ, ਉਹ ਪਿੰਡ ਦੀ ਸਰਚ ਹੀ ਨਹੀਂ ਸੀ ਹੋਣ ਦਿੰਦਾ। ਦੇਖੋ, ਕਿੰਨਾ ਤਾਕਤਵਰ ਬੰਦਾ ਹੈ, ਉਹ ਸਰਚ ਨਹੀਂ ਹੋਣ ਦਿੰਦਾ ਸੀ, ਉਸ ਪਿੰਡ ਦੇ ਵਿੱਚ ਪੁਲਿਸ ਸਟੇਸ਼ਨ ਹੈ, ਪੁਲਿਸ ਪੋਸਟ ਹੈ, ਫਿਰ ਵੀ ਪਿੰਡ ਦੇ ਵਿੱਚ ਸਰਚ ਨਹੀਂ ਹੁੰਦਾ । ਉਸ ਪੋਸਟਰ ਦੇ ਵਿੱਚ ਮੈਨਸ਼ਨ ਕੀਤਾ ਸੀ ਕਿ ਜਿਹੜਾ ਸਰੂਪ ਚੋਰੀ ਕੀਤਾ ਹੈ, ਉਹ ਪਿੰਡ ਦੇ ਵਿੱਚ ਹੀ ਹੈ, ਫਿਰ ਵੀ ਸਰਚ ਨਹੀਂ ਹੁੰਦਾ। ਇਸ ਤੋਂ ਪਤਾ ਲਗਦਾ ਹੈ ਕਿ ਇਨਵੈਸਟੀਗੇਸ਼ਨ ਦੇ ਵਿੱਚ ਕਿੰਨੀ ਕੁ ਸੀਰੀਅਸਨੈੱਸ ਸੀ। ਪੇਜ 112 ਦੇ ਵਿੱਚ ਸਾਰੇ ਅਫਸਰਾਂ ਦੇ ਨਾਮ ਆਏ ਹਨ ਕਿ ਐਸ.ਐਸ.ਪੀ. ਕਿਹੜਾ ਸੀ, ਉਸ ਦਾ ਨਾਮ ਦੱਸਿਆ ਗਿਆ ਹੈ। ਅਕਾਲੀ ਲੀਡਰਜ਼ ਦੀ ਇਨਵਾਲਵਮੈਂਟ ਸਿਰਫ ਉਸ ਏਰੀਆ ਵਿੱਚ ਹੀ ਨਹੀਂ, ਨਕੋਦਰ ਦੇ ਵਿੱਚ ਇੱਕ ਹੋਰ ਪਿੰਡ ਹੈ, ਪਿੰਡ ਦਾ ਨਾਮ ਮੇ ਰੇ ਤੋਂ ਲਿਖਿਆ ਨਹੀਂ ਗਿਆ । ਉਸ ਪਿੰਡ ਦੇ ਵਿੱਚ ਦੋ ਵਾਕਿਆ ਹੁੰਦੇ ਹਨ, ਇੱਕ ਸਰੂਪ ਚੋਰੀ ਹੁੰਦਾ ਹੈ ਤੇ ਇੱਕ ਗੁਟਕਾ ਸਾਹਿਬ ਚੋਰੀ ਹੁੰਦੇ ਹਨ ਅਤੇ ਉਨ੍ਹਾਂ ਦੀ ਬੇਅਦਬੀ ਹੁੰਦੀ ਹੈ। ਇਨ੍ਹਾਂ ਦੋਹਾਂ ਵਾਕਿਆਤ ਦੇ ਵਿੱਚ ਜਦੋਂ ਬੰਦਾ ਫੜਿਆ ਜਾਂਦਾ ਹੈ, ਉਸ ਦਾ ਫੋਨ ਦੁਬਾਰਾ-ਦੁਬਾਰਾ ਵੱਜਦਾ ਹੈ, ਕਿਸੇ ਨੇ ਇਹ ਵੀ ਪਤਾ ਨਹੀਂ ਕੀਤਾ ਕਿ ਇਹ ਫੋਨ ਕਿੱਥੋਂ ਆ ਰਿਹਾ ਹੈ, ਬੰਦਾ ਸਾਡਾ ਫੜਿਆ ਗਿਆ ਹੈ, ਉਸ ਫੋਨ ਤੱਕ ਦੀ ਇਨਵੈਸਟੀਗੇ ਸ਼ਨ ਨਹੀਂ ਹੋਈ ਹੈ। ਇਹ ਦੋਵੇਂ ਬੰਦੇ, ਦੋਵੇਂ ਸਾਥੀ ਬਾਅਦ ਵਿੱਚ ਫੜੇ ਜਾਂਦੇ ਹਨ। ਉਨ੍ਹਾਂ ਦੇ ਇੱਕ ਬੜੇ ਅਕਾਲੀ ਲੀਡਰ ਦੇ ਨਾਲ ਕਲੋਜ਼ਡ ਲਿੰਕ ਹਨ। ਉਸ ਦੀ ਵੀ ਕੋਈ ਇੰਟੈਰੋਗੇਸ਼ਨ ਨਹੀਂ ਹੋਈ। ਮੈਂ ਨਾਮ ਲੈ ਸਕਦਾ ਹਾਂ ਪਰ ਉਹ ਇੱਥੇ ਹੈ ਨਹੀਂ ਤੇ ਮੈਂ ਨਾਂ ਨਹੀਂ ਲੈਂਦਾ।

**ਮਾਨਯੋਗ ਸਪੀਕਰ:** ਤੁਸੀਂ ਵਾਈਂਡ ਅੱਪ ਕਰੋ ਜੀ ।ਸੀ.ਐਮ. ਸਾਹਿਬ ਨੇ ਬੋਲਣਾ ਹੈ।

**ਸ਼੍ਰੀ ਕੰਵਰ ਸੰਧੂ:** ਸਪੀਕਰ ਸਾਹਿਬ, ਆਦਮਪੁਰ ਦੇ ਜਿਹੜੇ ਐਮ.ਐਲ.ਏ. ਹਨ। ਬਹਿਬਲ ਕਲਾਂ ਫਾਇਰਿੰਗ ਬਾਰੇ 105 ਅਤੇ 106 ਨੰਬਰ ਪੇਜ ਤੇ ਜਿਹੜਾ ਜ਼ਿਕਰ ਹੈ, ਉਸ ਦੇ ਵਿੱਚ ਇਹ ਸਾਰੇ dots ਬਿੰਦੂਆਂ ਨੂੰ connect ਕਰਨ ਦੀ ਲੋੜ ਹੈ। ਜੇ ਆਪਾਂ ਸਾਰਿਆਂ ਬਿੰਦੂਆਂ ਨੂੰ connect ਕਰੀਏ ਤਾਂ ਬੜਾ ਕਲੀਅਰ ਪਤਾ ਲੱਗ ਜਾਂਦਾ ਹੈ ਕਿ ਇਹ ਕਿਸ-ਕਿਸ ਦਾ ਰੋਲ ਹੈ। ਉਥੇ ਜਿਹੜਾ ਐਸ.ਐਸ.ਪੀ. ਸੀ, ਆਈ.ਜੀ, ਉਮਰਾਨੰਗਲ ਸੀ, ਜੇ ਉਨ੍ਹਾਂ ਨੂੰ ਬਰਗਾੜੀ ਭੇਜਿਆ, ਕਿਤੇ ਭੇਜਿਆ? ਰਿਪੋਰਟ ਦੇ ਵਿੱਚ ਦੁਬਾਰਾ-ਦੁਬਾਰਾ ਇਹ contradictions ਹਨ, ਇਹ ਨਜ਼ਰ ਆਉਂਦੀਆਂ ਹਨ। ਜਿਹੜੀ ਉਥੇ ਫਾਇਰਿੰਗ ਹੋਈ ਹੈ, ਉਹ ਸਿਰਫ ਤੇ ਸਿਰਫ ਜਿਹੜਾ ਪੁਲਿਸ ਕਾਪ ਹੈ, ਉਸ ਨੇ ਆਪਣੇ ਆਪ ਨੂੰ ਇੱਕ ਸੁਪਰ ਕਾਪ ਦਿਖਾਉਣ ਵਾਸਤੇ ਕੀਤਾ। ਉਥੇ ਕੋਈ provocation ਨਹੀਂ ਸੀ, ਉਥੇ ਲੋਕ ਆਰਾਮ ਨਾਲ ਬੈਠੇ ਸੀ। ਪਰ ਸੁਪਰ ਕਾਪ ਨੇ ਆਪਣੀ ਸੁਪਰ ਕਾਪ ਦੀ ਇਮੇਜ ਦਿਖਾਉਣ ਵਾਸਤੇ ਉਥੇ ਜਾ ਕੇ ਗੜਬੜੀ ਫੈਲਾਈ ਹੈ। ਉਸ ਕਰਕੇ ਇਹ ਫਾਇਰਿੰਗ ਹੋਈ ਹੈ। ਇਹ ਇੱਕ ਬਹੁਤ ਹੀ ਸੀਰੀਅਸ ਵਾਕਿਆ ਹੈ, ਥੋੜ੍ਹਾ ਜਿਹਾ ਉਸ ਦਾ ਜ਼ਿਕਰ ਹੋਇਆ ਹੈ । ਸਪੀਕਰ ਸਾਹਿਬ, ਜਿਸ ਤੇ ਗੌਰ ਕਰਨ ਦੀ ਲੋੜ ਹੈ। ਅੱਜਕੱਲ੍ਹ ਦੇ ਹੁਣ ਦੇ ਮੌਜੂਦਾ ਪੁਲਿਸ ਅਧਿਕਾਰੀਆਂ ਤੇ ਵੀ ਗੱਲ ਪਹੁੰਚਦੀ ਹੈ। 2-3 ਕੇਸਿਜ਼ ਦੇ ਵਿੱਚ ਜਿਹੜੀਆਂ ਬੁਲੇਟਸ ਹਨ, ਉਨ੍ਹਾਂ ਨਾਲ ਟੈਂਪਰਿੰਗ ਹੋਈ ਹੈ, ਇਹ ਟੈਂਪਰਿੰਗ ਦੋ ਸਾਲ ਪਹਿਲਾਂ ਹੋਈ ਹੈ। ਅੱਜ ਤੱਕ ਉਸ ਤੇ ਕੋਈ ਕਾਰਵਾਈ ਨਹੀਂ ਹੋਈ ਹੈ। ਸਪੀਕਰ ਸਾਹਿਬ, ਇੱਕ ਗੁਰਜੀਤ ਸਿੰਘ ਜਿਹੜਾ ਨੌਜਵਾਨ ਮਾਰਿਆ ਗਿਆ ਸੀ, ਉਸ ਦੀ ਬਾਡੀ ਦੇ ਵਿੱਚੋਂ ਜਿਹੜੀ ਬੁਲੇਟ ਨਿਕਲੀ ਹੈ, ਉਸ ਦੀ ਟੈਂਪਰਿੰਗ ਹੋਈ ਹੈ,ਉਹ ਕਿਸ ਨੇ ਕੀਤੀ ਹੈ? ਉਸ ਤੋਂ ਬਾਅਦ ਇੱਕ ਹੋਰ ਸੱਜਣ ਸੀ, ਬੇਅੰਤ ਸਿੰਘ, ਜਿਹੜਾ injured ਹੋਇਆ ਸੀ। ਪਹਿਲਾਂ ਤਾਂ ਉਸ ਦੇ ਲੱਗੀ ਬੁਲੇਟ ਦੀ ਕਿਸੇ ਨੇ ਪਰਵਾਹ ਹੀ ਨਹੀਂ ਕੀਤੀ। ਫਿਰ 8 ਮਹੀਨੇ ਬੁਲੇਟ ਜਿਹੜੀ ਹੈ, ਉਹ ਇੱਕ ਪੁਲਿਸ ਸਟੇਸ਼ਨ ਵਿੱਚ ਪਈ ਰਹੀ ਅਤੇ ਉਸ ਨੂੰ ਵੀ ਟੈਂਪਰ ਕੀਤਾ ਗਿਆ। ਇਸ ਤੇ ਇੱਕ ਐਸ.ਆਈ.ਟੀ. ਬਣੀ । ਇਹ ਤਮਾਸ਼ਾ ਹੁੰਦਾ ਰਿਹਾ। ਪਤਾ ਨਹੀਂ ਕਿੰਨੀਆਂ ਕੁ ਐਸ.ਆਈ.ਟੀਜ਼ ਬਣੀਆਂ? ਇੱਕ ਐਸ.ਆਈ.ਟੀ. ਆਈ.ਜੀ, ਬਠਿੰਡਾ ਰੇਂਜ ਦੇ ਥੱਲੇ ਬਣੀ, ਅੱਜ ਤੱਕ ਉਸ ਦੀ ਰਿਪੋਰਟ ਨਹੀਂ ਆਈ। ਐਮ.ਐਸ. ਛੀਨਾ ਕੋਈ ਸੱਜਣ ਹਨ, ਅੱਜ ਤੱਕ ਉਨ੍ਹਾਂ ਦੀ ਰਿਪੋਰਟ ਨਹੀਂ ਆਈ। ਮੈਂ ਨਾਂ ਇਸ ਕਰਕੇ ਲੈ ਰਿਹਾ ਹਾਂ ਕਿਉਂਕਿ ਇਹ ਸੱਜਣ ਅੱਜ ਵੀ ਇੱਥੇ ਹਨ। ਇਹ ਜ਼ਿਕਰ ਪਾਰਟ-4 ਦੀ ਜਿਹੜੀ 250 ਪੇਜ ਦੀ ਰਿਪੋਰਟ ਹੈ, ਉਸ ਦੇ 243 ਨੰਬਰ ਪੇਜ ਤੇ ਹੈ। ਇਹ ਮੈਂ ਗੱਲਾਂ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਇਨ੍ਹਾਂ ਸਾਰਿਆਂ ਦਾ ਜਿਹੜਾ ਰੋਲ ਹੈ, ਉਹ ਡਾਇਰੈਕਟਲੀ ਹੈ। ਉਸ ਤੋਂ ਬਾਅਦ ਕੋਟਕਪੂਰਾ ਦੀ ਫਾਇਰਿੰਗ ਦੀ ਗੱਲ ਵੀ

ਹੈ। ਸਿੱਧਾ ਤੇ ਸਿੱਧਾ ਉਸ ਦਾ ਜ਼ਿਕਰ ਆਲਰੇਡੀ ਹੋ ਗਿਆ ਹੈ। ਆਈ.ਜੀ. ਉਮਰਾਨੰਗਲ ਅਤੇ ਡੀ.ਜੀ.ਪੀ ਦੀ 20-22 ਵਾਰੀ ਉਸ ਦਿਨ ਗੱਲ ਹੋਈ ਹੈ। ਉਹੀ ਸ਼ਖਸ ਬਾਅਦ ਵਿੱਚ ਸੀ.ਐਮ. ਨਾਲ ਗੱਲ ਕਰਦਾ ਹੈ ਔਰ ਇਹ ਸ਼ਖਸ ਜਿਹੜਾ ਡੀ.ਜੀ.ਪੀ. ਹੈ, ਇਹ ਆਪਣੇ ਆਪ ਨੂੰ ਸਮਝਦਾ ਕੀ ਸੀ? ਮੈਂ ਹੈਰਾਨ ਹਾਂ ਕਿ ਇਹ ਬੰਦਾ, ਜਿਵੇਂ ਅੱਗੇ ਗੱਲ ਹੋਈ ਹੈ, ਟ੍ਰਿਪਲ ਮਰਡਰ ਕੇਸ ਦਾ ਮੁਲਜ਼ਮ ਹੈ, ਉਹ ਤੁਸੀਂ ਡੀ.ਜੀ.ਪੀ. ਲਗਾ ਛੱਡਿਆ ਹੈ, ਉਹ ਮੀਟਿੰਗ ਕੋਈ ਅਟੈਂਡ ਨਹੀਂ ਕਰਦਾ । ਜੇ ਕਮਿਸ਼ਨ ਉਸ ਨੂੰ ਸੰਮਨ ਕਰਦਾ ਸੀ ਤਾਂ ਉਹ ਆਉਂਦਾ ਨਹੀਂ ਸੀ, ਕਮਿਸ਼ਨ ਦੁਬਾਰਾ-ਦੁਬਾਰਾ ਚਿੱਠੀ ਲਿਖਦਾ ਰਿਹਾ ਸੀ ਤਾਂ ਉਹ ਜਵਾਬ ਨਹੀਂ ਦਿੰਦਾ ਸੀ। Who the hell is he. ਕੀ ਕੋਈ ਸੁਪਰ ਗੌਰਮਿੰਟ ਹੈ? ਸਪੀਕਰ ਸਾਹਿਬ, ਕੀ ਇਹ ਬੁਰੀ ਸਟੇਟ ਹੈ ਕਿ ਇਹੋ ਜਿਹੇ ਬੰਦੇ ਇੱਥੇ ਰਾਜ ਕਰ ਰਹੇ ਹਨ? ਕਿਸੇ ਨੇ ਅੱਜ ਤੱਕ ਇਨ੍ਹਾਂ ਲੋਕਾਂ ਤੇ ਕੋਈ ਐਕਸ਼ਨ ਨਹੀਂ ਲਿਆ। ਇਹ ਓਹੀ ਬੰਦਾ ਹੈ ਜਿਸ ਨੇ ਇੱਕ ਹਾਈ ਕੋਰਟ ਦੇ ਜੱਜ, ਜਸਟਿਸ ਮਹਿਤਾਬ ਸਿੰਘ ਦੇ ਫੋਨ ਦੀ ਟੇਪ ਕਰਨ ਦੀ ਜੁੱਰਅਤ ਕੀਤੀ । ਜਸਟਿਸ ਮਹਿਤਾਬ ਸਿੰਘ ਦੀ ਦੁਬਾਰਾ-ਦੁਬਾਰਾ ਗੱਲ ਆਉਂਦੀ ਹੈ। ਉਦੋਂ ਦੇ ਚੀਫ ਜਸਟਿਸ ਟੀ.ਐਸ. ਠਾਕੁਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਇਹ ਸਾਰਾ ਹੀ ਆਪਰੇਸ਼ਨ, ਜੋ ਫੋਨ ਰਿਕਾਰਡਿੰਗ ਸੀ, ਸਾਰੀ ਗਲਤ ਸੀ। ਇਹ ਇਲਲੀਗਲ ਸੀ, ਫੋਨ ਟੇਪਿੰਗ ਇਲਲੀਗਲ ਸੀ। ਫਿਰ ਵੀ ਉਸ ਤੇ ਐਕਸ਼ਨ ਨਹੀਂ ਲਿਆ ਅਤੇ ਉਸ ਨੂੰ ਡੀ.ਜੀ.ਪੀ. ਲਗਾਇਆ ਗਿਆ। ਇਹ ਕਿਹੋ ਜਿਹੀ ਸਰਕਾਰ ਸੀ? ਅੱਜ ਇਹ ਬਹਿਸ ਤੋਂ ਭੱਜਦੇ ਹਨ। ਇੱਥੇ ਆਲਰੇਡੀ ਡਿਮਾਂਡ ਹੋ ਚੁੱਕੀ ਹੈ ਕਿ ਇਹ ਕੇਸ ਸੀ.ਬੀ.ਆਈ. ਨੂੰ ਰੈਫਰ ਨਾ ਕੀਤਾ ਜਾਵੇ। ਸੀ.ਐਮ. ਸਾਹਿਬ ਇਸ ਕਰਕੇ ਵੀ ਨਹੀਂ ਹੋਣਾ ਚਾਹੀਦਾ ਜਿਵੇਂ ਹੁਣੇ ਸਰਦਾਰ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਸੀ.ਬੀ.ਆਈ. ਤਾਂ ਸੈਂਟਰ ਦੀ ਕਠਪੁਤਲੀ ਹੈ। ਇਹ ਉਥੋਂ ਦੀ ਸਰਕਾਰ ਵਿੱਚ ਰਹੇ ਵੀ ਹਨ ਅਤੇ ਇਨ੍ਹਾਂ ਨੂੰ ਪਤਾ ਵੀ ਹੈ ਕਿ ਉਹ ਕਿਵੇਂ ਨਚਾਉਂਦੇ ਰਹੇ ਹਨ।

**ਸਥਾਨਕ ਸਰਕਾਰ ਮੰਤਰੀ (ਬੈਠੇ-ਬੈਠੇ) :** ਪਤਾ ਹੈ। (ਹਾਸਾ)

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਇਹ ਜਿਹੜੀ ਸੀ.ਬੀ.ਆਈ. ਨੂੰ ਜਾਂਚ ਦਿੱਤੀ ਹੈ, ਇਹ ਇਸ ਕਰਕੇ ਵੀ ਨਹੀਂ ਦੇਣੀ ਚਾਹੀਦੀ ਕਿਉਂਕਿ ਉਸ ਵਿੱਚ ਜਿਹੜੇ ਚਾਰ ਮੁੱਖ ਦੋਸ਼ੀ ਹਨ, ਜਿਸ ਵਿੱਚ ਐਸ.ਐਸ.ਪੀ. ਵੀ ਹਨ, ਉਨ੍ਹਾਂ ਦੇ ਖਿਲਾਫ ਤਾਂ ਅਸੀਂ ਕੇਸ ਰਜਿਸਟਰ ਕਰ ਦਿੱਤਾ। ਜੇਕਰ ਅਸੀਂ ਕੇਸ ਰਜਿਸਟਰ ਕਰ ਦਿੱਤਾ ਹੈ ਤਾਂ ਸੀ.ਬੀ.ਆਈ. ਕੀ ਕਰੇਗੀ? ਸੀ.ਐਮ. ਸਾਹਿਬ, ਜੇ ਅਸੀਂ ਕੇਸ ਹੀ ਰਜਿਸਟਰ ਕਰ ਦਿੱਤਾ ਹੈ ਤਾਂ ਸੀ.ਬੀ.ਆਈ. ਨੂੰ ਦੇਣ ਦੀ ਕੀ ਲੋੜ ਹੈ? ਇਸੇ ਤਰ੍ਹਾਂ ਹੀ ਜਿਹੜਾ ਦੂਸਰਾ ਕੇਸ ਹੈ, ਮਿਤੀ 14.10.2015 ਦਾ, ਜਿਸ ਵਿੱਚ ਸੀ.ਐਮ., ਡੀ.ਜੀ.ਪੀ., ਏ.ਡੀ.ਜੀ.ਪੀ.,

ਆਈ.ਜੀ., ਇਨ੍ਹਾਂ ਸਾਰਿਆਂ ਦਾ ਰੋਲ ਸਾਬਤ ਹੁੰਦਾ ਹੈ, ਉਹ ਵੀ ਆਪਾਂ ਸੀ.ਬੀ.ਆਈ. ਨੂੰ ਦੇ ਰਹੇ ਹਾਂ। ਜਦੋਂ ਰਿਪੋਰਟ ਨੇ ਸਾਬਤ ਹੀ ਕਰ ਦਿੱਤਾ ਕਿ ਇਨ੍ਹਾਂ ਦੀ ਇਨਵਾਲਵਮੈਂਟ ਕੀ ਹੈ ਤਾਂ ਇਨ੍ਹਾਂ ਦੀ ਕਸਟੋਡੀਅਲ ਇੰਟੈਰੋਗੇਸ਼ਨ ਹੋਣੀ ਚਾਹੀਦੀ ਹੈ। ਜੇ ਕਸਟੋਡੀਅਲ ਇੰਟੈਰੋਗੇਸ਼ਨ ਕਰਾਂਗੇ ਤਾਂ ਸਾਰੀ ਗੱਲ ਨਿਕਲ ਆਉਣੀ ਹੈ ਕਿ ਐਗਜ਼ੈਕਟਲੀ ਫਾਇਰਿੰਗ ਦਾ ਆਰਡਰ ਕਿਵੇਂ ਹੋਇਆ, ਕਿਸ ਨੇ ਦਿੱਤਾ? ਸਪੀਕਰ ਸਾਹਿਬ, ਜੇ ਵਾਕਿਆ ਹੀ ਕੋਈ ਕੇਸ ਸੀ.ਬੀ.ਆਈ. ਨੂੰ ਜਾਣਾ ਚਾਹੀਦਾ ਹੈ, ਉਹ ਮਲੇਰਕੋਟਲੇ ਦਾ ਜਾਣਾ ਚਾਹੀਦਾ ਹੈ ਜਿਹੜਾ ਕੁਰਾਨ ਸ਼ਰੀਫ ਦੀ ਬੇਅਦਬੀ ਦਾ ਕੇਸ ਹੈ। ਉਸ ਵਿੱਚ ਸਾਡੀ ਪਾਰਟੀ ਦੇ ਇੱਕ ਐਮ.ਐਲ.ਏ. ਦਾ ਨਾਂ ਨਾਜਾਇਜ਼ ਹੀ ਇਹ ਲੈਂਦੇ ਰਹੇ, ਉਸ ਵਿਚਾਰੇ ਨੂੰ ਫਸਾ ਦਿੱਤਾ। ਫਿਰ ਵੀ ਜੇ ਉਨ੍ਹਾਂ ਦੀ ਇਨਕੁਆਰੀ ਕਰਨੀ ਬਣਦੀ ਹੈ ਤਾਂ ਜ਼ਰੂਰ ਕਰੋ। ਸਾਨੂੰ ਪਤਾ ਹੈ, ਸਾਨੂੰ ਆਪਣੀ ਪਾਰਟੀ ਦੇ ਐਮ.ਐਲ.ਏ. ਤੇ ਮਾਣ ਹੈ ਕਿ ਸਾਡੀ ਪਾਰਟੀ ਦਾ ਬੰਦਾ ਇਹੋ ਜਿਹਾ ਕੰਮ ਨਹੀਂ ਕਰੇਗਾ ਲੇਕਿਨ ਜਿਹੜਾ ਉਸ ਕੇਸ ਦਾ ਮੁੱਖ ਦੋਸ਼ੀ ਹੈ, ਵਿਜੇ ਕੁਮਾਰ, ਸਪੀਕਰ ਸਾਹਿਬ, ਬੜੀ ਇੰਟਰਸਟਿੰਗ ਗੱਲ ਹੈ ਪਰ ਅਫਸੋਸ ਵਾਲੀ ਗੱਲ ਹੈ, ਇੰਟਰਸਟਿੰਗ ਤਾਂ ਕਾਹਦੀ ਹੈ ਕਿ 90 ਲੱਖ ਰੁਪਿਆ ਉਸ ਦੇ ਅਕਾਊਂਟ ਵਿੱਚ ਕੈਸ਼ ਆਉਂਦਾ ਹੈ, ਇਹ ਕਿੱਥੋਂ ਆਉਂਦਾ ਹੈ? 90 ਲੱਖ ਰੁਪਿਆ ਉਸ ਦੇ ਅਕਾਊਂਟ ਵਿੱਚ 2 ਅਪਰੈਲ, 2016 ਤੋਂ ਲੈ ਕੇ 21 ਜੂਨ, 2016 ਤੱਕ ਆਉਂਦਾ ਹੈ। ਮਤਲਬ ਦੋ-ਢਾਈ ਮਹੀਨਿਆਂ ਵਿੱਚ 90 ਲੱਖ ਰੁਪਿਆ ਆਉਂਦਾ ਹੈ ਅਤੇ 56 ਲੱਖ ਰੁਪਿਆ ਉਹ ਵਿਦਡਰਾਅ ਵੀ ਕਰ ਲੈਂਦਾ ਹੈ, ਇਸ ਦੀ ਕੋਈ ਇਨਕੁਆਰੀ ਨਹੀਂ ਹੈ। ਸ਼ਾਇਦ ਸੀ.ਬੀ.ਆਈ. ਇਸ ਦੀ ਇਨਕੁਆਰੀ ਕਰ ਸਕਦੀ ਹੈ ਕਿ ਇਹ ਪੈਸਾ ਕਿੱਥੋਂ ਆਇਆ ਹੈ, ਇਹ ਪਤਾ ਕਰਨ ਦੀ ਲੋੜ ਹੈ ਕਿ ਇਹ ਕਿਹੜੀ ਫੌਰਨ ਏਜੰਸੀ ਤੋਂ ਆਇਆ ਹੈ, ਇੱਥੋਂ ਆਇਆ ਹੈ ਜਾਂ ਕਿੱਥੋਂ ਆਇਆ ਹੈ? ਇਹ ਬਹੁਤ ਇੰਪਾਰਟੈਂਟ ਚੀਜ਼ ਹੈ, ਇਹ ਕੇਸ ਸੀ.ਬੀ.ਆਈ. ਨੂੰ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਦੂਸਰੀ ਗੱਲ ਹੈ, ਏ.ਟੀ.ਆਰ. ਵਿੱਚ ਥੋੜ੍ਹੀ ਜਿਹੀ ਕੰਟਰਾਡਿਕਸ਼ਨ ਆਈ ਹੈ। ਸੀ.ਐਮ. ਸਾਹਿਬ, ਜ਼ਰਾ ਇਸ ਤੇ ਵੀ ਗੌਰ ਕਰ ਲਉ। ਅਸੀਂ ਡਿਪਾਰਟਮੈਂਟਲ ਇਨਕੁਆਰੀ ਏ.ਟੀ.ਆਰ. ਦੇ ਪੇਜ ਨੰਬਰ 7 ਤੇ ਆਰਡਰ ਕਰ ਦਿੱਤੀ ਹੈ। 14 ਆਫੀਸ਼ੀਅਲਜ਼ ਇਨਕਲੂਡਿੰਗ ਫਾਰਮਰ ਡੀ.ਜੀ.ਪੀ. ਨੂੰ ਸ਼ੋਅ ਕਾਜ਼ ਨੋਟਿਸ ਦੇ ਦਿੱਤਾ ਹੈ, 4 ਦੇ ਖਿਲਾਫ ਵਿਭਾਗੀ ਇਨਕੁਆਰੀ ਅਤੇ 10 ਦੀ ਐਕਸਪਲੇਨੇਸ਼ਨ ਮੰਗ ਲਈ ਹੈ। ਮੇਰਾ ਖਿਆਲ ਹੈ ਕਿ ਸ਼ਾਇਦ ਕਿਸੇ ਸ਼ਖਸ ਦੇ ਖਿਲਾਫ ਦੋ ਤਰ੍ਹਾਂ ਦੀਆਂ ਇਨਕੁਆਰੀਆਂ ਨਹੀਂ ਹੋ ਸਕਦੀਆਂ ਜਾਂ ਤਾਂ ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਐਫ.ਆਈ. ਆਰ. ਦਰਜ ਹੋਵੇਗੀ ਜਾਂ ਡਿਪਾਰਟਮੈਂਟਲ ਇਨਕੁਆਰੀ ਹੋਵੇਗੀ। ਇਨ੍ਹਾਂ ਦੇ ਖਿਲਾਫ ਐਫ.ਆਈ.ਆਰ. ਮੇਰੇ ਹਿਸਾਬ ਨਾਲ

[ ਸ਼੍ਰੀ ਕੰਵਰ ਸੰਧੂ ]

ਬਣਦੀ ਹੈ, ਡਿਪਾਰਟਮੈਂਟਲ ਇਨਕੁਆਰੀ ਦੀ ਲੋੜ ਨਹੀਂ ਹੈ। ਜੇ ਇਨ੍ਹਾਂ ਦੇ ਖਿਲਾਫ ਕ੍ਰਿਮੀਨਲ ਕੇਸ ਬਣਦਾ ਹੈ ਤਾਂ ਡਿਪਾਰਟਮੈਂਟਲ ਇਨਕੁਆਰੀ ਦੀ ਲੋੜ ਹੀ ਨਹੀਂ ਹੈ।

**ਮਾਨਯੋਗ ਸਪੀਕਰ :** ਦੋਨੋਂ ਹੋ ਸਕਦੇ ਹਨ। ਸੰਧੂ ਸਾਹਿਬ, ਦੋਨੋਂ ਹੋ ਸਕਦੇ ਹਨ।

**ਸ਼੍ਰੀ ਕੰਵਰ ਸੰਧੂ :** ਦੂਸਰਾ, ਸਪੀਕਰ ਸਾਹਿਬ, ਇਸ ਵਿੱਚ ਏ.ਟੀ.ਆਰ. ਦੇ ਪੇਜ ਨੰਬਰ 63 ਤੇ ਕਮੇਟੀ ਬਾਰੇ ਮੈਨਸ਼ਨ ਕੀਤਾ ਗਿਆ ਹੈ। ਜਿਸ ਦੇ ਮੈਂਬਰ ਹਨ : ਚੀਫ ਸੈਕਟਰੀ, ਏ.ਸੀ.ਐਸ., ਡੀ.ਜੀ.ਪੀ. ਤੇ ਏ.ਜੀ. ਸਾਹਿਬ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਹੁਤ ਸਾਰੇ ਅਫਸਰ ਹਨ, ਜਿਨ੍ਹਾਂ ਦੇ ਨਾਮ ਇਸ ਕਮਿਸ਼ਨ ਦੀ ਰਿਪੋਰਟ ਵਿੱਚ ਹਨ, ਉਹ ਹਾਲੇ ਵੀ ਆਪਣੇ ਅਹੁਦੇ ਤੇ ਹੀ ਕਾਇਮ ਹਨ।

**ਮਾਨਯੋਗ ਸਪੀਕਰ:** ਸੰਧੂ ਸਾਹਿਬ, 25 ਮਿੰਟ ਹੋ ਗਏ ਹਨ।

**ਸ਼੍ਰੀ ਕੰਵਰ ਸੰਧੂ:** ਬੱਸ, ਅੱਧਾ ਮਿੰਟ ਜੀ। ਸੋ, ਉਨ੍ਹਾਂ ਤੋਂ ਆਪਾਂ ਨੂੰ ਇਨਸਾਫ ਨਹੀਂ ਮਿਲ ਸਕਦਾ। ਜਿੰਨੀ ਮਰਜ਼ੀ ਉਨ੍ਹਾਂ ਦੀ ਨੀਯਤ ਸਾਫ ਹੋਵੇ ਫਿਰ ਵੀ ਉਹ ਅਫਸਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ। ਫਿਰ ਵੀ ਮੈਂ ਕਹਿਣਾ ਚਾਹਾਂਗਾ ਕਿ ਜਿਹੜਾ ਸਟੇਟ ਪੁਲਿਸ ਬੋਰਡ ਬਣਿਆ ਹੈ, ਜਿਸ ਦਾ ਸੀ.ਐਮ. ਸਾਹਿਬ ਨੇ ਸਵੇਰੇ ਜ਼ਿਕਰ ਕੀਤਾ ਹੈ, ਉਸ ਨੂੰ ਇਹ ਪਾਵਰਾਂ ਦਿੱਤੀਆਂ ਜਾਣ, ਉਸ ਨੂੰ ਇਹ ਅਧਿਕਾਰ ਦਿੱਤਾ ਜਾਵੇ, ਇਹ ਪਾਵਰ ਦਿੱਤੀ ਜਾਵੇ ਕਿ ਜੋ ਵੀ ਕਾਰਵਾਈ ਹੋ ਰਹੀ ਹੈ, ਉਹ ਪੁਲਿਸ ਬੋਰਡ ਇਸ ਕਾਰਵਾਈ ਨੂੰ ਕਰੇ।(ਥੰਪਿੰਗ) ਬਹੁਤ-ਬਹੁਤ ਧੰਨਵਾਦ। Thank you very much.

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਰਿਣੀ ਹਾਂ ਕਿ ਅੱਜ ਬੜੇ ਇਤਿਹਾਸਕ ਸੈਸ਼ਨ ਦੌਰਾਨ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਗੱਲ ਸਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਲੇ-ਦੁਆਲੇ ਘੁੰਮਦੀ ਹੈ। ਸਪੀਕਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਬਾਰੇ ਲੇਡੀ ਮੈਂਬਰ ਪ੍ਰੋਫੈਸਰ ਸਾਹਿਬ ਨੇ ਗੱਲ ਕੀਤੀ ਹੈ। ਦੁਨੀਆਂ ਦੇ ਦੋ ਮੇਨ ਫਿਲਾਸਫਰ ਹੋਏ ਹਨ ਜਿਨ੍ਹਾਂ ਦੀ ਮੈਂ ਗੱਲ ਕਰਨੀ ਚਾਹਾਂਗਾ। ਉਨ੍ਹਾਂ ਵਿੱਚੋਂ ਇੱਕ ਦਾ ਨਾਮ ਟਾਇਨਬੀ ਸੀ, ਜਿਨ੍ਹਾਂ ਨੇ ਆਖਿਆ ਕਿ ਜੇ ਕਦੇ ਦੋ-ਤਿੰਨ ਹਜ਼ਾਰ ਸਾਲ ਬਾਅਦ ਦੁਨੀਆਂ ਵਿੱਚ ਇੱਕ ਧਰਮ ਬਣਿਆ ਤਾਂ ਉਸ ਧਰਮ ਦਾ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਵੇਗਾ। ਉਨ੍ਹਾਂ ਨੇ ਸਾਰੇ ਗ੍ਰੰਥਾਂ ਦੀ ਕੰਪੈਰੇਟਿਵ ਸਟੱਡੀ ਕੀਤੀ ਤੇ ਫਿਰ ਉਨ੍ਹਾਂ ਨੇ ਆਪਣਾ ਨਿਚੋੜ ਕੱਢਿਆ ਜਿਸ ਦਾ ਨਿਚੋੜ ਇਹ ਸੀ ਕਿ ਸ਼ਾਇਦ ਕਦੇ ਦੁਨੀਆਂ ਨੂੰ ਅਕਲ ਆਵੇ ਅਤੇ ਕਦੇ ਕੋਈ ਇੱਕ ਧਰਮ ਬਣੇ ਤਾਂ ਉਹ ਧਰਮ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲੋਂ ਗਾਈਡੈਂਸ ਲਵੇਗਾ। ਦੂਜਾ ਸਰ, ਸਾਡੇ ਟੈਗੋਰ ਜੀ ਹਨ ਜਿਨ੍ਹਾਂ ਨੇ ਨੈਸ਼ਨਲ ਐਂਥਮ ਲਿਖਿਆ ਹੈ। ਉਨ੍ਹਾਂ ਨੂੰ ਕਿਸੇ ਨੇ ਪੁੱਛਿਆ ਕਿ ਤੁਸੀਂ ਨੈਸ਼ਨਲ

ਐਂਥਮ ਲਿਖਿਆ ਹੈ, ਤੁਸੀਂ ਵਿਸ਼ਵ ਗੀਤ ਕਿਉਂ ਨਹੀਂ ਲਿਖਿਆ ਤਾਂ ਉਹ ਕਹਿਣ ਲੱਗੇ ਕਿ ਵਿਸ਼ਵ ਗੀਤ ਤਾਂ ਬੜਾ ਸਮਾਂ ਪਹਿਲਾਂ ਬਾਬਾ ਨਾਨਕ ਜੀ ਲਿਖ ਗਏ ਹਨ। ਉਹ ਵਿਸ਼ਵ ਗੀਤ ਉਨ੍ਹਾਂ ਨੇ ਪੜ੍ਹ ਕੇ ਸੁਣਾਇਆ

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥

ਅਨਹਤਾ ਸਬਦ ਵਾਜੰਤ ਭੇਰੀ॥

ਭਾਵ ਉਸ ਪ੍ਰਮਾਤਮਾ ਨੂੰ ਦੀਪਕ ਵੀ, ਸੂਰਜ ਵੀ, ਚੰਦਰਮਾ ਵੀ, ਤਾਰੇ ਵੀ ਅਤੇ ਪਹਾੜਾਂ ਤੋਂ ਆਉਂਦੀਆਂ ਠੰਢੀਆਂ ਹਵਾਵਾਂ ਵੀ ਚਵਰ ਕਰ ਰਹੀਆਂ ਹਨ ਤੇ ਸਾਰੀ ਦੁਨੀਆਂ ਉਸ ਪ੍ਰਮਾਤਮਾ ਦੀ ਆਰਤੀ ਗਾ ਰਹੀ ਹੈ ਜਿਨ੍ਹਾਂ ਨੇ ਇਹ ਸਾਰਾ ਸਿਸਟਮ ਬਣਾਇਆ ਹੈ। ਉਹ ਕਹਿੰਦੇ ਹਨ ਕਿ ਇਹ ਗੀਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰੀ ਦੁਨੀਆਂ ਵਾਸਤੇ ਲਿਖਿਆ ਹੈ। ਸਪੀਕਰ ਸਾਹਿਬ, ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਹੋਰ ਗ੍ਰੰਥ ਵੀ ਹਨ, ਬਾਈਬਲ ਹੈ, ਕੁਰਾਨ ਹੈ, ਗੀਤਾ ਹੈ, ਰਮਾਇਣ ਹੈ ਪਰ ਕਿਸੇ ਗ੍ਰੰਥ ਵਿੱਚ ਵੀ ਕਿਸੇ ਹੋਰ ਸੰਤ ਜਾਂ ਪੀਰ ਦੀ ਬਾਣੀ ਨਹੀਂ ਲਈ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਅਜਿਹਾ ਵਧੀਆ ਗ੍ਰੰਥ ਹੈ ਜਿਸ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ, ਸੰਤ ਕਬੀਰ ਜੀ ਦੀ ਬਾਣੀ, ਬਾਬਾ ਫਰੀਦ ਜੀ ਦੀ ਬਾਣੀ ਅਤੇ ਭਗਤ ਧੰਨਾ ਜੱਟ ਜੀ ਦੀ ਬਾਣੀ ਵੀ ਹੈ। ਸਪੀਕਰ ਸਾਹਿਬ, ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਾਂ ਤਾਂ ਫਿਰ ਨਾਲ ਹੀ ਇਨ੍ਹਾਂ ਪੀਰਾਂ ਨੂੰ ਵੀ ਅਸੀਂ ਮੱਥਾ ਟੇਕਦੇ ਹਾਂ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਹੈ। ਅਸੀਂ ਜਦੋਂ ਦੁਨੀਆਂ ਵਿੱਚ ਕਾਰ-ਵਿਹਾਰ ਸ਼ੁਰੂ ਕਰਦੇ ਹਾਂ, ਇਲੈਕਸ਼ਨ ਸ਼ੁਰੂ ਕਰਦੇ ਹਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲੋਂ ਹੁਕਮ ਲੈ ਕੇ ਸ਼ੁਰੂ ਕਰਦੇ ਹਾਂ। ਸਾਡੀ ਲੜਾਈ ਕੀ ਹੈ ? ਸਾਡੀ ਲੜਾਈ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰੂ ਸ਼ਬਦ ਲੈਂਦੇ ਹਾਂ, ਇਨ੍ਹਾਂ ਨੂੰ ਗੁਰੂ ਮੰਨਦੇ ਹਾਂ ਅਤੇ ਜਿਹੜੇ ਦੂਜੀ ਸੋਚ ਵਾਲੇ ਹਨ, ਉਹ ਇਸ ਦੀ ਬੇਅਦਬੀ ਕਰ ਰਹੇ ਹਨ, ਉਹ ਦੇਹਧਾਰੀ ਨੂੰ ਗੁਰੂ ਮੰਨਦੇ ਹਨ, ਦੇਹਧਾਰੀ ਗੁਰੂ ਵਾਲੇ ਇਸ ਨੂੰ ਕਿਤਾਬ ਕਹਿੰਦੇ ਹਨ। ਅਸੀਂ ਇਨ੍ਹਾਂ ਨੂੰ ਗੁਰੂ ਮੰਨਦੇ ਹੋਏ, ਸ਼ਬਦ ਗੁਰੂ ਮੰਨਦੇ ਹੋਏ ਹੁਕਮਨਾਮਾ ਲੈ ਕੇ ਤੁਰਦੇ ਹਾਂ। ਸਪੀਕਰ ਸਾਹਿਬ, ਅੱਜ ਜਦੋਂ ਮੈਂ ਆ ਰਿਹਾ ਸੀ ਤਾਂ ਮੈਂ ਸੋਚ ਰਿਹਾ ਸੀ ਕਿ ਹੁਣ ਸੱਚ ਬੋਲਣ ਦਾ ਵੇਲਾ ਹੈ। ਜੇ ਅੱਜ ਮੈਂ ਸੱਚ ਬੋਲਣ ਤੋਂ ਕੁਤਾਹੀ ਕਰ ਜਾਵਾਂਗਾ ਤਾਂ ਮੇਰਾ ਖਿਆਲ ਹੈ ਕਿ ਮੈਂ ਬੜਾ ਵੱਡਾ ਗੁਨਾਹ ਕਰਾਂਗਾ ਕਿਉਂਕਿ ਮੇਰੇ ਸਾਹਮਣੇ ਅੱਜ ਸਰਦਾਰ ਪਰਕਾਸ਼ ਸਿੰਘ ਬਾਦਲ ਨਹੀਂ ਹਨ, ਜਿਨ੍ਹਾਂ ਦੀ ਬਜ਼ੁਰਗੀ ਦਾ ਮੈਨੂੰ ਵੀ ਥੋੜ੍ਹਾ

ਸਤਿਕਾਰ ਹੈ। ਮੈਂ ਸੋਚਦਾ ਸੀ ਕਿ ਕਸੂਰਵਾਰ ਤਾਂ ਇਹ ਇਨਸਾਨ ਹੈ, ਮੈਂ ਇਸ ਦੇ ਖਿਲਾਫ ਕੀ ਆਖਾਂਗਾ ਅਤੇ ਕਿਵੇਂ ਆਖਾਂਗਾ। ਪਰ ਫਿਰ ਮੈਨੂੰ ਡਾਕਟਰ ਸੁਰਜੀਤ ਪਾਤਰ ਸਾਹਿਬ ਦੀਆਂ ਇਹ ਲਾਈਨਾਂ ਯਾਦ ਆਈਆਂ,

'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।

ਇਸ ਗੀਤ ਦੀ ਮੌਤ ਇਸ ਰਾਤ ਜੇ ਹੋ ਗਈ ਤਾਂ ਮੇਰੇ ਯਾਰ ਮੇਰਾ ਜੀਣਾ ਕਿੰਝ ਸਹਿਣਗੇ।

ਜੇ ਮੈਂ ਝੂਠ ਮਾਰ ਕੇ ਜਿਊਂਦਾ ਵੀ ਰਹਾਂਗਾ ਤਾਂ ਮੇਰੇ ਯਾਰ ਆਖਣਗੇ ਕਿ ਇਹ ਬੇਜ਼ਮੀਰੀ ਜ਼ਿੰਦਗੀ ਜੀਅ ਰਿਹਾ ਹੈ। (ਥੰਪਿੰਗ) ਸਪੀਕਰ ਸਾਹਿਬ, ਇਸ ਤੋਂ ਬਾਅਦ ਮੈਂ ਬਾਬਾ ਨਾਨਕ ਜੀ ਦੀ ਬਾਣੀ ਤੇ ਵੀ ਝਾਤੀ ਮਾਰੀ। ਬਾਬਾ ਨਾਨਕ ਜੀ ਨੇ ਗੱਲ ਆਖੀ ਕਿ:

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥

ਜਿਹੜਾ ਬਾਬਾ ਨਾਨਕ ਜੀ ਨੇ ਆਖਿਆ ਹੈ ਕਿ ਅੱਜ ਸੱਚ ਬੋਲਣ ਦਾ ਵੇਲਾ ਹੈ। ਜਿਹੜਾ ਅੱਜ ਝੂਠ ਮਾਰੇਗਾ ਉਹ ਗੁਨਾਹ ਕਰੇਗਾ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਗੱਲ ਕੀ ਹੈ ਇੱਕ ਜੂਨ ਨੂੰ ਪਿੰਡ ਬੁਰਜ ਸਿੰਘ ਵਾਲਾ ਵਿਖੇ ਵਾਕਿਆ ਹੋਇਆ, 1 ਜੂਨ ਦਾ ਸਾਰਾ ਦਿਨ ਲੰਘਿਆ, 2 ਜੂਨ ਨੂੰ ਪਿੰਡ ਦੀ ਸੰਗਤ ਇਕੱਠੀ ਹੋਈ ਅਤੇ ਥਾਣੇ ਵੱਲ ਨੂੰ ਤੁਰੀ। ਰਾਹ ਵਿੱਚ ਇੱਕ ਹਰੀਕ੍ਰਿਸ਼ਨ ਨਾਮ ਦਾ ਏ.ਐਸ.ਆਈ. ਮਿਲ ਗਿਆ। ਉਨ੍ਹਾਂ ਥਾਣੇ ਵਿੱਚ ਰਿਪੋਰਟ ਦਰਜ ਕਰ ਦਿੱਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਵਾਚ ਗਏ ਹਨ। ਸਪੀਕਰ ਸਾਹਿਬ, ਹੈਰਾਨਗੀ ਦੀ ਗੱਲ ਹੈ ਕਿ 1 ਜੂਨ ਤੋਂ 25 ਸਤੰਬਰ ਤੱਕ ਉਸ ਪਿੰਡ ਵਿੱਚ ਨਾ ਕੋਈ ਥਾਣੇਦਾਰ, ਨਾ ਕੋਈ ਡੀ.ਐਸ.ਪੀ., ਨਾ ਕੋਈ ਐਸ.ਐਸ.ਪੀ., ਨਾ ਕੋਈ ਡੀ.ਆਈ.ਜੀ., ਨਾ ਕੋਈ ਆਈ.ਜੀ., ਨਾ ਕੋਈ ਏ.ਡੀ.ਜੀ.ਪੀ., ਕੋਈ ਵੀ ਨਹੀਂ ਗਿਆ, ਨਾ ਹੀ ਕੋਈ ਐਮ.ਐਲ.ਏ., ਵਜ਼ੀਰ ਜਾਂ ਚੀਫ ਮਨਿਸਟਰ ਹੀ ਗਿਆ। ਇਹ ਧਰਮ ਦੇ ਨਾਂ ਤੇ ਵੋਟਾਂ ਮੰਗਣ ਵਾਲੀ ਸਰਕਾਰ ਸੁੱਤੀ ਰਹੀ। ਸਪੀਕਰ ਸਾਹਿਬ, ਫਿਰ 25 ਸਤੰਬਰ ਨੂੰ ਪਿੰਡ ਬੁਰਜ ਸਿੰਘ ਵਾਲਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੋਰੀ ਹੋਏ, ਉੱਥੇ 2 ਇਸ਼ਤਿਹਾਰ ਲੱਗੇ। ਉਨ੍ਹਾਂ ਇਸ਼ਤਿਹਾਰਾਂ ਦੀ ਵਰਡਿੰਗ ਸੁਣਨ ਵਾਲੀ ਅਤੇ ਪੜ੍ਹਨ ਵਾਲੀ ਹੈ। ਉਸ ਇਸ਼ਤਿਹਰ ਵਿੱਚ ਵਰਡਿੰਗ ਲਿਖੀ ਗਈ ਕਿ ਤੁਹਾਡਾ ਗੁਰੂ ਬਰਗਾੜੀ ਵਿੱਚ ਹੈ, ਜਿਹੜਾ ਲੱਭ ਲਵੇਗਾ, ਉਸ ਨੂੰ 10 ਲੱਖ ਰੁਪਏ ਇਨਾਮ ਦੇਵਾਂਗੇ। ਸਪੀਕਰ ਸਾਹਿਬ, ਇਹ ਇੱਕ ਚੈਲੰਜ ਸੀ। ਇਸ ਤੋਂ ਪਹਿਲਾਂ ਸਿੱਖ ਸੰਗਤਾਂ ਨੇ ਆਖਿਆ ਸੀ ਕਿ ਜਿਹੜਾ ਸਾਨੂੰ ਗੁਰੂ ਜੀ ਬਾਰੇ ਸੂਹ ਦੇਵੇਗਾ ਤਾਂ ਅਸੀਂ ਉਸ ਨੂੰ 5 ਲੱਖ ਰੁਪਿਆ ਦਿਆਂਗੇ। ਉਨ੍ਹਾਂ ਨੇ ਇਸ਼ਤਿਹਾਰ ਵਿੱਚ ਲਿਖਿਆ ਕਿ ਅਸੀਂ 10 ਲੱਖ ਰੁਪਿਆ ਦਿਆਂਗੇ ਜੇ ਬਰਗਾੜੀ ਵਿੱਚ ਗੁਰੂ ਤੁਸੀਂ ਲੱਭ ਲਵੋਗੇ ਅਤੇ ਦਾਦੂਵਾਲ ਨੂੰ ਵੀ ਸੋਧ ਕੇ ਦੱਸਾਂਗੇ। ਸਪੀਕਰ ਸਾਹਿਬ, ਇਸ਼ਤਿਹਾਰ ਲੱਗਣ ਤੋਂ ਬਾਅਦ

ਵੀ ਸਰਕਾਰ ਨਹੀਂ ਜਾਗੀ। ਫਿਰ ਬਰਗਾੜੀ ਪਿੰਡ ਵਿੱਚ ਵੀ ਕੋਈ ਪਹਿਰਾ ਨਹੀਂ ਲਾਇਆ, ਕੋਈ ਕੈਮਰੇ ਨਹੀਂ ਲਾਏ, ਕੋਈ ਪੁਲਿਸ ਨਹੀਂ ਬਿਠਾਈ। ਉਸੇ ਬਰਗਾੜੀ ਪਿੰਡ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੀਰੋ-ਲੀਰ ਹੋਇਆ ਲੱਭਿਆ। ਸਰਕਾਰ ਕੀ ਕਰਦੀ ਰਹੀ? ਪੰਥ ਦੇ ਨਾਂ ਤੇ ਵੋਟਾਂ ਮੰਗਣ ਵਾਲੀ ਸਰਕਾਰ ਕਿੱਥੇ ਸੁੱਤੀ ਰਹੀ? ਸਪੀਕਰ ਸਾਹਿਬ, ਫਿਰ ਸੰਗਤ ਆਪ-ਮੁਹਾਰੇ ਉੱਠੀ, ਜਦੋਂ ਸੰਗਤ ਉੱਠੀ ਤਾਂ ਲੋਕ ਕੋਟਕਪੂਰਾ ਵਿੱਚ ਧਰਨੇ ਤੇ ਬੈਠੇ। ਸਪੀਕਰ ਸਾਹਿਬ, ਪਹਿਲਾਂ ਉਥੇ ਕੋਈ ਡੀ.ਐਸ.ਪੀ. ਵੀ ਨਹੀਂ ਗਿਆ। ਉਸ ਦਿਨ ਡੀ.ਆਈ.ਜੀ. ਅਤੇ ਐਸ.ਐਸ.ਪੀਜ਼. ਦਾ ਪਤਾ ਹੀ ਨਾ ਲੱਗੇ ਕਿ ਕਿੰਨੇ ਕੁ ਆ ਗਏ ਅਤੇ ਲੋਕ 500-600 ਸੀ, ਹਜ਼ਾਰਾਂ ਵਿੱਚ ਪੁਲਿਸ ਆਲੇ-ਦੁਆਲੇ ਸੀ। ਸਪੀਕਰ ਸਾਹਿਬ, ਪੁਲਿਸ ਵੀ ਦੋ ਤਰ੍ਹਾਂ ਦੀ ਸੀ, ਇੱਕ ਪੰਜਾਬ ਪੁਲਿਸ ਸੀ ਅਤੇ ਇੱਕ ਸੈਣੀ ਪੁਲਿਸ ਸੀ। ਸੈਣੀ ਪੁਲਿਸ ਪੰਜਾਬ ਪੁਲਿਸ ਨੂੰ ਕੁਝ ਨਹੀਂ ਸਮਝਦੀ ਸੀ ਅਤੇ ਪੰਜਾਬ ਪੁਲਿਸ ਸੈਣੀ ਪੁਲਿਸ ਨੂੰ ਕੁਝ ਨਹੀਂ ਸਮਝਦੀ ਸੀ ਪਰ ਉਥੇ ਦਬ-ਦਬਾ ਸੈਣੀ ਪੁਲਿਸ ਦਾ ਸੀ। ਗੋਲੀ ਕੋਟਕਪੂਰੇ ਵੀ ਚੱਲੀ, ਕੁਝ ਲੋਕ ਜ਼ਖਮੀ ਹੋਏ। ਫਿਰ ਬਹਿਬਲ ਕਲਾਂ ਦੀ ਗੱਲ ਆ ਗਈ। ਸਪੀਕਰ ਸਾਹਿਬ, ਮੈਂ ਬਹਿਬਲ ਕਲਾਂ ਦੇ ਮੋੜ ਤੇ ਜਾ ਕੇ ਦੇਖਿਆ। ਉਹ ਇੱਕ ਲਿੰਕ ਰੋਡ ਦਾ ਮੋੜ ਸੀ। ਉੱਥੇ 1000-1500 ਬੰਦਾ ਕੀਰਤਨ ਕਰ ਰਿਹਾ ਸੀ, ਢੋਲਕੀਆਂ-ਛੈਣੇ ਵਜਾ ਰਹੇ ਸੀ। ਉਥੇ ਚਰਨਜੀਤ ਸ਼ਰਮਾ, ਐਸ.ਐਸ.ਪੀ. ਚਲਾ ਗਿਆ ਔਰ ਜਾ ਕੇ ਕਿਹਾ ਕਿ ਤੁਹਾਨੂੰ ਇੱਥੋਂ ਉਠਣ ਲਈ ਢਾਈ ਮਿੰਟ ਦਿੱਤੇ ਹਨ, ਢਾਈ ਮਿੰਟਾਂ ਵਿੱਚ ਉੱਠ ਜਾਓ। ਸਪੀਕਰ ਸਾਹਿਬ, ਪਹਿਲਾਂ ਕੋਈ ਵਾਰਨਿੰਗ ਨਹੀਂ ਦਿੱਤੀ ਗਈ, ਕੋਈ ਲਾਠੀਚਾਰਜ ਨਹੀਂ ਹੋਇਆ, ਕੋਈ ਪਾਣੀ ਦੀਆਂ ਬੁਛਾੜਾਂ ਨਹੀਂ ਮਾਰੀਆਂ । ਉਥੇ ਐਸ.ਡੀ.ਐਮ. ਵੀ ਨਾਲ ਹੀ ਸੀ। ਉਸ ਦਾ ਕੋਈ ਹੁਕਮ ਨਹੀਂ ਆਇਆ ਪ੍ਰੰਤੂ ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਪੀਕਰ ਸਾਹਿਬ, ਹੈਰਾਨਗੀ ਦੀ ਗੱਲ ਹੈ ਕਿ ਉਸ ਤੋਂ ਕੁਝ ਦਿਨ ਪਹਿਲਾਂ ਡੇਰਾ ਪੈਰੋਕਾਰਾਂ ਦਾ ਧਰਨਾ ਲੱਗਿਆ ਹੋਵੇ, ਉਸ ਨੂੰ ਪੁਲਿਸ ਨਾ ਚੁੱਕੇ ਪ੍ਰੰਤੂ ਇਨ੍ਹਾਂ ਨੂੰ ਆਖਿਆ ਗਿਆ ਕਿ ਢਾਈ ਮਿੰਟਾਂ ਵਿੱਚ ਉੱਠੋ। ਉਹ ਕੀ ਸੀ? ਉਹ ਵੋਟਾਂ ਦੀ ਰਾਜਨੀਤੀ ਸੀ। ਵੋਟਾਂ ਦੀ ਰਾਜਨੀਤੀ ਨੇ ਪੰਜਾਬ ਖਤਮ ਕਰ ਦਿੱਤਾ ਹੈ। ਅੱਜ ਅਸੀਂ ਇਸ ਹਾਲਾਤ ਵਿੱਚ ਬੈਠੇ ਹਾਂ ਕਿ ਸੈਸ਼ਨ ਸੱਦ ਕੇ ਸਾਰੇ ਉਨ੍ਹਾਂ ਨੂੰ ਗਾਲ੍ਹਾਂ ਕੱਢ ਰਹੇ ਹਾਂ। ਪੰਜਾਬੀ ਦਾ ਇੱਕ ਗੀਤ 'ਛੱਲਾ' ਹੈ, ਉਸ ਵਿੱਚ ਲਾਈਨ ਆਉਂਦੀ ਹੈ, 'ਜਾਓ ਨੀ ਕੋਈ ਮੋੜ ਲਿਆਵੋ'। ਇਹ ਵੀ ਕਿਹਾ ਜਾਂਦਾ ਹੈ, 'ਸਾਡੇ ਗਏ ਅਕਾਲੀ ਰੁੱਸ ਕੇ'। ਜਾਓ ਕੋਈ ਉਨ੍ਹਾਂ ਨੂੰ ਸੱਦ ਕੇ ਲਿਆਓ, ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸੁਣੋ ਤਾਂ ਸਹੀ ਕਿ ਤੁਹਾਡੀਆਂ ਕਰਤੂਤਾਂ ਕੀ ਹਨ ?

ਸਪੀਕਰ ਸਾਹਿਬ, ਮੈਂ ਹੁਣ ਜਸਟਿਸ ਰਣਜੀਤ ਸਿੰਘ ਦੀ ਗੱਲ ਨਹੀਂ

ਕਰਦਾ। ਜਸਟਿਸ ਰਣਜੀਤ ਸਿੰਘ ਦੀ ਗੱਲ ਕੀਤਿਆਂ ਇਹ ਬੜਾ ਗੁੱਸਾ ਕਰਦੇ ਹਨ। ਮਨਪ੍ਰੀਤ ਜੀ, ਇਹ ਮੇਰੇ ਕੋਲ ਜਸਟਿਸ ਜ਼ੋਰਾ ਸਿੰਘ ਦੀ ਰਿਪੋਰਟ ਹੈ। ਮੈਂ ਜ਼ੋਰਾ ਸਿੰਘ ਦੀ ਰਿਪੋਰਟ ਨੂੰ ਕੋਟ ਕਰਾਂਗਾ, ਜਸਟਿਸ ਰਣਜੀਤ ਸਿੰਘ ਵਾਲੀ ਨੂੰ ਨਹੀਂ ਕਿਉਂਕਿ ਅਕਾਲੀ ਦਲ ਪਾਰਟੀ ਵਾਲੇ ਗੁੱਸਾ ਕਰਦੇ ਹਨ। ਜਸਟਿਸ ਜੋਰਾ ਸਿੰਘ ਨੇ ਆਪਣਾ ਨਿਚੋੜ ਕੱਢਿਆ ਸੀ ਕਿ ਉਥੇ ਗੋਲੀ ਬਿਨਾਂ ਕਿਸੇ ਝਗੜੇ ਤੋਂ ਚਲਾਈ ਗਈ ਅਤੇ ਬੇਵਜ੍ਹਾ ਚਲਾਈ ਗਈ। 'ਉਥੇ ਗੋਲੀ ਤਿੰਨ ਫੁੱਟ ਦੀ ਦੂਰੀ ਤੋਂ ਮਾਰੀ ਗਈ, ਗੋਲੀਆਂ ਸਰੀਰ ਦੇ ਉਪਰਲੇ ਹਿੱਸੇ ਤੋਂ ਵੱਜੀਆਂ ਅਤੇ ਹੇਠਾਂ ਨੂੰ ਗਈਆਂ। ਸਪੀਕਰ ਸਾਹਿਬ, ਜਸਟਿਸ ਜ਼ੋਰਾ ਸਿੰਘ ਲਿਖਦਾ ਹੈ, "In the circumstances where both the victims Gurjit Singh and Krishan Bhagwan Singh were in sitting position." ਉਹ ਉਦੋਂ ਬੈਠੇ ਹੋਏ ਸੀ, ਇਹ ਉਨ੍ਹਾਂ ਦਾ ਕਮਿਸ਼ਨ ਕਹਿੰਦਾ ਹੈ। ਜਿਸ ਜਸਟਿਸ ਨੇ ਰਿਪੋਰਟ ਬਣਾਈ ਸੀ, ਉਸ ਦਾ ਨਾਂ ਜ਼ੋਰਾ ਸਿੰਘ ਸੀ ਪਰ ਇਨ੍ਹਾਂ ਨੇ ਉਸ ਨੂੰ 'ਜ਼ੀਰੋ ਸਿੰਘ' ਕਰ ਦਿੱਤਾ। ਇਨ੍ਹਾਂ ਨੇ ਉਸ ਦੀ ਰਿਪੋਰਟ ਲਈ ਹੀ ਨਹੀਂ, ਅੱਠ ਮਹੀਨਿਆਂ ਦਾ ਸਮਾਂ ਲੱਗਿਆ ਸੀ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿਉਂਕਿ ਮੇਰੀ ਗੱਲ ਦਾ ਇਹ ਬੜਾ ਗੁੱਸਾ ਕਰਦੇ ਹਨ, ਬੇਵਜ੍ਹਾ ਇਸ਼ਤਿਹਾਰ ਦਿੰਦੇ ਰਹੇ, ਇਸ ਨੂੰ ਬੇਵਜ੍ਹਾ ਤਨਖਾਹ ਦੇ ਛੱਡੀ, ਜੇਕਰ ਇਸ ਦੀ ਰਿਪੋਰਟ ਨੂੰ ਮੰਨਣਾ ਨਹੀਂ ਸੀ ਤਾਂ ਫਿਰ ਬਣਾਇਆ ਕਿਉਂ ਸੀ ? Speaker Sahib, ਇਹ ਲਿਖਿਆ ਹੋਇਆ ਹੈ, "Krishan Bhagwan Singh was in sitting position but compelled the police officers to fire at them and that too from close contact, is beyond comprehension, more so, when the victims were defenceless and unarmed. The upshot therefore, is the police firing, as a result of which two persons i.e. Gurjit Singh and Krishan Bhagwan Singh died and more than five persons injured grievously, which was absolutely unwarranted" ਇਹ ਗੱਲ ਉਨ੍ਹਾਂ ਦਾ ਕਮਿਸ਼ਨ ਕਹਿ ਰਿਹਾ ਹੈ। ਸਪੀਕਰ ਸਾਹਿਬ, ਹੁਣ ਮਜੀਠੀਆ ਸਾਹਿਬ ਕਹਿ ਰਹੇ ਹਨ ਕਿ ਸੁਪਰੀਮ ਕੋਰਟ ਦਾ ਜੱਜ ਚਾਹੀਦਾ ਸੀ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇ ਸੁਪਰੀਮ ਕੋਰਟ ਦੇ ਜੱਜ ਨੇ ਵੀ ਇਹੀ ਕਹਿ ਦਿੱਤਾ ਤਾਂ ਫਿਰ ਕੀ ਕਰੋਗੇ?

"अब तो घबरा कर कहते हैं कि मर जायेंगे, मर कर भी चैन न पाया तो किधर जायेंगे"

ਕਿੱਥੇ ਭੱਜੋਗੇ ? (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਭਾਵੇਂ ਪਤਾ ਹੈ, ਗੋਲੀਆਂ ਕਿਸ ਨੇ ਚਲਵਾਈਆਂ। ਇਹ ਵੀ ਪਤਾ ਹੈ, ਗੋਲੀਆਂ ਕਿਸ ਨੇ ਮਾਰੀਆਂ ਹਨ:

"वो कत्ल करके हर किसी से पूछते फिरते हैं, ये काम किस ने किया, ये काम किस ने किया।"

ਸਪੀਕਰ ਸਾਹਿਬ, ਸਾਰਾ ਕੁਝ ਹੱਥੀਂ ਕਰਕੇ ਹੁਣ ਡਰਾਮੇ ਕਰਦੇ ਫਿਰਦੇ ਹਨ। ਸਪੀਕਰ ਸਾਹਿਬ, ਧਰਨਾ ਅੱਜ ਵੀ ਲੱਗਾ ਹੋਇਆ ਹੈ। ਧਰਨਾ ਲੱਗੇ ਨੂੰ ਢਾਈ-ਤਿੰਨ ਮਹੀਨੇ ਹੋ ਚੱਲੇ ਹਨ, ਉਥੇ ਕਿਉਂ ਨਹੀਂ ਫੋਰਸ ਚਲੀ ਗਈ, ਉਥੇ ਕਿਉਂ ਨਹੀਂ ਗੋਲੀ ਚੱਲੀ? ਉਥੇ ਡੀ.ਆਈ.ਜੀ. ਕਿਉਂ ਨਹੀਂ ਚਲਾ ਗਿਆ? ਸਪੀਕਰ ਸਾਹਿਬ, ਇਹ ਆਪਣੇ-ਆਪ ਨੂੰ ਪੰਥਕ ਕਹਾਉਂਦੇ ਹਨ ਪਰ ਮੈਨੂੰ ਨਹੀਂ ਲਗਦਾ ਕਿ ਕਿਸੇ ਨੇ ਬਾਣੀ ਪੜ੍ਹੀ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹੋ ਜਿਹੀ ਸਿਚੂਏਸ਼ਨ ਡੀਲ ਕਰਨ ਲਈ ਲਿਖਿਆ ਹੋਇਆ ਹੈ, ਜੇਕਰ ਇਹੋ ਜਿਹਾ ਧਰਨਾ ਲੱਗ ਜਾਏ, ਇਹੋ ਜਿਹੀ ਗੱਲ ਹੋ ਜਾਏ ਤਾਂ ਬਾਣੀ ਵਿੱਚ ਲਿਖਿਆ ਹੈ-

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ॥

ਭਾਵ ਪਹਿਲਾਂ ਇਕੱਠੇ ਹੋ ਕੇ ਉਨ੍ਹਾਂ ਨੂੰ ਚਿੱਠੀ ਭੇਜੋ।

ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ॥

ਭਾਵ ਫਿਰ ਕੋਈ ਦੋ ਬੰਦੇ ਭੇਜੋ, ਜਿਸ ਵਿੱਚ ਕੈਪਟਨ ਸਾਹਿਬ ਨੇ ਮੈਨੂੰ ਭੇਜਿਆ ਕਿ ਇਨ੍ਹਾਂ ਨਾਲ ਗੱਲਬਾਤ ਕਰੋ। ਗੱਲਬਾਤ ਕਰਕੇ ਇਨ੍ਹਾਂ ਨੂੰ ਸਮਝਾਓ। ਫਿਰ ਤੀਜੀ ਗੱਲ ਬਾਣੀ ਵਿੱਚ ਆਖੀ ਗਈ ਹੈ-

ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ॥

ਭਾਵ ਹੈ ਕਿ ਫਿਰ ਕੋਈ ਉਪਾਅ ਲੱਭੋ। ਸਪੀਕਰ ਸਾਹਿਬ, ਕੈਪਟਨ ਸਾਹਿਬ 'ਤੇ ਗੁਰੂ ਸਾਹਿਬਾਨ ਦੀ ਮਿਹਰ ਹੈ, ਇਨ੍ਹਾਂ ਨੂੰ ਗੁਰੂਆਂ ਕੋਲੋਂ ਗੁੜ੍ਹਤੀ ਮਿਲੀ ਹੈ। ਰੰਧਾਵਾ ਸਾਹਿਬ ਕਹਿੰਦੇ ਰਹਿੰਦੇ ਹਨ ਕਿ ਮਜੀਠੀਆ ਨੂੰ ਗੁੜ੍ਹਤੀ ** ** ਤੋਂ ਮਿਲੀ ਹੈ। ਇਨ੍ਹਾਂ ** **ਵਾਲਾ ਤਰੀਕਾ ਅਪਣਾਇਆ ਅਤੇ ਗੋਲੀਆਂ ਚਲਾ ਦਿੱਤੀਆਂ। ਸਪੀਕਰ ਸਾਹਿਬ, ਅਗਲੇ ਸਾਲ ਅਸੀਂ 100 ਸਾਲਾ ਸ਼ਹੀਦੀ ਸਾਕਾ ਜਲ੍ਹਿਆਂਵਾਲਾ ਬਾਗ ਮਨਾਉਣ ਲੱਗੇ ਹਾਂ। ਜੇ ਜਲ੍ਹਿਆਂਵਾਲਾ ਬਾਗ ਦਾ ਸਾਕਾ ਲੋਕਾਂ ਨੂੰ ਨਹੀਂ ਭੁੱਲਿਆ ਤਾਂ ਭੁੱਲਣਾ ਬਰਗਾੜੀ ਦਾ ਵੀ ਨਹੀਂ।"ਇਹ ਲੋਕਾਂ ਦਾ ਖ਼ੂਨ ਹੈ, ਪਾਣੀ ਨਹੀਂ। ਇਸ ਦੀ ਸੁਰਖੀ ਕਦੇ ਵੀ ਜਾਣੀ ਨਹੀਂ।" ਲੋਕਾਂ ਦੇ ਮਨਾਂ ਵਿੱਚੋਂ ਨਹੀਂ ਜਾ ਸਕਦੀ। ਸਪੀਕਰ ਸਾਹਿਬ, ਜਸਟਿਸ ਜੋਰਾ ਸਿੰਘ ਨੇ ਐਸ.ਪੀ. ਨੂੰ ਪੁੱਛਿਆ ਕਿ ਤੁਸੀਂ ਲੋਕਾਂ ਤੋਂ ਪੁੱਛ ਕੇ ਸਕੈਚਿਜ਼ ਬਣਾਏ ਸੀ ਕਿ ਕਿਹੋ ਜਿਹੀ ਸ਼ਕਲ ਸੀ। ਐਸ.ਪੀ. ਕਹਿੰਦਾ, "ਨਹੀਂ ਜੀ, ਅਸੀਂ ਨਹੀਂ ਬਣਾਏ।" ਫਿਰ ਜ਼ੋਰਾ ਸਿੰਘ ਨੇ ਇੱਕ ਡੀ.ਐਸ.ਪੀ. ਨੂੰ ਪੁੱਛਿਆ

---

** **Expunged as ordered by Hon'ble Speaker.

ਕਿ ਕੀ ਸਕੈਚਿਜ਼ ਬਣਾਏ ਸੀ ? ਉਹ ਕਹਿੰਦਾ ਕਿ ਬਣਾਏ ਹਨ ਜੀ। ਇਹ ਵੀ ਪੁੱਛਿਆ ਕਿ ਜੇ ਬਣਾਏ ਹਨ ਤਾਂ ਕੋਈ ਇਸ਼ਤਿਹਾਰ ਦਿੱਤਾ। ਕਹਿੰਦੇ, "ਨਹੀਂ ਜੀ, ਇਸ਼ਤਿਹਾਰ ਨਹੀਂ ਦਿੱਤਾ। "ਫਿਰ ਪੁੱਛਿਆ ਕਿ ਕਿਸੇ ਟੈਲੀਵਿਜ਼ਨ ਵਿੱਚ ਦਿਖਾਇਆ? ਕਹਿੰਦੇ, "ਨਹੀਂ ਜੀ।" ਸਿੱਧੂ ਸਾਹਿਬ, ਕਰੋੜਾਂ ਦੇ ਇਸ਼ਤਿਹਾਰ ਛਪ ਗਏ, ਕਿਤੇ ਇਨ੍ਹਾਂ ਦੀ ਫੋਟੋ ਵੀ ਛਾਪ ਦਿੰਦੇ। ਇਸ ਦਾ ਮਤਲਬ ਕੀ ਹੈ ਜਸਟਿਸ ਜੋਰਾ ਸਿੰਘ ਕਹਿੰਦਾ ਹੈ- "The above discussion leads the Commission to hold that investigators didn't properly investigate the highly sensitive matter." ਇੰਨਾ ਸੈਂਸੇਟਿਵ ਮੈਟਰ ਹੋਵੇ ਅਤੇ ਕਹਿੰਦੇ ਫਿਰਦੇ ਹਨ ਕਿ ਸਾਨੂੰ ਰਣਜੀਤ ਸਿੰਘ ਕਮਿਸ਼ਨ ਮਨਜ਼ੂਰ ਨਹੀਂ। ਫਿਰ ਜਿਹੜਾ ਮਨਜ਼ੂਰ ਸੀ, ਉਸ ਨੂੰ ਕਿਉਂ ਨਹੀਂ ਮੰਨਿਆ? ਉਸ ਦੀ ਰਿਪੋਰਟ ਨੂੰ ਕਿਉਂ ਨਹੀਂ ਪੜ੍ਹਿਆ? ਉਹ ਰਿਕਾਰਡ ਕਿਉਂ ਬੰਦ ਕਮਰੇ ਦੇ ਵਿੱਚ ਪਿਆ ਰਿਹਾ? 8 ਮਹੀਨੇ ਕਿਸੇ ਨੇ ਪੜ੍ਹਿਆ ਹੀ ਨਹੀਂ, ਫਿਰ ਕਿਤੇ ਕਹਿਣ ਲੱਗੇ ਕਿ ਸਾਡੇ ਕੋਲ ਮੌਕਾ ਹੀ ਨਹੀਂ ਸੀ। ਸਪੀਕਰ ਸਾਹਿਬ, ਉੱਥੇ ਤਾਂ ਐਕਸ਼ਨ ਲੈਣ ਦਾ ਸਮਾਂ ਹੈ। ਸਪੀਕਰ ਸਾਹਿਬ, ਇਹ ਜਿਹੜੇ ਲੋਕ ਹਨ, ਇਹ ਅੰਦਰੋਂ ਚੋਰ ਸਨ ਅਤੇ ਅੰਦਰੋਂ ਕਮਜ਼ੋਰ ਵੀ ਸੀ। ਇਨ੍ਹਾਂ ਦਾ ਤੇਲ ਖਤਮ ਹੋ ਚੁੱਕਿਆ ਸੀ।

"इन चिरागों में तेल ही कम था, क्या गिला हम फिर हवाओं से करें।"

ਬਹਾਨਾ ਇਹ ਕਿ ਹਵਾਵਾਂ ਆ ਗਈਆਂ ਪਰ ਅਸਲ ਵਿੱਚ ਅੰਦਰ ਤੇਲ ਹੀ ਨਹੀਂ ਸੀ। ਸਪੀਕਰ ਸਾਹਿਬ, ਫਿਰ ਸੁਖਬੀਰ ਜੀ ਨੇ ਨਵਾਂ ਡਰਾਮਾ ਕੀਤਾ ਅਤੇ ਕਹਿੰਦੇ ਕਿ 2 ਬੰਦੇ ਅੰਮ੍ਰਿਤਧਾਰੀ ਸਿੰਘ ਫੜ੍ਹ ਲਏ ਹਨ। ਸਪੀਕਰ ਸਾਹਿਬ, ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਾਂ ਅਤੇ ਇੱਕ ਉਹ ਹਨ ਜਿਹੜੇ ਦੇਹਧਾਰੀ ਨੂੰ ਗੁਰੂ ਮੰਨਦੇ ਹਨ। ਮੇਰਾ ਮੰਨਣਾ ਹੈ ਕਿ ਹਿੰਦੁਸਤਾਨ ਦੇ ਵਿੱਚ ਕੋਈ ਹਿੰਦੁਸਤਾਨੀ ਇਹ ਗੁਨਾਹ ਨਹੀਂ ਕਰ ਸਕਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰੇ। ਇਹ ਤਾਂ ਕਿਸੇ ਦੀ ਕੋਈ ਸਾਜ਼ਿਸ਼ ਹੈ। ਇਸ ਦੇ ਪਿੱਛੇ ਕਿਸੇ ਦੀ ਸੋਚ ਕੰਮ ਕਰ ਰਹੀ ਹੈ। ਅੰਮ੍ਰਿਤਧਾਰੀ ਸਿੰਘ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਤੋਂ ਵਾਕ ਲੈ ਕੇ ਜ਼ਿੰਦਗੀ ਸ਼ੁਰੂ ਕਰਦੇ ਹਨ, ਕੀ ਉਨ੍ਹਾਂ ਅੰਮ੍ਰਿਤਧਾਰੀ ਸਿੰਘਾਂ ਨੇ ਗੁਰੂ ਸਾਹਿਬ ਦੀ ਬੇਅਦਬੀ ਕੀਤੀ ਸੀ? ਸਪੀਕਰ ਸਾਹਿਬ, ਸੁਖਬੀਰ ਨੇ ਕਿੰਨਾ ਵੱਡਾ ਡਰਾਮਾ ਕੀਤਾ। ਉਹ ਸਵੇਰੇ ਭੱਜਾ-ਭੱਜਾ ਪੁਲਿਸ ਹੈੱਡਕੁਆਰਟਰ ਗਿਆ ਅਤੇ ਜਾ ਕੇ ਪ੍ਰੈਸ ਕਾਨਫਰੰਸ ਕੀਤੀ ਤੇ ਆਖਿਆ ਕਿ ਬੰਦੇ ਲੱਭ ਗਏ, ਇਹ ਦੋ ਭਰਾ ਲੱਭ ਲਏ। ਪ੍ਰੈਸ ਕਾਨਫਰੰਸ ਕਰਕੇ ਵਿੱਚ ਹੀ ਛੱਡ ਗਿਆ ਅਤੇ ਕਹਿੰਦਾ ਹੈ ਕਿ ਮੈਂ ਹੁਣ ਗੁਰੂ ਦਾ ਸ਼ੁਕਰੀਆ ਕਰਨ ਨਾਡਾ ਸਾਹਿਬ ਚੱਲਿਆ ਹਾਂ। ਇਹ ਨਾਡਾ ਸਾਹਿਬ ਗਿਆ ਅਤੇ ਸ਼ੁਕਰੀਆ ਕੀਤਾ।

ਦਸਾਂ ਦਿਨਾਂ ਪਿੱਛੋਂ ਕਹਿ ਦਿੱਤਾ, ਨਹੀਂ ਜੀ, ਇਹ ਤਾਂ ਕਸੂਰਵਾਰ ਨਹੀਂ ਹਨ।'' ਫਿਰ ਉਨ੍ਹਾਂ ਨੂੰ ਛੱਡ ਦਿੱਤਾ। ਜਿਸ ਦਿਨ ਉਹ ਫੜ੍ਹੇ ਸਨ, ਉਸ ਦਿਨ ਤਾਂ ਗੁਰੂ ਸਾਹਿਬ ਕੋਲ ਸ਼ੁਕਰਾਨਾ ਕਰਨ ਗਏ ਪ੍ਰੰਤੂ ਜਿਸ ਦਿਨ ਉਹ ਭਰਾ ਛੱਡੇ ਕਿਉਂਕਿ ਇਨ੍ਹਾਂ ਕੋਲੋਂ ਇਹ ਗੁਨਾਹ ਹੋ ਗਿਆ ਸੀ ਤਾਂ ਫਿਰ ਉਸ ਦਿਨ ਗੁਰੂ ਘਰ ਕਿਉਂ ਨਹੀਂ ਗਏ? ਉਸ ਦਿਨ ਇਨ੍ਹਾਂ ਨੂੰ ਗੁਰੂ ਚੇਤੇ ਨਹੀਂ ਆਇਆ। ਇਸ ਦੇ ਮਨ ਵਿੱਚ ਇਹ ਖਾਹਿਸ਼ ਹੈ ਕਿ ਮੈਂ ਹਿੰਦੁਸਤਾਨ ਦਾ ਜਾਂ ਦੁਨੀਆਂ ਦਾ ਸਭ ਤੋਂ ਅਮੀਰ ਸਿੱਖ ਬਣਨਾ ਹੈ। ਉਸ ਦੇ ਲਈ ਇਸ ਨੇ ਕੋਈ ਵੀ ਚੀਜ਼ ਅਜਿਹੀ ਨਹੀਂ ਛੱਡੀ ਜਿਸ ਨੂੰ ** ** ''एक चीज थी जमीर, जो वापस न ला सका तू , लौटा तो है ज़रूर दुनिया खरीद कर।'' ਦੁਨੀਆਂ ਭਾਵੇਂ ਖਰੀਦ ਲੈ ਪਰ ** ** ਗਵਾ ਬੈਠਾ ਹੈ। ਲੋਕਾਂ ਦੀਆਂ ** ** ਡਿੱਗ ਚੁੱਕਾ ਹੈ। ਸਪੀਕਰ ਸਾਹਿਬ, ਇਹ ਮੁੜ ਕੇ ਨਾ ਉੱਠਣ। ਅੱਜ ਦਾ ਫੈਸਲਾ ਇਹ ਦੱਸੇਗਾ ਕਿ ਇਹ ਉੱਠੇਗਾ ਕਿ ਨਹੀਂ। ਮੇਰੇ ਬੋਲਣ ਤੋਂ ਪਹਿਲਾਂ ਮੰਤਰੀ ਜੀ ਨੇ ਸਾਲ 1978 ਦਾ ਇੱਕ ਰੈਫਰੈਂਸ ਦਿੱਤਾ ਸੀ, ਉਦੋਂ ਵੀ ਇਨ੍ਹਾਂ ਨੇ ਦੇਹਧਾਰੀ ਗੁਰੂ ਵਾਲਿਆਂ ਨੂੰ ਪ੍ਰੋਟੈਕਟ ਕੀਤਾ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਿਆਂ ਨੂੰ ਨੁਕਸਾਨ ਹੋਇਆ ਸੀ। ਇਨ੍ਹਾਂ ਦੀ ਅਜਿਹੀ ਸੋਚ ਸੀ, ਉਸ ਘਟਨਾ ਕਰਕੇ ਪੰਜਾਬ ਵਿੱਚ 15 ਸਾਲ ਅੱਗ ਲੱਗੀ ਰਹੀ। ਇੱਥੇ ਫਿਗਰਾਂ ਹਨ ਕਿ ਇੰਨੇ ਮਰ ਗਏ। ਇੰਨਾ ਕੁਝ ਹੋ ਗਿਆ। ਅੱਜ ਵੀ ਪ੍ਰਮਾਤਮਾ ਉਸ ਪਾਸੇ ਨਾ ਪਹੁੰਚਾ ਦੇਵੇ। ਜੋ ** ** ਨਾਲ ਹੋਇਆ, ਮੈਂ ਨਹੀਂ ਕਹਿੰਦਾ ਕਿ ਉਹ ਚੰਗਾ ਹੋਇਆ। ਸਿਆਣੇ ਕਹਿੰਦੇ ਹਨ, "जो पडोसी के हुआ वो अपने भी हुआ जान तू।" ਜੇ ਅੱਜ ਉਸ ਦੀ ਪੱਗ ਲੱਥੀ ਹੈ ਤਾਂ ਕੱਲ੍ਹ ਸਾਡੀ ਵੀ ਲੱਥ ਸਕਦੀ ਹੈ। ਆਪਾਂ ਮਾੜੇ ਨੂੰ ਮਾੜਾ ਕਹਿਣਾ ਸਿੱਖੀਏ ਅਤੇ ਚੰਗੇ ਨੂੰ ਚੰਗਾ ਕਹਿਣਾ ਸਿੱਖੀਏ। ਅੱਜ ਚੰਗਾ ਕਹਿਣ ਦਾ ਵੇਲਾ ਹੈ। ਅੱਜ ਸਾਰਿਆਂ ਦੇ ਇਕੱਠੇ ਹੋਣ ਦਾ ਵੇਲਾ ਹੈ। ਅੱਜ ਇੱਕ ਗੱਲ ਤੇ ਸੋਚ ਕਰਨੀ ਚਾਹੀਦੀ ਹੈ ਕਿ ਜਿਹੜੇ ਗੁਰੂ ਦੇ ਨਹੀਂ, ਉਹ ਕਿਸੇ ਦੇ ਵੀ ਨਹੀਂ। ਇਨ੍ਹਾਂ ਨੂੰ ਵੱਖਰਾ ਕਰ ਦੇਈਏ। ਸਪੀਕਰ ਸਾਹਿਬ, ਬਾਦਲ ਸਾਹਿਬ ਦੀ ਕਹਾਣੀ ਕੈਪਟਨ ਸਾਹਿਬ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਬਾਦਲ ਸਾਹਿਬ ਨੇ ਪਹਿਲਾਂ ਤਾਂ ਜਿਹੜਾ ਵੀ ਸਿੱਖ ਚੀਫ ਮਨਿਸਟਰ ਬਣਿਆ, ਗਿੱਲ ** ** ਕੀਤਾ, ਜਸਟਿਸ ਗਰੇਵਾਲ ** ** ਕੀਤਾ, ਬਰਨਾਲਾ ਸਾਹਿਬ ** ** ਕੀਤੇ। ਇਹ ਸਿਆਸੀ ਬੰਦਿਆਂ ਦੀ ਕਹਾਣੀ ਹੈ? ਫਿਰ ਅਕਾਲੀ ਦਲ ਵਿੱਚ ਤਲਵੰਡੀ ਨਾਲ ਕੀ ਹੋਇਆ, ਲੌਂਗੋਵਾਲ ਵਿਚਾਰਾ ਤਾਂ ** ** ਦਿੱਤਾ ਅਤੇ ਟੌਹੜਾ ਸਾਹਿਬ ਨੂੰ ** ** ਕਹਿ ਕੇ ਲਾਹ ਦਿੱਤਾ। (ਆਵਾਜ਼ਾਂ : ਵਡਾਲਾ ਸਾਹਿਬ।) ਵਡਾਲਾ ਸਾਹਿਬ ਚਲੋ ਅਜੇ ਠੀਕ-ਠਾਕ ਹਨ ਪਰ ਸਪੀਕਰ ਸਾਹਿਬ, ਜੇ ਆਪਾਂ ਸੋਚੀਏ, ਇਹ ਸਾਰੀਆਂ ਸੰਸਥਾਵਾਂ, ਸ੍ਰੀ ਅਕਾਲ

** **Expunged as ordered by the Hon'ble Speaker.

[ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ]

ਤਖਤ ਸਾਹਿਬ ਖਤਮ ਕੀਤਾ, ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਖਤਮ ਕੀਤੇ। ਕੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਇਸ ਤਰ੍ਹਾਂ ਬਦਲੇ ਜਾਂਦੇ ਹਨ, ਜਿਵੇਂ ਕੋਈ ਐਸ.ਡੀ.ਐਮ. ਬਦਲੇ ਜਾਂਦੇ ਹਨ, ਡੀ.ਐਸ.ਪੀ. ਬਦਲੇ ਜਾਂਦੇ ਹਨ? ਸਪੀਕਰ ਸਾਹਿਬ, ਇਨ੍ਹਾਂ ਨੇ ਲਿਫਾਫਿਆਂ ਵਿੱਚੋਂ ਪ੍ਰਧਾਨ ਕੱਢੇ, ਸਾਰਿਆਂ ਦਾ ਘਾਣ ਕਰਕੇ ਮਧਾਣੀ ਵਿੱਚ ਪਾ ਕੇ ਰਿੜਕਿਆ, ** ** ਇਹ ਚਾਰੇ ਰਤਨ ਨਿਕਲੇ, ਬਾਕੀ ਤਬਾਹ ਹੋ ਗਏ। ਇਹ ਉਨ੍ਹਾਂ ਦਾ ਸ਼ਰੀਕ ਮਨਪ੍ਰੀਤ ਸਿੰਘ ਬਾਦਲ ਬੈਠਾ ਹੈ। ਇਹ ਤੇ ਉਥੇ ਦਾ ਉਥੇ ਹੀ ਰਹਿ ਗਿਆ ਅਤੇ ਉਹ ਕਿੱਥੇ ਤੋਂ ਕਿੱਥੇ ਪਹੁੰਚ ਗਏ। ਸਪੀਕਰ ਸਾਹਿਬ, ਅੱਜ ਵੇਲਾ ਹੈ। ਅੱਜ ਕੁਝ ਕਰਨ ਦਾ ਵੇਲਾ ਹੈ। ਜਦੋਂ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਦਲੇ, ਬੜੇ ਬਦਲੇ, ਵੇਦਾਂਤੀ ਸਾਹਿਬ ਬਦਲੇ, ਹੋਰ ਵੀ ਬੜੇ ਬਦਲੇ। ਇੱਕ ਨੇ ਲਿਖਿਆ ਕਿ ** ** ਇਹ ਵਿਚਾਰਾ (ਵਿੱਤ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲ ਇਸ਼ਾਰਾ) ਨਹੀਂ ਵਧਿਆ, ਉਹ ਪਰਿਵਾਰ ਵੱਧ ਗਿਆ। ਬਾਕੀ ਸਭ ਨੂੰ ਤਬਾਹ ਕਰ ਦਿੱਤਾ। ਸਪੀਕਰ ਸਾਹਿਬ, ਇਸ ਤਬਾਹੀ ਦੇ ਵਿੱਚ ਕੁਝ ਅਫਸਰ ਵੀ ਉਨ੍ਹਾਂ ਨਾਲ ਸਨ। ਪੰਜਾਬ ਦਾ ਮਾਹੌਲ ਵਿਗਾੜਨ ਵਿੱਚ ਅਫਸਰ ਵੀ ਨਾਲ ਸਨ। ਸਪੀਕਰ ਸਾਹਿਬ, ਸੈਣੀ ਸਾਹਿਬ ਦਾ ਨਾਮ ਕਈ ਵਾਰ ਆਇਆ ਹੈ। ਸਪੀਕਰ ਸਾਹਿਬ, ਇਸ ਦੇ ਮੈਂ ਚਾਰ ਇੰਸਟਾਂਸ ਦੱਸਣੇ ਚਾਹਾਂਗਾ। ਸਭ ਤੋਂ ਪਹਿਲਾਂ ਤੁਹਾਡੇ ਸ਼ਹਿਰ ਰੋਪੜ ਵਿੱਚ ਕੁਲਵੰਤ ਸਿੰਘ ਹਿਊਮਨ ਰਾਈਟਸ ਦਾ ਵਕੀਲ ਸੀ। ਉਹ, ਉਸ ਦੀ ਵਹੁਟੀ ਅਤੇ ਉਸ ਦੇ ਚਾਰ ਮਹੀਨਿਆਂ ਦਾ ਬੱਚਾ ਅੱਜ ਤੱਕ ਨਹੀਂ ਲੱਭਿਆ। ਫਿਰ ਰੋਪੜ ਜ਼ਿਲ੍ਹੇ ਵਿੱਚ ਜਟਾਣਾ ਪਰਿਵਾਰ ਜਿਊਂਦਿਆਂ ਸਾੜ ਦਿੱਤਾ ਉਥੇ ਚਿੱਟ-ਕੱਪੜੀ ਪੁਲਿਸ ਭੇਜੀ, ਨਾਲ ਪੂਹਲਾ ਨਿਹੰਗ ਭੇਜਿਆ, ਉਥੇ 80-82 ਸਾਲ ਦਾ ਵੱਡੇ ਤੋਂ ਵੱਡਾ ਅਤੇ 6 ਸਾਲਾਂ ਦਾ ਛੋਟੇ ਤੋਂ ਛੋਟਾ ਜੀਅ ਸਾੜਿਆ। ਸਪੀਕਰ ਸਾਹਿਬ, ਮੁਗਲਾਂ ਨੇ ਪੰਜਾਬੀਆਂ ਤੇ ਬੜੇ ਜ਼ੁਲਮ ਕੀਤੇ, ਬਹੁਤ ਜ਼ੁਲਮ ਕੀਤੇ। ਉਨ੍ਹਾਂ ਨੇ ਜ਼ੁਲਮ ਲਈ 18 ਤਰੀਕੇ ਚੁਣੇ ਸੀ। ਸਿੱਖਾਂ ਨੂੰ ਆਰੀਆਂ ਤੇ, ਚਰਖੜੀਆਂ ਤੇ, ਉਬਲੀਆਂ ਦੇਗਾਂ ਵਿੱਚ ਅਤੇ ਤੱਤੀਆਂ ਰੇਤਾਂ ਤੇ ਬਿਠਾਇਆ ਪਰ ਕਿਸੇ ਮੁਗਲ ਨੇ ਸਾਨੂੰ ਜਿਊਂਦਿਆਂ ਨਹੀਂ ਸਾੜਿਆ। ਇਹ ਇੱਕੋ ਹੀ ਮੁਗਲ ਸੀ, ਜਿਸ ਨੇ ਨਾ ਕੋਈ ਕਰਨਲ ਬਖਸ਼ਿਆ। ਫਿਰ ਜਿਹੜੀ ਸਭ ਤੋਂ ਮਾੜੀ ਘਟਨਾ ਹੋਈ, ਉਹ ਲੁਧਿਆਣੇ ਦੇ ਪਰਿਵਾਰ ਨਾਲ ਹੋਈ। ਲੁਧਿਆਣੇ ਦੇ ਪਰਿਵਾਰ ਸੈਣੀ ਮੋਟਰਜ਼ ਨਾਲ ਜੋ ਹੋਇਆ, ਉਹ ਰੱਬ ਕਿਸੇ ਨਾਲ ਨਾ ਕਰੇ। ਤਿੰਨ ਜੀਅ ਹਾਈ ਕੋਰਟ ਦੇ ਅੱਗੋਂ ਚੁੱਕੇ। ਹਾਈ ਕੋਰਟ ਦੇ ਅੱਗੋਂ ਚੁੱਕੇ, ਦੋ ਭਰਾ ਅਤੇ ਡਰਾਈਵਰ ਅੱਜ ਤੱਕ ਨਹੀਂ ਲੱਭੇ।

(ਇੱਕ ਅਵਾਜ਼ : ਮਾਣੂਕੇ ਦੇ ਸਕੇ ਭਰਾ ਨੂੰ ਮਾਰਿਆ ਗਿਆ।)

---

** Expunged as ordered by the Hon'ble Speaker.

ਮੈਂ ਦੱਸਦਾ ਹਾਂ। ਸਪੀਕਰ ਸਾਹਿਬ, ਕਈ ਮੈਨੂੰ ਰੋਕਦੇ ਰਹੇ ਕਿ ਜੇ ਤੂੰ ਸੈਣੀ ਸਾਹਿਬ ਦਾ ਨਾਮ ਲਿਆ ਤਾਂ ਸੁਸਾਇਟੀ ਦਾ ਇੱਕ ਵਰਗ ਨਰਾਜ਼ ਹੋਵੇਗਾ। ਤੁਸੀਂ ਉਸ ਵਰਗ ਨੂੰ ਨਰਾਜ਼ ਨਾ ਕਰੋ। ਸਪੀਕਰ ਸਾਹਿਬ, ਜਿਹੜੇ ਮੈਨੂੰ ਇਹ ਸੁਨੇਹਾ ਦਿੰਦੇ ਹਨ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹਾਂਗਾ ਕਿ ਜਿਹੜੇ ਬੰਦੇ ਗਵਾਚੇ ਸਨ, ਉਨ੍ਹਾਂ ਵਿੱਚੋਂ ਇੱਕ ਦਾ ਨਾਮ ਵਿਨੋਦ ਕੁਮਾਰ ਸੀ ਅਤੇ ਦੂਜੇ ਦਾ ਅਸ਼ੋਕ ਕੁਮਾਰ ਸੀ। ਇਹ ਕਿਸ ਸੁਸਾਇਟੀ ਦੇ ਬੰਦੇ ਹਨ, ਜਿਹੜੇ ਸਾਡੇ ਨਾਲ ਨਰਾਜ਼ ਹੋਣਗੇ? ਕਿਉਂ ਆਸ਼ੂ ਜੀ, ਲੁਧਿਆਣੇ ਵਾਲਿਓ, ਤੁਸੀਂ ਇਸ ਬਾਰੇ ਦੱਸੋ?

**ਖੁਰਾਕ ਅਤੇ ਸਿਵਲ ਸਪਲਾਈ ਮੰਤਰੀ (ਸ਼੍ਰੀ ਭਾਰਤ ਭੂਸ਼ਣ ਆਸ਼ੂ) (ਬੈਠੇ-ਬੈਠੇ) :** ਕੋਈ ਨਹੀਂ ਨਰਾਜ਼ ਹੁੰਦਾ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਫਿਰ ਕਿਹੜਾ ਵਰਗ ਨਰਾਜ਼ ਹੋਏਗਾ? ਫਿਰ ਜਿਹੜਾ ਉਸ ਤੋਂ ਵੀ ਮਾੜਾ ਕੰਮ ਸੀ, ਉਨ੍ਹਾਂ ਦੀਆਂ ਬੀਬੀਆਂ ਨੂੰ ਥਾਣੇ ਦੇ ਵਿੱਚ ਲਿਆਂਦਾ, ਕੁਰਸੀ ਤੇ ਕੋਲ ਬਹਿ ਕੇ, ਹੱਥ ਵਿੱਚ ਰਿਵਾਲਵਰ ਫੜ੍ਹ ਕੇ, ਆਪਣੇ ਗੰਨਮੈਨਾਂ ਨੂੰ ਆਖਿਆ ਕੁਕਰਮ ਕਰੋ। ਸਪੀਕਰ ਸਾਹਿਬ, ਮੇਰੀ ਮਾਂ ਵੀ ਹੋ ਸਕਦੀ ਹੈ, ਮੇਰੀਆਂ ਭਰਜਾਈਆਂ ਵੀ ਹੋ ਸਕਦੀਆਂ ਹਨ, ਮੇਰੀਆਂ ਭੈਣਾਂ ਵੀ ਹੋ ਸਕਦੀਆਂ ਹਨ। ਸਪੀਕਰ ਸਾਹਿਬ, ਸਾਡੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ ਕਿ ਇਹੋ ਜਿਹੇ ਘਟੀਆ ਅਤੇ ਇਹੋ ਜਿਹੇ ਕਾਤਲ ਬੰਦੇ ਨੂੰ ਅੱਜ ਮੁਆਫ ਕਰ ਦੇਈਏ। ਉਸ ਨੇ ਕਿਸ-ਕਿਸ ਨੂੰ ਬਖਸ਼ਿਆ? ਉਸ ਨੇ ਕਿਸ ਲੀਡਰ ਨੂੰ ਬਖਸ਼ਿਆ ਹੈ? ਡੀ.ਐਸ.ਪੀਜ਼. ਤੱਕ ਨੂੰ ਉਸ ਨੇ ਆਪਣੇ ਦਫਤਰਾਂ ਵਿੱਚ ਕੁੱਟਿਆ ਹੈ। ਸਪੀਕਰ ਸਾਹਿਬ, ਜਿਹੜੀਆਂ ਬੀਬੀਆਂ ਸਨ, ਇੱਕ ਦੀ ਉਮਰ 80 ਸਾਲਾਂ ਦੀ ਸੀ ਤੇ ਦੂਜੀ ਦਾ ਨਾਂ ਸ਼੍ਰੀਮਤੀ ਬਾਲਾ ਸੀ, ਇਹ ਕਿਸ ਸੁਸਾਇਟੀ ਤੇ ਵਰਗ ਦਾ ਨਾਂ ਹੈ? ਇੱਕ ਦਾ ਨਾਮ ਸ਼੍ਰੀਮਤੀ ਰਚਨਾ ਸੀ, ਇਹ ਕਿਨ੍ਹਾਂ ਦਾ ਨਾਂ ਹੈ? ਸਾਨੂੰ ਕਿਉਂ ਡਰਾਉਂਦੇ ਹੋ ? ਸੱਚ ਦਾ ਸਾਥ ਦਿਉ, ਤੁਸੀਂ ਸੱਚ ਦਾ ਸਾਥ ਨਹੀਂ ਦਿੰਦੇ ਪਏ, ਮੈਂ ਕਹਿਣਾ ਚਾਹੁੰਦਾ ਹਾਂ ਕਿ ਫਿਰ ਪਛਤਾਉਗੇ। ਸਪੀਕਰ ਸਾਹਿਬ, ਮੰਡ ਸਾਹਿਬ ਅੱਜ ਧਰਨੇ ਦੇ ਉਤੇ ਬੈਠੇ ਹਨ। ਕੋਈ ਇਹ ਨਾ ਸਮਝੇ ਕਿ ਇਨ੍ਹਾਂ ਕਚਹਿਰੀਆਂ ਦੇ ਉਤੇ ਕੋਈ ਕਚਹਿਰੀ ਨਹੀਂ ਹੈ, ਉਪਰ ਰੱਬ ਦੀ ਕਚਹਿਰੀ ਹੈ। ਜਥੇਦਾਰ ਮੰਡ ਅੱਜ ਧਰਨੇ ਦੇ ਉਤੇ ਬੈਠਾ ਹੈ। ਸਿੱਧੂ ਸਾਹਿਬ, ਮੈਂ ਸੱਚੀ ਕਹਾਣੀ ਸੁਣਾਉਣ ਲੱਗਿਆ ਹਾਂ। ਮਮਦੋਟ ਥਾਣੇ ਵਿੱਚ ਜਥੇਦਾਰ ਮੰਡ ਦਾ ਪਿਉ ਸਰਦਾਰ ਅਜੈਬ ਸਿੰਘ ਹਵਾਲਾਤ ਵਿੱਚ ਦਿੱਤਾ ਸੀ । ਸਵੇਰੇ ਉਸਤਾਦ ਆਇਆ, ਉਸ ਥਾਣੇਦਾਰ ਦਾ ਨਾਂ ਹਰਬੰਸ ਸਿੰਘ ਸੀ । ਕਹਿੰਦਾ, "ਅਜੈਬ ਸਿੰਘ, ਬਾਹਰ ਨਿਕਲ ਉਏ।" ਉਸ ਨੂੰ ਬਾਹਰ ਕੱਢਿਆ, ਬਾਹਰ ਦੋ ਲਾਸ਼ਾਂ ਪਈਆਂ ਸਨ । ਵਿੱਤ ਮੰਤਰੀ, ਮਨਪ੍ਰੀਤ ਸਿੰਘ ਜੀ, ਉਥੇ ਲਾਸ਼ਾਂ ਪਈਆਂ ਸੀ ਤੇ ਕਹਿੰਦਾ, "ਇਨ੍ਹਾਂ ਨੂੰ ਪਹਿਚਾਣ।" ਉਸ ਨੇ ਮੂੰਹ ਤੋਂ

ਕੱਪੜਾ ਚੁੱਕਿਆ, ਇੱਕ 14 ਸਾਲ ਅਤੇ ਇੱਕ 16 ਸਾਲ ਦਾ ਲੜਕਾ ਸੀ, ਉਸ ਦੇ ਦੋ ਮੁੰਡੇ ਸਨ, ਉਹ ਉਨ੍ਹਾਂ ਦੀਆਂ ਲਾਸ਼ਾਂ ਸੀ। ਉਹ ਕਹਿੰਦਾ ਹੈ, "ਉਸਤਾਦਾ, ਰੱਬ ਤੈਨੂੰ ਕੀੜੇ ਪਾਵੇ, ਤੂੰ ਮੌਤ ਨੂੰ ਤਰਸੇ, ਤੈਨੂੰ ਮੌਤ ਨਾ ਆਵੇ।" ਸਪੀਕਰ ਸਾਹਿਬ, ਇਹ ਰੱਬ ਦੀ ਕਰਨੀ ਹੈ, ਵੇਖੋ, ਉਸ ਹਰਬੰਸ ਸਿੰਘ ਨੂੰ ਕੀੜੇ ਪੈ ਗਏ, ਉਹ ਮੌਤ ਨੂੰ ਅਵਾਜ਼ਾਂ ਮਾਰੇ, ਪਰ ਮੌਤ ਨਾ ਆਵੇ । ਫਿਰ ਉਸ ਨੇ ਇਸ ਮੰਡ ਸਾਹਿਬ ਨੂੰ ਸੱਦਿਆ, "ਬਈ ਰੱਬ ਦਾ ਵਾਸਤਾ, ਮੇਰੀ ਅਰਦਾਸ ਕਰੋ, ਮੇਰੀ ਜਾਨ ਨਿਕਲ ਜਾਵੇ।" ਸਪੀਕਰ ਸਾਹਿਬ, ਜਥੇਦਾਰ ਮੰਡ ਨੇ ਆਖਿਆ, "ਮੇਰੀ ਅਰਦਾਸ ਵਿੱਚ ਇੰਨੀ ਤਾਕਤ ਨਹੀਂ, ਇਹ ਬਖਸ਼ਣਹਾਰ ਸਿਰਫ ਸ੍ਰੀ ਹਰਿਮੰਦਰ ਸਾਹਿਬ ਹੈ, ਉਥੇ ਚਲਿਆ ਜਾ।" ਸਪੀਕਰ ਸਾਹਿਬ, ਉਹ ਮੌਤ ਨੂੰ ਤਰਸਦਾ ਰਿਹਾ, ਉਸ ਦੇ ਕੋਲੋਂ ਬੋਅ ਆਉਂਦੀ ਰਹੀ, ਕਿਸੇ ਨੇ ਉਸ ਦਾ ਧਿਆਨ ਨਹੀਂ ਕੀਤਾ। ਸਪੀਕਰ ਸਾਹਿਬ, ਰੱਬ ਨਹੀਂ ਬਖਸ਼ੇਗਾ । ਫੂਲਕਾ ਜੀ, ਇਹ ਸ਼ਰਮਸਾਰ ਗੱਲ ਹੈ ਕਿ ਹਿੰਦੁਸਤਾਨ ਦੀਆਂ ਕਚਹਿਰੀਆਂ highest ਤੋਂ ਲੈ ਕੇ lowest ਤੱਕ ਇਸ ਇਨਸਾਨ ਲਈ ਫੇਲ੍ਹ ਹੋਈਆਂ। ਸਭ ਫੇਲ੍ਹ ਹੋਈਆਂ। ਬੀਬੀ ਅਮਰ ਕੌਰ ਤਰੀਕਾਂ ਭੁਗਤਦੀ ਥੱਕ ਗਈ । ਫਿਰ ਪਾਤਰ ਸਾਹਿਬ ਦੀਆਂ ਉਹ ਲਾਈਨਾਂ ਚੇਤੇ ਆਉਂਦੀਆਂ ਹਨ– "ਇਸ ਅਦਾਲਤ ਵਿਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।" -ਬੀਬੀ ਅਮਰ ਕੌਰ ਤਾਂ ਮੁੱਕ ਹੀ ਗਈ, ਉਹ ਤਾਂ ਮਰ ਹੀ ਗਈ। ਉਸ ਦੀ ਅਵਾਜ਼ ਕਿਸ ਨੇ ਸੁਣਨੀ ਹੈ? ਉਹ ਫਿਰ ਕਹਿੰਦੇ ਹਨ– "ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਉ ਹੁਣ ਆਖਰ ਕਦੋਂ ਤੱਕ ਉਹ ਇੱਥੇ ਖੜ੍ਹੇ ਰਹਿਣਗੇ–" ਫੂਲਕਾ ਸਾਹਿਬ, ਅਗਲੀ ਗੱਲ ਸੁਣਨ ਵਾਲੀ ਹੈ, ਤੁਸੀਂ ਜੱਜਾਂ ਨੂੰ ਸੁਣਾਇਉ। ਫਿਰ ਉਹ ਅੱਗੇ ਕਹਿੰਦੇ ਹਨ, ਜਿਹੜੀਆਂ ਅਗਲੀਆਂ ਦੋ ਲਾਈਨਾਂ ਆਖੀਆਂ– "ਕੀ ਇਹ ਇਨਸਾਫ ਹਾਊਮੈ ਦੇ ਪੁੱਤ ਕਰਨਗੇ ?" ਜਿਨ੍ਹਾਂ ਨੂੰ ਘੁਮੰਡ ਹੈ ਕਿ ਅਸੀਂ ਜੱਜ ਹਾਂ । ਜਿਨ੍ਹਾਂ ਨੂੰ ਘੁਮੰਡ ਹੈ ਕਿ ਅਸੀਂ ਕਿਸੇ ਦੇ ਥੱਲੇ ਨਹੀਂ ਆਉਂਦੇ । ਫੂਲਕਾ ਸਾਹਿਬ, ਕਦੇ ਅਸੀਂ ਫੋਟੋ ਦੇਖਦੇ ਹਾਂ, ਅੱਖਾਂ ਤੇ ਪੱਟੀਆਂ ਬੰਨੀਆਂ ਹੋਈਆਂ, ਕਿ ਇਨਸਾਫ ਜਿਹੜਾ ਹੈ ਉਸ ਦੀਆਂ ਨਜ਼ਰਾਂ ਨਹੀਂ ਹੁੰਦੀਆਂ ਪਰ ਹੁਣ ਤਾਂ ਪੱਟੀਆਂ ਲੱਥ ਗਈਆਂ ਹਨ, ਦਿੱਸਣ ਲੱਗ ਪਿਆ ਹੈ ਕਿ ਡੀ.ਜੀ.ਪੀ.ਹੈ, ਇਸ ਨੇ ਕੁਝ ਨਹੀਂ ਕਰਨਾ। ਸਪੀਕਰ ਸਾਹਿਬ, ਪਾਤਰ ਸਾਹਿਬ ਨੇ ਜਿਹੜੀ ਅਖੀਰਲੀ ਲਾਈਨ ਆਖੀ– "ਕੀ ਇਹ ਖਾਮੋਸ਼ ਪੱਥਰ ਦੇ ਬੁੱਤ ਕਰਨਗੇ?" -ਇਹ ਜੱਜ ਖਾਮੋਸ਼ ਹੋਏ ਪਏ ਹਨ, ਮੂੰਹੋਂ ਲਫਜ਼ ਨਹੀਂ ਨਿਕਲਦਾ। ਫੂਲਕਾ ਜੀ, ਉਹ ਬੀਬੀ ਦਿੱਲੀ ਕੇਸ ਭੁਗਤਦੀ ਰਹੀ। ਫੂਲਕਾ ਜੀ, ਉਹ ਲੁਧਿਆਣੇ ਦੀਆਂ ਧੀਆਂ ਸਨ। ਲੁਧਿਆਣੇ ਵਿੱਚ ਬੜੀ ਦੇਰ ਪਹਿਲਾਂ ਇੱਕ ਸਾਹਿਰ ਲੁਧਿਆਣਵੀ ਨਾਮ ਦਾ ਕਵੀ ਹੋਇਆ। ਮਨਪ੍ਰੀਤ ਜੀ, ਉਸ ਦਾ 'ਪਿਆਸਾ' ਫਿਲਮ ਵਿੱਚ ਇੱਕ ਗਾਣਾ ਆਇਆ ਸੀ । ਸਪੀਕਰ ਸਾਹਿਬ, ਉਹ ਗਾਣਾ ਮੈਂ ਤੁਹਾਨੂੰ ਪੜ੍ਹ ਕੇ ਸੁਣਾਵਾਂਗਾ– "ये लूटते हुए कारवां जिंदगी के कहां हैं? -कहां हैं मुहावज खुदी के?

–जिन्हें नाज है हिंद पर वो कहां हैं?'' ਮਨਪ੍ਰੀਤ ਜੀ, ਅੱਗੋਂ ਕਿਹਾ ਗਿਆ ਹੈ– ''मदद चाहती है ये हवा की बेटी, यशोदा की हम जिनस, राधा की बेटी,'' –ਉਹ ਜਿਹੜੀਆਂ ਧੀਆਂ ਸਨ, –''पेअंबर की उम्मत जुलेखा की बेटी, जरा इस मुल्क के रहबरों को बुलाओ।'' –ਮੈਂ ਇੱਥੇ ਇਹ ਨਹੀਂ ਕਹਿੰਦਾ ਕਿ ਇਸ ਮੁਲਕ ਦੇ, ਮੈਂ ਕਹਿੰਦਾ ਹਾਂ ਕਿ ਇਸ ਪੰਜਾਬ ਦੇ ਸਿਆਸਤਦਾਨਾਂ ਨੂੰ ਬੁਲਾਓ, ਜ਼ਰਾ ਉਸ ਅਮਰ ਕੌਰ ਦਾ ਘਰ ਤਾਂ ਦਿਖਾਓ। ਚਲੋ, ਸਾਰੇ ਇਕੱਠੇ ਹੋ ਕੇ ਉਸ ਅਮਰ ਕੌਰ ਦੇ ਘਰ ਚੱਲੀਏ, ਵੇਖੀਏ ਉਥੇ ਕੀ ਹਾਲਾਤ ਹਨ।(ਥੰਪਿੰਗ) ਕੀ ਹੁਣ ਸਮਾਂ ਮੰਗਦਾ ਨਹੀਂ? ਅੱਜ ਪੁਲਿਸ ਵਾਲੇ ਕਹਿੰਦੇ ਹਨ ਕਿ ਕਿਹੜਾ ਸੈਣੀ ਨੂੰ ਫੜ੍ਹ ਕੇ ਲਿਆਵੇ। ਜਿਸ ਨੇ ਕੁਰਸੀ ਲੈਣੀ ਹੈ, ਉਹ ਫੜ੍ਹ ਕੇ ਲਿਆਏਗਾ।(ਥੰਪਿੰਗ) ਜੇ ਨਹੀਂ ਫੜ੍ਹਦਾ ਤਾਂ ਕੁਰਸੀ ਤੋਂ ਪਰ੍ਹੇ ਹੋਵੇ।(ਥੰਪਿੰਗ) ਉਸਨੂੰ ਫੜ੍ਹ ਕੇ ਲਿਆਉਣਾ ਪਵੇਗਾ।(ਥੰਪਿੰਗ)(ਇਸ ਸਮੇਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਿਆ ਗਿਆ) ਬਾਦਲ ਸਾਹਿਬ, ਤੁਸੀਂ ਲੋਕਾਂ ਨੂੰ ਉਜਾੜਿਆ, ਪੰਥ ਨੂੰ ਉਜਾੜਿਆ। ਸਪੀਕਰ ਸਾਹਿਬ, ਮੈਨੂੰ ਵੀ ਡਰਾਇਆ ਗਿਆ ਕਿ ਉਸ ਦੇ ਖਿਲਾਫ ਬਹੁਤਾ ਨਾ ਬੋਲੀਂ, ਬੜਾ ਖਤਰਨਾਕ ਬੰਦਾ ਹੈ, ਤੇਰਾ ਨੁਕਸਾਨ ਕਰ ਦੇਵੇਗਾ। ਤੇਰੇ ਪਰਿਵਾਰ ਦਾ ਨੁਕਸਾਨ ਕਰ ਦੇਵੇਗਾ। ਕਿਸੇ ਨੇ ਲਿਖਿਆ ਹੈ– ''मौत का एक दिन मोअइन है, रात भर नींद क्यों आती नहीं।'' –ਜੇਕਰ ਸਿੱਖੀ ਸਿਧਾਂਤ ਅਨੁਸਾਰ ਦੇਖੀਏ, ਗੁਰਬਾਣੀ ਵਿੱਚ ਲਿਖਿਆ ਹੋਇਆ ਹੈ : ਮਰਣੁ ਲਿਖਾਇ ਮੰਡਲ ਮਹਿ ਆਏ॥ ਭਾਵ ਕਿ ਮਰਨ ਦਾ ਕੋਈ ਡਰ ਨਹੀਂ ਪਰ ਇਹ ਗੱਲ ਜ਼ਰੂਰ ਹੈ ਕਿ ਸੱਚ ਨਾਲ ਖੜ੍ਹੋਣਾ ਹੈ।

ਸਪੀਕਰ ਸਾਹਿਬ, ਅਮਰ ਕੌਰ ਜਿਸ ਦਿਨ ਅਖੀਰਲੀ ਤਰੀਕ ਭੁਗਤਣ ਗਈ ਸੀ, ਮੈਂ ਉਸ ਦੀ ਹਾਲਤ ਦੱਸਣਾ ਚਾਹੁੰਦਾ ਹਾਂ। ਫੂਲਕਾ ਸਾਹਿਬ, ਉਸ ਦੇ ਬੁੱਲ੍ਹਾਂ ਵਿਚੋਂ ਅਵਾਜ਼ ਨਾ ਨਿਕਲੇ ਤੇ ਜੱਜ ਨੇ ਕੰਨ ਉਸ ਦੇ ਬੁੱਲ੍ਹਾਂ ਨਾਲ ਲਗਾਏ। ਉਹ ਕਹਿੰਦੀ ਕਿ ਤੈਨੂੰ ਰੱਬ ਦਾ ਵਾਸਤਾ ਹੈ, ਰੋਜ਼ ਤਰੀਕ ਪਾ ਅਤੇ ਇਸ ਜ਼ਾਲਮ ਖਿਲਾਫ ਜੋ ਤੈਨੂੰ ਕਰਨਾ ਚਾਹੀਦਾ ਹੈ, ਉਹ ਕਰ। ਉਹ ਸ਼ਾਇਦ ਕੰਨਾਂ ਤੋਂ ਬੋਲਾ ਸੀ, ਉਸ ਨੇ ਅਵਾਜ਼ ਨਹੀਂ ਸੁਣੀ ਪਰ ਮੈਂ ਸੁਣੀ। ਮੈਂ ਅੱਜ ਵੀ ਉਸ ਬੀਬੀ ਨਾਲ ਖੜ੍ਹੋਤਾ ਹਾਂ, ਉਹ 103 ਸਾਲਾਂ ਦੀ ਹੋ ਕੇ ਮਰ ਗਈ। ਉਹ ਦਿੱਲੀ ਵਿੱਚ ਮਰ ਗਈ ਅਤੇ ਜਦੋਂ ਮਰਨ ਲੱਗੀ ਤਾਂ ਉਸ ਨੇ ਆਪਣੇ ਮੁੰਡੇ ਨੂੰ ਅਵਾਜ਼ ਮਾਰੀ, ਕਹਿੰਦੀ, ''ਮੈਂ ਜ਼ਿੰਦਗੀ ਦੀ ਜੰਗ ਹਾਰ ਗਈ ਹਾਂ, ਤੂੰ ਇਨਸਾਫ ਦੀ ਜੰਗ ਨਾ ਛੱਡੀ। ਮੇਰੀ ਰੂਹ ਨੂੰ ਉਸ ਦਿਨ ਸ਼ਾਂਤੀ ਮਿਲੇਗੀ ਜਿਸ ਦਿਨ ਇਹ ਕਾਤਲ ਸਲਾਖਾਂ ਦੇ ਪਿੱਛੇ ਹੋਵੇਗਾ।'' (ਥੰਪਿੰਗ) ਵੀਰੋ, ਅੱਜ ਲੋੜ ਹੈ ਕਿ ਇਕੱਠੇ ਹੋ ਕੇ ਉਸ ਦੀ ਰੂਹ ਨੂੰ ਸ਼ਾਂਤੀ ਪਹੁੰਚਾਈਏ। ਇਹੋ ਜਿਹੇ ਕਾਤਲ 10 ਜਣੇ ਵੀ ਹੋਣ, ਅਸੀਂ ਉਨ੍ਹਾਂ ਨੂੰ ਹਵਾਲਾਤ ਪਿੱਛੇ ਭੇਜੀਏ। ਕੌਣ ਨਹੀਂ ਫੜ੍ਹਦਾ? ਮੈਂ SIT ਬਣਾਉਂਦਾ ਹਾਂ

ਜੇ ਨਾ ਫੜ੍ਹ ਕੇ ਲਿਆਏ ਤਾਂ ਮੈਂ ਵਜ਼ੀਰੀ ਛੱਡ ਦੇਵਾਂਗਾ, ਮੈਂਬਰਸ਼ਿਪ ਛੱਡ ਦੇਵਾਂਗਾ।(ਇਸ ਸਮੇਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡਿਆ ਗਿਆ।) ਇਹ ਕਾਇਰ ਅਫਸਰ ਹਨ, ਜਿਹੜੇ ਸਾਨੂੰ ਡਰਾਉਂਦੇ ਹਨ। ਇਨ੍ਹਾਂ ਦੀ ਨੀਅਤ ਮਾੜੀ ਹੈ, ਇਹੋ ਜਿਹੀ ਨੀਅਤ ਵਾਲਿਆਂ ਨੂੰ ਨਹੀਂ ਬਖਸ਼ਣਾ, ਕੁਰਸੀ ਤੇ ਨਹੀਂ ਬਿਠਾਉਣਾ।

ਸਪੀਕਰ ਸਾਹਿਬ, ਸਮਾਂ ਬਹੁਤ ਹੋ ਗਿਆ ਹੈ। ਮੈਂ ਅਖੀਰ ਵਿੱਚ ** ** ਭੇਜਣਾ ਚਾਹਾਂਗਾ। ਇੱਕ ਸ਼ੇਅਰ ਹੈ ਜਿਸ ਦੀ ਅਖੀਰਲੀ ਲਾਈਨ ਕੁਝ ਇਸ ਤਰ੍ਹਾਂ ਹੈ- ਘਰ को आग लगी घर के ही चिराग से, ** ** ਇਨ੍ਹਾਂ ਦਾ ਘਰ ਸੜਨਾ ਹੀ ਸੜਨਾ ਹੈ, ਇਹ ਲੋਕਾਂ ਦੀਆਂ ਨਜ਼ਰਾਂ ਤੋਂ ਡਿੱਗ ਚੁੱਕੇ ਹਨ, ਖਤਮ ਹੋ ਚੁੱਕੇ ਹਨ। ਅੱਜ ਸਾਰੀ ਦੁਨੀਆਂ ਕੈਪਟਨ ਸਾਹਿਬ ਨੂੰ ਦੇਖ ਰਹੀ ਹੈ, ਕੈਪਟਨ ਸਾਹਿਬ ਦੇ ਫੈਸਲੇ ਨੂੰ ਦੇਖ ਰਹੀ ਹੈ।(ਥੰਪਿੰਗ) ਕੈਪਟਨ ਸਾਹਿਬ ਜੋ ਫੈਸਲਾ ਕਰਨਗੇ, ਅਸੀਂ ਮਗਰ ਖੜ੍ਹਾਂਗੇ ਪਰ ਕੈਪਟਨ ਸਾਹਿਬ, ਇਹ ਲਾਈਵ ਟੈਲੀਵਿਜ਼ਨ ਅਮਰੀਕਾ ਵਾਲੇ ਵੀ ਦੇਖ ਰਹੇ ਹਨ, ਕੈਨੇਡਾ ਵਾਲੇ ਵੀ ਦੇਖ ਰਹੇ ਹਨ, ਸਾਰੀ ਦੁਨੀਆਂ ਦੇਖ ਰਹੀ ਹੈ। ਅੱਜ ਫੇਲ੍ਹ ਨਾ ਹੋਇਓ, ਜੋ ਇਤਿਹਾਸ ਤੁਸੀਂ ਪੰਜਾਬ ਦੇ ਪਾਣੀਆਂ ਦੇ ਹੱਕਾਂ ਬਾਰੇ ਰਚਿਆ ਸੀ, ਅੱਜ ਇਨਸਾਫ ਦਾ ਇਤਿਹਾਸ ਰਚਣਾ ਹੈ। ਕਿਰਪਾ ਕਰਿਓ।

ਫੂਲਕਾ ਜੀ, ਇਤਿਹਾਸ ਲਿਖੇ ਜਾਣੇ ਹਨ, ਕਿਸੇ ਦਾ ਸੁਨਹਿਰੀ ਅੱਖਰਾਂ ਵਿੱਚ ਅਤੇ ਕਿਸੇ ਦਾ ਕਾਲੇ ਅੱਖਰਾਂ ਵਿੱਚ ਇਤਿਹਾਸ ਲਿਖਿਆ ਜਾਣਾ ਹੈ। ਇਹ ਆਪ ਵੀ ਇਤਿਹਾਸਕਾਰ ਹਨ, ਇਨ੍ਹਾਂ ਦਾ ਇਤਿਹਾਸ ਵੀ ਕਿਸੇ ਨੇ ਲਿਖਣਾ ਹੈ। ਸਾਡਾ ਇਸ ਸਦਨ ਦੇ 117 ਮੈਂਬਰਜ਼ ਦਾ ਇਤਿਹਾਸ ਹੈ, ਬਾਈਕਾਟ ਵਾਲਿਆਂ ਦਾ ਵੀ ਲਿਖਣਾ ਹੈ, ਜਿਹੜੇ ਅਟੈਂਡ ਕਰ ਰਹੇ ਹਨ, ਇਨ੍ਹਾਂ ਦਾ ਵੀ ਇਤਿਹਾਸ ਕਿਸੇ ਨੇ ਲਿਖਣਾ ਹੈ। ਸੋ, ਮੈਂ ਅਖੀਰ ਵਿੱਚ ਕੈਪਟਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜੀਆਂ ਸਾਰੇ ਹਾਊਸ ਦੀਆਂ ਖਾਹਿਸ਼ਾਂ ਹਨ, ਸੀ.ਬੀ.ਆਈ. ਤੋਂ ਜਾਨ ਛੁਡਾਓ, ਮੈਂ ਕਹਿੰਦਾ ਹਾਂ ਆਪਣੀ ਪੁਲਿਸ ਬੜੀ ਵਧੀਆ ਪੁਲਿਸ ਹੈ। ਇਨ੍ਹਾਂ ਨੇ ਬੜਾ ਵਧੀਆ ਕੰਮ ਕੀਤਾ ਹੈ, ਇਸ ਤੇ ਇਤਬਾਰ ਕਰਦੇ ਹੋਏ, ਇਨ੍ਹਾਂ ਦੇ ਹਵਾਲੇ ਸਭ ਕੁਝ ਕਰੋ। ਜੈ ਹਿੰਦ।(ਥੰਪਿੰਗ)

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.) :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ। ਜਸਟਿਸ ਰਣਜੀਤ ਸਿੰਘ ਕਮਿਸ਼ਨ ਜੋ ਬਣਿਆ ਸੀ, ਅੱਜ ਸਦਨ ਵਿੱਚ ਉਸ ਦੀ ਰਿਪੋਰਟ ਤੇ ਬਹਿਸ ਹੋ ਰਹੀ ਹੈ। ਇਹ ਬੜੀ ਅੱਛੀ ਗੱਲ ਹੈ ਕਿਉਂਕਿ ਬਰਗਾੜੀ ਦੇ ਵਿੱਚ ਅਤੇ ਬਹਿਬਲ ਕਲਾਂ ਦੇ ਵਿੱਚ ਜੋ ਕੁਝ ਹੋਇਆ ਸੀ, ਉਸ ਬਾਰੇ ਸਾਰੇ ਪੰਜਾਬ ਨੂੰ ਪਤਾ ਹੈ, ਸਾਰੇ ਬੁਲਾਰਿਆਂ ਨੇ ਬੜਾ ਅੱਛਾ ਡਿਸਕਸ ਕੀਤਾ ਹੈ ਪਰ ਅਫਸੋਸ ਦੀ ਇੱਕੋ ਹੀ ਗੱਲ ਹੈ ਕਿ ਵਾਰ-ਵਾਰ ਮੰਗ ਆ ਰਹੀ ਹੈ ਕਿ

** Expunged as ordered by the Hon'ble Speaker.

ਸੀ.ਬੀ.ਆਈ. ਤੋਂ ਜਾਂਚ ਵਾਪਸ ਲੈ ਲਈ ਜਾਵੇ। ਮੈਨੂੰ ਲਗਦਾ ਹੈ ਕਿ ਤਕਰੀਬਨ ਅੱਠ ਘੰਟੇ ਬੀਤ ਚੁੱਕੇ ਹਨ, ਸੀ.ਐਮ. ਸਾਹਿਬ ਨੂੰ ਹੁਣ ਤੱਕ ਹਾਊਸ ਨੂੰ ਇਸ ਬਾਰੇ ਐਸ਼ੋਰੈਂਸ ਕਰ ਦੇਣੀ ਚਾਹੀਦੀ ਸੀ, ਹੁਣ ਤੱਕ ਇਹ ਆਰਡਰ ਪਾਸ ਹੋ ਜਾਣਾ ਚਾਹੀਦਾ ਸੀ। (ਵਿਘਨ)(ਸ਼ੋਰ) ਮੇਰੇ ਕਹਿਣ ਦਾ ਭਾਵ ਹੈ, ਮੈਂ ਇਸ ਕਰਕੇ ਇਹ ਗੱਲ ਕਹਿ ਰਿਹਾ ਹਾਂ ਕਿਉਂਕਿ ਸਾਲ 2002 ਵਿੱਚ ਵੀ ਕੈਪਟਨ ਸਾਹਿਬ ਨੇ ਬਾਦਲ ਪਰਿਵਾਰ ਖਿਲਾਫ ਕੇਸ ਦਰਜ ਕੀਤੇ ਸੀ ਲੇਕਿਨ ਉਨ੍ਹਾਂ ਕੇਸਾਂ ਦਾ ਜੋ ਕੁਝ ਹੋਇਆ, ਉਹ ਸਾਰੇ ਹਾਊਸ ਨੂੰ ਪਤਾ ਹੈ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ। ਪੂਰੇ 104 ਗਵਾਹ ਪੰਜਾਬ ਪੁਲਿਸ ਨੇ ਸਾਈਡ ਕੀਤੇ ਸੀ, ਉਹ ਸਾਰੇ ਦੇ ਸਾਰੇ ਗਵਾਹ ਮੁੱਕਰ ਗਏ ਸੀ, ਉਨ੍ਹਾਂ ਵਿੱਚ ਅਫ਼ਸਰ ਵੀ ਇਨਕਲੂਡਿਡ ਸਨ। ਉਸ ਸਮੇਂ ਦਾ ਐਸ.ਐਸ.ਪੀ. ਜੋ ਸੀ, ਉਹ ਵੀ ਮੁਕਰ ਗਿਆ ਸੀ। ਮੇਰੇ ਕਹਿਣ ਦਾ ਭਾਵ ਹੈ ਕਿ ਕਿਤੇ ਹੁਣ ਵੀ ਉਸੇ ਤਰ੍ਹਾਂ ਨਾ ਹੋਵੇ, ਜਿਹੜੀ ਹੁਣ ਇਹ ਜਾਂਚ ਹੈ, ਇਸ ਸਬੰਧੀ ਉਨ੍ਹਾਂ ਖਿਲਾਫ ਐਫ.ਆਈ.ਆਰ. ਤਾਂ ਦਰਜ ਹੋ ਜਾਵੇ ਪਰ ਉਹ ਫੜ੍ਹੇ ਨਾ ਜਾਣ ਅਤੇ ਉਹ ਦੇਸ਼ ਛੱਡ ਕੇ ਭੱਜ ਜਾਣ ਜਿਵੇਂ ਕਿ ਪਹਿਲਾਂ ਹੋਇਆ ਸੀ। ਉਦੋਂ ਕੀ ਹੋਇਆ ਸੀ ਕਿ ਜਿਹੜੇ ਮੁਲਜ਼ਮ ਸਨ, ਜਿਹੜੇ ਦੋਸ਼ੀ ਬਣਾਏ ਗਏ, ਉਨ੍ਹਾਂ ਵਿੱਚੋਂ ਬਹੁਤ ਸਾਰੇ ਦੋਸ਼ੀ ਦੇਸ਼ ਛੱਡ ਕੇ ਬਾਹਰ ਭੱਜ ਗਏ ਸਨ। ਉਨ੍ਹਾਂ ਦਾ ਟਰਾਇਲ ਪੈਂਡਿੰਗ ਹੋ ਗਿਆ ਸੀ। ਟਰਾਇਲ ਪੈਂਡਿੰਗ ਹੋ ਗਿਆ, ਫਿਰ ਉਨ੍ਹਾਂ ਦੀ ਆਪਣੀ ਗੌਰਮਿੰਟ ਆ ਗਈ, ਉਨ੍ਹਾਂ ਨੇ ਸਾਰੇ ਮੈਨੇਜ ਕਰ ਲਏ, ਸਾਰੇ ਗਵਾਹ ਵਿਕ ਗਏ। ਸਾਰੇ ਬਿਆਨਾਂ ਤੋਂ ਪਲਟ ਗਏ, ਹੋਸਟਾਈਲ ਹੋ ਗਏ। ਹੁਣ ਵੀ ਉਸ ਦੀ ਸਟਾਰਟਿੰਗ ਹੋ ਚੁੱਕੀ ਹੈ, ਮੈਂ ਤਾਂ ਹੀ ਇਹ ਗੱਲ ਕਹਿ ਰਿਹਾ ਹਾਂ ਕਿਉਂਕਿ ਇਸ ਕਮਿਸ਼ਨ ਦੀ ਰਿਪੋਰਟ ਵੀ ਸਦਨ ਵਿੱਚ ਪੇਸ਼ ਹੋਣ ਤੋਂ ਪਹਿਲਾਂ ਲੀਕ ਹੋ ਗਈ ਹੈ। ਇਸ ਤੋਂ ਪਤਾ ਲਗਦਾ ਹੈ ਕਿ ਉਹ ਅੱਜ ਵੀ ਕਿੰਨੇ ਤਾਕਤਵਰ ਹਨ, ਹਾਊਸ ਵਿੱਚ ਰਿਪੋਰਟ ਪੇਸ਼ ਹੋਣ ਤੋਂ ਪਹਿਲਾਂ ਰਿਪੋਰਟ ਲੀਕ ਕਿਵੇਂ ਹੋ ਗਈ?

ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਤੋਂ ਮੰਗ ਕਰਦਾ ਹਾਂ ਕਿ ਜਿਹੜੀ ਰਿਪੋਰਟ ਲੀਕ ਹੋਈ ਹੈ, ਜਿਨ੍ਹਾਂ ਨੇ ਇਹ ਰਿਪੋਰਟ ਲੀਕ ਕੀਤੀ ਹੈ, ਉਨ੍ਹਾਂ ਅਧਿਕਾਰੀਆਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ। ਇਹ ਪਤਾ ਲਗਾਓ ਕਿ ਉਹ ਵਿਅਕਤੀ ਕੌਣ ਹਨ, ਵਿਅਕਤੀ ਵਿਸ਼ੇਸ਼ ਕੌਣ ਹਨ, ਜਿਨ੍ਹਾਂ ਨੇ ਰਿਪੋਰਟ ਲੀਕ ਕੀਤੀ ਹੈ, ਉਨ੍ਹਾਂ ਦੇ ਖਿਲਾਫ ਵੀ ਐਕਸ਼ਨ ਹੋਣਾ ਚਾਹੀਦਾ ਹੈ ਤਾਂ ਕਿ ਇਸ ਸਦਨ ਦੀ ਮਰਿਆਦਾ ਕਾਇਮ ਰਹਿ ਸਕੇ ਕਿਉਂਕਿ ਰਿਪੋਰਟ ਲੀਕ ਹੋਣ ਨਾਲ ਸਭ ਤੋਂ ਪਹਿਲਾਂ ਤਾਂ ਸਦਨ ਦੀ ਮਰਿਆਦਾ ਵੀ ਭੰਗ ਹੋਈ ਹੈ। (ਥੰਪਿੰਗ) ਇਹ ਰਿਪੋਰਟ ਸਦਨ ਵਿੱਚ ਪੇਸ਼ ਹੋਣੀ ਚਾਹੀਦੀ ਸੀ। ਸਦਨ ਵਿੱਚ ਪੇਸ਼ ਹੋਣ ਤੋਂ ਪਹਿਲਾਂ ਇਹ ਲੀਕ ਹੋਈ ਹੈ, ਇਸ ਨਾਲ ਸਦਨ ਦੀ ਮਰਿਆਦਾ ਭੰਗ ਹੋਈ ਹੈ, ਇਸ ਮਰਿਆਦਾ ਨੂੰ ਕਾਇਮ ਰੱਖਣਾ ਚਾਹੀਦਾ ਹੈ।

[ ਸਰਦਾਰ ਹਰਪਾਲ ਸਿੰਘ ਚੀਮਾ ]

ਸਪੀਕਰ ਸਾਹਿਬ, ਦੂਸਰਾ, ਅਕਾਲੀ ਦਲ ਦਾ ਇਤਿਹਾਸ ਹੈ ਕਿ ਅਕਾਲੀ ਦਲ ਹਮੇਸ਼ਾ ਹੀ ਗਵਾਹਾਂ ਨੂੰ ਡਰਾਉਂਦਾ ਹੈ, ਡਰਾ ਕੇ, ਪੈਸੇ ਦੇ ਕੇ ਮੁਕਰਾਉਂਦਾ ਰਿਹਾ ਹੈ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਜਿਹੀ ਕੋਈ ਇਮਾਨਦਾਰ ਵਿਅਕਤੀਆਂ ਦੀ ਇਨਵੈਸਟੀਗੇਟਿੰਗ ਟੀਮ ਬਣਾਉਣ ਜਿਹੜੀ ਕਿ ਘੱਟੋ-ਘੱਟ ਤੀਹ ਦਿਨਾਂ ਦੇ ਅੰਦਰ-ਅੰਦਰ ਇਨਵੈਸਟੀਗੇਟ ਕਰਕੇ ਚਲਾਨ ਪੇਸ਼ ਕਰੇ ਅਤੇ ਚਲਾਨ ਪੇਸ਼ ਕਰਕੇ ਸਪੈਸ਼ਲ ਕੋਰਟਸ, ਜਿਸ ਤਰ੍ਹਾਂ ਫੂਲਕਾ ਸਾਹਿਬ ਨੇ ਕਿਹਾ ਹੈ, ਐਕਸਕਲੂਸਿਵ ਕੋਰਟ ਹੋਵੇ ਜੋ ਕਿ ਤਿੰਨ ਮਹੀਨੇ ਦੇ ਅੰਦਰ-ਅੰਦਰ ਟਰਾਇਲ ਕਰੇ ਅਤੇ ਟਰਾਇਲ ਡੇਅ-ਟੂ-ਡੇਅ basis ਤੇ ਹੋਣਾ ਚਾਹੀਦਾ ਹੈ ਕਿਉਂਕਿ ਰਿਪੋਰਟ ਦੇ ਵਿੱਚ ਬਹੁਤ ਸਾਰੇ ਅਧਿਕਾਰੀਆਂ ਦੇ ਨਾਮ ਅਤੇ ਕਾਫੀ ਸਾਰੇ ਪਾਲੀਟੀਸ਼ਨਾਂ ਦੇ ਨਾਮ ਆਏ ਹਨ ਜਿਵੇਂ ਕਿ ਸਰਦਾਰ ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਰਦਾਰ ਮਨਤਾਰ ਸਿੰਘ ਬਰਾੜ ਦੇ ਨਾਮ ਵੀ ਆਏ ਹਨ। ਸੁਮੇਧ ਸੈਣੀ ਦਾ ਜ਼ਿਕਰ ਵੀ ਆਇਆ ਹੈ। ਜਿਵੇਂ ਕਿ ਬਾਜਵਾ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਉਸ ਨੇ ਪੰਜਾਬ ਵਿੱਚ ਕੀ-ਕੀ ਕੁਕਰਮ ਕੀਤੇ ਹਨ ਲੇਕਿਨ ਇਹ ਸਾਰੇ ਵਿਅਕਤੀ ਅਜੇ ਵੀ ਬਾਹਰ ਘੁੰਮਦੇ ਫਿਰਦੇ ਹਨ। ਕਿਉਂ? ਅਜੇ ਤੱਕ ਉਨ੍ਹਾਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਹੋਈ ? ਰਿਪੋਰਟ ਆਈ ਨੂੰ ਇੰਨੇ ਦਿਨ ਹੋ ਗਏ ਹਨ। ਅਜੇ ਤੱਕ ਉਹ ਅਫ਼ਸਰ ਅਫ਼ਸਰੀ enjoy ਕਰ ਰਹੇ ਹਨ ਅਤੇ ਪਾਲੀਟੀਸ਼ਨ ਸਰਕਾਰ ਦੀਆਂ ਸਹੂਲਤਾਂ enjoy ਕਰ ਰਹੇ ਹਨ। ਇਹ ਕਿਉਂ ਹੈ? ਕਿਤੇ ਇਹ ਤਾਂ ਨਹੀਂ ਹੈ ਕਿ ਜਿਵੇਂ ਪਹਿਲਾਂ ਜਿਹੜੇ ਕੇਸ ਸਨ, ਉਹ ਫੇਲ੍ਹ ਹੋ ਗਏ ਸਨ, ਇਹ ਕੇਸ ਵੀ ਕਿਤੇ ਉਸੇ ਦਿਸ਼ਾ ਵੱਲ ਤਾਂ ਨਹੀਂ ਚਲਾ ਜਾਵੇਗਾ? ਜਿਵੇ ਂ ਅਸੀਂ ਇੱਥੇ ਵਿਧਾਨ ਸਭਾ ਵਿੱਚ ਭਾਸ਼ਣ ਦਿੱਤੇ ਹਨ, ਲੰਬੇ-ਲੰਬੇ ਭਾਸ਼ਣ ਛੇ-ਛੇ ਦਿਨ ਤਿਆਰੀਆਂ ਕਰਕੇ ਦਿੱਤੇ ਹਨ। ਕਿਤੇ ਇਹ ਕੇਸ ਵੀ ਭਾਸ਼ਣਾਂ ਤੱਕ ਹੀ ਸੀਮਤ ਤਾਂ ਨਹੀਂ ਰਹਿ ਜਾਵੇਗਾ? ਕਿਉਂਕਿ ਅਜਿਹਾ ਪਹਿਲਾਂ ਹੋਇਆ ਹੈ। ਇਹ ਖਦਸ਼ਾ ਮੈਂ ਇਸ ਕਰਕੇ ਜ਼ਾਹਿਰ ਕਰ ਰਿਹਾ ਹਾਂ, ਪਹਿਲਾਂ ਵੀ ਪੰਜਾਬ ਦੀ ਇਸੇ ਅਸੰਬਲੀ ਵਿੱਚ ਬੈਠ ਕੇ ਇੱਥੇ ਹੀ ਲੰਬਾ ਸਮਾਂ ਡਿਸਕਸ਼ਨ ਹੋਣ ਤੋਂ ਬਾਅਦ ਮੁਕੱਦਮੇ ਦਰਜ ਹੋਏ ਸੀ, ਉਹ ਸਾਰੇ ਮੁਕੱਦਮਿਆਂ ਤੋਂ ਬਿਲਕੁਲ ਬਰੀ ਹੋ ਗਏ । ਉਹ ਹਿੱਕ ਠੋਕ ਕੇ ਕਹਿੰਦੇ ਹਨ ਕਿ ਅਸੀਂ ਬਰੀ ਹੋ ਗਏ ਹਾਂ। ਮੈਂ ਸੀ.ਐਮ. ਸਾਹਿਬ ਨੂੰ ਹੱਥ ਜੋੜ ਕੇ ਬੇਨਤੀ ਕਰਾਂਗਾ ਕਿ ਕਿਤੇ ਉਹੀ ਕੰਮ ਫੇਰ ਨਾ ਹੋ ਜਾਵੇ ਕਿਉਂਕਿ ਤੁਸੀਂ ਇਹ ਕੇਸ ਸੀ.ਬੀ.ਆਈ. ਨੂੰ ਦੇ ਣ ਜਾ ਰਹੇ ਹੋ। ਤੁਹਾਡੇ ਵੱਲੋਂ ਸੀ.ਬੀ.ਆਈ ਨੂੰ ਇਨਕੁਆਰੀ ਦਿੱਤੀ ਗਈ ਹੈ। ਇਸ ਦਾ ਮਤਲਬ ਇਹ ਹੈ ਕਿ ਸੀ.ਬੀ.ਆਈ. ਨੂੰ ਇਨਕੁਆਰੀ ਦੇ ਦਿਉ, ਦਿੱਲੀ ਵਿੱਚ ਸਰਕਾਰ ਬੀ.ਜੇ.ਪੀ. ਦੀ ਹੈ, ਜਦੋਂ ਬੀ.ਜੇ.ਪੀ. ਦੀ ਸਰਕਾਰ ਹੈ ਤਾਂ ਅਕਾਲੀ ਦਲ ਆਪਣੇ ਆਪ ਮੈਨੇਜ ਕਰ ਲਵੇਗਾ। ਸੋ, ਇਸੇ ਕਰਕੇ ਮੈਂ ਕਹਿੰਦਾ ਹਾਂ ਕਿ ਜੇ ਸੀ.ਬੀ.ਆਈ. ਨੂੰ ਦਿਉਗੇ ਤਾਂ ਸਪੱਸ਼ਟ ਹੈ ਕਿ ਤੁਸੀਂ ਉਨ੍ਹਾਂ ਖਿਲਾਫ ਕੇਸ ਨਹੀਂ ਚਲਾਉਣਾ ਚਾਹੁੰਦੇ। ਜੇ ਸੀ.ਬੀ.ਆਈ. ਨੂੰ ਜਾਂਚ ਜਾਵੇਗੀ ਤਾਂ ਕਾਂਗਰਸ ਪਾਰਟੀ ਨੂੰ ਮੈਂ ਸਪੱਸ਼ਟ ਕਹਿੰਦਾ ਹਾਂ ਕਿ ਤੁਹਾਡੀ ਫਿਰ ਮਨਸ਼ਾ ਹੈ ਕਿ ਅਕਾਲੀ ਦਲ ਬਰੀ ਹੋ ਜਾਵੇ।

ਜੇਕਰ ਇਹ ਜਾਂਚ ਪੰਜਾਬ ਪੁਲਿਸ ਕੋਲ ਜਾਂਦੀ ਹੈ, ਟਾਈਮ ਬਾਊਂਡ ਇਨਕੁਆਰੀ ਹੁੰਦੀ ਹੈ ਅਤੇ ਟਾਈਮ ਬਾਊਂਡ ਇਨਵੈਸਟੀਗੇਸ਼ਨ ਹੁੰਦੀ ਹੈ, ਫਿਰ ਟਾਈਮ ਬਾਊਂਡ ਟਰਾਇਲ ਹੁੰਦਾ ਹੈ ਤਾਂ ਜਿਹੜਾ ਜੱਜ ਹੈ, ਉਹ ਵੀ ਹਾਈ ਕੋਰਟ ਵੱਲੋਂ ਸਪੈਸ਼ਲ ਨਿਯੁਕਤ ਕਰਵਾਇਆ ਜਾਵੇ ਤਾਂ ਹੀ ਸਜ਼ਾ ਹੋ ਸਕਦੀ ਹੈ, ਨਹੀਂ ਤਾਂ ਇਹ ਸਾਰੇ ਬਰੀ ਹੋਣਗੇ।

ਸਪੀਕਰ ਸਾਹਿਬ, ਇੱਥੇ ਬਾਜਵਾ ਸਾਹਿਬ ਨੇ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਜ਼ਿਕਰ ਕੀਤਾ ਹੈ। ਮੇਰੇ ਹੋਰ ਸਾਥੀਆਂ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੀ ਗੱਲ ਕੀਤੀ ਹੈ। ਇਹ ਦੋਵੇਂ ਰਿਪੋਰਟਾਂ ਸਪੱਸ਼ਟ ਹਨ ਕਿ ਜਿਹੜੀ ਗਵਾਹੀ ਹੈ, ਉਹ ਟੈਂਪਰਿੰਗ ਹੋ ਰਹੀ ਹੈ। ਉਹ ਟੈਂਪਰ ਹੋ ਚੁੱਕੀ ਹੈ। ਉਸ ਦੇ ਸਬੂਤ ਵੀ ਸਾਹਮਣੇ ਆ ਰਹੇ ਹਨ, ਜਿਵੇਂ ਹਿੰਮਤ ਸਿੰਘ ਦੀ ਗੱਲ ਕਰ ਲਓ, ਉਸ ਕੇਸ ਵਿੱਚ ਬੁਲਟ 8 ਮਹੀਨੇ ਤੋਂ ਥਾਣੇ ਵਿੱਚ ਪਈ ਹੈ। ਸਪੀਕਰ ਸਾਹਿਬ, ਜਿਹੜਾ ਸਬੂਤ ਹੁਣੇ ਹੀ ਟੈਂਪਰ ਹੋ ਗਿਆ, ਉਹ ਅਦਾਲਤ ਵਿੱਚ ਜਾਣ ਲੱਗਿਆਂ ਕਿੰਨਾ weak ਹੋ ਜਾਵੇਗਾ। ਸੋ, ਮੇਰੀ ਬੇਨਤੀ ਹੈ ਕਿ ਸਰਕਾਰ ਇਸ ਗੱਲ ਨੂੰ ਯਕੀਨੀ ਬਣਾਏ ਕਿ ਇਸ ਕੇਸ ਦਾ ਟਰਾਇਲ ਜਲਦੀ ਹੋਵੇ। ਮੈਂ ਤਾਂ ਕਹਿੰਦਾ ਹਾਂ ਕਿ ਦੋਸ਼ੀ ਕੱਲ੍ਹ ਹੀ ਫੜ੍ਹੇ ਜਾਣੇ ਚਾਹੀਦੇ ਹਨ। ਉਨ੍ਹਾਂ ਦੇ ਪਾਸਪੋਰਟ ਜ਼ਬਤ ਹੋਣੇ ਚਾਹੀਦੇ ਹਨ, ਉਨ੍ਹਾਂ ਦੀਆਂ ਪ੍ਰਾਪਰਟੀਆਂ ਜ਼ਬਤ ਹੋਣੀਆਂ ਚਾਹੀਦੀਆਂ ਹਨ। (ਥੰਪਿੰਗ) ਉਨ੍ਹਾਂ ਦੇ ਪਾਸਪੋਰਟ ਫੌਰੀ ਤੌਰ ਤੇ ਜ਼ਬਤ ਹੋਣੇ ਚਾਹੀਦੇ ਹਨ ਕਿਉਂਕਿ ਸੈਣੀ ਸਾਹਿਬ ਤਾਂ ਰਿਟਾਇਰ ਹੋ ਗਏ ਹਨ, ਉਹ ਤਾਂ ਕੱਲ੍ਹ ਹੀ ਫਲਾਈਟ ਫੜ੍ਹ ਕੇ ਭੱਜ ਜਾਣਗੇ। ਉਨ੍ਹਾਂ ਨੇ ਬਾਜਵਾ ਸਾਹਿਬ ਦਾ ਭਾਸ਼ਣ ਸੁਣ ਲਿਆ ਹੋਣਾ ਹੈ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਉਨ੍ਹਾਂ ਦੇ ਪਾਸਪੋਰਟ ਹੁਣੇ ਹੀ ਜ਼ਬਤ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਸੰਗਰੂਰ ਵਿੱਚ ਕੁਰਾਨ ਸ਼ਰੀਫ ਦੀ ਬੇਅਦਬੀ ਦਾ ਇੱਕ ਕੇਸ ਵਾਪਰਿਆ ਸੀ। ਉਥੇ ਐਫ.ਆਈ.ਆਰ. ਨੰ: 108 ਦਰਜ ਹੋਈ, ਉਸ ਦਾ ਚਲਾਨ ਵੀ ਅਦਾਲਤ ਵਿੱਚ ਪੇਸ਼ ਹੋ ਗਿਆ ਹੈ। ਸਰਕਾਰ ਨੇ ਉਸ ਸਬੰਧੀ ਸੈਂਕਸ਼ਨ ਰਿਪੋਰਟ ਭੇਜੀ ਹੈ। ਉਹ ਕੇਸ ਚੱਲ ਰਿਹਾ ਹੈ ਪਰ ਇੱਥੇ ਸਰਕਾਰ ਬਿਲਕੁਲ ਸੰਜੀਦਾ ਨਹੀਂ ਹੈ । ਉਸ ਦੇ ਵਿੱਚ ਪ੍ਰੋਸੀਕਿਊਸ਼ਨ ਸੈਂਕਸ਼ਨ ਦੇ ਦਿੱਤੀ ਗਈ ਹੈ ਔਰ ਉਸ ਬੰਦੇ ਦੀ ਸੈਂਕਸ਼ਨ ਦਿੱਤੀ ਹੈ ਜਿਸ ਦੇ ਦੋ ਮੈਸੇਜ ਹਨ: 'call me later ' ਅਤੇ 'call my brother'. ਸੋ, ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਦੀ ਮਨਸ਼ਾ ਸਾਫ ਨਹੀਂ ਹੈ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਕੇਸ ਦਾ ਟਰਾਇਲ ਜਲਦੀ ਹੋਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਫੌਰੀ ਤੌਰ ਤੇ ਫੜ੍ਹ ਕੇ ਅੰਦਰ ਦੇਣਾ ਚਾਹੀਦਾ ਹੈ। ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਇੱਕ ਨਿੰਦਾ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ:** ਹਾਂ ਜੀ, ਕਰੋ।

## CENSURE MOTION REGARDING THE CONDUCT OF PRIME MINISTER, CHIEF MINISTER AND DEPUTY CHIEF MINISTER IN IGNORING THE INTERESTS OF PUNJAB STATE BY NOT TAKING PROPER ACTION IN BARGARHI AND BEHBAL KALAN INCIDENTS

**ਸਰਦਾਰ ਹਰਪਾਲ ਸਿੰਘ ਚੀਮਾ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿ ਜਦੋਂ ਇਹ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਹੋਇਆ ਤਾਂ ਉਸ ਸਮੇਂ ਨਾ ਤਾਂ ਡਿਪਟੀ ਸੀ.ਐਮ. ਅਤੇ ਨਾ ਸੀ.ਐਮ. ਵੱਲੋਂ ਉਸ ਜਗ੍ਹਾ ਤੇ ਪਹੁੰਚ ਕੀਤੀ ਗਈ। ਇਸ ਤੋਂ ਇਲਾਵਾ ਨਾ ਹਿੰਦੁਸਤਾਨ ਦੇ ਹੋਮ ਮਨਿਸਟਰ ਅਤੇ ਨਾ ਹੀ ਪ੍ਰਾਈਮ ਮਨਿਸਟਰ ਵੱਲੋਂ ਵੀ ਪੰਜਾਬ ਦੇ ਵਿਗੜੇ ਹਾਲਾਤਾਂ ਦੇ ਮੱਦੇਨਜ਼ਰ ਕੋਈ ਕਾਰਵਾਈ ਕੀਤੀ ਗਈ। ਉਨ੍ਹਾਂ ਵੱਲੋਂ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਤੇ ਮੱਲ੍ਹਮ ਲਗਾਉਣ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਇਸ ਲਈ ਦੇਸ਼ ਦੇ ਪ੍ਰਧਾਨ ਮੰਤਰੀ, ਸੂਬੇ ਦੇ ਤਤਕਾਲੀ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਵੱਲੋਂ ਪੰਜਾਬ ਪ੍ਰਤੀ ਅਪਣਾਈ ਗਈ ਬੇਰੁਖੀ ਦੀ ਇਹ ਸਦਨ ਨਿੰਦਾ ਕਰਦਾ ਹੈ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਪੰਜਾਬੀਆਂ ਕੋਲੋਂ ਮੁਆਫੀ ਮੰਗਣ ਦੀ ਮੰਗ ਕਰਦਾ ਹੈ। "

**ਸਰਦਾਰ ਹਰਵਿੰਦਰ ਸਿੰਘ ਫੂਲਕਾ:** ਮੈਂ ਇਸ ਨੂੰ ਸੈਕਿੰਡ ਕਰਦਾ ਹਾਂ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ –

"ਕਿ ਜਦੋਂ ਇਹ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਹੋਇਆ ਤਾਂ ਉਸ ਸਮੇਂ ਨਾ ਤਾਂ ਡਿਪਟੀ ਸੀ.ਐਮ. ਅਤੇ ਨਾ ਸੀ.ਐਮ. ਵੱਲੋਂ ਉਸ ਜਗ੍ਹਾ ਤੇ ਪਹੁੰਚ ਕੀਤੀ ਗਈ। ਇਸ ਤੋਂ ਇਲਾਵਾ ਨਾ ਹਿੰਦੁਸਤਾਨ ਦੇ ਹੋਮ ਮਨਿਸਟਰ ਅਤੇ ਨਾ ਹੀ ਪ੍ਰਾਈਮ ਮਨਿਸਟਰ ਵੱਲੋਂ ਵੀ ਪੰਜਾਬ ਦੇ ਵਿਗੜੇ ਹਾਲਾਤਾਂ ਦੇ ਮੱਦੇਨਜ਼ਰ ਕੋਈ ਕਾਰਵਾਈ ਕੀਤੀ ਗਈ। ਉਨ੍ਹਾਂ ਵੱਲੋਂ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਤੇ ਮੱਲ੍ਹਮ ਲਗਾਉਣ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਇਸ ਲਈ ਦੇਸ਼ ਦੇ ਪ੍ਰਧਾਨ ਮੰਤਰੀ, ਸੂਬੇ ਦੇ ਤਤਕਾਲੀ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਵੱਲੋਂ ਪੰਜਾਬ ਪ੍ਰਤੀ ਅਪਣਾਈ ਗਈ ਬੇਰੁਖੀ ਦੀ ਇਹ ਸਦਨ ਨਿੰਦਾ ਕਰਦਾ ਹੈ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਪੰਜਾਬੀਆਂ ਕੋਲੋਂ ਮੁਆਫੀ ਮੰਗਣ ਦੀ ਮੰਗ ਕਰਦਾ ਹੈ।"

**ਮਾਨਯੋਗ ਸਪੀਕਰ:** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਪ੍ਰਸਤਾਵ ਪਾਸ ਕਰ ਦਿੱਤਾ ਜਾਵੇ ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ –

"ਕਿ ਜਦੋਂ ਇਹ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਹੋਇਆ ਤਾਂ ਉਸ ਸਮੇਂ ਨਾ ਤਾਂ ਡਿਪਟੀ ਸੀ.ਐਮ. ਅਤੇ ਨਾ ਸੀ.ਐਮ. ਵੱਲੋਂ ਉਸ ਜਗ੍ਹਾ ਤੇ ਪਹੁੰਚ ਕੀਤੀ ਗਈ। ਇਸ ਤੋਂ ਇਲਾਵਾ ਨਾ ਹਿੰਦੁਸਤਾਨ ਦੇ ਹੋਮ ਮਨਿਸਟਰ ਅਤੇ ਨਾ ਹੀ ਪ੍ਰਾਈਮ ਮਨਿਸਟਰ ਵੱਲੋਂ ਵੀ ਪੰਜਾਬ ਦੇ ਵਿਗੜੇ ਹਾਲਾਤਾਂ ਦੇ ਮੱਦੇਨਜ਼ਰ ਕੋਈ ਕਾਰਵਾਈ ਕੀਤੀ ਗਈ। ਉਨ੍ਹਾਂ ਵੱਲੋਂ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਤੇ ਮੱਲ੍ਹਮ ਲਗਾਉਣ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਇਸ ਲਈ ਦੇਸ਼ ਦੇ ਪ੍ਰਧਾਨ ਮੰਤਰੀ, ਸੂਬੇ ਦੇ ਤਤਕਾਲੀ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਵੱਲੋਂ ਪੰਜਾਬ ਪ੍ਰਤੀ ਅਪਣਾਈ ਗਈ ਬੇਰੁਖੀ ਦੀ ਇਹ ਸਦਨ ਨਿੰਦਾ ਕਰਦਾ ਹੈ ਅਤੇ ਉਨ੍ਹਾਂ ਵੱਲੋਂ ਇਸ ਸਬੰਧੀ ਪੰਜਾਬੀਆਂ ਕੋਲੋਂ ਮੁਆਫੀ ਮੰਗਣ ਦੀ ਮੰਗ ਕਰਦਾ ਹੈ।"

***ਪ੍ਰਸਤਾਵ ਪ੍ਰਵਾਨ ਹੋਇਆ।***

-----------

**DISCUSSION ON THE REPORT OF JUSTICE (RETD.) SHRI RANJIT SINGH COMMISSION OF ENQUIRY ALONGWITH ACTION TAKEN REPORT THEREON**
***(Resumption)***

**ਮਾਨਯੋਗ ਸਪੀਕਰ:** ਮੁੱਖ ਮੰਤਰੀ ਸਾਹਿਬ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਮੈਂਬਰਾਂ ਵੱਲੋਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡੇ ਗਏ ਅਤੇ ਥੰਪਿੰਗ ਵੀ ਕੀਤੀ ਗਈ।)

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸਪੀਕਰ ਸਾਹਿਬ, ਪਹਿਲਾਂ ਮੈਂ ਆਪਣੇ ਸਾਥੀਆਂ ਨੂੰ ਦੱਸ ਦੇਵਾਂ ਕਿ ਹਾਊਸ ਵਿੱਚ ਜੈਕਾਰਾ ਨਹੀਂ ਛੱਡਣਾ ਚਾਹੀਦਾ। ਤੁਸੀਂ ਹੋਰ ਜਿਹੜੀਆਂ ਰੌਣਕਾਂ ਬਣਾਉਣੀਆਂ ਹਨ, ਉਹ ਬਣਾ ਲਓ। (ਹਾਸਾ) ਸਪੀਕਰ ਸਾਹਿਬ, 7 ਘੰਟਿਆਂ ਬਾਅਦ ਰਿਪੋਰਟ ਤੇ ਸਾਰੀ ਛਾਣਬੀਣ ਹੋ ਗਈ ਹੈ। ਇੱਥੇ ਸਭ ਕੁਝ ਸਾਰਿਆਂ ਨੇ ਕਹਿ ਦਿੱਤਾ ਹੈ। ਇਹ ਜਿਹੜੀ ਰਿਪੋਰਟ ਹੈ, ਅਸੀਂ ਤਾਂ ਚੋਣਾਂ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜੇਕਰ ਅਸੀਂ ਸਰਕਾਰ ਵਿੱਚ ਆਵਾਂਗੇ ਤਾਂ ਅਸੀਂ ਇਸ ਮਾਮਲੇ ਦੀ ਬਿਲਕੁਲ ਚੰਗੀ ਤਰ੍ਹਾਂ ਪੜਤਾਲ ਕਰਵਾਵਾਂਗੇ। ਮੈਨੂੰ ਉਹ ਦਿਨ ਯਾਦ ਹੈ ਜਦੋਂ ਇਸ ਬੇਅਦਬੀ ਕਾਂਡ ਦੀ ਖਬਰ ਆਈ ਸੀ। ਅਸੀਂ 2-3 ਸਾਥੀ ਉਥੇ ਪਹੁੰਚੇ, ਪਿੰਡ ਵਿੱਚ ਗਏ, ਜ਼ਖਮੀ ਬੱਚਿਆਂ ਵਿੱਚੋਂ ਇੱਕ ਦੀ ਤਾਂ ਰੀੜ੍ਹ ਦੀ ਹੱਡੀ ਵਿੱਚੋਂ ਦੀ ਗੋਲੀ ਨਿਕਲੀ ਸੀ ਤੇ ਉਸ ਦੀਆਂ ਦੋਨੋਂ ਲੱਤਾਂ ਨਹੀਂ ਚੱਲ ਰਹੀਆਂ ਸਨ। ਇੱਕ ਹੋਰ ਦੇ

[ ਮੁੱਖ ਮੰਤਰੀ ]

ਪੇਟ ਵਿੱਚ ਵੀ ਗੋਲੀ ਲੱਗੀ ਸੀ। ਹੋਰ ਵੀ ਛੋਟੇ-ਛੋਟੇ ਬੱਚੇ ਜ਼ਖਮੀ ਸੀ। ਕਿਸੇ ਦਾ ਹੱਥ ਉਡ ਗਿਆ, ਕਿਸੇ ਦਾ ਅੰਗੂਠਾ ਉੱਡ ਗਿਆ, ਇਹ ਸਭ ਕੁਝ ਉਥੇ ਹੋ ਰਿਹਾ ਸੀ। ਅਸੀਂ ਸਾਰਾ ਕੁਝ ਉਥੇ ਦੇਖਿਆ। ਜਿਥੇ ਇਹ ਵਾਕਿਆਤ ਹੋਇਆ, ਮੈਂ ਉਥੇ ਵੀ ਗਿਆ ਸੀ। ਉਥੇ ਇੱਕ ਮੇਨ ਸੜਕ ਸੀ। ਮੇਨ ਸੜਕ ਤੋਂ ਲਿੰਕ ਰੋਡ ਥੋੜ੍ਹੀ ਆਫ ਸ਼ੂਟ ਜਾਂਦੀ ਸੀ, ਉਥੇ ਹੀ ਸਾਰੇ ਧਰਨੇ ਤੇ ਬੈਠੇ ਸੀ। ਉਥੇ ਕੀਰਤਨ ਕਰ ਰਹੇ ਸੀ ਅਤੇ ਪਾਠ ਕਰ ਰਹੇ ਸੀ। ਇਹੀ ਕੁਝ ਹੋ ਰਿਹਾ ਸੀ। ਉਦੋਂ ਸਾਰਿਆਂ ਦੇ ਮਨ ਵਿੱਚ ਆ ਗਿਆ ਸੀ ਕਿ ਇਸ ਦੀ ਪੂਰੀ ਪੜਤਾਲ ਕਰਵਾਉਣੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜ਼ੋਰਾ ਸਿੰਘ ਕਮਿਸ਼ਨ ਬੈਠਾ ਹੈ ਪਰ ਜਿਹੜੇ ਇਹ ਲੋਕ ਹਨ, ਅੱਜ ਇਹ ਇੱਥੇ ਬੈਠੇ ਨਹੀਂ ਹਨ। ਇੱਥੇ ਇਹ ਲੋਕ ਜਾਣ ਬੁੱਝ ਕੇ ਨਹੀਂ ਆਏ ਹਨ। ਬਾਜਵਾ ਸਾਹਿਬ ਨੇ ਜੋ ਅੱਜ ਗੱਲ ਕਹੀ ਹੈ ਕਿ ਇਹ ਬਜ਼ੁਰਗ ਹੈ, ਪਤਾ ਨਹੀਂ ਸਾਹਮਣੇ ਇਹ ਬਜ਼ੁਰਗ ਹੈ ? ** ** I tell you what he is, ਇਹ ਪਰਕਾਸ਼ ਸਿੰਘ ਬਾਦਲ ਨਹੀਂ, ਇਹ ** ** ਹੈ and apart from ** **, ਇਹ ਬਿਲਕੁਲ ** ** ਹੈ। ਮੈਂ ਤਾਂ ਇਸ ਦੇ ਨਾਲ ਨਿਪਟਿਆ ਹਾਂ। ਤੁਸੀਂ ਤਾਂ ਨਿਪਟੇ ਨਹੀਂ ਹੋ। ਮੈਂ ਤਾਂ ਇਸ ਦੇ ਨਾਲ ਕਈ ਸਾਲ ਰਿਹਾ ਹਾਂ। ਸਿਰਫ ਮਨਪ੍ਰੀਤ ਅਤੇ ਮੈਂ ਜਾਣਦੇ ਹਾਂ ਕਿ ਇਹ ਕਿਸ ਕਿਸਮ ਦਾ ਆਦਮੀ ਹੈ। ਇਸ ਸਦਨ ਤੋਂ ਮੈਨੂੰ ਵੀ ਕਢਾਇਆ ਗਿਆ ਸੀ, ਪਤਾ ਨਹੀਂ ਇੱਥੇ ਕਿਸੇ ਐਮ.ਐਲ.ਏ ਨੂੰ ਪਤਾ ਹੋਵੇਗਾ ਕਿ ਨਹੀਂ? We know him well. ਇਸ ਨੇ ਮੈਨੂੰ ਸਦਨ ਤੋਂ ਕਢਵਾ ਕੇ ਢਾਂਡੇ (ਐਡਵੋਕੇਟ ਹਰੀਸ਼ ਢਾਂਡਾ) ਦੀ ਇੱਕ ਕਮੇਟੀ ਬਣਾ ਲਈ ਤੇ ਮੈਨੂੰ ਬਾਹਰ ਕੱਢ ਮਾਰਿਆ। ਮੈਨੂੰ ਫਿਰ ਉਥੋਂ ਸੁਪਰੀਮ ਕੋਰਟ ਤੋਂ ਇਨਸਾਫ ਮਿਲਿਆ। Five Member Constitutional Bench ਨੇ ਦੁਬਾਰਾ restore ਕੀਤਾ। ਫਿਰ ਵੀ ਇਨ੍ਹਾਂ ਨੂੰ ਕੋਈ ਸ਼ਰਮ ਨਹੀਂ ਆਈ। ਇਹ ਇਸ ਕਿਸਮ ਦੇ ਲੋਕ ਹਨ। ਅੱਜ ਤੁਸੀਂ ਕਹਿੰਦੇ ਹੋ ਤਾਂ ਇਸ ਦੇ ਝੂਠ ਦੀ ਮੈਂ ਤੁਹਾਨੂੰ ਇੱਕ ਗੱਲ ਦੱਸਦਾ ਹਾਂ। ਤੁਸੀਂ ਕਦੇ ਅਖਬਾਰਾਂ ਜਾਂ ਖਬਰਾਂ ਦੇ ਵਿੱਚ ਬੋਲਦੇ ਸੁਣਿਆ ਹੋਣਾ ਹੈ ਕਿ ਜਦੋਂ ਕੋਈ ਪੁੱਛਦਾ ਹੈ ਕਿ ਬਾਦਲ ਸਾਹਿਬ ਤੁਹਾਡੀ ਉਮਰ ਕਿੰਨੀ ਹੈ? ਇਹ ਹਰ ਵੇਲੇ ਕੋਈ ਜਵਾਬ ਨਹੀਂ ਦਿੰਦੇ। ਮੈਨੂੰ ਯਾਦ ਹੈ ਜਦੋਂ ਮੈਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਸੀ ਅਤੇ ਸਿੰਗਲਾ ਸਾਹਿਬ, ਆਪਣੇ ਮਨਿਸਟਰ ਸਾਹਿਬ, ਉਦੋਂ ਯੂਥ ਕਾਂਗਰਸ ਕਮੇਟੀ ਦੇ ਪ੍ਰਧਾਨ ਸੀ। ਉਹ ਮੇਰੇ ਕੋਲ ਇੱਕ ਦਿਨ ਆਏ ਤੇ ਕਹਿੰਦੇ ਕਿ ਬਾਦਲ ਸਾਹਿਬ ਦਾ 80ਵਾਂ ਜਨਮ ਦਿਨ ਹੈ। ਮੈਨੂੰ ਪੁੱਛਣ ਲੱਗੇ ਕਿ ਹੁਣ ਕੀ ਕਰੀਏ। ਮੈਂ ਕਿਹਾ ਕਿ ਜਾ ਆਓ, ਪਤਾ ਕਰ ਲਵੋ ਕਿ ਉਹ ਕਿੱਥੇ ਹਨ। ਉਹ ਕਹਿੰਦੇ ਕਿ ਪਿੰਡ ਵਿੱਚ ਹਨ। ਮੈਂ ਕਿਹਾ ਕਿ ਉਨ੍ਹਾਂ ਨੂੰ ਕੇਕ ਦੇ ਆਓ। 80ਵਾਂ ਜਨਮ ਦਿਨ ਤਾਂ ਬੜਾ ਵੱਡਾ ਹੁੰਦਾ ਹੈ। ਇਹ ਆਪਣੇ ਵਰਕਰਾਂ

---

** **Expunged as ordered by the Hon'ble Speaker.

ਦੇ ਨਾਲ ਜਾ ਕੇ ਕੇਕ ਦੇ ਆਏ । ਇਸ ਗੱਲ ਨੂੰ 10 ਸਾਲ ਹੋ ਗਏ ਹਨ ਪ੍ਰੰਤੂ ਹਾਲੇ ਉਹ (ਸਾਬਕਾ ਮੁੱਖ ਮੰਤਰੀ) 80 ਹੀ ਨਹੀਂ ਟੱਪੇ। ਜਦੋਂ ਤੁਸੀਂ ਉਮਰ ਪੁੱਛੋ ਤਾਂ ਕਹਿੰਦੇ ਹਨ: 80-80-80, ਮੈਂ ਦੱਸਣਾ ਚਾਹੁੰਦਾ ਹਾਂ ਕਿ 76 ਸਾਲ ਦਾ ਤਾਂ ਮੈਂ ਹੋ ਗਿਆ ਹਾਂ। ਇਨ੍ਹਾਂ ਦੇ 80 ਸਾਲ ਹੀ ਹੁੰਦੇ ਹਨ। ਇਹ ਤਾਂ ਟੋਟਲੀ ਇਹੋ ਜਿਹਾ ਆਦਮੀ ਹੈ, ਤੁਸੀਂ ਕਦੇ ਵੀ ਇਸ ਤੇ ਕੋਈ ਭਰੋਸਾ ਨਹੀਂ ਕਰ ਸਕਦੇ। ਮੈਂ ਤਾਂ ਇਸ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ, ਔਖੀ ਘੜੀ ਦੇ ਵਿੱਚ ਵੀ ਜਾਣਦਾ ਹਾਂ। ਇੱਕ ਵਾਰ I don't think anybody is here, Kanwar Sandhu ਨੂੰ ਯਾਦ ਹੋਵੇਗਾ। ਇੱਥੇ ਇੱਕ ਪੰਥਕ ਕਮੇਟੀ ਹੁੰਦੀ ਸੀ। ਪੰਥਕ ਕਮੇਟੀ ਵਾਲੇ ਬਹੁਤ ਲੇਖ-ਸੁਲੇਖ ਅਤੇ ਹੋਰ ਬਹੁਤ ਕੁਝ ਲਿਖਦੇ ਹੁੰਦੇ ਸੀ। ਇੱਕ ਦਿਨ ਮੈਂ ਸੋਚਿਆ ਕਿ ਮੈਂ ਇਨ੍ਹਾਂ ਦਾ ਜਵਾਬ ਦੇਵਾਂ। 'ਟ੍ਰਿਬਿਊਨ ਅਖਬਾਰ' ਵਾਲਿਆਂ ਨੇ ਮੈਨੂੰ ਦੋਨੋਂ ਸੈਂਟਰ ਪੇਜ ਦੇ ਦਿੱਤੇ ਕਿ ਤੁਸੀਂ ਲਿਖ ਦਿਓ। ਮੈਨੂੰ ਅਗਲੇ ਦਿਨ ਇਹ (ਸਾਬਕਾ ਮੁੱਖ ਮੰਤਰੀ) ਮਿਲੇ ਅਤੇ ਕਿਹਾ ਕਿ ਤੁਸੀਂ ਬਹੁਤ ਚੰਗਾ ਲਿਖਿਆ, ਬਹੁਤ ਚੰਗੀ ਤਰ੍ਹਾਂ ਗੱਲ ਕੀਤੀ ਹੈ। ਮੈਂ ਕਿਹਾ ਬਾਦਲ ਸਾਹਿਬ, ਤੁਸੀਂ ਵੀ ਇਸ ਤੇ ਦਸਤਖਤ ਕਰ ਦਿਓ। ਉਹ ਕਹਿੰਦੇ, "ਨਾ ਜੀ, ਮੇਰਾ ਤਾਂ ਇੱਕੋ ਮੁੰਡਾ ਹੈ। He is a very complex boy." ਪਤਾ ਨਹੀਂ ਵਾਹਿਗੁਰੂ ਨੇ ਇਸ ਨੂੰ ਕਿਉਂ ਇੱਥੇ ਇੰਨੀ ਦੇਰ ਪੰਜਾਬ ਵਿੱਚ ਰੱਖਿਆ ਹੈ। ਜੋ ਵਿਗਾੜ ਕਿਸੇ ਨੇ ਇੱਥੇ ਇਸ ਪੰਜਾਬ ਦੇ ਵਿੱਚ ਪਾਇਆ, ਮੇਰਾ ਖਿਆਲ ਹੈ ਕਿ ਪਹਿਲਾਂ ਅਜਿਹਾ ਕਦੇ ਵੀ ਨਹੀਂ ਹੋਇਆ। ਜੋ ਆਪਾਂ ਦੇਖਦੇ ਆਏ ਹਾਂ। ਜਿਹੜੀਆਂ ਪਹਿਲਾਂ ਸਾਰੀਆਂ ਗੱਲਾਂ ਹੁੰਦੀਆਂ ਰਹੀਆਂ ਹਨ, 'ਬਲਿਊ-ਸਟਾਰ ਆਪਰੇਸ਼ਨ' ਹੋਇਆ, ਇਸ ਦੇ ਲਈ ਕੌਣ ਜ਼ਿੰਮੇਵਾਰ ਹੈ ? ਸਰਦਾਰ ਪਰਕਾਸ਼ ਸਿੰਘ ਬਾਦਲ। ਇਹ ਤਿੰਨ ਬੰਦੇ ਹੁੰਦੇ ਸੀ, ਸਰਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ। ਲੌਂਗੋਵਾਲ ਸਮਝੌਤਾ ਚਾਹੁੰਦੇ ਸੀ, ਸਰਦਾਰ ਗੁਰਚਰਨ ਸਿੰਘ ਟੌਹੜਾ ਵੀ ਗੱਲ ਕਰਨ ਦੀ ਹਿੰਮਤ ਕਰ ਲੈਂਦੇ ਸੀ। ਮੇਰੇ ਕੁਝ ਪੁਰਾਣੇ ਦੋਸਤ ਇੱਥੇ ਬੈਠੇ ਹਨ, ਧਾਲੀਵਾਲ ਸਾਹਿਬ ਇੱਥੇ ਬੈਠੇ ਹਨ, ਸਰਦਾਰ ਸਰਵਨ ਸਿੰਘ ਫਿਲੌਰ ਜੀ ਇੱਥੇ ਬੈਠੇ ਹਨ, ਸਾਡੇ ਸਾਬਕਾ ਡਿਪਟੀ ਸਪੀਕਰ, ਸ਼੍ਰੀ ਜਸਵੰਤ ਸਿੰਘ ਇੱਥੇ ਬੈਠੇ ਹਨ। ਇਹ ਮੇਰੇ ਡਿਪਟੀ ਸਪੀਕਰ ਸਨ। ਉਦੋਂ ਮੈਂ ਇੱਥੇ ਹੀ ਸੀ। ਇਹ ਸਾਰੀਆਂ ਜਿੰਨੀਆਂ ਗੱਲਾਂ ਹਨ, ਅਸੀਂ ਤਾਂ ਦੇਖਦੇ ਆਏ ਹਾਂ ਕਿ ਕਿਸ ਕਿਸਮ ਦਾ ਉਹ ਬੰਦਾ ਹੈ। ਜਦੋਂ ਵੀ ਕਦੇ ਕੋਈ ਸਮਝੌਤਾ ਹੋਣ ਦੀ ਗੱਲ ਹੁੰਦੀ ਸੀ, ਸਰਦਾਰ ਪਰਕਾਸ਼ ਸਿੰਘ ਬਾਦਲ sabotage ਕਰ ਦਿੰਦੇ ਸਨ, ਕਹਿੰਦੇ ਸਨ ਕਿ ਮੁੰਡੇ ਔਖੇ ਹੋਣਗੇ, ਮੁੰਡੇ ਗੋਲੀ ਮਾਰਨਗੇ। ਇਨ੍ਹਾਂ ਦਾ ਨਾਅਰਾ ਹੁੰਦਾ ਸੀ ਕਿ ਮੁੰਡਿਓ ਤੁਸੀਂ ਲੜੋ, ਅਸੀਂ ਤੁਹਾਡੇ ਮਗਰ ਹਾਂ। ** ** ਉਸ ਦਾ ਇੱਕ ਹੀ

** **Expunged as ordered by the Hon'ble Speaker.

modus-operandi ਸੀ, ਮੈਂ ਤੁਹਾਨੂੰ ਇਸ ਕਰਕੇ ਦੱਸ ਰਿਹਾ ਹਾਂ ਕਿਉਂ ਕਿ ਇਸ ਇਨਸਾਨ ਦਾ ** ** ਇਹੋ ਜਿਹਾ ਹੈ। ਜਿਵੇਂ ਬਾਜਵਾ ਸਾਹਿਬ ਨੇ ਕਿਹਾ ਹੈ ਕਿ ਇਹ ਤਾਂ ਬਜ਼ੁਰਗ ਹੈ, ਪਤਾ ਨਹੀਂ ਬੋਲਣਾ ਚਾਹੀਦਾ ਹੈ ਕਿ ਨਹੀਂ ਪਰ ਨਹੀਂ, ਇਸ ਨੂੰ ਸਾਨੂੰ ਕੋਈ ਵੀ ਸਾਫਟ ਪੈਡਲਿੰਗ ਨਹੀਂ ਕਰਨੀ ਚਾਹੀਦੀ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਬੰਦੇ ਨੇ ਜਿੰਨਾ ਸਾਡਾ ਇਸ ਸੂਬੇ ਦਾ ਨੁਕਸਾਨ ਕੀਤਾ, ਮੇਰਾ ਖਿਆਲ ਹੈ ਕੋਈ ਵੀ ਨਹੀਂ ਕਰ ਸਕਦਾ। ਇਹ ਜਿਹੜਾ 'ਬਲਿਊ-ਸਟਾਰ ਆਪਰੇਸ਼ਨ' ਦਾ ਮਸਲਾ ਮੈਂ ਤੁਹਾਨੂੰ ਦੱਸ ਰਿਹਾ ਹਾਂ, ਮੈਂ ਤਾਂ ਹਰ ਵੇਲੇ ਸਮਝੌਤੇ ਕਰਾਉਂਦਾ ਸੀ। ਇੰਦਰਾ ਜੀ ਵੱਲੋਂ, ਉਹ ਸਾਡੇ ਪ੍ਰਾਈਮ ਮਨਿਸਟਰ ਸੀ, ਔਰ ਤਿੰਨ ਟੀਮਾਂ ਬਣੀਆਂ ਹੋਈਆਂ ਸਨ। ਸੰਤ ਲੌਂਗੋਵਾਲ ਸਾਡੇ ਪ੍ਰਾਈਮ ਮਨਿਸਟਰ ਇੰਦਰਾ ਗਾਂਧੀ ਜੀ ਨੂੰ ਮਿਲਿਆ ਕਰਦੇ ਸਨ। ਉਨ੍ਹਾਂ ਦੀ ਅੰਡਰਸਟੈਂਡਿੰਗ ਸੀ। ਇੱਕ ਟੀਮ ਸੀ ਜਿੱਥੇ ਸਰਦਾਰ ਬਲਵੰਤ ਸਿੰਘ, ਸਰਦਾਰ ਰਵੀਇੰਦਰ ਸਿੰਘ, ਬਰਨਾਲਾ ਸਾਹਿਬ ਔਰ ਤਿੰਨ ਹੋਰ ਹੁੰਦੇ ਸਨ। ਦੂਜੇ ਪਾਸਿਉਂ ਮਿਸਟਰ ਵੈਂਕਟਰਮਨ, ਜੋ ਡਿਫੈਂਸ ਮਨਿਸਟਰ ਸਨ, ਡੀ.ਸੀ. ਸੇਠੀ, ਹੋਮ ਮਨਿਸਟਰ ਸਨ ਅਤੇ ਇੱਕ ਹੋਰ ਮਨਿਸਟਰ, ਸ਼ਿਵ ਸ਼ੰਕਰ ਜੀ, ਲਾਅ ਮਨਿਸਟਰ ਸੀ, ਸੈਕਿੰਡ ਟੀਮ। ਥਰਡ ਟੀਮ ਅਸੀਂ ਕਰਦੇ ਸੀ। ਉਸ ਵਿੱਚ ਰਾਜੀਵ ਜੀ ਹੁੰਦੇ ਸੀ, ਮੈਂ ਸੀ ਅਤੇ ਸਾਡੇ ਨਾਲ ਕੁਝ ਇੱਕ-ਦੋ ਹੋਰ ਬੰਦੇ ਸੀ ਅਤੇ ਇੱਧਰਲੇ ਪਾਸਿਉਂ, there was Sardar Ravi Inder Singh ਇਹ ਗੱਲਾਂ-ਬਾਤਾਂ ਕਰਦੇ ਸੀ। ਪਤਾ ਨਹੀਂ ਕਿੰਨੀ ਵਾਰ ਅਸੀਂ ਗੱਲ ਸਿਰੇ ਚੜ੍ਹਾ ਦਿੱਤੀ ਸੀ ਪਰ sabotage ਕਿਸ ਨੇ ਕੀਤਾ? ਉਸ ਨੇ (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਅੱਜ ਇੱਥੇ ਇਸ ਲਈ ਨਹੀਂ ਆਇਆ ਕਿ ਬਿਮਾਰ ਹੈ ਪਰ ਆਇਆ ਇਸ ਲਈ ਨਹੀਂ ਕਿਉਂਕਿ ਇਸ ਨੂੰ ਪਤਾ ਸੀ ਕਿ ਅੱਜ ਪੈਣੀਆਂ ਹਨ। (ਹਾਸਾ) (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) He knows ਕਿ ਜਿਹੜਾ ਕੁਝ ਅੱਜ ਪੰਜਾਬ ਵਿੱਚ ਹੋ ਰਿਹਾ ਹੈ, ਇਹ ਕਿਸੇ ਨਾ ਕਿਸੇ ਦਿਨ ਇਤਿਹਾਸ ਲਿਖਿਆ ਜਾਵੇਗਾ। ਮੈਂ ਵੀ ਲਿਖਾਂਗਾ ਪਰ ਪਤਾ ਨਹੀਂ ਉਦੋਂ ਇਹ ਹੋਵੇਗਾ ਕਿ ਨਹੀਂ ਆਖਿਰ ਇਸ ਨੇ ਮੇਰੀਆਂ ਗੱਲਾਂ ਤੋਂ ਨਹੀਂ ਮੰਨਣਾ ਲੇਕਿਨ ਜਦੋਂ ਕੋਈ ਇਸ ਪੀਰੀਅਡ ਦਾ ਹਿਸਟੋਰੀਅਨ ਲਿਖੇਗਾ, ਜਦੋਂ ਨੇੜੇ ਹੁੰਦੇ ਹਨ ਤਾਂ it is subjective ਲੇਕਿਨ ਜਦੋਂ ਕੁਝ ਸਾਲਾਂ ਬਾਅਦ objective history ਲਿਖੀ ਜਾਵੇਗੀ, he will be ** ** of the peace of the Punjab, ਤੁਸੀਂ ਦੇਖਣਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਦੂਜਾ ਇੱਕ ਹੋਰ ਲੰਬਾ ਜਿਹਾ ਹੈ, ਜਿਹੜਾ ਉੱਥੇ ਬੈਠਾ ਹੁੰਦਾ ਹੈ, ਮਜੀਠੀਆ। ਤੁਸੀਂ ਸਾਰੇ ਕਹਿੰਦੇ ਹੋ ਕਿ ਇਹ ਬੜਾ ਮਾੜਾ ਬੰਦਾ ਹੈ ਪਰ ਮੈਂ ਇਸ ਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਮਹਾਰਾਜਾ ਰਣਜੀਤ ਸਿੰਘ ਜੀ ਦੇ grand mother ਇਸ ਪਰਿਵਾਰ ਵਿੱਚ ਵਸੇ। ਉਹ ਸਰਦਾਰ ਚੜ੍ਹਤ ਸਿੰਘ ਦੇ ਵਾਈਫ ਮਹਾਰਾਜਾ ਸਾਹਿਬ ਦੇ

---

** **Expunged as ordered by the Hon'ble Speaker.

ਗਰੈਂਡ ਮਦਰ ਸੀ। ਸੋ, ਉਹ ਉਨ੍ਹਾਂ ਦੀ ਹਿਸਟਰੀ ਪਿੱਛੋਂ ਆਉਂਦੀ ਆਈ ਹੈ। ਫਿਰ ਮੇਰੇ ਦਾਦਾ ਜੀ ਦੇ ਸਮੇਂ ਇਨ੍ਹਾਂ ਦੇ ਦਾਦਾ ਸਰਦਾਰ ਸੁੰਦਰ ਸਿੰਘ ਜੀ ਹੁੰਦੇ ਸਨ। He was very fine man. ਉਨ੍ਹਾਂ ਨੂੰ knighthood ਵੀ ਮਿਲਿਆ। ਉਸ ਤੋਂ ਬਾਅਦ ਸਰਦਾਰ ਸੁਰਜੀਤ ਸਿੰਘ ਮਜੀਠਾ ਮੇਰੇ ਪਿਤਾ ਜੀ ਨਾਲ ਪੜ੍ਹਦੇ ਸੀ, ਉਨ੍ਹਾਂ ਦਾ ਮੇਰੇ ਨਾਲ ਬੜਾ ਪਿਆਰ ਰਿਹਾ। ਇਹ ਪਤਾ ਨਹੀਂ ਕਿੱਧਰੋਂ ਜੰਮਿਆ? (ਹਾਸਾ) ਇਸ ਵਿੱਚ ਤਾਂ ਟੋਟਲੀ ਫੈਮਿਲੀ ਦਾ ਕੋਈ ਕਰੈਕਟਰ ਨਹੀਂ। Where he has come from, I don't know. (ਹਾਸਾ) ਇੱਥੇ ਇਹ ਕੰਬੀਨੇਸ਼ਨ ਹੀ ਕੁਝ ਉਲਟਾ ਜਿਹਾ ਹੋ ਗਿਆ। (ਹਾਸਾ) What can we do? ਵਿਆਹ ਹੋ ਜਾਂਦੇ ਹਨ, ਸ਼ਾਦੀਆਂ ਹੋ ਜਾਂਦੀਆਂ ਹਨ। (ਹਾਸਾ) So it's a very unfortunate thing ਕਿ ਸਾਨੂੰ ਇਸ ਕਿਸਮ ਦੀ ਲੀਡਰਸ਼ਿਪ ਮਿਲੀ ਹੈ ਜਿਸ ਨੇ 10 ਸਾਲ ਪੰਜਾਬ ਦੇ ਗਾਲ਼ ਦਿੱਤੇ। ਇਹ ਤਾਂ ਹੁਣ ਖਤਮ ਹੋਇਆ ਹੈ, ਵਾਹਿਗੁਰੂ ਦੀ ਕਿਰਪਾ ਹੋਈ ਹੈ ਕਿ ਅਸੀਂ ਆ ਗਏ ਹਾਂ, ਨਹੀਂ ਤਾਂ ਇਨ੍ਹਾਂ ਨੇ ਇੱਥੇ ਬੈਠੇ ਹੋਣਾ ਸੀ, ਪਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ। ਹੁਣ ਇੱਥੇ ਆਪਾਂ ਬੈਠੇ ਹਾਂ, ਗੱਲਾਂ ਕੁਝ ਹੋਰ ਹੋ ਰਹੀਆਂ ਹਨ । ਉਹ ਹਿੰਮਤ ਸਿੰਘ ਦੀ ਗੱਲ ਕਰਦੇ ਹਨ, ਇੱਥੇ ਕੁਲਦੀਪ ਸਿੰਘ ਜੀ ਬੈਠੇ ਸਨ, ਪਤਾ ਨਹੀਂ ਹੁਣ ਬੈਠੇ ਹਨ ਕਿ ਨਹੀਂ, ਉਹ ਦੱਸ ਕੇ ਗਏ ਹਨ ਕਿ ਉਹ ਬਾਹਰ ਰੇਡੀਉ ਤੇ ਕਹੀ ਜਾ ਰਹੇ ਹਨ ਕਿ ਹਿੰਮਤ ਸਿੰਘ ਨੇ ਜੱਜ ਸਾਹਿਬ ਨੂੰ ਜਿਹੜਾ ਬਿਆਨ ਦਿੱਤਾ ਸੀ, ਉਸ ਲਈ ਅਸੀਂ ਉਸ ਨੂੰ ਉਹ ਬਿਆਨ ਦੇਣ ਵਾਸਤੇ ਕਰੋੜ ਰੁਪਿਆ ਦਿੱਤਾ ਹੈ, ਸੋ, ਉਹ ਝੂਠ ਹੈ, falsehood, ਹਰ ਪੱਖੋਂ ਕੋਈ ਨਾ ਕੋਈ ਗਲਤ ਗੱਲ ਕਰਨੀ ਅਤੇ ਪੰਜਾਬ ਦਾ ਇਹ ਹਾਲ ਬਣਾਉਣਾ। ਤੁਸੀਂ ਦੇਖ ਲਉ, ਇਕਨਾਮਿਕਸ ਦੇਖ ਲਉ, I think ਫਾਇਨਾਂਸ ਮਨਿਸਟਰ ਸਾਹਿਬ ਡੇਅਲੀ ਹਾਊਸ ਵਿੱਚ ਇਹ ਗੱਲ ਦੱਸ ਰਹੇ ਹਨ ਕਿ ਸਾਡੇ ਕੀ ਹਾਲਾਤ ਬਣ ਗਏ ਹਨ। ਹਿੰਮਤ ਸਿੰਘ ਨੂੰ ਬਿਆਨ ਦੇਣ ਵਾਸਤੇ ਅਸੀਂ ਕਰੋੜ ਰੁਪਏ ਦਿੱਤੇ ਹਨ, ਇਹ ਝੂਠ ਬੋਲਦੇ ਹਨ। ਇਨ੍ਹਾਂ ਨੇ ਹਰ ਪੱਖੋਂ ਕੋਈ ਨਾ ਕੋਈ ਗਲਤ ਗੱਲ ਕੀਤੀ ਅਤੇ ਪੰਜਾਬ ਦਾ ਇਹ ਹਾਲ ਬਣਾਇਆ।ਪੰਜਾਬ ਦੀ ਇਕਨਾਮੀ ਦੇਖ ਲਓ। ਵਿੱਤ ਮੰਤਰੀ ਜੀ ਰੋਜ਼ ਹਾਊਸ ਵਿੱਚ ਇਸ ਬਾਰੇ ਦੱਸਦੇ ਹਨ। ਇਹ (ਸ਼੍ਰੋਮਣੀ ਅਕਾਲੀ ਦਲ ਪਾਰਟੀ) ਸਮਾਜ ਨੂੰ ਤੋੜਨ ਦੀਆਂ ਗੱਲਾਂ ਕਰਦੇ ਹਨ। ਬਰਗਾੜੀ ਕਾਂਡ ਦੇਖ ਲਓ, ਇਸ ਦੀ ਕੀ ਲੋੜ ਸੀ? ਉਸ ਦਿਨ ਦੋ-ਤਿੰਨ ਧਰਨੇ ਹੋਰ ਵੀ ਚੱਲ ਰਹੇ ਸਨ ਲੇਕਿਨ ਇਹ ਉੱਥੇ ਜਾ ਕੇ ਕਿਉਂ ਕੀਤਾ? ਇਹ ਇੱਕ ਲੀਡਰ ਵਾਸਤੇ ਮਾੜੀ ਗੱਲ ਹੈ ਕਿ ਆਪ ਨਿਕਲ ਜਾਣਾ ਤੇ ਆਪਣੇ ਸੁਬਾਰਡੀਨੇਟਸ ਨੂੰ ਠੋਕ ਦੇਣਾ। ਇਨ੍ਹਾਂ ਦਾ ਜਿਹੜਾ ਡੀ.ਜੀ.ਪੀ. ਸੀ, ਉਸ ਨੇ ਆਪਣੀ ਰਿਟਾਇਰਮੈਂਟ ਦੇ ਆਖਰੀ ਦਿਨ ਕਮਿਸ਼ਨ ਦੇ ਸਾਹਮਣੇ ਪੇਸ਼ ਹੋ ਕੇ ਆਪਣਾ ਬਿਆਨ ਦਿੱਤਾ ਹੈ। ਉਸ ਬਿਆਨ ਵਿੱਚ ਕਿਹਾ ਹੈ ਕਿ ਰਾਤ ਦੋ ਵਜੇ ਮੁੱਖ ਮੰਤਰੀ ਨੇ ਮੇਰੇ ਨਾਲ ਗੱਲ ਕੀਤੀ ਹੈ ਪਰ ਇਨ੍ਹਾਂ ਨੇ ਤਾਂ ਨਹੀਂ ਦੱਸਿਆ। ਗਗਨ ਦੀਪ ਜਾਂ ਮਨਤਾਰ ਬਰਾੜ

[ ਮੁੱਖ ਮੰਤਰੀ ]

ਦੀਆਂ ਗੱਲਾਂ ਸਾਹਮਣੇ ਆਈਆਂ ਹਨ, ਉਹ ਕਹਿੰਦੇ ਹਨ ਕਿ ਮੁੱਖ ਮੰਤਰੀ ਸੁੱਤਾ ਪਿਆ ਸੀ। ਜਦੋਂ ਪੰਜਾਬ ਵਿੱਚ ਅਜਿਹੀਆਂ ਘਟਨਾਵਾਂ ਹੋ ਰਹੀਆਂ ਸੀ ਤਾਂ ਉਹ ਕਿਉਂ ਸੁੱਤਾ ਪਿਆ ਸੀ? ਉਸ ਨੂੰ ਸੌਣ ਲਈ ਕਿਸ ਨੇ ਕਿਹਾ ਸੀ? ਜਦੋਂ ਸੂਬੇ ਵਿੱਚ ਕਰਾਈਸਿਜ਼ ਹੁੰਦਾ ਹੈ ਤਾਂ ਮੁੱਖ ਮੰਤਰੀ ਨੂੰ ਜਾਗਣਾ ਚਾਹੀਦਾ ਹੈ। ਮੈਨੂੰ ਉਹ ਦਿਨ ਯਾਦ ਹੈ ਜਦੋਂ ਪਾਕਿਸਤਾਨ ਨਾਲ ਸਾਡੀ 21 ਦਿਨ ਦੀ ਲੜਾਈ ਹੋਈ ਸੀ। ਇਹ ਲੜਾਈ 1 ਸਤੰਬਰ ਤੋਂ 23 ਸਤੰਬਰ ਤੱਕ ਚੱਲੀ ਸੀ। ਉਨ੍ਹਾਂ 21 ਦਿਨਾਂ ਵਿੱਚ ਮੇਰਾ ਖਿਆਲ ਹੈ ਕਿ ਅਸੀਂ ਇੱਕ ਦਿਨ ਵੀ ਜੁੱਤੇ ਨਹੀਂ ਲਾਹੇ ਕਿਉਂਕਿ ਹਰ ਵੇਲੇ ਅਲਰਟ ਰਹਿਣਾ ਪੈਂਦਾ ਹੈ। ਸੋ, ਪੰਜਾਬ ਵਿੱਚ ਇੱਕ ਕਰਾਈਸਿਜ਼ ਚੱਲ ਰਿਹਾ ਸੀ, ਲੋਕ ਧਰਨੇ ਤੇ ਬੈਠੇ ਸੀ ਅਤੇ ਇਹ ਲੋਕਾਂ ਤੇ ਗੋਲੀ ਚਲਾਉਣ ਦਾ ਪ੍ਰਬੰਧ ਕਰ ਰਹੇ ਸੀ and he was in bed. ਜਾਂ ਤਾਂ ਇਹ ਝੂਠ ਬੋਲ ਰਹੇ ਹਨ ਜਾਂ ਫਿਰ ਉਸ ਵਿੱਚ ਕੋਈ ਨੁਕਸ ਹੈ ਜਿਸ ਕਾਰਨ ਉਹ ਕਰਾਈਸਿਜ਼ ਦੌਰਾਨ ਆਪਣੇ ਮੰਜੇ ਤੋਂ ਨਹੀਂ ਉੱਠਿਆ। ਇਹ ਜਿਹੜੀਆਂ ਗੱਲਾਂ ਹਨ, ਇਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਬੜਾ ਦੁੱਖ ਪਹੁੰਚਾਇਆ ਹੈ, ਉਸੇ ਕਰਕੇ ਅੱਜ ਅਸੀਂ 7 ਘੰਟੇ ਤੋਂ ਬਹਿਸ ਕਰ ਰਹੇ ਹਾਂ। ਮੇਰਾ ਖਿਆਲ ਹੈ ਕਿ ਇੱਥੇ ਸ਼੍ਰੀ ਕੰਵਰ ਸੰਧੂ ਜੀ ਬੋਲੇ ਹਨ ਜਿਨ੍ਹਾਂ ਨੇ ਜੱਜ ਸਾਹਿਬ ਦਾ ਧੰਨਵਾਦ ਕੀਤਾ ਹੈ। ਜਸਟਿਸ ਰਣਜੀਤ ਸਿੰਘ ਨੇ ਬਹੁਤ ਹਿੰਮਤ ਕੀਤੀ ਹੈ ਅਤੇ ਬਹੁਤ ਘੱਟ ਸਮੇਂ ਵਿੱਚ ਇੱਕ ਬਹੁਤ ਵਧੀਆ ਰਿਪੋਰਟ ਪੇਸ਼ ਕੀਤੀ ਹੈ, ਜੋ ਕਿ 573 ਪੇਜਾਂ ਦੀ ਹੈ ਅਤੇ ਬਹੁਤ ਹੀ effective report ਬਣਾਈ ਹੈ। ਉਨ੍ਹਾਂ ਨੇ ਆਪ ਕਿਹਾ ਹੈ ਕਿ this require much more investigation. ਇਸੇ ਲਈ ਇਹ ਇਨਵੈਸਟੀਗੇਸ਼ਨ ਸਾਨੂੰ ਹੋਰ ਵਧਾਉਣੀ ਪਵੇਗੀ। ਮੇਰਾ ਖਿਆਲ ਹੈ ਕਿ ਲੋਕ ਇਸ ਮਾਮਲੇ ਦੇ ਨਤੀਜੇ ਵੱਲ ਵੇਖ ਰਹੇ ਹਨ। ਸੋ, ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਨਾਲ, I would like to ask Sardar Tripat Bajwa ji, ਜਿਨ੍ਹਾਂ ਨੇ ਇੱਕ ਮਤਾ ਬਣਾਇਆ ਹੈ ਕਿ ਉਹ ਸਦਨ ਦੇ ਸਾਹਮਣੇ ਰੱਖਣ। ਮੈਂ ਪਿਛਲੇ 7 ਘੰਟਿਆਂ ਤੋਂ ਸਦਨ ਦੀਆਂ ਭਾਵਨਾਵਾਂ ਨੂੰ ਦੇਖ ਰਿਹਾ ਹਾਂ। ਮੇਰਾ ਖਿਆਲ ਹੈ ਕਿ ਉਸ ਭਾਵਨਾ ਦੇ ਮੁਤਾਬਿਕ ਮਤਾ ਆਵੇਗਾ ਅਤੇ ਜੇਕਰ ਸਦਨ ਉਸ ਨੂੰ ਪਾਸ ਕਰੇਗਾ ਤਾਂ ਅਸੀਂ ਇਸ ਨੂੰ ਅੱਗੇ ਲੈ ਕੇ ਜਾਵਾਂਗੇ। ਧੰਨਵਾਦ ਜੀ। (ਥੰਪਿੰਗ)

## OFFICIAL RESOLUTION REG. WITHDRAWING OF CASES FROM C.B.I. RELATING TO POLICE FIRING AND SACRILEGE INCIDENTS AND GETTING INVESTIGATED THROUGH SPECIAL INVESTIGATION TEAM

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

"ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਿਤ ਕੋਟਕਪੂਰਾ, ਬਰਗਾੜੀ, ਬਹਿਬਲ ਕਲਾਂ ਆਦਿ ਵਿੱਚ ਹੋਈਆਂ ਪੁਲਿਸ ਫਾਇਰਿੰਗ ਅਤੇ ਬੇਅਦਬੀ ਦੀਆਂ ਘਟਨਾਵਾਂ ਦੇ ਸਬੰਧ ਵਿੱਚ ਦਰਜ ਕੀਤੇ ਗਏ ਕੇਸ ਜੋ ਪੰਜਾਬ ਸਰਕਾਰ ਵੱਲੋਂ ਸੀ.ਬੀ.ਆਈ. ਨੂੰ ਸੌਂਪੇ ਗਏ ਸਨ, ਉਹ ਕੇਸ ਸੀ.ਬੀ.ਆਈ. ਤੋਂ ਵਾਪਸ ਲੈ ਕੇ ਉਨ੍ਹਾਂ ਦੀ ਇਨਵੈਸਟੀਗੇਸ਼ਨ ਇੱਕ ਵਿਸ਼ੇਸ਼ ਇਨਵੈਸਟੀਗੇਸ਼ਨ ਟੀਮ ਰਾਹੀਂ ਕਰਵਾਈ ਜਾਵੇ।" (ਥੰਪਿੰਗ)

ਮੈਂ ਚਾਹੁੰਦਾ ਹਾਂ ਕਿ ਇਹ ਮਤਾ ਯੂਨਾਨੀਮਸਲੀ ਪਾਸ ਹੋਵੇ।

**ਜੰਗਲਾਤ ਮੰਤਰੀ (ਸਰਦਾਰ ਸਾਧੂ ਸਿੰਘ):** ਸਪੀਕਰ ਸਾਹਿਬ, ਜਿਹੜਾ ਮਤਾ ਬਾਜਵਾ ਜੀ ਨੇ ਪੇਸ਼ ਕੀਤਾ ਹੈ, ਮੈਂ ਉਸ ਨੂੰ ਸੈਕਿੰਡ ਕਰਦਾ ਹਾਂ।

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਅਸੀਂ ਵੀ ਇਸ ਮਤੇ ਦੀ ਹਮਾਇਤ ਕਰਦੇ ਹਾਂ। ਇਹ ਯੂਨਾਨੀਮਸਲੀ ਪਾਸ ਹੋਣਾ ਚਾਹੀਦਾ ਹੈ ਪਰ ਇਸ ਨੂੰ ਟਾਈਮ ਬਾਊਂਡ ਕਰੋ ਜੀ।(ਥੰਪਿੰਗ)

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ-

" ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਿਤ ਕੋਟਕਪੂਰਾ, ਬਰਗਾੜੀ, ਬਹਿਬਲ ਕਲਾਂ ਆਦਿ ਵਿੱਚ ਹੋਈਆਂ ਪੁਲਿਸ ਫਾਇਰਿੰਗ ਅਤੇ ਬੇਅਦਬੀ ਦੀਆਂ ਘਟਨਾਵਾਂ ਦੇ ਸਬੰਧ ਵਿੱਚ ਦਰਜ ਕੀਤੇ ਗਏ ਕੇਸ ਜੋ ਪੰਜਾਬ ਸਰਕਾਰ ਵੱਲੋਂ ਸੀ.ਬੀ.ਆਈ. ਨੂੰ ਸੌਂਪੇ ਗਏ ਸਨ, ਉਹ ਕੇਸ ਸੀ.ਬੀ.ਆਈ. ਤੋਂ ਵਾਪਸ ਲੈ ਕੇ ਉਨ੍ਹਾਂ ਦੀ ਇਨਵੈਸਟੀਗੇਸ਼ਨ ਇੱਕ ਵਿਸ਼ੇਸ਼ ਇਨਵੈਸਟੀਗੇਸ਼ਨ ਟੀਮ ਰਾਹੀਂ ਕਰਵਾਈ ਜਾਵੇ।"

**ਮਾਨਯੋਗ ਸਪੀਕਰ:** ਪ੍ਰਸ਼ਨ ਹੈ-

" ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਸਬੰਧਿਤ ਕੋਟਕਪੂਰਾ, ਬਰਗਾੜੀ, ਬਹਿਬਲ ਕਲਾਂ ਆਦਿ ਵਿੱਚ ਹੋਈਆਂ ਪੁਲਿਸ ਫਾਇਰਿੰਗ ਅਤੇ ਬੇਅਦਬੀ ਦੀਆਂ ਘਟਨਾਵਾਂ ਦੇ ਸਬੰਧ ਵਿੱਚ ਦਰਜ ਕੀਤੇ ਗਏ ਕੇਸ ਜੋ ਪੰਜਾਬ ਸਰਕਾਰ ਵੱਲੋਂ ਸੀ.ਬੀ.ਆਈ. ਨੂੰ ਸੌਂਪੇ ਗਏ ਸਨ, ਉਹ ਕੇਸ ਸੀ.ਬੀ.ਆਈ. ਤੋਂ ਵਾਪਸ ਲੈ ਕੇ ਉਨ੍ਹਾਂ ਦੀ ਇਨਵੈਸਟੀਗੇਸ਼ਨ ਇੱਕ ਵਿਸ਼ੇਸ਼ ਇਨਵੈਸਟੀਗੇਸ਼ਨ ਟੀਮ ਰਾਹੀਂ ਕਰਵਾਈ ਜਾਵੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-------------

## DISCUSSION ON THE REPORT OF JUSTICE (RETD.) SHRI RANJIT SINGH COMMISSION OF ENQUIRY ALONGWITH ACTION TAKEN REPORT THEREON *(Resumption)*

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਤੁਸੀਂ ਕੁਝ ਕਹਿਣਾ ਚਾਹੁੰਦੇ ਸੀ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਅਸੀਂ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾਵਾਂਗੇ and we will make it time bound and I hope to get justice. (ਥੰਪਿੰਗ) ਲੇਕਿਨ ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਮੈਨੂੰ ਇੱਕ ਗੱਲ ਹੋਰ ਇਨ੍ਹਾਂ ਦੀ ਮਾੜੀ ਲੱਗੀ ਹੈ ਕਿ ਕਿੰਨੀ ਦੇਰ ਹੋ ਗਈ ਹੈ, ਅੱਜ ਤੱਕ ਇਨ੍ਹਾਂ ਦੇ ਪਰਿਵਾਰ ਦਾ ਕੋਈ ਬੰਦਾ ਬਰਗਾੜੀ ਨਹੀਂ ਗਿਆ। ਉਨ੍ਹਾਂ ਨੂੰ ਪੀੜਤ ਪਰਿਵਾਰਾਂ ਨਾਲ ਜਾ ਕੇ ਥੋੜ੍ਹਾ-ਬਹੁਤ ਦੁੱਖ ਤਾਂ ਸਾਂਝਾ ਕਰਨਾ ਚਾਹੀਦਾ ਹੈ। ਮੇਰੇ ਤੋਂ ਇਹ ਗੱਲ ਰਹਿ ਗਈ ਸੀ, ਜੋ ਕਿ ਬੜੀ ਅਹਿਮ ਗੱਲ ਹੈ। ਸ਼੍ਰੀ ਰਾਹੁਲ ਗਾਂਧੀ ਜੀ ਆਏ ਸੀ ਅਤੇ ਸਾਡੇ ਨਾਲ ਉਥੇ ਗਏ ਸੀ ਅਤੇ ਅਸੀਂ ਪਿੰਡਾਂ ਵਿੱਚ ਵੀ ਗਏ ਸੀ ਪਰ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਪਰਕਾਸ਼ ਸਿੰਘ ਬਾਦਲ, ਹਰਸਿਮਰਤ ਕੌਰ ਇਨ੍ਹਾਂ ਵਿੱਚੋਂ ਕੋਈ ਇੱਕ ਵੀ ਦਿਖਾ ਦੇਵੋ ਜਿਸ ਨੇ ਉੱਥੇ ਜਾ ਕੇ ਕਿਸੇ ਪਰਿਵਾਰ ਨਾਲ ਥੋੜ੍ਹੀ-ਬਹੁਤੀ ਹਮਦਰਦੀ ਹੀ ਦਿਖਾਈ ਹੋਵੇ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

**ਸਰਦਾਰ ਹਰਵਿੰਦਰ ਸਿੰਘ ਫੂਲਕਾ (ਬੈਠੇ-ਬੈਠੇ):** ਜਾਂਚ ਦਾ ਜਿਹੜਾ ਨਤੀਜਾ ਨਿਕਲੇਗਾ, ਉਸ ਮੁਤਾਬਿਕ ਕੇਸ ਰਜਿਸਟਰਡ ਹੋਣ, ਇਹ ਐਸ਼ਿਉਰੈਂਸ ਦਿਓ। (ਵਿਘਨ..ਸ਼ੋਰ)।

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਨਵੈਸਟੀਗੇਸ਼ਨ ਹੋਵੇਗੀ ਅਤੇ ਉਸ ਦਾ ਨਤੀਜਾ ਨਿਕਲੇਗਾ, ਮੇਰੀ ਇਸ ਹਾਊਸ ਦੇ ਵਿੱਚ ਇਹ ਐਸ਼ਿਉਰੈਂਸ ਹੈ ਕਿ ਜੋ ਵੀ ਨਤੀਜਾ ਨਿਕਲੇਗਾ, ਅਸੀਂ ਉਸ ਨੂੰ ਬਿਲਕੁਲ ਸਿਰੇ ਚੜ੍ਹਾ ਕੇ ਛੱਡਾਂਗੇ। ਦੋਸ਼ੀਆਂ ਨੂੰ ਕਿਸੇ ਪਾਸੇ ਤੋਂ ਨਿਕਲਣ ਨਹੀਂ ਦੇਵਾਂਗੇ।

**ਮਾਨਯੋਗ ਸਪੀਕਰ:** ਹੁਣ ਸਦਨ ਅਣਮਿਥੇ ਸਮੇਂ ਲਈ ਸਥਗਿਤ ਹੁੰਦਾ ਹੈ।

*8.06 ਵਜੇ ਰਾਤ)

(*ਇਸ ਉਪਰੰਤ ਸਦਨ ਅਣਮਿਥੇ ਸਮੇਂ ਲਈ ਸਥਗਿਤ ਹੋ ਗਿਆ।)

-------------

© 2018
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9878/12-2018/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ